# THE PROSE WRITINGS OF SODHI MEHARWAN
## ਸੋਢੀ ਮਿਹਰਵਾਨ ਦੀ ਗੱਦ-ਰਚਨਾ

Thesis

Resubmitted to the Panjab University, Chandigarh

For the Degree of

**Doctor of Philosophy**

in the Faculty of Languages

1980

*Supervised by :*

Dr. Harnam Singh Shan

M.A. (Eng & Pbi.), Ph.D. (LONDON)

Professor & Head

Deptt. of Guru Nanak Sikh Studies,

Panjab University, Chandigarh.

*Submitted by :*

Gurmohan Singh

G.G.N. Khalsa College,

Ludhiana.

# ਵਿਸ਼ੈ ਸੂਚੀ


| | | |
|---|---|---|
| ਮੁੱਖਬੰਧ | | 1 — 8 |
| ਅਧਿਆਇ 1 | ਸੋਢੀ ਮਿਹਰਵਾਨ ਦਾ ਜੀਵਨ ਅਤੇ ਵਿਅਕਤਿੱਤ੍ਵ | 9 - 25 |
| ਅਧਿਆਇ 2 | ਸੋਢੀ ਮਿਹਰਵਾਨ ਦੀਆਂ ਸਮਕਾਲੀ ਪਰਿਸਥਿਤੀਆਂ | 26 - 48 |
| | 1. ਰਾਜਨੀਤਕ | |
| | 2. ਸਮਾਜਕ | |
| | 3. ਧਾਰਮਕ | |
| | 4. ਸਾਹਿੱਤਕ | |
| ਅਧਿਆਇ 3 | ਸੋਢੀ ਮਿਹਰਵਾਨ ਦੀ ਰਚਨਾ | 49 - 106 |
| | 1. | |
| | (ੳ) ਗੱਦ-ਰਚਨਾ | |
| | (ਅ) ਕਾਵਿ-ਰਚਨਾ | |
| | 2. ਕਰਤ੍ਰਿੱਤ੍ਵ | |
| | 3. ਰਚਨ-ਕਾਲ | |
| | 4. ਰਚਨਾ-ਅਸਥਾਨ | |
| ਅਧਿਆਇ 4 | ਸੋਢੀ ਮਿਹਰਵਾਨ ਦੀ ਰਚਨਾ ਦਾ ਕੇਂਦਰ ਬਿੰਦੂ: ਗੁਰੂ ਨਾਨਕ | 107–124 |
| | 1. ਗੁਰੂ ਨਾਨਕ ਬਾਣੀ ਵਿਚੋਂ ਉਘੜਦੀ ਸ਼ਖ਼ਸੀਅਤ | |
| | 2. ਮਿਹਰਵਾਨ ਰਚਨਾ ਵਿਚੋਂ ਉਘੜਦੀ ਸ਼ਖ਼ਸੀਅਤ ਅਤੇ ਉਸ ਦਾ ਵਿਸ਼ਿਸ਼ਟ ਮਹੱਤਵ | |
| ਅਧਿਆਇ 5 | ਸੋਢੀ ਮਿਹਰਵਾਨ ਦੀ ਗੱਦ-ਵਿਧਾ | 125–163 |
| | ਗੱਦ-ਰੂਪ | |
| | 1) ਗੋਸ਼ਟਾਂ/ਸਾਖੀਆਂ | |
| | 2) ਪਰਮਾਰਥ/ਟੀਕੇ | |
| ਅਧਿਆਇ 6 | ਗੱਦ-ਸ਼ੈਲੀ ਤੇ ਭਾਸ਼ਾ | 164 - 214 |

1. <u>ਗੱਦ ਸ਼ੈਲੀ</u>

ੳ) ਸ਼ਬਦ ਵਿਧਾਨ
ਅ) ਅਲੰਕਾਰ ਅਤੇ ਬਿੰਬ ਵਿਧਾਨ
ੲ) ਵਾਕ ਵਿਧਾਨ
ਸ) ਸੁਭਾਸ਼ਣ ਕਲਾ
ਹ) ਬਿਰਤਾਂਤ ਤੇ ਵਿਆਖਿਆ
ਕ) ਵਾਰਤਾਲਾਪੀ ਅੰਸ਼
ਖ) ਨਾਟਕੀ ਅੰਸ਼
ਗ) ਕਾਵਿਕ ਅੰਸ਼
ਘ) ਹਾਸ ਰਸੀ ਅੰਸ਼
ਙ) ਪੁਨਰ ਆਵ੍ਰਤੀ

2. <u>ਭਾਸ਼ਾ</u>

ੳ) ਸ਼ਬਦ ਵਿਚਾਰ
ਅ) ਰੂਪ ਵਿਚਾਰ
ੲ) ਧੁਨੀ ਵਿਚਾਰ

ਅਧਿਆਇ 7 <u>ਸੋਢੀ ਮਿਹਰਵਾਨ ਦਾ ਪੁਰਾਤਨ ਪੰਜਾਬੀ ਗੱਦ ਵਿਚ ਸਥਾਨ</u> 215-220

ਨਿਸ਼ਕਰਸ਼ :
ੳ) ਸੋਧ-ਪ੍ਰਬੰਧ ਦਾ ਸਾਰ 221-235
(ਸੋਢੀ ਮਿਹਰਵਾਨ ਦੀ ਦੇਣ)
ਅ) ਸੋਢੀ ਮਿਹਰਵਾਨ ਦੀ ਸੰਪ੍ਰਦਾਇ ਦਾ ਵਿਕਾਸ

ਅੰਤਿਕਾ 236-248

1. <u>ਹਰਿਜੀ ਦੀ ਰਚਨਾ</u>

ੳ) ਗੱਦ-ਰਚਨਾ
ਅ) ਕਾਵਿ-ਰਚਨਾ

2. <u>ਮਿਹਰਵਾਨ ਸੰਪ੍ਰਦਾਇ ਦੇ ਅਨੁਯਾਈਆਂ ਦੀ ਰਚਨਾ</u>

ਪੁਸਤਕ ਸੂਚੀ : 249-260


***

# ਸੰਕੇਤਾਵਲੀ

1. ## ਪੁਸਤਕਾਂ

| | |
|---|---|
| ਆਦਿ ਗ੍ਰੰਥ | ਸ੍ਰੀ ਗੁਰੂ ਗ੍ਰੰਥ ਸਾਹਿਬ |
| ਗੋ: ਗੁ: ਅਮ | ਗੋਸ਼ਟਾਂ ਗੁਰੂ ਅਮਰਦਾਸ ਜੀ ਕੀਆਂ |
| ਗੋ: ਕ: ਜੀ. ਕ; : | ਗੋਸ਼ਟਾਂ ਕਬੀਰ ਜੀ ਕੀਆਂ |
| ਗੋ: ਗੁ: ਮਿ: | ਗੋਸ਼ਟਿ ਗੁਰੂ ਮਿਹਰਵਾਨ |
| ਜ.ਗੁ. ਨਾ. | ਜਨਮਸਾਖੀ ਗੁਰੂ ਨਾਨਕ, ਕ੍ਰਿਤ ਸੋਢੀ ਮਿਹਰਵਾਨ (ਸੰਪ: ਕਿਰਪਾਲ ਸਿੰਘ ਅਤੇ ਪ੍ਰੋ: ਪ੍ਰਕਾਸ਼ ਸਿੰਘ) |
| ਮਹਾਨ ਕੋਸ਼ | ਗੁਰੂ ਸ਼ਬਦ ਰਤਨਾਕਰ ਮਹਾਨ ਕੋਸ਼ (ਕ੍ਰਿਤ ਭਾਈ ਕਾਨ੍ਹ ਸਿੰਘ ਨਾਭਾ) |
| ਹ: ਲਿ: | ਹੱਥ-ਲਿਖਤ |

2. ## ਸੰਸਥਾਵਾਂ

| | |
|---|---|
| ਸੈਂ. ਪ.ਲਾ. ਪਟਿ; | ਸੈਂਟਰਲ ਪਬਲਿਕ ਲਾਇਬਰੇਰੀ, ਪਟਿਆਲਾ। |
| ਸਿ: ਰੈ. ਲਾ. ਅੰਮ੍ਰਿ: | ਸਿੱਖ ਰੈਫਰੈਂਸ ਲਾਇਬਰੇਰੀ, ਅੰਮ੍ਰਿਤਸਰ। |
| ਸਿ. ਹਿ: ਰੀ. ਡੀ. ਖਾ. ਕਾ. ਅੰਮ੍ਰਿ: | ਸਿੱਖ ਹਿਸਟਰੀ ਰੀਸਰਚ ਡੀਪਾਰਟਮੈਂਟ, ਖਾਲਸਾ ਕਾਲਜ, ਅੰਮ੍ਰਿਤਸਰ। |
| ਗੁ. ਨਾ. ਯੂ. ਲਾ. ਅੰਮ੍ਰਿ: | ਗੁਰੂ ਨਾਨਕ ਦੇਵ ਯੂਨੀਵਰਸਿਟੀ ਲਾਇਬਰੇਰੀ, ਅੰਮ੍ਰਿਤਸਰ। |
| ਪੰ. ਯੂ. ਲਾ. ਪਟਿ. | ਪੰਜਾਬੀ ਯੂਨੀਵਰਸਿਟੀ ਲਾਇਬਰੇਰੀ, ਪਟਿਆਲਾ। |
| ਪੰ. ਯੂ. ਲਾ. ਚੰਡੀ: | ਪੰਜਾਬ ਯੂਨੀਵਰਸਿਟੀ ਲਾਇਬਰੇਰੀ, ਚੰਡੀਗੜ੍ਹ। |
| ਭਾ. ਵਿ. ਲਾ. ਪਟਿ: | ਭਾਸ਼ਾ ਵਿਭਾਗ ਲਾਇਬਰੇਰੀ, ਪਟਿਆਲਾ। |

***

## ਮੁੱਖ-ਬੰਧ

ਪੁਰਾਤਨ ਪੰਜਾਬੀ ਗੱਦ ਦਾ ਆਰੰਭ ਤੇ ਵਿਕਾਸ ਅਸਲ ਵਿਚ ਗੁਰੂ ਨਾਨਕ ਸਾਹਿਬ ਦੀ ਨੂਰਾਨੀ ਸ਼ਖ਼ਸੀਅਤ ਨੂੰ ਚਿੱਤਰਣ ਅਤੇ ਉਨ੍ਹਾਂ ਦੇ ਉਪਦੇਸ਼ਾਂ ਨੂੰ ਸੰਭਾਲਣ ਤੇ ਪ੍ਰਚਾਰਣ ਦੇ ਯਤਨਾਂ ਨਾਲ ਹੀ ਹੁੰਦਾ ਹੈ। ਇਸ ਉਦੇਸ਼ ਅਧੀਨ ਉਨ੍ਹਾਂ ਸੰਬੰਧੀ ਰਚੀਆਂ ਗਈਆਂ ਮੁੱਢਲੀਆਂ ਕਿਰਤਾਂ ਗੋਸ਼ਟਾਂ, ਸਾਖੀਆਂ ਅਤੇ ਜਨਮਸਾਖੀਆਂ ਦੇ ਰੂਪ ਵਿਚ ਹੀ ਮਿਲਦੀਆਂ ਹਨ। ਇਨ੍ਹਾਂ ਤੋਂ ਇਲਾਵਾ ਹੁਣ ਤਕ ਪ੍ਰਾਪਤ ਹੋ ਸਕਿਆ ਬਹੁਤਾ ਪੰਜਾਬੀ ਗੱਦ - ਸਾਹਿੱਤ ਗੁਰੂ ਘਰ ਨਾਲ ਸੰਬੰਧਤ 'ਉਦਾਸੀ', 'ਮੀਣਾ', 'ਸੇਵਾ ਪੰਥੀ', 'ਗਿਆਨੀ' ਤੇ 'ਨਿਰਮਲੇ' ਨਾਂ ਦੀਆਂ ਸਿੱਖ ਸੰਪ੍ਰਦਾਵਾਂ ਤੇ ਸੰਸਥਾਵਾਂ ਆਦਿ ਵੱਲੋਂ ਹੀ ਰਚਿਆ ਗਿਆ।

ਇਨ੍ਹਾਂ ਸੰਪ੍ਰਦਾਵਾਂ ਵਿਚੋਂ ਮੀਣਾ ਸੰਪ੍ਰਦਾਇ ਦਾ ਸੰਚਾਲਕ, ਸੋਢੀ ਪ੍ਰਿਥੀ ਚੰਦ ਦਾ ਸਪੁੱਤਰ ਸੋਢੀ ਮਨੋਹਰਦਾਸ ਮਿਹਰਵਾਨ, ਇਕ ਮਹੱਤਵਪੂਰਣ ਮੁੱਢਲਾ ਲੇਖਕ ਹੋਇਆ ਹੈ। ਮਿਹਰਵਾਨ ਦੀ ਮੁੱਖ ਗੱਦ-ਰਚਨਾ 'ਗੋਸ਼ਟਾਂ ਗੁਰੂ ਨਾਨਕ' ਨੂੰ ਖ਼ਾਲਸਾ ਕਾਲਜ, ਅੰਮ੍ਰਿਤਸਰ ਦੇ ਸਿੱਖ ਹਿਸਟਰੀ ਰੀਸਰਚ ਡੀਪਾਰਟਮੈਂਟ ਨੇ ਗਿਆਨੀ ਬਿਸ਼ਨ ਸਿੰਘ ਦੀ ਸਹਾਇਤਾ ਨਾਲ ਤਲਵੰਡੀ ਸਾਬੋ ਤੋਂ ਪ੍ਰਾਪਤ ਕੀਤਾ। ਡਾ: ਹਰਨਾਮ ਸਿੰਘ 'ਸ਼ਾਨ' ਨੇ 'ਪੰਜਾਬੀ ਦੁਨੀਆ' ਦੇ ਅਗੱਸਤ, 1955 ਦੇ ਪਰਚੇ ਅਤੇ ਜੂਨ, 1961 ਵਿਚ ਪੰਜਾਬੀ ਸਾਹਿੱਤ ਅਕਾਡਮੀ ਦੇ ਸਲਾਨਾ ਸਮਾਗਮ ਤੇ ਛਪੀ 'ਨਿਸ਼ਾਨੀ' ਵਿਚਲੇ ਲੇਖਾਂ ਰਾਹੀਂ, ਪੰਜਾਬੀ ਜਗਤ ਨੂੰ ਇਸ ਰਚਨਾ ਦੇ ਮਹੱਤਵ ਤੋਂ ਜਾਣੂ ਕਰਵਾਇਆ। ਮਗਰੋਂ ਖ਼ਾਲਸਾ ਕਾਲਜ ਦੇ ਸਿੱਖ ਹਿਸਟਰੀ ਰੀਸਰਚ ਡੀਪਾਰਟਮੈਂਟ ਵੱਲੋਂ 1962 ਵਿਚ 'ਜਨਮ-ਸਾਖੀ ਸ੍ਰੀ ਗੁਰੂ ਨਾਨਕ ਦੇਵ' ਲਿਖਤ ਸ੍ਰੀ ਮਿਹਰਵਾਨ ਜੀ ਸੋਢੀ, ਦੇ ਪ੍ਰਕਾਸ਼ਿਤ ਹੋਣ ਨਾਲ ਇਸ ਲੇਖਕ ਦਾ ਪੰਜਾਬੀ ਸਾਹਿੱਤ ਜਗਤ ਨਾਲ ਵਿਸਤ੍ਰਿਤ ਪਰਿਚਯ ਹੋਇਆ ਪਰ ਮਿਹਰਵਾਨ ਤਾਂ, ਅਸਲ ਵਿਚ ਇਕ ਉਹ ਪ੍ਰਤਿੱਭਾਸ਼ੀਲ ਲੇਖਕ ਹੋਇਆ ਹੈ ਜਿਸ ਨੇ ਗੁਰੂ ਨਾਨਕ ਸਾਹਿਬ ਤੋਂ ਇਲਾਵਾ ਹੋਰਾਂ ਗੁਰੂ ਸਾਹਿਬਾਂ, ਸਾਧਾਂ ਭਗਤਾਂ, ਨਾਥਾਂ, ਜੋਗੀਆਂ ਅਤੇ ਪੀਰਾਂ ਫ਼ਕੀਰਾਂ ਦੀਆਂ ਜਨਮਸਾਖੀਆਂ, ਗੋਸ਼ਟਾਂ, ਕਥਾਵਾਂ ਅਤੇ ਮਸਲੇ ਆਦਿ ਵੀ ਰਚੇ ਹਨ। ਉਸ ਨੇ ਤਾਂ ਸਮਕਾਲੀ ਗੱਦ-ਲੇਖਕਾਂ ਨਾਲੋਂ ਦੋ ਕਦਮ ਅਗੇਰੇ ਹੋ ਕੇ, ਗੁਰੂ ਨਾਨਕ ਸਾਹਿਬ ਤੋਂ ਛੁੱਟ ਹੋਰ ਗੁਰੂ ਸਾਹਿਬਾਂ ਅਤੇ ਕਬੀਰ ਜੀ ਵਰਗੇ ਭਗਤਾਂ ਦੀ ਬਾਣੀ ਦੇ ਟੀਕੇ ਅਤੇ ਪਰਮਾਰਥ ਲਿਖਣ ਦਾ ਪਹਿਲਾ ਨਿੱਗਰ ਯਤਨ ਕੀਤਾ ਹੈ। ਇਉਂ, ਲੇਖਕ ਨੇ ਕਵਿਤਾ

ਦੀ ਸਰਦਾਰੀ ਦੇ ਯੁੱਗ ਵਿਚ ਪਹਿਲੀ ਵਾਰ ਵਾਰਤਕ ਨੂੰ ਅਪਣਾਉਂਦਿਆਂ ਅਤਿ ਸੂਖਮ ਦਾਰਸ਼ਨਿਕ ਤੇ ਗੰਭੀਰ ਅਧਿਆਤਮਿਕ ਵਿਸ਼ਿਆਂ ਤੇ ਵਿਚਾਰਾਂ ਨੂੰ ਪੇਸ਼ ਕਰ ਕੇ ਵਿਸ਼ੇ ਅਤੇ ਰੂਪ ਦੇ ਪੱਖੋਂ ਨਵੀਆਂ ਸੰਭਾਵਨਾਵਾਂ ਪੈਦਾ ਕੀਤੀਆਂ। ਮਿਹਰਵਾਨ ਦੀ ਅਜਿਹੀ ਬਹੁਪੱਖੀ ਤੇ ਵਿਸ਼ਾਲ ਗੱਦ-ਰਚਨਾ ਨੂੰ ਹੀ ਮੁੱਖ ਰੱਖਕੇ, ਅਸਾਂ ਉਸ ਦੀ ਪ੍ਰਾਪਤ ਹੋ ਸਕੀ ਵਾਰਤਕ ਰਚਨਾ ਦਾ ਇਹ ਸੰਖੇਪ ਸਰਵੇਖਣ ਤੇ ਆਲੋਚਨਾਤਮਕ ਅਧਿਐਨ ਕਰਨ ਅਤੇ ਪੁਰਾਤਨ ਪੰਜਾਬੀ ਗੱਦ-ਸਾਹਿੱਤ ਵਿਚ ਉਸ ਦਾ ਯੋਗ ਸਥਾਨ ਨਿਸ਼ਚਿਤ ਕਰਨ ਦਾ ਨਿਮਾਣਾ ਜਿਹਾ ਯਤਨ ਕੀਤਾ ਹੈ।

ਪੁਰਾਤਨ ਪੰਜਾਬੀ ਗੱਦ-ਸਾਹਿੱਤ ਦਾ ਅਧਿਐਨ ਤੇ ਖੋਜ ਕਰਨ ਵਾਲੇ ਵਿਦਵਾਨਾਂ ਵਿਚੋਂ ਡਾ: ਮੋਹਨ ਸਿੰਘ, 'ਦੀਵਾਨਾ' ਦਾ ਨਾਂ ਸਭ ਤੋਂ ਪਹਿਲਾਂ ਲਿਆ ਜਾ ਸਕਦਾ ਹੈ। ਉਨ੍ਹਾਂ ਨੇ ਬੜੀ ਮਿਹਨਤ ਤੋਂ ਬਾਅਦ 'ਏ ਹਿਸਟਰੀ ਆਫ਼ ਪੰਜਾਬੀ ਲਿਟਰੇਚਰ' ਨਾਂ ਅਧੀਨ ਆਪਣਾ ਮਹੱਤ੍ਵਪੂਰਣ ਸ਼ੋਧ-ਪ੍ਰਬੰਧ ਪੇਸ਼ ਕੀਤਾ। ਲੇਖਕ ਦਾ ਮੂਲ ਉਦੇਸ਼ ਕਿਉਂਕਿ ਸਮੁੱਚੇ ਪੰਜਾਬੀ ਸਾਹਿੱਤ ਦੇ ਇਤਿਹਾਸ ਨੂੰ ਉਲੀਕਣਾ ਸੀ, ਇਸ ਲਈ ਉਨ੍ਹਾਂ ਨੇ ਉਸ ਵਿਚ ਸਾਹਿੱਤ ਦੇ ਹੋਰ ਰੂਪਾਂ ਵਾਂਗ ਵੱਖ ਵੱਖ ਕਾਲਾਂ ਵਿਚ ਉਪਜੇ ਗੱਦ-ਸਾਹਿੱਤ ਸੰਬੰਧੀ ਵੀ ਮੁੱਢਲੀ ਵਾਕਫ਼ੀ ਦਿੱਤੀ।

ਡਾ: ਸੁਰਿੰਦਰ ਸਿੰਘ ਕੋਹਲੀ ਵਲੋਂ ਸੰਨ 1943 ਅਤੇ ਡਾ: ਗੋਪਾਲ ਸਿੰਘ ਵਲੋਂ ਸੰਨ 1949 ਵਿਚ ਪ੍ਰਕਾਸ਼ਿਤ ਕੀਤੇ ਪੰਜਾਬੀ ਸਾਹਿੱਤ ਦੇ ਇਤਿਹਾਸ ਵਿਚ ਵੀ ਪੰਜਾਬੀ ਗੱਦ ਸੰਬੰਧੀ ਮੁੱਢਲੀ ਜਾਣਕਾਰੀ ਦਿੱਤੀ ਗਈ। ਉਪਰੰਤ ਡਾ: ਪਿਆਰ ਸਿੰਘ ਨੇ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਵਲੋਂ 1963 ਵਿਚ ਪ੍ਰਕਾਸ਼ਿਤ ਹੋਏ 'ਪੰਜਾਬੀ ਸਾਹਿੱਤ ਦਾ ਇਤਿਹਾਸ' (ਮੱਧ-ਕਾਲ) ਵਿਚ 1800 ਈ: ਤੱਕ ਦਾ ਗੱਦ ਰਚਨਾ ਸੰਬੰਧੀ ਖੋਜ-ਭਰਪੂਰ ਤੇ ਵਿਸਤ੍ਰਿਤ ਜਾਣਕਾਰੀ ਦਿੱਤੀ। ਇਸ ਪਿਛੋਂ ਉਨ੍ਹਾਂ ਨੇ 'ਏ ਕ੍ਰਿਟੀਕਲ ਸਰਵੇ ਆਫ਼ ਪੰਜਾਬੀ ਪ੍ਰੋਜ਼, ਇਨ ਦੀ ਸੈਵਨਟੀਨਥ ਸੈਂਚਰੀ' ਨਾਂ ਅਧੀਨ ਆਪਣਾ ਮਹੱਤ੍ਵਪੂਰਣ ਸ਼ੋਧ-ਪ੍ਰਬੰਧ ਪੇਸ਼ ਕੀਤਾ। ਡਾ: ਸਾਹਿਬ ਦਾ ਸ਼ੋਧ-ਪ੍ਰਬੰਧ ਪੁਰਾਤਨ ਪੰਜਾਬੀ ਵਾਰਤਕ ਦੀ ਖੋਜ ਦੇ ਖੇਤਰ ਵਿਚ ਇਕ ਨਵਾਂ ਮੀਲ-ਪੱਥਰ ਹੈ। ਉਨ੍ਹਾਂ ਨੇ ਇਸ ਰਾਹੀਂ ਜਿਥੇ ਸਤਾਰ੍ਹਵੀਂ ਸਦੀ ਵਿਚ ਰਚੀਆਂ ਗਈਆਂ ਬਹੁਤ ਸਾਰੀਆਂ ਮਹੱਤ੍ਵਪੂਰਣ ਗੱਦ-ਰਚਨਾਵਾਂ ਦੀ ਪਹਿਲੀ ਵਾਰ ਜਾਣਕਾਰੀ ਦਿੱਤੀ ਉਥੇ ਪ੍ਰਾਪਤ ਹੋ ਚੁਕੇ ਗੱਦ-ਸਾਹਿੱਤ ਦਾ ਆਲੋਚਨਾਤਮਕ ਅਧਿਐਨ ਵੀ ਪੇਸ਼ ਕੀਤਾ।

ਡਾ: ਜਗਜੀਤ ਸਿੰਘ ਨੇ, ਮਗਰੋਂ 1967 ਵਿਚ ਆਪਣੇ ਸ਼ੋਧ-ਪ੍ਰਬੰਧ ਵਿਚ 'ਅਠਾਰਵੀਂ ਸਦੀ ਤਕ ਦੀਆਂ 'ਗੁਰੂ ਨਾਨਕ ਜਨਮਸਾਖੀਆਂ ਦਾ ਆਲੋਚਨਾਤਮਕ ਤੇ ਤੁਲਨਾਤਮਕ ਅਧਿਐਨ' ਪੇਸ਼ ਕਰਕੇ ਇਸ ਖੇਤਰ ਵਿਚ ਹੋਰ ਵਾਧਾ ਕੀਤਾ।

ਪੁਰਾਤਨ ਵਾਰਤਕ ਸੰਬੰਧੀ ਹੋਈ ਖੋਜ ਨੂੰ ਹੀ ਅਗੇ ਤੋਰਦਿਆਂ ਡਾ: ਤਿਰਲੋਚਨ ਸਿੰਘ ਬੇਦੀ ਨੇ ਵੀ ਆਪਣੇ ਖੋਜ-ਪ੍ਰਬੰਧ ਵਿਚ 'ਅਠਾਰ੍ਹਵੀਂ ਸਦੀ ਦੇ ਪਹਿਲੇ ਅੱਧ ਦੀ ਪੰਜਾਬੀ ਵਾਰਤਕ ਦਾ ਆਲੋਚਨਾਤਮਕ ਅਧਿਐਨ' ਪੇਸ਼ ਕੀਤਾ। ਇਸ ਤੋਂ ਇਲਾਵਾ ਡਾ: ਸੁਰਿੰਦਰ ਸਿੰਘ ਕੋਹਲੀ, ਡਾ: ਹਰਨਾਮ ਸਿੰਘ ਸ਼ਾਨ, ਡਾ: ਦੀਵਾਨ ਸਿੰਘ, ਪ੍ਰੋ: ਪ੍ਰੀਤਮ ਸਿੰਘ, ਡਾ: ਜੀਤ ਸਿੰਘ ਸੀਤਲ ਅਤੇ ਡਾ: ਰਤਨ ਸਿੰਘ ਜੱਗੀ ਆਦਿ ਖੋਜੀ ਵਿਦਵਾਨਾਂ ਨੇ ਵੀ ਸਮੇਂ ਸਮੇਂ ਲਿਖੇ ਆਪਣੇ ਖੋਜ-ਪੱਤਰਾਂ ਅਤੇ ਲੇਖਾਂ ਵਿਚ ਪੁਰਾਤਨ ਪੰਜਾਬੀ ਗੱਦ ਦੇ ਕਈ ਪੱਖਾਂ ਅਤੇ ਪੜਾਵਾਂ ਉਤੇ ਰੋਸ਼ਨੀ ਪਾਈ ਹੈ।

ਪੁਰਾਤਨ ਗੱਦ-ਸਾਹਿੱਤ ਦੇ ਖੇਤਰ ਵਿਚ ਹੋਈ ਹੁਣ ਤਕ ਦੀ ਖੋਜ, ਮੂਲ ਰੂਪ ਵਿਚ ਸਰਵੇਖਣਾਤਮਕ ਕਿਸਮ ਦੀ ਹੀ ਹੈ, ਨਾਲੇ ਇਹ ਬਹੁਤੀ ਤਾਂ ਕੇਵਲ ਜਨਮਸਾਖੀਆਂ ਦੇ ਸਰਵੇਖਣ ਤਕ ਹੀ ਸੀਮਤ ਰਹੀ ਹੈ। ਇਸੇ ਲਈ ਪੁਰਾਤਨ ਕਾਲ ਦੀਆਂ ਉਘੀਆਂ ਸੰਪ੍ਰਦਾਵਾਂ ਜਾਂ ਉਨ੍ਹਾਂ ਦੇ ਪ੍ਰਮੁੱਖ ਲੇਖਕਾਂ ਦੀ ਸਮੁੱਚੀ ਸਾਹਿੱਤਕ ਦੇਣ ਜਾਂ ਉਨ੍ਹਾਂ ਦੀਆਂ ਵਿਸ਼ੇਸ਼ ਕਿਰਤਾਂ ਤੇ ਆਲੋਚਨਾਤਮਕ ਅਧਿਐਨ ਕਰਨ ਦਾ ਯਤਨ ਨਹੀਂ ਕੀਤਾ ਗਿਆ।

ਮੀਣਾ ਸੰਪ੍ਰਦਾਇ ਤੇ ਇਸ ਦੇ ਵਿਦਵਾਨ ਲੇਖਕਾਂ ਦੀਆਂ ਰਚਨਾਵਾਂ ਸੰਬੰਧੀ ਹੁਣ ਤੱਕ ਹੋਈ ਖੋਜ ਤੇ ਪਰਕਾਸ਼ਨ ਵਿਚੋਂ ਕੁਝ-ਨਾ-ਕੁਝ ਮੁੱਢਲੀ ਵਾਕਫ਼ੀ ਜ਼ਰੂਰ ਮਿਲ ਜਾਂਦੀ ਹੈ ਪਰ ਇਹ ਉਨ੍ਹਾਂ ਦੀ ਦੇਣ ਬਾਰੇ ਨਾਂ ਤਾਂ ਸ਼ੁੱਧ ਤੇ ਸੰਪੂਰਨ ਜਾਣਕਾਰੀ ਕਰਾਉਂਦੀ ਹੈ ਅਤੇ ਨਾ ਹੀ ਉਨ੍ਹਾਂ ਦੀ ਦੇਣ ਨਾਲ ਪੂਰਾ ਪੂਰਾ ਇਨਸਾਫ਼ ਹੀ ਕਰਦੀ ਹੈ। ਜਿਵੇਂ ਡਾ: ਮੋਹਨ ਸਿੰਘ ਨੇ ਆਪਣੇ ਉਕਤ ਸ਼ੋਧ-ਪ੍ਰਬੰਧ ਵਿਚ ਮਿਹਰਵਾਨ ਦੀਆਂ ਇਕ ਦੋ ਰਚਨਾਵਾਂ ਦਾ ਜ਼ਿਕਰ ਤਾਂ ਕੀਤਾ ਹੈ, ਪਰ ਉਨ੍ਹਾਂ ਨੂੰ ਮਿਹਰਵਾਨ ਦੇ ਨਾਂ ਨਾਲ ਨਹੀਂ ਜੋੜਿਆ। ਡਾ: ਪਿਆਰ ਸਿੰਘ ਨੇ ਵੀ ਆਪਣੇ ਸ਼ੋਧ-ਪ੍ਰਬੰਧ ਵਿਚ ਮਿਹਰਵਾਨ ਦੀਆਂ ਕੁਝ ਕੁ ਰਚਨਾਵਾਂ ਸੰਬੰਧੀ ਸੰਖੇਪ ਜਾਣਕਾਰੀ ਦਿੱਤੀ ਹੈ। ਵੈਸੇ ਵੀ ਉਨ੍ਹਾਂ ਦੇ ਖੋਜ ਪ੍ਰਬੰਧ ਦਾ ਖੇਤਰ ਕਿਉਂਕਿ ਪੂਰੀ ਸਦੀ ਉਤੇ ਫੈਲਿਆ ਹੋਇਆ ਹੈ, ਇਸ ਲਈ ਮਿਹਰਵਾਨ ਵਰਗੇ ਕਿਸੇ ਇਕ ਲੇਖਕ ਦੀਆਂ ਸਾਰੀਆਂ

ਕਿਰਤਾਂ ਨੂੰ ਲੱਭ ਕੇ ਉਨ੍ਹਾਂ ਦਾ ਅਲੋਚਨਾਤਮਕ ਅਧਿਐਨ ਕਰਨਾ ਉਨ੍ਹਾਂ ਲਈ ਸ਼ਾਇਦ ਸੰਭਵ ਨਹੀਂ ਸੀ।

ਖਾਲਸਾ ਕਾਲਜ ਅੰਮ੍ਰਿਤਸਰ ਦੇ ਸਿੱਖ ਹਿਸਟਰੀ ਰੀਸਰਚ ਡੀਪਾਰਟਮੈਂਟ ਵਲੋਂ ਪ੍ਰਕਾਸ਼ਿਤ ਕੀਤੀ ਗਈ ਸੋਢੀ ਮਿਹਰਵਾਨ ਰਚਿਤ 'ਜਨਮਸਾਖੀ ਗੁਰੂ ਨਾਨਕ ਦੇਵ ਜੀ' ਦੇ ਦੋ ਭਾਗਾਂ ਦੇ ਆਰੰਭ ਵਿਚ ਡਾ: ਕਿਰਪਾਲ ਸਿੰਘ, ਡਾ: ਬਲਬੀਰ ਸਿੰਘ, ਡਾ: ਪਿਆਰ ਸਿੰਘ, ਡਾ: ਤਾਰਨ ਸਿੰਘ, ਡਾ: ਦੀਵਾਨ ਸਿੰਘ, ਸ: ਸ਼ਮਸ਼ੇਰ ਸਿੰਘ, 'ਅਸ਼ੋਕ' ਅਤੇ ਪ੍ਰੋ: ਪ੍ਰਕਾਸ਼ ਸਿੰਘ ਆਦਿ ਵਿਦਵਾਨਾਂ ਦੇ ਲੇਖ ਦਿੱਤੇ ਗਏ ਹਨ। ਇਨ੍ਹਾਂ ਲੇਖਕਾਂ ਨੇ ਇਸ ਰਚਨਾ ਦੀ ਸਾਹਿੱਤਕ ਮਹਾਨਤਾ ਅਤੇ ਕਰਤ੍ਰਿੱਤ੍ਰ ਸੰਬੰਧੀ ਵਿਚਾਰ ਕਰਦਿਆਂ ਮਿਹਰਵਾਨ ਦੇ ਜੀਵਨ ਅਤੇ ਹੋਰ ਰਚਨਾਵਾਂ ਸੰਬੰਧੀ ਵੀ ਕਿਤੇ ਕਿਤੇ ਕੁਝ ਇਸ਼ਾਰੇ ਕੀਤੇ ਹਨ। ਪਰ ਇਸ ਪੱਖ ਵਿਚ ਬਹੁਤੇ ਲੇਖਕਾਂ ਦੀ ਖੋਜ ਅਤੇ ਜਾਣਕਾਰੀ ਸੀਮਤ ਹੋਣ ਕਰਕੇ ਇਹ ਲੇਖ ਮਿਹਰਵਾਨ ਦੀ ਸਮੁੱਚੀ ਸਾਹਿੱਤਕ ਸ਼ਖ਼ਸੀਅਤ ਅਤੇ ਦੇਣ ਨੂੰ ਉਘਾੜਨ ਵਿਚ ਕੋਈ ਵਿਸ਼ੇਸ਼ ਹਿੱਸਾ ਨਹੀਂ ਪਾਉਂਦੇ।

ਸ: ਸ਼ਮਸ਼ੇਰ ਸਿੰਘ 'ਅਸ਼ੋਕ' ਨੇ ਮਿਹਰਵਾਨ ਰਚਿਤ ਉਕਤ 'ਜਨਮਸਾਖੀ' ਦੀ ਸੰਪਾਦਨਾ ਦੇ ਸਿਲਸਿਲੇ ਵਿਚ ਲਿਖੀ ਭੂਮਿਕਾ ਨੂੰ ਹੀ ਇਕ ਨਿੱਕੀ ਜਿਹੀ ਪੁਸਤਕ ਦੇ ਰੂਪ ਵਿਚ 'ਸੋਢੀ ਮਿਹਰਵਾਨ: ਜੀਵਨ ਤੇ ਸਾਹਿੱਤ' ਦੇ ਨਾਂ ਥੱਲੇ ਛਾਪਿਆ ਹੈ।[1] ਲੇਖਕ ਨੇ ਇਸ ਪੁਸਤਕ ਵਿਚ ਪ੍ਰਿਥੀ ਚੰਦ ਪ੍ਰਵਾਰ ਦੇ ਗੁਰੂ ਅਰਜਨ ਸਾਹਿਬ ਅਤੇ ਗੁਰੂ ਹਰਿਗੋਬਿੰਦ ਸਾਹਿਬ ਨਾਲ ਸੰਬੰਧਾਂ ਨੂੰ ਇਤਿਹਾਸਕ ਦ੍ਰਿਸ਼ਟੀ ਤੋਂ ਪੇਸ਼ ਕਰਦਿਆਂ, ਇਸ ਪਿਛੋਕੜ ਨੂੰ ਵਿਸਤਾਰ ਨਾਲ ਉਲੀਕਿਆ ਹੈ। ਇਸ ਦੇ ਨਾਲ ਹੀ ਸੋਢੀ ਮਿਹਰਵਾਨ ਦੇ ਜੀਵਨ ਅਤੇ ਸਾਹਿੱਤ ਸੰਬੰਧੀ ਵੀ ਸੰਖੇਪ ਜਿਹੀ ਵਾਕਫ਼ੀਅਤ ਸ਼ਾਮਲ ਕਰ ਦਿੱਤੀ ਹੈ।

ਇਸੇ ਤਰ੍ਹਾਂ ਡਾ: ਕਿਰਪਾਲ ਸਿੰਘ ਨੇ ਵੀ ਉਕਤ ਜਨਮਸਾਖੀ ਲਈ ਲਿਖੀ ਭੂਮਿਕਾ ਵਿਚ ਹੀ ਕੁਝ ਵਾਧਾ ਕਰ ਕੇ ਉਸ ਨੂੰ 'ਮਨੋਹਰਦਾਸ ਮਿਹਰਵਾਨ - ਜੀਵਨ ਤੇ ਰਚਨਾ' ਦੇ ਨਾਂ ਹੇਠ ਇਕ ਛੋਟੀ ਜਿਹੀ ਪੁਸਤਕ ਦੇ ਰੂਪ ਵਿਚ ਪ੍ਰਕਾਸ਼ਿਤ ਕਰ ਦਿੱਤਾ ਹੈ।[2] ਇਸ ਲੇਖਕ ਨੇ ਵੀ, ਮੂਲ ਰੂਪ ਵਿਚ, ਮਿਹਰਵਾਨ ਦੇ ਜੀਵਨ, ਵਿਰਸੇ ਅਤੇ

1. ਪ੍ਰਕਾਸ਼ਕ: ਫ਼ਕੀਰ ਸਿੰਘ ਐਂਡ ਸੰਨਜ਼, ਅੰਮ੍ਰਿਤਸਰ, 1968.
2. ਪ੍ਰਕਾਸ਼ਕ; ਪੰਜਾਬੀ ਯੂਨੀਵਰਸਿਟੀ, ਪਟਿਆਲਾ, 1974.

ਮੀਣਾ ਸੰਪ੍ਰਦਾਇ ਨੂੰ ਹੀ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਹੈ। ਮਿਹਰਵਾਨ ਦੀਆਂ ਰਚਨਾਵਾਂ ਸੰਬੰਧੀ ਵਿਚਾਰ ਕਰਦਿਆਂ ਕੇਵਲ ਦੋ ਕੁ ਗੱਦ ਕਿਰਤਾਂ ਦੀ ਹੀ ਸੰਖੇਪ ਚਰਚਾ ਕੀਤੀ ਹੈ।

ਹਿੰਦੀ ਦੇ ਇਕ ਵਿਦਵਾਨ ਲੇਖਕ, ਡਾ: ਗੋਵਿੰਦ ਨਾਥ ਰਾਜਗੁਰੂ, ਨੇ ਆਪਣੇ ਸ਼ੋਧ-ਪ੍ਰਬੰਧ 'ਗੁਰਮੁਖੀ ਲਿਪੀ ਮੇਂ ਉਪਲਬਧ ਹਿੰਦੀ ਗੱਦ'[3] ਵਿਚ ਮਿਹਰਵਾਨ ਅਤੇ ਹਰਿਜੀ ਆਦਿ ਦੀ ਸਾਹਿੱਤਕ ਦੇਣ ਦਾ ਜ਼ਿਕਰ ਕੀਤਾ ਹੈ। ਇਸ ਤੋਂ ਇਲਾਵਾ ਹਰਿਜੀ ਰਚਿਤ 'ਗੋਸ਼ਟਿ ਗੁਰੂ ਮਿਹਰਬਾਨ' ਨੂੰ ਸੰਪਾਦਿਤ ਕਰਦਿਆਂ ਵੀ ਲੇਖਕ ਨੇ ਇਸ ਦੀ ਭੂਮਿਕਾ ਵਿਚ ਸੋਢੀ ਮਿਹਰਵਾਨ ਦੀ ਸਾਹਿੱਤਕ ਦੇਣ ਸੰਬੰਧੀ ਸੰਖੇਪ ਜਾਣਕਾਰੀ ਦਿੱਤੀ ਹੈ। ਪਰ ਡਾ: ਰਾਜਗੁਰੂ ਆਪਣੀ ਇਕ-ਪਾਸੜ ਦ੍ਰਿਸ਼ਟੀ ਕਾਰਨ ਮਿਹਰਵਾਨ ਨੂੰ ਦੋ ਕੁ ਹਿੰਦੀ ਗੱਦ-ਰਚਨਾਵਾਂ ਦਾ ਲੇਖਕ ਹੀ ਸਾਬਤ ਕਰ ਸਕੇ ਹਨ।

ਸੋ, ਇਉਂ ਸੋਢੀ ਮਿਹਰਵਾਨ ਸੰਬੰਧੀ ਅੱਜ ਤੱਕ ਹੋਈ ਖੋਜ ਤੇ ਪ੍ਰਕਾਸ਼ਨ ਬੜੀ ਸੀਮਤ ਅਤੇ ਮੁੱਢਲੀ ਕਿਸਮ ਦੀ ਹੀ ਹੈ। ਸਤਾਰ੍ਹਵੀਂ ਸਦੀ ਦੇ ਇਸ ਮੁੱਢਲੇ ਤੇ ਮਹੱਤ੍ਵਪੂਰਣ ਗੱਦ-ਲੇਖਕ ਦੀ ਬਹੁਪੱਖੀ ਤੇ ਵਿਸ਼ਾਲ ਸਾਹਿੱਤਕ ਦੇਣ ਨੂੰ ਹੀ ਮੁੱਖ ਰਖਦਿਆਂ ਅਸਾਂ ਉਸ ਦੀਆਂ ਲਗਭਗ ਸਾਰੀਆਂ ਗੱਦ-ਰਚਨਾਵਾਂ ਨੂੰ ਖੋਜ ਭਾਲ ਕੇ ਇਸ ਸ਼ੋਧ-ਪ੍ਰਬੰਧ ਰਾਹੀਂ ਉਨ੍ਹਾਂ ਦਾ ਪਹਿਲੀ ਵਾਰ ਸਵਿਸਥਾਰ ਤੇ ਆਲੋਚਨਾਤਮਕ ਅਧਿਐਨ ਪੇਸ਼ ਕਰਨ ਦਾ ਯਤਨ ਕੀਤਾ ਹੈ। ਇਸ ਸ਼ੋਧ-ਪ੍ਰਬੰਧ ਨੂੰ ਹੇਠ ਲਿਖੇ ਅੱਠ ਅਧਿਆਵਾਂ ਵਿਚ ਵੰਡਿਆ ਗਿਆ ਹੈ:

ਪਹਿਲੇ ਅਧਿਆਇ ਵਿਚ, ਪ੍ਰਾਪਤ ਪੁਰਾਤਨ ਹੱਥ-ਲਿਖਤਾਂ ਦੇ ਆਧਾਰ ਉਤੇ ਸੋਢੀ ਮਨੋਹਰਦਾਸ ਮਿਹਰਵਾਨ ਦਾ ਸਵਿਸਥਾਰ ਜੀਵਨ ਉਲੀਕਦਿਆਂ, ਉਸ ਦੀਆਂ ਸਾਹਿੱਤਕ ਤੇ ਧਾਰਮਕ ਰੁਚੀਆਂ ਨੂੰ ਉਘਾੜਿਆ ਗਿਆ ਹੈ।

ਦੂਜੇ ਅਧਿਆਇ ਵਿਚ ਉਨ੍ਹਾਂ ਸਮਕਾਲੀ ਸਮਾਜਕ, ਧਾਰਮਕ, ਰਾਜਨੀਤਕ ਅਤੇ ਸਾਹਿੱਤਕ ਪਰਿਸਥਿੱਤੀਆਂ ਦਾ ਜ਼ਿਕਰ ਕੀਤਾ ਗਿਆ ਹੈ ਜਿਨ੍ਹਾਂ ਤੋਂ ਪ੍ਰੇਰਿਤ ਹੋ ਕੇ ਲੇਖਕ ਅਜਿਹੀਆਂ ਰਚਨਾਵਾਂ ਨੂੰ ਜਨਮ ਦੇ ਸਕਿਆ।

ਤੀਜੇ ਅਧਿਆਇ ਵਿਚ ਮਿਹਰਵਾਨ ਰਚਿਤ ਗੱਦ-ਰਚਨਾਵਾਂ ਨੂੰ ਪੇਸ਼ ਕਰਦਿਆਂ, ਉਨ੍ਹਾਂ ਦਾ ਕਰਤ੍ਰਿੱਤ੍ਵ ਅਤੇ ਰਚਨ-ਕਾਲ ਨਿਸ਼ਚਿਤ ਕੀਤਾ ਗਿਆ ਹੈ। ਲੇਖਕ ਦੀ ਕਾਵਿ-ਰਚਨਾ

3. राज कमल प्रकाशन, दिल्ली ६, 1969.

ਭਾਵੇ ਸਾਡੇ ਖੋਜ-ਖੇਤਰ ਤੋਂ ਬਾਹਰਲਾ ਵਿਸ਼ਾ ਹੈ, ਫਿਰ ਵੀ ਉਸ ਦੀਆਂ ਪ੍ਰਾਪਤ ਕਾਵਿ-ਰਚਨਾਵਾਂ ਸੰਬੰਧੀ ਵੀ ਸੰਖੇਪ ਜਾਣਕਾਰੀ ਦੇ ਦਿੱਤੀ ਹੈ।

ਚੌਥੇ ਅਧਿਆਇ ਵਿਚ ਮਿਹਰਵਾਨ ਦੀ ਰਚਨਾ ਦੇ ਮੁੱਖ ਸਰੋਤ ਅਤੇ 'ਸਚਖੰਡ ਪੋਥੀ' ਦੇ ਕੇਂਦਰ-ਬਿੰਦੂ ਗੁਰੂ ਨਾਨਕ ਸਾਹਿਬ ਦੀ ਉਘੜਦੀ ਸ਼ਖ਼ਸੀਅਤ ਦਾ ਹੋਰ ਸਮਕਾਲੀ ਜਨਮਸਾਖੀਆਂ ਵਿਚੋਂ ਉਘੜਦੇ ਵਿਅਕਤਿਤ੍ਵ ਨਾਲ ਟਾਕਰਾ ਕਰਦਿਆਂ, ਉਸ ਦਾ ਵਿਸ਼ੇਸ਼ ਮਹੱਤਵ ਉਘਾੜਿਆ ਗਿਆ ਹੈ।

ਪੰਜਵਾਂ ਅਧਿਆਇ ਮਿਹਰਵਾਨ ਦੀ ਗੱਦ-ਵਿਧਾ ਤੇ ਵਿਚਾਰ ਕਰਦਿਆਂ ਉਸ ਵਲੋਂ ਅਪਣਾਏ ਗਏ ਰੂਪਾਂ ਦਾ ਅਧਿਐਨ ਪੇਸ਼ ਕਰਦਾ ਹੈ।

ਲੇਖਕ ਦੀਆਂ ਗੱਦ ਰਚਨਾਵਾਂ ਦੀ ਸ਼ੈਲੀ ਅਤੇ ਭਾਸ਼ਾ ਦੀ ਵਿਸ਼ਿਸ਼ਟਤਾ ਦਾ ਨਿਖੇੜਾ ਛੇਵੇਂ ਅਧਿਆਇ ਵਿਚ ਕੀਤਾ ਗਿਆ ਹੈ।

ਸੱਤਵੇਂ ਕਾਂਡ ਵਿਚ ਮਿਹਰਵਾਨ ਦੀ ਸਮੁੱਚੀ ਗੱਦ-ਰਚਨਾ ਦਾ ਪੁਰਾਤਨ ਪੰਜਾਬੀ ਗੱਦ-ਸਾਹਿੱਤ ਵਿਚ ਸਥਾਨ ਨਿਸ਼ਚਿਤ ਕਰਨ ਦਾ ਉਪਰਾਲਾ ਕੀਤਾ ਗਿਆ ਹੈ।

ਨਿਸ਼ਕਰਸ਼, ਸਮੁੱਚੇ ਸ਼ੋਧ-ਪ੍ਰਬੰਧ ਉਤੇ ਝਾਤ ਮਾਰਦਿਆਂ ਮਿਹਰਵਾਨ ਸੰਪ੍ਰਦਾਇ ਦੇ ਵਿਕਾਸ ਨੂੰ ਉਲੀਕਣ ਦਾ ਯਤਨ ਹੈ। ਅੰਤਿਕਾ ਵਿਚ ਮਿਹਰਵਾਨ ਦੇ ਸਪੁੱਤਰ ਅਤੇ ਮੀਣਾ ਸੰਪ੍ਰਦਾਇ ਦੇ ਅਗਲੇ 'ਗੁਰੂ' ਹਰਿਜੀ ਦੀ ਸਾਹਿੱਤਕ ਦੇਣ ਸੰਬੰਧੀ ਮੁੱਢਲੀ ਜਾਣਕਾਰੀ ਦਿੱਤੀ ਗਈ ਹੈ ਤਾਂ ਕਿ ਮਿਹਰਵਾਨ ਦੀ ਰਚਨਾ ਦਾ ਉਸ ਦੀ ਸੰਪ੍ਰਦਾਇ ਦੇ ਅਗਲੇ 'ਗੁਰੂਆਂ' ਅਤੇ ਚੇਲਿਆਂ ਦੀਆਂ ਰਚਨਾਵਾਂ ਨਾਲੋਂ ਸਹਿਜੇ ਹੀ ਨਿਖੇੜਾ ਕੀਤਾ ਜਾ ਸਕੇ।

ਪ੍ਰਿਥੀ ਚੰਦ ਦੇ ਗੁਰੂਘਰ ਵਿਰੋਧੀ ਵਤੀਰੇ ਕਾਰਨ, ਸੋਢੀ ਮਿਹਰਵਾਨ ਅਤੇ ਉਸ ਦੀ ਸੰਪ੍ਰਦਾਇ ਦੇ ਸਾਹਿੱਤ ਨੂੰ ਸ਼ੁਰੂ ਤੋਂ ਹੀ 'ਮੀਣਾ ਸਾਹਿੱਤ' ਕਹਿਕੇ ਅਣਗੌਲਿਆ ਛੱਡ ਦਿੱਤਾ ਗਿਆ। ਨਿਰਸੰਦੇਹ ਇਹ ਸਾਹਿੱਤ ਭਾਵੇ ਮੀਣਿਆਂ ਦਾ ਹੀ ਹੈ ਪਰ ਇਸਦੀ ਵਿਸ਼ੇਸ਼ ਸਾਹਿੱਤਕ ਮਹੱਤਾ ਨੂੰ ਮੁੱਖ ਰਖਦਿਆਂ, ਇਸ ਨੂੰ ਅੱਖੋਂ ਉਹਲੇ ਵੀ ਨਹੀਂ ਕੀਤਾ ਜਾ ਸਕਦਾ। ਸਾਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਅਸੀਂ ਇਸ ਸੰਪ੍ਰਦਾਇ ਦੇ ਮੋਢੀ ਲੇਖਕ ਦੀਆਂ ਵੱਧ ਤੋਂ ਵੱਧ ਗੱਦ-ਰਚਨਾਵਾਂ ਨੂੰ ਲੱਭ ਕੇ, ਉਹਨਾਂ ਦਾ ਵਿਸਤ੍ਰਿਤ ਆਲੋਚਨਾਤਮਕ ਅਧਿਐਨ ਪੇਸ਼ ਕਰ ਰਹੇ ਹਾਂ। ਇਸ ਦੀ ਪੇਸ਼ਕਾਰੀ ਨਾਲ ਜਿਥੇ ਪੁਰਾਤਨ ਪੰਜਾਬੀ ਗੱਦ-ਸਾਹਿੱਤ ਦੀਆਂ ਕਈ ਮਹਾਨ ਰਚਨਾਵਾਂ ਸਾਹਮਣੇ ਆ ਗਈਆਂ ਹਨ ਉਥੇ ਇਸ ਦੀ ਗੌਰਵਮਈ ਅਮੀਰੀ ਦੀ ਪ੍ਰਗਟ ਹੋ ਗਈ ਹੈ।

ਸੋਢੀ ਮਿਹਰਵਾਨ ਅਤੇ ਉਸ ਦੀ ਸੰਪ੍ਰਦਾਇ ਦੇ ਲੇਖਕਾਂ ਦੀਆਂ ਹੱਥ ਲਿਖਤ ਰਚਨਾਵਾਂ ਸਾਨੂੰ ਹੇਠ-ਲਿਖੇ ਪੁਸਤਕਾਲਿਆਂ ਵਿਚੋਂ ਪ੍ਰਾਪਤ ਹੋਇਆਂ ਹਨ:

ਸਿੱਖ ਰੈਫਰੈਂਸ ਲਾਇਬਰੇਰੀ, ਅੰਮ੍ਰਿਤਸਰ।

ਸਿੱਖ ਹਿਸਟਰੀ ਰੀਸਰਚ ਡੀਪਾਰਟਮੈਂਟ, ਖ਼ਾਲਸਾ ਕਾਲਜ, ਅੰਮ੍ਰਿਤਸਰ।

ਗੁਰੂ ਨਾਨਕ ਦੇਵ ਯੂਨੀਵਰਸਿਟੀ, ਲਾਇਬਰੇਰੀ, ਅੰਮ੍ਰਿਤਸਰ।

ਪੰਜਾਬੀ ਭਵਨ ਲਾਇਬਰੇਰੀ, ਲੁਧਿਆਣਾ।

ਪੰਜਾਬ ਯੂਨੀਵਰਸਿਟੀ ਲਾਇਬਰੇਰੀ, ਚੰਡੀਗੜ੍ਹ।

ਭਾਸ਼ਾ ਵਿਭਾਗ, ਲਾਇਬਰੇਰੀ, ਪਟਿਆਲਾ।

ਪੰਜਾਬ ਪੁਰਾਤਤ ਵਿਭਾਗ, ਲਾਇਬਰੇਰੀ, ਪਟਿਆਲਾ।

ਪੰਜਾਬੀ ਯੂਨੀਵਰਸਿਟੀ, ਲਾਇਬਰੇਰੀ, ਪਟਿਆਲਾ ਅਤੇ

ਸੈਂਟਰਲ ਸਟੇਟ ਪਬਲਿਕ ਲਾਇਬਰੇਰੀ, ਪਟਿਆਲਾ।

ਇਨ੍ਹਾਂ ਪੁਸਤਕਾਲਿਆਂ ਤੋਂ ਇਲਾਵਾ, ਸ: ਸ਼ਮਸ਼ੇਰ ਸਿੰਘ 'ਅਸ਼ੋਕ' ਅੰਮ੍ਰਿਤਸਰ: ਡਾ: ਤਿਰਲੋਚਨ ਸਿੰਘ ਬੇਦੀ, ਫਰੀਦਕੋਟ; ਸ਼੍ਰੀਮਤੀ ਕ੍ਰਿਸ਼ਨਾ ਕੁਮਾਰੀ ਬਾਂਸਲ, ਸੰਗਰੂਰ; ਡਾ: ਗੁਰਬਚਨ ਸਿੰਘ, ਲੁਧਿਆਣਾ ਅਤੇ ਸਵਰਗਵਾਸੀ ਭਾਈ ਅਰਦਮਨ ਸਿੰਘ ਜੀ ਬਾਗੜੀਆਂ ਆਦਿ ਵਿਦਵਾਨਾਂ ਦੇ ਨਿੱਜੀ ਪੁਸਤਕਾਲਿਆਂ ਵਿਚ ਪਈਆਂ ਹੋਈਆਂ ਪੋਥੀਆਂ ਵਾਚਣ ਦਾ ਅਵਸਰ ਵੀ ਮਿਲਿਆ ਹੈ। ਮੈਂ ਇਨ੍ਹਾਂ ਸਭ ਪੁਸਤਕਾਲਿਆਂ ਦੇ ਪ੍ਰਬੰਧਕਾਂ, ਅਤੇ ਖੋਜੀਆਂ ਦਾ ਦਿਲੋਂ ਧੰਨਵਾਦੀ ਹਾਂ। ਪਰ ਮੈਨੂੰ ਅਫ਼ਸੋਸ ਹੈ ਕਿ ਇਕ ਦੋ ਵਿਦਵਾਨਾਂ ਦੇ ਨਿੱਜੀ ਪੁਸਤਕਾਲੇ ਮੈਂ ਕਾਫ਼ੀ ਯਤਨਾਂ ਦੇ ਬਾਵਜੂਦ ਵੀ ਦੇਖ ਨਹੀਂ ਸਕਿਆ।

ਡਾ: ਰਤਨ ਸਿੰਘ ਜੱਗੀ, ਡਾ: ਜਗਜੀਤ ਸਿੰਘ, ਸ: ਸ਼ਮਸ਼ੇਰ ਸਿੰਘ 'ਅਸ਼ੋਕ' ਸ: ਪਿਆਰਾ ਸਿੰਘ 'ਪਦਮ', ਡਾ: ਗੋਵਿੰਦਨਾਥ ਰਾਜਗੁਰੂ, ਗਿਆਨੀ ਗੁਰਜਾ ਸਿੰਘ, ਗਿਆਨੀ ਈਸ਼ਰ ਸਿੰਘ 'ਨਾਰਾ' ਅਤੇ ਸ: ਸੇਵਾ ਸਿੰਘ 'ਸੇਵਕ' ਆਦਿ ਵਿਦਵਾਨਾਂ ਦਾ ਮੈਂ ਵਿਸ਼ੇਸ਼ ਤੌਰ ਤੇ ਰਿਣੀ ਹਾਂ ਜਿਨ੍ਹਾਂ ਨੇ ਸੰਬੰਧਤ ਸਮੱਗਰੀ ਲੱਭਣ ਵਿਚ ਮੇਰੀ ਸਹਾਇਤਾ ਕੀਤੀ ਅਤੇ ਕਈ ਉੱਲਝੇ ਨੁਕਤਿਆਂ ਦਾ ਸਮਾਧਾਨ ਕਰਨ ਵਿਚ ਬਹੁਮੁੱਲੀਆਂ ਸਲਾਹਵਾਂ ਦਿੱਤੀਆਂ ਹਨ।

ਡਾ: ਪਿਆਰ ਸਿੰਘ ਅਤੇ ਆਪਣੇ ਪੂਰਵ ਅਧਿਆਪਕ, ਡਾ: ਗੁਰਚਰਨ ਸਿੰਘ, ਗੌਰਮਿੰਟ ਕਾਲਜ, ਲੁਧਿਆਣਾ ਦਾ ਤਾਂ ਮੈਂ ਵਿਸ਼ੇਸ਼ ਤੌਰ ਤੇ ਰਿਣੀ ਹਾਂ ਜਿਨ੍ਹਾਂ ਦੀ ਪ੍ਰੇਰਣਾ

ਉਤਸ਼ਾਹ ਅਤੇ ਸਹਿਯੋਗ ਸਦਕਾ ਹੀ ਇਸ ਕੰਮ ਨੂੰ ਹੱਥ ਪਾ ਕੇ ਸੰਪੂਰਨ ਕੀਤਾ ਜਾ ਸਕਿਆ ਹੈ।

ਆਪਣੇ ਸੁਪਰਵਾਈਜ਼ਰ, ਡਾ: ਹਰਨਾਮ ਸਿੰਘ ਸ਼ਾਨ, ਦਾ ਤਾਂ ਮੈਂ ਸਭ ਤੋਂ ਵੱਧ ਧੰਨਵਾਦੀ ਹਾਂ ਜਿਨ੍ਹਾਂ ਦੇ ਨਿਰਦੇਸ਼ਨ ਅਧੀਨ ਇਹ ਖੋਜ ਕਾਰਜ ਸੰਪੂਰਨ ਹੋਇਆ ਹੈ। ਡਾ: ਸਾਹਿਬ, ਦੇਸ਼ ਵਿਦੇਸ਼ ਫਿਰੇ, ਉਹ ਡੂੰਘੇ, ਮਿਹਨਤੀ ਤੇ ਖੋਜੀ ਵਿਦਵਾਨ ਹਨ, ਜਿਨ੍ਹਾਂ ਦੀ ਖੋਜ ਵਿਧੀ ਤੇ ਭਾਸ਼ਾ ਸੰਬੰਧੀ ਸੂਝ ਤੋਂ ਮਿਲੀ ਪ੍ਰੇਰਣਾ ਤੇ ਉਤਸ਼ਾਹ ਸਦਕਾ ਹੀ ਮੈਂ ਇਹ ਕੰਮ ਨੇਪਰੇ ਚਾੜ੍ਹ ਸਕਿਆ ਹਾਂ। ਸੱਚ ਤਾਂ ਇਹ ਹੈ ਕਿ ਡਾ: ਸਾਹਿਬ ਦੇ ਪਿਆਰ ਭਰੇ ਰਵੱਈਏ ਅਤੇ ਉਤਸ਼ਾਹ ਸਦਕਾ ਹੀ ਇਹ ਸ਼ੋਧ-ਪ੍ਰਬੰਧ ਇਸ ਰੂਪ ਵਿਚ ਪੇਸ਼ ਕੀਤਾ ਜਾ ਸਕਿਆ ਹੈ।

ਗੁਰਮੋਹਨ ਸਿੰਘ
(ਗੁਰਮੋਹਨ ਸਿੰਘ)

ਗੁ. ਗੁ. ਨਾ. ਖਾ. ਕਾਲਜ,
ਲੁਧਿਆਣਾ।

# ਅਧਿਆਇ 1
* * * * * * * *

## "ਸੋਢੀ ਮਿਹਰਵਾਨ ਦਾ ਜੀਵਨ ਅਤੇ ਵਿਅਕਤਿੱਤ੍ਰ"

## ਸੋਢੀ ਮਿਹਰਵਾਨ ਦਾ ਜੀਵਨ :

### 1. ਵੰਸ਼ :

ਹਿੰਦੂ ਸਮਾਜ ਵਿਚ ਬ੍ਰਾਹਮਣ ਲੋਕ ਧਰਮ ਅਤੇ ਵਿੱਦਿਆ ਦੇ ਖੇਤਰ ਵਿਚ ਆਗੂ ਹੋਣ ਕਾਰਨ ਸ਼ੁਰੂ ਤੋਂ ਹੀ ਵਿਸ਼ੇਸ਼ ਸਤਿਕਾਰ ਦੇ ਪਾਤਰ ਰਹੇ ਹਨ। ਇਸੇ ਤਰ੍ਹਾਂ ਬੇਦੀ ਅਤੇ ਸੋਢੀ ਵੰਸ਼ ਦੇ ਲੋਕ ਗੁਰੂ ਸਾਹਿਬਾਂ ਨਾਲ ਸੰਬੰਧਤ ਹੋਣ ਕਰਕੇ ਸਿੱਖ ਪੰਥ ਦੇ ਆਗੂ ਅਤੇ ਧਰਮ ਪ੍ਰਚਾਰਕ ਦੇ ਰੂਪ ਵਿਚ ਕੌਮ ਦੀ ਅਗਵਾਈ ਕਰਦੇ ਰਹੇ ਹਨ। ਸਿੱਖ ਧਰਮ ਦੀ ਨੀਂਹ ਰੱਖਣ ਵਾਲੇ ਗੁਰੂ ਨਾਨਕ ਸਾਹਿਬ ਦਾ ਸ਼ੁਭ ਜਨਮ ਬੇਦੀ ਵੰਸ਼ ਵਿਚ ਹੋਇਆ ਸੀ। ਉਨ੍ਹਾਂ ਤੋਂ ਮਗਰੋਂ ਸ੍ਰੀ ਗੁਰੂ ਰਾਮਦਾਸ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਸਾਰੇ ਗੁਰੂ ਸਾਹਿਬਾਨ ਸੋਢੀ ਵੰਸ਼ ਵਿਚੋਂ ਹੀ ਹੋਏ।

ਗੁਰੂ ਅਰਜਨ ਦੇਵ ਦੇ ਪ੍ਰੋਤਰ ਸੋਢੀ ਪ੍ਰਿਥੀ ਚੰਦ, ਦੇ ਚਾਰ ਪੁੱਤਰ, ਮਨੋਹਰਦਾਸ, ਲਾਲ ਚੰਦ, ਨਿਹਾਲ ਚੰਦ, ਅਤੇ ਚੰਦਰ ਸੈਨ ਸਨ।[1] ਇਨ੍ਹਾਂ ਵਿਚੋਂ ਜੇਠੇ ਮਨੋਹਰਦਾਸ ਸਨ ਜੋ ਮਗਰੋਂ ਆਪਣੀ ਸੰਪ੍ਰਦਾਇ ਦੇ ਆਗੂ ਬਣੇ ਅਤੇ 'ਮਿਹਰਵਾਨ' ਕਰਕੇ ਪ੍ਰਸਿੱਧ ਹੋਏ। ਫ਼ਾਰਸੀ ਵਿਚ ਲਿਖਣ ਵਾਲੇ ਇਤਿਹਾਸਕਾਰਾਂ ਨੇ ਵੀ ਮਨੋਹਰਦਾਸ ਨੂੰ 'ਮਿਹਰਵਾਨ' ਕਰਕੇ ਲਿਖਿਆ ਹੈ।[2]

---

1. ਦੌਲਤ ਰਾਇ ਭੱਟ ਕਰਤਾਰਪੁਰ (ਜਲੰਧਰ) ਨਿਵਾਸੀ, 'ਗੁਰ ਪ੍ਰਕਾਸ਼ ਬੰਸਾਵਲੀ' (ਹੱਥ ਲਿਖਤ)-ਸੁਮਸ਼ੇਰ ਸਿੰਘ ਅਸ਼ੋਕ ਦੁਆਰਾ 'ਸੋਢੀ ਮਿਹਰਵਾਨ, ਜੀਵਨ ਤੇ ਸਾਹਿੱਤ ਦੇ ਪੰਨਾ 2 ਉਪਰ ਉੱਧ੍ਰਿਤ।

2. ਫ਼ਾਰਸੀ ਤਵਾਰੀਖਾਂ ਵਿਚ ਜਿਵੇਂ 'ਤਵਾਰੀਖੇ ਸਿੱਖਾਂ' ਕ੍ਰਿਤ ਖੁਸ਼ਵਕਤ ਰਾਏ, 'ਚਾਰ ਬ੍ਰਾਗ-ਇ-ਪੰਜਾਬ' ਕ੍ਰਿਤ ਗਣੇਸ਼ ਦਾਸ ਵਡੇਹਰਾ ਅਤੇ 'ਤਵਾਰੀਖ-ਇ-ਪੰਜਾਬ' ਕ੍ਰਿਤ ਗੁਲਾਮ ਮਹੀਉਦੀਨ ਬੂਟੇਸ਼ਾਹ, ਵਿਚ 'ਮਿਹਰਬਾਨ' ਲਿਖਿਆ ਮਿਲਦਾ ਹੈ-ਵੇਖੋ ਕਿਰਪਾਲ ਸਿੰਘ, ਡਾ: 'ਮਨੋਹਰ ਦਾਸ ਮਿਹਰਬਾਨ', ਪੰਨਾ 16 ਪੰਜਾਬੀ(ਗੁਰਮੁਖੀ) ਹੱਥ ਲਿਖਤਾਂ ਅਤੇ ਹਰਿਜੀ ਕ੍ਰਿਤ 'ਗੋਸ਼ਟਾਂ ਗੁਰੂ ਮਿਹਰਵਾਨ ਜੀ ਕੀਆਂ, ਆਦਿ ਵਿਚ 'ਮਿਹਰਵਾਨ' ਲਿਖਿਆ ਮਿਲਦਾ ਹੈ। 'ਮਿਹਰਵਾਨ' ਫ਼ਾਰਸੀ ਸ਼ਬਦ 'ਮਿਹਰਬਾਨ' ਦਾ ਤਦ-ਭਵ ਰੂਪ ਹੈ। ਇਸ ਲਈ 'ਮਿਹਰਵਾਨ' ਅਤੇ ਮਿਹਰਬਾਨ' ਦੋਵੇਂ ਹੀ ਰੂਪ ਠੀਕ ਹਨ ਕਿਉਂਕਿ 'ਬ' ਅਤੇ 'ਵ' ਅੱਖਰ ਆਪਸ ਵਿਚ ਅਕਸਰ ਬਦਲ ਜਾਂਦੇ ਹਨ।

2. ਜਨਮ:

ਸੋਢੀ ਮਿਹਰਵਾਨ ਦੇ ਜਨਮ ਅਤੇ ਜੀਵਨ ਸੰਬੰਧੀ ਹਰਿਜੀ ਰਚਿਤ 'ਗੋਸ਼ਟਾਂ ਗੁਰੂ ਮਿਹਰਵਾਨ' ਕਾਫ਼ੀ ਚਾਨਣਾ ਪਾਉਂਦੀਆਂ ਹਨ। ਉਨ੍ਹਾਂ ਦੇ ਪੁੱਤਰ ਵਲੋਂ ਇਹ ਗੋਸ਼ਟਾਂ ਭਾਵੇਂ ਇਤਿਹਾਸ ਨਾਲੋਂ ਵਧੇਰੇ ਸ਼ਰਧਾਭਾਵ ਨਾਲ ਹੀ ਲਿਖੀਆਂ ਗਈਆਂ ਪਰ ਫਿਰ ਵੀ ਇਨ੍ਹਾਂ ਦਾ ਵਿਸ਼ੇਸ਼ ਮਹੱਤਵ ਹੈ। ਕਿਉਂਕਿ ਪੁਰਾਤਨ ਪੰਜਾਬੀ ਜੀਵਨੀ ਸਾਹਿੱਤ ਵਿਚ ਪ੍ਰਾਪਤ ਇਹ ਇਕ ਅਜਿਹੀ ਰਚਨਾ ਹੈ ਜਿਸ ਦੀਆਂ ਗੋਸ਼ਟਾਂ ਸਮੁੱਚੇ ਤੌਰ ਤੇ ਯਥਾਰਥਕ ਰੰਗ ਵਿਚ ਰੰਗੀਆਂ ਹੋਈਆਂ ਹਨ। ਸਿਵਾਏ ਇਕ ਘਟਨਾ ਦੇ ਜਿਥੇ ਨਾਇਕ ਲੋੜ ਪੈਣ ਉਤੇ ਲੰਗਰ ਵਧਾਉਣ ਦੀ ਕਰਾਮਾਤ ਦਿਖਾਉਂਦਾ ਹੈ, ਬਾਕੀ ਸਾਰੀ ਜੀਵਨੀ ਯਥਾਰਥਵਾਦੀ ਰੂਪ ਵਿਚ ਚਿੱਤਰੀ ਗਈ ਹੈ। ਹਰਿਜੀ, ਦੀ ਲਿਖਤ ਅਨੁਸਾਰ ਆਪ ਨੇ "ਸੰਮਤ 1638" ਮਾਘ ਸੁਦੀ ਬਸੰਤ ਪੰਚਮੀ ਦੇ ਦਿਨ ਸਵਾ ਪਹਿਰੁ ਰਾਤਿ ਰਹਦੀ ... ਆਇ ਅਉਤਾਰ ਲੀਆ।"[3] ਇਹ 24 ਜਨਵਰੀ, 1582 ਈ: ਬਣਦੀ ਹੈ। ਪਰ ਹਰਿਜੀ ਨੇ ਆਪਣੇ ਉਸੇ ਰਚਨਾ ਦੇ ਪੰਨਾ 60 ਅ ਉਤੇ ਇਹ ਸੂਚਨਾ ਵੀ ਦਿੱਤੀ ਹੈ: "ਤਬ ਗੁਰੂ ਮਿਹਰਵਾਨ ਛਿਆ ਸਤਾ ਮਹੀਨਿਆਂ ਕਾ ਹੋਆ। ਤਬ ਗੁਰੂ ਰਾਮ ਦਾਸ ਸੰਮਤਿ 1638 ਭਾਦਰਉ ਸੁਦੀ 3 ਕਉ ਸ਼ਬਦ ਕੀ ਥਾਪਨਾ ਗੁਰੂ ਅਰਜਨ ਕੋ ਦੇ ਕਰ ਸੱਚ ਖੰਡ ਕਉ ਸਿਧਾਰੇ।" ਇਸ ਗੱਲ ਨੂੰ ਲੇਖਕ ਨੇ ਕਈ ਹੋਰ ਥਾਂ ਵੀ ਦੁਹਰਾਇਆ ਹੈ ਜਿਵੇਂ "ਤਬ ਸ੍ਰੀ ਸਤਿਗੁਰੂ ਮੁਸਕਾਇ ਕੇ ਕਹਿਆ ਜਿ ਮੈਂ ਭੀ ਸਤਾ ਮਹੀਨਿਆ ਕਾ ਥਾ ਜਬਿ ਸ੍ਰੀ ਸਤਿਗੁਰੂ ਰਾਮਦਾਸ ਜੀ ਸਮਾਇਆ ਥਾ।"[4] ਇਸ ਤੋਂ ਇਲਾਵਾ, ਬਾਲਕ ਮਿਹਰਵਾਨ ਨੂੰ ਮੱਥਾ ਟਿਕਾਉਣ ਲਈ ਗੁਰੂ ਰਾਮਦਾਸ ਜੀ ਪਾਸ ਲੈਜਾਣਾ ਅਤੇ ਉਨ੍ਹਾਂ ਤੋਂ ਹੀ ਉਸ ਬਾਲਕ ਦਾ ਨਾਂ ਰਖਵਾਣਾ ਵੀ ਇਹ ਸਪਸ਼ਟ ਕਰਦਾ ਹੈ ਕਿ ਇਹ ਬਾਲਕ ਗੁਰੂ ਰਾਮਦਾਸ ਜੀ ਦੇ ਭਾਦੋਂ ਸੁਦੀ 3 ਸੰਮਤ 1638 (1 ਸਤੰਬਰ, 1581 ਈ:) ਸ਼ੁਕਰਵਾਰ ਨੂੰ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਪੈਦਾ ਹੋਇਆ ਸੀ। ਇਸ ਹਿਸਾਬ ਹਰਿਜੀ ਵਲੋਂ ਮਿਹਰਵਾਨ ਦੀ ਦਿੱਤੀ ਜਨਮ-ਮਿਤੀ 1581 ਈ: ਬਣਦੀ ਹੈ। ਇਉਂ, ਉਪੱਰ ਦਿੱਤੀ ਮਨੋਹਰਦਾਸ ਦੀ ਜਨਮ ਮਿਤੀ ਅਤੇ ਗੁਰੂ ਰਾਮਦਾਸ ਜੀ ਦੇ ਜੋਤੀ ਜੋਤ ਸਮਾਉਣ ਸਮੇਂ ਦੱਸੀ ਗਈ ਉਸ ਦੀ ਉਮਰ ਦਾ ਹਿਸਾਬ ਲਾਇਆਂ ਸਤ ਮਹੀਨਿਆਂ ਦਾ ਫ਼ਰਕ ਪੈ ਜਾਂਦਾ ਹੈ। ਇਸ ਅੰਤਰ ਦਾ ਸੰਭਵ ਕਾਰਨ ਇਹ ਜਾਪਦਾ ਹੈ ਕਿ

3. 'ਗੋਸ਼ਟਾਂ ਸ੍ਰੀ ਗੁਰੂ ਮਿਹਰਵਾਨ ਜੀ', ਹ:ਲਿ:ਨੰ: 2527, ਸੈਂਟਰਲ ਪਬਲਿਕ ਲਾਇਬਰੇਰੀ, ਪਟਿਆਲਾ, ਪੰਨਾ 57 ਅ.

4. ਉਹੀ, ਪੰਨਾ 278.

ਹਰਿਜੀ ਨੇ ਜਨਮ ਮਿਤੀ 'ਗਤ' ਪੱਧਤੀ ਵਿਚ ਦੇਣ ਦੀ ਥਾਂ ਵਰਤਮਾਨ ਪੱਧਤੀ ਵਿਚ ਦੇ ਦਿੱਤੀ ਹੋਵੇ ਜਿਸ ਕਾਰਨ ਮਿਤੀ ਦਾ ਇਹ ਵਿਰੋਧ ਨਜ਼ਰ ਆਉਂਦਾ ਹੈ। ਇਸ ਮਿਤੀ ਨੂੰ ਵਰਤਮਾਨ ਪੱਧਤੀ ਅਨੁਸਾਰ ਗਿਣਿਆਂ ਇਹ ਮਿਤੀ 1581 ਈ: ਹੀ ਬਣਦੀ ਹੈ।

ਪਰ ਕੇਸਰ ਸਿੰਘ ਛਿੱਬਰ ਅਨੁਸਾਰ ਜਨਮ ਸੰਮਤ 1626 ਵਿਚ ਹੋਇਆ ਜੋ ਕਿ ਠੀਕ ਨਹੀਂ।[5] ਇਉਂ ਮਿਹਰਵਾਨ ਦਾ ਜਨਮ ਮਾਘ ਸੁਦੀ ਬਸੰਤ ਪੰਚਮੀ ਸੰਮਤ 1637 (ਮੁਤਾਬਕ 9 ਜਨਵਰੀ, 1581 ਈ:) ਨੂੰ ਹੋਇਆ ਹੀ ਸਿੱਧ ਹੁੰਦਾ ਹੈ।[6]

3. <u>ਨਾਂ</u> :

ਇਸ ਸੁੰਦਰ ਬਾਲਕ ਦੇ ਜਨਮ ਤੋਂ ਨੌਂ ਦਿਨ ਬਾਅਦ ਹੀ ਮਾਤਾ ਸਹਿਬਾਣੀ ਭਗਵਾਨੋ[7] ਆਪਣੀ ਸੁਭਾਗੀ ਸੱਸ, ਮਾਤਾ ਭਾਨੀ ਜੀ ਨੂੰ ਨਾਲ ਲੈ ਕੇ ਬੱਚੇ ਨੂੰ ਮੱਥਾ ਟਿਕਾਉਣ ਲਈ ਗੁਰੂ ਅਮਰਦਾਸ ਜੀ ਪਾਸ ਹਾਜ਼ਰ ਹੋਈ। ਜਦੋਂ ਮਾਤਾ ਭਾਨੀ ਨੇ ਗੁਰੂ ਸਾਹਿਬ ਨੂੰ ਬੱਚੇ ਦਾ ਨਾਂ ਰੱਖਣ ਲਈ ਬੇਨਤੀ ਕੀਤੀ ਤਾਂ ਗੁਰੂ ਸਾਹਿਬ ਨੇ ਸੁੰਦਰ ਅਤੇ ਮਨਮੋਹਣੇ ਬੱਚੇ ਨੂੰ ਦੇਖ ਕੇ ਫ਼ੁਰਮਾਇਆ ਕਿ "ਇਸ ਬਾਲਕੇ ਕਾ ਨਾਮ ਮਨੋਹਰੁ ਦਾਸੁ ਰਖਹੁ। ਇਹ ਸਭਨਾ ਕਾ ਮਨ ਹਿਰਨਹਾਰਾ ਹੋਇਗਾ। ਜੋ ਇਸ ਕੋ ਦੇਖੈਗਾ ਤਿਸ ਕੇ ਮਨ ਕਉ ਹਿਰ ਲੇਵੈਗਾ।[8]

4. <u>ਉਪ ਨਾਂ</u> :

ਮਨੋਹਰ ਦਾਸ ਦੇ ਨਾਂ ਨਾਲ ਜੁੜਿਆ ਹੋਇਆ ਉਪ ਨਾਂ 'ਮਿਹਰਵਾਨ' ਉਸ ਦੇ ਆਪਣੇ ਵਲੋਂ ਅਪਣਾਇਆ ਗਿਆ ਉਪਨਾਂਵ ਜਾਂ ਤਖ਼ੱਲਸ ਨਹੀਂ। ਇਉਂ ਜਾਪਦਾ ਹੈ ਕਿ ਮਨੋਹਰਦਾਸ ਨੂੰ 'ਮਿਹਰਵਾਨ' ਸ਼ਬਦ ਆਪਣੇ ਇਸ਼ਟ ਲਈ ਬੜਾ ਪਿਆਰਾ ਸੀ ਜਿਸ ਦੀ ਵਰਤੋਂ ਉਹ ਬੜੀ ਸ਼ਰਧਾ ਨਾਲ ਕਰਦਾ ਸੀ। ਉਸ ਨੇ ਆਪਣੀ ਗੱਦ ਅਤੇ ਕਾਵਿ-ਰਚਨਾ ਵਿਚ ਪਰਮਾਤਮਾ ਲਈ ਬਹੁ ਵਾਰ 'ਮਿਹਰਵਾਨ' ਵਿਸ਼ੇਸ਼ਣ ਦੀ ਵਰਤੋਂ ਕੀਤੀ ਜਿਵੇਂ: "ਤਬ ਗੁਰੂ ਬਾਬੇ ਨਾਨਕ ਜੀ ਕਉ ਜਿ <u>ਮਿਹਰਵਾਨ</u> ਹੋਇ ਕਰਿ ਸ੍ਰੀ ਪਾਰਬ੍ਰਹਮ ਕਹਿਆ ਜਿ ਏ ਨਾਨਕ ਇਬ ਕਿਆ ਮੰਗਤਾ ਹੈ ਤੂੰ। <u>ਤਬ ਗੁਰੂ ਬਾਬੇ ਨਾਨਕ ਜੀ ਕਹਿਆ ਕਿ ਮਿਹਰਵਾਨ</u> :

---

5. "ਸੰਮਤ ਸੋਲਾਂ ਸੈ ਛਬੀ, ਪਿਥੀਏ ਘਰ ਪੁਤਰ ਜੰਮਿਆ। ਨਾਉ ਮਿਹਰਵਾਨ ਕਰ ਮੰਨਿਆ।" (ਬੰਸਾਵਲੀ ਨਾਮਾ ਚਰਣ ਪੰਜਵਾਂ)
6. ਡਾ: ਕਿਰਪਾਲ ਸਿੰਘ ਵੀ ਇਸੇ ਸਿੱਟੇ ਤੇ ਪਹੁੰਚੇ ਹਨ—ਦੇਖੋ: ਉਨ੍ਹਾਂ ਦੀ ਸੰਪਾਦਿਤ ਜਨਮਸਾਖੀ, ਸ੍ਰੀ ਗੁਰੂ ਨਾਨਕ ਦੇਵ ਜੀ; ਭਾਗ ਪਹਿਲਾ, ਅੰਮ੍ਰਿਤਸਰ-1962 ਪੰਨਾ 2
7. 'ਗੁਰ ਪ੍ਰਤਾਪ ਸੂਰਜ ਗ੍ਰੰਥ' ਵਿਚ ਪ੍ਰਿਥੀ ਚੰਦ ਦੀ ਪਤਨੀ ਦਾ ਨਾਂ 'ਕਰਮੋ' ਲਿਖਿਆ ਹੈ ਦੇਖੋ ਰਾਸ 3 ਅੰਸੂ 1)
8. ਹਰਿਜੀ, ਗੋ. ਗੁ. ਮਿ. ਹ: ਲਿ: ਨੰ: 2527 ਸੈ. ਪ. ਲਾ. ਪਟਿ., ਪੰਨਾ 60 ਅ.

ਤੇਰਾ ਨਾਉ ਮੰਗਤਾ ਹੈ, ਹਉ ਅਵਰੁ ਕਿਛੁ ਨਹੀਂ ਮੰਗਤਾ।"[9] ਜਾਂ

"॥ ਸਲੋਕ ॥ ਕਰਿ ਸਾਹਿਬ ਦੀ ਬੰਦਗੀ ਦਿਲ ਤੇ ਲਾਹਿ ਗੁਮਾਨੁ।
ਨਾਨਕ ਦਾਸ ਏਹ ਵੇਲ ਹੀ ਸਿਮਰ ਸਦਾ ਮਿਹਰਵਾਨੁ।"[10]

ਇਉਂ ਲੱਗਦਾ ਹੈ ਕਿ ਮਨੋਹਰਦਾਸ ਨੇ ਇਹ ਵਿਸ਼ੇਸ਼ਣ ਗੁਰੂ ਅਰਜਨ ਤੋਂ ਹੀ ਅਪਣਾਇਆ ਕਿਉਂਕਿ ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਪਰਮਾਤਮਾ ਲਈ 'ਮਿਹਰਵਾਨ' ਵਿਸ਼ੇਸ਼ਣ ਦੀ ਆਮ ਵਰਤੋਂ ਕੀਤੀ ਹੈ ਜਿਵੇਂ:

"ਮਿਹਰਵਾਨ ਸਾਹਿਬ ਮਿਹਰਵਾਨ, ਸਾਹਿਬ ਮੇਰਾ ਮਿਹਰਵਾਨ।"
"ਸਦ ਬਖਸਿੰਦੁ ਸਦਾ ਮਿਹਰਵਾਨਾ ਸਭਨਾ ਦੇਇ ਅਧਾਰਾ।"(ਟੋਡੀ ਮਹੁਲਾ-5)

ਅਸਲ ਵਿਚ ਮਨੋਹਰਦਾਸ ਨੇ ਆਪਣੀਆਂ ਰਚਨਾਵਾਂ ਵਿਚ ਆਪਣੇ ਨਾਂ ਨਾਲ 'ਮਿਹਰਵਾਨ' ਸ਼ਬਦ ਦੀ ਕਿਤੇ ਵਰਤੋਂ ਨਹੀਂ ਕੀਤੀ। ਸੰਭਵ ਹੈ ਕਿ ਉਸ ਵਲੋਂ ਪਰਮਾਤਮਾ ਲਈ ਵਰਤੇ ਜਾਂਦੇ ਇਸ ਵਿਸ਼ੇਸ਼ਣ ਨੂੰ ਹੀ ਉਸ ਦੇ ਸੇਵਕਾਂ, ਖਾਸ ਕਰ ਹਰਿਜੀ ਆਦਿ ਨੇ ਸਤਿਕਾਰ ਵਜੋਂ ਉਸਦੇ ਨਾਂ ਨਾਲ ਜੋੜ ਕੇ ਪ੍ਰਚੱਲਤ ਕਰ ਦਿੱਤਾ ਹੋਵੇ ਜਿਸ ਨਾਲ ਮਗਰੋਂ 'ਮਨੋਹਰਦਾਸ ਮਿਹਰਵਾਨ' ਦੀ ਥਾਂ ਇਕੱਲਾ 'ਮਿਹਰਵਾਨ' ਹੀ ਪ੍ਰਚੱਲਤ ਹੋ ਗਿਆ। ਆਪਣੀਆਂ ਗੱਦ ਤੇ ਕਾਵਿ-ਰਚਨਾਵਾਂ ਵਿਚ ਮਨੋਹਰਦਾਸ ਨੇ 'ਨਾਨਕ ਦਾਸ' ਜਾਂ 'ਦਾਸ ਨਾਨਕ' ਦੀ ਕਾਵਿ-ਛਾਪ ਨੂੰ ਹੀ ਵਰਤਿਆ ਹੈ।

5. <u>ਬਚਪਨ:</u> ਬਾਲਕ ਮਨੋਹਰ ਦਾਸ ਛੇ-ਸਤ ਵਰ੍ਹਿਆਂ ਦੀ ਉਮਰ ਵਿਚ, ਸਰੀਰਕ ਅਤੇ ਮਾਨਸਕ ਤੌਰ ਤੇ ਚੇਤਨ ਹੁੰਦਿਆਂ ਹੀ, ਗੁਰੂ ਸਾਹਿਬਾਂ ਦੀ ਬਾਣੀ ਨਾਲ ਪਿਆਰ ਕਰਨ ਲੱਗ ਪਿਆ। ਕਹਿੰਦੇ ਹਨ ਕਿ ਗੁਰਬਾਣੀ ਦੀ ਪੋਥੀ ਨਾਲ ਇਸ ਦਾ ਪਿਆਰ ਇਤਨਾ ਹੋ ਗਿਆ ਕਿ ਬਚਪਨ ਤੋਂ ਹੀ ਉਹ ਆਮ ਤੌਰ ਤੇ ਨਾਮ-ਸਿਮਰਨ ਵਿਚ ਲੀਨ ਰਹਿਣ ਲਗਾ। ਉਸ ਦਾ ਸੁਭਾ ਬੜਾ ਨਿਮਰ ਅਤੇ ਪਿਆਰ-ਭਰਿਆ ਸੀ। ਜਦੋਂ ਬਾਲਕਾਂ ਨਾਲ ਖੇਡਦਾ ਤਾਂ ਵੀ ਬਾਕੀਆਂ ਨਾਲੋਂ ਅਲੱਗ ਰਹਿ ਕੇ ਪਰਮਾਤਮਾ ਦੇ ਪਿਆਰ ਵਿਚ ਹੀ ਮਸਤ ਰਹਿੰਦਾ।[11]

---

9. ਵੇਖੋ: ਜ. ਗੁ. ਨਾ., ਭਾਗ ਪਹਿਲਾ, ਪੰਨਾ 283
10. ਉਹੀ, ਪੰਨਾ 448
11. ਹਰਿਜੀ, ਗੋ. ਗੁ. ਮਿ., ਹ:ਲਿ:ਨੰ: 2527, ਸੈ. ਪ੍ਰ. ਲਾ. ਪਟਿ., ਪੰਨਾ 60 ਅ.

ਮਨੋਹਰਦਾਸ ਦਾ ਬਚਪਨ ਅੰਮ੍ਰਿਤਸਰ ਵਿਚ ਹੀ ਬੀਤਿਆ।[12] ਗੁਰੂ ਅਰਜਨ ਦੇਵ ਜੀ ਦਾ ਇਸ ਹੋਣਹਾਰ ਬਾਲਕ ਨਾਲ ਬੜਾ ਸਨੇਹ ਹੋ ਗਿਆ। ਉਹ ਅਕਸਰ ਇਸ ਨੂੰ ਪਿਆਰ ਨਾਲ ਆਪਣੀ ਗੋਦ ਵਿਚ ਬਿਠਾ ਲਿਆ ਕਰਦੇ ਅਤੇ ਸੋਨੇ ਦੇ ਗਹਿਣੇ ਤੇ ਸੁੰਦਰ ਬਸਤਰ ਬਣਵਾ ਕੇ ਪਹਿਨਾਉਂਦੇ।

'ਗੁਰ ਪ੍ਰਤਾਪ ਸੂਰਜ ਗ੍ਰੰਥ' ਵਿਚ ਗੁਰੂ ਅਰਜਨ ਦੇਵ ਦੇ ਮਨੋਹਰਦਾਸ ਪ੍ਰਤੀ ਪਿਆਰ ਦਾ ਜ਼ਿਕਰ ਇਉਂ ਕੀਤਾ ਗਿਆ ਹੈ:

"ਕੇਤਕ ਸਮਾਂ ਬੀਤਯੋ ਜਬੈ। ਪ੍ਰਿਥੀਏ ਕੇ ਸੁਤ ਉਪਜਯੋ ਤਬੈ।...
ਕਿਤਕ ਮਾਸ ਕੋ ਪਿਖਿ ਸੁਖ ਪਾਵਹਿ। ਸ੍ਰੀ ਗੁਰੂ ਅਰਜਨ ਢਿਗ ਲੈ ਆਵਹਿ।
ਕਰਿਹ ਪ੍ਰੇਮ ਨਿਵ ਲੇਵਹਿ ਗੋਦ। ਅਧਿਕ ਦੁਲਾਰਹਿ ਵਧਹਿ ਪ੍ਰਮੋਦ। 361
ਸਰਲ ਸੁਭਾਉ ਜਾਨ ਕਰਿ ਆਛੇ। ਸਭ ਕੋ ਭਲੋ ਹੋਨ ਉਰ ਬਾਛੇ।
ਅਧਿਕ ਸਨੇਹ ਸਕੈ ਸਿਸ ਸਾਥਾ। ਮਾਨਹਿ ਨਿਤਿ ਪ੍ਰਤਿ ਢਿਗ ਗੁਰੂ ਨਾਥਾ। 371[13]

ਇਸ ਤਰ੍ਹਾਂ ਉਸ ਦਾ ਮੁੱਢਲੀ ਪੜ੍ਹਾਈ-ਲਿਖਾਈ ਵੀ ਗੁਰੂ ਅਰਜਨ ਦੇਵ ਦੀ ਨਿਗਰਾਨੀ ਵਿਚ ਹੀ ਹੋਈ। ਗੁਰੂ ਅਰਜਨ ਸਾਹਿਬ ਵਰਗੇ ਮਹਾਨ ਸਤਿਗੁਰੂ, ਸਾਹਿੱਤਕਾਰ ਤੇ ਸ਼ਾਂਤੀ ਦੇ ਪੁੰਜ ਕੋਲ ਰਹਿ ਕੇ ਮਿਹਰਵਾਨ ਨੇ ਸਹਿਜ ਸੁਭਾ ਹੀ ਉਨ੍ਹਾਂ ਦੇ ਜੀਵਨ ਤੋਂ ਉੱਤਮ ਗੁਣ ਵੀ ਗ੍ਰਹਿਣ ਕਰ ਲਏ। ਇਸੇ ਪ੍ਰਭਾਵ ਸਦਕਾ ਮਿਹਰਵਾਨ ਦਾ ਮਨ ਸ਼ੁਰੂ ਤੋਂ ਹੀ ਭਗਤੀ-ਭਾਵਨਾ ਨਾਲ ਭਰ ਗਿਆ। ਉਨ੍ਹਾਂ ਦੇ ਕਿਸ਼ੋਰ ਜੀਵਨ ਦੀਆਂ ਰੁਚੀਆਂ ਅਤੇ ਮਾਨਸਕ ਝੁਕਾ ਨੂੰ ਪ੍ਰਗਟਾਉਂਦਿਆਂ ਹਰਿਜੀ[14] ਲਿਖਦਾ ਹੈ ਕਿ:-

"ਜਬ ਬਾਲਗ ਤੇਰਾਂ ਬਰਸਾਂ ਕਾ ਭਇਆ ਤਬ ਤਪਸਿਆ ਅਰੰਭੀ ਅਰੁ ਕਟੁੰਬ ਸੰਸਾਰ ਤੇ ਛਪ ਕਰ ਤਪਸਿਆ ਭਗਤਿ ਦਾਨੁ ਪੁੰਨੁ ਕਰੈ। ਤੀਰਥੀ ਗੁਝੇ ਹੀ ਆਪਣੇ ਟਹਲੀਏ ਮਾਇਆ ਦੇ ਕੇ ਪੂਰਬੀਆਂ ਨੂੰ ਭੇਜਿਆ ਕਰੈ, ਜਿਨਿ ਤੀਰਥੀ

12. (ੳ) ਖੁਸ਼ਵਕਤ ਰਾਇ, 'ਤਾਰੀਖ-ਇ-ਸਿੱਖਾਂ'-ਡਾ: ਕਿਰਪਾਲ ਸਿੰਘ ਦੁਆਰਾ 'ਮਨੋਹਰਦਾਸ ਮਿਹਰਵਾਨ' ਦੇ ਪੰਨਾ 19 ਉਪਰ ਉੱਧ੍ਰਿਤ।
(ਅ) ਸੰਤੋਖ ਸਿੰਘ ਭਾਈ, 'ਗੁਰਪ੍ਰਤਾਪ ਸੂਰਜ ਗ੍ਰੰਥ' ਅਨੁਸਾਰ ਵੀ ਪ੍ਰਿਥੀ ਚੰਦ (ਗੁਰੂ) ਹਰਗੋਬਿੰਦ ਜੀ ਦੇ ਜਨਮ 1595 ਈ: ਤੋਂ ਬਾਅਦ ਹੀ ਆਪਣੇ ਪਿੰਡ ਹੇਹਰੀਂ ਗਿਆ।

13. ਰਾਸ 2, ਅਸੂ 29, ਪੰਨਾ 1763.

14. ਹਰਿਜੀ (ਦੇਹਾਂਤ 1696 ਈ:) ਸੋਢੀ ਮਿਹਰਵਾਨ ਦਾ ਵਿਚਕਾਰਲਾ ਪੁੱਤਰ ਸੀ ਜੋ 1640 ਈ: ਵਿਚ ਮਿਹਰਵਾਨ ਤੋਂ ਬਾਅਦ ਮੀਣਾ-ਸੰਪ੍ਰਦਾਇ ਦੀ ਗੱਦੀ ਉਤੇ ਬੈਠਾ ਅਤੇ ਅੱਠਵੇਂ ਗੁਰ ਵਜੋਂ 1696 ਈ: ਤਕ ਗੁਰਿਆਈ ਚਲਾਉਂਦਾ ਰਿਹਾ। ਹਰਿਜੀ ਆਪਣੀ ਸੰਪ੍ਰਦਾਇ ਦਾ ਹਰਮਨ ਪਿਆਰਾ ਗੁਰੂ ਹੋਣ ਦੇ ਨਾਲ ਨਾਲ ਇਕ ਪ੍ਰਭਾਵਸ਼ਾਲੀ ਲੇਖਕ ਵੀ ਸੀ। ਜਿਸ ਦੀਆਂ ਗੱਦ ਅਤੇ ਕਾਵਿ ਰਚਨਾਵਾਂ ਵੀ ਮਿਲਦੀਆਂ ਹਨ (ਵੇਖੋ: ਅੰਤਿਕਾ)

ਜਾਇ ਦੇ ਆਵਹਿ ਬ੍ਰਾਹਮਣ ਨੋ ਅਰੁ ਏਹ ਬਾਤ ਕਿਸੈ ਨੂੰ ਬਾਹਿਰ ਪ੍ਰਗਟਿ ਸੁਣਾਈਐ ਨਾਹੀ। ਪਰ ਬਾਸਨਾ ਛਪਾਈ ਛਪੈ ਨਾਹੀ।... ਪੋਥੀ ਨਾਲਿ ਦਿਨੁ ਰਾਤਿ ਪ੍ਰੀਤਿ ਪਿਆਰ ਅਰੁ ਉਦਾਸੀ ਕੈ ਘਰਿ ਰਹਾਏ।"[15]

ਇੰਜ ਪ੍ਰਤੀਤ ਹੁੰਦਾ ਹੈ ਕਿ ਉਸ ਨੇ ਬਚਪਨ ਤੋਂ ਹੀ ਸੰਗੀਤ ਵਿੱਦਿਆ ਪ੍ਰਾਪਤ ਕਰਨੀ ਵੀ ਆਰੰਭ ਦਿੱਤੀ ਸੀ। ਮਗਰੋਂ ਅਕਸਰ ਹਰ ਰੋਜ਼ ਉਹ ਸੰਗਤਾਂ ਨੂੰ ਆਪਣੇ ਸੁਰੀਲੇ ਕੰਠ ਨਾਲ ਗੁਰਬਾਣੀ ਅਤੇ ਆਪਣੇ ਰਚੇ ਸ਼ਬਦ, ਸ਼ਲੋਕਾਂ ਦਾ ਕੀਰਤਨ ਕਰਕੇ ਮੋਹਿਤ ਕਰਦਾ। ਇਸ ਗੱਲ ਦਾ ਜ਼ਿਕਰ ਹਰਿਜੀ ਨੇ ਇਕ ਥਾਂ ਇਉਂ ਕੀਤਾ ਹੈ : "ਜਬਿ ਕੀਰਤਨੁ ਕਰਨੇ ਬੈਠਤਾ ਤਬ ਸਾਂਝ ਦੀ ਪ੍ਰਭਾਤਿ ਹੋਇ ਜਾਤੀ ਥੀ। ਅਰੁ ਜਬ ਸਵੇਰੇ ਬੈਠਤਾ ਤਬ ਸਾਂਝਿ ਹੋਇ ਜਾਤੀ ਥੀ। ਐਸਾ ਕੀਰਤਨ ਹੋਵੈ ਜੋ ਪਰਗਟ ਜਾਪੀਏ। ਜੋ ਬੈਕੁੰਠ ਮਹਿ ਬੈਠਾਹੈ। ਸੋ ਸ੍ਰੀ ਸਤਿਗੁਰੂ ਜੀ ਪ੍ਰੇਮ ਕੀ ਮੂਰਤਿ ਛਿਆਂ ਰਾਗਾ ਕੀਆਂ ਛਿਹ ਸੈ ਪਰੀਆਂ ਗਾਵਅਹਿ।"[16]

ਸੋ ਇਉਂ, ਗੁਰੂ ਅਰਜਨ ਦੇਵ ਜੀ ਦੀ ਛਤਰ ਛਾਇਆ ਅਤੇ ਨਿਗਰਾਨੀ ਹੇਠ ਰਹਿੰਦੇ ਮਿਹਰਵਾਨ ਦੀਆਂ ਲਗਭਗ ਸਾਰੀਆਂ ਰੁਚੀਆਂ ਗੁਰੂ ਸਾਹਿਬ ਦੇ ਜੀਵਨ ਤੋਂ ਪ੍ਰਭਾਵਿਤ ਹੋ ਕੇ ਵਿਕਸਿਤ ਹੁੰਦੀਆਂ ਰਹੀਆਂ। ਪਿਆਰ ਤੇ ਨਿਮਰਤਾ ਭਰੇ, ਪਰਮਾਤਮਾ ਦੀ ਭਗਤੀ ਵਿਚ ਲਿਵਲੀਨ ਇਸ ਬਾਲਕ ਨਾਲ ਗੁਰੂ ਜੀ ਦਾ ਸਨੇਹ ਸੁਭਾਵਕ ਹੀ ਇਤਨਾ ਵਧ ਗਿਆ ਕਿ ਉਹ ਆਪਣਾ ਬਾਲਕ ਨਾ ਹੋਣ ਕਾਰਨ ਇਸੇ ਨੂੰ 'ਜਿਮ ਨਿਜ ਸੁਤ ਕੋ ਜਾਨਿਹ ਤੈਸੇ'[17] ਅਨੁਸਾਰ ਗੋਦਲੈ ਪਲੇ ਬੱਚੇ ਵਾਂਗ ਸਮਝਣ ਤੇ ਪਿਆਰਨ ਲਗ ਪਏ। ਇਸੇ ਪਿਆਰ ਅਤੇ ਨੇੜਤਾ ਕਾਰਨ ਸੋਢੀ ਪ੍ਰਿਥੀ ਚੰਦ ਅਤੇ ਉਨ੍ਹਾਂ ਦੀ ਪਤਨੀ ਸਹਿਜਾਦੀ ਭਗਵਾਨੋ (ਕਰਮੋ) ਆਦਿ ਨੂੰ ਪੂਰਨ ਵਿਸ਼ਵਾਸ਼ ਹੋ ਗਿਆ ਕਿ ਗੁਰੂ ਅਰਜਨ ਦੇਵ ਤੋਂ ਬਾਅਦ ਗੁਰਗੱਦੀ ਉਨ੍ਹਾਂ ਦੇ ਬੱਚੇ, ਮਨੋਹਰਦਾਸ, ਨੂੰ ਹੀ ਮਿਲੇਗੀ। ਇਸੇ ਨਜ਼ਦੀਕੀ ਸੰਬੰਧ ਅਤੇ ਪਿਆਰ ਨੂੰ ਵੇਖ ਕੇ ਮਗਰੋਂ ਕਥਾ ਲੇਖਕਾਂ ਨੇ ਇਹ ਵੀ ਲਿਖ ਦਿਤਾ ਕਿ ਗੁਰੂ ਅਰਜਨ ਦੇਵ ਨੂੰ ਮਿਹਰਵਾਨ ਨੂੰ ਗੁਰਗੱਦੀ

15. ਗੋ. ਗੁ. ਮਿ., ਹ:ਲਿ:ਨੰ: 2527, ਸੈ. ਪਾ. ਲਾ. ਪਟਿ. ਪੰਨਾ 61.
16. ਉਹੀ, ਪੰਨਾ 66 ਅ.
17. ਸੰਤੋਖ ਸਿੰਘ, ਭਾਈ, 'ਗੁਰ ਪ੍ਰਤਾਪ ਸੂਰਜ ਗ੍ਰੰਥ', ਰਾਸਿ 2, ਅੰਸੂ 29.

ਦੇਣ ਦਾ ਫੈਸਲਾ ਕਰ ਲਿਆ ਸੀ।[18]

6. <u>ਵਿਆਹ:</u>

ਚੌਦਾਂ ਸਾਲ ਦੀ ਉਮਰ, ਅਰਥਾਤ ਸੰਮਤ 1652 ਬਿ:/1595 ਈ: ਵਿਚ ਮਿਹਰਵਾਨ ਦੀ ਸ਼ਾਦੀ 'ਸੀਤਾ ਜੀ' ਨਾਲ ਹੋਈ[19] ਤੇ ਉਪਰੰਤ ਕ੍ਰਮਵਾਰ ਆਪ ਦੇ ਘਰ ਕਰਨ ਮਲ, ਹਰਿਜੀ ਅਤੇ ਚਤੁਰਭੁਜ, ਤਿੰਨ ਲੜਕੇ ਹੋਏ। ਮਿਹਰਵਾਨ ਗ੍ਰਿਹਸਤੀ ਜੀਵਨ ਵਿਚ ਭਾਵੇਂ ਖੁਸ਼ੀ ਅਤੇ ਅਨੰਦ ਮਾਨਣ ਲਗੇ, ਪਰ ਉਨ੍ਹਾਂ ਦੀ ਆਤਮਾ ਹਮੇਸ਼ਾ ਉਸ ਪ੍ਰਭੂ ਪਰਮੇਸ਼ੁਰ ਦੀ ਭਗਤੀ ਨਾਲ ਜੁੜੀ ਰਹਿੰਦੀ। ਇਸ ਤਰ੍ਹਾਂ ਉਨ੍ਹਾਂ ਨੇ ਗੁਰੂ ਸਾਹਿਬਾਂ ਦੇ ਜੀਵਨ ਆਸ਼ੇ ਅਨੁਸਾਰ ਗ੍ਰਿਹਸ ਵਿਚ ਰਹਿੰਦਿਆਂ ਹੀ ਨਿਰਲੇਪ ਰਹਿ ਕੇ ਭਗਤੀ-ਭਾਵਨਾ ਵਾਲਾ ਜੀਵਨ ਬਤੀਤ ਕਰਨਾ ਸ਼ੁਰੂ ਕੀਤਾ।

ਗੁਰੂ ਅਰਜਨ ਸਾਹਿਬ ਦੇ ਮਨੋਹਰਦਾਸ ਨਾਲ ਡੂੰਘੇ ਸਨੇਹ ਕਾਰਨ ਸਾਰਾ ਕੁਟੰਬ ਹੀ ਉਨ੍ਹਾਂ ਨੂੰ ਪਿਆਰ ਅਤੇ ਸਤਿਕਾਰ ਦੀ ਨਜ਼ਰ ਨਾਲ ਵੇਖਣ ਲੱਗਾ। ਪ੍ਰਿਥੀ ਚੰਦ ਦੇ ਹੁਕਮ ਅਨੁਸਾਰ ਉਸ ਨੇ ਆਪਣੇ ਅਤੇ ਗੁਰੂ ਅਰਜਨ ਦੇਵ ਜੀ ਦੇ ਡੇਰੇ ਦੀ ਟਹਿਲ ਸੇਵਾ ਦਾ ਕੰਮ ਸੰਭਾਲ ਕੇ ਗੁਰੂ ਪਰਵਾਰ ਅਤੇ ਗੁਰੂ-ਘਰ ਦੀਆਂ ਸੰਗਤਾਂ ਦੇ ਮਨਾਂ ਵਿਚ ਵੀ ਆਪਣੇ ਪ੍ਰਤੀ ਡੂੰਘੀ ਪਿਆਰ ਭਰੀ ਥਾਂ ਬਣਾ ਲਈ।

7. <u>ਸਾਹਿੱਤਕ ਰੁਚੀ ਅਤੇ ਰਚਨਾ:</u>

ਗੁਰੂ ਅਰਜਨ ਸਾਹਿਬ ਨੇ ਗੁਰਬਾਣੀ ਨੂੰ ਸ਼ੁੱਧ ਰੂਪ ਵਿਚ ਸੰਭਾਲਣ ਤੇ ਇਕੱਤਰ ਕਰਨ ਦੇ ਉਦੇਸ਼ ਨਾਲ 1595-96 ਈ: ਦੇ ਕਰੀਬ 'ਆਦਿ ਗ੍ਰੰਥ' ਦੀ ਸੰਪਾਦਨਾ ਦਾ ਕੰਮ ਆਰੰਭਿਆ ਜੋ 1604 ਈ: ਵਿਚ ਸੰਪੂਰਨ ਹੋਇਆ। ਇਸ ਸਮੇਂ ਤਕ ਪ੍ਰਿਥੀ ਚੰਦ ਗੁਰਗੱਦੀ ਦੀ ਪ੍ਰਾਪਤੀ ਲਈ ਅਨੇਕਾਂ ਯਤਨ ਕਰਦਾ ਰਿਹਾ ਅਤੇ ਅਜੇ ਵੀ ਉਨ੍ਹਾਂ ਦਾ ਵਿਰੋਧ ਆਪਣੇ ਸਿਖਰ ਉਤੇ ਸੀ। ਇਥੋਂ ਪ੍ਰਤੀਤ ਹੁੰਦਾ ਹੈ ਕਿ 'ਆਦਿ ਗ੍ਰੰਥ' ਦੀ ਸੰਪਾਦਨਾ ਦਾ ਕੰਮ ਆਰੰਭ ਹੁੰਦਿਆਂ ਹੀ ਉਸ ਨੇ ਵੀ ਮਨੋਹਰਦਾਸ ਨੂੰ ਪ੍ਰਾਪਤ ਗੁਰਬਾਣੀ ਇਕੱਤਰ ਕਰਕੇ ਪੋਥੀ ਲਿਖਵਾਉਣ ਦਾ ਹੁਕਮ ਦਿੱਤਾ

---

18. ਗੁਲਾਮ ਮਹੀਉੱਦੀਨ ਬੂਟੇ ਸ਼ਾਹ, 'ਤਵਾਰੀਖ਼ੇ ਪੰਜਾਬ' - ਜ. ਗੁ. ਨਾ. ਭਾਗ ਪਹਿਲਾ ਭੂਮਿਕਾ ਦੇ ਪੰਨਾ 3 ਉਤੇ ਉੱਧ੍ਰਿਤ।

19. ਹਰਿਜੀ ਗੋ: ਗੁ: ਮਿ: ਹ: ਲਿ: ਨੰ: 2527, ਪੰਨਾ 61 ਅ. ਪਰ ਕੇਸਰ ਸਿੰਘ ਛਿਬਰ ਰਚਿਤ 'ਬੰਸਾਵਲੀ ਨਾਮਾ, ਦਸਾਂ ਪਾਤਸ਼ਾਹੀਆਂ ਕਾ' ਅਨੁਸਾਰ ਵਿਆਹ 1637 ਬਿ: ਵਿਚ 11 ਸਾਲ ਦੀ ਉਮਰ ਵਿਚ ਹੋਇਆ -'ਪਰਖ' ਸੰਪ: ਸੁਰਿੰਦਰ ਸਿੰਘ ਕੋਹਲੀ, ਚਾ:, ਸਾਲ 1972, ਅੰਕ 2, ਪੰਨਾ 42.

ਤਾਂ ਜੋ ਉਹ ਵੀ ਮੁਕਾਬਲੇ ਉੱਤੇ ਪੋਥੀ ਬਣਾ ਕੇ ਆਪਣੀ ਵੱਖਰੀ ਸੰਪ੍ਰਦਾਇ ਚਲਾ ਸਕੇ। ਇਸ ਸੰਬੰਧੀ ਮਿਹਰਵਾਨ ਬਾਰੇ ਲਿਖੀ ਹਰਿਜੀ ਦੀ ਦੂਜੀ ਗੋਸ਼ਟ ਵਿਚ ਸਪਸ਼ਟ ਤੌਰ ਤੇ ਇਉਂ ਜ਼ਿਕਰ ਆਉਂਦਾ ਹੈ ਕਿ:

> ਜਬਿ ਬਾਰਾਂ ਤੇਰਾਂ ਬਰਸਾਂ ਦਾ ਭਇਆ। ਤਬਿ ਭਗਤਿ ਤਪਸਿਆ ਆਰੰਭੀ।...
> ਪੋਥੀ ਲਿਖਾਈ। ਪੋਥੀ ਉਤੇ ਜਪੁ ਤੇ ਆਦਿ ਲਾਇ ਕਰਿ ਹੋਰੁ ਬਾਣੀ ਪਤ੍ਰੁ ਲਿਖਾਇਆ।
> ਫਿਰਿ ਆਗੇ ਪਤ੍ਰੇ ਦੇ ਇਕੁ ਇਕੁ ਦੁਇ ਛੱਡੇ ਸਭਨਾਂ ਗੁਰੂ ਮਹਲਿਆਂ ਕੇ ਸਬਦਿ ਲਿਖਾਇ।
> ਪੋਥੀ ਨਾਲ ਦਿਨ ਰਾਤਿ ਪ੍ਰੀਤਿ ਪਿਆਰ ਅਰੁ ਉਦਾਸੀ ਕੈ ਰਹੀਐ।[20]

ਪ੍ਰਿਥੀ ਚੰਦ ਵਲੋਂ ਮਿਹਰਵਾਨ ਨੂੰ ਆਪਣੀ ਸੰਪ੍ਰਦਾਇ ਦੀ ਗੁਰਿਆਈ ਦੇਣ ਦੇ ਸਮੇਂ ਵੀ ਇਹੋ ਪੋਥੀ ਹੀ ਉਸ ਨੂੰ ਦਿੱਤੀ ਗਈ ਜਿਸ ਦਾ ਜ਼ਿਕਰ ਹਰਿਜੀ ਇਉਂ ਕਰਦਾ ਹੈ ਕਿ "ਪੋਥੀ ਮਾਲਾ ਹਾਥਿ ਦੀਨੀ। ਸੰਗਤਿ ਅਰੁ ਸਭੁ ਡੇਰੇ ਅਰੁ ਸਮਸਤਿ ਪਰਵਾਰੁ ਗੁਰੂ ਮਿਹਰਵਾਨੁ ਜੀ ਕੈ ਪੈਰੀ ਪਇਆ।"[21]

ਪੋਥੀ ਦੇ ਕੇ ਪ੍ਰਿਥੀ ਚੰਦ ਨੇ ਇਹ ਹੁਕਮ ਵੀ ਕੀਤਾ ਕਿ "ਟਹਲ ਕਾ ਸਬਦ ਪੋਥੀ ਕਾ ਖਸਮ ਤੂੰ ਹੈਂ। ਪੋਥੀ ਪੜਨੀ ਟਹਲ ਕਰਨੀ।"

ਸੰਭਵ ਹੈ ਕਿ ਗੁਰਬਾਣੀ ਦੀ ਇਸ ਪੋਥੀ ਦੀਆਂ ਨਕਲਾਂ ਕਰਕੇ ਇਸ ਸੰਪ੍ਰਦਾਇ ਦੇ ਡੇਰਿਆਂ ਵਿਚ ਭੇਜੀਆਂ ਜਾਣ ਲਗੀਆਂ। ਹਰਿਜੀ ਦੇ ਸ਼ਬਦਾਂ ਅਨੁਸਾਰ "ਆਗੇ ਪੋਥੀ ਕਿਤੇ ਡੇਰੇ ਹੋਂਦੀਆਂ ਨਾਹੀਂ ਜਪੁ ਪੜਾਦਾ ਨਾਹੀ ਸਬਦੁ ਗਾਵਾਦੇ। ਤਬ ਸਭਨੀ ਡੇਰੀਂ ਪੋਥੀਆਂ ਮਿਲੀਆਂ। ਖਾਣ ਬਣੇ ਮਿਲੇ ਡੇਰੇ ਡੇਰੇ ਪੋਥੀਆਂ ਲਾਗੀ ਵਾਚਣੇ।"[22]

ਇਉਂ ਸਾਹਿੱਤਕ ਖੇਤਰ ਵਿਚ ਪੈਰ ਪਾਉਂਦਿਆਂ ਹੀ ਮਨੋਹਰਦਾਸ ਨੇ 13-14 ਸਾਲ ਦੀ ਉਮਰ ਵਿਚ ਲਿਖਾਰੀਆਂ ਪਾਸੋਂ ਪੋਥੀ ਲਿਖਵਾਈ।

ਜਿਸ ਪ੍ਰਭਾਵ ਅਤੇ ਚੌਗਿਰਦੇ ਵਿਚ ਮਨੋਹਰਦਾਸ ਪਲ ਰਿਹਾ ਸੀ ਉਸ ਵਿਚ ਕੁਝ ਕਹਿਣ ਦੀ ਰਾਹ ਪੈਦਾ ਹੋ ਜਾਣੀ ਸੁਭਾਵਕ ਹੀ ਸੀ। ਸੋ ਗੁਰੂ ਅਰਜਨ ਸਾਹਿਬ ਦੀ ਬਾਣੀ ਤੋਂ ਪ੍ਰਭਾਵਿਤ ਹੋ ਕੇ, ਮਿਹਰਵਾਨ ਨੇ ਆਪਣੀ ਸੰਪ੍ਰਦਾਇ ਦਾ ਗੁਰੂ ਬਣ ਕੇ 38 ਸਾਲ ਦੀ ਉਮਰ ਵਿਚ ਆਪਣੀ ਕਾਵਿ-ਰਚਨਾ ਰਾਹੀਂ ਰੱਬੀ ਉਸਤੱਤ ਕਹਿਣੀ ਸ਼ੁਰੂ ਕਰ ਦਿੱਤੀ।[23] ਉਨ੍ਹਾਂ

---

20. ਗੋ.ਗੁ.ਮਿ. (ਸੰਪ. ਗੋਵਿੰਦ ਨਾਥ ਰਾਜਗੁਰੂ, ਡਾਕਟਰ), ਪੰਨਾ 175
21. ਉਹੀ, ਪੰਨਾ 178.
22. ਉਹੀ, ਪੰਨਾ 177.
23. ਉਹੀ, ਪੰਨਾ 178.

ਦੇ ਰਚੇ ਹੋਏ ਸਭ ਤੋਂ ਪਹਿਲੇ ਸ਼ਬਦ ਦਾ ਪਤਾ ਹਰਿਜੀ ਦੇ ਇਸ ਕਥਨ ਤੋਂ ਇਉਂ ਲਗਦਾ ਹੈ:

"ਆਦਿ ਹੀ ਜਬ ਬਾਣੀ ਕਾ ਉਚਾਰੁ ਭਇਆ ਤਬ ਪਹਿਲੇ ਹੀ ਏਹੀ ਸ਼ਬਦੁ ਪ੍ਰਕਾਸਿਆ।"[24]

"ਰਾਗ ਮਾਝ ਮਹਲਾ 7"

ਮਨ ਮਹਿ ਪ੍ਰੀਤਿ ਗੁਰ ਦਰਸ਼ਨ ਕੇਰੀ।
ਅਨਦਿਨ ਚਾਹੋ ਸੰਗਤਿ ਤੇਰੀ।
ਸਿਮਰ ਨ ਜਾਪੀ ਪ੍ਰਾਨਿ ਸੁਖ ਦਾਤੇ,
ਹਰਿ ਜਲੁ ਚਾਤ੍ਰਿਕ ਦੀਜੈ ਜੀ॥ ੧ ॥
ਧੰਨ ਸੁ ਦਰਸ਼ਨ ਗੁਰ ਜੀ ਤੇਰਾ।
ਬਾਰਿ ਬਾਰਿ ਜਾਵਾਂ ਲਖ ਫੇਰਾ।
ਅਨਹਦ ਬਾਣੀ ਸਦਾ ਧੁਨ ਤੇਰੀ,
ਗੁਰੂ ਸਬਦੀ ਮਨੁ ਭੀਜੈ ਜੀ॥ 2 ॥
ਪਲੁ ਭਰ ਮੁਝ ਬਿਨ ਰਹਿਓ ਨ ਜਾਤਾ।
ਅਬ ਕਬ ਦੇਖੋਂ ਦਰਸ਼ਨ ਗੁਰ ਮਾਤਾ।
ਨਿਸ ਦਿਨ ਟਿਕੇ ਨਾਂ ਮਨੁ ਤੁਝ ਬਿਨ,
ਚਰਣ ਕਮਲ ਲਾਗਿ ਲਾਜੈ ਜੀ॥ 3 ॥
ਖੇਲ ਕੀਆ ਸਚਖੰਡ ਸਿਧਾਰੇ।
ਜਿਨ ਜਿਨ ਡਿੱਠਾ ਸੋ ਪਾਰਿ ਉਤਾਰੇ।
ਨਾਨਕ ਦਾਸ ਸਬਦੁ ਗੁਰੂ ਦੀਆ,
ਗੁਰਮੁਖਿ ਅੰਮ੍ਰਿਤ ਪੀਜੈ ਜੀ।। 4 ॥"[25]

---

24. ਮੁਕਾਬਲਾ ਕਰਨ ਤੇ ਸਪੱਸ਼ਟ ਹੈ ਕਿ ਇਹ ਸ਼ਬਦ ਗੁਰੂ ਅਰਜਨ ਦੇਵ ਦੀ ਆਪਣੇ ਗੁਰ-ਪਿਤਾ ਗੁਰੂ ਰਾਮਦਾਸ ਜੀ ਨੂੰ ਲਿਖੀ ਚਿੱਠੀ "ਮਾਝ [illegible]" ਦੇ ਸ਼ਬਦ "ਮੇਰਾ ਮਨ ਲੋਚੈ ਗੁਰ ਦਰਸ਼ਨ ਤਾਈ। ਬਿਲਪ ਕਰੇ ਚਾਤ੍ਰਿਕ ਕੀ ਨਿਆਈ॥" ਦੇ ਆਧਾਰ ਤੇ ਹੀ ਲਿਖਿਆ ਗਿਆ ਹੈ।

25. ਉਹੀ, ਰਚਨਾ, ਪੰਨਾ 180.

ਮਿਹਰਵਾਨ ਨੇ ਇਸ ਤੋਂ ਬਾਅਦ ਕਵਿਤਾ ਤੋਂ ਇਲਾਵਾ, ਭਗਤਾਂ ਅਤੇ ਗੁਰੂਆਂ ਦੀਆਂ ਜੀਵਨੀਆਂ ਤੇ ਉਨ੍ਹਾਂ ਦੀ ਬਾਣੀ ਦੇ ਪਰਮਾਰਥ ਪੇਸ਼ ਕਰਨ ਦੇ ਉਦੇਸ਼ ਨਾਲ ਪਹਿਲਾਂ 'ਗੋਸ਼ਟਾਂ ਕਬੀਰ ਜੀ ਕੀਆਂ' ਅਤੇ ਫਿਰ 'ਗੋਸ਼ਟਾਂ ਗੁਰੂ ਨਾਨਕ ਦੇਵ ਜੀ ਕੀਆਂ' ਆਦਿ ਗੱਦ ਕਿਰਤਾਂ ਰਚੀਆਂ।

## 8. ਮੀਣਾ ਸੰਪ੍ਰਦਾਇ ਦਾ ਗੱਦੀ - ਪ੍ਰਾਪਤੀ:

ਗੁਰੂ ਘਰ ਵਿਚ ਆਰੰਭ ਤੋਂ ਹੀ ਗੁਰ ਗੱਦੀ ਦਾ ਵਾਰਿਸ, ਪ੍ਰਚੱਲਤ ਰੀਤ ਤੇ ਪਰੰਪਰਾ ਅਨੁਸਾਰ ਲਾਜ਼ਮੀ ਤੌਰ ਤੇ ਪੁੱਤਰ ਨਹੀਂ ਨਹੀਂ ਮੰਨਿਆ ਗਿਆ। ਗੁਰੂ ਨਾਨਕ ਸਾਹਿਬ ਨੇ ਖੁਦ ਕੇਵਲ ਯੋਗਤਾ ਅਤੇ ਭਗਤੀ ਭਾਵਨਾ ਨੂੰ ਮੁੱਖ ਰਖਦਿਆਂ ਆਪਣੀ ਗੱਦੀ ਦਾ ਵਾਰਿਸ ਆਪਣੇ ਪੁੱਤਰਾਂ ਨੂੰ ਛੱਡ ਕੇ ਆਪਣੇ ਇਕਅਨਿੰਨ ਸਿੱਖ ਭਾਈ ਲਹਿਣਾ (ਮਗਰੋਂ ਗੁਰੂ ਅੰਗਦ ਜੀ) ਨੂੰ ਹੀ ਥਾਪਿਆ ਸੀ। ਇਸ ਤਰ੍ਹਾਂ ਉੱਤਰਅਧਿਕਾਰਤਾ ਦਾ ਸੁਆਲ ਉਦੋਂ ਹੀ ਖ਼ਤਮ ਹੋ ਜਾਣਾ ਚਾਹੀਦਾ ਸੀ, ਪਰ ਅਜਿਹਾ ਹੋ ਨਾ ਸਕਿਆ। ਗੁਰਗੱਦੀ ਲਈ ਅਯੋਗ ਸਮਝੇ ਗਏ ਗੁਰੂਘਰ ਦੇ ਜੰਮ-ਪਲ ਉਮੀਦਵਾਰ, ਸਮਕਾਲੀ ਹਦਾਇਤਾਂ ਤੋਂ ਪ੍ਰਭਾਵਿਤ ਹੋ ਕੇ ਸਮੇਂ ਸਮੇਂ ਕਾਫ਼ੀ ਵਿਰੋਧ ਕਰਦੇ ਰਹੇ। ਪਰੰਤੂ ਇਹ ਵਿਰੋਧ ਉਦੋਂ ਤਾਂ ਆਪਣੇ ਸਿਖਰ ਤੇ ਹੀ ਅਪੜ ਗਿਆ, ਜਦੋਂ ਗੁਰੂ ਰਾਮਦਾਸ ਜੀ ਨੇ ਆਪਣੇ ਵੱਡੇ ਪੁੱਤਰ, ਪ੍ਰਿਥੀ ਚੰਦ ਦੀ ਥਾਂ ਆਪਣੇ ਸਭ ਤੋਂ ਛੋਟੇ ਸਪੁੱਤਰ, ਸ੍ਰੀ ਅਰਜਨ ਦੇਵ, ਨੂੰ ਵਧੇਰੇ ਯੋਗ ਸਮਝ ਕੇ ਗੁਰਗੱਦੀ ਉਤੇ ਬਿਰਾਜਮਾਨ ਕੀਤਾ। ਇਸੇ ਕਾਰਨ ਪ੍ਰਿਥੀ ਚੰਦ ਸਾਰੀ ਉਮਰ ਗੁਰਗੱਦੀ ਦੀ ਪ੍ਰਾਪਤੀ ਲਈ ਯੋਗ, ਅਯੋਗ ਯਤਨ ਕਰਦਾ ਰਿਹਾ।

ਪ੍ਰਿਥੀ ਚੰਦ ਦੇ ਗੁਰੂ ਘਰ ਪ੍ਰਤਿ ਹੋਏ ਵਿਰੋਧ ਅਤੇ ਆਪਣੀ ਵੱਖਰੀ ਸੰਪ੍ਰਦਾਇ ਚਲਾਉਣ ਦੇ ਯਤਨਾਂ ਸਦਕਾ, ਉਸ ਨੂੰ ਮੀਣਾ ਕਿਹਾ ਜਾਣ ਲਗਾ। ਭਾਈ ਗੁਰਦਾਸ ਨੇ ਆਪਣੀਆਂ ਵਾਰਾਂ ਵਿਚ ਮੀਣਾ ਪਦ ਦੀ ਵਰਤੋਂ ਕਰਦਿਆਂ ਉਸ ਦੀ ਸਖ਼ਤ ਸ਼ਬਦਾਂ ਵਿਚ ਇਉਂ ਆਲੋਚਨਾ ਕੀਤੀ:

> 'ਸਤਿਗੁਰ ਸਚਾ ਪਾਤਸ਼ਾਹੁ ਮੁਹੁ ਕਾਲੈ ਮੀਣਾ।'[26]
> 'ਤਿਉਂ ਦਰਗਹ ਮੀਣਾ ਮਾਰੀਐ ਕਰਿ ਕੂੜੁ ਕੁਪਤਾ।'[27]
> 'ਖੋਟੀ ਸੰਗਤਿ ਮੀਣਿਆਂ ਦੁਖ ਦੇਂਦਾ ਮਿਠੈ।'[28]
> 'ਰਲੈ ਜੁ ਸੰਗਤਿ ਮੀਣਿਆਂ ਉਠਿ ਚਲੈ ਨਿਰਾਸਾ।'[29]

26. ਵਾਰ 36, ਪਉੜੀ, 1.
27. ਉਹੀ, ਪਾਉੜੀ, 2.
28. ਉਹੀ, ਪਉੜੀ, 5.
29. ਉਹੀ, ਪਉੜੀ, 7.

ਹਰਿਜੀ ਅਨੁਸਾਰ ਤਾਂ ਗੁਰੂ ਅਰਜਨ ਦੇਵ ਨੇ ਸੰਮਤ 1663 ਬਿ: ਵਿਚ ਸਚਖੰਡ ਸਿਧਾਰਨ ਤੋਂ ਪਹਿਲਾਂ ਗੁਰਗੱਦੀ ਪ੍ਰਿਥੀ ਚੰਦ ਨੂੰ ਦਿੱਤੀ ਸੀ। ਪਰੰਤੂ ਭਾਈ ਦਰਬਾਰੀ ਅਨੁਸਾਰ ਦੋ ਟਿੱਕੇ: ਪ੍ਰਿਥੀ ਚੰਦ ਤੇ ਹਰਗੋਬਿੰਦ ਜੀ, ਥਾਪੇ।[30] ਗੁਰੂ ਅਰਜਨ ਦੇਵ ਜੀ ਤੋਂ ਬਾਅਦ 12 ਸਾਲ ਤੱਕ ਪ੍ਰਿਥੀ ਚੰਦ ਨੇ ਗੁਰਗੱਦੀ ਸੰਭਾਲੀ ਅਤੇ "ਸੰਮਤ 1676 ਵੈਸਾਖ ਸੁਦੀ 12 ਦੁਆਦਸੀ ਕੇ ਦਿਨ ਪਹਿਲੇ ਹੀ ਏਕੁ ਦਿਨੁ ਗੁਰੂ ਮਿਹਰਵਾਨ ਜੀ ਕਉ ਬੁਲਾਇ ਕਰਿ ਆਪਣੀ ਹਥੀ ਤਿਲਕ ਲਗਾਇਆ ਅਰ ਆਪਣੀ ਪਗ ਗੁਰੂ ਮਿਹਰਵਾਨ ਜੀ ਕੇ ਸਿਰਿ ਬਾਧੀ। ਪੋਥੀ ਮਾਲਾ ਹਾਥਿ ਦੀਨੀ ਸੰਗਤਿ ਅਰ ਸਭ ਡੇਰੇ ਅਰੁ ਸਮਸਤਿ ਪਰਵਾਰੁ ਗੁਰੂ ਮਿਹਰਵਾਨ ਜੀ ਕੇ ਪੈਰੀ ਪਾਇਆ। ਤਬ ਗੁਰੂ ਮਿਹਰਵਾਨ ਕਉ ਆਪਣੇ ਕੰਠ ਲਗਾਇ ਕਰਿ ਵਿਦਾ ਕੀਆ। ਤਬ ਆਪਿ ਹਠੀਆ[31] (ਹੇਹਰੀ) ਆਇਕੇ ਸਚੇ ਖੰਡ ਕਉ ਸਿਧਾਰੇ।"[32]

ਇਸ ਮੀਣਾ ਸੰਪ੍ਰਦਾਇਕ ਦੀ ਗੱਦੀ-ਪ੍ਰਾਪਤੀ ਤੋਂ ਬਾਅਦ, ਮਿਹਰਵਾਨ ਆਪਣੀ ਸੰਪ੍ਰਦਾਇ ਦੇ ਆਗੂ ਅਤੇ ਪਰਮੇਸ਼ੁਰ ਭਗਤੀ ਵਾਲਾ ਜੀਵਨ ਬਿਤਾਉਣ ਲੱਗਾ। ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਨਾ, ਮਾਲਾ ਫੇਰਨੀ, 'ਜਪ' ਪੜ੍ਹਨਾ, ਪੋਥੀ ਦਾ ਪਾਠ ਕਰਨਾ, ਕੀਰਤਨ ਕਰਨਾ ਅਤੇ ਸੰਗਤਾਂ ਨੂੰ ਗੁਰੂ ਸਾਹਿਬਾਂ ਦੀ ਬਾਣੀ ਦੇ ਪਰਮਾਰਥ ਦਸ ਕੇ ਨਿਹਾਲ ਕਰਨਾ, ਉਸ ਦਾ ਨਿੱਤ ਦਾ ਜੀਵਨ ਕਰਮ ਬਣ ਗਿਆ।

---

ਮੀਣਾ ਸੰਪ੍ਰਦਾਇ ਦੀਆਂ ਹੋਰਨਾਂ ਹੱਥ ਲਿਖਤਾਂ ਵਿਚ ਵੀ ਇਸ ਦਾ ਜ਼ਿਕਰ ਇਉਂ ਮਿਲਦਾ ਹੈ:-

30. (ੳ) "ਗੁਰੂ ਸਾਹਿਬ (ਪ੍ਰਿਥੀਚੰਦ) ਆਪਨੇ ਅੰਗ ਲਗਾਇਆ:
ਗੁਰੂ ਅਮਰਦਾਸ ਕਾ ਬਚਨ ਪੁਗਾਇਆ:
ਪੋਥੀ ਮਾਲਾ ਕਰੀ ਹਵਾਲੈ, ਸਿਰ ਅਪਨੀ ਪਾਗ ਬਧਾਈ ਜੀ ॥6॥
ਸੰਮਤ ਸੋਲਾਂ ਸੈ ਤ੍ਰੇਹਠ ਕੀਆ ਪਿਆਨਾ, ਜੇਠ ਸੁਦੀ ਦਿਨ ਚੌਥ ਚਨਾਨਾ।
ਗੁਰੂ ਸਾਹਿਬ(ਪ੍ਰਿਥੀਚੰਦ) ਹਰਿ ਗੋਬਿੰਦ ਦੋਇ ਟਿੱਕੇ, ਆਪ ਜੋਤੀ ਜੋਤ ਸਮਾਇ ਜੀ ॥7॥
ਨਾਨਕ ਪੀਖੀ ਜਨ ਦਰਬਾਰੀ ਸਤਿਗੁਰ ਅਰਜਨ ਸਰਨ ਤੁਮਾਰੀ। ਰਾਖ ਲੇਹੁ ਪ੍ਰਭ ਅਬ ਕੀ ਬਾਰੀ ਬਹੁੜ ਨ ਆਵੈ ਜਾਣੀ ਜੀ। ਗੁਰੂ ਪ੍ਰਿਥ ਚੰਦ ਗੁਰ ਬੰਸਾਵਲੀ' ਨਿੱਜੀ ਪੁਸਤਕਾਲਯ, ਡਾ. ਗੰਡਾ ਸਿੰਘ, ਪਟਿਆਲਾ, ਪੰਨਾ 7
(ਅ) "ਅਰਜਨੋ ਦੇਵ ਜਬ ਭਗਤਿ ਪੂਰਨ ਕਰੀ, ਸੋ ਪਾਇ ਹਰਿ ਭਗਤਿ ਆਏ॥
..........................................................
ਬਰਸ ਚਉਬੀਸ ਨਉ ਮਾਹਿ ਦਿਨ ਏਕੁ ਹੀ ਤਾਤ ਗੁਰ ਪਾਇ ਹਰਿ ਭਗਤਿ ਕੀਨੀ।
ਮਾਲਾ ਪੋਥੀ ਦਈ ਸ੍ਰੀ ਸਾਹਿਬ ਗੁਰੂ, ਮੰਤ੍ਰ ਦੇ ਕਲਸ ਕਰ ਥਾਪਿ ਦੀਨੀ ॥46॥"
-ਪੋਥੀ ਸਾਹਿਬ, ਹ. ਲਿ. ਨੰ: 598, ਗੁ. ਨਾ. ਪ. ਲਾ. ਅੰਮ੍ਰਿ. ਪੰ:76
ਪਰ ਇਹ ਇਤਿਹਾਸਕ ਸੱਚਾਈ ਨਹੀਂ। ਅਸਲ ਵਿਚ ਪ੍ਰਿਥੀਚੰਦ ਤੋਂ ਮਗਰੋਂ ਉਸ ਦੀ ਉਲਾਦ ਨੇ ਮੀਣਾ ਸੰਪ੍ਰਦਾਇ ਦੀ ਹੀ ਗੱਦੀ ਕਾਇਮ ਕੀਤੀ।

31. ਇਥੇ 'ਹੇਹਰਾਂ' ਨੂੰ ਹੀ 'ਹਠੀਆ' ਲਿਖਿਆ ਹੋਇਆ ਹੈ ਜਦ ਕਿ ਹੋਰ ਸਭ ਥਾਈਂ ਠੀਕ 'ਹੇਹਰਾਂ' ਹੀ ਅੰਕਿਤ ਹੈ।

32. (ੳ) ਹਰਜੀ, ਗੋ. ਗੁ. ਮਿ., ਹੱਥ ਲਿ: ਨੰ: 2527, ਸੈ. ਪ. ਲਾ. ਪਟਿ., ਪੰਨਾ 63 (ਅ)

ਇਸੇ ਜਤਨ ਵਿਚੋਂ ਉਹ ਸਭ ਗੋਸ਼ਟਾਂ ਨਿਕਲੀਆਂ ਜੋ ਉਸ ਤੇ ਉਸ ਦੇ ਵੀਰਜਾਂ ਦੇ ਨਾਂ ਤੇ ਸਾਡੇ ਕੋਲ ਪਹੁੰਚੀਆਂ ਹਨ, ਪਰੰਤੂ ਇਸ ਬਾਰੇ ਚਰਚਾ ਅਸੀਂ ਅਗੇ ਚਲ ਕੇ ਕਰਾਂਗੇ।

ਅਸਲ ਵਿਚ ਗੁਰੂ ਅਰਜਨ ਸਾਹਿਬ ਦੇ ਜੋਤੀ ਜੋਤ ਸਮਾਉਣ ਤੇ 1606 ਈ: ਵਿਚ ਗੁਰੂ ਹਰਿਗੋਬਿੰਦ ਸਾਹਿਬ ਗੁਰਗੱਦੀ ਉਤੇ ਬਿਰਾਜੇ ਸਨ। ਉਨ੍ਹਾਂ ਨੇ ਬਦਲ ਰਹੇ ਹਾਲਾਤ ਨਾਲ ਨਜਿੱਠਣ ਲਈ ਸਿੱਖ ਰਹੁਰੀਤਾਂ ਵਿਚ ਪਰਿਵਰਤਨ ਲਿਆ ਕੇ, ਸੰਤ ਸਿਪਾਹੀਆਂ ਵਾਲਾ ਜੀਵਨ ਅਪਣਾ ਲਿਆ। ਆਪਣੇ ਸਿੱਖਾਂ ਸੇਵਕਾਂ ਨੂੰ ਨਾਮ ਸਿਮਰਣ, ਦੇ ਨਾਲ ਨਾਲ, ਜ਼ੁਲਮ ਤੇ ਜਬਰ ਦਾ ਟਾਕਰਾ ਕਰਨ ਲਈ ਵੀ ਤਿਆਰ ਕਰਨਾ ਸ਼ੁਰੂ ਕਰ ਦਿੱਤਾ। ਇਉਂ, ਉਨ੍ਹਾਂ ਨੇ ਸ਼ਸਤਰ-ਵਿੱਦਿਆ, ਘੋੜ ਸਵਾਰੀ ਅਤੇ ਸ਼ਿਕਾਰ ਆਦਿ ਨੂੰ ਅਪਣਾ ਕੇ ਮੁਗਲਾਂ ਦੇ ਸ਼ਾਹੀ ਠਾਠ ਦੇ ਮੁਕਾਬਲੇ ਵਿਚ 1609 ਈ: ਨੂੰ ਅਕਾਲ ਤਖ਼ਤ ਬਣਾਇਆ। ਅਜਿਹੀਆਂ ਤਬਦੀਲੀਆਂ ਤੇ ਤਜਰਬਿਆਂ ਨੇ ਪਿਛਾਂਹ-ਖਿਚੂ ਸਿੱਖਾਂ ਦੇ ਮਨ ਵਿਚ ਹੈਰਾਨੀ ਅਤੇ ਸ਼ੰਕੇ ਪੈਦਾ ਕਰ ਦਿੱਤੇ, ਜਿਨ੍ਹਾਂ ਦਾ ਜ਼ਿਕਰ ਭਾਈ ਗੁਰਦਾਸ ਨੇ ਵੀ ਆਪਣੀਆਂ ਵਾਰਾਂ ਵਿਚ ਕੀਤਾ ਹੈ।[33]

ਸੋ ਅਜਿਹੀ ਅਵਸਥਾ ਵਿਚ ਗੁਰੂ ਹਰਿਗੋਬਿੰਦ ਦੇ ਯੁੱਧਕਾਰੀ ਜੀਵਨ ਤੋਂ ਤ੍ਰਹ ਕੇ ਕੁਝ ਲੋਕਾਂ ਦਾ ਗੁਰੂ ਘਰ ਨਾਲੋਂ ਟੁੱਟ ਕੇ ਮਿਹਰਵਾਨ ਨਾਲ ਜੁੜ ਜਾਣਾ ਵੀ ਸੁਭਾਵਕ ਹੀ ਸੀ।

---

32ਕ (ਅ) "ਸੋਲਹ ਸਹ ਛਿਹਤਰ ਸੰਮਤ ਜੋ ਭਏ॥ ਮੇਖ ਦੁਤੀ ਤਿਥ ਦੁਆਦਸ ਪੂਰਨ ਦਿਨ ਗਏ॥... ਮਿਹਰਵਾਨ ਗੁਰ ਪਾਗ ਆਪ ਲੇਇ ਸਿਰਿ ਧਰੀ॥ ਮਾਥੇ ਤਿਲਕ ਲਗਾਏ ਜੋਤਿ ਪੂਰਨ ਕਰੀ॥ ਪੋਥੀ ਮਾਲਾ ਪਾਇ ਪ੍ਰਿਸਟਿ ਥਾਪੀ ਦਈ॥ ਦਯੋ ਮੰਤ੍ਰ ਗੁਰ ਕਾ [illegible] ਦਰਾ ਸਤਿਗੁਰ ਭਈ॥" 'ਪੋਥੀ ਸਾਹਿਬ' ਹ. ਲਿ. ਨੰ: 598 ਗੁ. ਨਾ. ਦੂ. ਲਾ. ਅੰਮ੍ਰਿ. ਪੰਨਾ 87 ਅ.

33. "ਧਰਮਸਾਲ ਕਰਿ ਬਹੀਦਾ, ਇਕਤ ਥਾਂ ਨ ਟਿਕੈ ਟਿਕਾਇਆ।
ਪਾਤਸ਼ਾਹ ਘਰਿ ਆਵਦੇ, ਗੜਿ ਚੜਿਆ ਪਾਤਿਸ਼ਾਹ ਚੜਾਇਆ।
ਉਮਤਿ ਮਹਲੁ ਨ ਪਾਵਦੀ, ਨਠਾ ਫਿਰੈ ਨ ਡਰੈ ਡਰਾਇਆ।
ਮੰਜੀ ਬਹਿ ਸੰਤੋਖਦਾ, ਕੁਤੇ ਰਖਿ ਸਿਕਾਰੁ ਖਿਲਾਇਆ।
ਬਾਣੀ ਕਰਿ ਸੁਣਿ ਗਾਂਵਦਾ, ਕਥੈ ਨ ਸੁਣੈ ਨ ਗਾਵਿ ਸੁਣਾਇਆ॥"
-ਗੁਰਦਾਸ, ਭਾਈ, ਵਾਰ 26, ਪਉੜੀ 24.

ਪ੍ਰਿਥੀ ਚੰਦ ਅਤੇ ਚੰਦੂ ਵਰਗੇ ਵਿਰੋਧੀਆਂ ਤੇ ਈਰਖਾਲੂਆਂ ਦੇ ਨਿਰੰਤਰ ਯਤਨਾਂ ਕਾਰਨ ਮੁਗ਼ਲ ਬਾਦਸ਼ਾਹ ਜਹਾਂਗੀਰ ਦੇ ਮਨ ਵਿਚ ਗੁਰਘਰ ਸੰਬੰਧੀ ਸ਼ੰਕੇ ਪੈਦਾ ਹੋ ਗਏ। ਇਨ੍ਹਾਂ ਸ਼ੰਕਿਆਂ ਕਰਕੇ ਹੀ ਬਾਦਸ਼ਾਹ ਦੀ ਧਾਰਮਕ ਕੱਟੜਤਾ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਦਾ ਕਾਰਨ ਬਣੀ। ਪਰ ਇਸ ਤੋਂ ਬਅਦ ਵੀ ਈਰਖਾ ਦੀ ਅੱਗ ਵਿਚ ਸੜ ਰਹੇ ਪ੍ਰਿਥੀਚੰਦ ਅਤੇ ਚੰਦੂ ਸ਼ਾਹ ਆਦਿ ਦੇ ਵਿਰੋਧੀ ਯਤਨਾਂ ਕਾਰਨ ਜਹਾਂਗੀਰ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਬੰਦ ਕਰ ਲਿਆ। ਇਹ ਸਮਾਂ ਸਿੱਖਾਂ ਲਈ ਬੜੇ ਸੰਕਟ ਦਾ ਸਮਾਂ ਸੀ। ਇਸ ਸਮੇਂ ਸਤਿਗੁਰੂ ਦੇ ਖ਼ਾਨਦਾਨ ਵਿਚੋਂ ਕੇਵਲ ਮਿਹਰਵਾਨ ਹੀ ਅਜਿਹੇ ਉਚੇ ਸੁੱਚੇ ਜੀਵਨ ਦੇ ਮਾਲਕ ਸਨ, ਜੋ ਅੰਮ੍ਰਿਤ ਵੇਲੇ ਉੱਠ ਕੇ ਮਾਲਾ ਫੇਰਦੇ, ਦਾਨ ਕਰਦੇ, 'ਜਪੁ' ਪੜ੍ਹਦੇ ਅਤੇ ਸੰਗਤਾਂ ਨੂੰ ਨਿੱਤ ਆਪਣੀ ਮਿੱਠੀ ਰਸਨਾ ਤੋਂ ਕਥਾ ਕੀਰਤਨ ਨਾਲ ਨਿਹਾਲ ਕਰਦੇ ਸਨ। ਸਿੱਖ ਸੰਗਤਾਂ ਦਾ ਗੁਰੂ ਹਰਿਗੋਬਿੰਦ ਸਾਹਿਬ ਦੀ ਗ਼ੈਰਹਾਜ਼ਰੀ ਵਿਚ ਮਿਹਰਵਾਨ ਵਲ ਝੁਕ ਜਾਣਾ ਕੁਦਰਤੀ ਸੀ। ਇਸੇ ਕਰਕੇ ਇਸ ਸਮੇਂ ਇਹ ਆਮ ਪ੍ਰਸਿੱਧ ਹੋ ਗਿਆ ਸੀ ਜਾਂ ਕਰ ਦਿੱਤਾ ਗਿਆ ਸੀ ਕਿ ਮਿਹਰਵਾਨ ਹੀ 'ਗੁਰੂ' ਹਨ। ਇਸੇ ਪ੍ਰਭਾਵ, ਭੁਲੇਖੇ ਜਾਂ ਪ੍ਰਚਾਰ ਅਧੀਨ ਗਣੇਸ਼ ਦਾਸ ਵਡੇਹਰਾ 'ਚਹਾਰ ਬਾਗ਼ੇ ਪੰਜਾਬ' ਵਿਚ ਲਿਖਦਾ ਹੈ ਕਿ: "ਗੁਰੂ ਅਰਜਨ ਦੇਵ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੇ ਕੈਦ ਹੋਣ ਪਿਛੋਂ, ਗੁਰੂ ਅਰਜਨ ਦੇਵ ਜੀ ਦੇ ਭਰਾ ਪ੍ਰਿਥੀ ਚੰਦ ਦਾ ਪੁੱਤਰ ਜਿਸ ਨੂੰ 'ਮਿਹਰਵਾਨ' ਕਹਿੰਦੇ ਸਨ, ਗੁਰਗੱਦੀ ਉਤੇ ਬੈਠਾ ਸੀ।"[34]

ਖ਼ੈਰ ਸੰਪ੍ਰਦਾਇ ਦੀ ਗੱਦੀ ਜ਼ਰੂਰੀ ਅਗੇ ਚਲਦੀ ਰਹੀ। ਇਸ ਦਾ ਸਬੂਤ ਉਸ ਨਾਲ ਸੰਬੰਧਤ ਕੁਝ ਪ੍ਰਾਪਤ 'ਗੁਰਪ੍ਰਾਣੀਆਂ' ਤੋਂ ਵੀ ਮਿਲਦਾ ਹੈ। ਇਸ ਸੰਪ੍ਰਦਾਇ ਦੇ ਹੀ ਇਕ ਮਗਰਲੇ ਗੱਦੀਦਾਰ ਭਾਈ ਦਰਬਾਰੀ ਨੇ ਆਪਣੀ ਸੰਪ੍ਰਦਾਇ ਦੀ ਗੁਰਪ੍ਰਣਾਲੀ ਇਸ ਤਰ੍ਹਾਂ ਦਿੱਤੀ ਹੈ:

ਸ੍ਰੀ ਸਤਿਗੁਰੂ ਬਾਬਾ ਨਾਨਕ, ਜਿਨਿ ਹਰਿ ਮੰਤ੍ਰ ਦਿੜਾਇਆ॥
ਸਤਿਗੁਰ ਅੰਗਦ ਅਮਰਿਦਾਸੁ, ਬੀਜ ਮੰਤ੍ਰ ਦਿੜਾਇਆ॥
ਗੁਰਰਾਮ ਦਾਸ ਗੁਰੂ ਅਰਜਨੋ, ਹਰਿ ਨਾਮੁ ਜਪਾਇਆ॥
ਗੁਰੂ ਸਾਹਿਬ ਗੁਰੂ ਮਿਹਰਵਾਨੁ, ਸਚੁ ਪ੍ਰਗਟਾਇਆ॥
ਗੁਰੂ ਹਰਿਜੀ ਹਰਿ ਨਾਇਣੋ, ਮਾਰਗੁ ਸਚੁ ਬਤਾਇਆ॥

---

34. ਫ਼ਾਰਸੀ ਹੱਥ ਲਿਖਤ ਪੰਜਾਬ ਯੂਨੀਵਰਸਿਟੀ ਲਾਹੌਰ ਪੰਨਾ 52
—ਜ. ਗੁ. ਨਾ, ਭਾਗ ਪਹਿਲਾ ਦੀ ਭੂਮਿਕਾ ਦੇ ਪੰਨਾ 11 ਉਪਰ ਉਧ੍ਰਿਤ।

ਗੁਰੂ ਕਮਲ ਲੈਨੁ ਹਰਿ ਨੰਦ ਗੁਰੂ, ਜਿਨਿ ਮਹਿ ਹਰਿ ਨਾਮ ਸਮਾਇਆ॥
ਸਿਮਰਹੁ ਸ੍ਰੀ ਸਤਿਗੁਰੂ ਅਤੇ ਰਾਮ, ਫਿਰਿ ਲਾਗੈ ਨਹੀਂ ਮਾਇਆ।
ਸਭ ਆਖਹੁ ਨਾਨਕ ਵਾਹੁ ਵਾਹੁ, ਪੈਜ ਰਖਦਾ ਆਇਆ।"[35]

ਇਉਂ ਨਾਸ਼ ਵਿਚ ਰੱਤੀ ਬਹੁਪੱਖੀ ਸ਼ਖ਼ਸੀਅਤ ਕਾਰਨ ਹੀ ਮਿਹਰਵਾਨ ਨੂੰ ਆਪਣੀ ਸੰਪ੍ਰਦਾਇ ਦਾ ਆਗੂ ਬਣਨ ਦਾ ਮਾਣ ਪ੍ਰਾਪਤ ਹੋਇਆ। ਉਸ ਨੇ ਆਪਣੇ ਆਪ ਨੂੰ ਹਮੇਸ਼ਾਂ ਗੁਰੂ ਸਾਹਿਬਾਂ ਦੇ ਭਗਤ ਦੇ ਰੂਪ ਵਿਚ ਹੀ ਪੇਸ਼ ਕੀਤਾ। ਪਰ ਉਸਦੇ ਦੇਹਾਂਤ ਉਪਰੰਤ ਉਹਦੇ ਪੁੱਤਰ ਹਰਿਜੀ ਅਤੇ ਸੇਵਕਾਂ, ਉਪਾਸ਼ਕਾਂ ਨੇ ਹੀ ਉਸਨੂੰ ਕਰਾਮਾਤੀ ਗੁਰੂ ਦੇ ਰੂਪ ਵਿਚ ਚਿੱਤਰਿਆ, ਜਿਵੇਂ ਹਰਿਜੀ ਇਕ ਥਾਂ ਲਿਖਦਾ ਹੈ ਕਿ ਮਿਹਰਵਾਨ "ਸੁੰਦਰ, ਬਲ ਸੁਭਾਈ, ਗਉ ਬ੍ਰਾਹਮਣ ਦਾ ਸੇਵਕ, ਸੀਲਵਾਨ, ਸਤਿਵਾਦੀ ਤੇ ਦਯਾ ਦ੍ਰਿਸ਼ਟ ਹੋਣ ਤੋਂ ਇਲਾਵਾ ਤੇਤੀ ਸ਼ੁਭ ਗੁਣਾਂ ਦਾ ਮਾਲਕ ਅਵਤਾਰੀ ਮਹਾਂਪੁਰਖ ਸੀ।"[36]

ਪ੍ਰਿਥੀ ਚੰਦ ਦੇ ਸਮੇਂ ਅਤੇ ਉਸ ਤੋਂ ਬਾਅਦ ਜਦੋਂ ਵੀ ਮਿਹਰਵਾਨ ਨੂੰ ਆਪਣੇ ਡੇਰੇ ਦੀ ਸੇਵਾ ਸੰਭਾਲ ਤੇ ਕੰਮ ਚਲਾਉਣ ਦਾ ਅਵਸਰ ਮਿਲਿਆ ਤਾਂ ਉਸ ਵਿਚ ਵੀ ਉਹ ਪੂਰੀ ਤਰ੍ਹਾਂ ਸਫ਼ਲ ਰਿਹਾ। ਪ੍ਰਿਥੀ ਚੰਦ ਦੀ ਯਾਦ ਵਿਚ ਡੇਰੇ ਉਸਾਰਨ ਅਤੇ ਬਾਗ਼ ਲੁਆਉਣ ਵਰਗੇ ਕੰਮ ਵੀ ਉਸ ਦੀਆਂ ਕਲਿਆਣਕਾਰੀ ਰੁਚੀਆਂ ਵੱਲ ਸੰਕੇਤ ਕਰਦੇ ਹਨ।[37]

## 9. ਕਾਂਗੜੇ ਅਤੇ ਹੋਰ ਪਹਾੜੀ ਇਲਾਕੇ ਦਾ ਦੌਰਾ:

ਸੋਢੀ ਮਿਹਰਵਾਨ ਨੇ 1628 ਈ: ਦੇ ਕਰੀਬ ਕਾਂਗੜੇ ਆਦਿ ਪਹਾੜੀ ਇਲਾਕੇ ਦਾ ਦੌਰਾ ਕੀਤਾ। ਕਾਂਗੜੇ ਦੇ ਰਾਜੇ ਚੰਦਰਭਾਨ ਦੇ ਮਿਹਰਵਾਨ ਨੂੰ ਮਿਲਣ ਦੇ ਕਥਨ ਤੋਂ ਸਿੱਧ ਹੁੰਦਾ ਹੈ ਕਿ ਉਸ ਨੇ ਇਹ ਦੌਰਾ 1627 ਈ: ਤੋਂ ਪਿਛੋਂ ਹੀ ਕੀਤਾ ਹੋਵੇਗਾ, ਕਿਉਂਕਿ ਰਾਜਾ ਚੰਦਰ ਭਾਨ 1627 ਈ: ਵਿਚ ਤਖ਼ਤ ਤੇ ਬੈਠਾ ਸੀ।[38] ਅਨੁਮਾਨ ਹੈ ਕਿ ਉਹ 1628 ਈ: ਵਿਚ ਪਹਾੜੀ ਇਲਾਕੇ ਨੂੰ ਉਸ ਸਮੇਂ ਗਏ ਜਦੋਂ ਕਿ ਸ੍ਰੀ ਗੁਰੂ ਹਰਿਗੋਬਿੰਦ ਜੀ ਦੀ ਮੁਗ਼ਲ ਸੈਨਾ ਨਾਲ ਪਹਿਲੀ ਲੜਾਈ, ਅੰਮ੍ਰਿਤਸਰ ਵਿਚ ਹੋਈ। ਸੋ ਜਾਪਦਾ ਹੈ ਕਿ ਗੁਰੂ ਘਰ ਦਾ ਮੁਗ਼ਲਾਂ ਨਾਲ ਵਿਰੋਧ ਦੇ ਇਸ ਭਿਆਨਕ ਸਮੇਂ ਹੀ ਮਿਹਰਵਾਨ ਨੇ ਜੰਗਲ ਆਦਿ ਦੇ ਇਲਾਕੇ ਅਤੇ ਪਹਾੜੀ ਰਿਆਸਤਾਂ ਦਾ ਦੌਰਾ ਰੱਖਿਆ ਤਾਂ ਜੋ ਅੰਮ੍ਰਿਤਸਰ ਤੋਂ ਦੂਰ ਰਹਿ ਕੇ ਸਿੱਖੀ ਸੇਵਕੀ

35. 'ਪੋਥੀ ਭਾਈ ਦਰਬਾਰੀ' (ਹਿ: ਲਿ:) ਪੰਨਾ 1, ਇਹ ਵੱਡੇ ਆਕਾਰ ਦੀ ਕਾਵਿ-ਰਚਨਾ ਹੈ ਜੋ ਸਮਾਧ ਭਾਈ ਦਰਬਾਰੀ ਪਿੰਡ ਚੋਟੀਕੇ ਨਜ਼ਦੀਕ ਗੁਰੂ ਤੇਗ ਬਹਾਦੁਰ ਗੜ੍ਹ (ਮੋਗਾ) ਵਿਚ ਸੁਰੱਖਿਅਤ ਹੈ,
36. ਗੋ: ਗੁ. ਮਿ. ਹ. ਲਿ. ਨੰ: 2527 ਸੈ. ਪ. ਲਾ. ਪਟਿ. ਪੰਨਾ 294.
37. ਹਰਿਜੀ ਅਨੁਸਾਰ ਮਿਹਰਵਾਨ ਨੇ ਦੇਹੁਰੇ ਭਾਵ ਹੇਹਰਾਂ ਵਿਚ ਪੱਕਾ ਤਲਾ ਬਣਵਾਇਆ ਅਤੇ ਬਾਗ਼ ਵੀ ਲਵਾਇਆ।

ਦਾ ਪ੍ਰਚਾਰ ਕੀਤਾ ਜਾਏ। ਕਾਂਗੜੇ ਤੋਂ ਇਲਾਵਾ ਚੋਹਰ ਕੁਟਲਹਿੜ ਆਦਿ ਪਹਾੜੀ ਇਲਾਕਿਆਂ ਦੇ ਰਟਨ ਸਮੇਂ ਇੱਥੇ ਦੇ ਰਾਜਾ ਸ਼ਿਆਮਸੈਨ ਅਤੇ ਚੰਦਰਭਾਨ ਨੇ ਆਪ ਦੀ ਬਹੁਤ ਸੇਵਾ ਕੀਤੀ।

ਕੁਝ ਸਮਾਂ ਕਾਂਗੜੇ ਰਹਿ ਕੇ, ਫਿਰ ਆਪ ਮੈਦਾਨੀ ਇਲਾਕੇ ਬੂੜਾਏ ਆ ਗਏ ਅਤੇ ਇਥੋਂ ਗੁਰੂ ਅਮਰਦਾਸ ਜੀ ਦੇ ਚਉਬਾਰੇ ਨੂੰ ਪਰਸਨ ਲਈ ਗੋਇੰਦਵਾਲ ਜਾ ਪਹੁੰਚੇ।[39] ਮਗਰੋਂ ਰੰਜਹਨ ਪਿੰਡ ਵਿਚ ਕੋਈ ਪੰਜ ਸਾਲ ਰਹਿਕ ਚੂਹਿਨੇ ਕਾਲੇ ਤੇ ਫ਼ੀਰੋਜ਼ਪੁਰ ਦੇ ਰਸਤੇ ਮੁਹੰਮਦੀਪੁਰ ਜਾ ਪਹੁੰਚੇ।[40] ਮੁਹੰਮਦੀਪੁਰ ਤਹਿਸੀਲ ਕਸੂਰ ਜ਼ਿਲ੍ਹਾ ਲਾਹੌਰ ਵਿਚ ਹੈ, ਏਥੇ ਉਨ੍ਹਾਂ ਦਾ ਆਪਣਾ ਡੇਰਾ ਸੀ।

## 10. ਸੋਢੀ ਮਿਹਰਵਾਨ ਦਾ ਦੇਹਾਂਤ:

ਗੁਰੂ ਅਰਜਨ ਸਾਹਿਬ ਦੀ ਮਹਾਨ ਸ਼ਖ਼ਸੀਅਤ ਅਤੇ ਆਲੇਦੁਆਲੇ ਦੇ ਪ੍ਰਭਾਵ ਨੇ ਮਿਹਰਵਾਨ ਦਾ ਦਿਲ ਗੁਰਬਾਣੀ ਦੇ ਪਿਆਰ ਵਿਚ ਅਜਿਹਾ ਰੰਗਿਆ ਕਿ ਉਹ ਸਾਰੀ ਉਮਰ ਗੁਰੂ ਸਾਹਿਬਾਂ ਦੀ ਵਿਚਾਰ-ਧਾਰਾ ਦੇ ਪ੍ਰਚਾਰ ਅਤੇ ਪ੍ਰਸਾਰ ਵਿਚ ਲਗੇ ਰਹੇ। ਜੀਵਨ ਦਾ ਬਹੁਤ ਸਮਾਂ ਅੰਮ੍ਰਿਤਸਰ, ਚੋਹਰ ਜਾਂ ਦੇਸ਼ ਭ੍ਰਮਣ ਵਿਚ ਬਤੀਤ ਕਰ ਕੇ ਆਪ ਸੰਮਤ 1696 , ਮਾਘ ਦੀ ਬਸੰਤ ਪੰਚਮੀ/18 ਜਨਵਰੀ, 1640 ਈ:[41] ਨੂੰ 59 ਸਾਲ ਦੀ ਉਮਰ ਭੋਗ ਕੇ ਮੁਹੰਮਦੀਪੁਰ, ਤਹਿਸੀਲ ਕਸੂਰ, ਜ਼ਿਲ੍ਹਾ ਲਾਹੌਰ ਵਿਚ ਅਕਾਲ ਚਲਾਣਾ ਕਰ ਗਏ।[42] ਆਪ ਤੋਂ ਬਾਅਦ ਦੇ ਸਪੁੱਤਰ ਹਰਿਜੀ, ਨੇ ਆਪਣੀ ਸੰਪਰਦਾਇ ਦੀ ਗੱਦੀ

39. ਗੋ. ਗੁ. ਮਿ. ਹ. ਲਿ. ਨੰ: 2527, ਪੰਨਾ 36 ਅ.
40. ਉਹੀ, ਪੰਨਾ 53 ਅ.
41. (ੳ) "ਮਾਘ ਸੁਕਲ ਤਿਥ ਪੰਚਮੀ ਤ੍ਰੀਨ ਲੋਕ ਜੈ ਜੈ ਭਯੋ ॥ ਸੋਲਹ ਸੈ ਸੰਮਤ ਛਿਆਨਵੇ ਗੁਰ ਮਿਹਰਵਾਨ ਹਰਿ ਘਰਿ ਗਯੋ।" (ਪੋਥੀ ਸਾਹਿਬ, ਹ. ਲ. ਲਿ. 598 ਗੁ: ਨਾ: ਸ: ਲਾ: ਅੰਮ੍ਰਿ: ਪੰਨਾ 8)

(ਅ) "ਪੋਥੀ ਮਾਲਾ ਚਲੀ ਹਾਥਿ। ਏਹੁ ਧਨੁ ਮੇਰਾ ਤੇਰੇ ਸਾਥੁ।
ਅਤੁਲ ਖਜਾਨਾ ਖਾਹਿ ਖਾਹਿ। ਜਾਹ ਉਆ ਕਾਲ ਤੇ ਛੂਟੇ ਨਾਹਿ। 14 ॥
ਸੰਮਤ ਸੋਲਹਾ ਸੈ ਛਿਨਵੇ ਭੈਆ। ਰਵਿ ਪ੍ਰਕਾਸ਼ੁ ਉਤਰਾਇਣ ਗੈਆ।
ਸ੍ਰੀ ਬਸੰਤ ਪੰਚਮੀ ਖੇਲਿਆ। ਹਰਿ ਕੁਸਲ ਪੂਛਿ ਗਲਿ ਮੇਲਿਆ। 15 ।
ਸੁਆਤੀ ਨਿਛੱਤ੍ਰ ਪ੍ਰਭ ਸਿਉ ਮਿਲੇ। ਮਾਘ ਸੁਦੀ ਸਨਿ ਦਿਨ ਭਲੇ।
ਘਾਠ ਘੜੀ ਗੋਸਟਿ ਕਰਿ। ਮਹਲੀਨ ਭਏ ਨਾਂਵੀ ਘਰੀ। 16 ॥" (ਉਹੀ, ਪੰਨਾ, 112)

42. ਪਰ ਗਿਆਨੀ ਗਰਜਾ ਸਿੰਘ ਦੇ ਇਕ ਪੱਤਰ ਅਨੁਸਾਰ ਸੋਢੀ ਮਿਹਰਵਾਨ ਦਾ ਦੇਹਾਂਤ ਅੰਮ੍ਰਿਤਸਰ ਵਿਚ ਹੋਇਆ। ਸੋਢੀ ਮਿਹਰਵਾਨ ਅਤੇ ਸੋਢੀ ਹਰਿਜੀ ਤੋਂ ਇਲਾਵਾ ਹੋਰ ਕਈ ਇਤਿਹਾਸਕ ਸਮਾਧਾਂ ਬਾਬਾ ਅੱਟਲ ਸਾਹਿਬ ਦੇ ਅਹਾਤੇ ਵਿਚ ਸਨ ਜਿਨ੍ਹਾਂ ਨੂੰ ਪਹਿਲੀ ਦਸੰਬਰ 1920 ਈ: ਨੂੰ ਜਥੇਦਾਰ ਕਰਤਾਰ ਸਿੰਘ 'ਝੱਬਰ' ਅਤੇ ਉਸ ਦੇ ਸਾਥੀਆਂ ਨੇ ਗਿਰਾ ਦਿੱਤਾ ਸੀ। ਸ੍ਰ: ਸ਼ਮਸ਼ੇਰ ਸਿੰਘ ਅਸ਼ੋਕ ਅਨੁਸਾਰ ਦੇਹਾਂਤ ਚੋਹਰ (ਲਾਹੌਰ) ਵਿਚ ਹੋਇਆ ਜਿਥੇ ਕਿ ਉਨ੍ਹਾਂ ਦੀ ਸਮਾਧ ਬਣੀ ਹੋਈ ਹੈ। (ਸੋਢੀ ਮਿਹਰਵਾਨ ਜੀਵਨ ਤੇ ਸਾਹਿਤ, ਪੰਨਾ 95) ਪਰ ਸਾਡੇ ਵਿਚਾਰ ਅਨੁਸਾਰ ਉਨ੍ਹਾਂ ਦਾ ਦੇਹਾਂਤ ਮੁਹੰਮਦਪੁਰ ਹੋਣਾ ਜ਼ਿਆਦਾ ਭਰੋਸੋਯੋਗ ਲਗਦਾ ਹੈ ਕਿਉਂਕਿ ਏਥੇ ਉਨ੍ਹਾਂ ਦਾ ਡੇਰਾ ਸੀ ਜਿਸ ਵਿਚ ਉਹ ਆਪਣਾ ਆਖ਼ਰੀ ਸਮਾਂ ਬਹੁਤੀ ਦੇਰ ਰਹੇ। ਨਾਲੇ ਹਰਿਜੀ ਰਚਿਤ 'ਗੋਸ਼ਟਿ ਗੁਰ ਮਿਹਰਵਾਨ' ਵੀ ਇਸੇ ਤਥ ਦੀ ਸ਼ਾਖ ਭਰਦੀ ਹੈ।

ਸੰਭਾਲੀ।[43]

ਸੋਢੀ ਮਿਹਰਵਾਨ ਦੇ ਦੇਹਾਂਤ ਤੋਂ ਬਾਅਦ ਸੰਮਤ 1753 ਬਿ:/1696 ਈ.[44] ਤਕ, ਦੇ ਲੰਮੇ ਅਰਸੇ ਤਕ ਹਰਿਜੀ ਨੇ ਸ੍ਰੀ ਹਰਮਿੰਦਰ ਸਾਹਿਬ ਦੀ ਸੇਵਾ-ਸੰਭਾਲ ਦਾ ਕੰਮ ਕੀਤਾ। ਇਸ ਸਮੇਂ ਤੱਕ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰਗੱਦੀ ਉੱਤੇ ਬੈਠਿਆਂ 21 ਸਾਲ ਹੋ ਚੁੱਕੇ ਸਨ। ਸਿੱਖ ਇਤਿਹਾਸ ਅਨੁਸਾਰ ਗੁਰੂ ਜੀ ਨੂੰ ਹਰਿਜੀ ਵਿਰੁੱਧ ਕੋਈ ਸ਼ਿਕਾਇਤ ਨਹੀਂ ਸੀ ਆਈ ਅਤੇ ਨਾ ਹੀ ਉਨ੍ਹਾਂ ਸ੍ਰੀ ਅੰਮ੍ਰਿਤਸਰ ਦੀ ਸੰਭਾਲ ਦੀ ਕੋਈ ਚਿੰਤਾ ਕੀਤੀ ਸੀ।

---

43. (ੳ) ਮਿਹਰਵਾਨ ਦੇ ਤਿੰਨ ਪੁੱਤਰ ਹੋਏ:

1. ਕ੍ਰਿਸ਼ਨ ਮਲ, ਅਥਵਾ ਕਰਨ ਮੱਲ। 2. ਹਰਿਜੀ: ਅਤੇ
3. ਚਤੁਰਭੁਜ ਜਾਂ ਚਤੁਰਭੋਜ।

ਕੰਨਿੰਘਮ (CANNINGHAM) ਅਨੁਸਾਰ ਮਿਹਰਵਾਨ ਦੀ ਵੰਸ਼ ਪਰੰਪਰਾ ਇਸ ਪ੍ਰਕਾਰ ਹੈ:

ਗੁਰੂ ਰਾਮ ਦਾਸ = ਪ੍ਰਿਥੀ ਚੰਦ = ਮਨੋਹਰਦਾਸ (ਮਿਹਰਵਾਨ

| | | |
|---|---|---|
| ਕੂੜਮਲ | ਹਰਿਜੀ | ਚਤੁਰਭੁਜ |
| (ਵੰਸ਼ ਬਟਾਲਾ ਪੰਜਾਬ ਵਿਚ ਵਸਦੀ ਹੈ) | ਹਰਿਗੋਪਾਲ<br>ਗੁਰਦਿਤ<br>(ਵੰਸ਼ ਗੁਰੂ ਹਰਿ ਸਹਾਇ ਵਿਚ ਵਸਦਾ ਹੈ) | ਇਸ ਦੀ ਵੰਸ਼ ਕੋਰਾਂਵਾਲ (ਸਰਹੰਦ ਵਿਚ ਵਸਦੀ ਹੈ) |

(ਹਿਸਟਰੀ ਆਫ਼ ਦੀ ਸਿੱਖਸ, 1918, ਪੰਨਾ 378).

(ਅ) "ਸੋਲਾ ਸੈ ਛਿਆਨਵੇਂ ਬਰਖ ਕੇ ਭੀਤਰੇ ਮਾਲਾ ਪੋਥੀ ਗਲੇ ਮਾਹਿ ਪਾਯੋ॥"
ਤਖਤਿ ਬੈਠਾਇ ਹਰਿਜੀ ਗੁਰੂ ਥਾਪਿਓ, ਸਿਖ ਸੰਗਤ ਚਰਨ ਲਾਯੋ॥"
('ਪੋਥੀ ਸਾਹਿਬ' ਹ.ਲ.ਨੰ: 598, ਗੁ.ਨਾ.ਯੂ.ਲਾ.ਅੰਮ੍ਰਿ., ਪੰਨਾ 103)

44. ਸੇਵਾ ਸਿੰਘ ਕਵੀ, 'ਸ਼ਹੀਦ ਬਿਲਾਸ' (ਸੰਪ: ਗਰਜਾ ਸਿੰਘ, ਗਿਆਨੀ), ਪੰਨਾ 69.

. . .

# ਅਧਿਆਇ 2

***********

## "ਸੋਢੀ ਮਿਹਰਵਾਨ ਦੀਆਂ ਸਮਕਾਲੀ ਪਰਿਸਥਿਤੀਆਂ"

1. ਰਾਜਨੀਤਕ
2. ਸਮਾਜਕ
3. ਧਾਰਮਕ
4. ਸਾਹਿੱਤਕ

ਮਨੁੱਖੀ ਜੀਵਨ ਦਾ ਆਪਣੇ ਆਲੇ-ਦੁਆਲੇ ਅਤੇ ਸਮਕਾਲੀ ਪਰਿਸਥਿਤੀਆਂ ਅਨੁਸਾਰ ਢਲਣਾ ਕੇਵਲ ਸੁਭਾਵਕ ਹੀ ਨਹੀਂ, ਸਗੋਂ ਜ਼ਰੂਰੀ ਵੀ ਹੈ। ਹਰ ਕਾਲ ਦੀਆਂ ਰਾਜਨੀਤਕ, ਸਮਾਜਕ ਅਤੇ ਧਾਰਮਕ ਪਰਿਸਥਿਤੀਆਂ ਜੀਵਨ ਉੱਤੇ ਡੂੰਘਾ ਪ੍ਰਭਾਵ ਪਾਉਂਦੀਆਂ ਹਨ।

ਧਰਮ ਤਾਂ ਆਦਿ-ਜੁਗਾਦਿ ਤੋਂ ਹੀ ਮਨੁੱਖੀ ਜੀਵਨ ਦਾ ਇਕ ਅਜਿਹਾ ਅਟੁੱਟ ਅੰਗ ਬਣਿਆ ਰਿਹਾ ਹੈ ਜੋ ਹਰ ਕਾਲ ਵਿਚ ਕਿਸੇ-ਨਾ-ਕਿਸੇ ਰੂਪ ਵਿਚ ਪ੍ਰਫੁੱਲਤ ਹੁੰਦਾ ਰਿਹਾ ਹੈ। ਧਰਮ ਦੇ ਪ੍ਰਭਾਵ ਸਦਕੇ ਤਾਂ ਅਨੇਕਾਂ ਕੌਮਾਂ ਅਤੇ ਦੇਸ਼ਾਂ ਦੇ ਰਾਜਨੀਤਕ ਤੇ ਸਮਾਜਕ ਜੀਵਨ ਵਿਚ ਅਨੇਕਾਂ ਪਰਿਵਰਤਨ ਆਉਂਦੇ ਰਹੇ ਹਨ। ਦੁਨੀਆਂ ਦੀਆਂ ਬਹੁਤੀਆਂ ਭਾਸ਼ਾਵਾਂ ਦਾ ਮੁੱਢਲਾ ਸਾਹਿੱਤ ਵੀ ਧਰਮ ਦੁਆਲੇ ਹੀ ਉਪਜਿਆ ਅਤੇ ਪ੍ਰਫੁੱਲਤ ਹੋਇਆ ਹੈ।

ਇਹ ਤਾਂ ਸਪਸ਼ਟ ਹੈ ਕਿ ਜੀਵਨ ਹੀ ਸਾਹਿੱਤ ਦਾ ਨਿਰਮਾਤਾ ਹੈ ਅਤੇ ਸਾਹਿੱਤ ਉਹ ਦਰਪਨ ਹੈ ਜੋ ਆਪਣੀਆਂ ਕਲਾ-ਕ੍ਰਿਤੀਆਂ ਰਾਹੀਂ ਜੀਵਨ ਦੀ ਤਸਵੀਰ ਪੇਸ਼ ਕਰਦਿਆਂ ਹਰ ਪੱਖ ਇਸ ਦੀ ਅਗਵਾਈ ਵੀ ਕਰਦਾ ਹੈ। ਇਸ ਲਈ ਕਿਸੇ ਵੀ ਕਾਲ ਵਿਚ ਪੈਦਾ ਹੋਏ ਕਿਸੇ ਸਾਹਿੱਤਕਾਰ ਦੀਆਂ ਸਾਹਿੱਤਕ ਰਚਨਾਵਾਂ ਨੂੰ ਸਮਝਣ ਅਤੇ ਪਰਖਣ ਲਈ ਉਸ ਸਮੇਂ ਦੀਆਂ ਰਾਜਨੀਤਕ, ਸਮਾਜਕ, ਧਾਰਮਕ ਤੇ ਸਾਹਿੱਤਕ ਪਰਿਸਥਿਤੀਆਂ ਦਾ ਅਧਿਐਨ ਬਹੁਤ ਮਹੱਤ੍ਵਪੂਰਣ ਹੈ।

ਮਿਹਰਵਾਨ ਦੀ ਹਾਲਤ ਵਿਚ ਵੀ ਇਹ ਅਧਿਐਨ ਉਸ ਦੇ ਸਾਹਿੱਤਕ ਯਤਨਾਂ ਨੂੰ ਸਮਝਣ ਵਿਚ ਸਹਾਈ ਹੋ ਸਕਦਾ ਹੈ। ਇਸ ਲਈ ਇਸ ਕਾਲ ਦੀਆਂ ਰਾਜਨੀਤਕ, ਸਮਾਜਕ ਤੇ ਧਾਰਮਿਕ ਪਰਿਸਥਿਤੀਆਂ ਦਾ ਕੁਝ ਜਾਇਜ਼ਾ ਲੈਣਾ ਬਣਦਾ ਹੈ।

1. <u>ਰਾਜਨੀਤਕ ਸਥਿਤੀ</u>:

ਮਿਹਰਵਾਨ ਦੇ ਜੀਵਨ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਪੰਜਾਬ ਬਾਬਰ ਦੇ ਥੋੜ ਚਿਰੇ ਰਾਜ ਤੇ ਹਮਾਯੂੰ ਦੇ ਉਤਾਰ ਚੜ੍ਹਾ ਵਾਲੇ ਸ਼ਾਸ਼ਨ ਪਿਛੋਂ ਅਕਬਰ ਦੀ ਜਬ੍ਹੇ ਵਾਲੀ ਹਕੂਮਤ ਦਾ ਸੁੱਖ ਮਾਣ ਚੁੱਕਾ ਸੀ। ਇਨਸਾਫ਼ ਪਸੰਦ ਅਤੇ ਫ਼ਰਾਖ-ਦਿਲ ਬਾਦਸ਼ਾਹ ਅਕਬਰ ਨੇ ਹਿੰਦੂਆਂ ਨੂੰ ਮੰਦਰ ਉਸਾਰਨ ਦੀ ਖੁੱਲ ਦੇ ਕੇ, ਧਾਰਮਕ ਨਿਰਪੱਖਤਾ ਦਾ ਸਬੂਤ ਦਿੱਤਾ। ਧਾਰਮਕ ਵਿਅਕਤੀਆਂ ਅਤੇ ਮਹਾਂ ਪੁਰਖਾਂ ਦੇ ਸ਼ੁੱਭਚਿੰਤਕ, ਬਾਦਸ਼ਾਹ ਨੇ ਗੁਰੂ ਅਰਜਨ ਸਾਹਿਬ

ਨਾਲ ਵੀ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੀ ਸ਼ਖ਼ਸੀਅਤ ਤੋਂ ਬਹੁਤ ਪ੍ਰਭਾਵਿਤ ਹੋਇਆ।

ਅਕਬਰ ਦੀ ਮੌਤ ਮਗਰੋਂ, ਉਸ ਦੇ ਵਾਰਿਸਾਂ ਵਿਚ ਜਾਨਸ਼ੀਨੀ ਦੀ ਜੰਗ ਛਿੜ ਪਈ। ਜਹਾਂਗੀਰ ਦੀ ਗੱਦੀ-ਨਸ਼ੀਨੀ ਦਾ ਉਸ ਦੇ ਪੁੱਤਰ, ਖ਼ੁਸਰੋ, ਨੇ ਵਿਰੋਧ ਕੀਤਾ। ਉਹ ਬਗ਼ਾਵਤ ਕਰਕੇ ਪੰਜਾਬ ਵਿਚ ਆ ਗਿਆ ਅਤੇ ਗੁਰੂ ਅਰਜਨ ਸਾਹਿਬ ਪਾਸ ਅਸੀਸ ਤੇ ਸਹਾਇਤਾ ਲੈਣ ਲਈ ਹਾਜ਼ਰ ਵੀ ਹੋਇਆ। ਬਾਗ਼ੀ ਖ਼ੁਸਰੋ ਦੇ ਮਗਰੇ ਮਗਰ ਹੀ, ਜਹਾਂਗੀਰ ਆਪ ਪੰਜਾਬ ਪਹੁੰਚ ਗਿਆ। ਉਸ ਨੇ ਆਪਣੇ ਬਾਗ਼ੀ ਪੁੱਤਰ ਨੂੰ ਹਰਾ ਕੇ ਉਸ ਦੇ ਸਹਾਇਕਾਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ। ਗੁਰੂ ਅਰਜਨ ਖ਼ੁਸਰੋ ਨਾਲ ਹੋਈ ਮੁਲਾਕਾਤ ਕਾਰਨ ਅਭੋਲ ਹੀ ਇਸ ਵਿਰੋਧ ਵਿਚ ਲਪੇਟੇ ਗਏ। ਜਹਾਂਗੀਰ ਵਲੋਂ ਅਪਣਾਈ ਇਸਲਾਮ ਹਮਾਇਤੀ ਨੀਤੀ, ਸਰਹੰਦ ਦੇ ਨਕਸ਼ਬੰਦੀ ਪੀਰਾਂ ਦਾ ਉਕਸਾਹਟ, ਗੁਰੂ ਸਾਹਿਬ ਦੀ ਦਿਨੋ ਦਿਨ ਵਧ ਰਹੀ ਮਾਨਤਾ ਅਤੇ ਪ੍ਰਿਥੀ ਚੰਦ ਤੇ ਚੰਦੂ ਸ਼ਾਹ ਵਰਗੇ ਗੁਰੂ ਘਰ ਵਿਰੋਧੀਆਂ ਦੀਆਂ ਸ਼ਿਕਾਇਤਾਂ ਨੇ ਬਾਦਸ਼ਾਹ ਦੇ ਮਨ ਵਿਚ ਗੁਰੂ ਜੀ ਪ੍ਰਤੀ ਗੰਭੀਰ ਵਿਰੋਧ ਪੈਦਾ ਕਰ ਦਿੱਤਾ। ਇਨ੍ਹਾਂ ਕਾਰਨਾਂ ਸਦਕਾ ਤੇ ਸਰਹੰਦ ਦੇ ਨਕਸ਼ਬੰਦੀ ਪੀਰ ਮੁੱਜਦਦਿ ਅਲਿਫ਼ਸਾਨੀ ਦੀ ਉਕਸਾਹਟ ਕਾਰਨ ਉਸ ਨੇ ਗੁਰੂ ਅਰਜਨ ਦੀ "ਦੁਕਾਨਿ ਬਾਤਲ" ਨੂੰ ਬੰਦ ਕਰਨ ਲਈ ਹੀ ਉਨ੍ਹਾਂ ਦੀ ਸ਼ਹੀਦੀ ਦਾ ਹੁਕਮ ਦਿੱਤਾ।[1]

ਗੁਰੂ ਅਰਜਨ ਦੇਵ ਨੂੰ ਜਹਾਂਗੀਰ ਵਲੋਂ ਸ਼ਹੀਦ ਕਰਵਾਏ ਜਾਣ ਕਾਰਨ, ਸਿੱਖਾਂ ਵਿਚ ਸਖ਼ਤ ਰੋਸ ਅਤੇ ਮੁਗ਼ਲ ਹਕੂਮਤ ਲਈ ਨਫ਼ਰਤ ਪੈਦਾ ਹੋ ਜਾਣੀ ਸੁਭਾਵਕ ਸੀ। ਗੁਰੂ ਹਰਿਗੋਬਿੰਦ ਸਾਹਿਬ ਨੇ ਇਨ੍ਹਾਂ ਵਿਰੋਧੀ ਹਾਲਤਾਂ ਨੂੰ ਦੇਖਦਿਆਂ ਹੀ, ਸ਼ਸਤਰ ਅਪਣਾ ਕੇ ਆਪਣੀ ਫ਼ੌਜ ਬਣਾਉਣੀ ਆਰੰਭ ਦਿੱਤੀ। ਗੁਰੂ ਜੀ ਦੀ ਵਧ ਰਹੀ ਸ਼ਕਤੀ ਤੋਂ ਪੈਦਾ ਹੋਣ ਵਾਲੇ ਕਿਸੇ ਸੰਭਵ ਡਰ ਕਾਰਨ ਹੀ, ਜਹਾਂਗੀਰ ਨੇ ਤਾਵਾਨ ਦੀ ਨਾ ਵਸੂਲੀ ਦੇ ਬਹਾਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਗ੍ਰਿਫ਼ਤਾਰ ਕਰਕੇ ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਕਰ ਦਿੱਤਾ। ਕੁਝ ਵਰ੍ਹਿਆਂ ਪਿਛੋਂ ਸਾਂਈ ਮੀਆਂ ਮੀਰ ਦੀ ਪਰੇਰਨਾ ਉਤੇ ਉਨ੍ਹਾਂ ਨੂੰ ਰਿਹਾ ਕਰ ਦਿੱਤਾ ਗਿਆ।[2]

---

1. 'ਤੁਜ਼ਕਿ ਜਹਾਂਗੀਰੀ', ਪੰਨਾ 35 (ਨਵਲ ਕਿਸ਼ੋਰ ਪ੍ਰੈਸ ਅੰਮ੍ਰਿਤਸਰ ਵਾਲੀ ਛਾਪ) ਗੰਡਾ ਸਿੰਘ, ਡਾ: ਵਲੋਂ, 'ਸਿੱਖ ਇਤਿਹਾਸ ਬਾਰੇ! ਦੇ ਪੰ. ਨੰ: 35 ਉਪਰ ਉਧ੍ਰਿਤ।
2. ਮੁਹਸਨਫ਼ਾਨੀ ਦੀ ਲਿਖਤ 'ਦਬਿਸਤਾਨ-ਏ-ਮਜ਼ਾਹਿਬ' ਅਨੁਸਾਰ ਗੁਰੂ ਹਰਿਗੋਬਿੰਦ ਸਾਹਿਬ 12 ਸਾਲ ਕੈਦ ਰਹੇ-ਸ਼ਮਸ਼ੇਰ ਸਿੰਘ, ਅਸ਼ੋਕ ਰਚਿਤ 'ਸੋਢੀ ਮਿਹਰਵਾਨ ਜੀਵਨ ਤੇ ਸਾਹਿਤ,' ਦੇ ਪੰਨਾ ਨੰ: 59 ਉਪਰ ਉਧ੍ਰਿਤ। ਗਿਆਨੀ ਗਿਆਨ ਸਿੰਘ ਅਨੁਸਾਰ ਆਪ ਕੇਵਲ 40 ਦਿਨ ਕਿਲੇ ਵਿਚ ਰਹੇ-'ਪੰਥ ਪ੍ਰਕਾਸ਼', ਭਾਸ਼ਾ ਵਿਭਾਗ, ਪੰ. 103. ਇੰਦੂ ਭੂਸ਼ਨ ਬੈਨਰਜੀ ਅਨੁਸਾਰ ਗੁਰੂ ਜੀ 1607 ਈ: ਤੋਂ 1612 ਈ: ਤਕ ਪਰ ਡਾ: ਗੰਡਾ ਸਿੰਘ ਅਤੇ ਪ੍ਰਿ: ਤੇਜਾ ਸਿੰਘ ਅਨੁਸਾਰ ਇਹ ਸਮਾਂ 2 ਸਾਲ ਤੋਂ ਵੱਧ ਨਹੀਂ ਸੀ।

ਪਰ ਗੁਰੂ ਹਰਿਗੋਬਿੰਦ ਦੀ ਨਜ਼ਰਬੰਦੀ ਦਾ ਸਮਾਂ ਮਿਹਰਵਾਨ ਲਈ ਬਹੁਤ ਸਹਾਇਕ ਸਿੱਧ ਹੋਇਆ। ਗੁਰੂ ਜੀ ਦੀ ਗੈਰਹਾਜ਼ਰੀ ਕਾਰਨ ਸਿੱਖਾਂ ਦਾ ਕੇਂਦਰ ਖਾਲੀ ਹੋ ਗਿਆ। ਇਸ ਸਮੇਂ ਗੁਰੂ ਪਰਿਵਾਰ ਵਿਚੋਂ ਕੇਵਲ ਮਿਹਰਵਾਨ ਹੀ ਅਜਿਹਾ ਵਿਅਕਤੀ ਸੀ ਜੋ ਦਾਨ ਇਸ਼ਨਾਨ ਨੂੰ ਅਪਣਾਉਂਦਿਆਂ ਕੀਰਤਨ ਅਤੇ ਗਿਆਨ ਗੋਸ਼ਟ ਰਾਹੀਂ ਗੁਰਮਤਿ ਦਾ ਪ੍ਰਚਾਰ ਕਰ ਰਿਹਾ ਸੀ। ਗੁਰੂ ਜੀ ਦੀ ਗੈਰਹਾਜ਼ਰੀ ਵਿਚ ਸਿੱਖ ਸੰਗਤਾਂ ਦਾ ਅਜਿਹੀ ਪ੍ਰਚਾਰਕ ਸ਼ਖ਼ਸੀਅਤ ਵੱਲ ਝੁਕ ਜਾਣਾ ਸੁਭਾਵਕ ਸੀ। ਇਉਂ ਮਿਹਰਵਾਨ ਨੂੰ ਅਜਿਹੀ ਅਸਾਵੀਂ ਰਾਜਨੀਤਕ ਸਥਿਤੀ ਦਾ ਵਿਸ਼ੇਸ਼ ਲਾਭ ਹੋਇਆ ਅਤੇ ਉਸ ਨੇ ਗੁਰਮਤਿ ਪ੍ਰਚਾਰ ਰਾਹੀਂ ਸਿੱਖ ਸੰਗਤਾਂ ਵਿਚ ਆਪਣੀ ਚੰਗੀ ਮਾਨਤਾ ਪ੍ਰਾਪਤ ਕਰ ਲਈ।

ਭਾਵੇਂ ਮਗਰੋਂ ਗੁਰੂ ਹਰਿਗੋਬਿੰਦ ਅਤੇ ਜਹਾਂਗੀਰ ਦੇ ਸੰਬੰਧ ਚੰਗੇ ਹੋ ਗਏ। ਜਹਾਂਗੀਰ ਅੰਮ੍ਰਿਤਸਰ ਵੀ ਆਇਆ ਅਤੇ ਉਸ ਨੇ ਉਦੋਂ ਬਣ ਰਹੇ ਅਕਾਲਤਖ਼ਤ ਦੀ ਇਮਾਰਤ ਨੂੰ ਆਪਣੇ ਖਰਚ ਉਤੇ ਨੇਪਰੇ ਚੜ੍ਹਾਉਣ ਦੀ ਪੇਸ਼ਕਸ਼ ਵੀ ਕੀਤੀ ਪਰ ਗੁਰੂ ਜੀ ਨੇ ਉਸ ਦੇ ਪੇਸ਼ਕਸ਼ ਨੂੰ ਇਹ ਕਹਿ ਕੇ ਕਬੂਲ ਨਾ ਕੀਤਾ ਕਿ ਅਕਾਲਪੁਰਖ ਦੇ ਇਸ ਤਖ਼ਤ ਨੂੰ ਅਸੀਂ ਆਪਣੇ ਸਿੱਖਾਂ ਦੀ ਨਿਸ਼ਕਾਮ ਸੇਵਾ ਅਤੇ ਘਾਲ ਕਮਾਈ ਨਾਲ ਹੀ ਬਣਾਉਣਾ ਚਾਹੁੰਦੇ ਹਾਂ।[3]

ਪਰ ਮਗਰੋਂ ਫੇਰ ਗੁਰੂ ਹਰਿਗੋਬਿੰਦ ਦੀ ਦਿਨੋ ਦਿਨ ਵਧਦੀ ਸ਼ਕਤੀ ਤੇ ਰਸੂਖ ਨੂੰ ਵੇਖ ਕੇ ਕੱਟੜ ਮੁਗ਼ਲ ਹਾਕਮਾਂ ਦਾ ਵਿਰੋਧ ਉਨ੍ਹਾਂ ਨਾਲ ਕਾਫ਼ੀ ਵਧ ਗਿਆ। ਇਸੇ ਵਧ ਰਹੇ ਵਿਰੋਧ ਨੇ ਅੰਤ ਸ਼ਾਹ ਜਹਾਨ ਦੇ ਸਮੇਂ ਲੜਾਈਆਂ ਦਾ ਰੂਪ ਧਾਰ ਲਿਆ ਅਤੇ ਸਿੱਟੇ ਵਜੋਂ, ਧਾਰਮਕ ਆਜ਼ਾਦੀ ਅਤੇ ਕੌਮ ਦੀ ਸੁਤੰਤਰਤਾ ਦੀ ਰੱਖਿਆ ਖਾਤਰ ਗੁਰੂ ਜੀ ਨੂੰ ਮੁਗ਼ਲ ਹਾਕਮਾਂ ਨਾਲ ਉਪਰ ਤਲੀ ਚਾਰ ਲੜਾਈਆਂ ਲੜਨੀਆਂ ਪਈਆਂ।[4]

## 2. ਸਮਾਜਕ ਸਥਿਤੀ:

ਸੋਲਵੀਂ ਸਦੀ ਦੇ ਅੱਧ ਤੋਂ ਸਤਾਰ੍ਹਵੀਂ ਸਦੀ ਦੇ ਅੱਧ ਤਕ ਦੀ ਸਦੀ ਦੇ ਇਤਿਹਾਸ ਨੂੰ ਦੇਖਦਿਆਂ ਪਤਾ ਲੱਗਦਾ ਹੈ ਕਿ ਇਸ ਸਮੇਂ ਦਾ ਸਮਾਜ ਭਾਵੇਂ ਜਾਤਾਂ ਪਾਤਾਂ ਵਿਚ ਵੰਡਿਆ ਹੋਇਆ ਸੀ, ਪਰ ਆਰਥਕ ਤੌਰ ਤੇ ਇਸ ਦੀਆਂ ਦੋ ਹੀ ਪ੍ਰਮੁੱਖ ਸ਼੍ਰੇਣੀਆਂ ਸਨ। ਇਕ ਸ਼੍ਰੇਣੀ ਸੀ, ਅਮੀਰ ਵਜ਼ੀਰ, ਜਾਗੀਰਦਾਰ ਤੇ ਰਾਜ ਦਰਬਾਰ ਦੇ ਲੋਕਾਂ ਦੀ ਅਤੇ ਦੂਜੀ ਸ਼੍ਰੇਣੀ ਸੀ ਕਿਰਤੀ ਕਿਸਾਨ ਤੇ ਛੋਟੇ ਮੋਟੇ ਨੌਕਰ ਤੇ ਵਪਾਰੀ ਲੋਕਾਂ ਦੀ। ਪਹਿਲੀ ਸ਼੍ਰੇਣੀ ਦੇ ਲੋਕ ਆਰਥਕ ਪੱਖੋਂ ਚੰਗੇ ਸਨ ।

---

3. Teja Singh and Ganda Singh, 'A Short History of Sikhs', Vol I, p-41

4. ਪਹਿਲੀ ਲੜਾਈ 1628 ਈ: ਵਿਚ ਅੰਮ੍ਰਿਤਸਰ, ਦੂਜੀ ਸੰਨ 1631 ਵਿਚ ਹਰਿਗੋਬਿੰਦਪੁਰ, ਤੀਜੀ ਸੰਨ 1632 ਵਿਚ ਲਹਿਰਾ ਅਤੇ ਚੌਥੀ ਸੰਨ 1634 ਵਿਚ ਕਰਤਾਰਪੁਰ ਦੇ ਸਥਾਨ ਤੇ ਹੋਈ-ਗੁਰਚਰਨ ਸਿੰਘ ਤੇ ਐਸ. ਐਸ. ਗਾਂਧੀ, 'ਪੰਜਾਬ ਦਾ ਇਤਿਹਾਸ', ਪੰਨਾ 230-31.

ਉਹ ਆਪਣੀਆਂ ਵਿਸ਼ਾਲ ਜਗੀਰਾਂ ਅਤੇ ਜ਼ਮੀਨਾਂ ਉਤੇ ਮੁਜ਼ਾਰਿਆਂ ਪਾਸੋਂ ਕੰਮ ਕਰਾਉਂਦੇ ਅਤੇ ਆਪ ਸੁਖ ਆਰਾਮ ਦਾ ਵਿਹਲਾ ਜੀਵਨ ਬਤੀਤ ਕਰਦੇ। ਸ਼ਾਹੀ ਠਾਠ ਨਾਲ ਐਸ਼ ਪ੍ਰਸਤੀ ਦਾ ਜੀਵਨ ਬਿਤਾਉਣ ਵਾਲੇ ਇਹ ਲੋਕ ਅਕਸਰ ਰਾਜ ਦਰਬਾਰ ਨਾਲ ਸੰਬੰਧਤ ਮੁਸਲਮਾਨ ਹੀ ਹੁੰਦੇ ਸਨ। ਦੂਜੀ ਸ਼੍ਰੇਣੀ ਦੇ ਲੋਕ ਅਕਸਰ ਜਗੀਰਦਾਰਾਂ ਦੀਆਂ ਵਿਸ਼ਾਲ ਖੇਤੀਆਂ ਉਤੇ ਮੁਜ਼ਾਰਿਆਂ ਦੀ ਹਸਤੀ ਵਿਚ ਕੰਮ ਕਰਦੇ, ਆਪਣੀਆਂ ਥੋੜੀਆਂ ਬਹੁਤ ਜ਼ਮੀਨਾਂ ਤੇ ਵਾਹੀ ਕਰਦੇ ਜਾਂ ਛੋਟੇ ਮੋਟੇ ਵਪਾਰ ਨਾਲ ਗੁਜ਼ਾਰਾ ਕਰਦੇ।[5]

ਸੋ ਮੁੱਖ ਰੂਪ ਵਿਚ ਸਮਾਜ ਦੀ ਸਰਦਾਰੀ ਉੱਚੀ ਜਾਤ ਵਾਲੇ ਮੁਸਲਮਾਨਾਂ ਜਾਂ ਹਿੰਦੂਆਂ ਦੇ ਹੱਥ ਹੀ ਸੀ। ਸਮਾਜ ਅਤੇ ਰਾਜ ਦਰਬਾਰ ਵਿਚ ਇਨ੍ਹਾਂ ਲੋਕਾਂ ਦੀ ਹੀ ਪਹੁੰਚ ਅਤੇ ਇੱਜ਼ਤ ਸੀ। ਰਾਜ ਦਰਬਾਰ ਵਲੋਂ ਆਮ ਲੋਕਾਂ ਨੂੰ ਸਮਾਜਕ ਨਿਆਂ ਦੇਣ ਦਾ ਦਾਅਵਾ ਕੀਤਾ ਜਾਂਦਾ। ਪਰ ਸਰਕਾਰੀ ਕਰਿੰਦਿਆਂ ਵਲੋਂ ਕੀਤੇ ਜਾਣ ਵਾਲੇ ਇਕ ਪਾਸੜ ਇਨਸਾਫ਼ ਦੀ ਹਾਲਤ ਹਾਸੋ ਹੀਣੀ ਹੀ ਸੀ। ਹਾਕਮ ਸ਼੍ਰੇਣੀ ਦੇ ਲੋਕਾਂ ਦਾ ਧਾਰਮਕ ਅਤੇ ਸਮਾਜਕ ਜੀਵਨ ਵਿਚ ਸਿੱਧਾ ਦਖ਼ਲ ਸੀ। ਮੁਆਰਥੀ ਮਨੋਰਥ, ਲਾਲਚ ਤੇ ਧਾਰਮਕ ਜਨੂੰਨ ਦੇ ਕਾਰਨ ਸੁਲਹੀਖਾਨ, ਸੁਲਭੀਖਾਨ ਤੇ ਹੋਰ ਸਰਕਾਰੀ ਕਰਮਚਾਰੀਆਂ ਵਲੋਂ ਗੁਰੂ ਸਾਹਿਬਾਂ ਵਿਰੋਧੀ ਕਾਰਨਾਮੇ ਇਸ ਗੱਲ ਦਾ ਹੀ ਸਬੂਤ ਹਨ[6] ਜਹਾਂਗੀਰ ਨੇ ਤਾਂ ਹਿੰਦੂ ਸਮਾਜ ਵਿਚ ਪ੍ਰਚੱਲਤ ਸਤੀ ਦੀ ਰਸਮ ਉਤੇ ਪਾਬੰਦੀ ਲਗਾ ਕੇ ਅਤੇ ਗਰੀਬ ਲੋਕਾਂ ਲਈ ਮੁਫ਼ਤ ਲੰਗਰ ਖੁੱਲਵਾ ਕੇ ਸਮਾਜ ਸੁਧਾਰ ਦੇ ਕੁਝ ਯਤਨ ਵੀ ਕੀਤੇ।

ਪਰ ਸਮੁੱਚੇ ਤੌਰ ਤੇ ਲੋਕ ਇਸ ਸਮਾਜਕ ਜੀਵਨ ਵਿਚ ਉਚੀਆਂ ਜੱਟ ਸ਼੍ਰੇਣੀਆਂ ਦੀ ਗੁਲਾਮੀ ਹੇਠ ਦੱਬੇ ਹੋਏ ਸਨ। ਇਸੇ ਲਈ ਉਨ੍ਹਾਂ ਨੂੰ ਕਬੀਰ, ਸਧਨੇ, ਰਵਿਦਾਸ ਤੇ ਧੰਨੇ ਆਦਿ ਭਗਤਾਂ ਦਾ ਸੰਦੇਸ਼ ਵਧੇਰੇ ਖਿੱਚ ਪਾ ਰਿਹਾ ਸੀ ਜਿਸ ਵਿਚ ਊਚ ਨੀਚ ਦਾ ਖੰਡਨ ਕਰਕੇ ਸਮਾਨਤਾ ਦੀ ਗਲ ਕੀਤੀ ਜਾ ਰਹੀ ਸੀ। ਸਿੱਟੇ ਵਜੋਂ ਗਰੀਬ ਸ਼੍ਰੇਣੀ ਵਾਲੇ ਸਭ ਧਰਮਾਂ ਦੇ ਲੋਕ ਇਨ੍ਹਾਂ ਭਗਤਾਂ ਨੂੰ ਸਮਾਜਕ ਕਲਿਆਣ ਤੇ ਮੁਕਤੀਦਾਤਾ ਸਮਝ ਕੇ ਉਨ੍ਹਾਂ ਵੱਲ ਖਿੱਚੇ ਜਾ ਰਹੇ ਸਨ। ਇਸੇ ਲਈ ਧਰਮ ਦੀ ਭਾਵਨਾ ਭਗਤਾਂ ਦੀਆਂ ਸਾਖੀਆਂ, ਗੋਸ਼ਟਾਂ ਤੇ ਕਥਾਵਾਂ ਆਦਿ ਲਿਖੀਆਂ ਜਾ ਰਹੀਆਂ ਸਨ।

---

5. ਕਿਰਪਾਲ ਸਿੰਘ ਨਾਰੰਗ ਤੇ ਹਰੀ ਰਾਮ ਗੁਪਤਾ,
ਪੰਜਾਬ ਦਾ ਇਤਿਹਾਸ, ਪੰਨਾ 220-21.

6. ਗੁਰੂ ਅਰਜਨ ਨੇ ਆਪਣੀ ਬਾਣੀ ਵਿਚ ਇਕ ਥਾਂ ਲਾਹੌਰ ਦੇ ਮੁਗਲ ਸੂਬੇਦਾਰ ਸੁਲਹੀਖਾਨ ਵਲੋਂ ਪ੍ਰਿਥੀ ਚੰਦ ਦੀ ਉਕਸਾਹਟ ਤੇ ਉਨ੍ਹਾਂ ਵਿਰੁੱਧ ਕੀਤੀਆਂ ਜਾਣ ਵਾਲੀਆਂ ਕਾਰਵਾਈਆਂ ਤੋਂ ਬਚ ਜਾਣ ਦਾ ਇਸ਼ਾਰਾ ਇਉਂ ਕੀਤਾ ਹੈ:

"ਸੁਲਹੀ ਤੇ ਨਾਰਾਇਣ ਰਾਖੁ
ਸੁਲਹੀ ਕਾ ਹਾਥੁ ਕਹੀ ਨ ਪਹੁੰਚੈ, ਸੁਲਹੀ ਹੋਇ ਮੂਆ ਨਾ ਪਾਕੁ"
- ਬਿਲਾਵਲ ਮਹਲਾ 5.

ਸੋਲ੍ਹਵੀਂ ਸਦੀ ਦੇ ਦੂਜੇ ਅੱਧ ਵਿਚ ਗੁਰੂ ਅਰਜਨ ਸਾਹਿਬ ਦੀ ਅਗਵਾਈ ਵਿਚ ਸਿੱਖ ਸਮਾਜ ਬੜੇ ਸਪਸ਼ਟ ਰੂਪ ਵਿਚ ਨਿੱਖਰ ਕੇ ਸਾਹਮਣੇ ਆ ਚੁੱਕਾ ਸੀ, ਜਿਸ ਨੂੰ ਹਮੇਸ਼ਾਂ ਲਈ ਪੱਕੇ ਪੈਰਾਂ ਤੇ ਖੜਾ ਕਰਨ ਲਈ ਗੁਰੂ ਸਾਹਿਬ ਵੱਲੋਂ ਗੁਰੂ ਕਾ ਚੱਕ (ਅੰਮ੍ਰਿਤਸਰ) ਤੇ ਤਰਨਤਾਰਨ ਆਦਿ ਨਗਰਾਂ ਅਤੇ ਹਰਿਮੰਦਿਰ ਤੇ ਸੰਤੋਖਸਰ ਵਰਗੇ ਸਰੋਵਰਾਂ ਦੀ ਉਸਾਰੀ ਤੇ ਤਿਆਰ ਕਰਵਾਈ ਜਾ ਰਹੀ ਸੀ। ਇਨ੍ਹਾਂ ਨਗਰਾਂ ਵਿਚ ਹਰ ਕਿਸਮ ਦੇ ਵਪਾਰ ਅਤੇ ਦਸਤਕਾਰੀ ਦਾ ਆਰੰਭ ਕਰਵਾਇਆ ਜਾ ਰਿਹਾ ਸੀ ਤਾਂ ਜੋ ਸਿੱਖ ਸਮਾਜ ਆਰਥਕ ਪੱਖੋਂ ਵੀ ਆਪਣੇ ਪੈਰਾਂ ਤੇ ਖੜਾ ਹੋ ਸਕੇ।

ਸਿੱਖ ਗੁਰੂ ਅਤੇ ਹਿੰਦੂ ਭਗਤਾਂ ਨੇ ਆਪਣੀ ਬਾਣੀ ਵਿਚ ਜਾਤਪਾਤ ਦਾ ਖੰਡਨ ਕਰਦਿਆਂ ਬ੍ਰਾਹਮਣ ਸ਼੍ਰੇਣੀ ਦੇ ਅਨਿਆਂ ਵਿਰੁੱਧ ਸਖਤ ਸ਼ਬਦਾਂ ਵਿਚ ਆਵਾਜ਼ ਉਠਾ ਕੇ ਉਨ੍ਹਾਂ ਦੀ ਸਰਦਾਰੀ ਨੂੰ ਵੰਗਾਰਿਆ। ਪਰ ਮਿਹਰਵਾਨ ਦੇ ਅਧੀਨ ਬ੍ਰਾਹਮਣਵਾਦ ਫਿਰ ਸਿਰ ਚੁੱਕ ਰਿਹਾ ਸੀ ਕਿਉਂਕਿ ਲੇਖਕ ਹਰ ਹਾਲੇ ਸਮਾਜ ਵਿਚ ਬ੍ਰਾਹਮਣਾਂ ਦੀ ਸਰਦਾਰੀ ਕਾਇਮ ਰੱਖਣਾ ਚਾਹੁੰਦਾ ਸੀ। ਇਸੇ ਲਈ ਜਿਥੇ ਉਸ ਨੇ ਗੁਰੂ ਨਾਨਕ ਨੂੰ ਰਾਜਾ ਜਨਕ ਦਾ ਅਵਤਾਰ ਬਣਾ ਕੇ ਪੇਸ਼ ਕੀਤਾ ਉਥੇ ਭਗਤਾਂ ਦੀਆਂ ਜੀਵਨੀਆਂ ਵਿਚ ਇਸ ਨਿਸ਼ਚੇ ਨੂੰ ਪ੍ਰਚਾਰਿਆ ਕਿ ਇਹ ਸਾਰੇ ਹੀ ਭਗਤ ਪੂਰਬਲੇ ਜਨਮ ਵਿਚ ਬ੍ਰਾਹਮਣ ਸਨ ਜੋ ਆਪਣੇ ਆਦਰਸ਼ ਤੋਂ ਥਿੜਕਣ ਕਾਰਨ ਹੀ ਇਸ ਜਨਮ ਵਿਚ ਨੀਚ ਜਾਤ ਵਿਚ ਪੈਦਾ ਹੋਏ ਇਉਂ, ਮਿਹਰਵਾਨ ਵੱਲੋਂ ਸਿੱਖ ਗੁਰੂਆਂ, ਹਿੰਦੂ ਭਗਤਾਂ ਅਤੇ ਇਥੋਂ ਤਕ ਕਿ ਹਜ਼ਰਤ ਮੁਹੰਮਦ ਸਾਹਿਬ ਆਦਿ ਮੁਸਲਮਾਨ ਪੈਗੰਬਰਾਂ ਨੂੰ ਵੀ ਅਵਤਾਰਵਾਦ ਦੇ ਕਲਾਵੇ ਵਿਚ ਲੈ ਕੇ ਬ੍ਰਾਹਮਣਵਾਦ ਦੀ ਸਰਦਾਰੀ ਨੂੰ ਮੁੜ ਸੁਰਜੀਤ ਕਰਨ ਦਾ ਗੰਭੀਰ ਯਤਨ ਕੀਤਾ ਜਾ ਰਿਹਾ ਸੀ।

### 3. <u>ਧਾਰਮਕ ਸਥਿਤੀ</u>:

ਪੰਜਾਬ ਭਾਰਤ ਦਾ ਅਜਿਹਾ ਪ੍ਰਾਂਤ ਹੈ ਜਿਸ ਦੀ ਅਟਿਕਵੀਂ ਰਾਜਨੀਤਕ ਸਥਿਤੀ ਦੇ ਨਾਲ ਨਾਲ, ਧਾਰਮਕ ਸਥਿਤੀ ਨੇ ਵੀ ਅਨੇਕ ਕਰਵਟਾਂ ਲਈਆਂ ਹਨ। ਜਿਥੇ ਬਾਹਰੋਂ ਆਏ ਹਮਲਾਆਵਰਾਂ ਨੇ ਪੰਜਾਬ ਦੇ ਜੀਵਨ ਨੂੰ ਕਈ ਪੱਖਾਂ ਪ੍ਰਭਾਵਿਤ ਕੀਤਾ ਹੈ, ਉਥੇ ਬਦੇਸ਼ੋਂ ਆਉਣ ਵਾਲੇ ਧਰਮਾਂ ਨੇ ਵੀ ਇਥੋਂ ਦੇ ਸਭਿਆਚਾਰਕ ਜੀਵਨ ਉਤੇ ਸਮੇਂ ਸਮੇਂ ਚੋਖਾ ਪ੍ਰਭਾਵ ਪਾਇਆ।

ਅੱਠਵੀਂ ਸਦੀ ਤੋਂ ਲੈ ਕੇ 13 ਵੀਂ ਸਦੀ ਤੱਕ ਇਸਲਾਮ ਦੱਖਣ, ਸਿੰਧ ਅਤੇ ਉੱਤਰ-ਪੱਛਮੀ ਸੀਮਾਂ ਵੱਲੋਂ ਭਾਰਤ ਵਿਚ ਦਾਖਲ ਹੋਇਆ ਅਤੇ ਇਸ ਤੋਂ ਅਗਲੇ ਪੰਜ ਸੌ ਵਰ੍ਹਿਆਂ ਵਿਚ ਇਹ ਧਰਮ ਹੌਲੀ ਹੌਲੀ ਰਾਜ ਸ਼ਕਤੀ ਦੇ ਰੂਪ ਵਿਚ ਸਾਰੇ ਭਾਰਤ ਉਤੇ ਛਾ ਗਿਆ।[7]

---

7. Tara Chand, Dr., 'Influence of Islam on Indian Culture', p-xi (Introduction)

ਮੁਸਲਮਾਨ ਧਾੜਵੀਆਂ ਅਤੇ ਹਾਕਮਾਂ ਆਦਿ ਦੇ ਭਾਰਤ ਆਉਣ ਸਮੇਂ ਉਨ੍ਹਾਂ ਨਾਲ ਹੋਰ ਸੂਫ਼ੀ ਫ਼ਕੀਰਾਂ ਨੇ ਵੀ ਪ੍ਰਵੇਸ਼ ਕੀਤਾ। ਇਸ ਤਰ੍ਹਾਂ ਮੁਗ਼ਲਾਂ ਦੀ ਹਕੂਮਤ ਅਤੇ ਸੂਫ਼ੀਆਂ ਦੇ ਵਿਸ਼ਾਲ ਪ੍ਰਚਾਰ ਨੇ ਭਾਰਤ ਵਿਚ ਇਸਲਾਮ ਨੂੰ ਇਕ ਮੁੱਖ ਧਰਮ ਬਣਾ ਦਿੱਤਾ।

ਸੋਢੀ ਮਿਹਰਵਾਨ ਦੇ ਸਮੇਂ ਵੀ ਇਸਲਾਮ ਸਰਕਾਰੀ ਧਰਮ ਦੀ ਹੈਸੀਅਤ ਵਿਚ ਭਾਰਤ ਅਤੇ ਪੰਜਾਬ ਦਾ ਮੁੱਖ ਧਰਮ ਸੀ। ਇਸਲਾਮ ਦੇ ਦਿਨੋ ਦਿਨ ਵਧਦੇ ਪ੍ਰਚਾਰ ਨਾਲ ਹਿੰਦੂ ਧਰਮ ਦਾ ਸਾਹ ਘੁੱਟਦਾ ਜਾ ਰਿਹਾ ਸੀ। ਬਾਦਸ਼ਾਹ ਵੱਲੋਂ ਇਸਲਾਮ ਨੂੰ ਅਪਨਾਉਣ ਵਾਲੇ ਵਿਅਕਤੀ ਨੂੰ ਵਿਸ਼ੇਸ਼ ਸਹੂਲਤਾਂ ਦੇਣ ਦੇ ਨਾਲ ਨਾਲ ਨਰਮੀ ਅਤੇ ਰਹਿਮਦਿਲੀ ਦਾ ਵਰਤਾਓ ਮਿਲਦਾ ਸੀ।

ਅਕਬਰ ਤੇ ਜਹਾਂਗੀਰ ਫ਼ਰਾਖਦਿਲ ਬਾਦਸ਼ਾਹ ਸਨ ਜਿਨ੍ਹਾਂ ਨੇ ਹਿੰਦੂਆਂ ਨੂੰ ਮੰਦਰ ਉਸਾਰਨ ਅਤੇ ਪੂਜਾ ਕਰਨ ਦੀ ਖੁੱਲ੍ਹ ਦਿੱਤੀ ਹੋਈ ਸੀ। ਬਾਦਸ਼ਾਹ ਖ਼ੁਦ ਵੀ ਕਈ ਹਿੰਦੂ ਤਿਉਹਾਰਾਂ ਵਿਚ ਹਿੱਸਾ ਲੈਂਦੇ ਸਨ। ਫਿਰ ਵੀ ਜਹਾਂਗੀਰ ਵੱਲੋਂ ਸਮੇਂ ਸਮੇਂ ਕੀਤੀਆਂ ਸਖ਼ਤੀ ਦੀਆਂ ਘਟਨਾਵਾਂ ਦੀ ਅਣਹੋਂਦ ਨਹੀਂ। ਇਸ ਤੋਂ ਵੀ ਵੱਧ ਗੰਭੀਰ ਗੱਲ ਇਹ ਸੀ ਕਿ ਮੌਲਵੀਆਂ ਦੀ ਸ਼ਹਿ ਉੱਤੇ ਇਸਲਾਮ ਦੇ ਪ੍ਰਚਾਰ ਲਈ ਕੇਵਲ ਲਾਲਚ ਅਤੇ ਸਹੂਲਤਾਂ ਦੇਣ ਵਾਲਾ ਰਸਤਾ ਹੀ ਨਹੀਂ ਸੀ ਅਪਣਾਇਆ ਜਾਂਦਾ ਸਗੋਂ ਦੂਜੇ ਧਰਮਾਂ ਦੇ ਲੋਕਾਂ ਨੂੰ ਕਾਫ਼ਰ ਹੋਣ ਦਾ ਫ਼ਤਵਾ ਦੇ ਕੇ ਉਨ੍ਹਾਂ ਉੱਤੇ ਜ਼ੁਲਮ ਤੇ ਤਸ਼ੱਦਦ ਵੀ ਕੀਤਾ ਜਾਂਦਾ ਸੀ। ਇਸ ਜ਼ੁਲਮ ਦਾ ਸ਼ਿਕਾਰ ਉਸ ਸਮੇਂ ਦੀ ਬਹੁ-ਗਿਣਤੀ ਵਾਲੀ ਹਿੰਦੂ ਜਾਤੀ ਹੀ ਹੁੰਦੀ ਸੀ।

ਪੰਜਾਬ ਵਿਚ ਇਸ ਸਮੇਂ ਸੂਫ਼ੀਆਂ ਦੇ ਕਈ ਸਿਲਸਿਲੇ[2] ਪ੍ਰਚਲਿਤ ਸਨ ਜੋ ਲੋਕਾਂ ਦੇ ਧਾਰਮਕ ਜੀਵਨ ਉੱਤੇ ਡੂੰਘਾ ਪ੍ਰਭਾਵ ਪਾ ਰਹੇ ਸਨ। ਇਨ੍ਹਾਂ ਫ਼ਿਰਕਿਆਂ ਵਿਚੋਂ ਕਾਦਰੀ, ਨਕਸ਼ਬੰਦੀ, ਚਿਸ਼ਤੀ, ਕਲੰਦਰੀਆ ਅਤੇ ਸੁਹਰਾਵਰਦੀ ਵਿਸ਼ੇਸ਼ ਸਨ। ਕਾਦਰੀ ਫ਼ਿਰਕੇ ਦਾ ਮੁੱਢ ਅਬਦੁਲ ਕਾਦਰ ਜੀਲਾਨੀ ਨਾਲ ਬੱਝਾ। ਪੰਜਾਬ ਵਿਚ ਇਸ ਫ਼ਿਰਕੇ ਦੇ ਸੂਫ਼ੀਆਂ ਦਾ ਮੁੱਖ ਟਿਕਾਣਾ ਲਾਹੌਰ, ਉਸ ਦੇ ਆਸ ਪਾਸ ਅਤੇ ਕਸੂਰ ਆਦਿ ਦੇ ਇਲਾਕੇ ਵਿਚ ਸੀ। ਮੁੱਲਾਂ ਹਜਵੀਰੀ ਇਸ ਫ਼ਿਰਕੇ ਦੇ ਪ੍ਰਸਿੱਧ ਸੂਫ਼ੀ ਹੋਏ ਜਿਨ੍ਹਾਂ ਨੇ ਪੰਜਾਬ ਦੇ ਲੋਕਾਂ ਉੱਤੇ ਡੂੰਘਾ ਪ੍ਰਭਾਵ ਪਾਇਆ।

ਸ਼ਰਈ ਸੂਫ਼ੀਆਂ ਦਾ ਸਭ ਤੋਂ ਵਧੇਰੇ ਪ੍ਰਭਾਵਸ਼ਾਲੀ ਅਤੇ ਕੱਟੜ ਫ਼ਿਰਕਾ ਨਕਸ਼ਬੰਦੀਆਂ ਦਾ ਸੀ, ਜਿਨ੍ਹਾਂ ਦਾ ਕੇਂਦਰ ਸਰਹੰਦ ਵਿਚ ਸੀ। ਭਾਰਤ ਵਿਚ ਇਸ ਸੂਫ਼ੀ ਫ਼ਿਰਕੇ ਦਾ ਆਰੰਭ ਖ਼ੁਆਜਾ ਬਕੀ ਬਿਲਾ ਬੇਰੰਗ (ਦੇਹਾਂਤ 1603 ਈ:) ਨਾਲ ਹੋਇਆ, ਪਰ ਸਰਹੰਦ ਵਿਚ ਇਸ

ਫ਼ਿਰਕੇ ਦਾ ਮੁਢ ਬਣਾਉਣ ਵਾਲਾ ਬਾਨੀ ਸ਼ੇਖ ਅਹਿਮਦ ਉਲ ਫਰੂਕੀ ਸੀ, ਜੋ ਗੁਰੂ ਅਰਜਨ ਦਾ ਸਮਕਾਲੀ ਸੀ। ਇਸ ਨੇ ਸ਼ੀਆਂ ਅਤੇ ਦੀਨੇ-ਇਲਾਹੀ ਦਾ ਖੰਡਨ ਕਰਕੇ ਕੱਟੜ ਇਸਲਾਮ ਦਾ ਪ੍ਰਚਾਰ ਕੀਤਾ। ਬਾਦਸ਼ਾਹ ਜਹਾਂਗੀਰ ਅਤੇ ਮਗਰੋਂ ਸ਼ਾਹਜਹਾਨ ਇਸ ਫਿਰਕੇ ਦੇ ਪੈਰੋਕਾਰ ਬਣੇ ਜਿਸ ਕਾਰਨ ਇਨ੍ਹਾਂ ਸੂਫੀਆਂ ਨੇ ਸ਼ਾਹੀ ਤਾਕਤ ਦੇ ਸਹਾਰੇ ਲੋਕਾਂ ਨੂੰ ਮੁਸਲਮਾਨ ਬਣਾਉਣ ਦਾ ਪ੍ਰਚਾਰ ਕੀਤਾ।

ਗੁਰੂ ਅਰਜਨ ਨੇ ਅੰਮ੍ਰਿਤਸਰ ਨੂੰ ਸਿੱਖਾਂ ਦਾ ਕੇਂਦਰੀ ਧਾਰਮਕ ਅਸਥਾਨ ਬਣਾ ਕੇ ਅਤੇ 'ਆਦਿ ਗ੍ਰੰਥ' ਦੀ ਸੰਪਾਦਨਾ ਕਰਕੇ ਜਦ ਪੰਜਾਬ ਦੀ ਸਮੁੱਚੀ ਸਿੱਖ ਕੌਮ ਨੂੰ ਇਕ ਲੜੀ ਵਿਚ ਗੁੰਦ ਦਿੱਤਾ ਤਾਂ ਸਰਹੰਦ ਦੇ ਨਕਸ਼ਬੰਦੀ ਪੀਰਾਂ ਲਈ ਸਿੱਖਾਂ ਦਾ ਇਹ ਵਧਦਾ ਪ੍ਰਭਾਵ ਅਸਹਿ ਹੋ ਗਿਆ। ਇਸੇ ਲਈ ਉਨ੍ਹਾਂ ਨੇ ਜਹਾਂਗੀਰ ਨੂੰ ਧਰਮ ਦੇ ਨਾਂ ਉਤੇ ਉਕਸਾ ਕੇ ਗੁਰੂ ਅਰਜਨ ਨੂੰ ਸ਼ਹੀਦ ਕਰਨ ਦਾ ਹੁਕਮ ਦੁਆਇਆ।

ਪੰਜਾਬ ਵਿਚ ਤੀਜਾ ਪ੍ਰਸਿੱਧ ਸੂਫ਼ੀ ਟੋਲਾ ਚਿਸ਼ਤੀਆਂ ਦਾ ਸੀ। ਮੁਅਈਨੁਦੀਨ ਚਿਸ਼ਤੀ ਵਲੋਂ ਚਲਾਏ ਗਏ ਇਸ ਫਿਰਕੇ ਵਿਚੋਂ ਸ਼ੇਖ ਫਰੀਦ ਸ਼ਕਰਗੰਜ ਇਕ ਪ੍ਰਸਿੱਧ ਪੰਜਾਬੀ ਸੂਫ਼ੀ ਫ਼ਕੀਰ ਹੋਏ ਜਿਨ੍ਹਾਂ ਦਾ ਮੁੱਖ ਟਿਕਾਣਾ ਪਾਕਪਟਨ ਵਿਚ ਸੀ। ਇਹ ਸੂਫ਼ੀ ਸ਼ਰਾਅਤ ਨੂੰ ਮੰਨਣ ਵਾਲੇ ਠੰਡੇ ਸੁਭਾ ਦੇ ਮੁਸਲਮਾਨੀ ਪ੍ਰਚਾਰਕ ਸਨ। ਇਸੇ ਲਈ ਇਹ ਲੋਕਾਂ ਵਿਚ ਕਾਫ਼ੀ ਹਰਮਨ ਪਿਆਰੇ ਸਨ।

ਸੂਫ਼ੀਆਂ ਦਾ ਇਕ ਹੋਰ ਟੋਲਾ ਕਲੰਦਰਾਂ ਦਾ ਸੀ ਜਿਨ੍ਹਾਂ ਦਾ ਮੁੱਖ ਟਿਕਾਣਾ ਪਾਨੀਪਤ ਵਿਚ ਸੀ। ਇਸ ਟੋਲੇ ਦਾ ਕੁਝ ਕੁਝ ਚਿਸ਼ਤੀਆਂ ਨਾਲ ਵੀ ਸੰਬੰਧ ਸੀ। ਇਸ ਫਿਰਕੇ ਵਿਚੋਂ ਸ਼ਰਫੁਦੀਨ-ਬੂਅਲੀ-ਕਲੰਦਰ ਹੋਏ ਜਿਨ੍ਹਾਂ ਨੂੰ ਕਾਫ਼ੀ ਪ੍ਰਸਿੱਧੀ ਪ੍ਰਾਪਤ ਹੋਈ।

ਇਨ੍ਹਾਂ ਤੋਂ ਇਲਾਵਾ ਸੂਫੀਆਂ ਦਾ ਇਕ ਹੋਰ ਟੋਲਾ 'ਸੁਹਾਰਾਵਰਦੀਆਂ' ਦਾ ਸੀ। ਇਸ ਫ਼ਿਰਕੇ ਦਾ ਪ੍ਰਸਿੱਧ ਫ਼ਕੀਰ ਮੀਰਾਂ ਸ਼ਾਹ ਮੁਲਤਾਨ ਅਤੇ ਲਾਹੌਰ ਦੇ ਇਲਾਕੇ ਵਿਚ ਕਾਫ਼ੀ ਪ੍ਰਸਿੱਧ ਸੀ। ਇਸ ਟੋਲੇ ਨੂੰ ਬਾਦਸ਼ਾਹ ਦੀ ਹਮਾਇਤ ਵੀ ਪ੍ਰਾਪਤ ਸੀ।

ਸੋ ਇਉਂ, ਭਾਰਤ ਅਤੇ ਵਿਸ਼ੇਸ਼ ਕਰ ਪੰਜਾਬ ਵਿਚ ਇਸ ਸਮੇਂ ਸੂਫ਼ੀ ਫ਼ਕੀਰਾਂ ਦੇ ਇਨ੍ਹਾਂ ਵੱਖ ਵੱਖ ਫਿਰਕਿਆਂ ਦਾ ਕਾਫ਼ੀ ਪ੍ਰਭਾਵ ਸੀ। ਇਨ੍ਹਾਂ ਫ਼ਕੀਰਾਂ ਨੇ ਲੋਕਾਂ ਦੇ ਧਾਰਮਕ ਜੀਵਨ ਅਤੇ ਸੋਚਣੀ ਉਤੇ ਡੂੰਘਾ ਪ੍ਰਭਾਵ ਪਾਇਆ। ਸ਼ਰੀਅਤ ਨੂੰ ਅਪਣਾਉਣ ਵਾਲੀ ਕੱਟੜਤਾ ਕਿਸੇ ਹੱਦ ਤੱਕ ਘੱਟ ਰਹੀ ਸੀ। ਸ਼ਾਹ ਹੁਸੈਨ ਵਰਗੇ ਸੂਫ਼ੀ ਸ਼ਰੀਅਤ ਦੀਆਂ ਪਾਬੰਦੀਆਂ ਤੋਂ ਉਪਰ ਉੱਠ ਕੇ ਰੱਬੀ ਪਿਆਰ ਦੀ ਗੱਲ ਖੁੱਲੇ ਸ਼ਬਦਾਂ ਵਿਚ ਕਰ ਰਹੇ ਸਨ। ਸਰਕਾਰੀ ਧਰਮ ਇਸਲਾਮ ਹੋਣ ਕਾਰਨ

ਇਨ੍ਹਾਂ ਦਿਨਾਂ ਸੂਫ਼ੀ ਫ਼ਕੀਰਾਂ ਦਾ ਸਰਕਾਰੇ ਦਰਬਾਰੇ ਅਤੇ ਮੁਸਲਮਾਨੀ ਸਮਾਜ ਵਿਚ ਚੰਗੀ ਇੱਜ਼ਤ ਸੀ। ਪੰਜਾਬ ਵਿਚ ਇਸ ਸਮੇਂ ਸਖੀਸਰਵਰੀਆਂ ਦਾ ਪ੍ਰਚਾਰ ਵੀ ਵਧ ਰਿਹਾ ਸੀ। ਜੋ ਹਿੰਦੂਆਂ ਨੂੰ ਮੁਸਲਮਾਨੀ ਧਰਮ ਵੱਲ ਖਿੱਚ ਰਹੇ ਸਨ।

ਮੁਸਲਮਾਨਾਂ ਤੋਂ ਇਲਾਵਾ ਦੂਜਾ ਮੁੱਖ ਸ੍ਰੇਣੀ ਹਿੰਦੂਆਂ ਦਾ ਸੀ। ਹਿੰਦੂ ਧਰਮ ਦੇ ਉਪਾਸ਼ਕ ਇਕ ਪ੍ਰਭੂ ਦੀ ਭਗਤੀ ਦੀ ਥਾਂ ਅਵਤਾਰ ਪੂਜਾ ਵਿਚ ਵਿਸ਼ਵਾਸ ਰੱਖਦੇ ਸਨ। ਇਸ਼ਟ ਦੀਆਂ ਕਈ ਵੰਡੀਆਂ ਪੈ ਚੁਕੀਆਂ ਸਨ। ਲੋਕ ਇਕ ਨਹੀਂ ਸਗੋਂ ਅਨੇਕਾਂ ਦੇਵੀ ਦੇਵਤਿਆਂ ਦੇ ਪੁਜਾਰੀ ਸਨ। ਇਨ੍ਹਾਂ ਬੁੱਤ-ਪੂਜਾ, ਵਰਤ, ਗੰਗਾ-ਇਸ਼ਨਾਨ, ਤੀਰਥ-ਯਾਤਰਾ, ਦਾਨ ਦੇ ਗਊ ਦੀ ਸੇਵਾ ਵਰਗੇ ਅਨੇਕ ਕਰਮਾਂ ਨੂੰ ਸਾਧਾਰਨ ਜੀਵਨ ਦਾ ਅੰਗ ਮੰਨ ਕੇ ਜੀਵਨ ਨੂੰ ਤਾਂ ਇਕ ਗੁੰਝਲ ਹੀ ਬਣਾ ਦਿੱਤਾ ਸੀ। ਪੜ੍ਹੇ-ਲਿਖੇ ਅਤੇ ਚਲਾਕ ਬ੍ਰਾਹਮਣ ਸਾਧਾਰਣ ਜਨਤਾ ਦੇ ਅਗਿਆਨ ਤੋਂ ਲਾਭ ਉਠਾਉਂਦਿਆਂ ਉਨ੍ਹਾਂ ਨੂੰ ਜਾਤ ਪਾਤ, ਛੂਤ ਛਾਤ ਅਤੇ ਵਹਿਮਾਂ ਭਰਮਾਂ ਦੇ ਜਾਲ ਵਿਚ ਫਸਾ ਕੇ ਅਯੋਗ ਲਾਭ ਉਠਾ ਰਹੇ ਸਨ।

ਹਿੰਦੂ ਧਾਰਮਕ ਸਮਾਜ ਵਿਚ ਦੇਵੀ ਦੇਵਤਿਆਂ ਦੀ ਪੂਜਾ ਕਰਨ ਵਾਲਿਆਂ ਤੋਂ ਇਲਾਵਾ, ਕੁਝ ਹੋਰ ਵੀ ਮਹੱਤ੍ਵਪੂਰਨ ਧਾਰਮਕ ਸੰਪ੍ਰਦਾਵਾਂ ਵੀ ਚਲ ਰਹੀਆਂ ਸਨ। ਇਨ੍ਹਾਂ ਵਿਚੋਂ ਜੋਗੀ ਅਤੇ ਸੰਨਿਆਸੀ ਆਪਣਾ ਵਿਸ਼ੇਸ਼ ਥਾਂ ਰੱਖਦੇ ਸਨ। ਇਨ੍ਹਾਂ ਦੇ ਗੁਰੂ, ਗੋਰਖ ਨਾਥ, ਦਾ ਮੁਖ ਅਸਥਾਨ ਟਿੱਲਾ ਬਾਲ ਨਾਥ ਸੀ। ਆਦਿ ਨਾਥ ਨਾਲ ਆਰੰਭ ਹੋਈ ਜੋਗੀ ਸੰਪ੍ਰਦਾਇ ਨੇ ਪੰਜਾਬ ਨੂੰ ਕਾਫ਼ੀ ਪ੍ਰਭਾਵਿਤ ਕੀਤਾ ਪਰ ਇਸ ਸਮੇਂ ਪੰਜਾਬ ਵਿਚ ਇਨ੍ਹਾਂ ਦਾ ਕਾਫ਼ੀ ਘੱਟ ਜ਼ੋਰ ਸੀ। ਇਸ ਸਮੇਂ ਸੰਨਿਆਸੀਆਂ ਦੀਆਂ ਦਸ[8] ਅਤੇ ਜੋਗੀਆਂ ਦੀਆਂ ਬਾਰਾਂ[9] ਸ੍ਰੇਣੀਆਂ ਬਣ ਗਈਆਂ ਸਨ। ਇਹੋ ਲੋਕ ਗ੍ਰਿਹਸਤੀ ਜੀਵਨ ਤਿਆਗ ਕੇ ਜੰਗਲਾਂ ਵਿਚ ਰਹਿੰਦੇ ਅਤੇ ਤਪ ਤੇ ਵਿਸ਼ੇਸ਼ ਸਾਧਨਾਂ ਨਾਲ ਸਰੀਰ ਨੂੰ ਸਾਧ ਕੇ, ਮਨ ਜਿੱਤਣ ਵਿਚ ਵਿਸ਼ਵਾਸ ਰੱਖਦੇ ਸਨ। ਜੋਗੀ, ਖਿੰਥਾ, ਝੋਲੀ, ਡੰਡਾ, ਫ਼ੁਹਾਰੀ, ਬਿਭੂਤੀ, ਧੂਣੀ, ਤਾੜੀ ਅਤੇ ਮੁੰਦਰਾਂ ਆਦਿ ਦੇ ਭੇਖ ਵਿਚ ਫਸੇ ਹੋਏ ਸਨ। ਇਹ ਲੋਕ ਚੁਰਾਸੀ ਆਸਣਾਂ ਦੇ ਉਸਤਾਦ ਬਣ ਕੇ ਵੀ, ਆਤਮਕ ਬਲ ਦੀ ਸੂਝ ਤੋਂ ਵਿਹੂਣੇ ਹੀ ਫਿਰ ਰਹੇ ਸਨ ਜਿਸ ਕਾਰਨ ਇਨ੍ਹਾਂ ਦਾ ਪ੍ਰਭਾਵ ਵੀ ਖ਼ਤਮ ਹੋ ਰਿਹਾ ਸੀ।

8. ਦਸ ਪ੍ਰਕਾਰ ਦੇ ਸੰਨਿਆਸੀ: ਤੀਰਥ, ਆਸ਼ਰਮ, ਬਨ, ਆਰਣਯ, ਗਿਰੀ, ਪਰਬਤ, ਸਾਗਰ, ਸਰਸਵਤੀ, ਭਾਰਤੀ ਅਤੇ ਪੁਰੀ।

9. ਬਾਰਾਂ ਪ੍ਰਕਾਰ ਦੇ ਜੋਗੀ ਪੰਥ, ਹੇਤੂ ਪੰਥ, ਪਾਵ ਪੰਥ, ਆਈ ਪੰਥ, ਗਮਯ ਪੰਥ, ਪਾਗਲ ਪੰਥ, ਗੋਪਾਲ ਪੰਥ, ਕੰਬਰੀ ਪੰਥ, ਬਨ ਪੰਥ, ਧ੍ਵਜ ਪੰਥ, ਗਲਵ ਪੰਥ ਅਤੇ ਦਾਸ ਪੰਥ।

ਸੋ ਅਜਿਹੇ ਉਲਝੇ ਹੋਏ ਧਾਰਮਕ ਅਤੇ ਸਮਾਜਕ ਜੀਵਨ ਨੂੰ ਨਵੀਂ ਸੇਧ ਦੇਣ ਲਈ ਹੀ ਗੁਰੂ ਅਰਜਨ ਸਾਹਿਬ ਵਲੋਂ ਗੁਰੂ ਨਾਨਕ ਦੇ ਚਲਾਏ ਮਤ ਦਾ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਚਾਰ ਕੀਤਾ ਜਾ ਰਿਹਾ ਸੀ। ਬੇਲੋੜੀਆਂ ਰੀਤਾਂ, ਰਿਵਾਜਾਂ ਤੇ ਧਾਰਮਕ ਕਰਮਕਾਂਡਾਂ ਨਾਲ ਬੋਝਲ ਹੋਏ ਜੀਵਨ ਤੋਂ ਤੰਗ ਆਏ ਅਣਗਿਣਤ ਲੋਕਾਂ ਨੇ ਇਸ ਨਵੇਂ ਮਾਰਗ ਨੂੰ ਅਪਨਾਉਣਾ ਸ਼ੁਰੂ ਕਰ ਦਿੱਤਾ ਸੀ।

ਗੁਰੂ ਸਾਹਿਬ ਵਲੋਂ ਨਗਰਾਂ ਅਤੇ ਸਰੋਵਰਾਂ ਦੀ ਉਸਾਰੀ ਤੇ ਤਿਆਰੀ ਕਰਵਾਈ ਜਾਣ ਦੇ ਨਾਲ ਨਾਲ ਸਿੱਖਾਂ ਵਿਚੋਂ ਦਸਵੰਧ ਇਕੱਤਰ ਕਰਨ ਦਾ ਕੰਮ ਵੀ ਨੇਮਬਧ ਕੀਤਾ ਗਿਆ। ਸਿੱਖ ਧਰਮ ਦੇ ਸ਼ਰਧਾਲੂ ਪੰਜਾਬ ਅਤੇ ਭਾਰਤ ਦੇ ਦੂਰ ਨੇੜੇ ਦੇ ਇਲਾਕਿਆਂ ਤੋਂ ਇਕੱਠੇ ਹੋ ਕੇ ਗੁਰਪੁਰਬ ਦੇ ਅਵਸਰ ਤੇ ਅੰਮ੍ਰਿਤਸਰ ਪਹੁੰਚਦੇ। ਆਪਣੀ ਸ਼ਰਧਾ ਅਨੁਸਾਰ, ਇਹ ਗੁਰੂ ਭਗਤ, ਰਸਦ, ਮਾਇਆ, ਸੁੰਦਰ ਕੀਮਤੀ ਬਸਤਰ ਅਤੇ ਅਨੇਕਾਂ ਹੋਰ ਲੋੜੀਂਦੀਆਂ ਵਸਤਾਂ ਲਿਆ ਕੇ ਗੁਰੂ ਦੀ ਭੇਟਾ ਕਰਦੇ। ਗੁਰੂ ਸਾਹਿਬਾਂ ਵਲੋਂ ਧਰਮ ਪ੍ਰਚਾਰ ਲਈ ਥਾਪੀਆਂ ਗਈਆਂ 22 ਮੰਜੀਆਂ ਤੋਂ ਇਕੱਤਰ ਹੋਣ ਵਾਲੀ ਮਾਇਆ, ਗੁਰੂ ਘਰ ਵਿਚ ਆਉਣ ਵਾਲੀਆਂ ਸੰਗਤਾਂ ਲਈ ਰਿਹਾਇਸ਼ ਅਤੇ ਲੰਗਰ ਆਦਿ ਦੇ ਪ੍ਰਬੰਧ ਲਈ ਵਰਤੀ ਜਾਂਦੀ।

ਗੁਰੂ ਅਰਜਨ ਦੇਵ ਨੇ ਸਿੱਖਾਂ ਦੀ ਅਧਿਆਤਮਕ ਲੋੜ ਨੂੰ ਮੁੱਖ ਰੱਖਕੇ ਬਾਣੀ ਨੂੰ ਸ਼ੁੱਧ ਰੂਪ ਵਿਚ ਇਕੱਤਰ ਕਰਨ ਦੇ ਉਦੇਸ਼ ਨਾਲ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਸੰਪਾਦਨਾ ਦਾ ਕੰਮ ਆਰੰਭ ਕੀਤਾ ਜੋ 1604 ਈ: ਵਿਚ ਸੰਪੂਰਨ ਹੋਇਆ। ਇਉਂ ਸਾਰੇ ਗੁਰੂਆਂ ਅਤੇ ਨਿਰਗੁਣ ਧਾਰਾ ਦੇ ਪ੍ਰਮੁੱਖ ਭਗਤਾਂ ਦੀ ਬਾਣੀ ਇਕੱਤਰ ਹੋ ਕੇ ਸੰਗਤਾਂ ਸਾਹਮਣੇ ਆਈ। ਇਹ ਮਹਾਨ 'ਗ੍ਰੰਥ' ਬਾਕੀ ਧਰਮਾਂ ਦੇ ਧਰਮ ਗ੍ਰੰਥਾਂ ਦੇ ਮੁਕਾਬਲੇ ਤੇ, ਅਧਿਆਤਮਕ ਖੇਤਰ ਵਿਚਲੀ ਅਗਵਾਈ ਲਈ ਇਕ ਚਾਨਣ ਮੁਨਾਰੇ ਦੇ ਰੂਪ ਵਿਚ, ਸਤਿਕਾਰ ਦੀਆਂ ਨਜ਼ਰਾਂ ਨਾਲ ਦੇਖਿਆ ਜਾਣ ਲੱਗਾ। 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਮਹਾਨਤਾ ਅਤੇ ਇਸ ਰਾਹੀਂ ਲੋਕਾਂ ਨੂੰ ਦਿੱਤੀ ਮਹਾਨ ਅਗਵਾਈ ਦਾ ਜਾਇਜ਼ਾ ਲੈਂਦਿਆਂ, ਪ੍ਰਸਿੱਧ ਇਤਿਹਾਸਕਾਰ, ਡਾ: ਗੋਕਲਚੰਦ ਨਾਰੰਗ, ਵੀ ਠੀਕ ਹੀ ਲਿਖਦਾ ਹੈ ਕਿ "ਪੰਜਾਬ ਵਿਚ ਸਿੱਖਾਂ ਨੂੰ 'ਗ੍ਰੰਥ ਸਾਹਿਬ' ਨੇ ਅਧਿਆਤਮਕ ਪਤਨ ਤੋਂ ਇਉਂ ਬਚਾਇਆ ਜਿਵੇਂ ਉੱਤਰ ਪ੍ਰਦੇਸ਼ ਵਿਚ ਹਿੰਦੂਆਂ ਨੂੰ ਤੁਲਸੀ ਦਾਸ ਦੀ 'ਰਮਾਇਣ' ਨੇ ਇਕ ਧਾਰਮਕ ਗਿਰਾਵਟ ਤੋਂ ਬਚਾਇਆ।"[10]

ਸੋ ਸਚ ਤਾਂ ਇਹ ਹੈ ਕਿ ਸਮੁੱਚਾ ਪੰਜਾਬ ਹੀ ਗੁਰੂ ਨਾਨਕ ਦਾ ਹੋ ਚੁੱਕਾ ਸੀ ਅਤੇ ਸਿੱਖ ਧਰਮ ਪੰਜਾਬ ਵਿਚ, ਇਸਲਾਮ ਲਈ ਵੰਗਾਰ ਬਣ ਗਿਆ ਸੀ। ਸਿੱਖ ਧਰਮ ਦੇ ਇਕ ਸ਼ਕਤੀਸ਼ਾਲੀ

10. 'Transformation of Sikhism', ed.II, p-xiii (Preface).

ਰਾਜਨੀਤਕ ਤਾਕਤ ਵਿਚ ਤਬਦੀਲ ਹੋਣ ਜਾਣ ਦੇ ਡਰ ਕਾਰਨ ਹੀ ਮੁਗਲ ਬਾਦਸ਼ਾਹਾਂ ਅਤੇ ਉਨ੍ਹਾਂ ਦੀ ਸਰਕਾਰ ਨੇ ਸਿੱਖ ਗੁਰੂਆਂ ਅਤੇ ਅਨੁਆਈਆਂ ਦੀ ਹਸਤੀ ਮਿਟਾਉਣ ਦਾ ਵਿਚਾਰ ਬਣਾ ਕੇ ਉਨ੍ਹਾਂ ਉਤੇ ਘੋਰ ਜ਼ੁਲਮ ਕੀਤਾ। ਇਸੇ ਲਈ ਅਕਬਰ ਤੋਂ ਮਗਰੋਂ ਆਏ ਬਾਦਸ਼ਾਹਾਂ ਵਲੋਂ ਸਖਤੀ ਤੇ ਤੰਗ-ਦਿਲੀ ਨਾਲ ਕੀਤੇ ਪ੍ਰਚਾਰ ਨਾਲ ਸਮਾਜ ਵਿਚ ਨਫ਼ਰਤ ਦੀ ਭਾਵਨਾ ਮੁੜ ਫੈਲਣ ਲਗ ਪਈ ਸੀ।

ਸੋ ਇਉਂ, ਪੰਜਾਬ ਵਿਚ ਉਪਜੀ ਅਜਿਹੀ ਧਾਰਮਕ ਸੰਕਟ ਦੀ ਸਥਿਤੀ ਵਿਚ ਮਿਹਰਵਾਨ ਨੇ ਜਿਥੇ ਇਕ ਪਾਸੇ ਗੁਰੂ ਨਾਨਕ ਫਲਸਫੇ ਤੋਂ ਪ੍ਰਭਾਵਿਤ ਹੋ ਕੇ ਗੁਰੂਆਂ ਦੀਆਂ ਜੀਵਨੀਆਂ ਅਤੇ ਨਾਨਕ ਬਾਣੀ ਦੇ ਪਰਮਾਰਥ ਪੇਸ਼ ਕੀਤੇ, ਉਥੇ ਹਿੰਦੂ ਸਮਾਜ ਦੀ ਹਮਦਰਦੀ ਜਿੱਤਣ ਲਈ ਭਗਤਾਂ ਦੀਆਂ ਜੀਵਨ ਕਥਾਵਾਂ ਲਿਖਕੇ ਉਨ੍ਹਾਂ ਰਾਹੀਂ ਬ੍ਰਾਹਮਣੀ ਸਰਦਾਰੀ ਕਾਇਮ ਰੱਖਣ ਦਾ ਯਤਨ ਵੀ ਕੀਤਾ। ਗੁਰੂ ਅਰਜਨ ਦੀ ਸ਼ਹੀਦੀ ਅਤੇ ਗੁਰੂ ਹਰਿਗੋਬਿੰਦ ਦੀ ਗ੍ਰਿਫ਼ਤਾਰੀ ਤੋਂ ਤ੍ਰਹ ਕੇ, ਹਾਕਮ ਸ਼੍ਰੇਣੀ ਦਾ ਵਿਸ਼ਵਾਸ਼ ਪ੍ਰਾਪਤ ਕਰਨ ਲਈ ਉਸ ਨੇ ਹਜ਼ਰਤ ਮੁਹੰਮਦ ਸਾਹਿਬ ਅਤੇ ਹੋਰਾਂ ਮੁਸਲਮਾਨ ਪੀਰਾਂ ਫ਼ਕੀਰਾਂ ਦੀਆਂ ਵਾਰਾਂ, ਗੋਸ਼ਟਾਂ ਅਤੇ ਮਸਲੇ ਲਿਖਣੇ ਸ਼ੁਰੂ ਕਰ ਦਿੱਤੇ, ਜਿਨ੍ਹਾਂ ਦਾ ਵਿਸਤ੍ਰਿਤ ਜ਼ਿਕਰ ਅਗੇ ਚਲ ਕੇ ਕੀਤਾ ਜਾਏਗਾ।

ਸਮੁੱਚੇ ਤੌਰ ਤੇ ਪੰਜਾਬ ਵਿਚ ਉਪਜੀ ਇਹ ਧਾਰਮਕ ਲਹਿਰ ਸਿੱਖ ਧਰਮ ਦੇ ਰੂਪ ਵਿਚ ਉਘੱੜ ਕੇ ਸਾਹਮਣੇ ਆਈ ਅਤੇ ਸਦੀਵੀ ਤੌਰ ਤੇ ਪੱਕੇ ਪੈਰੀਂ ਖੜਾ ਹੋ ਗਈ। ਇਸ ਦੇ ਮੁਕਾਬਲੇ ਮਨਿਆਂ ਸਮੇਤ ਬਾਕੀ ਦੀਆਂ ਭਗਤੀ-ਸੰਪ੍ਰਦਾਵਾਂ ਹਿੰਦੂ ਮਿਥਿਹਾਸ ਨਾਲ ਜੁੜੀਆਂ ਰਹਿਣ ਕਾਰਨ ਕੁਝ ਪ੍ਰਾਪਤੀਆਂ ਤੋਂ ਬਾਅਦ ਛੇਤੀ ਹੀ ਮੁੜ ਹਿੰਦੂ ਮਤ ਵਿਚ ਜਜ਼ਬ ਹੋ ਗਈਆਂ। ਇਸੇ ਲਈ ਪ੍ਰੋ: ਇੰਦੂ ਭੂਸ਼ਨ ਬੈਨਰਜੀ ਦਾ ਇਹ ਸਿੱਟਾ ਠੀਕ ਹੀ ਹੈ ਕਿ 'ਭਗਤੀ ਮਤ ਹੋਰ ਪ੍ਰਾਂਤਾਂ ਵਿਚ ਕੁਝ ਲਾਭਦਾਇਕ ਨਤੀਜੇ ਪ੍ਰਾਪਤ ਕਰਕੇ ਕੁਝ ਚਿਰ ਪਿੱਛੋਂ ਰਹੱਸਵਾਦੀ ਸੰਪ੍ਰਦਾਵਾਂ ਦੇ ਰੂਪ ਵਿਚ ਗੁੰਮ ਸੁੰਮ ਹੋ ਗਿਆ, ਪਰ ਸਿੱਖ ਧਰਮ ਨੇ ਪੈਂਤੜਾ ਬਦਲ ਲਿਆ ਅਤੇ ਅੰਤ ਵਿਚ ਇਹ ਇਕ ਸੰਤ ਸਿਪਾਹੀਆਂ ਦੀ ਧੜਲੇਦਾਰ ਕ਼ੌਮ ਦੇ ਰੂਪ ਵਿਚ ਪ੍ਰਗਟ ਹੋਇਆ।[11]

4. <u>ਸਾਹਿਤੱਕ ਸਥਿਤੀ</u>

(ੳ) <u>ਪੂਰਵ ਮਿਹਰਵਾਨ ਸਾਹਿੱਤ</u>:

ਹਰ ਭਾਸ਼ਾ ਦੇ ਸਾਹਿੱਤਕ ਵਿਕਾਸ ਸੰਬੰਧੀ ਲਗਭਗ ਇਹ ਵਿਸ਼ਵਾਸ਼ ਦ੍ਰਿੜ ਹੈ ਕਿ <u>ਸਾਹਿੱਤ ਵਿਚ ਪਹਿਲਾਂ ਕਾਵਿ ਅਤੇ ਮਗਰੋਂ ਵਾਰਤਕ ਰੂਪ ਨੇ ਜਨਮ ਲਿਆ। ਪੰਜਾਬੀ ਸਾਹਿੱਤ ਦੇ</u>

11. 'Evolation of the Khalsa', Vol II, p-116.

ਪ੍ਰਾਪਤ ਪੁਰਾਤਨ ਨਮੂਨਿਆਂ ਤੋਂ ਵੀ ਇਹੋ ਵਿਸ਼ਵਾਸ਼ ਬਝਦਾ ਹੈ। ਪਰ ਡਾ: ਮੋਹਨ ਸਿੰਘ ਦੇ ਵਿਸ਼ਵਾਸ਼ ਅਨੁਸਾਰ "ਪਲੀ ਅਤੇ ਪ੍ਰਾਕ੍ਰਿਤ ਵਿਚ ਮਿਲਦੇ ਪੁਰਾਤਨ ਵਾਰਤਕ ਨਮੂਨਿਆਂ ਤੋਂ ਇਹ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਪੰਜਾਬੀ ਵਾਰਤਕ ਵੀ ਕਵਿਤਾ ਦੇ ਨਾਲ ਹੀ ਹੋਂਦ ਵਿਚ ਆ ਚੁਕੀ ਸੀ।"[12]

ਡਾ: ਤਿਰਲੋਚਨ ਸਿੰਘ ਬੇਦੀ ਨੇ 'ਏਕਾਦਸੀ ਮਹਾਤਮ' ਨਾਂ ਦੀ ਇਕ ਵਾਰਤਕ ਰਚਨਾ ਨੂੰ 13ਵੀਂ - 14ਵੀਂ ਸਦੀ ਦੀ ਰਚਨਾ ਸਾਬਤ ਕਰਨ ਦਾ ਯਤਨ ਕੀਤਾ ਹੈ।[13] ਪਰ ਉਨ੍ਹਾਂ ਦੀ ਖੋਜ ਸ਼ੰਕਾ ਜਨਕ ਹੈ ਕਿਉਂਕਿ ਇਸ ਰਚਨਾ ਦੀ ਲਿਖੀ ਡੋਗਰੀ ਪ੍ਰਤੀਤ ਹੁੰਦੀ ਹੈ ਜਿਸ ਲਈ ਅਸੀਂ ਇਸ ਨੂੰ ਇਤਨੀ ਪੁਰਾਤਨ ਪ੍ਰਵਾਨ ਨਹੀਂ ਕਰ ਸਕਦੇ। ਇਸ ਤੋਂ ਬਾਅਦ ਪੰਜਾਬੀ ਗੱਦ 16ਵੀਂ ਸਦੀ ਦੇ ਅੰਤ ਵਿਚ ਜਨਮਸਾਖੀਆਂ ਜਾਂ ਗੋਸ਼ਟਾਂ ਦੇ ਰੂਪ ਵਿਚ ਹੀ ਪ੍ਰਾਪਤ ਹੁੰਦੀ ਹੈ। ਪ੍ਰਾਪਤ ਗੱਦ ਦੀ ਪੱਕੀ ਰਸੀ ਬੋਲੀ ਅਤੇ ਸ਼ੈਲੀ ਨੂੰ ਦੇਖਦਿਆਂ ਡਾ: ਮੋਹਨ ਸਿੰਘ ਦਾ ਇਸ ਪਿਛੇ ਚਾਲੂ ਇਕ ਲੰਮੀ ਪਰੰਪਰਾ ਨੂੰ ਦੇਖਣਾ ਠੀਕ ਹੀ ਹੈ।

ਅਸਲ ਵਿਚ ਮਹਾਂ ਪੁਰਸ਼ਾਂ, ਗੁਰੂਆਂ ਅਤੇ ਪੀਰਾਂ ਫ਼ਕੀਰਾਂ ਦੀਆਂ ਜੀਵਨ ਘਟਨਾਵਾਂ ਨੂੰ ਸੰਭਾਲਣ ਅਤੇ ਉਨ੍ਹਾਂ ਦੇ ਡੂੰਘੇ ਅਧਿਆਤਮਕ ਤੇ ਦਾਰਸ਼ਨਿਕ ਵਿਚਾਰਾਂ ਦੀ ਵਿਆਖਿਆ ਦੀ ਲੋੜ ਨੇ ਹੀ ਜਨਮਸਾਖੀਆਂ ਅਤੇ ਗੋਸ਼ਟਾਂ ਨੂੰ ਜਨਮ ਦਿੱਤਾ।

ਪਲੀ ਭਾਸ਼ਾ ਵਿਚ ਵੀ 'ਜਾਤਕ ਸਾਹਿੱਤ' ਮਹਾਤਮਾ ਬੁੱਧ ਦੀਆਂ ਸਾਖੀਆਂ ਨਾਲ ਭਰਪੂਰ ਹੈ। ਸੰਸਕ੍ਰਿਤ ਸਾਹਿੱਤ ਵਿਚ ਵੀ ਪਹਿਲੀ ਜਾਂ ਦੂਜੀ ਈਸਵੀ ਵਿਚ ਰਚੀਆਂ ਗਈਆਂ 'ਅਵਦਾਨ ਸੂਤਕ' ਅਤੇ 'ਲਲਿਤ ਵਿਸਤਰ' ਨਾਂ ਦੀਆਂ ਦੋ ਜੀਵਨੀਆਂ ਮਿਲਦੀਆਂ ਹਨ ਜਿਨ੍ਹਾਂ ਵਿਚ ਮਹਾਤਮਾ ਬੁੱਧ ਦੀਆਂ ਜੀਵਨ ਕਥਾਵਾਂ ਪੇਸ਼ ਕੀਤੀਆਂ ਗਈਆਂ ਹਨ।[14]

ਮਿਹਰਵਾਨ ਤੋਂ ਪਹਿਲਾਂ ਅਤੇ ਉਨ੍ਹਾਂ ਦੇ ਸਮੇਂ ਗੁਰੂ ਨਾਨਕ ਸਾਹਿਬ ਦੀਆਂ ਸਾਖੀਆਂ ਜਾਂ ਗੋਸ਼ਟਾਂ ਕਿਸੇ ਸੰਗ੍ਰਹਿ ਜਾਂ ਪੁਸਤਕ ਰੂਪ ਵਿਚ ਨਹੀਂ ਸਗੋਂ ਵਿਕੋਲਿਤਰੇ ਰੂਪ ਵਿਚ ਹੀ ਮਿਲਦੀਆਂ ਸਨ। ਅਸਲ ਵਿਚ ਇਨ੍ਹਾਂ ਦੇ ਰਚੇ ਜਾਣ ਦੀ ਇਕਾਈ (unit) ਇਕ ਜਾਂ ਇਕ ਦੂਜੇ ਨਾਲ ਰਲਦੀਆਂ ਮਿਲਦੀਆਂ ਇਕ ਦੋ ਗੋਸ਼ਟਾਂ ਹੀ ਸਨ। ਇਉਂ ਇਹ ਟਿਕੜ ਟੁਕੜ ਗੋਸ਼ਟਾਂ ਸਿੱਖ ਸੰਗਤਾਂ ਵਿਚ ਬਦਲੇ ਜਾਂ ਅਣਬਦਲੇ ਰੂਪ ਵਿਚ ਰਲਦੀਆਂ ਰਹਿੰਦੀਆਂ ਤੇ ਇਨ੍ਹਾਂ ਦੁਆਲੇ ਹੋਰ ਹੋਰ ਉਸਾਰੀ ਹੁੰਦੀ ਰਹਿੰਦੀ

12. Mohan Singh, Dr., 'A History of Panjabi Literature', edIII, p-85.
13. 'ਪੰਜਾਬੀ ਵਾਰਤਕ ਦਾ ਆਲੋਚਨਾਤਮਕ ਅਧਿਐਨ'; ਪੰਨਾ 21.
14. ਪਿਆਰ ਸਿੰਘ, ਡਾ:, "ਜਨਮਸਾਖੀ ਅਤੇ ਅਵਦਾਨ ਪਰੰਪਰਾ," 'ਤ੍ਰਿੰਨ ਖੋਜ-ਪੱਤਰ,' ਪੰਜਾਬੀ ਯੂਨੀਵਰਸਿਟੀ, ਪਟਿਆਲਾ, 1970, ਪੰਨਾ 2-3.

ਸੀ। ਇਹ ਸਾਖੀਆਂ ਜਾਂ ਗੋਸ਼ਟਾਂ ਵਿਕੋਲਿਤਰੇ ਰੂਪ ਵਿਚ ਸਿੱਖੀ ਦੇ ਕੇਂਦਰਾਂ ਤੇ ਚਲਦੀਆਂ ਰਹਿੰਦੀਆਂ ਅਤੇ ਇਨ੍ਹਾਂ ਦੀਆਂ ਨਕਲਾਂ ਤੇ ਸੰਗ੍ਰਹਿ ਬਣਦੇ ਰਹਿੰਦੇ ਜਿਸ ਦੇ ਫਲਸਰੂਪ ਇਨ੍ਹਾਂ ਦੀ ਤਰਤੀਬ ਅਤੇ ਸਾਖੀਆਂ ਦੇ ਪਾਠ ਵਿਚ ਸਹਿ ਸੁਭਾ ਹੀ ਅੰਤਰ ਆ ਜਾਂਦਾ। ਸੋ ਇਉਂ, ਸਾਖੀਆਂ ਦੀ ਹੋ ਰਹੀ ਉਸਾਰੀ ਦੇ ਫਲਸਰੂਪ ਹੀ ਸਮਾਂ ਪਾ ਕੇ ਕੁਝ ਸਪਸ਼ਟ ਪਰੰਪਰਾਵਾਂ ਹੋਂਦ ਵਿਚ ਆਈਆਂ ਜਿਨ੍ਹਾਂ ਨੂੰ ਜਨਮਸਾਖੀ ਖੇਤਰ ਵਿਚ ਕੰਮ ਕਰ ਰਹੇ ਵਿਦਵਾਨਾਂ ਨੇ ਹੇਠ ਲਿਖੇ ਨਾਂ ਦਿੱਤੇ ਹਨ:-

ੳ) ਪੁਰਾਤਨ ਜਨਮਸਾਖੀ

ਅ) ਆਦਿ ਸਾਖੀਆਂ

ੲ) ਮਿਹਰਵਾਨ ਜਨਮਸਾਖੀ

ਸ) ਭਾਈ ਬਾਲਾ ਜਨਮਸਾਖੀ

ਹ) ਭਾਈ ਮਨੀ ਸਿੰਘ ਦੇ ਨਾਂ ਨਾਲ ਜੁੜੀ ਜਨਮਸਾਖੀ[15]

ਇਸ ਖੇਤਰ ਦੇ ਪ੍ਰਸਿੱਧ ਵਿਦਵਾਨ ਡਾ: ਪਿਆਰ ਸਿੰਘ ਨੇ ਇਸ ਸੰਬੰਧ ਵਿਚ 'ਪਰੰਪਰਾ' ਦੀ ਵਰਤੋਂ ਕੀਤੀ ਹੈ। 'ਪਰੰਪਰਾ' ਤੋਂ ਭਾਵ ਕਿਸੇ ਸਾਖੀ ਵਿਚਲੀ ਕਹਾਣੀ ਦਾ ਵਿਕਾਸ' ਜਾਂ 'ਸਾਖੀ ਦੀ ਘਾੜਤ' ਪ੍ਰਤੀਤ ਹੁੰਦੀ ਹੈ। ਭਾਵ ਸਭ ਤੋਂ ਪਹਿਲਾਂ ਕਿਸੇ ਗੋਸ਼ਟ ਦਾ ਜੋ ਢਾਂਚਾ ਤਿਆਰ ਹੋਇਆ ਫਿਰ ਉਸ ਉਤੇ ਹੌਲੀ ਹੌਲੀ ਤੇ ਖਾਸ ਢੰਗ ਨਾਲ ਜੋ ਉਸਾਰੀ ਹੋਈ ਅਤੇ ਇਸ ਉਸਾਰੀ ਲਈ ਜੋ ਮੁਹਾਵਰਾ ਵਰਤਿਆ ਗਿਆ, ਉਸ ਨੇ ਵਿਸ਼ੇਸ਼ ਪਰੰਪਰਾ ਨੂੰ ਜਨਮ ਦਿੱਤਾ। ਇਹ ਗੋਸ਼ਟਾਂ ਵਿਕੋਲਿਤਰੇ ਰੂਪ ਵਿਚ ਚਲਦੀਆਂ ਰਹੀਆਂ ਤੇ ਇਨ੍ਹਾਂ ਵਿਚ ਲੇਖਕਾਂ ਨੇ ਆਪਣੀ ਆਪਣੀ ਰੁਚੀ ਅਨੁਸਾਰ ਪਰਿਵਰਤਨ ਲੈ ਆਂਦੇ। ਇਨ੍ਹਾਂ ਵਿਕੋਤਰੀਆਂ ਗੋਸ਼ਟਾਂ ਦੇ ਪਿਛੋਂ ਸੰਗ੍ਰਹਿ ਤਿਆਰ ਹੋਏ ਜਿਨ੍ਹਾਂ ਵੱਖ ਵੱਖ ਵੰਜ ਪਰੰਪਰਾਵਾਂ ਨੂੰ ਜਨਮ ਦਿੱਤਾ।

ਇਨ੍ਹਾਂ ਸਾਖੀਆਂ ਦੇ ਰਚਨ ਦੀ ਕ੍ਰਿਆ ਕਦੋਂ ਕੁ ਸ਼ੁਰੂ ਹੋਈ? ਇਸ ਬਾਰੇ ਨਿਸ਼ਚੇ ਨਾਲ ਤਾਂ ਕੁਝ ਨਹੀਂ ਕਿਹਾ ਜਾ ਸਕਦਾ ਪਰ ਵਿਦਵਾਨਾਂ ਦਾ ਇਹ ਅਨੁਮਾਨ ਕਾਫ਼ੀ ਹੱਦ ਤਕ ਮੰਨਣਾ ਯੋਗ ਹੈ ਕਿ ਇਹ ਕ੍ਰਿਆ ਬਹੁਤ ਹੱਦ ਤਕ ਗੁਰੂ ਬਾਬੇ ਦੇ ਹੁੰਦਿਆਂ ਜਾਂ ਛੇਤੀ ਪਿਛੋਂ ਸ਼ੁਰੂ ਹੋ ਗਈ ਸੀ। ਇਸ ਬਾਰੇ ਡਾ: ਪਿਆਰ ਸਿੰਘ ਦਾ ਵਿਚਾਰ ਵੀ ਵਿਸ਼ੇਸ਼ ਮਹੱਤਵ ਰੱਖਦਾ ਹੈ ਕਿ

> ਜਦੋਂ ਲੋਕਾਂ ਦੇ ਮਨਾਂ ਵਿਚ ਆਪਣੇ ਪਿਆਰੇ ਗੁਰੂ ਨਾਨਕ ਪ੍ਰਤੀ ਪਿਆਰ ਜਾਗਿਆ ਤਾਂ ਉਨ੍ਹਾਂ ਨਾਨਕ ਬਾਣੀ ਲਿਖਣ ਜਾਂ ਕੰਠ-ਕਰਨ ਦੇ ਨਾਲ ਨਾਲ ਜਨ ਸਾਧਾਰਨ ਨੂੰ

---

15. ਨਵੀਨ ਖੋਜ ਇਸ ਨੂੰ ਭਾਈ ਮਨੀ ਸਿੰਘ ਦੇ ਇਕ ਸਿੱਖ ਭਾਈ ਸੂਰਤ ਸਿੰਘ ਦੀ ਰਚਨਾ ਸਾਬਤ ਕਰਦੀ ਹੈ-ਸੇਵਾ ਸਿੰਘ ਰਚਿਤ, 'ਸ਼ਹੀਦ ਬਿਲਾਸ ਭਾਈ ਮਨੀ ਸਿੰਘ (ਸੰਪ. ਗਿਆਨੀ ਗਰਜਾ ਸਿੰਘ) ਭੂਮਿਕਾ, ਪੰਨਾ 46-47

ਪ੍ਰਭਾਵਿਤ ਕਰਨ ਵਾਲੀਆਂ ਸਾਖੀਆਂ ਜਾਂ ਗੋਸ਼ਟਾਂ ਰਚਣੀਆਂ ਆਰੰਭ ਕੀਤੀਆਂ। ਸੰਭਵ ਹੈ ਕਿ ਪਹਿਲਾਂ ਇਹ ਸਾਖੀਆਂ ਜ਼ੁਬਾਨੀ ਹੀ ਚਲਦੀਆਂ ਰਹੀਆਂ ਹੋਣ ਅਤੇ ਬਾਅਦ ਵਿਚ ਸਮਾਂ ਪਾ ਕੇ ਇਨ੍ਹਾਂ ਨੂੰ ਲਿਖਤੀ ਰੂਪ ਵਿਚ ਲੈ ਆਂਦਾ ਹੋਵੇ।

ਇਸ ਸੰਬੰਧ ਵਿਚ ਭਾਵੇਂ ਅਸੀਂ ਪੂਰੇ ਭਰੋਸੇ ਨਾਲ ਕੁਝ ਵੀ ਨਹੀਂ ਕਹਿ ਸਕਦੇ ਤਾਂ ਵੀ ਕੁਝ ਵਿਦਵਾਨਾਂ ਦੇ ਮਤ ਅਨੁਸਾਰ 'ਪੁਰਾਤਨ ਜਨਮਸਾਖੀ' ਅਤੇ 'ਆਦਿ ਸਾਖੀਆਂ' ਦੇ ਨਾਂ ਤੇ ਚਲਦੇ ਗੋਸ਼ਟੀ ਸੰਗ੍ਰਿਹਾਂ ਵਿਚ ਮਿਹਰਵਾਨ ਤੋਂ ਪਹਿਲਾਂ ਦੀਆਂ ਰਚਨਾਵਾਂ ਦੇ ਅੰਸ਼ ਮਿਲਦੇ ਹਨ। ਪਰੰਤੂ ਇਨ੍ਹਾਂ ਦੀ ਭਾਸ਼ਾ, ਸ਼ੈਲੀ ਤੇ ਉਥਾਨਕਾ ਮਿਹਰਵਾਨ ਰਚਿਤ ਗੋਸ਼ਟਾਂ ਨਾਲ ਇਨੀਆਂ ਰਲਦੀਆਂ ਹਨ ਕਿ ਇਹ ਭੁਲੇਖਾ ਪੈਣੋ ਨਹੀਂ ਰਹਿੰਦਾ ਕਿ ਇਹ ਮਿਹਰਵਾਨ ਦੀਆਂ ਉਨ੍ਹਾਂ ਗੋਸ਼ਟਾਂ ਦੇ ਮੁੱਢਲੇ ਰੂਪ ਹਨ ਜਿਨ੍ਹਾਂ ਉਤੇ ਮਿਹਰਵਾਨ ਸੰਪ੍ਰਦਾਇ ਵਲੋਂ ਭਾਵ ਹਰਿਜੀ ਅਤੇ ਉਸ ਦੇ ਸਾਥੀਆਂ ਵਲੋਂ ਬਾਅਦ ਵਿਚ ਉਸਾਰੀ ਕੀਤੀ ਗਈ।

ਸੋ ਇਉਂ, ਮਿਹਰਵਾਨ ਨੇ ਆਪਣੇ ਸਮੇਂ ਵਿਚ ਬਣ ਰਹੀਆਂ ਜਾਂ ਬਣ ਚੁਕੀਆਂ ਵਿਕੋਲਿਤਰੇ ਰੂਪ ਵਿਚ ਫੈਲੀਆਂ ਸਾਖੀਆਂ ਜਾਂ ਗੋਸ਼ਟਾਂ ਨੂੰ ਵਰਤਦਿਆਂ ਅਤੇ ਆਪ ਵੀ ਸਾਖੀਆਂ ਰਚਦਿਆਂ ਆਪਣੀ ਵਿਸਤ੍ਰਿਤ ਰਚਨਾ ਨੂੰ ਜਨਮ ਦਿੱਤਾ।

(ਅ) <u>ਸਮਕਾਲੀ ਸਾਹਿੱਤ</u>:

ਮਿਹਰਵਾਨ ਦੇ ਸਮੇਂ ਜੋ ਸਾਹਿੱਤ ਰਚਿਆ ਗਿਆ, ਉਸ ਦਾ ਵੀ ਨਿਰਣੈਜਨਕ ਢੰਗ ਨਾਲ ਸਮਾਂ ਅਤੇ ਕਰਤ੍ਰਿਤ੍ਵ ਨਿਸ਼ਚਿਤ ਕਰਨਾ ਔਖਾ ਹੈ। ਤਾਂ ਵੀ ਇਸ ਖੇਤਰ ਵਿਚ ਕੰਮ ਕਰਨ ਵਾਲੇ ਵਿਦਵਾਨਾਂ ਨੇ ਕੁਝ ਪ੍ਰਾਪਤ ਰਚਨਾਵਾਂ ਸੰਬੰਧੀ ਜਾਣਕਾਰੀ ਦੇਣ ਦਾ ਯਤਨ ਕੀਤਾ ਹੈ।

<u>ਗੋਸ਼ਟੀਆਂ</u>: ਗੋਸ਼ਟ ਸ਼ਬਦ ਦਾ ਮੂਲ ਧਾਤੂ ਸੰਸਕ੍ਰਿਤ ਦਾ ਸ਼ਬਦ (ਗੋਸ਼ਠ) ਹੈ, ਜਿਸ ਦਾ ਅਰਥ ਹੈ, ਇਕੱਠਾ ਕਰਨਾ। 'ਗੁਰਸ਼ਬਦ ਰਤਨਾਕਰ ਮਹਾਨ ਕੋਸ਼' ਅਨੁਸਾਰ ਇਸ ਦਾ ਅਰਥ ਬਹਿਸ, ਵਿਚਾਰ ਅਤੇ ਸਭਾ ਦਾ ਮੇਲ ਆਦਿ ਦਸਿਆ ਗਿਆ ਹੈ। ਪੰਜਾਬੀ ਸਾਹਿੱਤ ਵਿਚ ਗੋਸ਼ਟ ਦੇ ਅਰਥ ਬਹਿਸ, ਚਰਚਾ ਜਾਂ ਸੰਵਾਦ ਲਏ ਜਾਂਦੇ ਹਨ। ਇਹ ਉਹ ਬਹਿਸ ਜਾਂ ਚਰਚਾ ਹੈ ਜਿਸ ਵਿਚ ਦੋ ਤੋਂ ਵੱਧ ਵਿਅਕਤੀ ਆਤਮਕ ਅਤੇ ਦਾਰਸ਼ਨਿਕ ਰਹੱਸਮਈ ਵਿਸ਼ਿਆਂ ਨੂੰ ਆਪਣੀ ਵਾਰਤਾਲਾਪ ਰਾਹੀਂ ਉਘਾੜਦੇ ਹਨ। ਗੋਸ਼ਟ ਕਵਿਤਾ ਅਤੇ ਵਾਰਤਕ ਦੋਹਾਂ ਵਿਚ ਹੋ ਸਕਦੀ ਹੈ। ਵਿਸ਼ੇ ਅਤੇ ਰੂਪ ਦੇ ਮਹੱਤਵ ਕਾਰਨ ਹੀ ਇਹ ਉਹ ਪੁਰਾਣਾ ਸਾਹਿੱਤਕ ਰੂਪ

ਹੈ ਜੋ ਹਰ ਕਾਲ ਵਿਚ ਕਿਸੇ ਨਾ ਕਿਸੇ ਰੂਪ ਵਿਚ ਪ੍ਰਚਲਿਤ ਰਿਹਾ ਹੈ।

ਡਾ: ਮੋਹਨ ਸਿੰਘ ਦੀ ਖੋਜ ਅਨੁਸਾਰ ਨਾਥਾਂ ਜੋਗੀਆਂ ਦੇ ਵੇਲੇ ਤੋਂ ਹੀ ਅਪਭ੍ਰੰਸ਼ ਵਿਚ ਗੋਸ਼ਟਾਂ ਲਿਖੀਆਂ ਜਾਣੀਆਂ ਸ਼ੁਰੂ ਹੋ ਗਈਆਂ ਸਨ। ਇਸ ਸਮੇਂ ਵਿਚ ਲਿਖੀਆਂ ਗਈਆਂ ਕਾਫ਼ੀ ਗੋਸ਼ਟਾਂ ਮਿਲਦੀਆਂ ਹਨ, ਪਰ ਇਨ੍ਹਾਂ ਦਾ ਰਚਨ-ਕਾਲ ਠੀਕ ਠੀਕ ਨਿਸ਼ਚਿਤ ਨਹੀਂ ਕੀਤਾ ਜਾ ਸਕਦਾ। ਇਹ ਗੋਸ਼ਟਾਂ, ਮਛੰਦਰ, ਗੋਰਖ ਅਤੇ ਰਤਨ ਆਦਿ ਨਾਲ ਜੋੜੀਆਂ ਜਾਂਦੀਆਂ ਹਨ।[16]

ਇਨ੍ਹਾਂ ਤੋਂ ਬਾਅਦ ਪੰਜਾਬੀ ਸਾਹਿੱਤ ਵਿਚ ਗੁਰੂ ਨਾਨਕ ਸਾਹਿਬ ਵਲੋਂ ਰਚਿਤ 'ਸਿਧ ਗੋਸ਼ਟ' ਮਿਲਦੀ ਹੈ। ਇਹ ਕਾਵਿ-ਰੂਪ ਵਿਚ ਨਿਰੋਲ ਅਤੇ ਸ਼ੁੱਧ ਗੋਸ਼ਟ ਹੈ ਕਿਉਂਕਿ ਇਸ ਵਿਚ ਕਿਸੇ ਸਾਖੀ ਨਾਲ ਜੋੜੇ ਸਿੱਧੇ ਤੌਰ ਤੇ ਆਦਿ ਤੋਂ ਅੰਤ ਤੱਕ ਗੰਭੀਰ ਵਿਚਾਰ ਪੇਸ਼ ਕੀਤੀ ਗਈ ਹੈ। ਇਸ ਤੋਂ ਇਲਾਵਾ ਗੁਰੂ ਨਾਨਕ ਸਾਹਿਬ ਦੇ ਬਹੁਤ ਸਾਰੇ ਸ਼ਬਦ ਜਗਿਆਸੂਆਂ ਦੇ ਪ੍ਰਸ਼ਨਾਂ ਦਾ ਹੀ ਉੱਤਰ ਹਨ ਜੋ ਇਕ ਤਰ੍ਹਾਂ ਵਿਚ ਗੋਸ਼ਟਾਂ ਦਾ ਹੀ ਰੂਪ ਹਨ। ਮਗਰੋਂ ਬਹੁਤ ਸਾਰੇ ਅਜਿਹੇ ਸ਼ਬਦਾਂ ਨੂੰ ਹੀ ਆਧਾਰ ਬਣਾ ਕੇ ਗੋਸ਼ਟਾਂ ਅਤੇ ਸਾਖੀਆਂ ਰਚੀਆਂ ਜਾਂਦੀਆਂ ਰਹੀਆਂ ਹਨ।

ਡਾ: ਮੋਹਨ ਸਿੰਘ ਨੇ ਆਪਣੀ ਪੁਸਤਕ 'ਪੰਜਾਬੀ ਸਾਹਿੱਤ ਦਾ ਇਤਿਹਾਸ' ਵਿਚ ਗੁਰੂ ਨਾਨਕ ਸਾਹਿਬ ਨਾਲ ਸੰਬੰਧਤ ਕਈ ਗੋਸ਼ਟਾਂ ਦਾ ਹਵਾਲਾ ਦਿੱਤਾ ਹੈ।[17]

ਇਸ ਕਾਲ ਦੀਆਂ ਮਿਲਦੀਆਂ ਗੋਸ਼ਟਾਂ ਹੇਠ ਲਿਖੇ ਅਨੁਸਾਰ ਹਨ:

<u>ਮੱਕੇ ਦੀ ਗੋਸ਼ਟ:</u> ਡਾ: ਮੋਹਨ ਸਿੰਘ ਅਨੁਸਾਰ ਇਹ ਮੁੱਢਲੇ ਕਾਲ ਦੀ ਹੀ ਰਚਨਾ ਹੈ। ਕਿਉਂਕਿ ਭਾਈ ਮਨੀ ਸਿੰਘ ਦੀ ਜਨਮਸਾਖੀ ਹੋਂਦ ਵਿਚ ਆਉਣ ਤੋਂ ਪਹਿਲਾਂ ਇਹ ਲਿਖੀ ਜਾ ਚੁੱਕੀ ਸੀ। ਇਸ ਸੰਬੰਧੀ ਭਾਈ ਸਾਹਿਬ ਨਾਲ ਸੰਬੰਧਤ ਜਨਮਸਾਖੀ ਵਿਚ ਸੰਕੇਤ ਮਿਲਦਾ ਹੈ। ਇਸ ਦੀ ਸ਼ੈਲੀ ਪ੍ਰਸ਼ਨੋਤਰੀ ਹੈ ਜੋ ਕਦੀ ਫ਼ਾਰਸੀ, ਕਦੀ ਪੰਜਾਬੀ ਅਤੇ ਕਦੀ ਫ਼ਾਰਸੀ ਰਲੀ ਪੰਜਾਬੀ ਵਿਚ ਚਲਦੀ ਹੈ। ਜਿਵੇਂ ਇਸ ਵਿਚ ਵਰਤੀ ਗਈ ਬੋਲੀ ਦੇ ਕਈ ਰੰਗ ਹਨ ਉਸੇ ਤਰ੍ਹਾਂ ਪਾਤਰ ਵੀ ਭਿੰਨ ਹਨ। ਇਸ ਦਾ ਅਸਲੀ ਮਨੋਰਥ ਇਸਲਾਮੀ ਸ਼ਰਈਅਤ ਅਤੇ ਮੁਸਲਮਾਨੀ ਮਤ ਦਾ ਸਿੱਖ ਵਿਚਾਰ-ਧਾਰਾ ਨਾਲ ਤੁਲਨਾਤਮਕ ਅਧਿਐਨ ਪੇਸ਼ ਕਰਨਾ ਹੈ।

<u>ਮਦੀਨੇ ਦੀ ਗੋਸਟਿ: ਇਹ ਗੋਸ਼ਟਿ ਵੀ ਇਸ ਕਾਲ ਦੀ ਹੀ ਰਚਨਾ ਹੈ। ਇਸ ਰਚਨਾ ਦਾ ਨਕਲ</u>

16. ਭਰਦਵਾਜ, ਡਾ:, 'ਗੋਰਖਬਾਣੀ', ਭੂਮਿਕਾ.

17. 'A History of Panjabi Literature', p-50.

ਸਮਾਂ 1788 ਬਿ/1731 ਈ: ਹੈ। ਇਸ ਵਿਚ ਗੁਰੂ ਨਾਨਕ ਸਾਹਿਬ ਦੀ ਮਦੀਨੇ ਦੇ ਮੁਸਲਮਾਨ ਫ਼ਕੀਰਾਂ ਨਾਲ ਹੋਈ ਗਿਆਨ ਗੋਸ਼ਟ ਦਰਜ ਹੈ।

<u>ਗੋਸ਼ਟਿ ਅਜਿਤੇ ਰੰਧਾਵੇ ਨਾਲ</u>: ਇਹ ਗੋਸਟਿ ਸਿੱਖ ਰੈਫ਼ਰੈਂਸ ਲਾਇਬ੍ਰੇਰੀ, ਅੰਮ੍ਰਿਤਸਰ ਵਿਚ ਪਈਆਂ ਹੱਥ ਲਿਖਤਾਂ ਨੰ: 2925, 7398, 6535, 6576 ਅਤੇ 6138 ਆਦਿ ਵਿਚ ਪ੍ਰਾਪਤ ਹਨ। ਇਹ ਗੋਸ਼ਟ ਗੁਰੂ ਨਾਨਕ ਸਾਹਿਬ ਅਤੇ ਅਜਿਤੇ ਰੰਧਾਵੇ ਵਿਚਕਾਰ ਕਰਤਾਰਪੁਰ ਦੇ ਸਥਾਨ ਤੇ ਹੋਈ ਦੱਸੀ ਜਾਂਦਾ ਹੈ।

<u>ਨਿਰੰਕਾਰ ਨਾਲ ਗੋਸਟਿ: ਅਤੇ ਕਲਜੁਗ ਨਾਲ ਗੋਸਟਿ</u>: ਡਾ: ਮੋਹਨ ਸਿੰਘ ਅਨੁਸਾਰ ਇਹ ਗੋਸ਼ਟਾਂ ਪੰਜਾਬ ਯੂਨੀਵਰਸਿਟੀ ਲਾਹੌਰ ਦੀ ਲਾਇਬ੍ਰੇਰੀ ਵਿਚ ਹੱਥ ਲਿਖਤ ਨੰ: 4141 ਅਧੀਨ ਪ੍ਰਾਪਤ ਹਨ।[18] ਇਨ੍ਹਾਂ ਵਿਚ ਗੁਰੂ ਨਾਨਕ ਸਾਹਿਬ ਦੀ ਨਿਰੰਕਾਰ ਅਤੇ ਕਲਜੁਗ ਨਾਲ ਹੋਈ ਗੋਸ਼ਟਿ ਸ਼ਾਮਲ ਹੈ।

<u>ਬਾਬੇ ਲਾਲ ਦੀ ਗੋਸਟਿ</u>: ਬਾਬੇ ਲਾਲ[19] ਦੀ ਇਹ ਗੋਸ਼ਟ ਦਾਰਾ ਸ਼ਿਕੋਹ ਨਾਲ ਹੋਈ। ਇਸ ਗੋਸ਼ਟ ਦੀਆਂ ਨਕਲਾਂ ਹੱਥ-ਲਿਖਤ ਨੰ: 431 ਅਤੇ 1099, ਪੰਜਾਬ ਯੂਨੀਵਰਸਿਟੀ ਲਾਇਬ੍ਰੇਰੀ ਲਾਹੌਰ ਅਤੇ ਨੰ: 1700 ਸਿੱਖ ਰੈਫ਼ਰੈਂਸ ਲਾਇਬ੍ਰੇਰੀ, ਅੰਮ੍ਰਿਤਸਰ ਵਿਚ ਪ੍ਰਾਪਤ ਹਨ।

<u>ਆਤਮੇ ਪ੍ਰਮਾਤਮੇ ਕੀ ਗੋਸਟਿ</u>: 1761-62 ਬਿ/1704-5 ਈ: ਦੀ ਨਕਲ ਕੀਤੀ ਹੋਈ ਇਹ ਗੋਸ਼ਟ ਹੱਥ ਲਿਖਤ ਨੰ: 1904 ਅਧੀਨ ਸੈਂਟਰਲ ਲਾਇਬ੍ਰੇਰੀ, ਪਟਿਆਲਾ ਵਿਚ ਪ੍ਰਾਪਤ ਹੈ। ਇਸ ਗੋਸਟਿ ਵਿਚ ਆਤਮੇ ਦੀ ਅਸਲੀਅਤ ਅਤੇ ਪਰਮਾਤਮਾ ਨਾਲ ਮਿਲਾਪ ਦਾ ਵਿਸ਼ਾ ਪੇਸ਼ ਕੀਤਾ ਗਿਆ ਹੈ।

<u>ਗੋਸ਼ਟਿ ਰਾਮਾ ਨੰਦ ਨਾਲ ਹੋਈ ਬਾਬੇ ਕੀ</u>:[20] ਇਹ ਗੋਸ਼ਟ ਗੁਰੂ ਨਾਨਕ ਦੇਵ ਅਤੇ ਰਾਮਾ ਨੰਦ ਵਿਚਕਾਰ ਹੋਏ ਗਿਆਨ ਗੋਸ਼ਟ ਨੂੰ ਪੇਸ਼ ਕਰਦੀ ਹੈ।

<u>ਕਥਾ ਸਤਿਜੁਗ ਜਾਂ ਨਾਸਕੇਤੁ ਦੀ ਅਤੇ ਗੋਸਟਿ ਸ੍ਰੀ ਕ੍ਰਿਸਨ ਅਰ ਊਧੋ ਕੀ</u>: ਇਹ ਗੋਸ਼ਟਾਂ ਭਾਸ਼ਾ ਵਿਭਾਗ ਦੀ ਹੱਥ ਲਿਖਤ ਨੰ: 359 ਵਿਚ ਮਿਲਦੀਆਂ ਹਨ। ਇਸ ਦੂਜੀ ਗੋਸ਼ਟ ਵਿਚ ਊਧੋ ਦੇ ਪੁੱਛਣ ਤੇ ਕ੍ਰਿਸ਼ਨ ਜੀ ਸ਼ਾਂਤ, ਤਪ, ਸੂਰਬੀਰ, ਮਿਤ, ਤਿਆਗ ਧਨ, ਉਪਦੇਸ਼ ਤੇ ਬੁੱਧ ਆਦਿ ਦੀ ਵਿਆਖਿਆ ਕਰਦੇ ਹਨ।

---

18. ਉਹੀ, ਪੰਨਾ 50 ਅਤੇ 59.
19. ਬਾਬਾ ਲਾਲ ਜੀ, ਸ਼ਾਹ ਜਹਾਨ ਦੇ ਜ਼ਮਾਨੇ ਵਿਚ ਸੂਫ਼ੀ ਫ਼ਕੀਰ ਹੋਏ ਹਨ ਜਿਨ੍ਹਾਂ ਦੀਆਂ ਸ਼ਾਹ ਜਹਾਨ ਦੇ ਪੁੱਤਰ ਦਾਰਾ ਸ਼ਿਕੋਹ ਨਾਲ ਹੋਈਆਂ ਗੋਸ਼ਟੀਆਂ ਦਾ ਵੀ ਪਤਾ ਚਲਦਾ ਹੈ।
20. ਇਹ ਗੋਸ਼ਟ ਡਾ: ਤਰਲੋਚਨ ਸਿੰਘ ਬੇਦੀ ਪਾਸ ਪ੍ਰਾਪਤ ਹੈ।

<u>ਗੀਤਾਸਾਰ ਤਥਾ ਕ੍ਰਿਸ਼ਨ ਅਰਜਨ ਪ੍ਰਸ਼ਨੋਤਰੀ:</u> ਡਾ: ਪਿਆਰ ਸਿੰਘ ਅਨੁਸਾਰ ਇਹ ਵੀ ਇਸ ਕਲਾ ਦੀ ਰਚਨਾ ਹੈ ਜੋ ਨੰ: 670 ਸੈਂਟਰਲ ਸਟੇਟ ਪਬਲਿਕ ਲਾਇਬਰੇਰੀ, ਪਟਿਆਲਾ ਵਿਚ ਪ੍ਰਾਪਤ ਹੈ।[21]

<u>ਸਤਿ ਪ੍ਰਸ਼ਨੋਤਰੀ</u> ਖਟ ਪ੍ਰਸ਼ਨੀ <u>ਨਿਰਣੈ ਨਾਮ ਗ੍ਰੰਥ</u> ਅਤੇ <u>ਗਿਆਨ ਰਤਨ ਵਚਨਕਾ</u> ਨਾਂ ਦੀਆਂ ਰਚਨਾਵਾਂ ਵੀ ਗੋਸ਼ਟ ਰੂਪ ਵਿਚ ਮਿਲਦੀਆਂ ਹਨ।[22]

ਇਕ ਪੁਰਾਤਨ ਰਚਨਾ 'ਪ੍ਰਾਣ ਸੰਗਲੀ' ਵਿਚ ਵੀ ਕੁਝ ਗੋਸ਼ਟਾਂ ਮਿਲਦੀਆਂ ਹਨ ਜੋ ਇਸ ਤਰ੍ਹਾਂ ਹਨ:

<u>ਰਾਗ/ਮਹਲਾ ਪਹਿਲਾ ਸਿਧ ਗੋਸ਼ਟਿ ਸੰਗਲਾ ਦੀਪ ਵਿਚ ਹੋਈ</u> (ਮਾਝ)

<u>ਜੋਗ ਮਾਰਗ,</u> <u>ਨਿਰਬਾਣ ਜੋਗ,</u> <u>ਬ੍ਰਹਮ ਜੋਗ</u> <u>ਜੋਗੀ ਮਛੰਦ੍ਰ ਨਾਲ ਗੋਸਟਿ</u>

<u>ਰਾਜਾ ਸਿਵਨਾਭ,</u> <u>ਕਨਪਾਟਾ ਜੋਗੀ</u> <u>ਗੋਰਖ ਅਤੇ ਚਰਪਟ ਆਦਿ ਨਾਲ</u>

ਗੋਸ਼ਟਿ। ਡਾ: ਪਿਆਰ ਸਿੰਘ ਅਨੁਸਾਰ ਇਹ ਗੋਸ਼ਟਾਂ ਗੁਰੂ ਅਰਜਨ ਤੋਂ ਪਹਿਲਾਂ ਦੀਆਂ ਨਹੀਂ। ਇਹ ਮੀਣਾ ਸੰਪ੍ਰਦਾਇ ਦੇ ਕਿਸੇ ਲੇਖਕ ਦੀਆਂ ਹੋ ਸਕਦੀਆਂ ਹਨ। ਇਨ੍ਹਾਂ ਦਾ ਸਮਾਂ 17ਵੀਂ ਸਦੀ ਦਾ ਦੂਜਾ ਅੱਧ ਹੀ ਮੰਨਿਆ ਜਾ ਸਕਦਾ ਹੈ।[23]

ਉਪਰੋਕਤ ਗੋਸ਼ਟਾਂ ਤੋਂ ਇਲਾਵਾ ਭਾਈ ਬਾਲੇ ਵਾਲੀ ਜਨਮਸਾਖੀ ਵਿਚ ਵੀ ਗੋਸ਼ਟਾਂ ਮਿਲਦੀਆਂ ਹਨ ਜਿਵੇਂ: ਮਛਿੰਦਰ, ਸਿਧਾਂ, ਗੋਰਖ ਬਾਲ ਨਾਥ, ਉਬਾਰੇ ਖਾਂ, ਸ਼ੇਖ ਅਬਦੁਲ ਰਹਿਮਾਨ ਅਤੇ ਸਯੱਦ ਜਲਾਲ ਆਦਿ ਨਾਲ ਗੋਸ਼ਟਾਂ।

<u>ਗੋਸ਼ਟਾਂ ਗੁਰੂ ਮਿਹਰਵਾਨ:</u> ਇਸੇ ਸੰਪ੍ਰਦਾਇ ਦੇ ਅਗਲੇ ਲੇਖਕ ਹਰਿਜੀ ਦੀ ਇਹ ਇਕ ਵਿਸ਼ੇਸ਼ ਰਚਨਾ ਹੈ ਜਿਸ ਦੀਆਂ 45 ਗੋਸ਼ਟਾਂ ਵਿਚ ਲੇਖਕ ਨੇ ਆਪਣੇ ਗੁਰੂ ਪਿਤਾ ਸੋਢੀ ਮਿਹਰਵਾਨ ਦੀ ਵਿਸਤ੍ਰਿਤ ਜੀਵਨੀ ਪੇਸ਼ ਕਰਨ ਦਾ ਯਤਨ ਕੀਤਾ ਹੈ। ਭਾਵੇਂ ਇਹ ਰਚਨਾ ਮਿਹਰਵਾਨ ਦੇ ਪੁੱਤਰ ਵਲੋਂ ਸ਼ਰਧਾ ਭਾਵ ਨਾਲ ਹੀ ਲਿਖੀ ਗਈ ਹੈ ਪਰ ਇਤਿਹਾਸਕ ਪੱਖੋਂ ਇਹ ਪੁਰਾਤਨ ਪੰਜਾਬੀ ਸਾਹਿੱਤ ਦੀ ਸਭ <u>ਤੋਂ ਵਧੇਰੇ ਯਥਾਰਥਕ ਰਚਨਾ ਹੈ। ਇਸ ਬਾਰੇ ਅਸੀਂ ਸਵਿਸਤਾਰ ਚਰਚਾ ਅਗੇ ਚਲ ਕੇ ਕਰਾਂਗੇ।</u>

21. ਪੰਜਾਬੀ ਸਾਹਿੱਤ ਦਾ ਇਤਿਹਾਸ (ਭਾਸ਼ਾ ਵਿਭਾਗ) ਭਾਗ ਦੂਜਾ, ਪੰਨਾ 76.
22. ਉਹੀ, ਪੰਨਾ 102.
23. 'A Critical Survey of Panjabi Prose in the 17th Century, (Thesis), Panjab University, Chandigarh Library, p-130.

<u>ਪਰਮਾਰਥ ਅਤੇ ਟੀਕੇ:</u>

ਪਰਮਾਰਥ ਨੂੰ ਫ਼ਾਰਸੀ ਵਿਚ ਤਫ਼ਸੀਰ ਅਤੇ ਅੰਗਰੇਜ਼ੀ ਵਿਚ (( *Exegesis* ) ਜਾਂ ( *Commentary* ) ਕਿਹਾ ਜਾਂਦਾ ਹੈ। ਪੰਜਾਬੀ ਵਾਰਤਕ ਵਿਚ ਜਨਮਸਾਖੀਆਂ ਅਤੇ ਗੋਸ਼ਟਾਂ ਦੇ ਨਾਲ ਆਉਣ ਵਾਲਾ ਇਹ ਦੂਜਾ ਮੁੱਖ ਰੂਪ ਹੈ।

ਸੰਸਕ੍ਰਿਤ ਸਾਹਿੱਤ ਵਿਚ ਪਰਮਾਰਥਾਂ ਦਾ ਵਾਸਤਵਿਕ ਵਿਕਾਸ ਪੁਰਾਣ ਸਾਹਿੱਤ ਵਿਚ ਮਿਲਦਾ ਹੈ। ਸ਼ੰਕਰ ਅਤੇ ਰਾਮਾਨੁਜ ਨੇ ਵੇਦਾਂ ਦੇ ਸੂਤਰਾਂ ਦੀ ਵਿਆਖਿਆ ਕਰਦਿਆਂ ਸ਼ਾਸਤਰ ਬਣਾਏ। ਇਸੇ ਤਰ੍ਹਾਂ ਵੇਦਾਂ ਦੇ ਮੰਤਰਾਂ ਤੇ ਸੰਸਕ੍ਰਿਤ ਦੇ ਸ਼ਲੋਕਾਂ ਦੀ ਵੀ ਵਿਆਖਿਆ ਕੀਤੀ ਜਾਂਦੀ ਰਹੀ। ਫ਼ਾਰਸੀ ਵਿਚ 'ਕੁਰਾਨ ਸ਼ਰੀਫ਼' ਦੀ ਤਫ਼ਸੀਰ ਲਿਖਣ ਦਾ ਰਿਵਾਜ ਵੀ ਕਾਫ਼ੀ ਪੁਰਾਣਾ ਹੈ। ਸੋ ਇਉਂ, ਸੰਸਕ੍ਰਿਤ ਵਿਚ ਪਰਮਾਰਥ, ਟੀਕੇ, ਭਾਸ਼ ਤੇ ਸ਼ਬਦਾਰਥ ਆਦਿ ਦੇ ਰੂਪ ਵਿਚ ਮਿਲਦੀ ਇਹ ਵਿਆਖਿਆਤਮਿਕ ਵਾਰਤਕ ਅਤੇ ਫ਼ਾਰਸੀ ਵਿਚ ਮਿਲਦੀ ਤਫ਼ਸੀਰ ਹੀ ਕਿਸੇ ਨਾ ਕਿਸੇ ਰੂਪ ਵਿਚ ਪੰਜਾਬੀ ਪਰਮਾਰਥ ਸਾਹਿੱਤ ਦੀ ਉਤਪਤੀ ਲਈ ਆਧਾਰ ਬਣੀਆਂ।

ਗੁਰੂ ਅਰਜਨ ਸਾਹਿਬ ਤੋਂ ਪਹਿਲਾਂ ਵੀ ਪੋਥੀਆਂ ਲਿਖਣ ਅਤੇ ਵਾਚਣ ਦਾ ਰਿਵਾਜ ਆਰੰਭ ਹੋ ਚੁੱਕਾ ਸੀ। ਗੁਰੂ ਸਾਹਿਬ ਵੱਲੋਂ 1604 ਈ/1661 ਬਿ: ਵਿਚ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਸੰਪਾਦਨਾ ਕਰਨ ਮਗਰੋਂ ਇਸਦੇ ਉਤਾਰੇ ਅਤੇ ਛੋਟੇ ਵੱਡੇ ਗੁਟਕਿਆਂ ਦੇ ਰੂਪ ਵਿਚ ਗੁਰਬਾਣੀ ਦੀਆਂ ਨਕਲਾਂ ਤਿਆਰ ਹੋਣ ਲਗੀਆਂ। ਇਸ ਤਰ੍ਹਾਂ ਗੁਟਕਿਆਂ ਅਤੇ ਪੋਥੀਆਂ ਦੇ ਲਿਖਣ ਅਤੇ ਘਰ ਘਰ ਰੱਖਣ ਦੀ ਰੀਝ ਵਧਣ ਨਾਲ ਬਾਣੀ ਆਮ ਲੋਕਾਂ ਤੱਕ ਪਹੁੰਚਣ ਲਗੀ। ਸਧਾਰਣ ਬੌਧਿਕ ਪੱਧਰ ਦੇ ਲੋਕਾਂ ਨੂੰ ਗੁਰਬਾਣੀ ਦੇ ਸਹੀ ਅਰਥ ਦਸਣ ਅਤੇ ਇਸ ਵਿਚ ਲੁਕੇ ਦਾਰਸ਼ਨਿਕ ਭੇਦਾਂ ਨੂੰ ਸਪਸ਼ਟ ਕਰਨ ਦੀ ਲੋੜ ਨੇ ਟੀਕੇ ਅਤੇ ਪਰਮਾਰਥਾਂ ਨੂੰ ਹੋਂਦ ਵਿਚ ਲਿਆਂਦਾ। ਇਸ ਤਰ੍ਹਾਂ ਪੰਜਾਬੀ ਸਾਹਿੱਤ ਵਿਚ ਵੀ ਪਹਿਲਾਂ ਮੌਖਿਕ ਅਤੇ ਮਗਰੋਂ ਲਿਖਤੀ ਰੂਪ ਵਿਚ ਟੀਕੇ ਅਤੇ ਪਰਮਾਰਥ ਕਰਨ ਦੀ ਪ੍ਰਥਾ ਨੇ ਜਨਮ ਲਿਆ।

ਗੁਰਬਾਣੀ ਦੇ ਅੰਤਰਗਤ ਭਾਵਾਂ ਨੂੰ ਠੀਕ ਸਮਝਣ ਦੀ ਲੋੜ ਨੂੰ ਹੀ ਮੁੱਖ ਰੱਖ ਕੇ ਭਾਈ ਗੁਰਦਾਸ ਨੇ ਕਾਵਿ-ਰੂਪ ਵਿਚ ਆਪਣੀਆਂ ਵਾਰਾਂ ਰਾਹੀਂ ਗੁਰਬਾਣੀ ਵਿਚ ਪ੍ਰਗਟਾਏ ਫ਼ਲਸਫ਼ੇ ਦੀ ਵਿਆਖਿਆ ਕੀਤੀ। ਇਸ ਤਰ੍ਹਾਂ ਕਾਵਿ ਰੂਪ ਵਿਚ ਇਹ ਗੁਰੂ ਸਾਹਿਬਾਂ ਦੀ ਬਾਣੀ ਦਾ ਪਹਿਲਾ ਪਰਮਾਰਥ ਹੀ ਮੰਨਿਆ ਜਾ ਸਕਦਾ ਹੈ।

ਪੰਜਾਬੀ ਵਾਰਤਕ ਵਿਚ ਸਭ ਤੋਂ ਪਹਿਲਾਂ ਪਰਮਾਰਥ ਲਿਖਣ ਦਾ ਸਿਹਰਾ ਸੋਢੀ ਮਿਹਰਵਾਨ ਦੇ ਸਿਰ ਬੱਝਦਾ ਹੈ। ਉਸ ਨੇ 'ਗੋਸ਼ਟਾਂ ਗੁਰੂ ਨਾਨਕ' ਰਾਹੀਂ ਗੁਰੂ ਸਾਹਿਬ ਦੇ ਜੀਵਨ ਨੂੰ ਪੇਸ਼ ਕਰਦਿਆਂ ਉਨ੍ਹਾਂ ਦੀਆਂ ਸੰਪੂਰਨ ਬਾਣੀਆਂ ਜਾਂ ਬਹੁਤ ਸਾਰੀਆਂ ਪਉੜੀਆਂ, ਸ਼ਬਦਾਂ

ਅਤੇ ਸ਼ਲੋਕਾਂ ਦੇ ਪਰਮਾਰਥ ਪੇਸ਼ ਕੀਤੇ ਹਨ। ਇਸ ਰਚਨਾ ਦਾ ਅਸਲੀ ਮੰਤਵ ਹੀ ਗੁਰੂ ਜੀ ਦੇ ਜੀਵਨ ਨੂੰ ਪੇਸ਼ ਕਰਨ ਨਾਲੋਂ ਉਨ੍ਹਾਂ ਦੀ ਬਾਣੀ ਦੇ ਪਰਮਾਰਥ ਪੇਸ਼ ਕਰਨਾ ਹੈ।

ਸੋਢੀ ਮਿਹਰਵਾਨ ਤੋਂ ਬਾਅਦ ਉਸ ਦੇ ਪੁੱਤਰ ਸੋਢੀ ਹਰਿਜੀ ਅਤੇ ਹੋਰ ਸਿੱਖ ਸੇਵਕਾਂ ਨੇ ਪਰਮਾਰਥ ਦੀ ਇਸ ਪ੍ਰਥਾ ਨੂੰ ਅਗੇ ਤੋਰਿਆ।

## ਸੁਖਮਨੀ ਸਹੰਸਰਨਾਮ:

ਸੋਢੀ ਹਰਿਜੀ ਦੀ ਲਿਖੀ ਹੋਈ ਇਕ ਮਹੱਤਵਪੂਰਣ ਰਚਨਾ 'ਸੁਖਮਨੀ ਸਹੰਸਰ-ਨਾਮ'। ਡਾ: ਪਿਆਰ ਸਿੰਘ ਅਨੁਸਾਰ "ਇਹ ਪੁਸਤਕ ਜੋ ਅਕਾਰ ਵਿਚ ਚੋਖੀ ਵੱਡੀ ਹੈ ਸ੍ਰੀ ਗੁਰੂ ਮਿਹਰਵਾਨ ਜੀ ਦੀ ਇਕ ਬਾਣੀ 'ਸਹੰਸਰਨਾਮ' ਦਾ ਟੀਕਾ ਹੈ।[24]

ਪਰ ਸਾਡੇ ਮੱਤ ਅਨੁਸਾਰ ਮਿਹਰਵਾਨ ਵਲੋਂ ਹਿੰਦੂ ਭਗਤਾਂ ਅਤੇ ਅਵਤਾਰਾਂ ਦੀ ਉਸਤਤ ਲਈ ਰਚੀ 'ਸੁਖਮਨੀ' ਦੇ ਆਧਾਰ ਤੇ ਹੀ ਹਰਿਜੀ ਨੇ ਇਸ 'ਸੁਖਮਨੀ ਸਹੰਸਰਨਾਮ' ਦੀ ਰਚਨਾ ਕੀਤੀ ਹੈ।[25] ਇਸ ਰਚਨਾ ਚ ਕੁਲ ਤੀਹ ਅਸ਼ਟਪਦੀਆਂ ਵਿਚ ਹਿੰਦੂ ਭਗਤਾਂ ਅਤੇ ਅਵਤਾਰਾਂ ਦੀਆਂ ਇਤਿਹਾਸਕ ਅਤੇ ਮਿਥਿਹਾਸਕ ਕਥਾਵਾਂ ਨੂੰ ਕਾਵਿ-ਰੂਪ ਵਿਚ ਪੇਸ਼ ਕਰਕੇ ਉਨ੍ਹਾਂ ਦੀ ਵਿਆਖਿਆ ਕਰਦਿਆਂ ਵਿਸ਼ਨੂੰ ਦੇ ਵੱਧ ਤੋਂ ਵੱਧ ਨਾਂ ਗਿਣਨ ਦਾ ਯਤਨ ਕੀਤਾ ਗਿਆ ਹੈ। ਇਉਂ, ਇਸ ਰਚਨਾ ਵਿਚ ਹਰਿਜੀ ਵਲੋਂ ਅਵਤਾਰ ਉਸਤਤ ਲਈ ਰਚੇ ਗਏ ਸ਼ਲੋਕਾਂ ਦੀ ਵਿਆਖਿਆ ਤੋਂ ਇਲਾਵਾ ਕਿਸੇ ਗੰਭੀਰ ਦਾਰਸ਼ਨਿਕ ਜਾਂ ਅਧਿਆਤਮਿਕ ਬਾਣੀ ਦੇ ਪਰਮਾਰਥ ਪੇਸ਼ ਨਹੀਂ ਕੀਤੇ ਗਏ।

## ਹੁਕਮਨਾਮੇ:

ਗੁਰੂ ਨਾਨਕ ਸਾਹਿਬ ਵਲੋਂ ਚਲਾਇਆ ਹੋਇਆ ਸਿੱਖ ਧਰਮ ਜਦੋਂ ਵਿਕਸਿਤ ਰੂਪ ਵਿਚ ਸਿੱਖ ਪੰਥ ਅਤੇ ਸਮਾਜ ਦਾ ਰੂਪ ਧਾਰਣ ਕਰ ਗਿਆ ਤਾਂ ਗੁਰੂ ਸਾਹਿਬਾਂ ਨੂੰ ਇਸ ਦੇ ਸੰਗਠਨ ਲਈ ਬਹੁਤ ਸਾਰੇ ਉੱਦਮ ਕਰਨੇ ਪਏ। ਗੁਰੂ ਘਰ ਅਤੇ ਹਰਿਮੰਦਿਰ ਵਰਗੇ ਕੇਂਦਰੀ

24. 'ਪੰਜਾਬੀ ਸਾਹਿੱਤ ਦਾ ਇਤਿਹਾਸ' (ਭਾਸ਼ਾ ਵਿਭਾਗ) ਭਾਗ ਦੂਜਾ, ਪੰਨਾ 70.

25. "...ਏਹਿ ਜੋ ਅਠਾਈਸ ਅਵਤਾਰਾਂ ਕੀ ਮਹਮਾ ਲਿਖੀ ਹੈ ਸੁ ਏਹ ਪੂਰੇ ਗੁਰੂ ਕੀਤੇ ਹੈ॥ ਅਰ ਗੁਰੂ ਮਿਹਰਵਾਨ ਆਪੇ ਹੀ ਲਿਖਿ ਕਰਿ ਦੀਏ ਹੈ। ਸਹੰਸਨਾਮ ਕੇ ਵਿਚਿ ਉਸ ਕਾ ਜਸੁ ਜਪਦਾ ਹੈ।..." ਹਰਿਜੀ, 'ਸੁਖਮਨੀ ਸਹੰਸ੍ਰਨਾਮ' ਹ. ਲਿ. ਨੰ. 5195, ਸਿ.ਰੈ.ਲਾ. ਅੰਮ੍ਰਿਤਸਰ, ਪੰਨਾ 446.

ਸਥਾਨ ਬਣਾਉਣ ਤੋਂ ਇਲਾਵਾ ਦੇਸ਼ ਦੇ ਵੱਖ ਵੱਖ ਇਲਾਕਿਆਂ ਵਿਚ ਮੰਜੀਆਂ ਸਥਾਪਤ ਕਰਕੇ ਮਸੰਦ ਥਾਪੇ ਗਏ। ਇਸ ਤਰ੍ਹਾਂ ਮਸੰਦ ਪਰੰਪਰਾ ਹੋਂਦ ਵਿਚ ਆਈ ਅਤੇ ਦੇਸ਼ ਭਰ ਵਿਚ ਫੈਲੇ ਹੋਏ ਸਿੱਖ, ਮਸੰਦਾਂ ਅਤੇ ਮੋਹਰੀਆਂ ਰਾਹੀਂ ਇਕ ਲੜੀ ਵਿਚ ਪਰੋਤੇ ਗਏ। ਦਿਨੋ ਦਿਨ ਸੰਗਠਨ ਦੀਆਂ ਵਧਦੀਆਂ ਲੋੜਾਂ ਨੂੰ ਮੁੱਖ ਰਖਕੇ ਗੁਰੂ ਸਾਹਿਬਾਂ ਨੂੰ ਬਾਦਸ਼ਾਹਾਂ ਦੇ ਸ਼ਾਹੀ ਫ਼ਰਮਾਨਾਂ ਵਾਂਗ ਸਿੱਖਾਂ, ਸੰਗਤਾਂ ਜਾਂ ਮਸੰਦਾਂ ਦੇ ਨਾਂ ਸਮੇਂ ਸਮੇਂ ਹੁਕਮਨਾਮੇ ਜਾਰੀ ਕਰਨੇ ਪਏ। ਇਉਂ ਇਸ ਕਾਲ ਦੀ ਪੰਜਾਬੀ ਵਾਰਤਕ ਵਿਚ ਇਕ ਹੋਰ ਵੰਨਗੀ ਦਾ ਵਾਧਾ ਹੋਇਆ।

ਇਨ੍ਹਾਂ ਹੁਕਨਾਮਿਆਂ ਵਿਚ ਅਕਸਰ ਸੰਗਤਾਂ ਨੂੰ ਮਾਇਆ, ਸੋਨਾ, ਕਪੜੇ, ਸ਼ਸਤਰ, ਘੋੜੇ, ਜੰਗੀ ਹਾਥੀ ਆਦਿ ਭੇਜਣ, ਆਪ ਹਾਜ਼ਰ ਹੋਣ ਜਾਂ ਆਪਸ ਵਿਚ ਮੇਲ ਮਿਲਾਪ ਰੱਖਣ ਲਈ ਹੁਕਮ ਦਿੱਤਾ ਜਾਂਦਾ ਸੀ।[26]

ਇਨ੍ਹਾਂ ਹੁਕਮਨਾਮਿਆਂ ਦੀ ਬਹੁਤੀ ਸਾਹਿੱਤਕ ਮਹੱਤਾ ਤਾਂ ਨਹੀਂ ਪਰ ਇਹ ਉਸ ਸਮੇਂ ਦੀ ਵਾਰਤਕ ਦਾ ਨਮੂਨਾ ਜ਼ਰੂਰ ਹਨ। ਇਤਿਹਾਸ ਅਤੇ ਗੁਰਮੁਖੀ ਲਿਪੀ ਦੇ ਵਿਕਾਸ ਦੇ ਪੱਖੋਂ ਵੀ ਇਨ੍ਹਾਂ ਦੀ ਕਾਫ਼ੀ ਮਹੱਤਾ ਹੈ।

ਗੁਰੂ ਹਰਿਗੋਬਿੰਦ ਸਾਹਿਬ, ਬਾਬਾ ਗੁਰਦਿਤਾ ਜੀ, ਗੁਰੂ ਹਰਿਕ੍ਰਿਸ਼ਨ ਸਾਹਿਬ, ਗੁਰੂ ਤੇਗ਼ ਬਹਾਦੁਰ ਸਾਹਿਬ, ਮਾਤਾ ਗੁਜਰੀ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਤੋਂ ਇਲਾਵਾ ਬੰਦ ਬਹਾਦਰ ਅਤੇ ਬਾਅਦ ਦੇ ਸਿੱਖਾਂ ਦੇ ਅਸਲ ਹੁਕਮਨਾਮਿਆਂ ਦੇ ਫ਼ੋਟੋ 'ਹੁਕਮਨਾਮੇ'[27] ਅਤੇ 'ਨੀਸਾਣ ਤੇ ਹੁਕਮਨਾਮੇ'[28] ਨਾਮ ਪੁਸਤਕਾਂ ਵਿਚ ਦੇਖੇ ਜਾ ਸਕਦੇ ਹਨ। ਇਨ੍ਹਾਂ ਹੁਕਮਨਾਮਿਆਂ ਦੇ ਅਸਲ ਵੀ ਵੱਖ ਵੱਖ ਲਾਇਬਰੇਰੀਆਂ ਅਤੇ ਗੁਰੂ ਧਾਮਾਂ ਵਿਚ ਸੁਰੱਖਿਅਤ ਹਨ।

<u>ਅਨੁਵਾਦ:</u>

ਇਸ ਕਾਲ ਵਿਚ ਜਿਥੇ ਜਨਮਸਾਖੀਆਂ, ਗੋਸ਼ਟਾਂ, ਪਰਮਾਰਥ, ਟੀਕੇ ਅਤੇ ਕਥਾਵਾਂ ਆਦਿ ਦੇ ਰੂਪ ਵਿਚ ਸਾਹਿੱਤ ਰਚਿਆ ਗਿਆ ਉਥੇ ਕੁਝ ਕੁ ਰਚਨਾਵਾਂ ਦਾ ਪੰਜਾਬੀ ਵਾਰਤਕ ਵਿਚ ਅਨੁਵਾਦ ਵੀ ਕੀਤਾ ਗਿਆ। ਅਕਬਰ ਦੇ ਜ਼ਮਾਨੇ ਵਿਚ ਧਾਰਮਕ ਅਤੇ ਸੰਸਕ੍ਰਿਤਕ ਹਾਲਾਤ ਸੁਧਰਣ <u>ਨਾਲ ਇਸਲਾਮ ਦੇ ਅਨੁਯਾਈਆਂ ਤੋਂ ਇਲਾਵਾ ਹਿੰਦੂ ਲੋਕਾਂ ਨੂੰ ਵੀ ਕੁਝ ਸੁਖਾਵਾਂ ਮੌਕਾ ਮਿਲਿਆ।</u>

26. ਨਮੂਨੇ ਲਈ ਦੇਖੋ: (ੳ) 'ਹੁਕਮਨਾਮੇ' (ਸੰਪਾਦਿਤ ਡਾ: ਗੰਡਾ ਸਿੰਘ),
(ਅ) 'ਨਿਸਾਣ ਤੇ ਹੁਕਮਨਾਮੇ' (ਸੰਪਾਦਕ ਸ਼ਮਸ਼ੇਰ ਸਿੰਘ ਅਸ਼ੋਕ)

27. (ਸੰਪਾਦਕ, ਗੰਡਾ ਸਿੰਘ, ਡਾ:)

28. (ਸੰਪਾਦਕ, ਸ਼ਮਸ਼ੇਰ ਸਿੰਘ 'ਅਸ਼ੋਕ')

ਮਿਹਰਵਾਨ ਦੇ ਸਮਕਾਲੀ ਅਤੇ ਬਾਅਦ ਦੇ ਸਮੇਂ ਵਿਚ ਦੂਸਰੀਆਂ ਭਾਸ਼ਾਵਾਂ ਦੇ ਪੁਰਾਤਨ ਕਲਾਮਕ ਰਚਨਾਵਾਂ ਦੇ ਅਨੁਵਾਦ ਵੀ ਕੀਤੇ ਗਏ। ਬਹੁਤ ਸਾਰੇ ਸੰਸਕ੍ਰਿਤ ਗ੍ਰੰਥਾਂ ਦੇ ਫ਼ਾਰਸੀ ਵਿਚ ਅਨੁਵਾਦ ਹੋਏ। ਫ਼ਾਰਸੀ ਦੀਆਂ ਮਹਾਨ ਰਚਨਾਵਾਂ ਨੂੰ ਗੈਰ ਮੁਸਲਮ ਲੋਕਾਂ ਤਕ ਪਹੁੰਚਾਣ ਲਈ ਉਨ੍ਹਾਂ ਦਾ ਭਾਖਾ ਵਿਚ ਅਨੁਵਾਦ ਕੀਤਾ ਗਿਆ। ਇਉਂ ਹੌਲੀ ਹੌਲੀ ਇਹ ਯਤਨ ਰਿਵਾਜ਼ ਬਣਦੇ ਗਏ ਅਤੇ ਅਨੁਵਾਦਾਂ ਦੀ ਪ੍ਰਥਾ ਹੋਂਦ ਵਿਚ ਆਈ।

ਗੁਰੂ ਨਾਨਕ ਸਾਹਿਬ ਦੇ ਆਉਣ ਨਾਲ ਉੱਤਰੀ ਭਾਰਤ ਅਤੇ ਵਿਸ਼ੇਸ਼ ਕਰ ਪੰਜਾਬ ਦੇ ਸਮਾਜਕ ਅਤੇ ਧਾਰਮਕ ਜੀਵਨ ਵਿਚ ਨਵਾਂ ਯੁੱਗ ਆਰੰਭ ਹੋਇਆ। ਸਿੱਖ ਧਰਮ ਹੋਂਦ ਵਿਚ ਆ ਕੇ ਇਕ ਨਿਰਾਲਾ ਅਤੇ ਸ਼ਕਤੀ ਸ਼ਾਲੀ ਪੰਥ ਬਣਨ ਲਗਾ। ਇਸ ਤਬਦੀਲੀ ਨਾਲ ਹਿੰਦੂ ਧਰਮ ਵਿਸ਼ੇਸ਼ ਰੂਪ ਵਿਚ ਪ੍ਰਭਾਵਿਤ ਹੋਇਆ ਕਿਉਂਕਿ ਹਿੰਦੂ ਸਮਾਜ ਵਿਚੋਂ ਹੀ ਇਹ ਨਵਾਂ ਧਰਮ ਉਸਰ ਰਿਹਾ ਸੀ। ਅਜਿਹੇ ਧਾਰਮਕ ਸੰਕਟ ਸਮੇਂ ਹਿੰਦੂ ਧਰਮ ਦੀ ਰਖਿਆ ਲਈ ਕੀਤੇ ਗਏ ਯਤਨਾਂ ਵਿਚੋਂ ਇਕ ਇਹ ਸੀ ਕਿ ਹਿੰਦੂ ਧਰਮ ਦੀਆਂ ਮਹਾਨ ਰਚਨਾਵਾਂ ਨੂੰ ਸੰਸਕ੍ਰਿਤ ਤੋਂ ਪੰਜਾਬੀ ਭਾਸ਼ਾ ਵਿਚ ਉਲੱਥਾ ਕੇ ਪੇਸ਼ ਕੀਤਾ ਜਾਏ ਤਾਂ ਕਿ ਸਾਧਾਰਣ ਲੋਕਾਂ ਵਿਚ ਹਿੰਦੂ ਧਰਮ ਪ੍ਰਤੀ ਸ਼ਰਧਾ ਨੂੰ ਮੁੜ ਸੁਰਜੀਤ ਕੀਤਾ ਜਾ ਸਕੇ। ਇਉਂ, ਪੁਰਾਤਨ ਸ਼ਾਸਤ੍ਰੀ ਮਤ ਦੀ ਇਸ ਪੁਨਰ ਜਾਗ੍ਰਤੀ ਦੇ ਯਤਨਾਂ ਵਜੋਂ ਪੰਜਾਬੀ ਵਾਰਤਕ ਸਾਹਿੱਤ ਨੂੰ ਕੁਝ ਸੁੰਦਰ ਨਮੂਨੇ ਪ੍ਰਾਪਤ ਹੋਏ। ਮਿਹਰਵਾਨ ਤੋਂ ਕੁਝ ਮਗਰਲੇ ਸਮੇਂ ਵਿਚ ਕੀਤੇ ਗਏ ਅਨੁਵਾਦਾਂ ਵਿਚੋਂ ਮੁੱਖ ਇਸ ਪ੍ਰਕਾਰ ਹਨ:

<u>ਬਿੰਦੂ ਸਾਰ</u>;[29] ਇਹ ਸ਼ੰਕਰਾਚਾਰਜ ਦਾ ਪ੍ਰਸਿੱਧ ਪੁਸਤਕ 'ਅਪ੍ਰੋਖ ਅਨੁਭਵ' ਦਾ ਅਨੁਵਾਦ ਹੈ। ਜਿਸ ਵਿਚ ਵੇਦਾਂਤ ਦੇ ਡੂੰਘੇ ਭੇਦਾਂ ਨੂੰ ਖੋਲ੍ਹਿਆ ਗਿਆ ਹੈ। ਵਿਸ਼ਾ ਗੂੜ ਗਿਆਨ ਹੋਣ ਕਾਰਨ, ਭਾਸ਼ਾ ਔਖੀ ਹੋ ਗਈ ਹੈ। ਡਾ: ਮੋਹਨ ਸਿੰਘ ਅਨੁਸਾਰ 'ਇਹ ਕਾਮਯਾਬ ਅਰਥਾਤ ਕਿਫ਼ਾਇਤ ਵਾਲਾ' ਉਲਥਾ ਹੈ।[30]

<u>ਟੀਕਾ ਵੇਦਾਂਤਸਾਰ ਅਤੇ ਅਪ੍ਰੋਖ ਅਨੁਭਵ</u>[31] ਇਹ ਵੀ ਸ਼ੰਕਰਾਚਾਰਜ ਦੀ ਹੀ ਪੁਸਤਕ ਹੈ ਜਿਸ ਵਿਚ ਅਪ੍ਰੋਖ ਸਾਰ ਵਾਂਗ ਵੇਦਾਂਤ ਦੇ ਗੰਭੀਰ ਵਿਸ਼ੇ ਨੂੰ ਪੇਸ਼ ਕੀਤਾ ਗਿਆ ਹੈ। ਇਸ ਦੇ ਭਾਖਾ ਵਿਚ ਕੀਤੇ ਗਏ ਅਨੁਵਾਦ ਦਾ ਨਾਂ 'ਵੇਦਾਂਤ ਸਾਰ' ਹੈ।

---

29. ਹ: ਲਿ: ਨੰ: 802, ਸਿ: ਰੈ. ਲਾ: ਅੰਮ੍ਰਿਤਸਰ।
30. 'ਪੰਜਾਬੀ ਸਾਹਿੱਤ ਦਾ ਇਤਿਹਾਸ' (ਭਾਸ਼ਾ ਵਿਭਾਗ), ਭਾਗ ਦੂਜਾ, ਪੰਨਾ 80.
31. ਮੋਹਨ ਸਿੰਘ, ਡਾ:, 'ਪੰਜਾਬੀ ਅਦਬ ਦੀ ਮੁਖਤਸਰ ਤਾਰੀਖ' ਪੰਨਾ 247-48.

<u>ਗੀਤਾ ਮਹਾਤਮ:</u>[32] ਸੰਸਕ੍ਰਿਤ ਸਾਹਿਤ ਦੀਆਂ ਮਹਾਨ ਰਚਨਾਵਾਂ ਵਿਚੋਂ 'ਗੀਤਾ' ਹੀ ਇਕ ਮਹੱਤ੍ਵਪੂਰਣ ਰਚਨਾ ਹੈ, ਜਿਸ ਦਾ ਵੱਖ ਵੱਖ ਸਮੇਂ ਵੱਖ ਵੱਖ ਭਾਸ਼ਾਵਾਂ ਵਿਚ ਅਨੁਵਾਦ ਕੀਤਾ ਗਿਆ ਹੈ। ਡਾ. ਮੋਹਨ ਸਿੰਘ, ਛੱਜੂ ਭਗਤ ਦੇ ਨਾਂ ਨਾਲ ਸੰਬੰਧਿਤ ਮਿਲਦੇ 'ਗੀਤਾ ਮਹਾਤਮ' ਨੂੰ ਵੀ ਇਕ ਸੁਆਦਲਾ ਉਲੱਥਾ ਮੰਨਦੇ ਹਨ।

<u>ਭੈਰਵ ਪੁਰਾਣ;</u> ਪ੍ਰਸਿੱਧ ਹਿੰਦੂ ਧਾਰਮਕ ਗ੍ਰੰਥ, 'ਭੈਰਵ ਪੁਰਾਣ' ਦੇ ਪੰਜਵੇਂ ਅਧਿਆਇ ਦੀ ਕਥਾ ਦਾ ਅਨੁਵਾਦ ਸੈਂਟਰਲ ਸਟੇਟ ਲਾਇਬਰੇਰੀ, ਪਟਿਆਲਾ ਵਿਚ ਪ੍ਰਾਪਤ ਹੱਥ ਲਿਖਤ ਨੰ: 678 ਦੇ ਪੰਨਾ 191 ਤੋਂ 204 ਉਤੇ ਦਰਜ ਹੈ।[33]

<u>ਮਾਰਕੰਡੇ ਪੁਰਾਣ:</u> ਸਿੱਖ ਹਿਸਟਰੀ ਰੀਸਰਚ ਲਾਇਬਰੇਰੀ, ਅੰਮ੍ਰਿਤਸਰ ਵਿਚ ਹ:ਲਿ:ਨੰ: 6710 ਅਧੀਨ ਇਹ ਅਨੁਵਾਦ ਸੁਰਖਿਅਤ ਹੈ। ਇਸ ਦੇ ਲੇਖਕ ਅਨੁਸਾਰ ਉਹ ਅਸਲ ਗ੍ਰੰਥ ਦੇ ਪਰਮਾਰਥ ਪੇਸ਼ ਕਰ ਰਿਹਾ ਹੈ। ਪਰ ਅਸਲ ਵਿਚ ਉਹ ਪਰਮਾਰਥ ਨਹੀਂ ਸਗੋਂ ਅਨੁਵਾਦ ਹੀ ਕਰ ਰਿਹਾ ਹੈ।[34]

<u>ਆਦਿ ਰਮਾਇਣ:</u> 'ਰਮਾਇਣ' ਪੁਰਾਤਨ ਹਿੰਦੂ ਗ੍ਰੰਥਾਂ ਵਿਚੋਂ ਵਿਸ਼ੇਸ਼ ਮਹੱਤ੍ਵਪੂਰਣ ਮਹਾਂਕਾਵਿ ਹੈ। ਪੰਜਾਬੀ ਵਾਰਤਕ ਵਿਚ 'ਆਦਿ ਰਮਾਇਣ' ਨਾਂ ਅਧੀਨ ਸੋਢੀ ਹਰਿਜੀ ਦੀ ਰਚਨਾ ਮਿਲਦੀ ਹੈ। ਇਹ ਉਸ ਦੀ ਲਿਖਤ 'ਸੁਖਮਨੀ ਸਹੰਸਰਨਾਮ'[35] ਵਿਚ ਆਈਆਂ ਕਥਾਵਾਂ ਵਿਚੋਂ ਹੀ ਇਕ ਵਿਸਤ੍ਰਿਤ ਕਥਾ ਹੈ ਜੋ ਬਹੁਤ ਸਾਰੀਆਂ ਸੁਤੰਤਰ ਨਕਲਾਂ ਦੇ ਰੂਪ ਵਿਚ ਵੀ ਮਿਲਦਾ ਹੈ। ਇਹ ਨਾਂ ਤਾਂ ਪੂਰਨ ਰੂਪ ਵਿਚ ਮਹਾਂਕਾਵਿ ਰਮਾਇਣ ਦਾ ਅਨੁਵਾਦ ਹੀ ਹੈ ਅਤੇ ਨਾ ਹੀ ਉਸ ਤੇ ਆਧਾਰਤ ਹੈ ਸਗੋਂ ਇਹ ਉਸ ਸਮੇਂ ਦੀਆਂ ਪ੍ਰਚੱਲਤ ਦੰਤ ਕਥਾਵਾਂ ਹੀ ਕਹੀਆਂ ਜਾ ਸਕਦੀਆਂ ਹਨ। ਡਾ: ਪਿਆਰ ਸਿੰਘ ਅਨੁਸਾਰ ਮੂਲ ਰੂਪ ਵਿਚ ਇਹ ਸਹੰਸਰਨਾਮ ਦੀ ਇਕ ਅਸਟਪਦੀ ਦਾ ਟੀਕਾ ਹੀ ਹੈ।[36] ਇਸ ਰਚਨਾ ਵਿਚ ਭਾਵੇਂ ਵਾਰਤਕ ਅਤੇ ਕਵਿਤਾ ਦਾ ਰਲਾ ਹੀ ਹੈ ਪਰ ਪ੍ਰਧਾਨਤਾ ਗੱਦ ਦੀ ਹੀ ਹੈ।

32. 'A History of Panjabi Literature', p-51.

33. Piar Singh, Dr., 'A Critical Survey of Panjabi Prose in the 17th Century(Thesis), Panjab University Chandigarh Library, p-206.

34. ਉਹੀ।

35. ਹ:ਲਿ:ਨੰ: 1194, ਪੰ:ਯੂ.ਲਾ:ਚੰਡੀਗੜ੍ਹ।

36. 'ਪੰਜਾਬੀ ਸਾਹਿਤ ਦਾ ਇਤਿਹਾਸ' (ਭਾਸ਼ਾ ਵਿਭਾਗ), ਭਾਗ ਦੂਜਾ, ਪੰਨਾ 82.

## ਸਿੰਘਾਸਨ ਬਤੀਸੀ:

ਇਸ ਕਾਲ ਦੇ ਮਿਲਦੇ ਵਾਰਤਕ ਅਨੁਵਾਦਾਂ ਵਿਚੋਂ ਇਹ ਇਕ ਪ੍ਰਮੁੱਖ ਅਨੁਵਾਦ ਮੰਨਿਆ ਗਿਆ ਹੈ। ਇਹ ਸੰਸਕ੍ਰਿਤ ਕਥਾ ਸਾਹਿੱਤ ਦੀ ਇਕ ਲੋਕ ਪ੍ਰਿਯ ਰਚਨਾ 'ਸਿੰਹਾਸਨ ਦ੍ਵਾਤ੍ਰਿੰਸ਼ਿਕਾ' ਦਾ ਅਨੁਵਾਦ ਤਾਂ ਨਹੀਂ ਸਗੋਂ ਆਧਾਰਤ ਰਚਨਾ ਹੈ। ਪੰਜਾਬੀ ਵਿਚ ਇਸ ਦੇ ਪੰਜ ਰੂਪ ਮਿਲਦੇ ਹਨ। ਇਨ੍ਹਾਂ ਵਿਚੋਂ ਚਾਰ ਕਾਵਿ ਰੂਪ ਅਨੁਵਾਦ ਹਨ। ਵਾਰਤਕ ਵਿਚ ਮਿਲਦਾ ਰੂਪ ਅਗਿਆਤ ਹੈ। ਸਿੰਘਾਸਨ ਬਤੀਸੀ ਦੇ ਵਾਰਤਕ ਰੂਪ ਦੀਆਂ ਨਕਲਾਂ ਮਿਲਦੀਆਂ ਹਨ। ਇਸ ਰਚਨਾ ਦਾ ਦੂਜਾ ਨਾਂ 'ਪੁਤਲੀਆਂ ਰਾਜੇ ਬਿਕ੍ਰਮਾਜੀਤ ਕੀਆਂ' ਵੀ ਹੈ।

ਇਸ ਰਚਨਾ ਦੀ ਸ਼ੈਲੀ ਮਿਹਰਵਾਨ ਸ਼ੈਲੀ ਨਾਲ ਮਿਲਦੀ ਹੈ ਅਤੇ ਉਸੇ ਢੰਗ ਅਨੁਸਾਰ ਹਰ ਕਥਾ ਦੇ ਅੰਤ ਉਤੇ ਸ਼ਲੋਕ ਦਿੱਤਾ ਗਿਆ ਹੈ। ਸਾਡੀ ਖੋਜ ਅਨੁਸਾਰ ਇਹ ਆਧਾਰਤ ਰਚਨਾ ਸੋਢੀ ਹਰਿਜੀ ਦੀ ਹੈ।[37]

## ਪੰਜਾਹ ਉਪਨਿਸਦ:[38]

ਡਾ: ਮੋਹਨ ਸਿੰਘ ਅਨੁਸਾਰ ਉਪਨਿਸ਼ਦਾਂ ਦੇ ਕੁਝ ਹਿੱਸਿਆਂ ਦੇ ਅਨੁਵਾਦ ਵੀ ਮਿਲਦੇ ਹਨ ਜਿਹੜੇ ਲਗਭਗ ਇਸੇ ਕਾਲ ਵਿਚ ਹੀ ਕੀਤੇ ਗਏ। ਉਪਰੋਕਤ ਅਨੁਵਾਦਾਂ ਤੋਂ ਇਲਾਵਾ ਸੰਸਕ੍ਰਿਤ ਗ੍ਰੰਥਾਂ ਜਾਂ ਉਨ੍ਹਾਂ ਦੇ ਕੁਝ ਭਾਗਾਂ ਦੇ ਪੰਜਾਬੀ ਵਿਚ ਕੀਤੇ ਅਨੁਵਾਦ ਮਿਲਦੇ ਹਨ। ਇਨ੍ਹਾਂ ਫੁਟਕਲ ਅਨੁਵਾਦਿਤ ਰਚਨਾਵਾਂ ਵਿਚੋਂ ਵਿਸ਼ਨੂੰ ਪੁਰਾਣ, ਭਗਵਤ ਗੀਤਾ, ਭਗਵਤ ਮਹਾਂ ਪੁਰਾਣ, ਲਵਕੁਸ਼ ਸੰਬਾਦ, ਵਿਵੇਕ ਸਿੰਧੂ, ਨਿਰਬਾਣ ਪ੍ਰਕਰਣ ਆਦਿ ਦੇ ਨਾਂ ਲਏ ਜਾ ਸਕਦੇ ਹਨ।

ਸੋ ਇਸ ਅਧਿਆਇ ਤੋਂ ਇਹ ਗਲ ਸਪਸ਼ਟ ਹੋ ਜਾਂਦੀ ਹੈ ਕਿ ਜਿਥੇ ਗੋਸ਼ਟ ਰੂਪ, ਮਿਹਰਵਾਨ ਦੇ ਹੱਥੋਂ ਵਿਕਸਿਤ ਹੋ ਕੇ ਮਗਰੋਂ ਇਸ ਕਾਲ ਵਿਚ ਪ੍ਰਫੁੱਲਤ ਹੋਇਆ ਉਥੇ ਪਰਮਾਰਥ ਅਤੇ ਟੀਕੇ ਦਾ ਵਿਕਾਸ ਵੀ ਇਸੇ ਸੰਪ੍ਰਦਾਇ ਦੇ ਹੱਥੋਂ ਹੀ ਹੋਇਆ ਜਿਸ ਬਾਰੇ ਅਗੇ ਚਲ ਕੇ ਵਿਸਤਾਰ ਨਾਲ ਚਰਚਾ ਕੀਤੀ ਜਾਏਗੀ।

ਖੋਜ-ਪ੍ਰਬੰਧ ਦੇ ਅਗਲੇ ਪੰਨਿਆਂ ਤੇ ਵਿਚ ਉਪਰੋਕਤ ਸਮਕਾਲੀ ਪਰਿਸਥਿਤੀਆਂ ਅਤੇ ਇਨ੍ਹਾਂ ਵਿਚ ਉਪਜੀਆਂ ਰਚਨਾਵਾਂ ਦੇ ਪ੍ਰਕਰਣ ਵਿਚ ਲੇਖਕ ਉਤੇ ਪਏ ਪੂਰਵ ਪ੍ਰਭਾਵਾਂ ਨੂੰ ਉਘਾੜਦਿਆਂ ਉਸ ਦਾ ਪੁਰਾਤਨ ਪੰਜਾਬੀ ਗੱਦ ਸਾਹਿੱਤ ਵਿਚ ਸਥਾਨ ਨਿਸ਼ਚਿਤ ਕਰਨ ਦਾ ਵੀ ਯਤਨ ਕੀਤਾ ਗਿਆ ਹੈ।

---

37. ਵਿਸਤਾਰ ਲਈ ਵੇਖੋ: ਅੰਤਿਕਾ

38. ੳ) 'A Short History of Panjabi Literature', p-50.
ਅ) 'ਹੱਥ ਲਿਖਤਾਂ ਦੀ ਸੂਚੀ' ਭਾਗ ਦੂਜਾ, ਪੰਨਾ 2-4.

## ਅਧਿਆਇ 3

**********

## "ਸੋਢੀ ਮਿਹਰਵਾਨ ਦੀ ਰਚਨਾ"

1. (ੳ) ਗੱਦ-ਰਚਨਾ
   (ਅ) ਕਾਵਿ-ਰਚਨਾ
2. ਕਰਤ੍ਰਿਤ੍ਵ
3. ਰਚਨ-ਕਾਲ
4. ਰਚਨ-ਅਸਥਾਨ

1. <u>ਰਚਨਾ</u>:-

ਪੁਰਾਤਨ ਪੰਜਾਬੀ ਵਾਰਤਕ ਸਾਹਿੱਤ ਵਿਚ ਗੋਸ਼ਟ, ਕਥਾ, ਸਾਖੀ, ਪਰਚੀ ਅਤੇ ਮਸਲਾ ਸਾਰੇ ਹੀ ਸ਼ਬਦ ਲਗਭਗ ਸਮਅਰਥੀ ਰੂਪ ਵਿਚ ਵਰਤੇ ਗਏ ਹਨ। ਬਹੁਤ ਕਰਕੇ ਸਿੱਖ ਗੁਰੂਆਂ ਦੀਆਂ ਜੀਵਨੀ ਘਟਨਾਵਾਂ ਲਈ ਸਾਖੀ; ਸੰਤਾਂ ਭਗਤਾਂ, ਰਿਸ਼ੀਆਂ ਤੇ ਜੋਗੀਆਂ ਲਈ ਕਥਾ ਅਤੇ ਮੁਸਲਮਾਨ ਪੀਰਾਂ, ਫ਼ਕੀਰਾਂ, ਨਬੀਆਂ ਅਤੇ ਪੈਗੰਬਰਾਂ ਦਾ ਜੀਵਨ ਅੰਕਿਤ ਕਰਨ ਲਈ ਮਸਲਾ ਸ਼ਬਦ ਵਰਤਿਆ ਗਿਆ ਹੈ। ਪਰ ਗੋਸ਼ਟਿ ਅਜਿਹਾ ਸਾਂਝਾ ਸ਼ਬਦ ਹੈ ਜਿਸਨੂੰ ਗੁਰੂਆਂ, ਭਗਤਾਂ, ਸੰਤਾਂ, ਜੋਗੀਆਂ, ਸਿੱਧਾਂ ਤੇ ਮੁਸਲਮਾਨ ਪੀਰਾਂ ਫ਼ਕੀਰਾਂ ਆਦਿ ਸਭ ਲਈ ਹੀ ਵਰਤ ਲਿਆ ਗਿਆ ਹੈ। ਸੋਢੀ ਮਿਹਰਵਾਨ ਨੇ ਵੀ ਗੋਸ਼ਟਿ ਸ਼ਬਦ ਦੀ ਬਹੁਤੀ ਵਰਤੋਂ ਕੀਤੀ ਹੈ।

ਸੋਢੀ ਮਿਹਰਵਾਨ ਦੇ ਨਾਂ ਨਾਲ ਗੋਸ਼ਟਾਂ, ਕਥਾਵਾਂ, ਸਾਖੀਆਂ ਤੇ ਮਸਲਿਆਂ ਦੇ ਰੂਪ ਵਿਚ ਜੁੜੀਆਂ ਅਨੇਕ ਰਚਨਾਵਾਂ ਦੀ ਘੋਖ ਪੜਤਾਲ ਕਰਨ ਤੋਂ ਬਾਅਦ ਹੇਠ ਲਿਖੀਆਂ ਰਚਨਾਵਾਂ ਮਿਹਰਵਾਨ ਦੀਆਂ ਸਿਧ ਹੁੰਦੀਆਂ ਹਨ:-

(ੳ) <u>ਗੱਦ-ਰਚਨਾਵਾਂ</u> :

1. 'ਗੋਸ਼ਟਾਂ ਕਬੀਰ ਜੀ ਕੀਆਂ'
2. 'ਸਚਖੰਡ ਪੋਥੀ, ਹਰਿ ਜੀ ਪੋਥੀ ਅਤੇ ਚਤੁਰਭੁਜ ਪੋਥੀ', ਆਦਿ।
3. 'ਗੋਸ਼ਟਾਂ ਗੁਰੂ ਅਮਰਦਾਸ ਜੀ ਕੀਆਂ'
4. 'ਮਸਲੇ ਹਜ਼ਰਤ ਰਸੂਲ ਕੇ'
5. 'ਗੋਸ਼ਟਾਂ'।

ੳ) ਹਿੰਦੂ ਭਗਤਾਂ ਦੀਆਂ ਗੋਸ਼ਟਾਂ।

ਅ) ਨਾਥਾਂ, ਜੋਗੀਆਂ ਦੀਆਂ ਗੋਸ਼ਟਾਂ।

ੲ) ਮੁਸਲਮਾਨ ਪੀਰਾਂ ਫ਼ਕੀਰਾਂ ਦੀਆਂ ਗੋਸ਼ਟਾਂ।

(ਅ) <u>ਕਾਵਿ-ਰਚਨਾ</u>

ੳ) ਸ਼ਬਦ


ਅ) ਸ਼ਲੋਕ

ੲ) ਵਾਰਾਂ

ਸ) ਅਨੁਕਰਣਕ ਕਾਵਿ

101

ਬਾਣੀਆਂ ਕਬੀਰ ਜੀ ਕੀਆਂ ' ਦੀ ਇਕ ਪੁਰਾਤਨ ਹੱਥ ਲਿਖਤ ਦਾ ਨਮੂਨਾ (ਇਕੀ ਪੂਰੀ)



<u>ਗੱਦ-ਰਚਨਾ</u> :

1. <u>ਗੋਸ਼ਟਾਂ ਕਬੀਰ ਜੀ ਕੀਆਂ</u> :

ਮਿਹਰਵਾਨ ਦੀਆਂ ਪ੍ਰਾਪਤ ਗੱਦ ਰਚਨਾਵਾਂ ਵਿਚੋਂ 'ਗੋਸ਼ਟਾਂ ਕਬੀਰ ਜੀ ਕੀਆਂ' ਉਸ ਦੀ ਪਹਿਲੀ ਅਤੇ ਪ੍ਰਸਿੱਧ ਰਚਨਾ ਹੈ। ਸੋਢੀ ਹਰਿਜੀ ਅਨੁਸਾਰ 'ਆਦਿ ਹੀ ਕਬੀਰ ਗੁਸਾਇ ਕੀਆਂ ਗੋਸ਼ਟੀਂ ਭਈਆਂ'[1] ਅਤੇ ਇਉਂ ਪ੍ਰਤੀਤ ਹੁੰਦਾ ਹੈ ਕਿ ਇਨ੍ਹਾਂ ਤੋਂ ਬਾਅਦ ਹੀ ਮਿਹਰਵਾਨ ਨੇ ਹੋਰਾਂ ਹਿੰਦੂ ਭਗਤਾਂ, ਸਿੱਖ ਗੁਰੂ ਸਾਹਿਬਾਂ, ਮੁਸਲਮਾਨ ਪੀਰਾਂ ਫ਼ਕੀਰਾਂ ਅਤੇ ਨਾਥਾਂ ਜੋਗੀਆਂ ਦੀਆਂ ਗੋਸ਼ਟਾਂ ਰਚੀਆਂ।

ਇਸ ਰਚਨਾ ਦੀਆਂ ਅਨੇਕ ਸੁਤੰਤਰ ਪੂਰੀਆਂ ਜਾਂ ਅਧੂਰੀਆਂ ਹੱਥ ਲਿਖਤ ਨਕਲਾਂ ਵੱਖ ਵੱਖ ਪੁਸਤਕਾਲਿਆਂ ਵਿਚ ਪ੍ਰਾਪਤ ਹਨ।[2] ਇਨ੍ਹਾਂ ਤੋਂ ਇਲਾਵਾ ਹੱਥ ਲਿਖਤ ਨੰ: 359 ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਆਦਿ ਵਿਚ ਵੀ ਇਸ ਦੀਆਂ ਇਕੱਠੀਆਂ ਕੁਝ ਗੋਸ਼ਟਾਂ ਮਿਲਦੀਆਂ ਹਨ। ਇਹ ਰਚਨਾ ਪੱਥਰ ਦੇ ਛਾਪੇ ਰਾਹੀਂ ਛਪੀ ਹੋਈ ਵੀ ਮਿਲਦੀ ਹੈ ਜਿਸ ਨੂੰ ਸਭ ਤੋਂ ਪਹਿਲਾਂ ਮੁਨਸ਼ੀ ਗੋਬਿੰਦ ਸਹਾਇ ਨੇ ਸੰਮਤ 1888 ਵਿਚ ਛਪਵਾਇਆ। ਇਸ ਤੋਂ ਮਗਰੋਂ ਭਾਈ ਚਤਰ ਸਿੰਘ, ਜੀਵਨ ਸਿੰਘ, ਅੰਮ੍ਰਿਤਸਰ ਨੇ ਇਸ ਨੂੰ 1919 ਈ. ਵਿਚ ਛਾਪਿਆ।

ਅਸਲ ਵਿਚ ਪਿਛਲੀਆਂ ਤਿੰਨ ਸਦੀਆਂ ਤੋਂ, ਗੁਰੂ ਨਾਨਕ ਸਾਹਿਬ ਅਤੇ ਹੋਰਾਂ ਭਗਤਾਂ ਦੀਆਂ ਗੋਸ਼ਟਾਂ ਤੇ ਜੀਵਨੀਆਂ ਵਾਂਗ ਇਹ ਰਚਨਾ ਵੀ ਕਾਫ਼ੀ ਪੜ੍ਹੀ ਜਾਂਦੀ ਰਹੀ ਹੈ। ਇਸੇ ਕਰਕੇ ਗੁਰੂ ਸਾਹਿਬ ਦੀਆਂ ਜਨਮਸਾਖੀਆਂ ਵਾਂਗ ਇਸ ਰਚਨਾ ਦੀਆਂ ਵੀ ਹੱਥ ਲਿਖਤ ਨਕਲਾਂ ਹੁੰਦੀਆਂ ਆਈਆਂ ਹਨ।

2. <u>'ਸੱਚਖੰਡ ਪੋਥੀ, ਹਰਿਜੀ ਪੋਥੀ ਅਤੇ ਚਤੁਰਭੁਜ ਪੋਥੀ'</u>, ਆਦਿ


'ਸਚਖੰਡ ਪੋਥੀ, ਹਰਿਜੀ ਪੋਥੀ ਅਤੇ ਚਤੁਰਭੁਜ ਪੋਥੀ' ਆਦਿ ਸੋਢੀ ਮਿਹਰਵਾਨ ਦੀ ਸਭ ਤੋਂ ਵੱਡੀ ਅਤੇ ਮਹੱਤਪੂਰਣ ਰਚਨਾ ਹੈ ਜਿਸ ਵਿਚ ਗੁਰੂ ਨਾਨਕ ਸਾਹਿਬ ਦੀ ਜੀਵਨੀ ਦੇ ਨਾਲ ਨਾਲ ਨਾਨਕ ਬਾਣੀ ਦੇ ਪਰਮਾਰਥ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਇਸ ਰਚਨਾ ਨੂੰ 'ਗੋਸ਼ਟਾਂ ਗੁਰੂ ਨਾਨਕ' ਜਾਂ 'ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ' ਦਾ ਨਾਂ ਦਿੱਤਾ

---

1. 'ਗੋਸ਼ਟਿ ਗੁਰੂ ਮਿਹਰਵਾਨ', (ਸੰਪ: ਡਾ: ਰਾਜਗੁਰੂ) ਪੰਨਾ 336.

2. ਵਿਸਤਾਰ ਲਈ ਦੇਖੋ: ਪੁਸਤਕ ਸੂਚੀ।

ਸਿੱਖ ਰੈਫ਼ਰੈਂਸ ਲਾਇਬ੍ਰੇਰੀ, ਅੰਮ੍ਰਿਤਸਰ ਵਿਚ ਪੁਰਾਤਨ [illegible] [illegible] ਦੀ [illegible] ਤੋਂ ਪੁਰਾਤਨ
ਤੋਂ ਲਿਖਤ ਦਾ ਨਮੂਨਾ



ਜਾਂਦਾ ਹੈ।[3]

'ਸਚਖੰਡ ਪੋਥੀ' ਦਾ ਸਭ ਤੋਂ ਪੁਰਾਤਨ ਹੱਥ ਲਿਖਤ ਸਿੱਖ ਰੈਫ਼ਰੈਂਸ ਲਾਇਬਰੇਰੀ, ਅੰਮ੍ਰਿਤਸਰ ਵਿਚ ਹ. ਲਿ. ਨੰ: 7373 ਅਧੀਨ ਪ੍ਰਾਪਤ ਹੈ ਜੋ ਸੰਮਤ 1811/1754 ਈ: ਦੀ ਨਕਲ ਹੈ।

ਇਸ ਦੀ ਦੂਜੀ ਪ੍ਰਤੀ ਸਿੱਖ ਹਿਸਟਰੀ ਰੀਸਰਚ ਡੀਪਾਰਟਮੈਂਟ, ਖਾਲਸਾ ਕਾਲਜ ਅੰਮ੍ਰਿਤਸਰ ਵਿਚ ਹੱਥ ਲਿ. ਨੰ: 427 ਅਧੀਨ ਸੁਰਖਿਅਤ ਹੈ। ਇਸੇ ਹੱਥ ਲਿਖਤ ਦੀ ਦੂਜੀ ਜਿਲਦ ਵਿਚ 'ਪੋਥੀ ਹਰਿਜੀ' ਅਤੇ 'ਪੋਥੀ ਚਤੁਰਭੁਜ' ਭਾਗ ਵੀ ਸ਼ਾਮਲ ਹਨ। ਸੰਪਾਦਿਤ ਕੀਤੀ ਗਈ ਇਸ 'ਹਰਿਜੀ ਪੋਥੀ' ਵਿਚੋਂ ਰੰਘੜੀ ਨਾਲ ਵਿਆਹ ਵਾਲੀ 178 ਨੰ: ਦੀ ਗੋਸ਼ਟਿ ਕੱਢ ਦਿੱਤੀ ਗਈ ਹੈ ਜੋ ਕਿ ਅਸਲ ਪੋਥੀ ਅਤੇ ਕ੍ਰਿਸ਼ਨਾ ਕੁਮਾਰੀ ਬਾਂਸਲ[4] ਵਾਲੀ ਪ੍ਰਤੀ ਵਿਚ ਵੀ ਸ਼ਾਮਲ ਹੈ। 'ਹਰਿਜੀ ਪੋਥੀ' ਦੀ ਇਕ ਨਕਲ ਸ਼੍ਰੀਮਤੀ ਕ੍ਰਿਸ਼ਨਾ ਕੁਮਾਰੀ ਬਾਂਸਲ (ਸੰਗਰੂਰ) ਪਾਸ ਹੈ, ਜਿਸ ਵਿਚ 61 ਗੋਸ਼ਟੀਆਂ ਹਨ ਅਤੇ ਇਹ ਪ੍ਰਤੀ ਸੰਮਤ 1885 ਦੀ ਨਕਲ ਹੈ। ਖਾਲਸਾ ਕਾਲਜ, ਅੰਮ੍ਰਿਤਸਰ ਵਿਚ ਵੀ ਇਸ ਰਚਨਾ ਦੇ ਪਹਿਲੇ ਭਾਗ ਦੀ ਇਕ ਹੋਰ ਅਧੂਰੀ ਨਕਲ ਹੱਥ ਲਿ: ਨੰ: 2190 ਅਧੀਨ ਪਈ ਹੈ। ਜਿਸ ਵਿਚ ਮੂਲ ਪੋਥੀ ਦੀਆਂ ਕੇਵਲ ਪਹਿਲੀਆਂ 72 ਗੋਸ਼ਟੀਆਂ ਹੀ ਸ਼ਾਮਲ ਹਨ।[5] ਇਨ੍ਹਾਂ ਪ੍ਰਾਪਤ ਪੋਥੀਆਂ ਤੋਂ ਇਲਾਵਾ ਇਨ੍ਹਾਂ ਵਿਚੋਂ ਨਕਲ ਕੀਤੀਆਂ ਗਈਆਂ ਬਹੁਤ ਸਾਰੀਆਂ ਗੋਸ਼ਟਾਂ ਸੁਤੰਤਰ ਰੂਪ ਵਿਚ ਵੀ ਮਿਲਦੀਆਂ ਹਨ ਜਿਵੇਂ:

| | | |
|---|---|---|
| ਗੋਸ਼ਟਾਂ ਗੁਰੂ ਨਾਨਕ ਦੇਵ ਜੀ ਕੀਆਂ | ਹ: ਲਿ: ਨੰ: 678 | ਸੈ. ਪ. ਲਾ. ਪਟਿਆਲਾ। |
| ਗੋਸ਼ਟਿ ਰਾਜਾ ਜਨਕ ਕੀ, ਜਪੁ ਅਤੇ ਤੁਖਾਰ ਕਾ ਪਰਮਾਰਥ ਆਦਿ | 1193 | ਪੰ: ਯੂ. ਲਾ. ਚੰਡੀਗੜ੍ਹ। |
| | - | - |
| ਗੋਸ਼ਟ ਰਾਜੇ ਜਨਕ ਕੀ | 6405 | ਸਿ. ਰੈ. ਲਾ: ਅੰਮ੍ਰਿਤਸਰ। |

---

3. 'ਸਚਖੰਡ ਪੋਥੀ' ਨੂੰ ਸਿੱਖ ਹਿਸਟਰੀ ਰੀਸਰਚ ਡੀਪਾਰਟਮੈਂਟ, ਖਾਲਸਾ ਕਾਲਜ, ਅੰਮ੍ਰਿਤਸਰ ਨੇ 1962 ਵਿਚ 'ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ' ਦੇ ਨਾਂ ਅਧੀਨ ਪ੍ਰਕਾਸ਼ਿਤ ਕੀਤਾ। ਇਸੇ ਪੋਥੀ ਦੇ ਦੂਜੇ ਅਤੇ ਤੀਜੇ ਹਿੱਸੇ ਨੂੰ ਵੀ 1969 ਵਿਚ ਇਸੇ ਨਾਂ ਥਲੇ ਪ੍ਰਕਾਸ਼ਿਤ ਕੀਤਾ ਗਿਆ।

4. ਰੀਸਰਚ ਸਕਾਲਰ ਕ੍ਰਿਸ਼ਨਾ ਕੁਮਾਰੀ ਬਾਂਸਲ, ਸੰਗਰੂਰ, ਪਾਸ ਹੋਰ ਕਈ ਪੁਰਾਤਨ ਪੰਜਾਬੀ ਹੱਥ ਲਿਖਤਾਂ ਤੋਂ ਇਲਾਵਾ ਹਰਿਜੀ ਪੋਥੀ ਦੀ ਇਕ ਨਕਲ ਵੀ ਪ੍ਰਾਪਤ ਹੈ।

5. ਪੰਜਾਬੀ ਹੱਥ ਲਿਖਤਾਂ ਦੀ ਸੂਚੀ, ਭਾਸ਼ਾ ਵਿਭਾਗ ਭਾਗ ਦੂਜਾ, ਪੰਨਾ 232.

| | | |
|---|---|---|
| ਜਪੁ, ਸੋਹਿਲੇ, ਆਰਤੀ, ਓਅੰਕਾਰ, ਸਿੱਧ ਗੋਸ਼ਟਿ, ਆਸਾ ਕੀ ਵਾਰ ਆਦਿ ਦੇ ਪਰਮਾਰਥ ਅਤੇ ਗੋਸ਼ਟਾਂ। | 7258 | ਸਿ:ਰੈ:ਲਾ:ਅੰਮ੍ਰਿ. |
| ਗੋਰਖ ਅਤੇ ਭਰਥਰੀ ਨਾਲ ਗੋਸ਼ਟਿ | 234 | ਗੁ:ਨਾ:ਯੂ:ਲਾ:ਅੰਮ੍ਰਿ. |
| ਜਪ ਪਰਮਾਰਥ ਤੇ ਗੋਸ਼ਟਿ ਰਾਜੇ ਜਨਕ ਕੀ, ਨਿਰੰਕਾਰ ਨਾਲ ਆਦਿ | 7241 | ਸਿ:ਰੈ:ਲਾ:ਅੰਮ੍ਰਿ. |
| ਗੋਸ਼ਟਾਂ ਰਾਜੇ ਜਨਕ ਕੀ | 2184 | -"- |
| ਗੋਸ਼ਟਿ ਸ਼ੇਖ ਬਿਰਾਹਮ ਨਾਲ, ਜਪ ਪਰਮਾਰਥ | 693 | ਸੇ:ਪਾ:ਲਾ:ਪਟਿ: |
| ਗੋਸ਼ਟਿ ਰਾਜੇ ਜਨਕ ਕੀ | 1499 | -"- |
| ਗੋਸ਼ਟਿ ਰਾਜੇ ਜਨਕ ਕੀ | 7398 | -"- |
| ਸਿਧ ਗੋਸ਼ਟਿ ਕਾ ਪਰਮਾਰਥ | 671 | -"- |
| ਜਪੁ ਪਰਮਾਰਥ | 974 | ਪੰਜਾਬੀ ਭਵਨ, ਲੁਧਿ. |
| ਜਪੁ ਪਰਮਾਰਥ | 6710 | ਸਿ:ਰੈ. ਲਾ:ਅੰਮ੍ਰਿ. |
| ਜਪੁ ਪਰਮਾਰਥ | 4907 | -"- |
| ਜਪੁ ਪਰਮਾਰਥ | 1270,71 | ਪੰ. ਯੂ. ਲਾ:ਚੰਡੀ. |
| ਜਪੁ ਪਰਮਾਰਥ | 346 | ਭਾ:ਵਿ:ਲਾ:ਪਟਿ. |

ਇਨ੍ਹਾਂ ਤੋਂ ਇਲਾਵਾ ਵੱਖ ਵੱਖ ਪੁਸਤਕਾਲਿਆਂ ਵਿਚ ਪਈਆਂ ਬਹੁਤ ਸਾਰੀਆਂ ਹੋਰ ਲਿਖਤਾਂ ਵਿਚ ਵੀ ਮਿਹਰਵਾਨ ਰਚਿਤ 'ਗੋਸ਼ਟਾਂ ਗੁਰੂ ਨਾਨਕ' ਦੀਆਂ ਇਕੱਲ ਟੁੱਕੜ ਗੋਸ਼ਟਾਂ/ ਨਕਲ ਕੀਤੀਆਂ ਮਿਲ ਜਾਂਦੀਆਂ ਹਨ।

'ਗੋਸ਼ਟਾਂ ਗੁਰੂ ਨਾਨਕ' ਦੀਆਂ ਪ੍ਰਾਪਤ ਅਤੇ ਅਪ੍ਰਾਪਤ ਪੋਥੀਆਂ ਵਿਚ ਆਈਆਂ ਗੋਸ਼ਟਾਂ ਦੀ ਗਿਣਤੀ ਇਸ ਪ੍ਰਕਾਰ ਹੈ:[6]

| ਪੋਥੀ ਦਾ ਨਾਂ | ਕੁਲ ਗੋਸ਼ਟਾਂ | ਪ੍ਰਾਪਤ ਗੋਸ਼ਟਾਂ | ਅਪ੍ਰਾਪਤ ਗੋਸ਼ਟਾਂ |
|---|---|---|---|
| 1. ਸਚਖੰਡ ਪੋਥੀ | 167 | 153 | 14 |
| 2. ਹਰਿਜੀ ਪੋਥੀ | 61 | 61 | - |

---

6. ਪਹਿਲੀਆਂ ਤਿੰਨ ਪੋਥੀਆਂ ਦੀਆਂ ਗੋਸ਼ਟਾਂ ਦੀ ਗਿਣਤੀ ਬਾਰੇ ਸੂਚਨਾ ਖਾਲਸਾ ਕਾਲਜ, ਅੰਮ੍ਰਿਤਸਰ ਦੇ ਸਿੱਖ ਹਿਸਟਰੀ ਰਿਸਰਚ ਡੀਪਾਰਟਮੈਂਟ ਵਿਚ ਪ੍ਰਾਪਤ 'ਪੋਥੀ ਸਚਖੰਡ' ਅਤੇ 'ਪੋਥੀ ਹਰਿਜੀ' ਦੇ ਅੰਤ ਉਤੇ ਦਿੱਤੀ ਗਈ ਹੈ। ਅਗਲੀਆਂ ਤਿੰਨਾਂ ਪੋਥੀਆਂ ਦੀਆਂ ਗੋਸ਼ਟਾਂ ਦੀ ਗਿਣਤੀ ਬਾਰੇ ਵੇਰਵਾ ਸਰਗਵਾਸੀ ਸੋਢੀ ਮਨ ਸਿੰਘ, ਨਿਵਾਸੀ ਡਿਲਵਾਂ ਕਲਾਂ, ਪਾਸ ਸੁਰੱਖਿਅਤ ਇਕ ਪੋਥੀ ਵਿਚ ਪ੍ਰਾਪਤ ਹੈ - ਮਿਹਰਵਾਨ ਵਾਲੀ ਜਨਮਸਾਖੀ ਭਗਤ ਕਬੀਰ ਜੀ ਕੀ, ਸੰਪਾਦਨ ਤੇ ਵਿਵੇਚਨ, (ਖੋਜ-ਪ੍ਰਬੰਧ) ਗੁਰੂ ਨਾਨਕ ਦੇਵ ਯੂ. ਅੰਮ੍ਰਿ. 1977 ਦੇ ਪੰਨਾਂ 69 ਉਪਰ -ਉਧ੍ਰਿਤ।

| | | | |
|---|---|---|---|
| 3. ਚਤੁਰਭੁਜ ਪੋਥੀ | 74 | 74 | - |
| 4. ਕੇਸੋ ਰਾਇ ਪੋਥੀ | 83 | - | 83 |
| 5. ਅਭੈਪਦ ਪੋਥੀ | 106 | - | 106 |
| 6. ਪ੍ਰੇਮਪਦ ਪੋਥੀ | 84 | - | 84 |
| ਕੁਲ ਜੋੜ | 575 | 288 | 287 |

ਇਸ ਖੇਤਰ ਦੇ ਪ੍ਰਸਿੱਧ ਖੋਜੀ ਡਾ: ਪਿਆਰ ਸਿੰਘ ਨੇ ਪੰਜਾਬ ਆਰਕਾਈਵਜ਼ ਪਟਿਆਲਾ ਵਿਚ ਪ੍ਰਾਪਤ ਹੱਥ ਲਿਖਤ ਨੰ: 342 ਦੇ ਅੰਤ ਉਤੇ ਪੂਰੇ ਵੱਖਰੇ ਪੱਤਰਿਆਂ ਵਿਚੋਂ ਮਿਹਰਵਾਨ ਰਚਿਤ ਤਿੰਨ ਗੋਸ਼ਟਾਂ ਲਭੀਆਂ ਹਨ। 'ਗੋਸਟਿ ਸ੍ਰੀ ਸਤਿਗੁਰੂ ਜੀ ਕੇ ਚਲਾਣੇ ਦੀ ਚਲੀ॥ ਉੜਕਿ ਕੀ॥' ਨਾਲ ਸੰਬੰਧਿਤ ਇਹ ਤਿੰਨ ਗੋਸ਼ਟਾਂ 'ਸਚ ਖੰਡ ਪੋਥੀ' ਦੀਆਂ ਅਪ੍ਰਾਪਤ 14 ਗੋਸ਼ਟਾਂ ਵਿਚੋਂ ਹੀ ਹਨ ਜਿਨ੍ਹਾਂ ਵਿਚ ਗੁਰੂ ਨਾਨਕ ਦੇਵ ਜੀ ਦੇ ਸਚਖੰਡ ਜਾਣ ਦਾ ਵਿਸਤ੍ਰਿਤ ਵਰਨਣ ਹੈ।[7]

3. ਗੋਸ਼ਟਾਂ ਗੁਰੂ ਅਮਰਦਾਸ ਜੀ ਕੀਆਂ :

ਮਿਹਰਵਾਨ ਰਚਿਤ ਗੋਸਟਿ ਸਾਹਿਤ ਵਿਚ 'ਗੋਸ਼ਟਾਂ ਕਬੀਰ ਜੀ ਕੀਆਂ' ਅਤੇ 'ਗੋਸ਼ਟਾਂ ਗੁਰੂ ਨਾਨਕ ਦੇਵ ਜੀ ਕੀਆਂ' (ਸਾਰੇ ਭਾਗ) ਦੇ ਨਾਲ ਹੀ ਗੋਸਟਿ ਤੇ ਜੀਵਨੀ ਸਾਹਿਤ ਦੀ ਇਕ ਹੋਰ ਵਧੀਆ ਰਚਨਾ 'ਗੋਸ਼ਟਿ ਗੁਰੂ ਅਮਰਦਾਸ ਜੀ ਕੀ' ਵੀ ਪ੍ਰਾਪਤ ਹੈ।

ਅੱਜ ਤੱਕ ਇਸ ਰਚਨਾ ਦੀ ਕੋਈ ਸੰਪੂਰਨ ਪੱਤਰੀ ਪ੍ਰਾਪਤ ਨਹੀਂ ਹੋਈ। ਪ੍ਰੋ: ਪ੍ਰੀਤਮ ਸਿੰਘ ਦੇ ਨਿੱਜੀ ਪੁਸਤਕਾਲੇ ਵਿਚ ਹੱਥ ਲਿਖਤ ਨੰ: 57 ਅਧੀਨ ਇਸ ਦੀ ਇਕ ਅਧੂਰੀ ਲਿਖਤ ਪ੍ਰਾਪਤ ਹੈ।[8] ਇਸ ਲਿਖਤ ਦੇ ਪਹਿਲੇ 34 ਅਤੇ 39 ਤੇ 40 ਨੰ: ਦੇ ਪੱਤਰੇ ਆਰੰਭ ਵਿਚੋਂ ਪਾਟੇ ਹੋਏ ਹਨ ਅਤੇ ਅੰਤ ਉਤੇ 425 ਤੋਂ ਅਗਲੇ ਪੱਤਰੇ ਗੁੰਮ ਹਨ। ਪੋਥੀ ਦੇ ਪ੍ਰਾਪਤ ਹਿੱਸੇ ਵਿਚ ਕੇਵਲ 39 ਗੋਸ਼ਟਾਂ ਹੀ ਮਿਲਦੀਆਂ ਹਨ।

ਸੈਂਟਰਲ ਸਟੇਟ ਪਬਲਿਕ ਲਾਇਬਰੇਰੀ, ਪਟਿਆਲਾ ਵਿਚ ਹੱਥ ਲਿਖਤ ਨੰ: 678 ਅਧੀਨ ਪ੍ਰਾਪਤ ਪੋਥੀ ਵਿਚ ਮਿਹਰਵਾਨ ਰਚਿਤ ਹੋਰਾਂ ਗੋਸ਼ਟਾਂ ਤੋਂ ਇਲਾਵਾ ਗੁਰੂ ਅਮਰਦਾਸ ਜੀ ਦੀਆਂ ਤਿੰਨ ਗੋਸ਼ਟਾਂ ਵੀ ਪ੍ਰਾਪਤ ਹਨ।[9] ਜੋ ਕਿਸੇ ਸੰਪੂਰਨ ਰਚਨਾ ਵੱਲ ਸੰਕੇਤ ਕਰਦੀਆਂ ਹਨ।

7. ਵਿਸਤਾਰ ਲਈ ਵੇਖੋ: 'ਆਦਿ ਸਾਖੀਆਂ' (ਸੰਪ: ਡਾ: ਪਿਆਰ ਸਿੰਘ) ਭੂਮਿਕਾ, ਪੰਨਾ 46.
8. 'ਹੱਥ ਲਿਖਤਾਂ ਦੀ ਸੂਚੀ' (ਭਾਸ਼ਾ ਵਿਭਾਗ) ਭਾਗ ਦੂਜਾ ਲੜੀ: 251.
9. ਪੰਨਾ 116.

ਇਹ ਪੋਥੀ 1740 ਸੰਮਤ/1683 ਈ: ਦੀ ਨਕਲ ਹੈ।

ਭਾਵੇਂ ਅੱਜ ਤੱਕ ਗੁਰੂ ਅਮਰਦਾਸ ਜੀ ਦੀਆਂ ਕੇਵਲ 39 ਗੋਸ਼ਟਾਂ ਦਾ ਹੀ ਸੰਕੇਤ ਮਿਲਦਾ ਹੈ ਪਰ ਪੋਥੀ ਦੇ ਅਧੂਰੇਪਨ ਅਤੇ ਕਬੀਰ ਜੀ ਦੀਆਂ 135 ਤੇ ਗੁਰੂ ਨਾਨਕ ਸਾਹਿਬ ਦੀਆਂ 575 ਗੋਸ਼ਟਾਂ ਨੂੰ ਦੇਖਦਿਆਂ ਸਹਿਜੇ ਹੀ ਇਹ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਇਸ ਰਚਨਾ ਵਿਚ ਵੀ ਇਕ ਸੌ ਦੇ ਲਗਭਗ ਗੋਸ਼ਟਾਂ ਹੋਣਗੀਆਂ, ਜਿਨ੍ਹਾਂ ਵਿਚ ਗੁਰੂ ਅਮਰਦਾਸ ਜੀ ਦੀ ਬਾਣੀ ਦੇ ਪਰਮਾਰਥ ਪੇਸ਼ ਕੀਤੇ ਗਏ ਹੋਣਗੇ।

4. ਮਸਲੇ ਹਜ਼ਰਤ ਰਸੂਲ ਕੇ :[10]

ਇਸ ਰਚਨਾ ਦੇ 49 ਮਸਲਿਆਂ ਵਿਚ ਮੁਸਲਮਾਨ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਦੀਆਂ ਜੀਵਨ ਘਟਨਾਵਾਂ ਪੇਸ਼ ਕੀਤੀਆਂ ਗਈਆਂ ਹਨ। ਕਬੀਰ ਅਤੇ ਗੁਰੂ ਨਾਨਕ ਸਾਹਿਬ ਦੀਆਂ ਗੋਸ਼ਟਾਂ ਵਾਂਗ ਹੀ ਪਹਿਲੇ ਕੁਝ ਮਸਲਿਆਂ ਵਿਚ ਨਾਇਕ ਦੇ ਪਿਛਲੇ ਜੀਵਨ ਦਾ ਬਿਰਤਾਂਤ ਦੱਸਣ ਤੋਂ ਬਾਅਦ, ਪ੍ਰਾਪਤ ਕਥਾਵਾਂ ਅਤੇ ਪ੍ਰਚੱਲਤ ਰਵਾਇਤਾਂ ਦੇ ਆਧਾਰ ਤੇ ਸਮੁੱਚੀ ਜੀਵਨੀ ਚਿਤੱਰੀ ਗਈ ਹੈ। ਹੋਰਾਂ ਜਨਮਸਾਖੀਆਂ ਵਾਂਗ ਇਸ ਵਿਚ ਵੀ ਨਾਇਕ ਨੂੰ ਖੁਦਾ ਵੱਲੋਂ ਭੇਜਿਆ ਵਿਸ਼ੇਸ਼ ਪੈਗੰਬਰ ਬਣਾ ਕੇ ਪੇਸ਼ ਕੀਤਾ ਹੈ, ਜੋ ਅਨੇਕਾਂ ਪਰਾਸ਼ਰੀਰਕ ਸ਼ਕਤੀਆਂ ਦਾ ਮਾਲਕ ਹੈ। ਇਸ ਪੱਖੋਂ, ਲੇਖਕ ਦੀ ਇਹ ਰਚਨਾ ਉਸ ਦੀਆਂ ਬਾਕੀ ਸਾਰੀਆਂ ਰਚਨਾਵਾਂ ਨਾਲੋਂ ਵਧੇਰੇ ਕਾਲਪਨਿਕ ਰੰਗ ਵਿਚ ਰੰਗੀ ਨਜ਼ਰ ਆਉਂਦੀ ਹੈ। ਅਸਲ ਵਿਚ ਲੇਖਕ ਵੱਲੋਂ ਇਹ ਮਸਲੇ ਲਿਖ ਕੇ ਮੁਸਲਮਾਨ ਪੀਰਾਂ ਫ਼ਕੀਰਾਂ ਦੀਆਂ ਜੀਵਨੀਆਂ ਨੂੰ ਹਿੰਦੂ ਸਾਹਿਤ ਅਤੇ ਸਮਾਜ ਵਿਚ ਸਮੋਣ ਦਾ ਯਤਨ ਕੀਤਾ ਗਿਆ ਹੈ।


ਲੇਖਕ ਨੇ ਨਾਇਕ ਦੇ ਸੰਪਰਕ ਵਿਚ ਆਉਣ ਵਾਲੇ ਅਨੇਕਾਂ ਇਤਿਹਾਸਕ ਮਿਥਿਹਾਸਕ ਪਾਤਰਾਂ ਅਤੇ ਮੁਸਲਮਾਨ ਪੀਰਾਂ ਫ਼ਕੀਰਾਂ ਤੇ ਨਬੀਆਂ ਦੇ ਨਾਂ ਵੀ ਗਿਣੇ ਹਨ। ਇਸ ਰਚਨਾ ਵਿਚ ਕਾਲਪਨਿਕ ਰੰਗ ਵਿਚ ਰੰਗੀਆਂ ਜੀਵਨ ਘਟਨਾਵਾਂ ਹੀ ਪੇਸ਼ ਕਰਨ ਦਾ ਯਤਨ ਕੀਤਾ ਹੈ।

5. ਫੁਟਕਲ ਗੋਸ਼ਟਾਂ :

ਸੋਢੀ ਹਰਿਜੀ ਆਪਣੇ ਗੁਰੂ ਪਿਤਾ ਮਿਹਰਵਾਨ ਦੇ ਸਾਹਿੱਤਕ ਜੀਵਨ ਸੰਬੰਧੀ ਵਿਸਤਾਰ ਸਹਿਤ ਜ਼ਿਕਰ ਕਰਦਿਆਂ ਇਕ ਥਾਂ ਲਿਖਦਾ ਹੈ ਕਿ 'ਮਿਹਰਵਾਨ ਕੇ ਗਿਆਨ ਕੀ ਜੇਤਾ ਕਿਆ ਕਹੂੰ

10. ਹ: ਲਿ: ਨੰ: 400, ਭਾਸ਼ਾ ਵਿਭਾਗ, ਲਾਇਬ੍ਰੇਰੀ, ਪਟਿਆਲਾ। ਇਸ ਦੀ ਇਕ ਨਕਲ ਡਾ: ਗੁਰਚਰਨ ਸਿੰਘ, ਗੌਰਮਿੰਟ ਕਾਲਜ, ਲੁਧਿਆਣਾ ਪਾਸ ਵੀ ਪ੍ਰਾਪਤ ਹੈ।

ਡਾ. ਗੁਰਚਰਨ ਸਿੰਘ, ਗੌਰਮਿੰਟ ਕਾਲਜ, ਲੁਧਿਆਣਾ ਪਾਸ ਪ੍ਰਾਪਤ 'ਮਸਲੇ ਹਜ਼ਰਤ ਰਸੂਲ ਕੇ' ਦੀ ਪੁਰਾਤਨ ਪਤ੍ਰੀ ਦਾ ਨਮੂਨਾ।



ਜਿਨਿ ਗਿਆਨ ਕਰਿ ਕਰਿ ਐਸਾ ਗੋਸਟਿ ਕਾ ਬੰਧੇਜ ਬਾਂਧਿਆ ਕਿ ਅਗਿਆਨ ਮੂਰਖ ਸੇ ਭੀ ਪੜਿ ਚਤੁਰ ਸਰੋਮਣ ਗਿਆਨਵੰਤ ਭਏ।"[11]

ਉਸ ਨੇ ਕਿਸ ਕਿਸ ਭਗਤ ਅਤੇ ਗੁਰੂ ਦੀਆਂ ਗੋਸ਼ਟਾਂ ਲਿਖੀਆਂ ਇਸ ਸੰਬੰਧੀ ਸੂਚਨਾ ਦੇਂਦਿਆਂ ਉਹ ਅਗੇ ਚਲ ਕੇ ਲਿਖਦਾ ਹੈ ਕਿ:

> ਸਭਨਾਂ ਗੁਰੂਆਂ ਕੇ ਸਭਨਾਂ ਭਗਤਾਂ ਕੇ ਸਬਦੁ ਜਿਤੁ ਜਿਤ ਪ੍ਰਥਾਇ ਭਏ ਥੇ। ਸੋ ਸਭੁ ਕਹਿ ਸਮਝਾਇਆ। ਅਰੁ ਪਿਛਲੇ ਭਗਤਾਂ ਕੇ ਜਨਮ ਪ੍ਰਗਟ ਕੀਏ ਗੁਰੁ ਸ੍ਰੀ ਸਤਿਗੁਰ ਮਿਹਰਵਾਨ ਤ੍ਰਿਕਾਲ ਗਿਆਨ ਸਭਨਾਂ ਕੇ ਜਨਮੁ ਕਰਮੁ ਅਰੁ ਮਨ ਕੀ ਬਾਤਾਂ ਐਸੇ ਕਰਿ ਜਾਨੈ ਜੈਸੇ ਆਰਸੀ ਮਹਿ ਮੁਖੁ ਦੇਖੀਤਾ ਹੈ।[12]

ਹਰਿਜੀ ਦੀਆਂ ਉਪਰੋਕਤ ਸਤਰਾਂ ਤੋਂ ਸਪਸ਼ਟ ਸੂਚਨਾ ਮਿਲਦੀ ਹੈ ਕਿ ਮਿਹਰਵਾਨ ਨੇ 'ਸਭਨਾਂ ਗੁਰੂਆਂ ਕੇ' ਅਤੇ 'ਸਭਨਾਂ ਭਗਤਾਂ ਕੇ' ਸ਼ਬਦ ਪੇਸ਼ ਕਰਦਿਆਂ ਉਨ੍ਹਾਂ ਦੀ ਬਾਣੀ ਦੇ ਪਰਮਾਰਥ ਲਿਖੇ ਅਤੇ ਗੋਸ਼ਟਾਂ ਰਚੀਆਂ। ਸਭਨਾਂ ਗੁਰਾਂ ਅਤੇ ਸਭਨਾਂ ਭਗਤਾਂ ਦਾ ਭਾਵ ਸਾਡੀ ਜਾਚੇ 1604 ਈ: ਵਿਚ ਸੰਪਾਦਿਤ ਹੋ ਚੁਕੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਆਏ ਸਾਰੇ ਗੁਰੂਆਂ ਅਤੇ ਭਗਤਾਂ ਤੋਂ ਹੈ। ਸੋ ਇਉਂ ਪ੍ਰਤੀਤ ਹੁੰਦਾ ਹੈ ਕਿ ਉਸ ਨੇ 'ਆਦਿ ਗ੍ਰੰਥ' ਵਿਚ ਆਏ ਸਾਰੇ ਗੁਰੂਆਂ ਅਤੇ ਭਗਤਾਂ ਦੀ ਬਾਣੀ ਦੇ ਪਰਮਾਰਥ ਦਸਕੇ ਉਨ੍ਹਾਂ ਦੀਆਂ ਗੋਸ਼ਟਾਂ ਲਿਖਣ ਦਾ ਮਹਾਨ ਬੀੜਾ ਚੁਕਿਆ। ਇਸ ਗੱਲ ਦੀ ਪ੍ਰੋੜਤਾ ਪ੍ਰਾਪਤ ਪੁਰਾਤਨ ਗੋਸ਼ਟਿ ਸੰਗ੍ਰਹਾਂ ਤੋਂ ਵੀ ਹੋ ਜਾਂਦੀ ਹੈ।

ਭਾਸ਼ਾ ਵਿਭਾਗ, ਪਟਿਆਲਾ ਦੇ ਪੁਸਤਕਾਲੇ ਵਿਚ ਹੱਥ ਲਿਖਤ ਨੰ: 359 ਅਧੀਨ ਪ੍ਰਾਪਤ ਗੋਸ਼ਟਿ ਸੰਗ੍ਰਹਿ ਬਹੁਤ ਹੀ ਕੀਮਤੀ ਪੋਥੀ ਹੈ। ਇਹ ਪੋਥੀ ਮਿਹਰਵਾਨ ਦੀਆਂ ਗੋਸ਼ਟਾਂ ਦਾ ਬਹੁਮੁੱਲਾ ਖਜ਼ਾਨਾ ਹੈ। ਜਿਸ ਵਿਚ ਗੋਰਖਨਾਥ, ਬਿਆਸ, ਗੋਪੀ ਚੰਦ, ਭਰਥਰੀ, ਤਿਰਲੋਚਨ, ਸੁਧੀਰ, ਸਧਨੈ, ਸੁਲੈਮਾਨ ਪੈਗੰਬਰ, ਬਾਬਾ ਆਦਮ ਸਫ਼ੀ, ਹਸਨ ਹੁਸੈਨ, ਤੇ ਮੂਸੇ ਪੈਗੰਬਰ ਆਦਿ ਨਾਥਾਂ ਜੋਗੀਆਂ, ਹਿੰਦੂ ਭਗਤਾਂ ਅਤੇ ਮੁਸਲਮਾਨ ਪੀਰਾਂ ਫ਼ਕੀਰਾਂ ਦੀਆਂ ਗੋਸ਼ਟਾਂ ਸ਼ਾਮਲ ਹਨ। ਇਨ੍ਹਾਂ ਹੱਥ ਲਿਖਤਾਂ ਤੋਂ ਇਲਾਵਾ ਹੱਥ ਲਿਖਤ ਨੰ: 678 ਸੈ. ਪ. ਲਾ: ਪਟਿਆਲਾ, ਹਾ: ਲਿ: ਨੰ: 7258 ਸਿ: ਰੈ. ਲਾ: ਅੰਮ੍ਰਿਤਸਰ ਅਤੇ ਹ: ਲ: ਨੰ: 234: ਗੁਰੂ ਨਾਨਕ ਦੇਵ ਯੂਨੀਵਰਸਿਟੀ

11. 'ਗੋਸ਼ਟਾਂ ਗੁਰੂ ਮਿਹਰਵਾਨ', (ਸੰ: ਡਾ. ਕ੍ਰਿਸ਼ਨ ਸਿੰਘ) ਪੰਨਾ 182.
12. ਉਹੀ, ਪੰਨਾ 336.

ਲਾਇਬਰੇਰੀ, ਅੰਮ੍ਰਿਤਸਰ ਆਦਿ ਹੱਥ ਲਿਖਤਾਂ ਵਿਚ ਵੀ ਗੁਰੂ ਨਾਨਕ ਸਾਹਿਬ ਤੋਂ ਇਲਾਵਾ ਮਿਹਰਵਾਨ ਰਚਿਤ ਹੋਰ ਗੁਰੂਆਂ ਅਤੇ ਭਗਤਾਂ ਦੀਆਂ ਗੋਸ਼ਟੀਆਂ ਪ੍ਰਾਪਤ ਹਨ।

ਉਪਰੋਕਤ ਸਥਾਂਆਂ ਹੱਥ ਲਿਖਤਾਂ ਵਿਚ ਸੋਢੀ ਮਿਹਰਵਾਨ ਰਚਿਤ, ਹਿੰਦੂ ਭਗਤਾਂ, ਨਾਥਾਂ ਜੋਗੀਆਂ ਅਤੇ ਮੁਸਲਮਾਨ ਪੀਰਾਂ ਫ਼ਕੀਰਾਂ ਦੀਆਂ ਹੇਠ ਲਿਖੀਆਂ ਗੋਸ਼ਟਾਂ ਮਿਲਦੀਆਂ ਹਨ:

ੳ) <u>ਹਿੰਦੂ ਭਗਤਾਂ ਦੀਆਂ ਗੋਸ਼ਟਾਂ</u> :

| | |
|---|---|
| ਸਿਰਜਾਦਾ ਭਗਤਾਂ ਕੀ | ਹੱਥ ਲਿ:ਨੰ: 359 ਭਾ:ਵਿ:ਲਾ:ਪਟਿਆਲਾ |
| ਗੋਸਟਿ ਸਧਨੇ ਗੁਸਾਈ ਕੀ | -"- |
| ਕਥਾ ਧੰਨੇ ਕੇ ਜਨਮ ਕੀ | -"- |
| ਗੋਸ਼ਟਿ ਕਾਨ੍ਹੈ ਭਗਤ ਕੀ | -"- |
| ਗੋਸਟਿ ਸ੍ਰੀ ਠਾਕੁਰ ਊਧਉ ਜੀ ਕੀ | -"- |
| ਕਥਾ ਸ੍ਰੀ ਗੁਸਾਈ ਨਾਮ ਦੇਵ ਕੀ | -"- |
| ਕਥਾ ਗੁਸਾਈ ਰਵੀ ਦਾਸ ਜੀ ਕੀ | -"-ਹ:ਲ;ਨੰ: 359 ਅਤੇ 678 ਸੈ.ਪ.ਲਾ. ਪਟਿ. |
| ਕਥਾ ਗੁਸਾਈ ਧੰਨੇ ਕੀ | ਹੱਥ ਲਿ: ਨੰ: 359 |
| ਗੋਸਟਿ ਬੇਣੀ ਭਗਿਤ ਕੀ | -"- |
| ਕਥਾ ਸੂਰ ਗੁਸਾਈ ਕੀ | -"- |
| ਮਸਲਾ ਨਿਹਕਲੰਕੀ ਅਵਤਾਰ ਕਾ | -"- |
| ਗਿਆਨ ਤਿਲਕ ਰਾਮਾ ਨੰਦ ਗੁਸਾਈ ਕਾ | -"- |
| ਗੋਸਟਿ ਸ੍ਰੀ ਨਾਮੇ ਤ੍ਰਿਲੋਚਨ ਕੀ | -"- |
| ਪ੍ਰਸੰਗ ਗੁਰੂ ਰਾਮਾਨੰਦ ਗੁਸਾਈ ਕਾ | ਹ:ਲਿ:ਨੰ:678 ਸੈ.ਪ:ਲਾ:ਪਟਿ: |
| ਗੋਸ਼ਟ ਰਵਿਦਾਸ ਅਰੁ ਪਾਤਸ਼ਾਹ ਕੀ | 678 ਸੈ:ਪਾ:ਲਾ:ਪਟਿ. |
| ਪ੍ਰਸੰਗ ਪੀਪੇ ਕਾ | -"- |
| ਕਥਾ ਆਦਿ ਨਿਰੰਜਨ ਕਰਤਾ ਪੁਰਖ ਕੀ | 359 ਭਾ:ਵਿ:ਲਾ:ਪਟਿਆਲਾ |
| ਗੋਸ਼ਟਿ ਕਥਾ ਆਦਿ ਪੂਰਬਲੀ | -"- |
| ਕਥਾ ਸ੍ਰੀ ਗੁਸਾਈ ਨਾਮ ਦੇਵ ਕੀ | -"- |
| ਗੋਸ਼ਟਾਂ ਕਬੀਰ ਤੇ ਰਵਿਦਾਸ ਕੀਆਂ[13] | -"- |

13. ਵੇਖੋ: ਅਗਲਾ ਪੰਨਾ.

ਅ) <u>ਨਾਥਾਂ ਜੋਗੀਆਂ ਦੀਆਂ ਗੋਸ਼ਟਾਂ</u> :

| | |
|---|---|
| ਗੋਸਟਿ ਸ੍ਰੀ ਗੋਰਖ ਨਾਥ ਕੀ | ਹ: ਲਿ: ਨੰ: 359, ਭਾ. ਵਿ. ਲਾ. ਪਟਿ. |
| ਗੋਸਟਿ ਸ੍ਰੀ ਗੋਰਖ ਬਿਆਸ ਕੀ | -"- |
| ਗੋਸਟਿ ਸ੍ਰੀ ਗੋਰਖ ਨਾਥ ਅਰੁ ਨਾਗਾਰ੍ਜੁਨ ਕੀ | -"- |
| ਗੋਸਟਿ ਸ੍ਰੀ ਗੋਪੀ ਚੰਦ ਕੀ | 6710 ਸੈਂਟ੍ਰ. ਲਾ. ਪਟਿ. |
| ਕਥਾ ਆਦਿ ਨਿਰੰਜਨ ਕਰਤਾ ਪੁਰਖ ਕੀ | 359 |
| ਗੋਸਟਿ ਕਥਾ ਆਦਿ ਪੂਰਬਲੀ | -"- |
| ਆਦਿ ਕਥਾ ਰਾਜੇ ਭਰਥਰੀ ਕੀ (13 ਕਥਾਵਾਂ) | -"- |
| ਗੋਸਟਿ ਗੋਰਖ ਦਤ ਕੀ | ਹ: ਲਿ: ਨੰ: 678, ਸੈ. ਪਾ.ਲਾ.: ਪਟਿ. |

ਹੱਥ ਲਿਖਤ ਨੰ: 359 [ਵਿਚ] ਗੋਸ਼ਟਾਂ ਤੋਂ ਇਲਾਵਾ ਫੁਟਕਲ ਰਚਨਾਵਾਂ ਵੀ ਮਿਲਦੀਆਂ ਹਨ ਜਿਵੇਂ:

ਗੁਰ ਉਪਦੇਸ਼, ਪਦੰਹ ਥਿਤੀ ਗੋਰਖ ਨਾਥ ਕੀਆਂ, ਦਸ ਅਖਾਣ ਜੋਗ ਕੇ, ਚਾਰ ਮਹਲ ਆਤਮਾ ਕੇ, ਜੋਗ ਤੇ ਖਿਥੰੜਾ ਪ੍ਰਬੰਧ ਆਦਿ।

ੲ) <u>ਮੁਸਲਮਾਨ ਪੀਰਾਂ ਫ਼ਕੀਰਾਂ ਦੀਆਂ ਗੋਸ਼ਟਾਂ</u> :

| | |
|---|---|
| ਕਿਸਾ ਸੁਲੇਮੇ (ਸੁਲੇਮਾਨ) ਪੈਗੰਬਰ ਕਾ | ਹ: ਲਿ: ਨੰ: 359 ਭਾ: ਵਿ. ਲਾ: ਪਟਿ. |
| ਗੁਫਤਾਰ ਸਾਦਕਾਂ ਕੀ | -"- |
| ਬੀਚਾਰ ਫਕੀਰਾਂ ਕਾ | -"- |
| ਚਾਰਿ ਬਾਤਾਂ ਆਤਮੇ ਕੀਆਂ | -"- |
| ਮਸਲਾ ਬਾਬੇ ਆਦਮ ਸਫੀ ਕਾ | -"- |
| ਮਸਲਾ ਹਸਨ ਹੁਸੈਨ ਕਾ | -"- |

331197

---

13. ਹੱਥ: ਲਿ: ਨੰ: ਬ: 193, ਪੰਜਾਬ ਯੂ: ਲਾਇਬ੍ਰੇਰੀ, ਲਾਹੌਰ, ਵਿਚ ਵੀ ਹੋਰ ਗੋਸ਼ਟੀ ਦੇ ਨਾਲ ਰਵਿਦਾਸ ਜੀ ਦੀਆਂ ਗੋਸ਼ਟੀਆਂ ਪ੍ਰਾਪਤ ਹਨ- 'ਪੰਜਾਬੀ ਸਾਹਿਤ ਦਾ ਇਤਿਹਾਸ' (ਅੰਗਰੇਜ਼ੀ), ਛਾਪ ਤੀਜੀ ਦੇ ਪੰਨਾ 112 ਉਪਰ ਉਧ੍ਰਿਤ।

| | |
|---|---|
| ਮਸਲਾ ਮੂਸੇ ਪੈਗੰਬਰ ਕਾ | ਹ: ਲਿ: ਨੰ: 359, ਭਾ: ਵਿ. ਲਾਇ:ਪਟਿ. |
| ਗੋਸਟਿ ਮਾਰਫਤ ਕੀ | -"- |
| ਗੋਸਟਿ ਫਕੀਰਨੀ ਸਾਦਿਕ ਕੀ(ਡਖਣੇ) | -"- |
| ਆਦਿ ਕਥਾ ਮੁਹੰਮਦ ਕੀ[14] | -"- |
| ਮਸਲਾ ਹਜ਼ਰਤ ਰਸੂਲ ਕਾ | -"- |
| ਗੋਸਟਿ ਡਖਣੀ ਪੀਰ ਮੁਰੀਦੀ ਕੀ | -"- |

<u>ਕਾਵਿ-ਰਚਨਾ</u> :

ਸੋਢੀ ਮਨੋਹਰਦਾਸ ਮਿਹਰਵਾਨ ਪਹਿਲਾਂ ਪਰਮਾਰਥ ਕਰਤਾ ਹੋਣ ਦੇ ਨਾਲ ਨਾਲ ਬੜਾ ਪ੍ਰਭਾਵਸ਼ਾਲੀ ਕਵੀ ਵੀ ਹੈ ਜਿਸ ਨੇ ਵਾਰਤਕ ਵਾਂਗ ਬਹੁਤ ਸਾਰੀ ਕਾਵਿ-ਰਚਨਾ ਕਰਕੇ ਪੁਰਾਤਨ ਪੰਜਾਬੀ ਸਾਹਿੱਤ ਵਿਚ ਚੋਖਾ ਹਿੱਸਾ ਪਾਇਆ ਹੈ। ਲੇਖਕ ਦੀ ਕਾਵਿ-ਪ੍ਰਤਿੱਭਾ ਅਤੇ ਦੇਣ ਦਾ ਜ਼ਿਕਰ ਕਰਦਿਆਂ ਹਰਿਜੀ ਇਕ ਥਾਂ ਲਿਖਦਾ ਹੈ: "ਬਾਣੀ ਸਤਿਏਂ ਮਹਿਲ ਕੀ ਬਹੁਤ ਕਰਿ ਕਰਿ ਭਈ। ਅਰੁ ਬਾਣੀ ਮਹਿ ਬਰਤਮਾਨ ਭੀ ਕਹਿਆ। ਅਰੁ ਹੋਵਣ ਹਾਰੁ ਭੀ ਕਹੀਅਹੁ। ਅਰੁ ਅਧਿਆਤਮ ਪ੍ਰੇਮ ਨੇਮੁ ਕੀ ਬਾਣੀ ਬਹੁਤ ਹੋਈ ...।"[15]

ਮਿਹਰਵਾਨ ਦੀ ਪ੍ਰਾਪਤ ਕਾਵਿ-ਰਚਨਾ ਨੂੰ ਮੁੱਖ ਰੂਪ ਵਿਚ ਹੇਠ ਲਿਖੇ ਕਾਵਿ-ਰੂਪਾਂ ਵਿਚ ਵੰਡਿਆ ਜਾ ਸਕਦਾ ਹੈ:

(ੳ) ਸ਼ਬਦ
(ਅ) ਸ਼ਲੋਕ
(ੲ) ਵਾਰਾਂ ਅਤੇ
(ਸ) ਅਨੁਕਰਣ ਵਿਚ ਰਚੀਆਂ ਬਾਣੀਆਂ

(ੳ) <u>ਸ਼ਬਦ:</u>

ਮਿਹਰਵਾਨ ਨੇ ਆਪਣੀ ਕਾਵਿ-ਰਚਨਾ ਦਾ ਆਰੰਭ ਸ਼ਬਦ ਲਿਖਣ ਨਾਲ ਕੀਤਾ। ਹਰਿਜੀ ਅਨੁਸਾਰ "ਆਦਿ ਹੀ ਜਬਿ ਬਾਣੀ ਕਾ ਪ੍ਰਕਾਸ਼ ਭਇਆ ਤਬ ਪਹਿਲੈ ਹੀ ਲਾਹੌਰਿ ਮਹਿ ਬੈਠੇ ਸਬਦੁ ਪ੍ਰਕਾਸਿਆ। ਰਾਗ ਮਾਝ। ਮਹਲਾ ੭ ॥

14. ਇਹ ਕਥਾ ਹੱਥ-ਲਿਖਤ ਨੰ: ਬ, 193, ਪੰਜਾਬ ਯੂਨੀਵਰਸਿਟੀ, ਲਾਹੌਰ ਵਿਚ ਵੀ ਸ਼ਾਮਲ ਹੈ। ਉਹੀ, ਪੰਨਾ 112.

15. 'ਗੋਸ਼ਟਿ ਗੁਰ ਮਿਹਰਵਾਨ', (ਸੰਪ: ਡਾ. ਰਾਜਗੁਰੂ), ਪੰਨਾ 336.

ਮਨਿ ਮਹਿ ਪ੍ਰੀਤਿ ਗੁਰੂ ਦਰਸ਼ਨ ਕੇਰੀ।
ਅਨਦਿਨੁ ਚਾਹਉ ਸਗਤਿ ਤੇਰੀ।
ਵਿਸਰਿ ਨਾ ਜਾਇ ਪ੍ਰਾਨ ਸੁਖ ਦਾਤੇ ਹਰਿ ਜਲੁ ਚਾਤ੍ਰਿਕ ਦੀਜੈ ਜੀ।।

. . . . . . . . . . . . . . . . . . . . . . . . . . . . . . . . . . . .

ਖੇਲ ਕੀਆ ਸਰਿ ਖੰਡ ਸਿਧਾਰੇ ਜਿਨਿ ਡਿਠਾ ਸੁ ਪਾਰਿ ਉਤਾਰੇ।
ਨਾਨਕ ਦਾਸ ਸਬਦ ਗੁਰ ਦੀਆ ਗੁਰੂ ਮੁਖਿ ਅੰਮ੍ਰਿਤ ਪੀਜੈ ਜੀ।।[16]

ਇਸ ਤੋਂ ਇਲਾਵਾ ਡਾ. ਗੰਡਾ ਸਿੰਘ ਦੇ ਨਿੱਜੀ ਪੁਸਤਕਾਲੇ ਵਿਚ ਪ੍ਰਾਪਤ ਇਕ ਕਾਵਿ-ਸੰਗ੍ਰਹਿ ਵਿਚ ਵੀ ਸੋਢੀ ਮਿਹਰਵਾਨ ਦੇ ਕੁਝ ਸ਼ਬਦ ਮਿਲਦੇ ਹਨ।[17]

ਸਿੱਖ ਰੈਫ਼ਰੈਂਸ ਲਾਇਬਰੇਰੀ, ਅੰਮ੍ਰਿਤਸਰ ਵਿਚ ਹੱਥ ਲਿਖਤ ਨੰ: 8759 ਅਧੀਨ ਪ੍ਰਾਪਤ ਇਕ ਪੁਰਾਤਨ ਹੱਥ ਲਿਖਤ ਵਿਚ ਵੀ ਮਿਹਰਵਾਨ ਦਾ ਇਕ ਲੰਮਾ ਸ਼ਬਦ ਮਿਲਦਾ ਹੈ ਜਿਸ ਵਿਚ ਹਿੰਦੂ ਭਗਤਾਂ ਦੀ ਉਸਤਤ ਕਰਦਿਆਂ ਪ੍ਰਭੂ ਪਿਆਰ ਤੇ ਜ਼ੋਰ ਦਿੱਤਾ ਗਿਆ ਹੈ। ਇਸ ਸ਼ਬਦ ਦੀਆਂ ਕੁਲ 9 ਪਉੜੀਆਂ ਹਨ ਅਤੇ ਹਰ ਪਉੜੀ ਦੇ ਅੰਤ ਤੇ ਮਿਹਰਵਾਨ ਦੀ ਕਵੀ-ਛਾਪ 'ਨਾਨਕ ਦਾਸ' ਦਿੱਤੀ ਹੋਈ ਹੈ ਜਿਵੇਂ:

ੴ ਰਾਗ ਗਉੜੀ ਮਹੱਲਾ 9

ਚਰਨ ਕਵਲ ਪ੍ਰਭ ਕੇ ਉਰਿਧਾਰੇ।
ਸਾਸਿ ਸਾਸਿ ਹਰਿ ਨਾਮ ਚਿਤਾਰੇ।
ਚਰਨ ਕਮਲ ਮਹਿਮਾ ਕੈਸੀ।
ਭਗਤ ਜਨਾ ਕੇ ਬਰਨਾ ਜੈਸੀ।
ਜੋ ਪਗ ਸੰਕਰ ਧਿਆਨੁ ਵਸਾਏ।
ਸਨਕ ਸੰਨਦਕ ਪ੍ਰਹਮੇ ਧਿਆਏ
ਜੋ ਪਗ ਸਿਮਰ ਦੇਵਤੇ ਹੂਏ
ਅਮਰ ਭਏ ਤੇ ਕਬਹੁ ਨ ਮੂਏ।
ਚਰਨ ਕਵਲ ਮੋਹਿ ਦੇਹੁ ਪਿਆਰੇ।
ਨਾਨਕ ਦਾਸ ਰਾਖਹੁ ਉਰਿਧਾਰੇ॥ 1 ॥

---

16. ਉਹੀ, ਪੰਨਾ 180.

17. ਹੱਥ ਲਿ. ਨੰ: 160, ਹੱਥ ਲਿਖਤਾਂ ਦੀ ਸੂਚੀ, (ਭਾਸ਼ਾ ਵਿਭਾਗ), ਭਾਗ ਦੂਜਾ, ਪੰਨਾ 143. ਇਕ ਹੱਥ ਲਿਖਤ 'ਪੋਥੀ ਸਾਹਿਬ' ਦੇ ਆਰੰਭ ਵਿਚ ਮਹਲਾ 9 ਅਧੀਨ ਮਿਹਰਵਾਨ ਰਚਿਤ ਕੁਝ ਸ਼ਬਦ ਮਿਲਦੇ ਹਨ। ਹ: ਲਿ. ਨੰ: 598, ਗੁ. ਲਾ. ਯੂ. ਲਾ: ਅੰਮ੍ਰਿ.

ਹਰਿਜੀ ਜੀ ਦੀ ਸੂਚਨਾ ਅਨੁਸਾਰ ਮਿਹਰਵਾਨ ਅੰਤ ਸਮੇਂ ਤੱਕ ਕਾਵਿ-ਰਚਨਾ ਕਰਦੇ ਰਹੇ। ਉਸ ਅਨੁਸਾਰ ਮਿਹਰਵਾਨ ਨੇ ਜੀਵਨ ਦੇ ਅੰਤਲੇ ਦਿਨਾਂ ਵਿਚ ਇਹ ਸ਼ਬਦ ਉਚਾਰਿਆ:

ਸੰਤ ਮਿਲੈ ਤਬ ਹਰਿ ਮਿਲੈ ਤਬ ਸੁਖ ਪਾਇਆ ਪਰਮਾਨੰਦ।
ਮਨ ਤਨ ਸਭ ਸੀਤਲ ਭਇਆ ਭੇਟੇ ਗੁਰੂ ਗੋਬਿੰਦ।
ਸੰਤਨ ਕੀ ਆਗਿਆ ਭਈ ਅਬ ਚਲੀਏ ਹਰਿ ਕੇ ਦੁਆਰਿ।
ਜੋ ਮਨ ਮੈ ਦਰਸ਼ਨ ਕੀ ਪਿਆਸ ਥੀ ਪੂਰੀ ਕਰੀ ਕਰਤਾਰਿ।
ਸੰਤ ਸੰਤ ਮਿਲ ਉਠ ਚਲੈ ਧੁਨਿ ਅਨਹਦੁ ਭਈ ਹੁਲਾਸੁ।
ਹਰਿ ਦਰਸਨ ਕਉ ਪਰਸ ਕਰਿ ਸੁਖ ਭਇਆ ਨਾਨਕ ਦਾਸੁ।[18]

ਅ) <u>ਸਲੋਕ</u> :

ਮਿਹਰਵਾਨ ਦੀ ਕਾਵਿ-ਰਚਨਾ ਬਹੁਤੀ ਵੱਡੀ ਗਿਣਤੀ ਸ਼ਲੋਕਾਂ ਦੀ ਹੈ। ਉਨ੍ਹਾਂ ਨੇ ਜਿੰਨੀਆਂ ਵੀ ਗੋਸ਼ਟਾਂ ਲਿਖੀਆਂ ਹਨ ਉਨ੍ਹਾਂ ਦੇ ਅੰਤ ਉਤੇ ਇਕ ਢੁਕਵਾਂ ਸ਼ਲੋਕ ਦੇਣ ਦਾ ਪ੍ਰਯਾਸ ਕੀਤਾ ਹੈ ਜਿਸ ਵਿਚ ਉਸ ਗੋਸ਼ਟ ਦਾ ਲਗਭਗ ਕੇਂਦਰੀ ਭਾਵ ਪੇਸ਼ ਕੀਤਾ ਗਿਆ ਹੈ। ਲੇਖਕ ਨੇ ਗੁਰੂ ਨਾਨਕ ਸਾਹਿਬ, ਗੁਰੂ ਅੰਗਦ ਸਾਹਿਬ ਗੁਰੂ ਅਮਰਦਾਸ ਸਾਹਿਬ, ਹਿੰਦੂ ਭਗਤਾਂ ਅਤੇ ਮੁਸਲਮਾਨ ਪੀਰਾਂ ਫ਼ਕੀਰਾਂ ਦੀਆਂ ਗੋਸ਼ਟਾਂ ਦੇ ਅੰਤ ਉਤੇ ਆਪਣੇ ਲਿਖੇ ਸ਼ਲੋਕ ਦਿੱਤੇ ਹਨ। ਇਸ ਤਰ੍ਹਾਂ ਮਿਹਰਵਾਨ ਰਚਿਤ ਸ਼ਲੋਕਾਂ ਦੀ ਕੁਲ ਗਿਣਤੀ ਲਗਭਗ 400 ਤੋਂ ਵਧ ਬਣ ਜਾਂਦੀ ਹੈ ਜੋ ਉਸਦੀ ਸਮੁੱਚੀ ਕਾਵਿ-ਰਚਨਾ ਦਾ ਰੋਖਾ ਵੱਡਾ ਹਿੱਸਾ ਹੈ।

ਇਨ੍ਹਾਂ ਸ਼ਲੋਕਾਂ ਵਿਚ ਲੇਖਕ ਨੇ ਆਪਣੇ ਵਲੋਂ ਪ੍ਰਚਰਿਤ ਜਾ ਰਹੇ ਗੁਰੂ ਨਾਨਕ ਸਾਹਿਬ ਦੇ ਅਧਿਆਤਮਕ ਤੇ ਦਾਰਸ਼ਨਿਕ ਫ਼ਲਸਫ਼ੇ ਦੇ ਕਿਸੇ ਨਾ ਕਿਸੇ ਨੁਕਤੇ ਦੀ ਵਿਆਖਿਆ ਕਰਦਿਆਂ ਉਸ ਦੀ ਮਹੱਤਤਾ ਦਸੀ ਹੈ। ਕਿਤੇ ਕਿਤੇ ਤਾਂ ਇਨ੍ਹਾਂ ਸ਼ਲੋਕਾਂ ਵਿਚ ਕਿਸੇ ਗੁਰੂ, ਪੀਰ, ਸੰਤ ਜਾਂ ਅਵਤਾਰ ਆਦਿ ਦੀ ਉਸਤਤੀ ਵੀ ਨਜ਼ਰ ਆਉਂਦੀ ਹੈ ਇਨ੍ਹਾਂ ਸ਼ਲੋਕਾਂ ਦਾ ਨਮੂਨਾ ਇਸ ਪ੍ਰਕਾਰ ਹੈ:

ਜਨਮਿ ਮਰਹਿ ਨਾ ਆਵਹਿ ਜਾਹਿ, ਜਿਨ ਜਾਣਿਆ ਜਗਦੀਸੁ।
ਨਾਨਕ ਦਾਸ ਹਰਿ ਹਰਿ ਜਪਹਿ ਤੇ ਈਸ ਤੇ ਭਏ ਇਕੀਸ।[19]

ਜਾਂ

ਰਾਮ ਨਾਮ ਰਸੁ ਜਿਨਿ ਪੀਆ ਤਿਨ ਜਮ ਕੀ ਚੂਕੀ ਕਾਣਿ।
ਗੁਰ ਪਰਸਾਦੀ ਸਦਾ ਸੁਖੀ ਦਾਸ ਨਾਨਕ ਹਰਿ ਰੰਗ ਮਾਣਿ।[20]

---

18. 'ਗੋਸ਼ਟਿ ਗੁਰੂ ਮਿਹਰਵਾਨ', (ਸੰਪ: ਡਾ: ਰਾਜਗੁਰੂ) ਪੰਨਾ 352.
19. ਜ. ਗੁ. ਨਾ. (ਸੰਪ: ਕਿਰਪਾਲ ਸਿੰਘ), ਭਾਗ ਪਹਿਲਾ, ਪੰਨਾ 371.
20. ਉਹੀ, ਪੰਨਾ 189.

ਆਮ ਤੌਰ ਤੇ ਪ੍ਰਚੱਲਤ ਸ਼ਲੋਕਾਂ ਵਾਂਗ ਇਨ੍ਹਾਂ ਵਿਚ ਵੀ ਦੋ ਸਤਰਾਂ ਹੀ ਹੁੰਦੀਆਂ ਹਨ ਪਰ ਕਿਤੇ ਕਿਤੇ ਇਨ੍ਹਾਂ ਸਤਰਾਂ ਦੀ ਗਿਣਤੀ ਦੋ ਤੋਂ ਵੱਧ ਕੇ ਤਿੰਨ ਜਾਂ ਚਾਰ ਵੀ ਹੋ ਜਾਂਦੀ ਹੈ। ਇਨ੍ਹਾਂ ਦੇ ਅੰਤ ਤੇ ਕਵੀ ਆਪਣੀ ਕਵੀ ਛਾਪ ਦੇ ਨਾਲ ਨਾਲ ਵਿਸ਼ੇਸ਼ ਸ਼ਬਦ 'ਮਿਹਰਵਾਨ' ਵੀ ਦੇਂਦਾ ਹੈ ਜਿਵੇਂ:

ਕੁਦਰਤਿ ਕਰਿ ਦਿਖਾਇਆ ਹਿੰਦੂ ਮੁਸਲਮਾਨ ॥
ਪਾਕੀ ਨਾਈ ਪਾਕੁ ਤੂ ਆਪਿ ਰਾਮੁ ਰਹਿਮਾਨੁ।
ਸਭ ਕਿਛੁ ਤੇਰੇ ਵਸਿ ਹੈ ਦਾਸ ਨਾਨਕ ਕੈ ਮਿਹਰਵਾਨ।[21]

ਕਈ ਥਾਈਂ ਕਵੀ ਨੇ ਚਾਰ-ਚਾਰ ਸਤਰਾਂ ਵਾਲੇ ਸ਼ਲੋਕ ਵੀ ਲਿਖੇ ਹਨ ਜਿਵੇਂ:

ਪਿਰੀਆਂ ਮੈਂਡੀ ਪਿਰਹੜੀ ਲੂੰ ਲੂੰ ਰਹੀ ਸਮਾਇ।
ਜਾਂ ਮੂ ਦੇਖਾਂ ਨਜਰ ਕਰਿ ਖਾਲੀ ਨਾਹਿ ਨ ਕਾਇ।
ਬਿਰਖੈ ਅੰਦਰਿ ਮੇਲਿ ਕੈ ਕੁਲਫ ਕੀਓ ਤਨ ਚਾਇ।
ਦਾਸ ਨਾਨਕ ਸੋਇਆ ਜਾਣਦਾ ਜਿਨ ਇਹ ਡਿਠੀ ਜਾਇ।[22]

ਗੁਰੂ ਨਾਨਕ ਤੋਂ ਇਲਾਵਾ ਗੁਰੂ ਅਮਰਦਾਸ ਸਾਹਿਬ ਦੀਆਂ ਗੋਸ਼ਟਾਂ ਦੇ ਅੰਤ ਉਤੇ ਵੀ ਸ਼ਲੋਕ ਦਿੱਤੇ ਗਏ ਹਨ। ਇਨ੍ਹਾਂ ਤੋਂ ਇਲਾਵਾ ਕਈ ਪੁਰਾਤਨ ਹੱਥ ਲਿਖਤਾਂ ਵਿਚ ਵੀ ਮਿਹਰਵਾਨ ਰਚਿਤ ਸ਼ਲੋਕ ਦੇਖੇ ਜਾ ਸਕਦੇ ਹਨ। ਸ੍ਰੀਮਤੀ ਕ੍ਰਿਸ਼ਨਾ ਕੁਮਾਰੀ ਬਾਂਸਲ (ਸੰਗਰੂਰ) ਪਾਸ ਪ੍ਰਾਪਤ ਇਕ ਹੱਥ ਲਿਖਤ ਵਿਚ ਮਿਹਰਵਾਨ ਦੇ ਤੀਹ ਸ਼ਲੋਕ ਮਿਲਦੇ ਹਨ ਜਿਨ੍ਹਾਂ ਦਾ ਨਮੂਨਾ ਇਸ ਪ੍ਰਕਾਰ ਹੈ:

ਗੁਰ ਮਿਲਿ ਭਜੈ ਮੁਰਾਰੀ ਤਿਸ ਕੀ ਪਰਮਗਤਿ।
ਇਕਿ ਮਹਾਂ ਦੈਤ ਅਹੰਕਾਰੀ ਜਿਨ ਕੀ ਪਸੂ ਮਤਿ॥
ਇਕਨਾ ਬਾਜੀ ਹਰੀ ਢੋਈ ਨਾ ਲਹਿਰ।
ਨਾਨਕ ਦਾਸ ਸਰਣਿ ਤੁਮਾਰੀ ਰਾਖਹੁ ਹਾਥ ਦੇ।।30॥[23 (ੳ)]

ਮਿਹਰਵਾਨ ਦੇ ਸ਼ਲੋਕਾਂ ਉਤੇ ਗੁਰੂ ਅਰਜਨ ਸਾਹਿਬ ਦੀ ਬਾਣੀ ਦਾ ਪ੍ਰਭਾਵ ਪ੍ਰਤੱਖ ਹੈ। ਕਈ ਥਾਈਂ ਤਾਂ ਉਹ ਗੁਰੂ ਸਾਹਿਬ ਦੇ ਸ਼ਲੋਕਾਂ ਦੇ ਆਧਾਰ ਤੇ ਹੀ ਆਪਣੇ ਸ਼ਲੋਕਾਂ ਦੀ ਰਚਨਾ ਕਰਦਾ ਨਜ਼ਰ ਆਉਂਦਾ ਹੈ, ਜਿਵੇਂ:

---

21. ਉਹੀ, ਪੰਨਾ 518.

22. ਉਹੀ, ਪੰਨਾ 423.

23. (ੳ) ਹੱਥ ਲਿ: ਨੰ: 27, ਪੰਨਾ 14 (ਅ)

ਕਰਣ ਕਾਰਣ ਪ੍ਰਭ ਏਕ ਹੈ ਦੂਸਰਿ ਨਾਹੀ ਕੋਇ।
ਨਾਨਕ ਦਾਸ ਸੋਈ ਭਲਾ ਜੋ ਕਰ ਦੇਖੈ ਸਾਇ। [23(ਅ)]

ਉਪਰੋਕਤ ਸਲੋਕ ਗੁਰੂ ਅਰਜਨ ਸਾਹਿਬ ਦੇ ਇਸ ਸਲੋਕ ਦੇ ਆਧਾਰ ਤੇ ਰਚਿਆ ਗਿਆ ਨਜ਼ਰ ਆਉਂਦਾ ਹੈ:

ਕਰਣ ਕਾਰਣ ਪ੍ਰਭੁ ਏਕੁ ਹੈ ਦੂਸਰ ਨਾਹੀ ਕੋਇ।
ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ। [24]

ਇਸੇ ਤਰ੍ਹਾਂ 'ਸੁਖਮਨੀ' ਦੀਆਂ ਅਸ਼ਟਪਦੀਆਂ ਅਤੇ ਗੁਰੂ ਅਰਜਨ ਸਾਹਿਬ ਦੇ ਹੋਰ ਕਈ ਸਲੋਕਾਂ ਦੇ ਆਧਾਰ ਉੱਤੇ ਮਿਹਰਵਾਨ ਦੇ ਰਚੇ ਕਈ ਸਲੋਕ ਦੇਖੇ ਜਾ ਸਕਦੇ ਹਨ ਜਿਵੇਂ: ਮਿਹਰਵਾਨ ਦਾ ਸਲੋਕ:

ਕਾਮ ਕ੍ਰੋਧ ਅਹੰਕਾਰੁ ਮੋਹੁ ਲੋਭੁ ਗੁਰਿ ਦੀਆਂ ਝਗਰੁ ਚੁਕਾਇ।
ਬਹੁੜਿ ਨਾ ਦੁਰਮਤਿ ਉਪਜੈ ਗੁਰੂ ਸੰਜਮ ਦੀਆਂ ਬਤਾਇ।
ਸੰਤਨ ਕਾ ਉਪਦੇਸੁ ਸੁਣਿ ਦਾਸ ਨਾਨਕ ਹਰਿ ਗੁਣ ਗਾਇ। [25]

ਗੁਰੂ ਅਰਜਨ ਸਾਹਿਬ ਰਚਿਤ 'ਸੁਖਮਨੀ' ਦੀ ਛੇਵੀਂ ਅਸ਼ਟਪਦੀ ਦੇ ਇਸ ਸਲੋਕ ਨਾਲ ਕਿੰਨਾ ਮਿਲਦਾ ਹੈ:

ਕਾਮ ਕ੍ਰੋਧ ਅਰੁ ਲੋਭ ਮੋਹ ਬਿਨਸਿ ਜਾਇ ਅਹੰਮੇਵ॥
ਨਾਨਕ ਪ੍ਰਭ ਸਰਣਾਗਤੀ ਕਰਿ ਪ੍ਰਸਾਦੁ ਗੁਰ ਦੇਵ।

ਅਸਲ ਵਿਚ ਲੇਖਕ ਨੇ ਸਲੋਕ ਰਚਣ ਦੀ ਮੂਲ ਪ੍ਰੇਰਣਾ ਹੀ ਗੁਰੂ ਅਰਜਨ ਸਾਹਿਬ ਤੋਂ ਲਈ ਪ੍ਰਤੀਤ ਹੁੰਦੀ ਹੈ। ਗੁਰੂ ਸਾਹਿਬ ਨੇ ਜਿਵੇਂ 'ਸੁਖਮਨੀ' ਦੀ ਹਰ ਇਕ ਅਸ਼ਟਪਦੀ ਦੇ ਆਰੰਭ ਵਿਚ ਇਕ ਇਕ ਸਲੋਕ ਦੇ ਕੇ ਉਸ ਦਾ ਕੇਂਦਰੀ ਭਾਵ ਦਸਿਆ ਹੈ ਉਸੇ ਤਰ੍ਹਾਂ ਉਸ ਨੇ ਵੀ ਆਪਣੀ ਹਰ ਇਕ ਗੋਸ਼ਟ ਦੇ ਅੰਤ ਉੱਤੇ ਉਸ ਗੋਸ਼ਟ ਦਾ ਕੇਂਦਰੀ ਭਾਵ ਦੇਣ ਲਈ ਸਲੋਕ ਦੀ ਰਚਨਾ ਕੀਤੀ ਹੈ। ਮਿਹਰਵਾਨ ਦੀ ਗੱਦ ਰਚਨਾ ਵਿਚ ਪੱਦ ਦਾ ਇਹ ਰਲਾ ਸੰਸਕ੍ਰਿਤ ਵਿਚ ਪ੍ਰਚੱਲਤ 'ਚੰਪੂ ਕਾਵਿ' ਦੇ ਪ੍ਰਭਾਵ ਵਜੋਂ ਹੋ ਸਕਦਾ ਹੈ।

ੲ) <u>ਵਾਰਾਂ</u>:

ਮਿਹਰਵਾਨ ਦੀ ਕਾਵਿ-ਰਚਨਾ ਦਾ ਤੀਸਰਾ ਮੁੱਖ ਰੂਪ, ਵਾਰਾਂ ਹਨ। ਉਸ ਦੀ ਵਿਸ਼ੇਸ਼ 'ਵਾਰ ਪੀਰਾਂ ਕੀ' ਹੈ। ਜਿਸ ਵਿਚ ਉਸ ਨੇ ਬੇਤਰਤੀਬੇ ਜਿਹੇ ਢੰਗ ਨਾਲ ਹਜ਼ਰਤ ਆਦਮ, ਹੱਵਾ,

23.(ਅ) ਜ. ਗੁ. ਲਾ. (ਸੰਪ: ਕਿਰਪਾਲ ਸਿੰਘ) ਭਾਗ ਪਹਿਲਾ, ਪੰਨਾ 63.
24. 'ਸੁਖਮਨੀ' 11ਵੀਂ ਅਸ਼ਟਪਦੀ।
25. ਉਹੀ ਰਚਨਾ, ਪੰਨਾ 331.

ਹਾਬੀਲ, ਕਾਬੀਲ, ਈਸਾ, ਮੂਸਾ, ਦਾਊਦ, ਇਬਰਾਹੀਮ, ਇਸਮਾਇਲ, ਜ਼ਕਰੀਆ, ਸੁਲੈਮਾਨ, ਯੂਸਫ਼, ਪੀਰ ਖੁਰਮਾਨਾ, ਹਾਫ਼ਿਜ਼ ਗਿਆਸ ਗਾਜੀ ਅਤੇ ਨੂਰ ਜਮਾਲ ਆਦਿ ਅਨੇਕਾਂ ਪੀਰਾਂ ਫ਼ਕੀਰਾਂ ਅਤੇ ਪੈਗੰਬਰਾਂ ਦੀ ਉਸਤਤ ਕੀਤੀ ਹੈ। "ਰਾਗ ਬਿਲਾਵਲ ਮਹਲਾ 9" ਅਧੀਨ ਲਿਖੀ ਮਿਹਰਵਾਨ ਦੀ ਇਸ ਵਾਰ ਵਿਚ 24 ਪਉੜੀਆਂ ਹਨ ਅਤੇ ਹਰ ਪਉੜੀ ਤੋਂ ਬਾਅਦ ਇਕ ਇਕ ਸ਼ਲੋਕ ਦਿੱਤਾ ਗਿਆ ਹੈ ਜਿਸ ਵਿਚ ਕਵੀ ਦੀ ਕਾਵਿ-ਛਾਪ ਦਰਜ ਹੈ। ਉਦਾਹਰਣ ਇਸ ਪ੍ਰਕਾਰ ਹੈ:

ਪਉੜੀ॥ ਪੀਰ ਪੈਕੰਬਰ ਔਲੀਏ ਕਉਣ ਗਣੈ ਤਿਨਾ ਦਾ ਪਾਰ,
ਚਾਰ ਪੀਰ ਚਉਦਹਿ ਖਨਵਾਦਿਆ ਸੇਖਾਂ ਦਾ ਨਾਹਿ ਸੁਮਾਰ।
ਅਠ ਹਿਤਸੀ ਫ਼ਿਅ ਸੁਬਦਾਂ ਸੇਖ ਸਾਬਰ ਦਿਲ ਕਰਾਰ।
ਫ਼ਾਲਸੁਮੰਦ ਮੁਲਾਂ ਮਖਦੂਮ ਮੁਰੀਦ ਖਲਫੇ ਸਾਰ।
ਗਉਸ ਕੁਤਬ ਮਾਇਨ ਭਏ ਸਚ ਸਿਦਕ ਜਿਨਾਂ ਆਧਾਰ।
ਜਿਨੀ ਸਾਹਿਬ ਸੇਵਿਆ ਹਉ ਤਿਨ ਦਾ ਮੰਗਣਹਾਰ।
ਜਿਨੀ ਜਾਤਾ ਪਰਵਦਗਾਰ॥ 23 ॥

॥ਸਲੋਕ॥ ਗੁਸਾ ਖੁਦਾਇ ਮਿਟਾਇਦੇ ਜੋ ਖੈਰ ਨਿਵਾਜ ਕਮਾਹਿ।
ਨਾਨਕ ਦਾਸ ਕਬੂਲ ਸੇ ਦਰਿ ਦੀਦਾਰ ਸਮਾਹਿ॥[26]

ਵਾਰ ਦੇ ਅਰੰਭ ਵਿਚ ਇਸ ਨੂੰ ਮੁਰੀਦਾਨ ਪੀਰੋ ਸੁਧ ਸ਼ੇਖੇ ਖੋਖਰ ਕੀ ਵਾਰ ਦੀ ਧੁਨੀ ਉਤੇ ਗਾਉਣ ਦਾ ਸੰਕੇਤ ਦਿੱਤਾ ਗਿਆ ਹੈ ਜਿਸ ਤੋਂ ਇਕ ਹੋਰ ਪੁਰਾਣੀ ਵਾਰ ਦੀ ਟੋਹ ਮਿਲਦਾ ਹੈ।

**ਵਾਰ ਬਿਲਾਵਲ ਪੈਗੰਬਰ ਕੀ:**

ਮੀਣਿਆਂ ਦੀ ਇਕ ਪੁਰਾਤਨ ਹੱਥ ਲਿਖਤ ਵਿਚ ਵਾਰ ਬਿਲਾਵਲ ਪੈਗੰਬਰ ਕੀ ਵੀ ਮਿਲਦੀ ਹੈ ਜਿਸ ਵਿਚ ਮੁਸਲਮਾਨ ਪੈਗੰਬਰ ਦੀ ਉਸਤਤ ਕੀਤੀ ਗਈ ਹੈ। ਇਸ ਵਾਰ ਦੇ ਅੰਤ ਉਤੇ ਵੀ ਮਿਹਰਵਾਨ ਰਚਿਤ ਸ਼ਲੋਕ ਮਿਲਦੇ ਹਨ।[27(ੳ)]

**ਬਸੰਤ ਕੀ ਵਾਰ :**

ਗੁਰੂ ਅਰਜਨ ਸਾਹਿਬ ਨੇ 'ਬਸੰਤ ਕੀ ਵਾਰ' ਦੀਆਂ ਕੇਵਲ ਤਿੰਨ ਪਉੜੀਆਂ ਲਿਖੀਆਂ ਪਰ ਮਿਹਰਵਾਨ ਨੇ ਇਸ ਵਿਚ ਕੁਝ ਸ਼ਲੋਕ ਅਤੇ ਪਉੜੀਆਂ ਵਧਾ ਕੇ ਇਸ ਨੂੰ ਸੰਪੂਰਣ ਕਰਨ ਦਾ ਯਤਨ ਕੀਤਾ।[27(ਅ)]

---

26. ਸ਼ਮਸ਼ੇਰ ਸਿੰਘ ਅਸ਼ੋਕ, 'ਸਿੱਖੀ ਤੇ ਸਿੱਖ ਇਤਿਹਾਸ, ਪੰਨਾ 92.

27(ੳ) ਹ. ਲਿ. ਨੰ: 753, ਗੁ. ਨਾ. ਯੂ. ਲਾ. ਅੰਮ੍ਰਿਤਸਰ।

27(ਅ) ਪਿਆਰਾ ਸਿੰਘ ਪਦਮ, "ਮਿਹਰਬਾਨੀਆਂ ਦੀ ਸਾਹਿੱਤ ਸੇਵਾ", 'ਖੋਜ ਪਤ੍ਰਿਕਾ' 1967-68 ਅੰਕ-1, ਪੰਨਾ 91.

ਸ) ਅਨੁਕਰਣ ਵਿਚ ਰਚੀਆਂ ਬਾਣੀਆਂ:

ਮਿਹਰਵਾਨ ਨੇ ਸੁਤੰਤਰ ਬਾਣੀਆਂ ਤੋਂ ਇਲਾਵਾ ਅਨੁਕਰਣ ਵਿਚ ਵੀ ਬਾਣੀਆਂ ਰਚੀਆਂ ਹਨ ਜਿਵੇਂ:

ਰਾਗ ਗਉੜੀ ਪੂਰਬੀ ਬਾਵਨ ਅੱਖਰੀ ਮਹਲਾ੧

ਮਿਹਰਵਾਨ ਵਲੋਂ ਲਿਖੀ ਗਈ ਇਹ ਰਚਨਾ 'ਪ੍ਰਾਣ ਸੰਗਲੀ' ਵਿਚ ਸ਼ਾਮਲ ਕੀਤੀ ਹੋਈ ਮਿਲਦੀ ਹੈ ਜੋ ਉਸ ਨੇ ਗੁਰੂ ਅਰਜਨ ਸਾਹਿਬ ਦੀ 'ਗਉੜੀ ਬਾਵਨ ਅਖਰੀ ਮਹਲਾ5' ਦੇ ਨਮੂਨੇ ਤੇ ਲਿਖੀ। ਇਸ ਰਚਨਾ ਦਾ ਆਰੰਭ ਅਤੇ ਅੰਤ ਇਸ ਪ੍ਰਕਾਰ ਹੈ:

ਆਰੰਭ: ਸਲੋਕ॥ ਆਦਿ ਨਿਰੰਜਨ ਨਿਰੰਕਾਰ ਕੀਆ ਜਾਕਾ ਹੋਇ।
ਆਦਿ ਅੰਤ ਅਰੁ ਮਧ ਹੈ ਨਾਨਕ ਅਵਰ ਨਾ ਕੋਇ॥1॥

ਪਉੜੀ : ਨਮਸਕਾਰ ਪ੍ਰਭ ਸਾਚੇ। ਪ੍ਰਾਨ ਪਿੰਡ ਮੈ ਘਟਿ ਘਟ ਬਾਚੇ॥
ਨਮਸਕਾਰ ਗੁਰ ਪੂਰੇ। ਮਨਸਾ ਕੇ ਦਾਤੇ ਸਰਨ ਕੇ ਸੂਰੇ।
ਨਮਸਕਾਰ ਸਤ ਸਾਧਾ। ਦਿਵਸ ਰੈਣ ਹਰ ਹਰ ਅਰਾਧਾ।
ਆਦਿ ਬ੍ਰਹਮ ਅਦੇਸ। ਨਾਨਕ ਦਾਸ ਸਭ ਤੇਰਾ ਭੇਖੁ।
ਮਾਂਗਉ ਦਾਨ ਪ੍ਰਭੁ ਦੀਜੈ ਮੇਰੇ। ਟਹਲ ਕਰਉ ਥਾਰੇ ਜਨ ਤੇਰੇ॥ ਰਹਾਉ॥

ਸਲੋਕ: ਨਿਰਮਲ ਪ੍ਰਭ ਨਿਰੰਕਾਰ ਨਿਰਗੁਣ ਸਰਗੁਣ ਭਾਹਿਰ ॥
ਨਿਰਗੁਣ ਕੇ ਗੁਨ ਬਹੁਤ ਹੈ ਦਾਸ ਨਾਨਕ ਕਹੇ ਨਾ ਜਾਇ॥ 1 ॥[28]

ਇਹ ਲੇਖਕ ਦੀ ਇਕ ਲੰਮੀ ਰਚਨਾ ਹੈ ਜਿਸ ਦੇ ਹਰ ਸਲੋਕ ਅਤੇ ਪਉੜੀ ਦੇ ਅੰਤੇ ਉਤੇ ਉਸ ਨੇ ਆਪਣੀ ਕਾਵਿ-ਛਾਪ 'ਨਾਨਕ ਦਾਸ' ਜਾਂ 'ਦਾਸ ਨਾਨਕ' ਵਰਤੀ ਹੈ। ਇਸ ਦਾ ਅੰਤ ਇਉਂ ਹੈ:

ਸਲੋਕ॥ ਹਿਤ ਕਰਿ ਹਰਿ ਹਰਿ ਸਿਮਰੀਐ ਰਤੀ ਨਾ ਬਿਨਸਹੁ ਧੀਰ॥
ਨਾਨਕ ਦਾਸ ਅਰਾਧੀਐ ਚੂਕੈ ਜਮ ਕੀ ਭੀਰ॥ 1 ॥

ਪਉੜੀ॥ ਹਾਰੇ ਹਰਿ ਕਾ ਸਿਮਰਨ ਕਰੀਐ ਹੋਰ ਨ ਦੂਜਾ ਹਿਰਦੈ ਧਰੀਐ॥
ਹਰਿਨਾਖਸ ਕਾ ਜਿਨ ਭਉ ਕੀਨਾ। ਭਗਤ ਹੇਤ ਪ੍ਰਹਲਾਦ ਰਖ ਲੀਨਾ।
ਹੋਰ ਕਵਨ ਪ੍ਰਭ ਬਿਨ ਪ੍ਰਤਿਪਾਲੈ। ਹਰਿ ਜੀ ਪ੍ਰਭ ਜਨੁ ਕੇ ਸਾਂਸਿ ਸਿਹਾਲੈ।
ਹਰਿ ਕੀ ਕੀਰਤਿ ਕਰੇ ਹਰਿ ਭਾਵੈ। ਨਾਨਕ ਦਾਸ ਦਰਿ ਪਤਿ ਸਿਉ ਜਾਵੈ।5।[29]

---

28. 'ਸ੍ਰੀ ਪ੍ਰਾਨ ਸੰਗਲੀ', ਹਿੰਦੀ ਸੰਸਕਰਣ (ਸੰਪ: ਸੰਤ ਸੰਪੂਰਨ ਸਿੰਘ), ਭਾਗ ਦੂਜਾ, ਪੰਨਾ 448.

29. ਉਹੀ, ਪੰਨਾ 461.

## ਰਾਗ ਸੋਰਠਿ ਮਹੱਲਾ ੧ :

ਧੰਨੇ ਭਗਤ ਦੀ ਆਰਤੀ ਉਤੇ ਆਧਾਰਤ ਸ਼ਬਦ ਵੀ ਰਚਿਆ ਗਿਆ ਹੈ ਜੋ ਉਸ ਨਾਲ ਕਿੰਨਾ ਮਿਲਦਾ ਜੁਲਦਾ ਹੈ:

ਗੁਰ ਕਾ ਸ਼ਬਦ ਰਖਵਾਰੇ, ਏਤਿ ਘਰਿ ਗਾਵਣਾ।
ਤੁਮ ਤੇ ਹੋ ਅੰਤਰਜਾਮੀ।
ਖਾਣੇ ਕਉ ਦੇਹਿ ਸੁਆਮੀ।
ਆਟਾ ਚਾਵਲ ਘੀਰਿ।
ਜਿਤੁ ਖੁਸ਼ੀ ਹੋਵੈ ਮੇਰਾ ਜੀਉ।। 1 ।।
ਮਾਧੋ ਜਾਂ ਪ੍ਰੀਤਿ ਲਗੀ ਸੰਗਿ ਤੇਰੇ।
ਅਬਿ ਆਸ ਭਈ ਮੰਨਿ ਮੇਰੇ।। ਰਹਾਉ ।।
ਦਾਲਿ ਲੋਣਿ ਵਿਸਾਰਾ।
ਖਾਂਦੇ ਖਾਵੈ ਸੰਤੁ ਤੁਮਾਰਾ।
ਦੋਊ ਵਾਰਿ ਖਿਲਾਈਐ। ਜਨ ਅਪਨਾ ਸੇਵਾ ਲਾਇਐ।।2।।
ਤੇਰਾ ਨਾਨਕ ਦਾਸ ਵਿਚਾਰਾ 'ਖਸਮਾਨਾ ਕਰਹੁ ਹਮਾਰਾ'.[30]

## ਸੁਖਮਨੀ:

ਸੋਢੀ ਮਿਹਰਵਾਨ ਨੇ ਗੁਰੂ ਅਰਜਨ ਸਾਹਿਬ ਦੀ ਪ੍ਰਸਿੱਧ ਰਚਨਾ "ਸੁਖਮਨੀ" ਦੇ ਮੁਕਾਬਲੇ ਤੇ ਵੀ ਪਉੜੀਆਂ ਰਚੀਆਂ। ਹਰਿਜੀ ਨੇ ਆਪਣੀ ਕਿਰਤ 'ਸੁਖਮਨੀ ਸਹੰਸਰਨਾਮ' ਵਿਚ ਉਨ੍ਹਾਂ ਪਉੜੀਆਂ ਨੂੰ ਦੇ ਕੇ ਇਨ੍ਹਾਂ ਦੀ ਵਿਸਤ੍ਰਿਤ ਵਿਆਖਿਆ ਕਰਨ ਦਾ ਯਤਨ ਕੀਤਾ ਹੈ। ਮੁਕਾਬਲੇ ਦੀ ਬਾਣੀ ਦੇ ਰਚੇ ਜਾਣ ਦੀ ਸੂਚਨਾ ਕਈ ਹੱਥ ਲਿਖਤਾਂ ਵਿਚੋਂ ਮਿਲਦੀ ਹੈ। ਹੱਥ ਲਿ: ਨੰ: 692 ਸੈਂਟਰਲ ਪਬਲਿਕ ਲਾਇਬ੍ਰੇਰੀ, ਪਟਿਆਲਾ ਵਿਚ 'ਸੁਖਮਨੀ ਸਹੰਸਰਨਾਮ' ਦੇ ਅੰਤ ਉਤੇ ਇਹ ਸੂਚਨਾ ਦਿੱਤੀ ਗਈ ਹੈ ਕਿ:

"ਗੁਰੂ ਮਿਹਰਵਾਨ।। ਸੁਖਮਨੀ ਸਹੰਸਰਨਾਮ ਪੂਰਨੁ ਲਿਖਿਆ।। ਅਰਿਥ ਸਾਖ ਸ੍ਰੀ ਸਤਿਗੁਰ ਕੀ ਕਿਰਪਾ ਤੇ . . . ।"[31]

'ਸੁਖਮਨੀ ਸਹੰਸਰਨਾਮੇ' ਦੀ ਇਕ ਹੋਰ ਨਕਲ ਵਿਚ ਹਰਿਜੀ ਵਲੋਂ ਇਹ ਸੂਚਨਾ ਦਿੱਤਾ ਗਇਆ ਹੈ ਕਿ:

---

30. ਸ਼ਮਸ਼ੇਰ ਸਿੰਘ, ਅਸ਼ੋਕ, 'ਸੋਢੀ ਮਿਹਰਵਾਨ ਜੀਵਨ ਤੇ ਸਾਹਿਤ', ਪੰਨਾ 78.
31. ਪੰਨਾ 986.

ਅਠਾਈਸ ਅਵਤਾਰ ਪੂਰੇ ਗੁਰ ਕੀਏ॥
ਗੁਰ ਮਿਹਰਵਾਨ ਆਪੇ ਲਿਖ ਦੀਏ॥
ਸਹੰਸਰ ਨਾਮ ਜਪਹੁ ਜਸੁ ਕੀਜੈ ॥
ਜਨ ਨਾਨਕ ਮਾਂਗੈ ਸਤਿਗੁਰ ਸੰਗੁ ਦੀਜੈ॥

ਤਿਸ ਕਾ ਪਰਮਾਰਥੁ। ਏਹਿ ਜੋ ਅਠਾਈਸ ਅਵਤਾਰਾਂ ਕੀ ਮਹਮਾ ਲਿਖੀ ਹੈ ਸੁ ਏਹ ਪੂਰੇ ਗੁਰੂ ਕੀਏ ਹੈ। ਅਰੁ ਗੁਰੂ ਮਿਹਰਵਾਨ ਆਪੇ ਹੀ ਲਿਖਿ ਕਰ ਦੀਏ ਹੈਂ॥ ਸਹੰਸਰਨਾਮਾਂ ਦੇ ਵਿਖੇ ਉਸ ਕਾ ਜਸੁ ਜਪਦਾ ਹੈ।[32]

ਸੋ ਸਪਸ਼ਟ ਹੈ ਕਿ ਹਰਿਜੀ ਆਪਣੀ ਰਚਨਾ 'ਸੁਖਮਨੀ ਸਹੰਸਰਨਾਮਾ' ਵਿਚ ਮਿਹਰਵਾਨ ਵਲੋਂ ਸੁਖਮਨੀ ਦੇ ਆਧਾਰ ਤੇ ਰਚੀਆਂ ਪਉੜੀਆਂ ਦੇ ਕੇ ਉਨ੍ਹਾਂ ਦਾ ਵਿਆਖਿਆ ਕਰਦਿਆਂ ਹੀ ਕਥਾਵਾਂ ਦਾ ਉਸਾਰਾ ਕਰ ਰਿਹਾ ਹੈ। ਇਨ੍ਹਾਂ ਪਉੜੀਆਂ ਦਾ ਨਮੂਨਾ ਇਸ ਪ੍ਰਕਾਰ ਹੈ:

ਏਕੇ ਚਾਰ ਐਸੋ ਹੋਵੈ ਜੋਗੀ॥ ਕਰਮ ਮਾਇਆ ਤੇ ਰਹੈ ਅਰੋਗੀ॥
ਸੁੰਨਿ ਮੰਡਲ ਕੀ ਭਿਖਿਆ ਖਾਈ। ਸਤ ਸੰਤੋਖ ਕੀ ਖਿੰਥਾ ਪਾਈ।
ਬਿਨਾ ਖਪਰ ਪਾਣੀ ਪੀਆ। ਬਿਨਾ ਧਰਤੀ ਬਿਠਾ ਹੂਆ॥
ਬਿਨਾ ਸਿੰਙੀ ਨਾਦੁ ਵਾਜੈ। ਬਿਨਾ ਬਾਦਿ ਗਗਨ ਗਾਜੈ॥
ਬੀਜਲੀ ਚਮਕਾਰ ਲਾਇਆ॥ ਬਿਨਾ ਬਦੂ ਬਿਨਾ ਛਾਇਆ॥
ਦਾਸ ਨਾਨਕ ਐਸਾ ਜੋਗੁ ਪਾਇਆ। ਕਹਣੈ ਤੇ ਆਗੈ ਸਮਾਇਆ॥[33]

<u>ਲਾਵਾਂ</u> :

ਹੋਰਾਂ ਰਚਨਾਵਾਂ ਵਾਂਗ ਲੇਖਕ ਨੇ ਚਾਰੇ ਲਾਵਾਂ ਦੇ ਮੁਕਾਬਲੇ ਤੇ ਚਾਰ ਲਾਵਾਂ ਵੀ ਰਚੀਆਂ ਹਨ। ਜਿਨ੍ਹਾਂ ਦਾ ਨਮੂਨਾ ਇਸ ਪ੍ਰਕਾਰ ਹੈ:

ਜੈਸੇ ਗੁਰੂ ਮਿਹਰਵਾਨ ਜੀ ਕਹਿਆ ਹੈ॥
॥ਪਉੜੀ॥ ਰਾਮ ਦੂਜੜੀ ਲਾਵ ਜੁਗੁ ਤ੍ਰੇਤਾ ਭੀ ਥਾਪਿਆ ਬਲਿਰਾਮ ਜੀ॥
ਦੀਨ ਦੀਨ ਤੇ ਸੰਤ ਜਨ ਜਿਨ ਨਾਉ ਪ੍ਰਭ ਕਾ ਜਾਪਿਆ ਬਲਿਰਾਮ ਜੀ॥
ਜਪਤ ਸੀਤਾ ਨਾਮੁ ਪ੍ਰਭੁ ਕਾ ਮਿਲੀ ਰਾਮ ਪਿਆਰਿਆ॥
ਗੰਭੀਰ ਧਨੁਖ ਚੜਾਇ ਰਘੁਪਤਿ ਪ੍ਰਸ ਰਾਮ ਕਾ ਬਲੁ ਹਾਰਿਆ
ਵੀਆਹ ਸੀਤਾ ਰਾਮਣਿ ਗ੍ਰਹ ਮਹਿ ਭਗਤ ਤਰਿ ਨਿਬਾਹਿਆ॥
ਦਾਸ ਕਹੈ ਨਾਨਕ ਲਾਵ ਦੂਜੀ ਸੀਤਾ ਰਾਮ ਵਿਆਹਿਆ।[34]

---

32. ਹੱ. ਲਿ:ਨੰ: 5195, ਸਿ. ਰੈ. ਲ:. ਅੰਮ੍ਰਿ. ਪੰਨਾ 446.

33. ਹੱਥ ਲਿ: ਨੰ: 7258, ਸਿ. ਰੈ. ਲਾ. ਅੰਮ੍ਰਿ., ਪੰਨਾ 244.

34. ਹ: ਲਿ. ਨੰ: 1194, ਪੰ. ਯੂ. ਲਾਇ., ਚੰਡੀਗੜ੍ਹ, ਪੰਨਾ 193 (ਅ)

ਤੀਸਰੀ ਲਾਂਵ ਦੇ ਗੀਤ ਉਤੇ ਵੀ ਸੁਪਸ਼ਟ ਰੂਪ ਵਿਚ ਲੇਖਕ ਦੀ ਕਾਵਿ-ਛਾਪ 'ਦਾਸ ਨਾਨਕ' ਮਿਲਦੀ ਹੈ:

ਹਰਿ ਤੀਜੜੀ ਲਾਂਵ ਦੁਆਪਰ ਜੁਗ ਭੀ ਆਇਆ ਰਾਮ ਜੀ॥
ਰੁਕਮਣਿ ਕ੍ਰਿਸ਼ਨ ਵੀਵਾਹ ਮੰਗਲ ਗਾਇਆ ਬਲਿ ਰਾਮ ਜੀ॥

....................................

ਵੀਵਾਹ ਹੋਆ ਸੰਗਿ ਰੁਕਮਣਿ ਸੀਤਾ ਮਨ ਬਿਗਸਾਇਆ।
ਦਾਸ ਕਹੈ ਨਾਨਕ ਲਾਵ ਤੀਜੀ ਕ੍ਰਿਸ਼ਨ ਰੁਕਮਣਿ ਪਾਇਆ।[35]

ਸੋ ਇਨ੍ਹਾਂ ਕਾਵਿ-ਰਚਨਾਵਾਂ ਨੂੰ ਦੇਖਦਿਆਂ ਇਹ ਸੁਸ਼ਪਸ਼ਟ ਹੋ ਜਾਂਦਾ ਹੈ ਕਿ ਉਸ ਨੇ ਮਹੱਲਾ ੭ [36] ਅਧੀਨ ਗੁਰੂ ਸਾਹਿਬਾਂ ਅਤੇ ਭਗਤਾਂ ਵਾਂਗ ਹੀ ਸ਼ਲੋਕਾਂ, ਸ਼ਬਦਾਂ, ਵਾਰਾਂ ਅਤੇ ਪਉੜੀਆਂ[37] ਦੀ ਰਚਨਾ ਕੀਤੀ। ਉਸ ਨੇ ਗੁਰੂ ਅਰਜਨ ਸਾਹਿਬ ਤੇ ਭਗਤਾਂ ਦੀ ਬਾਣੀ ਦਾ ਪ੍ਰਭਾਵ ਹੀ ਗ੍ਰਹਿਣ ਨਹੀਂ ਕੀਤਾ ਸਗੋਂ ਗੁਰੂ ਸਾਹਿਬਾਂ ਅਤੇ ਭਗਤਾਂ ਦੀਆਂ ਰਚਨਾਵਾਂ ਦੇ ਮੁਕਾਬਲੇ ਤੇ ਬਹੁਤ ਸਾਰੇ ਸ਼ਲੋਕ, ਸ਼ਬਦ, ਪਉੜੀਆਂ ਅਤੇ ਵਾਰਾਂ ਦੀ ਰਚਨਾ ਵੀ ਕੀਤੀ।

ਸੋਢੀ ਮਿਹਰਵਾਨ ਵਾਂਗ ਉਸ ਦੇ ਪੁੱਤਰ ਹਰਿਜੀ ਨੇ ਵੀ ਮਗਰੋਂ ਮਹੱਲਾ 8 ਅਧੀਨ ਕਾਵਿ-ਰਚਨਾ ਕੀਤੀ।[38] ਸ: ਪ੍ਰਕਾਸ਼ ਸਿੰਘ (ਖਾਲਸਾ ਕਾਲਜ ਅੰਮ੍ਰਿਤਸਰ) ਦਾ ਵਿਸ਼ਵਾਸ਼ ਹੈ ਕਿ ਮਿਹਰਵਾਨ ਅਤੇ ਹਰਿਜੀ ਵਲੋਂ ਮਹਲਾ 6,7,8 ਅਧੀਨ ਬਾਣੀ ਰਚੇ ਜਾਣ ਕਾਰਨ ਹੀ ਛੇਵੇਂ ਸੱਤਵੇਂ ਅਤੇ ਅੱਠਵੇਂ ਗੁਰੂ ਸਾਹਿਬਾਂ ਨੇ ਆਪਣੀ ਬਾਣੀ ਨਹੀਂ ਰਚੀ। ਪਰ ਸਾਡੇ ਵਿਚਾਰ ਅਨੁਸਾਰ ਛੇਵੇਂ, ਸੱਤਵੇਂ ਅਤੇ ਅੱਠਵੇਂ ਗੁਰੂ ਵਲੋਂ ਬਾਣੀ ਨਾ ਰਚੇ ਜਾਣ ਦਾ ਇਹ ਕੋਈ ਕਾਰਨ ਨਹੀਂ ਹੋ ਸਕਦਾ। ਗੁਰੂ ਨਾਨਕ ਸਾਹਿਬ ਦੇ ਨਾਂ ਥੱਲੇ ਪਹਿਲਾਂ ਹੀ ਕਾਫ਼ੀ ਕੱਚੀ ਬਾਣੀ ਰਚੇ ਜਾਣ ਦੇ ਬਾਵਜੂਦ ਗੁਰੂ ਅਮਰਦਾਸ, ਗੁਰੂ ਰਾਮਦਾਸ ਅਤੇ ਗੁਰੂ ਅਰਜਨ ਸਾਹਿਬ ਨੇ ਆਪਣੀ ਬਾਣੀ ਰਚੀ। ਜੇਕਰ ਅਜਿਹਾ ਹੀ ਕੋਈ ਕਾਰਨ ਹੁੰਦਾ ਤਾਂ ਇਹ ਗੁਰੂ ਸਾਹਿਬ ਵੀ ਬਾਣੀ ਰਚਣ ਤੋਂ ਸੰਕੋਚ ਕਰਦੇ। ਸਗੋਂ ਇਨ੍ਹਾਂ ਗੁਰੂ ਸਾਹਿਬਾਂ ਤੋਂ ਮਗਰੋਂ ਗੁਰੂ ਤੇਗ਼ ਬਹਾਦੁਰ ਸਾਹਿਬ ਨੇ ਵੀ ਬਾਣੀ ਰਚੀ।

---

35. ਉਹੀ, ਪੰਨਾ 278.
36. ਮੀਣਾ ਸੰਪ੍ਰਦਾਇ ਅਨੁਸਾਰ ਸੋਢੀ ਪ੍ਰਿਥੀ ਚੰਦ ਨੂੰ ਮਹਲਾ 6, ਸੋਢੀ ਮਿਹਰਵਾਨ ਨੂੰ ਮਹਲਾ ੭ ਅਤੇ ਹਰਿਜੀ ਨੂੰ ਮਹਲਾ ਮੰਨਿਆ ਗਿਆ ਹੈ।
37. ਮਿਹਰਵਾਨ ਰਚਿਤ 'ਧਿਆਇ ਦਸ ਅਵਤਾਰਾਂ ਕਾ' ਵਿਚ ਹਿੰਦੂ ਅਵਤਾਰਾਂ ਸੰਬੰਧੀ ਰਚੀਆਂ 30 ਪਉੜੀਆਂ ਮਿਲਦੀਆਂ ਹਨ। ਹ: ਲਿ: ਨੰ:757 ਗੁ. ਨਾ. ਯੂ. ਨ: ਅੰਮ੍ਰਿਤਸਰ।
38. ਵੇਖੋ: ਅੰਤਿਕਾ

ਡਾ: ਦੀਵਾਨ ਸਿੰਘ ਅਨੁਸਾਰ ਮਿਹਰਵਾਨ ਵਲੋਂ 'ਨਾਨਕ ਦਾਸ' ਜਾਂ 'ਦਾਸ ਨਾਨਕ' ਦੀ ਛਾਪ ਵਰਤਣੀ ਵੱਡੀ ਅਵੱਗਿਆ ਹੈ।[39] ਡਾ: ਰਤਨ ਸਿੰਘ 'ਜੱਗੀ' ਅਤੇ ਪਿਆਰਾ ਸਿੰਘ ਪਦਮ ਵੀ ਇਸ ਕਾਵਿ-ਛਾਪ ਦੀ ਵਰਤੋਂ ਦਾ ਉਦੇਸ਼ ਮੁਕਾਬਲੇ ਦੀ ਕੱਚੀ ਬਾਣੀ ਰਚ ਕੇ ਲੋਕਾਂ ਨੂੰ ਧੋਖਾ ਦੇਣਾ ਹੀ ਮੰਨਦੇ ਹਨ।

ਅਸਲ ਵਿਚ ਪੁਰਾਤਨ ਸਾਹਿੱਤ ਨੂੰ ਦੇਖਦਿਆਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਅਣਗਿਣਤ ਰਚਨਾਵਾਂ ਅਜਿਹੀਆਂ ਹਨ ਜਿਨ੍ਹਾਂ ਦੇ ਲੇਖਕਾਂ ਨੇ ਉਨ੍ਹਾਂ ਉਤੇ ਜਾਂ ਤਾਂ ਆਪਣਾ ਨਾਂ ਹੀ ਨਹੀਂ ਲਿਖਿਆ ਅਤੇ ਜਾਂ ਸਤਿਕਾਰ ਵਜੋਂ ਉਨ੍ਹਾਂ ਨੂੰ ਆਪਣੇ ਗੁਰੂਆਂ ਦੇ ਨਾਂ ਨਾਲ ਜੋੜਿਆ ਹੈ। ਮਿਹਰਵਾਨ, ਗੁਰੂ ਬੰਸ ਦਾ ਜੰਮਪਲ ਹੈ। ਗੁਰੂ ਅਰਜਨ ਵਲੋਂ ਉਸ ਨੂੰ ਵਿਸ਼ੇਸ਼ ਪਿਆਰ ਨਾਲ ਪੁੱਤਰਾਂ ਸਮਾਨ ਪਾਲਿਆ ਗਿਆ। ਇਸ ਲਈ ਜੇਕਰ ਮਿਹਰਵਾਨ ਨੇ ਆਪਣੇ ਆਪ ਨੂੰ ਨਾਨਕ ਦੇ ਘਰ ਦਾ ਸੇਵਕ ਜਾਂ ਦਾਸ ਕਹਿੰਦਿਆਂ ਆਪਣੀਆਂ ਰਚਨਾਵਾਂ ਵਿਚ 'ਨਾਨਕ ਦਾਸ' ਜਾਂ 'ਦਾਸ ਨਾਨਕ' ਦੀ ਕਾਵਿ-ਛਾਪ ਵਰਤ ਲਈ ਹੈ ਤਾਂ ਇਸ ਨੂੰ ਘੋਰ ਅਵੱਗਿਆ ਜਾਂ ਜਬਰ ਪਾਪ ਨਹੀਂ ਸਮਝਿਆ ਜਾਣਾ ਚਾਹੀਦਾ। ਇਕ ਗੱਲ ਹੋਰ ਬੜੀ ਮਹੱਤ੍ਵਪੂਰਣ ਅਤੇ ਸਪਸ਼ਟ ਹੈ ਕਿ ਮਿਹਰਵਾਨ ਨੇ ਆਪਣੀਆਂ ਸਾਰੀਆਂ ਰਚਨਾਵਾਂ ਵਿਚ ਕਿਤੇ ਇਕ ਵਾਰ ਵੀ ਇਕੱਲਾ 'ਨਾਨਕ' ਸ਼ਬਦ ਕਾਵਿ-ਛਾਪ ਵਜੋਂ ਨਹੀਂ ਵਰਤਿਆ।

ਸੋ ਇਹ ਗੱਦ ਦੇ ਨਾਲ ਨਾਲ ਏਨੀ ਵੱਡੀ ਗਿਣਤੀ ਵਿਚ ਕੀਤੀ ਗਈ ਕਾਵਿ-ਰਚਨਾ ਮਿਹਰਵਾਨ ਨੂੰ ਆਪਣੇ ਸਮੇਂ ਦਾ ਮਹੱਤ੍ਵਪੂਰਣ ਅਤੇ ਬਹੁਪੱਖੀ ਸਾਹਿੱਤਕਾਰ ਬਣਾ ਦੇਂਦੀ ਹੈ।

2. ਕਰਤ੍ਰਿੱਤ੍ਵ

'ਗੋਸ਼ਟਿ ਕਬੀਰ ਜੀ ਕੀਆ' :

'ਗੋਸ਼ਟਿ ਕਬੀਰ ਜੀ ਕੀਆ' ਦੇ ਆਰੰਭ ਜਾਂ ਅੰਤ ਉਤੇ ਇਸ ਦੇ ਕਰਤਾ ਸੰਬੰਧੀ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਇਸ ਖੇਤਰ ਵਿਚ ਕੰਮ ਕਰ ਰਹੇ ਕੁਝ ਵਿਦਵਾਨਾਂ ਨੇ ਇਸ ਰਚਨਾ ਦੇ ਕਰਤਾ ਬਾਰੇ ਵੱਖ ਵੱਖ ਮਤ ਦਿੱਤੇ ਹਨ। ਪਹਿਲੇ ਧੜੇ ਵਿਚ ਹਿੰਦੀ ਦੇ ਵਿਦਵਾਨ ਖੋਜੀ ਡਾ: ਗੋਵਿੰਦ ਨਾਥ ਰਾਜਗੁਰੂ ਅਤੇ ਸ੍ਰੀਮਤੀ ਨਰਿੰਦਰ ਕੌਰ ਸ਼ਾਮਲ ਹਨ। ਡਾ: ਰਾਜਗੁਰੂ ਅਨੁਸਾਰ:

---

39. ਜ. ਗੁ. ਨਾ. (ਭਾਗ ਦੂਜਾ) ਭੂਮਿਕਾ ਪੰਨਾ 54.

ੳ) ਪਰਸਤੁਤ ਜਨਮਸਾਖੀ ਮਿਹਰਵਾਨ ਦੀ ਹੈ ਜਾਂ ਨਹੀਂ ਇਸ ਸੰਬੰਧ ਵਿਚ ਨਿਸ਼ਚੇ ਨਾਲ ਕੁਝ ਕਹਿਣਾ ਸੰਭਵ ਨਹੀਂ. .. ਇਸ ਰਚਨਾ ਨੂੰ ਮਿਹਰਵਾਨ ਸੰਪ੍ਰਦਾ ਦੀ ਅਨਿਸ਼ਚਿਤ ਕਿਰਤ ਮੰਨ ਲੈਣਾ ਹੀ ਉਚਿਤ ਹੈ।[40]

ਅ) ਇਨ੍ਹਾਂ ਸੰਦਿਗਧ ਰਚਨਾਵਾਂ ਵਿਚੋਂ 'ਜਨਮਸਾਖੀ ਕਬੀਰ ਜੀ ਕੀ' ਇਕ ਉਲੇਖਨੀਯ ਰਚਨਾ ਹੈ।... ਇਹ ਮੰਨਿਆ ਜਾ ਸਕਦਾ ਹੈ ਕਿ ਜਨਮਸਾਖੀ ਭਗਤ ਕਬੀਰ, ਮਿਹਰਵਾਨ ਜਾਂ ਉਸ ਦੀ ਪ੍ਰੇਰਣਾ ਨਾਲ ਕਿਸੇ ਹੋਰ ਲੇਖਕ ਦੁਆਰਾ ਰਚੀ ਗਈ ਰਚਨਾ ਹੈ।[41]

ਸ੍ਰੀਮਤੀ ਨਰਿੰਦਰ ਕੌਰ ਨੇ 'ਗੋਸ਼ਟਾਂ ਕਬੀਰ ਜੀ ਕੀਆਂ' ਦਾ ਸੰਪਾਦਨ ਅਤੇ ਵਿਵੇਚਨ ਕਰਦਿਆਂ ਆਪਣੇ ਖੋਜ ਪ੍ਰਬੰਧ ਵਿਚ ਇਸ ਦੇ ਕਰਤਾ ਬਾਰੇ ਵੀ ਵਿਚਾਰ ਕੀਤੀ ਹੈ ਅਤੇ ਇਹ ਸਿੱਟਾ ਕੱਢਿਆ ਹੈ ਕਿ ਇਸ ਦਾ ਕਰਤਾ ਕੇਸੋਦਾਸ ਹੈ ਜਿਸ ਨੇ ਮਿਹਰਵਾਨ ਵਲੋਂ ਕਬੀਰ ਬਾਣੀ ਦੀ ਕੀਤੀ ਗਈ ਵਿਆਖਿਆ ਸੁਣਕੇ ਮਗਰੋਂ ਇਹ ਗੋਸ਼ਟਾਂ ਰਚੀਆਂ।[42]

ਦੂਜੇ ਬੰਨੇ ਵਿਚ ਸ਼ਾਮਲ ਵਿਦਵਾਨ ਡਾ: ਪਿਆਰ ਸਿੰਘ ਇਸ ਰਚਨਾ ਦੇ ਕਰਤ੍ਰਿਤ੍ਵ ਸੰਬੰਧੀ ਇਕ ਥਾਂ ਲਿਖਦੇ ਹਨ ਕਿ 'ਗੋਸ਼ਟਾਂ ਕਬੀਰ ਜੀ ਕੀਆਂ' ਅਤੇ ਮਿਹਰਵਾਨ ਰਚਿਤ 'ਜਨਮਸਾਖੀ ਗੁਰੂ ਨਾਨਕ ਦੇਵ ਜੀ' ਇਕੋ ਸਰੋਤ ਦੀਆਂ ਰਚਨਾਵਾਂ ਹਨ।[43] ਆਪਣੇ 'ਖੋਜ-ਪ੍ਰਬੰਧ' ਵਿਚ ਵੀ ਇਸ ਰਚਨਾ ਨੂੰ ਮਿਹਰਵਾਨ ਦੀਆਂ ਰਚਨਾਵਾਂ ਵਿਚ ਹੀ ਗਿਣਦੇ ਹਨ।[44] ਇਨ੍ਹਾਂ ਤੋਂ ਇਲਾਵਾ ਸ. ਸ਼ਮਸ਼ੇਰ ਸਿੰਘ 'ਅਸ਼ੋਕ',[45] ਅਤੇ ਡਾ: ਕਿਰਪਾਲ ਸਿੰਘ[46] ਵੀ ਇਸ ਰਚਨਾ ਨੂੰ ਮਿਹਰਵਾਨ ਨਾਲ ਹੀ ਜੋੜਦੇ ਹਨ।

---

40. 'गुरमुखी लिपी में हिन्दी गद्य', पृ 48.

41. ਗੋ. ਗੁ. ਮਿ. (ਸੰਪ. ਡਾ: ਰਾਜਗੁਰੂ) ਪੰਨਾ 64

42. 'ਮਿਹਰਵਾਨ ਵਾਲੀ ਜਨਮਸਾਖੀ ਭਗਤ ਕਬੀਰ ਜੀ ਕੀ: ਸੰਪਾਦਨ ਤੇ ਵਿਵੇਚਨ' (ਖੋਜ ਪ੍ਰਬੰਧ) ਗੁ. ਨਾ. ਯੂ. ਲਾ. ਅੰਮ੍ਰਿਤਸਰ, ਪੰਨਾ 78.

43. 'ਪੰਜਾਬੀ ਸਾਹਿੱਤ ਦਾ ਇਤਿਹਾਸ' (ਭਾਸ਼ਾ ਵਿਭਾਗ) ਭਾਗ ਦੂਜਾ, ਪੰਨਾ 52.

44. 'A Critical Survey of Panjabi Prose in the 17th Century, (Thesis), Panjab University, Chandigarh Library, p-42.'

45. 'ਸੋਢੀ ਮਿਹਰਵਾਨ-ਜੀਵਨ ਤੇ ਸਾਹਿੱਤ', ਪੰਨਾ 79.

46. 'ਮਨੋਹਰਦਾਸ ਮਿਹਰਬਾਨ', ਪੰਨਾ 32

ਇਸ ਸਮੱਸਿਆ ਨੂੰ ਹੱਲ ਕਰਨ ਲਈ ਬਾਹਰਲਿਆਂ ਹਵਾਲਿਆਂ ਵਿਚ ਸਾਡੇ ਪਾਸ ਹਰਿਜੀ ਰਚਿਤ 'ਗੋਸ਼ਟ ਗੁਰੂ ਮਿਹਰਵਾਨ ਜੀ ਕੀ' ਹੈ। ਇਸ ਦੀ ਬਤਾਲਵੀਂ ਗੋਸ਼ਟੀ ਵਿਚ ਇਹ ਸੂਚਨਾ ਦਿੱਤੀ ਹੋਈ ਹੈ ਕਿ :

> ...ਅਰੁ ਅਨੰਦਮਾਨ ਹੀ ਰਹੀਐ। ਅਰੁ ਗੋਸਟਿ ਪੜੀਅਹਿ। ਅਰੁ ਸਾਖੇ ਹੀ ਸਵਰੀਅਹਿ। ਅਰੁ ਸਭਨਾਂ ਗੁਰਾਂ ਕੀਆਂ ਗੋਸਟਾਂ ਅਰ ਸਭਨਾਂ ਭਗਤਾਂ ਕੀਆਂ ਗੋਸ਼ਟਾਂ ਗੁਰੂ ਸਾਹਿਬੁ ਸਲਾਮਤਿ ਹੋਂਦੇ ਹੀ ਹੋਈਆਂ ਥੀਆਂ। ਅਰੁ ਨੰਗਲ ਸਹਰੁ ਸਾਡੇ ਚਉਲੈ ਵਿਚਿ ਚਉਬਾਰੇ ਕੈ ਊਪਰਿ ਗੋਸ਼ਟਾਂ ਕਾ ਆਰੰਭ ਹੋਇਆ ਥਾ। ਤਹਿ ਆਦਿ ਹਾ ਕਬੀਰ ਗੁਸਾਈ ਕੀਆਂ ਗੋਸਟਾਂ ਭਈਆਂ ਥੀਆਂ। ਤਿਸ ਤੇ ਪੀਛੇ ਅਉਰੁ ਸਭ ਗੋਸ਼ਟਾਂ ਹੋਈਆਂ। ਬਾਣੀ ਕਾ ਅਰਥੁ ਗੁਰੂ ਬਾਬੇ ਨਾਨਕ ਜੀ ਕੈ ਬਚਨਿ ਕਰਿ ਕਰਿ ਹੋਇਆ। ਜਿ ਕਿਛੁ ਬੇਦੁ ਪੁਰਾਣੁ ਕੀ ਬਾਤ ਥੀ। ਸੋ ਸਭੁ ਬਾਣੀ ਕੇ ਅਰਥਿ ਮਹਿ ਪ੍ਰਗਟਿ ਕਰਿ ਦਿਖਲਾਈ। ਅਰੁ ਸਭਨਾਂ ਗੁਰਾਂ ਕੇ ਸਭਨਾਂ ਭਗਤਾਂ ਕੇ ਸਬਦੁ ਜਿਤੁ ਜਿਤੁ ਪਰਥਾਇ ਥੇ। ਸੋ ਸਭ ਕਹਿ ਸਮਝਾਇਆ। ਅਰੁ ਪਿਛਲੇ ਭਗਤਾਂ ਕੇ ਜਨਮੁ ਪਰਗਟਿ ਕੀਏ।

ਇਸ ਗਵਾਹੀ ਤੋਂ ਇਲਾਵਾ 'ਗੋਸ਼ਟਾਂ ਕਬੀਰ ਜੀ ਕੀਆਂ' ਦੇ ਮਿਹਰਵਾਨ ਰਚਿਤ 'ਗੋਸ਼ਟਾਂ ਗੁਰੂ ਨਾਨਕ' ਅਤੇ ਹੋਰਾਂ ਰਚਨਾਵਾਂ ਨਾਲ ਕੀਤੇ ਤੁਲਨਾਤਮਕ ਅਧਿਐਨ ਤੋਂ, ਵਿਸ਼ੇ, ਸ਼ੈਲੀ ਅਤੇ ਦ੍ਰਿਸ਼ਟੀ ਦੇ ਪੱਖਿ ਅਜਿਹੀ ਸਮਾਨਤਾ ਨਜ਼ਰ ਆਉਂਦੀ ਹੈ ਜਿਸ ਤੋਂ ਨਿਸ਼ਚੇ ਹੀ ਇਸ ਸਿੱਟੇ ਤੇ ਅਪੜਿਆ ਜਾ ਸਕਦਾ ਹੈ ਕਿ ਇਹ ਰਚਨਾ ਸੋਢੀ ਮਿਹਰਵਾਨ ਦੀ ਹੀ ਕਿਰਤ ਹੈ।[47]

## ਸਚਖੰਡ ਪੋਥੀ, ਹਰਿਜੀ ਪੋਥੀ ਅਤੇ ਚਤੁਰਭੁਜ ਪੋਥੀ ਦਾ ਕਰਤ੍ਰਿਤੂ

ਸੋਢੀ ਮਨੋਹਰਦਾਸ ਮਿਹਰਵਾਨ ਦੀ ਮੁੱਖ ਰਚਨਾ 'ਸਚਖੰਡ ਪੋਥੀ' ਦੇ ਅੰਤ ਉਤੇ ਦਿੱਤੀ ਗਈ ਸੂਚਨਾ ਇਸ ਪ੍ਰਕਾਰ ਹੈ:

> ਏਹ ਪੋਥੀ ਸਚਖੰਡ ਇਕ ਸਉ ਤ੍ਰਿਵੰਜਾ॥ 153 ॥ ਗੋਸਟਿ ਹੈਨਿ॥... ਇਸ ਤੇ ਆਗੇ ਹਰਿਜੀ ਕੀ ਪੋਥੀ ਹੈ॥ 61 ॥ ਇਕਾਹਠਿ ਗੋਸਟੀ ਹੈਨਿ ਤਿਸ ਤੇ ਆਗੇ ਚਤੁਰਭੋਜ ਪੋਥੀ ਹੈ॥ 74 ॥ ਚਉਹਤਰਿ ਗੋਸ਼ਟਾਂ॥ ਤਿਸ ਤੇ ਆਗੇ ਕੇਸੋ ਰਾਇ ਪੋਥੀ ਹੈ॥ ਤਿਸ ਤੇ ਆਗੇ ਅਭੈ ਪਦ ਪੋਥੀ ਹੈ॥ ਤਿਸ ਤੇ ਆਗੇ ਪ੍ਰੇਮ ਪਦ ਪੋਥੀ ਹੈ। ਏਹਿ ਪੋਥੀਆਂ ਹੈਨਿ ਤਿਨਾ ਦਾ ਜੋੜ ਪੰਜ ਸੈ ਪਜਹਤਿਰ॥575॥ ਗੋਸਟੀ ਬਾਬੇ ਨਾਨਕ ਦੀ ਜਨਮਸਾਖੀ ਦੀਆਂ ਹੈਨਿ ਛਿਆ ਹੀ ਪੋਥੀਆ ਉਤੇ।[48.]

---

47. ਦੇਖੋ ਅਗੇ ਪੰਨਾ.

48. ਜ. ਗੁ.ਨਾ. (ਸੰਪਾ. ਕਿਰਪਾਲ ਸਿੰਘ), ਪੰਨਾ 519.

ਉਪਰੋਕਤ ਸੂਚਨਾ ਅਨੁਸਾਰ ਇਸ ਦੇ ਛੇ ਹਿੱਸੇ ਹਨ ਜਿਨ੍ਹਾਂ ਵਿਚੋਂ ਅੱਜ ਤਕ 'ਸਚਖੰਡ ਪੋਥੀ', 'ਹਰਿਜੀ ਪੋਥੀ' ਅਤੇ 'ਚਤੁਰਭੁਜ ਪੋਥੀ' ਦੇ ਨਾਂ ਨਾਲ ਪ੍ਰਸਿੱਧ ਤਿੰਨ ਹਿੱਸੇ ਹੀ ਪ੍ਰਾਪਤ ਹੋ ਸਕੇ ਹਨ। ਅਗਲੇ ਤਿੰਨ ਹਿੱਸੇ 'ਕੇਸੋ ਰਾਇ ਪੋਥੀ', ਅਭੈ ਪਦ ਪੋਥੀ' ਅਤੇ 'ਪ੍ਰੇਮ ਪਦ ਪੋਥੀ' ਅੱਜ ਤਕ ਪ੍ਰਾਪਤ ਨਹੀਂ ਹੋ ਸਕੇ।

ਇਨ੍ਹਾਂ ਪ੍ਰਾਪਤ ਤਿੰਨ ਪੋਥੀਆਂ ਦੇ ਕਰਤ੍ਰਿਤ੍ਵ ਸੰਬੰਧੀ ਮੂਲ ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਇਹ ਤਿੰਨੇ ਪੋਥੀਆਂ ਮਿਹਰਵਾਨ, ਹਰਿਜੀ ਅਤੇ ਚਤੁਰਭੁਜ ਨਾਂ ਦੇ ਤਿੰਨ ਵੱਖ ਵੱਖ ਵਿਅਕਤੀਆਂ ਦੀਆਂ ਸੁਤੰਤਰ ਰਚਨਾਵਾਂ ਹਨ ਜਾਂ ਕਿਸੇ ਇਕੋ ਵਿਅਕਤੀ ਦੀਆਂ ਰਚਨਾਵਾਂ ਹਨ। ਅੱਜ ਤਕ ਹੋਈ ਖੋਜ ਦੇ ਆਧਾਰ ਤੇ ਵੱਖ ਵੱਖ ਖੋਜੀ ਵਿਦਵਾਨਾਂ ਦਾ ਅਨੁਮਾਨ ਅਡੋ ਅੱਡ ਹੀ ਹੈ।

ਪਹਿਲੇ ਧੜੇ ਦੇ ਵਿਦਵਾਨਾਂ ਵਿਚ ਡਾ: ਗੋਵਿੰਦ ਨਾਥ ਰਾਜਗੁਰੂ, ਡਾ:ਜਗਜੀਤ ਸਿੰਘ, ਡਾ: ਤਾਰਨ ਸਿੰਘ, ਡਾ: ਕਿਰਪਾਲ ਸਿੰਘ, ਡਾ: ਰਤਨ ਸਿੰਘ, ਜੱਗੀ, ਸ:ਪਿਆਰਾ ਸਿੰਘ ਪਦਮ ਅਤੇ ਡਾ: ਬਲਬੀਰ ਸਿੰਘ ਸ਼ਾਮਲ ਹਨ, ਜਿਨ੍ਹਾਂ ਅਨੁਸਾਰ ਇਹ ਰਚਨਾ ਕੇਵਲ ਸੋਢੀ ਮਿਹਰਵਾਨ ਦੀ ਨਹੀਂ ਸਗੋਂ ਹਰਿਜੀ ਅਤੇ ਚਤੁਰਭੁਜ ਆਦਿ ਸਭ ਲੇਖਕਾਂ ਦੀ ਸਾਂਝੀ ਰਚਨਾ ਹੈ।

ਹਿੰਦੀ ਦੇ ਖੋਜੀ ਵਿਦਵਾਨ ਡਾ: ਗੋਬਿੰਦਨਾਥ ਰਾਜਗੁਰੂ ਆਪਣੇ ਮਤ ਨੂੰ ਪੇਸ਼ ਕਰਦਿਆਂ 'ਗੋਸ਼ਟਿ ਗੁਰੂ ਮਿਹਰਵਾਨ' ਦੀ ਭੂਮਿਕਾ ਵਿਚ ਇਹ ਕਹਿੰਦੇ ਹਨ ਕਿ:

> ਇਉਂ ਲਗਦਾ ਹੈ ਕਿ ਪੋਥੀਆਂ ਦੀ ਰਚਨਾ ਇਕ ਸੁਯੋਜਿਤ ਢੰਗ ਅਤੇ ਕਾਰਜ ਵੰਡ ਦੇ ਆਧਾਰ ਤੇ ਕੀਤੀ ਜਾ ਰਹੀ ਹੈ।...ਵਿਆਪਕ ਯੋਜਨਾ ਦੇ ਅੰਤਰਗਤ ਹੀ ਇਨ੍ਹਾਂ ਗੋਸ਼ਟੀਆਂ ਦੀ ਰਚਨਾ ਹੋਈ ਅਤੇ ਇਸ ਯੋਜਨਾ ਦੇ ਭਿੰਨ ਭਿੰਨ ਚਰਣਾਂ ਵਿਚ ਇਹ ਤਿੰਨ ਗੋਸ਼ਟੀਆਂ ਲਿਖੀਆਂ ਗਈਆਂ, ਇਹੀ ਮੰਨ ਲੈਣਾ ਠੀਕ ਲਗਦਾ ਹੈ।[49]

ਇਕ ਹੋਰ ਖੋਜੀ ਡਾ: ਜਗਜੀਤ ਸਿੰਘ ਅਨੁਸਾਰ:

> ਹਰਿਜੀ ਪੋਥੀ ਮਿਹਰਵਾਨ ਦੇ ਪੁੱਤਰ ਹਰਿਜੀ ਦੀ ਰਚਨਾ ਹੈ, ਮਿਹਰਵਾਨ ਦੀ ਨਹੀਂ। ਉਸ ਨੂੰ ਮਿਹਰਵਾਨ ਦੀ ਕਿਰਤ ਆਖਣਾ ਉਵੇਂ ਹੀ ਹੈ ਜਿਵੇਂ ਕੋਈ ਅਣਜਾਣ ਗੁਰੂ ਅਰਜਨਦੇਵ ਦੀ ਬਾਣੀ ਨੂੰ ਗੁਰੂ ਰਾਮ ਦਾਸ ਦੀ ਰਚਨਾ ਆਖੇ। ਮਿਹਰਵਾਨ ਅਤੇ ਉਸ ਦੇ ਪੌਤਰ ਹਰਿਜੀ ਦੀਆਂ ਗੁਰੂ ਨਾਨਕ ਸੰਬੰਧੀ

---

49. 'ਗੋਸ਼ਟਿ ਗੁਰੂ ਮਿਹਰਵਾਨ' (ਸੰਪਾ. ਡਾ: ਰਾਜਗੁਰੂ), ਪੰਨਾ 141-42

ਲਿਖੀਆਂ ਜਨਮਸਾਖੀਆਂ ਵਿਚ ਘਟੋ ਘੱਟ ਤੀਹ ਵਰ੍ਹੇ ਦੀ ਵਿੱਥ ਹੈ।[50]

ਡਾ: ਤਾਰਨ ਸਿੰਘ ਇਸ ਰਚਨਾ ਦੇ ਕਰਤ੍ਰਿਤ੍ਵ ਸੰਬੰਧੀ ਵਿਚਾਰ ਪ੍ਰਗਟਾਉਂਦਿਆਂ ਹੋਇਆਂ ਲਿਖਦੇ ਹਨ ਕਿ "ਇਸ ਪ੍ਰਕਾਰ ਦੇ ਇਨ੍ਹਾਂ ਤਿੰਨਾਂ ਵਿਅਕਤੀਆਂ ਨੇ ਆਪਣਾ ਆਪਣਾ ਭਾਗ ਵੱਖਰਾ ਕੀਤਾ ਹੋਇਆ ਸੀ। ਇਸ ਤਰ੍ਹਾਂ ਜਨਮਸਾਖੀ ਤਿੰਨਾਂ ਦੀ ਸਾਂਝੀ ਰਚਨਾ ਹੈ" ਪਰ ਇਸ ਨੂੰ ਸਾਂਝੀ ਰਚਨਾ ਮੰਨਦਿਆਂ ਉਹ ਇਹ ਸ਼ੰਕਾ ਵੀ ਪ੍ਰਗਟ ਕਰਦੇ ਹਨ ਕਿ:

> ਭਾਵੇਂ ਇਹ ਮੁਕੰਮਲ ਜਨਮਸਾਖੀ ਤਿੰਨ ਵੱਖ ਵੱਖ ਵਿਅਕਤੀਆਂ ਦੀ ਕਿਰਤ ਹੈ ਪਰ ਜਾਪਦਾ ਨਹੀਂ। ਜਾਪਦਾ ਇਹ ਹੈ ਕਿ ਸਾਰੀ ਜਨਮਸਾਖੀ ਜਾਂ ਪੁਸਤਕ ਇਕੋ ਵਿਅਕਤੀ ਦੀ ਕਿਰਤ ਹੈ। ... ਤਿੰਨੇ ਪਰਮਾਰਥਕਾਰ ਆਪਣੀ ਕਲਾ ਤੇ ਗਿਆਨ ਦੀ ਨਿਪੁੰਨਤਾ ਦੀ ਇਕੋ ਪੱਧਰ ਦੇ ਹਨ। ਪਰ ਇਹ ਪ੍ਰਾਪਤੀ ਬੜੀ ਵਚਿਤ੍ਰ ਹੈ। ਬੇਸ਼ੱਕ ਤਿੰਨੇ ਇਕ ਟਕਸਾਲ ਜਾਂ ਪਰੰਪਰਾ ਦੇ ਧਾਰਨੀ ਹਨ ਪਰ ਸ਼ੈਲੀ ਉਨ੍ਹਾਂ ਦਾ ਬਿਲਕੁਲ ਇਕੋ ਹੈ।[51]

ਡਾ: ਕਿਰਪਾਲ ਸਿੰਘ ਦੀ ਖੋਜ ਅਨੁਸਾਰ "ਪੋਥੀ ਹਰਿਜੀ ਅਤੇ ਪੋਥੀ ਚਤੁਰਭੁਜ ਦੋ ਵੱਖ ਵੱਖ ਲਿਖਤਾਂ ਹਨ ਭਾਵੇਂ ਇਹ ਦੋਵੇਂ ਗੁਰੂ ਨਾਨਕ ਸਾਹਿਬ ਦੀ ਜਨਮਸਾਖੀ ਦੇ ਅੰਗ ਹਨ।"[52] ਪਰ ਡਾ: ਸਾਹਿਬ 'ਸਚਖੰਡ ਪੋਥੀ' ਦਾ ਸੰਪਾਦਨ ਸਮੇਂ ਲਿਖੀ ਭੂਮਿਕਾ ਵਿਚ ਹਰਿਜੀ ਪੋਥੀ ਸੰਬੰਧੀ ਇਕ ਥਾਂ ਇਹ ਸ਼ੰਕਾ ਪ੍ਰਗਟ ਕਰਦੇ ਹਨ ਕਿ "ਇਹ ਰਚਨਾ ਜਨਮਸਾਖੀ ਮਿਹਰਵਾਨ ਦੀ ਹੀ ਲੜੀ ਵਿਚ ਲਿਖੀ ਜਾਪਦੀ ਹੈ ਕਿਉਂਕਿ ਇਸ ਵਿਚ ਗੁਰੂ ਨਾਨਕ ਸਾਹਿਬ ਦੀ ਜੀਵਨੀ ਨੂੰ ਅਗੇ ਤੋਰਿਆ ਗਿਆ ਹੈ ਤੇ ਗੁਰੂ ਸਾਹਿਬ ਦੇ ਕਰਤਾਰਪੁਰ ਜੀਵਨ ਬਾਰੇ ਲਿਖਿਆ ਹੈ।"[53] 'ਮਨੋਹਰਦਾਸ ਮਿਹਰਵਾਨ ਜੀਵਨ ਤੇ ਰਚਨਾ' ਨਾਮੀ ਆਪਣੀ ਪੁਸਤਕ ਵਿਚ ਵੀ ਉਨ੍ਹਾਂ ਨੇ ਕੇਵਲ 'ਸਚਖੰਡ ਪੋਥੀ ਨੂੰ ਹੀ ਮਿਹਰਵਾਨ ਦੀ ਰਚਨਾ ਮੰਨਿਆ ਹੈ।[54]

ਵਿਦਵਾਨ ਖੋਜੀ ਡਾ: ਰਤਨ ਸਿੰਘ ਜੱਗੀ ਅਨੁਸਾਰ 'ਹਰਿਜੀ ਪੋਥੀ' ਹਰਿਜੀ ਦੀ ਹੀ ਰਚਨਾ ਹੈ। ਡਾ: ਤਿਰਲੋਚਨ ਸਿੰਘ ਬੇਦੀ ਵੀ ਇਸੇ ਸਿੱਟੇ ਤੇ ਪਹੁੰਚਦੇ ਹਨ ਕਿ ਇਸ

---

50. 'ਆਦਿ ਸਾਖੀਆਂ ਦਾ ਆਲੋਚਨਾਤਮਕ ਅਧਿਐਨ' ਪੰਨਾ 153.

51. ਜ. ਗੁ. ਨਾ. ਭਾਗ ਦੂਜਾ, ਭੂਮਿਕਾ, ਪੰਨਾ 43.

52. ਉਹੀ, ਭੂਮਿਕਾ, ਪੰਨਾ 46.

53. ਉਹੀ, ਭਾਗ ਪਹਿਲਾ, ਭੂਮਿਕਾ, ਪੰਨਾ 36.

54. ਪੰਨਾ 32.

ਇਸ ਰਚਨਾ ਵਿਚ ਮਿਹਰਵਾਨ ਦੀਆਂ ਲਿਖੀਆਂ 167 ਗੋਸ਼ਟਾਂ ਤੋਂ ਛੁੱਟ ਹਰਿਜੀ ਦੀਆਂ 61 ਤੇ ਚਤੁਰਭੁਜ ਦੀਆਂ 74 ਗੋਸ਼ਟੀਆਂ ਹਨ।"[55]

ਸਰਦਾਰ ਪਿਆਰਾ ਸਿੰਘ ਪਦਮ ਦੀ ਖੋਜ ਅਨੁਸਾਰ ਵੀ ਪੋਥੀ ਹਰਿਜੀ, ਪੋਥੀ ਚਤੁਰਭੁਜ ਅਤੇ ਪੋਥੀ ਕੇਸੋਰਾਇ ਆਦਿ ਵੱਖ ਵੱਖ ਲੇਖਕਾਂ ਦੀਆਂ ਰਚਨਾਵਾਂ ਹਨ।[56]

ਡਾ: ਬਲਬੀਰ ਸਿੰਘ ਵੀ 'ਸਚਖੰਡ ਪੋਥੀ', 'ਹਰਿਜੀ ਪੋਥੀ' ਅਤੇ ਚਤੁਰਭੁਜ ਪੋਥੀ ਆਦਿ ਨੂੰ ਵੱਖ ਵੱਖ ਲੇਖਕਾਂ ਦੀਆਂ ਕਿਰਤਾਂ ਮੰਨਦੇ ਹਨ।[57]

ਵਿਦਵਾਨ ਖੋਜੀ ਡਾ: ਪਿਆਰ ਸਿੰਘ ਪੋਥੀ ਦੇ ਅੰਤ ਤੇ ਦਿੱਤੀ ਗਈ ਸੂਚਨਾ ਤੋਂ ਅਨੁਮਾਨ ਲਾਉਂਦਿਆਂ ਇਹ ਸਿੱਟੇ ਕੱਢਦੇ ਹਨ ਕਿ

> "ਇਥੇ ਸ਼ਬਦ 'ਗੋਸ਼ਟੀ ਪੜੀਅਹਿ ਅਰੁ ਸਾਥੇ ਹੀ ਸੁਆਰੀਅਹਿ' ਵਰਤੇ ਗਏ ਹਨ। ਜਿਥੇ ਭਾਗਵਤ ਅਰੁ ਭਾਰਥ ਅਰੁ ਗੀਤਾ ਦਾ ਕਥਾ ਮੁਖ ਕਰਿ ਕਰਿ ਹੁਈ ਚਲੀ ਹੈ ਉਥੇ ਗੋਸ਼ਟੀਆਂ ਦੇ ਪੜੇ ਅਤੇ ਸਾਥ ਹੀ ਸੰਵਾਰੇ ਜਾਣ ਦੀ ਸੂਚਨਾ ਹੈ। ਪੜ੍ਹੀ ਉਹ ਚੀਜ਼ ਜਾਂਦੀ ਹੈ ਜੋ ਅਗੇ ਲਿਖਤ ਵਿਚ ਮੌਜੂਦ ਹੋਵੇ। 'ਸਵਾਰਨਾ' ਪਦ ਸਪਸ਼ਟ ਭਾਂਤ ਸੰਪਾਦਨ ਕ੍ਰਿਆ ਵਲ ਸੰਕੇਤ ਕਰਦਾ ਹੈ। ਇਹ ਕਿਸੇ ਅਗੇ ਹੀ ਮੌਜੂਦ ਸਾਹਿੱਤ ਨੂੰ ਇਕੱਤਰ ਕਰਨ ਅਤੇ ਸੰਵਾਰਨ ਅਤੇ ਦੀ ਕ੍ਰਿਆ ਦਾ ਅਹਿਸਾਸ ਕਰਾਉਂਦਾ ਹੈ।[58]

ਪਰ ਦੂਜੇ ਪਾਸੇ ਦੇ ਵਿਦਵਾਨ ਡਾ: ਦੀਵਾਨ ਸਿੰਘ ਦੀ ਰਾਏ ਬਾਕੀ ਖੋਜੀ ਵਿਦਵਾਨਾਂ ਨਾਲੋਂ ਕੁਝ ਵੱਖਰੀ ਹੈ। ਉਨ੍ਹਾਂ ਅਨੁਸਾਰ "ਹੈਰਾਨੀ ਹੈ ਕਿ ਇਕੋ ਵਿਸ਼ੇ ਅਰਥਾਤ ਗੁਰੂ ਨਾਨਕ ਜੀ ਦੇ ਜੀਵਨ ਚਰਿਤ੍ਰ ਦੀ ਸਜੁੰਗਤ ਪ੍ਰਕਾਰ ਦੀ ਰਚਨਾ ਦੇ ਲੇਖਕ ਤਿੰਨ ਮੰਨੇ ਜਾਣ।" ਡਾ: ਸਾਹਿਬ ਪੋਥੀ ਦੇ ਅੰਤ ਤੇ ਮਿਲਦੀ ਇਸ ਸੂਚਨਾ ਤੋਂ ਕੁਝ ਇਸ ਪ੍ਰਕਾਰ ਸਿੱਟੇ ਕਢਦੇ ਹਨ:

---

55. ਪੰਜਾਬੀ ਵਾਰਤਕ ਦਾ ਆਲੋਚਨਾਤਮਕ ਅਧਿਐਨ; ਪੰਨਾ 34.
56. "ਮਿਹਰਬਾਨੀਆਂ ਦੀ ਸਾਹਿਤ ਸੇਵਾ", ਖੋਜ ਪਤ੍ਰਿਕਾ, ਅੰਕ ਪਹਿਲਾ, 1967-68, ਪੰਨਾ 89.
57. ਜ. ਗੁ. ਨਾ., ਭਾਗ ਦੂਜਾ ਭੂਮਿਕਾ ਪੰਨਾ 26.
58. 'ਆਦਿ ਸਾਖੀਆਂ', (ਸੰਪਾਦਕ: ਪਿਆਰ ਸਿੰਘ, ਡਾ:) ਭੂਮਿਕਾ, ਪੰਨਾ 21.

'ਵਾਰਤਿ ਸ੍ਰੀ ਗੁਰੂ ਮਿਹਰਵਾਨ ਦੇ ਲਿਖਾਈ ਜੀ।' ...'ਗੁਰੂ ਕੇ ਹੁਕਮ ਨਾਲ ਪੋਥੀ ਸੋਧੀ' ... 'ਗੁਰੂ ਮਨਸਾ ਪੂਰੀ ਕੀਤੀ' ਤੋਂ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਪੋਥੀ ਸਚਖੰਡ ਅਤੇ ਦੂਜੀ ਤੇ ਤੀਜੀ ਪੋਥੀ ਤਿੰਨਾਂ ਦਾ ਲੇਖਕ ਮਿਹਰਵਾਨ ਸੀ। ਪਹਿਲੀ ਪੋਥੀ ਉਸ ਨੇ ਆਪ ਸੋਧੀ ਤੇ ਲਿਖਵਾਈ ਪਰ ਬਾਕੀ ਦੋਹਾਂ ਪੋਥੀਆਂ ਦਾ ਕੰਮ ਉਹ ਸਿਰੇ ਨਾ ਚਾੜ੍ਹ ਸਕਿਆ ਇਸ ਲਈ ਇਹ ਕੰਮ ਉਸਨੇ ਆਪਣੇ ਦੋਹਾਂ ਪੁੱਤਰਾਂ ਦੇ ਸਪੁਰਦ ਕੀਤਾ। ਇਉਂ ਜਾਪਦਾ ਹੈ ਕਿ ਮਿਹਰਵਾਨ ਨੇ ਗੋਸ਼ਟੀਆਂ ਮੁਢਲੀਆਂ ਲਿਖਤਾਂ ਜਾਂ ਖਰੜਿਆਂ ਦੇ ਰੂਪ ਵਿਚ ਆਪਣੇ ਪੁੱਤਰਾਂ ਦੇ ਹਵਾਲੇ ਕੀਤੀਆਂ ਸਨ ਜਿਨ੍ਹਾਂ ਨੂੰ ਸੋਧ ਕੇ ਲਿਖਵਾਣ ਦੀ ਲੋੜ ਸੀ ...ਇਹ ਮਿਹਰਵਾਨ ਦੀ ਕਲਮ ਦਾ ਚਮਤਕਾਰ ਹਨ। ਹਰਿਜੀ ਜਾਂ ਚਤੁਰਭੁਜ ਦਾ ਉਸੇ ਪੱਧਰ ਦੀ ਰਚਨਾ ਕਰ ਸਕਣਾ ਜੋ ਮਿਹਰਵਾਨ ਦੀ ਕਲਮ ਦਾ [illegible] ਅਸੰਭਵ ਨਹੀਂ ਤਾਂ ਅਤੀ ਕਠਨ ਜ਼ਰੂਰ ਹੈ।59

ਹਰਿਜੀ/ਅਸੀਂ ਉਨ੍ਹਾਂ ਸਾਰੇ ਖੋਜੀ ਵਿਦਵਾਨਾਂ ਨਾਲ ਸਹਿਮਤ ਹੋਣ ਤੋਂ ਅਸਮਰੱਥ ਹਾਂ ਜਿਨ੍ਹਾਂ ਅਨੁਸਾਰ 'ਸਚਖੰਡ ਪੋਥੀ', 'ਪੋਥੀ ਹਰਿਜੀ' ਅਤੇ 'ਪੋਥੀ ਚਤੁਰਭੁਜ' ਆਦਿ ਵੱਖ ਵੱਖਰੇ ਲੇਖਕਾਂ ਦੀਆਂ ਰਚਨਾਵਾਂ ਹਨ। ਅਸਲ ਵਿਚ ਇਨ੍ਹਾਂ ਰਚਨਾਵਾਂ ਦੇ ਕਰਤ੍ਰਿਤ੍ਵ ਸੰਬੰਧੀ ਰਹੱਸ ਨੂੰ ਖੋਲ੍ਹਣ ਲਈ ਅੰਦਰਲੀਆਂ ਅਤੇ ਬਾਹਰਲੀਆਂ ਗਵਾਹੀਆਂ ਨੂੰ ਸਾਹਮਣੇ ਰੱਖ ਕੇ ਹਰਿਜੀ ਦੀਆਂ ਪ੍ਰਾਪਤ ਹੋਰ ਸੁਤੰਤਰ ਰਚਨਾਵਾਂ ਦਾ ਤੁਲਨਾਤਮਕ ਅਧਿਐਨ ਕਰਨ ਦੀ ਲੋੜ ਹੈ।

ਹਰਿਜੀ ਰਚਿਤ 'ਗੋਸ਼ਟਿ ਗੁਰੂ ਮਿਹਰਵਾਨ ਦੀ ਪਹਿਲੀ ਗੋਸ਼ਟਿ ਵਿਚ ਹਰਿਜੀ ਦਸਦਾ ਹੈ ਕਿ ਪਾਰਬ੍ਰਹਮ ਨੇ ਮਿਹਰਵਾਨ ਨੂੰ ਵਿਸ਼ੇਸ਼ ਉਦੇਸ਼ ਅਧੀਨ ਭਗਤਾਂ ਅਤੇ ਗੁਰੂਆਂ ਦੀ ਬਾਣੀ ਦੇ ਅਰਥ ਕਰਨ ਨਮਿਤ ਭੇਜਿਆ। ਆਪਣੇ ਇਸ ਜੀਵਨ ਉਦੇਸ਼ ਦੀ ਪ੍ਰਾਪਤ ਲਈ ਮਿਹਰਵਾਨ ਨੇ ਹਿੰਦੂ ਭਗਤਾਂ ਦੀ ਬਾਣੀ ਦੇ ਨਾਲ ਨਾਲ ਗੁਰੂ ਨਾਨਕ ਸਾਹਿਬ ਦੀ ਬਾਣੀ ਦੇ ਪਰਮਾਰਥ ਦਸਣ ਦਾ ਉਦੇਸ਼ ਬਣਾਇਆ ਅਤੇ 'ਗੋਸ਼ਟਿ' ਗੁਰੂ ਨਾਨਕ' ਵਿਚ ਗੁਰੂ ਨਾਨਕ ਬਾਣੀ ਦੇ ਪਰਮਾਰਥ ਪੇਸ਼ ਕਰਕੇ ਇਸ ਉਦੇਸ਼ ਦੀ ਪ੍ਰਾਪਤੀ ਕਰਨ ਦਾ ਯਤਨ ਕੀਤਾ।

ਹਰਿਜੀ ਅਨੁਸਾਰ ਅੱਠਵੀਂ ਗੋਸ਼ਟਿ ਵਿਚ ਮਿਹਰਵਾਨ ਆਪਣੇ ਜੀਵਨ ਦੇ ਅੰਤ ਸਮੇਂ

---

59. ਜ. ਗੁ. ਨਾ. ਭਾਗ II ਦੂਜਾ, ਭੂਮਿਕਾ ਪੰਨਾ 52-53.

ਇਹ ਕਹਿੰਦਾ ਹੈ ਕਿ "ਅਬ ਸੰਸਾਰ ਤੇ ਮੇਰਾ ਚਿਤ ਉਦਾਸੁ ਹੈ। ਜਿਸ ਕਾਰਜੁ ਕੀ ਨਿਮਿਤ ਹਉ ਪਰਮੇਸੁਰ ਸੰਸਾਰ ਵਿਖੇ ਭੇਜਿਆ ਥਾ ਸੋ ਕਾਰਜ ਪੂਰਨ ਭਇਆ ਹੈ ...।"[60] "ਜਿਸ ਕਾਰਜ ਕੀ ਨਮਿਤਿ ਪਰਮੇਸਰ ਈਹਾਂ ਭੇਜੀਆ ਥਾ ਸੋ ਸਿੱਧ ਭਇਆ ਹੈ।"[61]

"ਜਿ ਹੁਣ ਮੈਂ ਕਰਣਾ ਕਿਛੁ ਰਹਿਆ ਨਾਹੀ। ਮੇਰੇ ਕਾਰਜ ਸਭ ਸਿਧਿ ਹੋਇਆ ਨਿਬੜੇ ਹੈਂ ਉਹੁ ਮਹਾ ਸੀਤਲ ਹੋਇ ਜਾਤਾ ਹੈ।"[62]

ਸੋ, ਮਿਹਰਵਾਨ ਦੇ ਮੂੰਹੋਂ ਨਿਕਲੀਆਂ ਉਪਰੋਕਤ ਸਤਰਾਂ ਤੋਂ ਸਪਸ਼ਟ ਹੈ ਕਿ ਉਸ ਨੇ ਆਪਣੇ ਜੀਵਨ ਦਾ ਉਹ ਉਦੇਸ਼ ਸੰਪੂਰਨ ਕਰ ਲਿਆ ਹੈ। ਜਿਸ ਲਈ ਉਸ ਨੂੰ ਪਾਰਬ੍ਰਹਮ ਵਲੋਂ ਦੁਨੀਆਂ ਵਿਚ ਭੇਜਿਆ ਗਿਆ। ਉਸ ਨੇ ਗੁਰੂ ਸਾਹਿਬ ਦੀ ਬਾਣੀ ਦੇ ਪਰਮਾਰਥ ਪੇਸ਼ ਕਰਨ ਦਾ ਕੰਮ ਅਰੰਭਿਆ। 'ਸਚਖੰਡ ਪੋਥੀ' ਵਿਚ ਕੇਵਲ ਗੁਰੂ ਨਾਨਕ ਸਾਹਿਬ ਦੇ ਸ਼ਬਦਾਂ ਅਤੇ ਸ਼ਲੋਕਾਂ ਦੇ ਹੀ ਪਰਮਾਰਥ ਪੇਸ਼ ਕੀਤੇ ਗਏ ਹਨ। ਪਰ ਗੁਰੂ ਨਾਨਕ ਸਾਹਿਬ ਦੀ ਬਾਣੀ ਦੀਆਂ ਸਾਰੀਆਂ ਮਹੱਤ੍ਵਪੂਰਣ ਦਾਰਸ਼ਨਿਕ ਲੰਮੀਆਂ ਬਾਣੀਆਂ ਦੀ ਵਿਆਖਿਆ ਹਰਿਜੀ ਅਤੇ ਚਤੁਰਭੁਜ ਪੋਥੀ ਆਦਿ ਹਿੱਸਿਆਂ ਵਿਚ ਕੀਤੀ ਗਈ ਮਿਲਦੀ ਹੈ। ਜੇਕਰ ਮਿਹਰਵਾਨ ਵਲੋਂ ਗੁਰੂ ਨਾਨਕ ਸਾਹਿਬ ਦੀ ਬਾਣੀ ਦੇ ਪਰਮਾਰਥ ਪੇਸ਼ ਕਰਨ ਦਾ ਕੰਮ ਅਧੂਰਾ ਰਹਿ ਗਿਆ ਹੁੰਦਾ ਅਤੇ ਜੇਕਰ ਉਸ ਨੇ ਆਪਣੇ ਪੁੱਤਰਾਂ ਨੂੰ ਇਹ ਅਧੂਰਾ ਕੰਮ ਸੰਪੂਰਨ ਕਰਨ ਦਾ ਹੁੱਕਮ ਦਿੱਤਾ ਹੁੰਦਾ ਤਾਂ ਉਸ ਦੇ ਮੂੰਹੋਂ ਇਹ ਕਿਉਂ ਕਹਾਇਆ ਜਾਂਦਾ ਕਿ "ਜਿ ਹੁਣ ਮੈਂ ਕਰਣ ਕਿਛੁ ਰਹਿਆ ਨਾਹੀ। ਸਭੁ ਸਿਧਿ ਹੋਇਆ ਨਿਬੜੇ ਹੈ।" ਇਥੇ ਤਾਂ ਕਿਤੇ ਵੀ ਕਿਸੇ ਕਾਰਜ ਦੇ ਅਧੂਰੇ ਰਹਿਣ ਜਾਂ ਹਰਿਜੀ, ਚਤੁਰਭੁਜ ਅਤੇ ਹੋਰ ਸੇਵਕਾਂ ਨੂੰ ਬਾਕੀ ਦਾ ਕਾਰਜ ਸੰਪੂਰਨ ਕਰਨ ਦਾ ਕੋਈ ਹੁਕਮ ਜਾਂ ਇਸ਼ਾਰਾ ਨਹੀਂ ਮਿਲਦਾ, ਸਗੋਂ ਬਾਰ ਬਾਰ ਸਭ ਕਾਰਜ ਸੰਪੂਰਨ ਹੋਣ ਦੀ ਗੱਲ ਹੀ ਕੀਤੀ ਗਈ ਹੈ। ਇਸ ਤੋਂ ਸਪਸ਼ਟ ਹੈ ਕਿ ਗੁਰੂ ਨਾਨਕ ਸਾਹਿਬ ਦੀ ਬਾਣੀ ਦੇ ਪਰਮਾਰਥ ਪੇਸ਼ ਕਰਨ ਵਾਲੀਆਂ ਹਰਿਜੀ ਅਤੇ ਚਤੁਰਭੁਜ ਆਦਿ ਪੋਥੀਆਂ ਕਿਸੇ ਹੋਰ ਵਿਅਕਤੀ ਦੀਆਂ ਨਹੀਂ ਸਗੋਂ ਸੋਢੀ ਮਿਹਰਵਾਨ ਦੀਆਂ ਹੀ ਲਿਖਤਾਂ ਹਨ।

ਉਪਰੋਕਤ ਰਚਨਾ ਵਿਚ ਮਿਲਦੇ ਇਸ਼ਾਰਿਆਂ ਤੋਂ ਇਸ ਗੱਲ ਦੀ ਤਾਂ ਪ੍ਰੋੜਤਾ ਹੋ ਹੀ ਜਾਂਦੀ ਹੈ ਕਿ ਮਿਹਰਵਾਨ ਦਾ ਮੁੱਖ ਜੀਵਨ ਉਦੇਸ਼ ਭਗਤਾਂ ਅਤੇ ਗੁਰੂਆਂ ਦੀ ਬਾਣੀ ਦੇ ਪਰਮਾਰਥ ਪੇਸ਼ ਕਰਨਾ ਹੀ ਸੀ।[63] 'ਸਚਖੰਡ ਪੋਥੀ' ਦੇ ਅੰਤ ਉਤੇ ਦਿਤੀ ਗਈ ਸੂਚਨਾ ਅਨੁਸਾਰ ਜੇਕਰ

60. 'ਗੋਸਟਿ ਗੁਰੁ ਮਿਹਰਵਾਨੁ' (ਸੰਪ: ਡਾ: ਰਾਜਗੁਰੂ); ਪੰਨਾ 197.
61. ਉਹੀ, ਪੰਨਾ 235.
62. ਉਹੀ, ਪੰਨਾ 237.
63. ਉਹੀ ਪੰਨਾ 170 ਅਤੇ 188.

ਇਹ ਮੰਨ ਵੀ ਲਿਆ ਜਾਏ ਕਿ ਦੂਜੀ ਅਤੇ ਤੀਜੀ ਪੋਥੀ ਹਰਿਜੀ ਅਤੇ ਚਤੁਰਭੁਜ ਦੀ ਰਚਨਾ ਹੈ ਤਾਂ ਇਹ ਸੁਆਲ ਉਠਦਾ ਹੈ ਕਿ ਮਿਹਰਵਾਨ ਨੇ 'ਜਪੁ', 'ਆਸਾ ਦੀ ਵਾਰ' ਅਤੇ 'ਓਅੰਕਾਰ ਰਾਗ ਰਾਮਕਲੀ' ਵਰਗੀਆਂ ਮਹੱਤ੍ਵਪੂਰਣ, ਦਾਰਸ਼ਨਿਕ, ਲੰਮੀਆਂ ਬਾਣੀਆਂ ਦੇ ਪਰਮਾਰਥ ਆਪ ਕਿਉਂ ਨਾ ਕੀਤੇ। ਇਨ੍ਹਾਂ ਵਿਸ਼ੇਸ਼ ਮਹੱਤਵ ਵਾਲੀਆਂ ਬਾਣੀਆਂ ਦੇ ਪਰਮਾਰਥ ਹਰਿਜੀ ਜਾਂ ਚਤੁਰਭੁਜ ਆਦਿ ਕਿਸੇ ਹੋਰ ਲੇਖਕ ਤੇ ਛੱਡ ਕਿਉਂ ਦਿੱਤੇ? ਜੇਕਰ ਉਸ ਨੇ ਗੁਰੂ ਨਾਨਕ ਸਾਹਿਬ ਦੀ ਬਾਣੀ ਵਿਚੋਂ ਕੁਝ ਚੋਣਵੀਆਂ ਬਾਣੀਆਂ ਦੇ ਹੀ ਪਰਮਾਰਥ ਕਰਨੇ ਸਨ ਤਾਂ ਉਹ 'ਜਪੁ', 'ਆਸਾ ਦੀ ਵਾਰ' ਅਤੇ 'ਓਅੰਕਾਰ' ਆਦਿ ਵਰਗੀਆਂ ਵਿਸ਼ੇਸ਼ ਮਹੱਤ੍ਵਪੂਰਣ ਬਾਣੀਆਂ ਦੇ ਪਰਮਾਰਥ ਤਾਂ ਜ਼ਰੂਰ ਆਪ ਹੀ ਕਰਦਾ। ਡਾ: ਪਿਆਰ ਸਿੰਘ ਵੀ ਆਪਣੇ ਸੋਧ-ਪ੍ਰਬੰਧ ਵਿਚ 'ਓਅੰਕਾਰ ਰਾਗ ਰਾਮਕਲੀ ਕੀ', 'ਪੱਟੀ', 'ਬਾਰਾਮਾਹ', 'ਕੀਰਤਨ ਸੋਹਿਲਾ' ਅਤੇ 'ਆਸਾ ਦੀ ਵਾਰ' ਦੇ ਪਰਮਾਰਥਾਂ ਨੂੰ ਮਿਹਰਵਾਨ ਵਲੋਂ ਲਿਖੇ ਗਏ ਮੰਨਦੇ ਹਨ।[64] ਪਰ ਇਨ੍ਹਾਂ ਬਾਣੀਆਂ ਦੇ ਪਰਮਾਰਥ 'ਸਚਖੰਡ ਪੋਥੀ' ਨਹੀਂ ਸਗੋਂ 'ਹਰਿਜੀ ਪੋਥੀ' ਵਾਲੇ ਹਿੱਸੇ ਵਿਚ ਸ਼ਾਮਲ ਹਨ। ਇਸ ਤਰ੍ਹਾਂ ਡਾ: ਪਿਆਰ ਸਿੰਘ ਵੀ 'ਹਰਿਜੀ' ਪੋਥੀ' ਨੂੰ ਮਿਹਰਵਾਨ ਦੀ ਹੀ ਰਚਨਾ ਮੰਨ ਲੈਂਦੇ ਹਨ। ਸੋ ਬਾਣੀ ਦੀ ਚੋਣ ਦੇ ਪੱਖ ਤੋਂ ਦੇਖਦਿਆਂ ਵੀ ਇਹ ਸਪਸ਼ਟ ਹੈ ਕਿ ਦੂਜੀਆਂ ਦੋਨਾਂ ਪੋਥੀਆਂ ਵਿਚ ਪੇਸ਼ ਕੀਤੀਆਂ ਗਈਆਂ ਸਾਰੀਆਂ ਬਾਣੀਆਂ ਦੇ ਪਰਮਾਰਥ ਮਿਹਰਵਾਨ ਦੀ ਹੀ ਰਚਨਾ ਹਨ ਅਤੇ ਇਹ ਰਚਨਾਵਾਂ 'ਸਚਖੰਡ ਪੋਥੀ' ਦੀਆਂ ਗੋਸ਼ਟਾਂ ਨੂੰ ਹੀ ਅਗੇ ਤੋਰ ਰਹੀਆਂ ਹਨ।

'ਹਰਿਜੀ ਪੋਥੀ' ਵਿਚ 'ਜਪੁ' ਦਾ ਮਹੱਤਵ ਅਤੇ ਪਰਮਾਰਥ ਪੇਸ਼ ਕਰਨ ਵਾਲੀ ਗੋਸ਼ਟਿ, 'ਜਪ ਪਰਮਾਰਥ' ਨਾਂ ਅਧੀਨ ਅਨੇਕਾਂ ਸੁਤੰਤਰ ਨਕਲਾਂ ਦੇ ਰੂਪ ਵਿਚ ਮਿਲਦੀ ਹੈ। ਇਹ ਰਚਨਾ 'ਜਪੁ ਪਰਮਾਰਥ' ਸ਼ੁਰੂ ਤੋਂ ਹੀ ਮਿਹਰਵਾਨ ਦੇ ਨਾਂ ਨਾਲ ਜੁੜੀ ਹੋਈ ਹੈ ਜੋ ਇਸ ਗੱਲ ਦਾ ਸਬੂਤ ਹੈ ਕਿ ਅਸਲ ਵਿਚ ਇਹ ਰਚਨਾ ਮਿਹਰਵਾਨ ਦੀ ਹੀ ਹੈ, ਕਿਸੇ ਹੋਰ ਲੇਖਕ ਦੀ ਨਹੀਂ। ਜੇਕਰ 'ਹਰਿਜੀ ਪੋਥੀ' ਦਾ ਲੇਖਕ ਹਰਿਜੀ ਹੀ ਹੁੰਦਾ ਤਾਂ ਇਸ ਪੋਥੀ ਦਾ ਇਹ ਹਿੱਸਾ ਮਿਹਰਵਾਨ ਨਹੀਂ ਸਗੋਂ ਹਰਿਜੀ ਦੇ ਨਾਂ ਨਾਲ ਪ੍ਰਸਿੱਧ ਹੋਣਾ ਚਾਹੀਦਾ ਸੀ।

ਤਿੰਨਾ ਪੋਥੀਆਂ ਵਿਚਲੇ ਪਰਮਾਰਥਾਂ ਦਾ ਪੱਧਰ ਅਤੇ ਲੇਖਕ ਦੀ ਦ੍ਰਿਸ਼ਟੀਕੋਣ ਦੇਖਦਿਆਂ ਵੀ ਇਹ ਸਪਸ਼ਟ ਹੋ ਜਾਂਦਾ ਹੈ ਕਿ ਸਾਰੀਆਂ ਪੋਥੀਆਂ ਕੇਵਲ ਇਕੋ ਲੇਖਕ ਦੀਆਂ

---

64. 'A Critical Survey of Panjabi Prose in the 17th Century, (Thesis), Panjab University, Chandigarh Library, p-188.

ਹੀ ਰਚਨਾਵਾਂ ਹਨ। ਵੈਸੇ ਵੀ ਹਰਿਜੀ ਦੀਆਂ 'ਸੁਖਮਨੀ ਸਹੰਸਰਨਾਮਾ ਵਰਗੀਆਂ ਦੂਸਰੀਆਂ ਸੁਤੰਤਰ ਰਚਨਾਵਾਂ ਦੇ ਅਧਿਐਨ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਉਸ ਦੀ ਦ੍ਰਿਸ਼ਟੀ ਮਿਹਰਵਾਨ ਨਾਲੋਂ ਕਾਫ਼ੀ ਵੱਖਰੀ ਹੈ। ਹਰਿਜੀ ਅਵਤਾਰਵਾਦ ਦਾ ਉਪਾਸ਼ਕ ਹੈ ਅਤੇ ਪੌਰਾਣਿਕ ਕਥਾਵਾਂ ਵੱਲ ਵਧੇਰੇ ਝੁਕਿਆ ਹੋਇਆ ਹੈ। ਉਸ ਦੀ ਰੁਚੀ ਗੁਰਬਾਣੀ ਨਾਲੋਂ ਵਧੇਰੇ ਹਿੰਦੂ ਪੌਰਾਣਾਂ ਦੇ ਖੰਡਨ ਦੀ ਹੈ।

ਚਤੁਰਭੁਜ ਇਸ ਪਰੰਪਰਾ ਦਾ ਅਜਿਹਾ ਵਿਅਕਤੀ ਹੈ ਜਿਸ ਦੀ ਅੱਜ ਤੱਕ ਸ਼ਾਇਦ ਇਕ ਵੀ ਸੁਤੰਤਰ ਰਚਨਾ ਨਹੀਂ ਮਿਲੀ। ਇਹ ਗੱਲ ਬੜੀ ਹੈਰਾਨੀ ਵਾਲੀ ਹੈ ਕਿ ਚਤੁਰਭੁਜ ਪੋਥੀ ਵਿਚ ਪਰਮਾਰਥ ਦੇ ਸਿਖਰ ਨੂੰ ਛੋਹਣ ਵਾਲੇ ਲੇਖਕ ਨੇ ਇਕ ਵੀ ਹੋਰ ਰਚਨਾ ਨਾ ਕੀਤੀ ਹੋਵੇ ਅਤੇ ਪਹਿਲੀ ਅਤੇ ਅੰਤਿਮ ਰਚਨਾ ਵਿਚ ਹੀ ਪਰਮਾਰਥ ਦੇ ਇਸ ਉਚੇ ਪੱਧਰ ਨੂੰ ਛੋਹ ਲਿਆ ਹੋਵੇ। ਨਿਰਸੰਦੇਹ ਇਹ ਮੰਨਿਆ ਜਾ ਸਕਦਾ ਹੈ ਕਿ ਇਹ ਤੀਜੀ ਪੋਥੀ ਵੀ ਮਿਹਰਵਾਨ ਦੀ ਹੀ ਰਚਨਾ ਹੈ ਜਿਸ ਵਿਚ ਉਸਨੇ ਸੁੰਦਰ ਪਰਮਾਰਥਾਂ ਦਾ ਨਮੂਨਾ ਪੇਸ਼ ਕੀਤਾ ਹੈ ਅਤੇ ਆਪਣੀ ਪਰਮਾਰਥ ਸ਼ੈਲੀ ਦੇ ਪਰਪੱਕਾ ਹੋਣ ਦਾ ਸਬੂਤ ਦਿੱਤਾ ਹੈ।

ਅਸਲ ਵਿਚ ਇਹ ਤਿੰਨੇ ਪੋਥੀਆਂ ਇਕੋ ਲੇਖਕ ਵਲੋਂ ਇਕ ਲੜੀ ਵਿਚ ਲਿਖੀਆਂ ਗਈਆਂ ਰਚਨਾਵਾਂ ਹਨ। ਪਹਿਲੀ ਪੋਥੀ ਵਿਚ ਲੇਖਕ ਨੇ ਗੁਰੂ ਨਾਨਕ ਸਾਹਿਬ ਦੀਆਂ ਪ੍ਰਮੁੱਖ ਜੀਵਨ ਘਟਨਾਵਾਂ ਤੇ ਉਦਾਸੀਆਂ ਨੂੰ ਗੋਸ਼ਟਾਂ ਦੇ ਰੂਪ ਵਿਚ ਪੇਸ਼ ਕੀਤਾ ਹੈ ਅਤੇ ਅਗਲੀਆਂ ਪੋਥੀਆਂ ਵਿਚ ਗੁਰੂ ਸਾਹਿਬ ਦੀ ਬਾਣੀ ਦੇ ਪਰਮਾਰਥ ਪੇਸ਼ ਕਰਨ ਉਤੇ ਵਧੇਰੇ ਜ਼ੋਰ ਦਿੱਤਾ ਹੈ। ਜੇਕਰ ਦੂਜੀ ਅਤੇ ਤੀਜੀ ਪੋਥੀ ਹਰਿਜੀ ਅਤੇ ਚਤੁਰਭੁਜ ਦੀ ਸੁਤੰਤਰ ਰਚਨਾ ਹੁੰਦੀ ਤਾਂ ਲੇਖਕ ਇਨ੍ਹਾਂ ਪੋਥੀਆਂ ਵਿਚ ਗੁਰੂ ਨਾਨਕ ਨੂੰ ਕਰਤਾਰਪੁਰ ਦੇ ਆਲੇ ਦੁਆਲੇ ਹੀ ਰੱਖਣ ਦੀ ਥਾਂ ਕਿਤੇ ਉਦਾਸੀ ਤੇ ਭੇਜਣ ਦਾ ਜ਼ਰੂਰ ਯਤਨ ਕਰਦੇ। ਗੁਰੂ ਸਾਹਿਬ ਦੇ ਜੀਵਨ ਦੀਆਂ ਘਟਨਾਵਾਂ ਅਤੇ ਕਰਾਮਾਤਾਂ ਆਦਿ ਦੇਂਦੇ। ਪਰ ਕਿਉਂਕਿ ਲੇਖਕ ਪਹਿਲੀ ਪੋਥੀ ਵਿਚ ਨਾਇਕ ਗੁਰੂ ਨਾਨਕ ਦੀ ਜੀਵਨੀ ਚਿੱਤਰ ਚੁੱਕਾ ਹੈ ਇਸ ਲਈ ਇਨ੍ਹਾਂ ਪੋਥੀਆਂ ਵਿਚ ਉਹ ਵਧੇਰੇ ਜ਼ੋਰ ਕੇਵਲ ਪਰਮਾਰਥ ਪੇਸ਼ ਕਰਨ ਉਤੇ ਹੀ ਦੇ ਰਿਹਾ ਹੈ।

'ਗੋਸ਼ਟਾਂ ਮਿਹਰਵਾਨ ਜੀ ਕੀਆਂ' ਦੀ ਗੋਸ਼ਟਿ ਨੰ: 4 ਵਿਚ ਆਈ ਇਹ ਸੂਚਨਾ ਕਿ: "ਇਹ "ਸੂਚਨਾਂ ਗੁਰੂ ਕੀਆਂ ਗੋਸ਼ਟਾਂ ਅਰੁ ਭਗਤਾਂ ਦੀਆਂ ਗੋਸ਼ਟਾਂ ਗੁਰੂ ਸਾਹਿਬ ਸਲਾਮਤਿ ਹੋਂਦੇ ਹੀ ਹੋਈਆ ਥੀਆ।"[65] ਧਿਆਨ ਨਾਲ ਵਿਚਾਰਨ ਯੋਗ ਹੈ। ਇਸ ਸੂਚਨਾ ਅਨੁਸਾਰ

---

65. ਹੱਥ ਲਿਖਤ ਨੰ: 2527. ਸੈ.ਪਾ.ਲਾ. ਪਟਿ., ਪੰਨਾ 297.

ਮਿਹਰਵਾਨ, 'ਗੁਰੂ ਸਾਹਿਬ' ਭਾਵ ਪ੍ਰਿਥੀ ਚੰਦ ਦੇ ਜਿਉਂਦਿਆਂ ਹੀ ਸਭ ਗੁਰੂਆਂ ਅਤੇ ਭਗਤਾਂ ਦੀਆਂ ਗੋਸ਼ਟਾਂ ਲਿਖ ਚੁਕਾ ਸੀ। ਜੇਕਰ ਪ੍ਰਿਥੀ ਚੰਦ ਦੇ ਦੇਹਾਂਤ, 1619 ਈ: ਤਕ ਪੋਥੀ ਹਰਿਜੀ ਅਤੇ ਪੋਥੀ ਚਤੁਰਭੁਜ ਆਦਿ ਦਾ ਸੰਪੂਰਨ ਹੋਣਾ ਮੰਨ ਲਿਆ ਜਾਏ ਤਾਂ ਵੈਸੇ ਹੀ ਹਰਿਜੀ ਅਤੇ ਚਤੁਰਭੁਜ ਦੀ ਇਸ ਸਮੇਂ ਇਤਨੀ ਛੋਟੀ ਉਮਰ ਬਣਦੀ ਹੈ ਕਿ ਉਨ੍ਹਾਂ ਵਲੋਂ ਅਜਿਹੀਆਂ ਗੰਭੀਰ ਰਚਨਾਵਾਂ ਰਚੇ ਜਾਣ ਦਾ ਖ਼ਿਆਲ ਹੀ ਪੈਦਾ ਨਹੀਂ ਹੁੰਦਾ ਕਿਉਂਕਿ ਇਸ ਮਿਤੀ ਨੂੰ ਤਾਂ ਮਿਹਰਵਾਨ ਦੀ ਆਪਣੀ ਉਮਰ ਵੀ ਕੇਵਲ 38 ਸਾਲ ਦੀ ਹੀ ਸੀ।

'ਸਚਖੰਡ ਪੋਥੀ' ਦੇ ਆਰੰਭ ਵਿਚ ਮੂਲ ਮੰਤਰ ਦੇ ਕੇ ਮੰਗਲਾਚਰਣ ਦੇ ਰੂਪ ਵਿਚ ਪਾਰਬ੍ਰਹਮ ਦੀਆਂ ਅਨੇਕਾਂ ਸ਼ਕਤੀਆਂ ਦਾ ਗਾਇਨ ਕਰਦਿਆਂ ਲੇਖਕ ਵਲੋਂ 'ਸਚਖੰਡ ਪੋਥੀ' ਅਤੇ 'ਚਤੁਰਭੁਜ ਪੋਥੀ' ਦੇ ਆਰੰਭ ਵਿਚ ਕੇਵਲ ਮੂਲ ਮੰਤਰ ਦੇ ਕੇ ਅਗਲੀ ਗੋਸ਼ਟਿ ਲਿਖਣੀ ਆਰੰਭ ਕਰ ਦਿੱਤੀ ਗਈ ਹੈ। ਜੇਕਰ 'ਹਰਿਜੀ ਪੋਥੀ' ਅਤੇ 'ਚਤੁਰਭੁਜ ਪੋਥੀ' ਆਦਿ ਰਚਨਾਵਾਂ ਸੁਤੰਤਰ ਰੂਪ ਵਿਚ ਮਗਰੋਂ ਲਿਖੀਆਂ ਗਈਆਂ ਹੁੰਦੀਆਂ ਤਾਂ ਲੇਖਕ ਉਸ ਸਮੇਂ ਦੀ ਪ੍ਰਚੱਲਤ ਰਵਾਇਤ ਅਨੁਸਾਰ 'ਸਚਖੰਡ ਪੋਥੀ' ਦੇ ਆਰੰਭ ਵਾਂਗ ਮੂਲ ਮੰਤਰ ਤੋਂ ਇਲਾਵਾ ਮੰਗਲਾਚਰਣ ਵਜੋਂ ਪਾਰਬ੍ਰਹਮ ਦੀ ਉਸਤਤ ਵੀ ਕਰਦਾ ਅਤੇ ਆਪਣੇ ਸੰਬੰਧੀ ਪੂਰੀ ਪੂਰੀ ਜਾਣਕਾਰੀ ਵੀ ਦੇਂਦਾ। ਪਰ ਇਨ੍ਹਾਂ ਪੋਥੀਆਂ ਦੇ ਆਰੰਭ ਵਿਚ 'ਸਚਖੰਡ ਪੋਥੀ' ਵਾਂਗ ਕੋਈ ਸੂਚਨਾ ਨਾ ਹੋਣ ਤੋਂ ਸਪਸ਼ਟ ਹੈ ਕਿ ਇਹ ਕਿਸੇ ਹੋਰ ਲੇਖਕ ਦੀਆਂ ਸੁਤੰਤਰ ਰਚਨਾਵਾਂ ਨਹੀਂ, ਸਗੋਂ ਮਿਹਰਵਾਨ ਦੀਆਂ ਹੀ ਰਚਨਾਵਾਂ ਹਨ ਜੋ ਸਚਖੰਡ ਪੋਥੀ ਵਿਚ ਆਈਆਂ ਗੋਸਟਾਂ ਨੂੰ ਹੀ ਅਗੇ ਤੋਰ ਰਹੀਆਂ ਹਨ।

ਪ੍ਰਾਪਤ ਸੂਚਨਾ ਅਨੁਸਾਰ ਦੂਜੀ, ਤੀਜੀ, ਚੌਥੀ, ਪੰਜਵੀਂ ਅਤੇ ਛੇਵੀਂ ਪੋਥੀ, ਕ੍ਰਮਵਾਰ ਹਰਿਜੀ, ਚਤੁਰਭੁਜ, ਕੇਸੋਰਾਇ, ਅਭੈਪਦ ਅਤੇ ਪ੍ਰੇਮ ਪਦ ਦੀਆਂ ਪੋਥੀਆਂ ਹਨ। ਜੇਕਰ ਇਹ ਪੋਥੀਆਂ ਮਿਹਰਵਾਨ ਤੋਂ ਇਲਾਵਾ ਉਸ ਦੇ ਚੇਲਿਆਂ ਅਤੇ ਸੇਵਕਾਂ ਦੀਆਂ ਹੀ ਸਨ ਤਾਂ ਇਹ ਆਪਣੇ ਗੁਰੂ ਮਿਹਰਵਾਨ ਦੀ ਰਚਨਾ ਨਾਲ ਕਿਉਂ ਜੋੜ ਦਿੱਤੀਆਂ ਗਈਆਂ ਜਦ ਕਿ ਉਸ ਸਮੇਂ ਦੀ ਪ੍ਰਚਲਤ ਰਵਾਇਤ ਅਨੁਸਾਰ ਵਿਸ਼ੇਸ਼ ਸਨਮਾਨ ਵਜੋਂ ਚੇਲੇ ਆਪਣੀ ਰਚਨਾ ਗੁਰੂ ਦੀ ਰਚਨਾ ਨਾਲ ਜੋੜ ਕੇ ਬਰਾਬਰੀ ਨਹੀਂ ਸਨ ਕਰਦੇ।

ਹੁਣ ਇਹ ਪ੍ਰਸ਼ਨ ਉਠਦਾ ਹੈ ਕਿ 'ਸਚਖੰਡ ਪੋਥੀ' ਦਾ ਦੂਜਾ ਤੇ ਤੀਜਾ ਹਿੱਸਾ ਹਰਿਜੀ ਅਤੇ ਚਤੁਰਭੁਜ ਦੇ ਨਾਂ ਨਾਲ ਕਿਉਂ ਅਤੇ ਕਿਵੇਂ ਜੁੜ ਗਿਆ। ਚਤੁਰਭੁਜ ਪੋਥੀ ਦੇ ਅੰਤ ਉਤੇ ਇਹ ਸੂਚਨਾ ਦਿੱਤੀ ਗਈ ਹੈ:

"੧ਓ ਸਤਿਗੁਰ ਪ੍ਰਸਾਦਿ॥ ਸੰਮਤ 1708॥ ਵੈਸਾਖ ਵਦੀ ਏਕਮ॥੧॥ ਨੂੰ

> ਚਤੁਰਭੋਜ ਪੋਥੀ ਪੂਰੀ ਹੋਈ। ਵਚਨਿ ਸ੍ਰੀ ਗੁਰੂ ਮਿਹਰਵਾਨ ਦੇ ਲਿਖਾਈ ਜੀ। ਲਿਖੀ ਭਾਈ ਕੇਸੋ ਦਾਸ ਬ੍ਰਾਹਮਣੁ ਸੇਵਕੁ ਗੁਰੂ ਦਾ ਪੂਰੀ ਹੋਈ।...ਗੁਲਾਮ ਚਤੁਰਭੋਜ ਕਾ ਦਾਸ ਦਾਸ ਕਾ ਪੈਰੀ ਪਵਣਾ ਵਾਰਣਾ। ਗੁਰੂ ਦੇ ਹੁਕਮ ਨਾਲਿ ਪੋਥੀ ਸੋਧੀ। ਅਖ੍ਰੁ ਘਟਦਾ ਵਧਦਾ ਬਖਸਣੋ।...।[66]

'ਸਿਖ ਹਿਸਟਰੀ ਰੀਸਰਚ ਡੀਪਾਰਟਮੈਂਟ', ਖਾਲਸਾ ਕਾਲਜ, ਅੰਮ੍ਰਿਤਸਰ ਵਿਚ ਹਰਿਜੀ ਅਤੇ ਚਤੁਰਭੁਜ ਪੋਥੀ ਉਤੇ ਪ੍ਰਾਪਤ ਸੂਚਨਾ ਦੇ ਮੁਕਾਬਲੇ ਤੇ ਸ੍ਰੀਮਤੀ ਕ੍ਰਿਸ਼ਨਾ ਕੁਮਾਰੀ ਬਾਂਸਲ ਵਾਲੀ ਪ੍ਰਤਿ ਵਿਚ ਦਿੱਤੀ ਸੂਚਨਾ ਵਧੇਰੇ ਸਪਸ਼ਟ ਹੈ। ਚਤੁਰਭੋਜ ਪੋਥੀ ਦੀ ਇਸ ਨਕਲ ਦੇ ਅੰਤ ਉਤੇ ਇਹ ਸੂਚਨਾ ਦਿੱਤੀ ਗਈ ਹੈ ਕਿ:

> ੧ਓ ਸਤਿਗੁਰੂ ਪ੍ਰਸਾਦਿ। ਸੰਮਤ 1708॥ ਵੈਸਾਖ ਵਦੀ ਏਕਮ ਚਤੁਰਭੋਜ ਪੋਥੀ ਪੂਰਨ ਹੋਈ ਵਚਨਿ ਸ੍ਰੀ ਗੁਰੂ ਮਿਹਰਵਾਨ ਦੇ, <u>ਲਿਖਾਇਆ ਹਰਿਜੀ, ਲਿਖੀ ਭਾਈ ਕੇਸੋ ਦਾਸ ਬ੍ਰਾਹਮਣ</u> ਸੇਵਕੁ ਗੁਰੂ ਦਾ ਪੂਰੀ ਹੋਈ...ਗੁਰੂ ਦੇ ਹੁਕਮ ਨਾਲ ਪੋਥੀ ਸੋਧੀ ਅਖਰੁ ਘਟਦਾ ਵਧਦਾ ਬਖਸਣਾ..।[67]

ਇਸ ਸੂਚਨਾ ਅਨੁਸਾਰ 'ਚਤੁਰਭੁਜ ਪੋਥੀ' ਨੂੰ ਮਿਹਰਵਾਨ ਦੇ ਹੁਕਮ ਨਾਲ ਹਰਿਜੀ ਨੇ ਲਿਖਵਾਇਆ ਅਤੇ ਕੇਸੋ ਦਾਸ ਬ੍ਰਾਹਮਣ ਨੇ ਇਸ ਦੀ ਲਿਖਾਈ ਕੀਤੀ। ਸੋ ਚਤੁਰਭੋਜ ਨੇ, ਨਾ ਤਾਂ ਪੋਥੀ ਲਿਖਵਾਈ ਅਤੇ ਨਾ ਹੀ ਇਸ ਦੀ ਸੁਧਾਈ ਕੀਤੀ ਸਗੋਂ ਮਿਹਰਵਾਨ ਦੀ ਇਸ ਰਚਨਾ ਦੀ ਸੁਧਾਈ ਅਤੇ ਸੰਪਾਦਨ ਦਾ ਕੰਮ ਕੇਸੋਦਾਸ ਆਦਿ ਦੀ ਸਹਾਇਤਾ ਨਾਲ ਹਰਿਜੀ ਨੇ ਹੀ ਕੀਤਾ। ਇਉਂ ਇਸ ਸੂਚਨਾ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਚਤਰਭੁਜ ਅਸਲ ਵਿਚ ਇਸ ਪੋਥੀ ਦਾ ਕੋਈ ਲੇਖਕ ਸੰਪਾਦਕ ਜਾਂ ਸੋਧਕ ਨਹੀਂ। ਵੈਸੇ ਵੀ ਚਤੁਰਭੁਜ ਦੀ ਕਿਸੇ ਵੀ ਸੁਤੰਤਰ ਗੱਦ ਜਾਂ ਕਾਵਿ-ਰਚਨਾ ਦੀ ਅਣਹੋਂਦ ਇਹ ਨਿਸ਼ਚਾ ਪੱਕਾ ਕਰਾਉਂਦੀ ਹੈ ਕਿ ਚਤੁਰਭੁਜ ਨੇ ਸਾਹਿੱਤਕ ਪਿੜ ਵਿਚ ਪ੍ਰਵੇਸ਼ ਹੀ ਨਹੀਂ ਸੀ ਕੀਤਾ।[68]

---

66. ਜ. ਗੁ. ਨਾ. ਭਾਗ ਦੂਜਾ, ਪੰਨਾ 624.
67. ਹੱਥ ਲਿਖਤ ਨੰ: 65, ਨਿਜੀ ਪੁਸਤਕਾਲਾ, ਕ੍ਰਿਸ਼ਨਾ ਕੁਮਾਰੀ ਬਾਂਸਲ, ਸੰਗਰੂਰ (ਪੰਜਾਬ) ਪੰਨਾ 189 ਅ.
68. ਸਾਹਿੱਤਕ ਖੇਤਰ ਤੋਂ ਇਲਾਵਾ ਮੀਣਾ ਸੰਪ੍ਰਦਾਇ ਦੀ ਗੁਰ ਪ੍ਰਣਾਲੀ ਵਿਚ ਵੀ ਚਤੁਰਭੁਜ ਨੂੰ ਕੋਈ ਸਤਿਕਾਰ ਯੋਗ ਥਾਂ ਪ੍ਰਾਪਤ ਨਹੀਂ। ਜਿਵੇਂ 'ਚਤੁਰਭੁਜ ਪੋਥੀ' ਵਿਚ ਹੀ ਦਿੱਤੀ ਗੁਰ ਪ੍ਰਣਾਲੀ ਇਸ ਪ੍ਰਕਾਰ ਹੈ:
"ਗੁਰ੧ਓ । ਸਲੋਕ॥ ਸ੍ਰੀ ਸਤਿਗੁਰ ਪਾਰਬ੍ਰਹਮ ਪਰਮੇਸੁਰ ਜਿਨਿ ਬਿਸੁ ਗੋਇ ਉਠਾਇਆ।
ਸ੍ਰੀ ਸਤਿਗੁਰੂ ਬਾਬਾ ਨਾਨਕ ਜਿਨਿ ਹਰਿ ਮੰਤੁ ਦਿੜਾਇਆ॥
.............................
ਗੁਰੂ ਸਾਹਿਬ ਗੁਰੂ ਮਿਹਰਵਾਨ ਸਚ ਪ੍ਰਗਟੀਆਇਆ॥
"ਗੁਰੂ ਹਰਿਜੀ ਹਰਿ ਨਰਾਇਣੇ ਮਾਰਗ ਸਚ ਬਤਾਇਆ
ਗੁਰੂ ਕਮਲ ਨੈਨਿ ਹਰਿ ਨੰਦ ਗੁਰੂ ਜਿਸ ਮਹਿ ਹਰਿ ਨਾਮ ਸਮਾਇਆ।"
(ਹੱ: ਲਿ: ਨੰ: 65, ਨਿੱਜੀ ਪ੍ਰਤਿ, ਕ੍ਰਿਸ਼ਨਾ ਕੁਮਾਰੀ ਬਾਂਸਲ, ਪੰਨਾ 189 ਅ)

'ਹਰਿਜੀ ਪੋਥੀ' ਦੇ ਅੰਤ ਉਤੇ ਦਿੱਤੀ ਮਿਤੀ ਅਨੁਸਾਰ ਇਹ ਰਚਨਾ 1707 ਬਿ:/1650 ਈ: ਵਿਚ ਸੰਪੂਰਨ ਹੋਈ ਹੈ। 'ਚਤੁਰਭੁਜ ਪੋਥੀ' ਦੇ ਅੰਤ ਉਤੇ ਸੰਪੂਰਨ ਹੋਣ ਦੀ ਮਿਤੀ 1708 ਬਿ/1651 ਈ: ਦਿੱਤੀ ਗਈ ਹੈ। ਇਨ੍ਹਾਂ ਮਿਤੀਆਂ ਅਨੁਸਾਰ, 'ਹਰਿਜੀ ਪੋਥੀ' ਤੋਂ ਕੇਵਲ ਇਕ ਸਾਲ ਬਾਅਦ ਹੀ 'ਚਤੁਰਭੁਜ ਪੋਥੀ' ਲਿਖੀ ਗਈ। ਕੇਵਲ ਇਕ ਸਾਲ ਦੇ ਸਮੇਂ ਵਿਚ ਦਾਰਸ਼ਨਿਕ ਤੇ ਗੰਭੀਰ ਅਧਿਆਤਮਿਕ ਬਾਣੀ ਦੇ ਪਰਮਾਰਥ ਪੇਸ਼ ਕਰਨ ਵਾਲੀ ਇਸ ਵੱਡੀ ਰਚਨਾ ਦਾ ਲਿਖੇ ਜਾਣਾ ਵੀ ਸੰਭਵ ਨਹੀਂ ਜਾਪਦਾ ਇਸ ਲਈ ਇਹ ਮਿਤੀਆਂ ਇਨ੍ਹਾਂ ਰਚਨਾਵਾਂ ਨੂੰ ਸੋਧਣ ਤੇ ਸੰਪਾਦਿਤ ਕਰਨ ਦੀਆਂ ਹੀ ਹੋ ਸਕਦੀਆਂ ਹਨ। ਇਸ ਦਾ ਰਚਨਾ ਕਾਲ ਨਿਸ਼ਚੇ ਹੀ ਇਸ ਤੋਂ ਪਹਿਲਾਂ ਦਾ ਹੈ।

ਸੋ 'ਸਚਖੰਡ ਪੋਥੀ', 'ਹਰਿਜੀ ਪੋਥੀ' ਅਤੇ ਮਿਹਰਵਾਨ ਤੇ ਹਰਿਜੀ ਦੀਆਂ ਮਿਲਦੀਆਂ ਹੋਰ ਸੁਤੰਤਰ ਰਚਨਾਵਾਂ ਵਿਚੋਂ ਮਿਲਦੇ ਇਸ਼ਾਰਿਆਂ ਤੋਂ ਇਹੋ ਸਿੱਟਾ ਨਿਕਲਦਾ ਹੈ ਕਿ ਤਿੰਨੇ ਰਚਨਾਵਾਂ ਸੋਢੀ ਮਿਹਰਵਾਨ ਦੀ ਇਕੋ ਰਚਨਾ ਦੇ ਭਾਗ ਹਨ ਜਿਨ੍ਹਾਂ ਦੀ ਸੋਧ ਸੁਧਾਈ ਅਤੇ ਸੰਪਾਦਨਾ ਮਗਰੋਂ ਕੀਤੀ ਜਾਂਦੀ ਰਹੀ। ਵੈਸੇ ਵੀ ਇਹ ਗਲ ਸੰਭਵ ਨਹੀਂ ਕਿ ਕਿਸੇ ਪਰੰਪਰਾ ਦੇ ਛੇ ਵਿਅਕਤੀ ਕਿਸੇ ਇਕ ਪੋਥੀ ਦੀ ਸਾਂਝੀ ਵਿਉਂਤ ਬਣਾ ਕੇ ਲਗਭਗ ਅੱਧੀ ਸਦੀ ਦੇ ਸਮੇਂ ਵਿਚ ਉਸ ਦੀ ਰਚਨਾ ਕਰਨ ਅਤੇ ਫੇਰ ਵੀ ਉਨ੍ਹਾਂ ਦੀ ਸ਼ੈਲੀ, ਪਰਮਾਰਥ ਪੱਧਰ, ਦ੍ਰਿਸ਼ਟੀਕੋਣ, ਮਾਨਸਿਕ ਤੇ ਬੌਧਿਕ ਪੱਧਰ ਤੇ ਨਾਇਕ ਦੀ ਪਾਤਰ ਉਸਾਰੀ ਆਦਿ ਇਕੋ ਹੀ ਪੱਧਰ ਦੀ ਰਹਿ ਸਕੇ। ਅੱਜ ਤੱਕ ਪੰਜਾਬੀ ਸਾਹਿਤ ਵਿਚ ਕਿਸੇ ਅਜਿਹੀ ਰਚਨਾ ਦਾ ਸਬੂਤ ਨਹੀਂ ਮਿਲਦਾ ਜਿਸ ਨੂੰ ਵਿਉਂਤ ਬਣਾ ਕੇ ਛੇ ਵਿਅਕਤੀਆਂ ਨੇ ਇਕ ਲੰਮੇ ਸਮੇਂ ਵਿਚ ਰਚਿਆ ਹੋਵੇ।

### ਕਰਤ੍ਰਿਤ੍ਵ ਸੰਬੰਧੀ ਸਾਂਝੇ ਆਧਾਰ:

ਰੂਪ ਪੱਖੋਂ, ਮਿਹਰਵਾਨ ਰਚਿਤ ਗੱਦ-ਰਚਨਾਵਾਂ ਦੇ ਤੁਲਨਾਤਮਕ ਅਧਿਐਨ ਤੋਂ ਨਜ਼ਰ ਆਉਂਦੀ ਡੂੰਘੀ ਸਮਾਨਤਾ ਇਨ੍ਹਾਂ ਦਾ ਕਰਤ੍ਰਿਤ੍ਵ ਨਿਸ਼ਚਿਤ ਕਰਨ ਲਈ ਹੋਰ ਵੀ ਅਨੇਕਾਂ ਆਧਾਰ ਪੇਸ਼ ਕਰਦੀ ਹੈ।

ਮਿਹਰਵਾਨ ਨੇ ਭਗਤ ਕਬੀਰ ਜੀ, ਗੁਰੂ ਨਾਨਕ ਸਾਹਿਬ, ਗੁਰੂ ਅਮਰਦਾਸ ਸਾਹਿਬ ਅਤੇ ਭਗਤ ਰਵਿਦਾਸ ਜੀ ਆਦਿ ਭਗਤਾਂ ਦੀਆਂ ਜੀਵਨੀਆਂ ਪੇਸ਼ ਕਰਨ ਲਈ ਗੋਸ਼ਟਿ ਰੂਪ ਨੂੰ ਅਪਣਾਇਆ ਹੈ। ਇਨ੍ਹਾਂ ਸਾਰੀਆਂ ਹੀ ਰਚਨਾਵਾਂ ਦੀਆਂ ਗੋਸ਼ਟਾਂ ਵਿਚ ਇਕ ਸ਼ੈਲੀ, ਇਕ ਸ਼ਬਦ ਵਿਧਾਨ ਅਤੇ ਇਕੋ ਵਾਕ ਰਚਨਾ ਰਾਹੀਂ ਹਰ ਗੋਸ਼ਟਿ ਦਾ ਆਰੰਭ ਉਸਾਰੀ ਤੇ ਅੰਤ ਇਕੋ ਢੰਗ ਨਾਲ ਕੀਤਾ ਗਿਆ ਹੈ, ਜਿਵੇਂ 'ਗੋਸ਼ਟਾਂ ਕਬੀਰ ਜੀ ਕੀਆਂ' ਦੀ ਹਰ ਗੋਸ਼ਟਿ ਦਾ ਆਰੰਭ ਅਤੇ ਅੰਤ ਅਕਸਰ ਇਉਂ ਹੁੰਦਾ ਹੈ:

(ਓ) <u>ਆਰੰਭ:</u> 'ਏਕ ਦਿਨ ਕਬੀਰ ਗੁਸਾਈ ਨਗਰ ਬਨਾਰਸੀ ਬੈਠਾ ਥਾ॥ ਏਕ ਗੋਬਿੰਦ ਲੋਕ ਆਏ। ਤਿਨਹੁ ਆਏ ਕਹਿਆ ਜਿ ਰਾਮ ਰਾਮ ਕਬੀਰ ਗੁਸਾਈ ਰਾਮ ਰਾਮ॥ ਤਬ ਕਬੀਰ ਗੁਸਾਈ ਕਹਿਆ ਜਿ ਸਤਿ ਰਾਜਾ ਰਾਮੁ ਆਖੀਐ ਜਾ ਬੈਸੀਐ ਜੀ॥ ਭਾਈ ਗੋਬਿੰਦ ਲੋਕਹੁ ਆਖੀਐ ਜੀ॥ ...ਤਬ ਬੇਨਤੀ ਹੈ ਜੋ ਤੇਰਾ ਆਗਿਆ ਹੋਇ ਤਬ ਕਹਹਿ ਜੀ...।[69] (ਗੋਸਟਾਂ ਕਬੀਰ ਜੀ ਕੀਆਂ)

"ਤਬ ਉਨ ਗੋਬਿੰਦ ਲੋਕਹੁ ਕਹਿਆ ਸਤਿ ਜੀ ਸਤਿ। ਕਬੀਰ ਗੁਸਾਇ ਜੀ ਤੂ ਧੰਨ ਹੈ। ਤਬ ਓਇ ਕਬੀਰ ਜੀ ਕੀ ਚਰਨੀ ਲਾਗੇ ਕਬੀਰ ਜੀ ਕੇ ਸਿਖ ਭਏ। ਸਭਲੇ ਬੋਲਹੁ ਰਾਮ ਰਾਮ॥ ਸਤਿ ਨਾਮ ਕਰਤਾ ਪੁਰਖ॥ ॥[70]

ਇਸੇ ਸ਼ੈਲੀ ਵਿਚ ਲਿਖੀਆਂ ਗੁਰੂ ਨਾਨਕ ਗੋਸਟਾਂ ਹੂ ਬਹੂ ਉਪਰੋਕਤ ਢੰਗ ਨੂੰ ਹੀ ਅਪਨਾਉਂਦੀਆਂ ਹਨ। ਤਿੰਨਾ ਪੋਥੀਆਂ ਵਿਚ ਆਈਆਂ ਗੋਸ਼ਟੀਆਂ ਦਾ ਆਰੰਭ, ਉਸਾਰੀ ਅਤੇ ਅੰਤ ਬਿਲਕੁਲ ਇਕੋ ਜਿਹਾ ਹੈ, ਜਿਵੇਂ:

(ਅ) <u>ਆਰੰਭ:</u> ਤਬ ਏਕ ਦਿਨਿ ਗੁਰੂ ਬਾਬਾ ਨਾਨਕੁ ਜੀ ਪੂਰਬ ਕੀ ਧਰਤੀ ਨਗਰਿ ਬਨਾਰਸੀ ਬੈਠਾ ਥਾ ਤਬ ਉਹਾ ਜਿ ਲੋਕ ਥਾ ਸੁ ਬਹੁਤੁ ਆਇ ਮਿਲਿਆ... ਆਇ ਗੁਰੂ ਬਾਬੇ ਨਾਨਕ ਜੀ ਕਉ ਰਾਮ ਰਾਮ ਕਹੀ... ਗੁਰੂ ਬਾਬੇ ਕਿਹਾ ਜਿ ਆਖੀਐ ਜੀ ਬੈਸਾਖੀ ਜੀ ਪੰਡਿਤਹੁ ਜਾ...। ('ਸਤਖੰਡ ਪੋਥੀ')

<u>ਅੰਤ</u>: ਤਬ ਉਨਹੁ ਪੰਡਿਤਹੁ ਸਭਨਹੁ ਨਮਸਕਾਰ ਕੀਆ ਗੁਰ ਬਾਬੇ ਨਾਨਕ ਜੀ ਕੇ ਸਿਖ ਭਏ ਗੁਰੂ ਗੁਰੂ ਲਗੇ ਜਪਣੇ। ਬੋਲਹੁ ਵਾਹਗੁਰੂ ਧੰਨ ਗੁਰੂ ਧੰਨ ਗੁਰੂ ਸਤਿਗੁਰੂ।[71]

(ੲ) <u>ਆਰੰਭ:</u> ਤਬ ਏਕਿ ਦਿਨਿ ਗੁਰੂ ਬਾਬਾ ਨਾਨਕ ਜੀ ਨਗਰਿ ਕਰਤਾਰਪੁਰਿ ਸਿਖ ਸੰਗਤਿ ਬੀਚਿ ਆਪਣੇ ਆਸ੍ਰਮ ਕੇ ਵਿਖੇ ਬੈਠਾ ਥਾ। ਅਰੁ ਏਕਿ ਬੈਸਨੁ ਪਰਮੇਸਰੁ ਕੇ ਨਾਮ ਕੀ ਖੋਜੀ ਆਇ ਗੁਰੂ ਬਾਬੇ ਨਾਨਕ ਜੀ ਕੋ ਰਾਮ ਰਾਮ ਕਹੀ। ਤਬ ਗੁਰੂ ਬਾਬੇ ਨਾਨਕੁ ਜੀ ਕਹਿਆ ਜਿ ਸਤਿ ਰਾਜਾ ਰਾਮ ਜੀ...। (ਹਰਿਜੀ ਪੋਥੀ)

<u>ਅੰਤ:</u> ਤਬ ਓਇ ਬੈਸਨਉ ਸਮਸਤ ਗੁਰੂ ਬਾਬੇ ਨਾਨਕ ਜੀ ਕੇ ਸਿਖ ਹੁਏ। ਸਭੇ ਹੀ ਨਾਨਕ ਪੰਥੀ ਭਏ। ਬੋਲਹੁ ਬਾਬਾ ਨਾਨਕੁ। ਧੰਨੁ ਗੁਰੂ ਬਾਬਾ ਨਾਨਕੁ। ਸਤਿਗੁਰੂ ਬਾਬਾ ਨਾਨਕ॥...।[72]

(ਸ) <u>ਆਰੰਭ:</u> ਤਬ ਏਕਿ ਦਿਨਿ ਗੁਰੂ ਬਾਬੇ ਨਾਨਕ ਜੀ ਪੰਜਾਬ ਕੀ ਧਰਤੀ ਨਗਰਿ ਕਰਤਾਰਿਪੁਰ ਬੈਠਾ ਥਾ ਅਰੁ ਏਕ ਗੋਬਿੰਦ ਲੋਕ ਆਇ ਹੁਏ। ਤਿਨਹੁ ਆਇ ਕਹਿਆ

---

69. ਹੱ.ਲਿ.ਨੰ: 8੭੬, ਪੰ:ਯੂ.ਲਾ:ਚੰਡੀਗੜ੍ਹ ਪੰਨਾ 40 ਅ.
70. ਗੋ.ਕੀ. (ਨਿੱਜੀ ਪ੍ਰਤਿ) ਪੰਨਾ 164
71. ਜ.ਗ. ਨਾ. ਭਾਗ ਪਹਿਲਾ, ਪੰਨਾ 144, 46
72. ਉਹੀ, ਭਾਗ ਦੂਜਾ, ਪੰਨਾ 209, 212.

> ਕਿ ਰਾਮ ਰਾਮ ਗੁਰੂ ਬਾਬਾ ਨਾਨਕ ਜੀ ਰਾਮ ਰਾਮ। ਤਬ ਗੁਰੂ ਬਾਬੇ ਨਾਨਕ ਜੀ ਕਹਿਆ ਕਿ ਸਤਿ ਰਜਾ ਰਾਮੁ ਆਈਐ ਜੀ ਬਲਿਹਾਰ ਜਾਉ ਬੈਸੀਐ ਜੀ...। (ਚਤੁਰਭੁਜ ਪੋਥੀ)
>
> **ਅੰਤੁ:** ਤਬ ਉਨਿਹ ਨਮਸਕਾਰੁ ਕੀਆ ਅਰੁ ਬਾਬੇ ਜੀ ਕੀ ਚਰਨੀ ਲਾਗੇ ਗੁਰੂ ਕੇ ਸਿਖ ਹੂਏ ਨਾਨਕ ਪੰਥੀ ਭਏ। ਗੁਰੂ ਗੁਰੂ ਲਾਗੇ ਜਪਣੇ। ਕਹਣੇ ਲਗੇ ਜਿ ਧਨਿ ਗੁਰੂ ਬਾਬਾ ਨਾਨਕੁ ਵਾਹ ਗੁਰੂ ਬਾਬਾ ਨਾਨਕ ਸਤਿਗੁਰ ਬਾਬਾ ਨਾਨਕ...।[73]

ਗੁਰੂ ਅਮਰਦਾਸ ਜੀ ਦੀਆਂ ਗੋਸ਼ਟਾਂ ਦਾ ਆਰੰਭ, ਉਸਾਰੀ ਅਤੇ ਅੰਤ ਵੀ ਗੁਰੂ ਨਾਨਕ ਅਤੇ ਕਬੀਰ ਜੀ ਦੀਆਂ ਗੋਸ਼ਟਾਂ ਵਾਲਾ ਹੀ ਹੈ। ਇਸ ਪੱਖੋਂ ਗੋਸ਼ਟਾਂ ਵਿਚਲੀ ਸਮਾਨਤਾ ਕਿੰਨੀ ਡੂੰਘੀ ਹੈ:

> (ਹ) **ਆਰੰਭ:** ਏਕ ਦਿਨਿ ਗੁਰੂ ਅਮਰਦਾਸੁ ਨਗਰਿ ਗੋਇੰਦਵਾਲ ਮਹਿ ਬੈਠਾ ਥਾ॥ ਅਰੁ ਏਕ ਗੋਬਿੰਦ ਲੋਕ ਆਇ ਗਏ॥ ਉਨਿਹੁ ਆਇ ਕਹਿਆ ਜਿ ਰਾਮ ਸਤਿ ਗੁਰੂ ਅਮਰਦਾਸ ਜੀ ਰਾਮ ਸਤਿ॥ ਤਬ ਗੁਰੂ ਅਮਰਦਾਸ ਕਹਿਆ ਜਿ ਸਤਿ ਰਾਜਾ ਰਾਮ ਆਵਹੁ ਜੀ ਬੈਸਹੁ ਜੀ ਬਲਿਹਾਰਿ ਜਾਈਐ ਜੀ॥ ਤਬ ਗੁਰੂ ਕਉ ਉਹਿ ਨਮਸਕਾਰ ਕਹਿ ਕਹਿ ਬੈਠਿ ਗਏ। ਤਬ ਗੁਰੂ ਅਮਰਦਾਸ ਕਹਿਆ ਜਿ ਭਲੇ ਹੋਹੁ ਜੀ ਗੋਬਿੰਦ ਲੋਕਹੁ ਜੀ ਕਲਿਆਣੁ ਹੈ ਜੀ॥ ਤਬ ਉਨਿਹੁ ਗੋਬਿੰਦ ਲੋਕਹੁ ਕਹਿਆ ਜਿ ਅਜੁ ਭਲੇ ਜੀ ਤੇਰੇ ਦਰਸਨਿ ਦੇਖਿਐ ਕਲਿਆਣ ਹੈ ਜੀ॥ ਤਬ ਘੜੀ ਏਕੁ ਸਸਤਾਇ ਕਰਿ ਉਨਿਹੁ ਗੋਬਿੰਦ ਲੋਕਹੁ ਕਹਿਆ ਜਿ ਗੁਰੂ ਅਮਰਦਾਸ ਜੀ ਏਕੁ ਬੇਨਤੀ ਹੈ ਜੀ ਜਿ ਆਗਿਆ ਹੋਇਆ ਤਾਂ ਕਹਹਿ॥ ਤਬ ਗੁਰੂ ਅਮਰਦਾਸ ਕਹਿਆ ਆਜ ਭਲਾ ਹੋਇ ਕਹੀਐ ਜੀ॥ ਜੋ ਕਿਛੁ ਤੁਮਾਰੇ ਜੀ ਹੈ ਸੋ ਕਹੀਐ ਜੀ...।[74]

**ਅੰਤ:** ...ਤਬ ਓਹਿ ਗੋਬਿੰਦ ਲੋਕ ਗੁਰੂ ਅਮਰਦਾਸ ਜੀ ਕੀ ਚਰਨੀ ਲਾਗੇ। ਗੁਰੂ ਜੀ ਕੇ ਸਿਖ ਭਏ। ਗੁਰੂ ਗੁਰੂ ਲਾਗੇ ਸਿਮਰਨੇ। ਨਾਨਕ ਪੰਥੀ ਭਏ॥ ਕਹਣੇ ਲਾਗੇ ਜਿ ਧੰਨ ਗੁਰੂ ਅਮਰਦਾਸ ਵਾਹਗੁਰੂ ਅਮਰਦਾਸ ਸਤਿਗੁਰੂ ਅਮਰਦਾਸੁ।[75]

---

73. ਉਹੀ, ਭਾਗ ਦੂਜਾ, ਪੰਨਾ 535, 538.
74. ਹ: ਲਿ: ਨੰ: 678, ਸੈ. ਪਾ. ਲਾ. ਪਟਿਆਲਾ, ਪੰਨਾ 110 ਅ.
75. ਉਹੀ, ਪੰਨਾ 115.

ਹਿੰਦੂ ਭਗਤਾਂ ਅਤੇ ਨਾਥਾਂ ਜੋਗੀਆਂ ਦੀਆਂ ਗੋਸ਼ਟਾਂ ਵਿਚੋਂ ਕਈਆਂ ਦਾ ਆਰੰਭ, ਉਸਾਰੀ ਅਤੇ ਅੰਤ ਭਾਵੇਂ ਹੂ ਬਹੂ ਤਾਂ ਉਪਰੋਕਤ ਗੋਸ਼ਟੀਆਂ ਨਾਲ ਨਹੀਂ ਮਿਲਦਾ ਪਰ ਇਨ੍ਹਾਂ ਗੋਸ਼ਟਾਂ ਵਿਚ ਵੀ ਲੇਖਕ ਦੀ ਉਸੇ ਗੋਸ਼ਟ ਸ਼ੈਲੀ ਨੂੰ ਜ਼ਰੂਰ ਦੇਖਿਆ ਜਾ ਸਕਦਾ ਹੈ ਜਿਵੇਂ ਦੇਖੋ 'ਗੋਸ਼ਟਿ ਸਧਨੇ ਗੁਸਾਈ' ਦਾ ਆਰੰਭ ਅਤੇ ਨਿਭਾ ਮਿਹਰਵਾਨ ਰਚਿਤ ਗੋਸ਼ਟਾਂ ਦੀ ਸ਼ੈਲੀ ਦਾ ਹੀ ਰੂਪ ਪੇਸ਼ ਕਰਦੀ ਹੈ।

(ਕ) ਆਰੰਭ: ਸਧਨਾ ਉਸ ਜਨਮ ਦਾ ਬ੍ਰਾਹਮਣ ਥਾ ਬੈਸਨਉ ਥਾ॥ ਸਧਨੇ ਕਾ
ਗੁਰੂ ਜਿ ਥਾ ਸੁ ਬਿਬੇਕੀ ਥਾ॥ ਏਕਿ ਦਿਨਿ ਸਧਨਾ ਜਾਇ ਗੁਰੂ ਕੀ
ਚਰਨੀ ਲਾਗਾ। ਤਬ ਗੁਰੂ ਜੀ ਕਹਿਆ ਜਿ ਏ ਬਚਾ ਜਾਇ ਕਰਿ ਬਜਾਰ
ਤੇ ਸਗਉਤੀ ਲੇ ਆਉ॥ ਤਬ ਉਹੁ ਬੈਸਨਉ ਥਾ॥ ਉਨਿ ਕਹਿਆ ਜਿ ਏ
ਰਾਮ ਜਨਮ ਕਰਿ ਕਰਿ ਮੈ ਤਉ ਕਬਹੂ ਸਗਉਤੀ ਦੇਖੀ ਨਾਹੀ. . .।[76]
(ਗੋਸ਼ਟਿ ਸਧਨੇ ਗੁਸਾਈ ਕੀ)

ਲੇਖਕ ਵਲੋਂ ਲਿਖੀਆਂ ਗਈਆਂ ਨਾਥਾਂ ਜੋਗੀਆਂ ਦੀਆਂ ਗੋਸ਼ਟਾਂ ਵੀ ਗੋਸ਼ਟ ਉਸਾਰੀ ਦੇ ਉਸੇ ਢੰਗ ਅਤੇ ਸ਼ੈਲੀ ਦਾ ਨਮੂਨਾ ਪੇਸ਼ ਕਰਦੀਆਂ ਹਨ ਜਿਵੇਂ "ਗੋਸ਼ਟਿ ਸ੍ਰੀ ਗੋਪੀ ਚੰਦਿ ਕੀ" ਦਾ ਆਰੰਭ ਅਤੇ ਅੰਤ ਇਉਂ ਹੈ:

(ਖ) ਪ੍ਰਥਮ ਏਕ ਦਿਨ ਰਾਜਾ ਗੋਪੀ ਚੰਦਿ ਬੈਠਾ ਤੇਲੁ ਮਲਾਵਤਾ ਥਾ॥ ਤਬ ਉਪਰਿ
ਧਉਲਹਰ ਕੇ ਗੋਪੀ ਚੰਦਿ ਕੀ ਮਾਤਾ ਥੀ। ਤੇਲ ਗੋਪੀ ਚੰਦ ਮਲਾਵਤਾ ਥਾ।
ਤਬ ਉਪਰ ਤੇ ਬਾਹੀ ਧਉਲਹਰ ਦੀ ਥੀ ਤਿਸੁ ਵਿਚਿ ਕਰਿ ਗੋਪੀ ਚੰਦਿ ਕੀ
ਮਾਤਾ ਮੁਹਾੜਾ ਡਾਲਿ ਕਰਿ ਦੇਖਨ ਲਾਗੀ ਦੇਖਿ ਕਰਿ ਹੈ ਹੈ ਕਰਨੇ ਲਾਗੀ ਰਾਜੇ
ਗੋਪੀ ਚੰਦਿ ਕੀ ਦੇਹੀ ਕਉ ਜਿ ਹੇ ਗੋਬਿੰਦਾ ਏਹ ਭੀ ਦੇਹੀ ਧਰਤੀ ਪੜੈਗੀ ਤਬ
ਉਸ ਕਉ ਬੈਰਾਗ ਚਲਿਆ. . .।[77] ਤਬ ਰਾਜੇ ਗੋਪੀ ਚੰਦਿ ਉਦਾਸ ਪੀਬ ਲੀਆ॥[78]

ਮਿਹਰਵਾਨ ਨੇ ਆਪਣੀਆਂ ਲਿਖੀਆਂ ਬਹੁਤੀਆਂ ਗੋਸ਼ਟਾਂ ਦੇ ਅੰਤ ਉਤੇ ਗੋਸ਼ਟ ਦਾ ਕੇਂਦਰੀ ਭਾਵ ਪੇਸ਼ ਕਰਨ ਦਾ ਪ੍ਰਯਾਸ ਕਰਦਿਆਂ ਇਕ ਇਕ ਸ਼ਲੋਕ ਦੇਣ ਦਾ ਢੰਗ ਅਪਣਾਇਆ ਹੈ। ਇਸ ਸ਼ਲੋਕ ਵਿਚ ਲੇਖਕ ਦੀ ਕਾਵਿ-ਛਾਪ 'ਨਾਨਕ ਦਾਸ' ਜਾਂ 'ਦਾਸ ਨਾਨਕ'[79] ਦਿਤੀ

76. 359, ਭਾ: ਵਿ: ਲਾ: ਪਟਿਆਲਾ, ਪੰਨਾ 190.
77. ਉਹੀ, ਪੰਨਾ 51 (ਅ)
78. ਉਹੀ, ਪੰਨਾ 59.
79. ਮਿਹਰਵਾਨ ਦੀਆਂ ਲਗਭਗ ਸਾਰੀਆਂ ਪ੍ਰਾਪਤ ਕਾਵਿ-ਰਚਨਾਵਾਂ ਵਿਚ ਉਸ ਦੀ ਇਹ ਕਾਵਿ-ਛਾਪ ਮਿਲਦੀ ਹੈ। ਵੇਖੋ: ਇਸੇ ਕਾਂਡ ਵਿਚ 'ਕਾਵਿ-ਰਚਨਾ'।

ਹੁੰਦੀ ਹੈ। 'ਗੋਸ਼ਟਾਂ' ਗੁਰੂ ਨਾਨਕ' ਦੇ ਪ੍ਰਾਪਤ ਪਹਿਲੇ ਤਿੰਨਾਂ ਭਾਗਾਂ ਵਿਚ ਆਈਆਂ ਸਾਖੀਆਂ ਹੀ ਗੋਸ਼ਟਾਂ ਦੇ ਅੰਤ ਉਤੇ ਸ਼ਲੋਕ ਦਿੱਤੇ ਗਏ ਹਨ। ਜਿਵੇਂ:

ੳ) ਤਿਨ ਸੰਤਨ ਕਾ ਸੰਗੁ ਦੇਹਿ ਜਹਾਂ ਹਰਿਹਰਿ ਨਾਮੁ ਜਪਾਹਿ।
ਦਾਸ ਨਾਨਕ ਦੁਖਿ ਸੁਖਿ ਏਕਸੈ ਤੇ ਬਿਰਲੇ ਜਗ ਮਾਹਿ।[80]

ਅ) ਗਿਆਨ ਧਿਆਨੁ ਸਭ ਕੋ ਕਰੈ ਸਚ ਮਹਿ ਰਹੈ ਸੁ ਸਾਰਿ।
ਨਾਨਕ ਦਾਸ ਸਚ ਮਹਿ ਰਹੈ ਸੋ ਪਾਵੈ ਮੋਖ ਦੁਆਰੁ।[81]

ੲ) ਬਿਨ ਸਿਮਰਨ, ਬਿਨ ਨਾਦ ਜਿਉ ਸਗਲਾ ਜੀਵਨ ਬਾਦਿ॥
ਨਾਨਕ ਦਾਸ ਹਰਿ ਸਿਮਰੀਏ ਸਤਗੁਰ ਕੇ ਪਰਸਾਦਿ।[82]

'ਹਰਿਜੀ ਪੋਥੀ' ਦੀਆਂ 61 ਗੋਸ਼ਟਾਂ ਦੇ ਅੰਤ ਉਤੇ ਦਿਤੇ ਸ਼ਲੋਕਾਂ ਵਿਚੋਂ ਇਕ ਵੀ ਸ਼ਲੋਕ ਵਿਚ 'ਜਨ ਨਾਨਕ' ਕਾਵਿ-ਛਾਪ ਨਹੀਂ ਵਰਤੀ ਗਈ। ਚਤੁਰਭੁਜ ਪੋਥੀ ਦੀਆਂ 74 ਗੋਸ਼ਟਾਂ ਦੇ ਅੰਤ ਤੇ ਦਿਤੇ ਸ਼ਲੋਕਾਂ ਵਿਚੋਂ ਵੀ ਕੇਵਲ ਦੋ ਸ਼ਲੋਕਾਂ[83] ਵਿਚ ਹੀ 'ਜਨ ਨਾਨਕ' ਕਾਵਿ-ਛਾਪ ਮਿਲਦੀ ਹੈ ਬਾਕੀ ਸਭ ਵਿਚ 'ਨਾਨਕ ਦਾਸ' ਜਾਂ 'ਦਾਸ ਨਾਨਕ' ਦੀ ਕਵੀ-ਛਾਪ ਹੈ।

ਇਸੇ ਤਰ੍ਹਾਂ ਸਚਖੰਡ ਪੋਥੀ ਦੀਆਂ 153 ਗੋਸ਼ਟਾਂ ਦੇ ਅੰਤ ਉਤੇ ਦਿਤੇ ਸ਼ਲੋਕਾਂ ਵਿਚੋਂ ਕੇਵਲ ਤਿੰਨ[84] ਸ਼ਲੋਕ 'ਜਨ ਨਾਨਕ' ਅਤੇ ਕੇਵਲ ਪੰਜ[85] 'ਨਾਨਕ' ਕਾਵਿ-ਛਾਪ ਵਾਲੇ ਹਨ। ਸਾਡੇ ਵਿਚਾਰ ਅਨੁਸਾਰ ਸੰਭਵ ਹੈ ਕਿ ਮਿਹਰਵਾਨ ਵਲੋਂ ਰਚੀ ਗਈ ਮੂਲ ਰਚਨਾ ਦੀਆਂ ਇਨ੍ਹਾਂ ਕੁਝ ਗੋਸ਼ਟਾਂ ਦੇ ਅੰਤ ਉਤੇ ਉਸ ਵਲੋਂ ਸ਼ਲੋਕ ਨਹੀਂ ਲਿਖੇ ਗਏ ਹੋਣਗੇ, ਜਿਨ੍ਹਾਂ ਦੀ ਥਾਂ ਤੇ ਹਰਿਜੀ ਨੇ ਇਨ੍ਹਾਂ ਪੋਥੀਆਂ ਦੀ ਸੁਧਾਈ ਅਤੇ ਸੰਪਾਦਨਾ ਸਮੇਂ 'ਜਨ ਨਾਨਕ' ਵਾਲੇ ਸ਼ਲੋਕ ਰਚ ਕੇ ਸ਼ਾਮਲ ਕਰ ਦਿੱਤੇ ਹੋਣਗੇ।

---

80. ਜ. ਗੁ. ਨਾ. ਭਾਗ ਪਹਿਲਾ, ਪੰਨਾ 85.
81. ਉਹੀ, ਭਾਗ ਦੂਜਾ ਪੰਨਾ 141.
82. ਉਹੀ, ਤੀਜਾ, 575.
83. ਜ. ਗੁ. ਨਾ., ਭਾਗ ਦੂਜਾ ਪੰਨਾ 398-510.
84. ਉਹੀ, ਭਾਗ ਪਹਿਲਾ ਪੰਨਾ 99, 115, 260.
85. ਉਹੀ, ਪੰਨਾ 20, 24, 109, 253, 353.

ਸੋ 'ਸਚਖੰਡ ਪੋਥੀ', 'ਹਰਿਜੀ ਪੋਥੀ' ਅਤੇ 'ਚਤੁਰਭੁਜ ਪੋਥੀ' ਆਦਿ ਦੀਆਂ ਗੋਸ਼ਟਾਂ ਦੇ ਅੰਤ ਉਤੇ ਮਿਲਦੇ 'ਨਾਨਕ ਦਾਸ' ਕਾਵਿ-ਛਾਪ ਵਾਲੇ ਸ਼ਲੋਕਾਂ ਤੋਂ ਵੀ ਇਹ ਗਲ ਸਪਸ਼ਟ ਹੋ ਜਾਂਦੀ ਹੈ ਕਿ ਇਹ ਤਿੰਨੇ ਹੀ ਪੋਥੀਆਂ ਵੱਖ ਵੱਖ, ਤਿੰਨ ਲੇਖਕਾਂ ਦੀਆਂ ਰਚਨਾਵਾਂ ਬਿਲਕੁਲ ਨਹੀਂ ਸਗੋਂ ਕੇਵਲ ਇਕੋ ਲੇਖਕ ਦੀਆਂ ਹੀ ਕਿਰਤਾਂ ਹਨ ਤੇ ਉਹ ਲੇਖਕ ਕੇਵਲ ਸੋਢੀ ਮਿਹਰਵਾਨ ਹੈ ਜਿਸ ਦਾ ਕਾਵੀ-ਛਾਪ 'ਨਾਨਕ ਦਾਸ' ਜਾਂ 'ਦਾਸ ਨਾਨਕ' ਹੈ। ਇਹ ਗਲ ਬਿਲਕੁਲ ਸੰਭਵ ਨਹੀਂ ਕਿ ਹਰਿਜੀ ਜਾਂ ਚਤੁਰਭੁਜ ਆਦਿ ਕਿਸੇ ਹੋਰ ਲੇਖਕ ਨੇ ਗੋਸ਼ਟਾਂ ਲਿਖ ਕੇ ਉਨ੍ਹਾਂ ਦੇ ਅੰਤ ਤੇ ਮਿਹਰਵਾਨ ਰਚਿਤ ਸ਼ਲੋਕ ਜੜ ਦਿੱਤੇ ਹੋਣ ਕਿਉਂਕਿ ਹਰ ਗੋਸ਼ਟਿ ਦੇ ਅੰਤ ਉਤੇ ਦਿੱਤਾ ਗਿਆ ਸ਼ਲੋਕ ਆਮ ਤੌਰ ਤੇ ਉਸ ਗੋਸ਼ਟਿ ਦਾ ਕੇਂਦਰੀ ਭਾਵ ਪੇਸ਼ ਕਰਨ ਦਾ ਹੀ ਯਤਨ ਪ੍ਰਤੀਤ ਹੁੰਦਾ ਹੈ, ਜੋ ਗੋਸ਼ਟਿ ਲਿਖੇ ਜਾਣ ਤੋਂ ਕੇਵਲ ਬਾਅਦ ਹੀ ਲਿਖਿਆ ਜਾ ਸਕਦਾ ਹੈ।

'ਗੋਸ਼ਟਾਂ ਗੁਰੂ ਅਮਰਦਾਸ ਜੀ ਕੀਆਂ' ਦੀਆਂ ਗੋਸ਼ਟਾਂ ਵਿਚ ਵੀ ਲੇਖਕ ਨੇ ਹਰ ਗੋਸ਼ਟ ਦੇ ਅੰਤ ਉਤੇ ਆਪਣੀ ਕਾਵੀ-ਛਾਪ ਵਾਲਾ ਸ਼ਲੋਕ ਦਿੱਤਾ ਹੈ ਜਿਸ ਵਿਚ ਉਸ ਗੋਸਟਿ ਦਾ ਕੇਂਦਰੀ ਭਾਵ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ, ਜਿਵੇਂ:

ੳ) ਸਲੋਕ॥ ਏਕ ਨਿਰੰਜਨੁ ਰਵਿ ਰਹਿਆ ਦੂਸਰੁ ਨਾਹੀ ਕੋਇ॥
ਨਾਨਕ ਦਾਸ ਪਛਾਣਿਆ ਜਿ ਘਟਿ ਘਟਿ ਅੰਤਰਿ ਸੋਇ।[86]

ਅ) ਸਲੋਕ॥ ਗੁਰੂ ਗੁਰੂ ਮੁਖਿ ਸਿਮਰੀਐ ਮਨ ਮਹਿ ਪ੍ਰੀਤਿ ਲਗਾਇ॥
ਜਨਮ ਮਰਣ ਕਾ ਨਾਸੁ ਹੋਇ ਦਾਸ ਨਾਨਕ ਨਾਮੁ ਧਿਆਇ।[87]

ਹਿੰਦੂ ਭਗਤਾਂ ਅਤੇ ਨਾਥਾਂ ਜੋਗੀਆਂ ਦੀਆਂ ਗੋਸ਼ਟਾਂ ਵਿਚ ਵੀ ਲੇਖਕ ਨੇ ਇਹੋ ਢੰਗ ਅਪਣਾਇਆ ਹੈ ਜਿਵੇਂ 'ਸਧਨੇ ਗੁਸਾਈ' ਦੀ ਗੋਸ਼ਟ ਦੇ ਅੰਤ ਤੇ ਦਿੱਤਾ ਗਿਆ ਸ਼ਲੋਕ ਇਉਂ ਹੈ:

ੲ) ਬੋਲਹੁ ਰਾਮ ਧਨਿ ਧਨਿ ਰਾਮ ਕੀ ਨਾਮੁ॥
ਸਿਮਰਤੁ ਪਾਈਐ ਸਚੁ ਧਾਮੁ ਨਾਨਕ ਦਾਸ ਤੇਈ ਪਰਵਾਨੁ।[88]

ਗੋਰਖ ਨਾਥ ਦੀਆਂ ਗੋਸ਼ਟਾਂ ਦੇ ਅੰਤ ਉਤੇ ਦਿੱਤਾ ਸ਼ਲੋਕ ਵੀ ਇਸੇ ਪ੍ਰਕਾਰ ਦਾ ਹੈ:

ਸ) ਜਤੀ ਸੋਈ ਸੁ ਰਾਖੈ ਬਿੰਦ। ਸਤੀ ਸੋਈ ਸਤਿ ਕਰੈ ਨਾ ਨਿੰਦ॥
ਨਾਨਕ ਦਾਸ ਵਖਾਣਨ ਵਿਦ।[89]

---

86. ਹ: ਲਿ:ਨੰ: 678, ਸੈ.ਪ.ਲਾ. ਪਟਿਆਲਾ, ਪੰਨਾ 110 ਅ.
87. ਉਹੀ, ਪੰਨਾ 115.
88. ਹ:ਲਿ:ਨੰ: 359, ਭਾ.ਵਿ.ਲਾ. ਪਟਿ., ਪੰਨਾ 190.
89. ਉਹੀ, ਪੰਨਾ 409.

ਇਸ ਕਾਵਿ-ਛਾਪ ਵਾਲੇ ਸ਼ਲੋਕ ਮਿਹਰਵਾਨ ਵਲੋਂ ਲਿਖੀਆਂ ਗਈਆਂ ਪੀਰਾਂ ਫ਼ਕੀਰਾਂ ਦੀਆਂ ਗੋਸ਼ਟਾਂ ਦੇ ਅੰਤ ਉਤੇ ਵੀ ਮਿਲਦੇ ਹਨ, ਜਿਵੇਂ 'ਮਜਲਸ ਮੂਸੇ ਪੈਗੰਬਰ ਕਾ' ਵੀ ਇਸ ਪੱਖ ਪਹਿਲੀਆਂ ਗੋਸ਼ਟਾਂ ਦੇ ਸ਼ਲੋਕਾਂ ਦੀ ਪਰੰਪਰਾ ਨੂੰ ਹੀ ਨਿਭਾਉਂਦਾ ਹੈ:

ਹ) ਸਤਿਗੁਰ ਕੈ ਬਲਿਹਾਰਣੈ ਜਿਨ ਸੋਝੀ ਦਿੱਤੀ ਪਾਇ॥
ਨਾਨਕ ਦਾਸ ਕੀ ਬੇਨਤੀ ਕਰ ਕਿਰਪਾ ਲਏ ਮਿਲਾਇ॥[90]

ਮਿਹਰਵਾਨ ਰਚਿਤ 'ਵਾਰ ਪੀਰਾਂ ਕੀ' ਅਤੇ ਮਹਲਾ 7 ਅਧੀਨ ਲਿਖੇ ਸ਼ਬਦਾਂ ਵਿਚ ਵੀ 'ਨਾਨਕ ਦਾਸ' ਜਾਂ 'ਦਾਸ ਨਾਨਕ' ਕਾਵਿ-ਛਾਪ ਦੀ ਵਰਤੋਂ ਕੀਤੀ ਗਈ ਹੈ ਜਿਵੇਂ:

ਕ) ੧ੴ ਰਾਗ ਗਉੜੀ ਮਹਲਾ - ੭
ਚਰਨ ਕਵਲ ਪ੍ਰਭ ਕੇ ਉਰਧਾਰੇ ।
ਸਾਸਿ ਸਾਸਿ ਹਰਿ ਨਾਮ ਚਿਤਾਰੇ।
.....................
ਚਰਨ ਕਵਲ ਮੋਹਿ ਦੇਹੁ ਪਿਆਰੇ
ਨਾਨਕ ਦਾਸ ਰਾਖਹੁ ਉਰਧਾਰੇ।[91]

ਕਈ ਥਾਈਂ ਲੇਖਕ ਨੇ 'ਨਾਨਕ ਦਾਸ' ਜਾਂ 'ਦਾਸ ਨਾਨਕ' ਕਾਵਿ-ਛਾਪ ਦੇ ਨਾਲ ਆਪਣਾ ਨਾਂ ਮਨੋਹਰਦਾਸ ਵੀ ਦੇ ਦਿਤਾ ਹੈ ਜਿਵੇਂ:

ਖ) ਕਰਮੁ ਕਰਹੁ ਚਰਨਾਂ ਸੰਗਿ ਲਾਵਹੁ।
ਦਾਸ ਮਨੋਹਰ ਕਉ ਪ੍ਰਭ ਆਪ ਮਿਲਾਵਹੁ।[92]

ਮਿਹਰਵਾਨ ਵਾਂਗ ਹਰਿਜੀ ਨੇ ਵੀ ਆਪਣੀਆਂ ਗੋਸ਼ਟਾਂ ਦੇ ਅੰਤ ਉਤੇ ਸ਼ਲੋਕ ਲਿਖਣ ਦੀ ਪਰੰਪਰਾ ਨੂੰ ਅਪਣਾਇਆ ਹੈ, ਪਰ ਉਸ ਨੇ ਹਰ ਥਾਂ ਕੇਵਲ 'ਜਨ ਨਾਨਕ' ਜਾਂ 'ਨਾਨਕ ਜਨ' ਛਾਪ ਦੀ ਵਰਤੋਂ ਕੀਤੀ ਹੈ। 'ਨਾਨਕ ਦਾਸ' ਜਾਂ 'ਦਾਸ ਨਾਨਕ' ਦੀ ਬਿਲਕੁਲ ਨਹੀਂ। 'ਗੋਸ਼ਟਾਂ ਗੁਰੂ ਮਿਹਰਵਾਨ ਜੀ ਕੀਆਂ' ਹਰਿਜੀ ਦੀ ਸੁਤੰਤਰ ਰਚਨਾ ਹੈ ਜਿਸ ਦੀਆਂ 45 ਗੋਸ਼ਟਾਂ

---

90. ਉਹੀ, ਰਚਨਾ, ਪੰਨਾ 189.
91. ਹੱਥ ਲਿਖਤ ਨੰ: 8759, ਸਿ:ਰੈ.ਲਾ:ਅੰਮ੍ਰਿਤ।
92. ਰਾਗ ਗਉੜੀ ਮਹਲਾ 1, ਹੱਥ ਲਿਖਤ ਨੰ: 8759, ਸਿ.ਰੈ.ਲਾ:ਅੰਮ੍ਰਿ।

ਵਿਚੋਂ 44 ਗੋਸ਼ਟਾਂ ਦੇ ਅੰਤ ਉਤੇ ਦਿੱਤੇ ਸ਼ਲੋਕਾਂ ਵਿਚ 'ਜਨ ਨਾਨਕ' ਦੀ ਛਾਪ ਵਰਤੀ ਗਈ ਹੈ।[93]

ਇਸ ਤੋਂ ਇਲਾਵਾ 'ਸੁਖਮਨੀ ਸਹੰਸਰਨਾਮ' ਨਾਮੀ ਹਰਿਜੀ ਦੀ ਇਕ ਹੋਰ ਮਹੱਤ੍ਵਪੂਰਣ ਸੁਤੰਤਰ ਰਚਨਾ ਹੈ। ਜਿਸ ਦੀਆਂ ਗੋਸ਼ਟਾਂ ਅਤੇ ਕਥਾਵਾਂ ਦੇ ਅੰਤ ਉਤੇ ਦਿੱਤੇ ਸ਼ਲੋਕਾਂ ਵਿਚ ਵੀ 'ਜਨ ਨਾਨਕ' ਹੀ ਮਿਲਦਾ ਹੈ। ਇਨ੍ਹਾਂ ਤੋਂ ਇਲਾਵਾ ਮਹਲਾ੮ ਅਧੀਨ ਲਿਖੇ ਸੁਖਦਾਂ ਵਿਚ ਵੀ 'ਜਨ ਨਾਨਕ' ਦੀ ਛਾਪ ਵਰਤੀ ਗਈ ਹੈ। ਇਹ ਗਲ ਵਿਸ਼ੇਸ਼ ਮਹੱਤਵ ਰਖਦੀ ਹੈ ਕਿ ਹਰਿਜੀ ਨੇ ਆਪਣੀਆਂ ਇਨ੍ਹਾਂ ਸਾਰੀਆਂ ਸੁਤੰਤਰ ਰਚਨਾਵਾਂ ਵਿਚ ਕਿਤੇ ਇਕ ਵਾਰ ਵੀ 'ਦਾਸ ਨਾਨਕ' ਜਾਂ 'ਨਾਨਕ ਦਾਸ' ਦੀ ਕਾਵਿ-ਛਾਪ ਨਹੀਂ ਵਰਤੀ। ਜਿਸ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਹਰਿਜੀ ਦੀ ਕਵੀ-ਛਾਪ ਸਿਰਫ਼ 'ਜਨ ਨਾਨਕ' ਜਾਂ 'ਨਾਨਕ ਜਨ' ਹੀ ਹੈ।[94]

ਸੋ, ਗੁਰੂ ਨਾਨਕ ਸਾਹਿਬ, ਗੁਰੂ ਅਮਰਦਾਸ ਸਾਹਿਬ, ਹਿੰਦੂ ਭਗਤਾਂ, ਨਾਥਾਂ ਜੋਗੀਆਂ ਅਤੇ ਮੁਸਲਮਾਨ ਪੀਰਾਂ ਫ਼ਕੀਰਾਂ ਦੀਆਂ ਗੋਸ਼ਟਾਂ ਦੇ ਅੰਤ ਉਤੇ 'ਦਾਸ ਨਾਨਕ' ਜਾਂ 'ਨਾਨਕ ਦਾਸ' ਕਾਵਿ-ਛਾਪ ਵਾਲੇ ਇਕੋ ਜਿਹੇ ਸ਼ਲੋਕ ਇਸ ਨਿਸ਼ਚੇ ਨੂੰ ਪੱਕਿਆਂ ਕਰਦੇ ਹਨ ਕਿ ਇਹ ਸਾਰੀਆਂ ਹੀ ਰਚਨਾਵਾਂ ਇਕੋ ਕਲਮ ਦਾ ਦੇਣ ਹਨ ਅਤੇ ਇਨ੍ਹਾਂ ਦਾ ਲੇਖਕ ਸੋਢੀ ਮਿਹਰਵਾਨ ਹੀ ਹੈ।

ਪਰ 'ਗੋਸ਼ਟਾਂ ਕਬੀਰ ਜੀ ਕੀਆਂ' ਅਤੇ 'ਮਸਲੇ ਹਜ਼ਰਤ ਰਸੂਲ ਕੇ' ਲੇਖਕ ਦੀਆਂ ਅਜਿਹੀਆਂ ਦੋ ਰਚਨਾਵਾਂ ਹਨ ਜਿਨ੍ਹਾਂ ਦੀਆਂ ਗੋਸ਼ਟਾਂ ਦੇ ਅੰਤ ਤੇ ਸ਼ਲੋਕ ਨਹੀਂ ਮਿਲਦੇ। ਇਸ ਦਾ ਕਾਰਨ ਇਹ ਪ੍ਰਤੀਤ ਹੁੰਦਾ ਹੈ ਕਿ ਮਿਹਰਵਾਨ ਨੇ ਗੋਸ਼ਟਾਂ ਦੇ ਅੰਤ ਉਤੇ ਸ਼ਲੋਕ ਲਿਖਣ ਦਾ ਢੰਗ ਕੁਝ ਚਿਰ ਮਗਰੋਂ ਹੀ ਅਪਣਾਇਆ ਜਿਸ ਕਾਰਨ ਉਸ ਦੇ ਮੁੱਢਲੇ ਸਮੇਂ ਦੀਆਂ ਇਨ੍ਹਾਂ ਪਹਿਲੀਆਂ ਰਚਨਾਵਾਂ ਵਿਚ ਇਹ ਸ਼ਲੋਕ ਨਹੀਂ ਆ ਸਕੇ।

---

93. ਹ.ਲਿ: ਨੰ: 671, ਸੈਂ. ਪ. ਲਾ: ਪਟਿਆਲਾ, ਪੰਨਾ 3

94. ਮਿਹਰਵਾਨ ਸੰਪ੍ਰਦਾਇ ਦੇ ਅਗਲੇ ਲੇਖਕਾਂ ਨੇ ਵੀ ਆਪਣੀਆਂ ਰਚਨਾਵਾਂ 'ਜਨ' ਕਾਵਿ-ਛਾਪ ਨੂੰ ਅਪਣਾਇਆ ਹੈ ਜਿਵੇਂ ਕੇਸੋਦਾਸ ਨੇ 'ਕੇਸੋ ਜਨ' ਅਤੇ ਕੁਸ਼ਲਦਾਸ ਨੇ 'ਜਨ ਕੁਸ਼ਲਦਾਸ' ਦੀ ਵਰਤੋਂ ਕੀਤੀ ਹੈ।
(ਵੇਖੋ: ਹੱਥ ਲਿਖਤ ਨੰ: 598, ਗੁ. ਨਾ. ਯੂ. ਅੰਮ੍ਰਿਤਸਰ)

ਤਕਨੀਕੀ ਪੱਖ ਤੋਂ ਵੀ ਇਨ੍ਹਾਂ ਸਾਰੀਆਂ ਗੋਸ਼ਟਾਂ ਦੇ ਅਧਾਰ ਇਕੋ ਜਿਹੇ ਹਨ। ਬਹੁਤੀਆਂ ਗੋਸ਼ਟਾਂ ਵਿਚ, ਪੇਸ਼ ਕੀਤੀਆਂ ਘਟਨਾਵਾਂ ਦੇ ਵਾਪਰਣ ਦੇ ਸਮੇਂ, ਸਥਾਨ ਅਤੇ ਪਾਤਰਾਂ ਆਦਿ ਦੀ ਇਕੋ ਜਿਹੀ ਕਲਪਨਾ ਕੀਤੀ ਗਈ ਹੈ। ਜਿਵੇਂ ਬਹੁਤੀਆਂ ਗੋਸ਼ਟਾਂ ਕਿਸੇ ਨਗਰ, ਜੰਗਲ, ਨਦੀ ਕਿਨਾਰੇ, ਧਰਮਸ਼ਾਲਾ, ਰਾਮ ਸ਼ਾਲਾ, ਬਨਾਰਸ ਜਾਂ ਕਰਤਾਰਪੁਰ ਵਿਚ ਹੀ ਵਾਪਰਦੀਆਂ ਦਿਖਾਈਆਂ ਗਈਆਂ ਹਨ। ਇਨ੍ਹਾਂ ਵਿਚ ਹਿੱਸਾ ਲੈਣ ਵਾਲੇ ਪਾਤਰ ਵੀ ਅਕਸਰ ਕੋਈ ਰਾਮ ਜਨ, ਗੋਬਿੰਦ ਲੋਕ, ਭਗਤ, ਬੈਸ਼ਨੂੰ, ਸਿੱਖ ਜਾਂ ਨਾਇਕ ਦੇ ਪਰਵਾਰ ਦਾ ਕੋਈ ਵਿਅਕਤੀ ਹੀ ਹੁੰਦਾ ਹੈ।

ਇਸੇ ਤਰ੍ਹਾਂ ਇਨ੍ਹਾਂ ਗੋਸ਼ਟਾਂ ਦੀਆਂ ਘਟਨਾਵਾਂ ਦੇ ਵਾਪਰਣ ਦਾ ਸਮਾਂ ਵੀ ਨਿਸ਼ਚਿਤ ਨਹੀਂ। ਸਗੋਂ ਲੇਖਕ ਨੇ ਜਬ ਜਾਂ ਤਬ ਕਹਿ ਕੇ ਹੀ ਕੰਮ ਸਾਰ ਲਿਆ ਹੈ। 'ਗੋਸ਼ਟਾਂ ਗੁਰੂ ਨਾਨਕ', 'ਗੋਸ਼ਟਾਂ ਗੁਰੂ ਅਮਰਦਾਸ', 'ਗੋਸ਼ਟਾਂ ਕਬੀਰ' ਤੇ 'ਗੋਸ਼ਟਾਂ ਰਵਿਦਾਸ' ਆਦਿ ਸਾਰੀਆਂ ਹੀ ਰਚਨਾਵਾਂ ਦੀਆਂ ਗੋਸ਼ਟਾਂ ਵਿਚ ਗੋਸ਼ਟ ਵਾਪਰਣ ਦਾ ਕੋਈ ਨਿਸ਼ਚਿਤ ਦਿਨ, ਮਹੀਨਾ, ਸੰਨ ਜਾਂ ਨਾਇਕ ਦੀ ਉਮਰ ਦਾ ਵਰ੍ਹਾ ਆਦਿ ਨਹੀਂ ਦੱਸਿਆ ਗਿਆ। ਸੋ ਇਸ ਪੱਖੋਂ ਵੀ ਇਨ੍ਹਾਂ ਸਾਰੀਆਂ ਰਚਨਾਵਾਂ ਦੀਆਂ ਇਹ ਸਮਾਨਤਾਵਾਂ ਇਨ੍ਹਾਂ ਨੂੰ ਇਕੋ ਲੇਖਕ ਦੀਆਂ ਰਚਨਾਵਾਂ ਸਾਬਤ ਕਰਦੀਆਂ ਹੈਨ।

'ਗੋਸ਼ਟਾਂ ਗੁਰੂ ਨਾਨਕ' ਅਤੇ 'ਗੋਸ਼ਟਾਂ ਕਬੀਰ ਜੀ ਕੀਆਂ' ਤਾਂ ਲੇਖਕ ਦੀਆਂ ਅਜਿਹੀਆਂ ਦੋ ਪ੍ਰਮੁੱਖ ਰਚਨਾਵਾਂ ਹਨ ਜਿਨ੍ਹਾਂ ਦੀਆਂ ਗੋਸ਼ਟਾਂ ਵਿਚ ਉਸਾਰੀਆਂ ਘਟਨਾਵਾਂ ਦਾ ਆਧਾਰ ਤਾਂ ਬਿਲਕੁਲ ਇਕੋ ਜਿਹਾ ਹੀ ਨਜ਼ਰ ਆਉਂਦਾ ਹੈ। ਪਹਿਲੀ ਰਚਨਾ ਦੀਆਂ ਗੋਸ਼ਟਾਂ ਕਿਸੇ ਨਗਰ, ਜੰਗਲ ਜਾਂ ਨਦੀ ਦੇ ਕਿਨਾਰੇ ਤੇ ਵਾਪਰਦੀਆਂ ਹਨ ਤਾਂ ਕਬੀਰ ਜੀ ਦੀਆਂ ਗੋਸ਼ਟਾਂ ਵੀ ਬਨਾਰਸ ਸ਼ਹਿਰ, ਕਿਸੇ ਜੰਗਲ ਜਾਂ ਨਦੀ ਦੇ ਕਿਨਾਰੇ ਤੇ ਹੀ ਵਾਪਰਦੀਆਂ ਹਨ। ਜੇ ਕਰ ਗੁਰੂ ਨਾਨਕ ਸਾਹਿਬ, ਕਰਤਾਰਪੁਰ ਧਰਮਸ਼ਾਲਾ ਵਿਚ ਬੈਠਦੇ ਹਨ ਤਾਂ ਕਬੀਰ ਜੀ ਆਪਣੀ ਰਾਮਸ਼ਾਲਾ ਵਿਚ ਟਿਕਦੇ ਦਸੇ ਗਏ ਹਨ।[95] ਇਸ ਤੋਂ ਇਲਾਵਾ ਕਬੀਰ ਜੀ ਦੀਆਂ ਕਾਫ਼ੀ ਗੋਸ਼ਟਾਂ ਗੁਰੂ ਨਾਨਕ ਸਾਹਿਬ ਦੀਆਂ ਗੋਸ਼ਟਾਂ ਨਾਲ ਮਿਲਦੀਆਂ ਹਨ ਜਿਵੇਂ ਕਬੀਰ ਜੀ ਦਾ ਧਰਤੀ ਵਿਚ ਗੁਫ਼ਾ ਬਣਾ ਕੇ ਬੈਠਣਾ ਅਤੇ ਗੁਰੂ ਨਾਨਕ ਸਾਹਿਬ ਦਾ ਗੁਫ਼ਾ ਬਣਾ ਕੇ ਖੂੰਡੀ ਵਿਚ ਬੈਠਣਾ[96], ਵੈਦ ਬੁਲਾਉਣਾ[97] ਨਾਥਾਂ ਅਤੇ ਸਿਧਾਂ ਨਾਲ ਗੋਸ਼ਟਾਂ ਕਰਨੀਆਂ ਅਤੇ ਪਰਮੇਸ਼ੁਰ ਦੇ ਦਰਬਾਰ ਵਿਚ ਜਾ ਕੇ ਉਸ ਨਾਲ ਮੁਲਾਕਾਤਾਂ

---

95. ਜ. ਗੁ. ਨਾ. ਭਾਗ ਦੂਜਾ ਗੋਸ਼ਟ ਨੰ: 23, 28, 29, ਅਤੇ 31 ਆਦਿ.
'ਗੋਸ਼ਟਾਂ ਕਬੀਰ ਜੀ ਕੀਆਂ' ਗੋਸ਼ਟ ਨੰ: 96 ਆਦਿ.

96. ਜ. ਗੁ. ਨਾ., ਭਾਗ ਦੂਜਾ।

97. ਜ. ਗੁ. ਨਾ., ਭਾਗ ਦੂਜਾ ਗੋਸ਼ਟ ਨੰ: 15. ਗੋ: ਕ. ਜੀ. ਕੀ., ਗੋਸ਼ਟ ਨੰ: 14.

ਕਰਨੀਆਂ[98] ਆਦਿ ਗੋਸ਼ਟ, ਕਾਫ਼ੀ ਮਿਲਦੀਆਂ ਹਨ।

ਸ਼ੈਲੀ ਦਾ ਸਮਾਨਤਾ :

ਇਨ੍ਹਾਂ ਰਚਨਾਵਾਂ ਵਿਚ ਸ਼ੈਲੀ ਦੇ ਪੱਖ ਤੋਂ ਵੀ, ਜਿਵੇਂ ਕਿ ਅਸੀਂ ਅਗੇ ਚਲ ਕੇ ਵੇਖਾਂਗੇ, ਬਹੁਤ ਸਮਾਨਤਾ ਹੈ। ਸਾਖੀਆਂ ਦੇ ਉਥਾਨ, ਪਰਮਾਰਥਾਂ ਦੇ ਫੈਲਣ ਅਤੇ ਨਾਇਕਾਂ ਦੇ ਚਰਿੱਤ੍ਰ ਉਘਾੜਨ ਵਿਚ ਸਮਾਨਤਾ, ਇਨ੍ਹਾਂ ਦੇ ਇਕੋ ਸਰੋਤ ਤੋਂ ਹੋਣ ਦੀ ਸਾਖੀ ਭਰਦੀ ਹੈ। ਇਸ ਦੀ ਪ੍ਰੋੜ੍ਹਤਾ ਭਾਸ਼ਾ ਦੀ ਸਮਾਨ ਤੋਂ ਵੀ ਹੋ ਜਾਂਦੀ ਹੈ।

ਸੋ ਇਉਂ ਅਸੀਂ ਲੇਖਕ ਦੀ ਮੁੱਖ ਰਚਨਾ 'ਗੋਸ਼ਟਾਂ ਗੁਰੂ ਨਾਨਕ' ਸੰਬੰਧੀ ਵੀ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਸਚਖੰਡ ਹਰਿਜੀ ਪੋਥੀ ਅਤੇ ਚਤੁਰਭੁਜ ਪੋਥੀ ਨਿਸ਼ਚਿਤ ਰੂਪ ਵਿਚ ਸੋਢੀ ਮਿਹਰਵਾਨ ਦੀਆਂ ਹੀ ਰਚਨਾਵਾਂ ਹਨ। ਜਿਨ੍ਹਾਂ ਨੂੰ ਉਸ ਦੇ ਅਕਾਲ ਚਲਾਣੇ ਤੋਂ ਬਾਅਦ ਹਰਿਜੀ ਨੇ ਕੇਸੋਦਾਸ ਆਦਿ ਲਿਖਾਰੀਆਂ ਦੀ ਸਹਾਇਤਾ ਨਾਲ ਸੰਵਾਰਿਆ ਅਤੇ ਸੰਪਾਦਿਤ ਕੀਤਾ। ਇਸੇ ਲਈ ਕੇਵਲ ਸਤਿਕਾਰ ਵਜੋਂ, ਦੂਜੀ ਪੋਥੀ ਹਰਿਜੀ ਅਤੇ ਤੀਜੀ ਪੋਥੀ ਚਤੁਰਭੁਜ ਦੇ ਨਾਂ ਨਾਲ ਜੋੜ ਦਿੱਤੀ ਗਈ। ਅਪ੍ਰਾਪਤ ਤਿੰਨ ਪੋਥੀਆਂ, 'ਕੇਸੋ ਰਾਇ ਪੋਥੀ, ਅਭੈਪਦ ਪੋਥੀ ਅਤੇ ਪ੍ਰੇਮ ਪਦ ਪੋਥੀ ਸੰਬੰਧੀ ਵੀ ਇਹੋ ਨਿਸ਼ਚਾ ਬਣਦਾ ਹੈ ਕਿ ਇਹ ਪੋਥੀਆਂ ਵੀ ਇਸੇ ਲੇਖਕ ਵਲੋਂ ਲਿਖੀਆਂ ਇਸੇ ਲੜੀ ਦੀਆਂ ਰਚਨਾਵਾਂ ਹਨ ਜਿਨ੍ਹਾਂ ਦਾ ਸੰਪਾਦਨ ਕਾਫ਼ੀ ਦੇਰ ਮਗਰੋਂ ਤਕ ਹੁੰਦਾ ਰਿਹਾ। ਸੰਭਵ ਹੈ ਕਿ ਇਸੇ ਲਈ ਇਹ ਰਚਨਾਵਾਂ ਪਹਿਲੀਆਂ ਤਿੰਨ ਪੋਥੀਆਂ ਨਾਲੋਂ ਅੱਡ ਰਹਿ ਗਈਆਂ। ਇਹ ਵੀ ਸੰਭਵ ਹੈ ਕਿ ਬਹੁਤ ਵੱਡੇ ਆਕਾਰ ਕਾਰਨ ਹੀ ਇਨ੍ਹਾਂ ਨੂੰ ਛੇ ਹਿੱਸਿਆਂ ਵਿਚ ਵੰਡਿਆ ਹੋਵੇ ਜੋ ਅੱਜ ਪੂਰੇ ਰੂਪ ਵਿਚ ਸਾਡੇ ਤੱਕ ਨਹੀਂ ਅਪੜ ਸਕੀਆਂ।

---

98. ਉਹੀ ਰਚਨਾ, ਭਾਗ ਪਹਿਲਾ, ਗੋਸ਼ਟ ਨੰ: 137, 146, 150 ਆਦਿ।
'ਗੋਸ਼ਟਾਂ ਕਬੀਰ ਜੀ ਕੀਆਂ', ਗੋਸ਼ਟ ਨੰ: 11, 17, 65 ਤੇ 105 ਆਦਿ।

3. <u>ਰਚਨਾ-ਕਾਲ</u> :

ਲੇਖਕ ਦੀਆਂ ਬਹੁਤੀਆਂ ਰਚਨਾਵਾਂ ਵਿਚ ਉਨ੍ਹਾਂ ਦੇ ਰਚਨਾਕਾਲ ਸੰਬੰਧੀ ਕੋਈ ਸੂਚਨਾ ਨਹੀਂ ਦਿੱਤੀ ਗਈ। ਇਸ ਲਈ ਉਸ ਦੀਆਂ ਰਚਨਾਵਾਂ ਦੇ ਲਿਖਣ ਕਾਲ ਸੰਬੰਧੀ ਭਾਵੇਂ ਠੀਕ ਠੀਕ ਸੰਨ ਤਾਂ ਨਿਸ਼ਚਿਤ ਨਹੀਂ ਕੀਤੇ ਜਾ ਸਕਦੇ ਪਰ ਫਿਰ ਵੀ ਪ੍ਰਾਪਤ ਗੱਦ-ਰਚਨਾਵਾਂ ਦੀਆਂ ਅੰਦਰਲੀਆਂ ਅਤੇ ਬਾਹਰਲੀਆਂ ਗਵਾਹੀਆਂ ਦੇ ਆਧਾਰ ਉਤੇ ਉਸ ਦੀਆਂ ਗੱਦ-ਰਚਨਾਵਾਂ ਦੇ ਰਚਨ ਕਾਲ ਸੰਬੰਧੀ ਕੁਝ ਅਨੁਮਾਨ ਜ਼ਰੂਰ ਲਾਇਆ ਜਾ ਸਕਦਾ ਹੈ।

ਹਰਿਜੀ ਦੀ ਸੂਚਨਾ ਅਨੁਸਾਰ ਮਿਹਰਵਾਨ ਵਲੋਂ ਰਚੀ ਗਈ ਪਹਿਲੀ ਗੱਦ-ਰਚਨਾ 'ਗੋਸ਼ਟਾਂ ਕਬੀਰ ਜੀ ਕੀਆਂ' ਦੇ ਆਧਾਰ ਵਜੋਂ ਵਰਤੀ ਗਈ ਬਾਣੀ 'ਸ੍ਰੀ ਗੁਰੂ ਗਰੰਥ ਸਾਹਿਬ' ਵਿਚੋਂ ਪ੍ਰਾਪਤ ਕੀਤੀ ਗਈ ਜਾਪਦੀ ਹੈ। 'ਆਦਿ ਗ੍ਰੰਥ' ਦੀ ਸੰਪਾਦਨਾ 1604 ਈ: ਵਿਚ ਸੰਪੂਰਨ ਹੋਈ। ਇਸ ਹਿਸਾਬ ਅਨੁਸਾਰ ਮਿਹਰਵਾਨ ਨੇ 1604 ਈ: ਦੇ ਲਗਭਗ ਹੀ ਆਪਣੀਆਂ ਗੋਸ਼ਟਾਂ ਦੀ ਰਚਨਾ ਆਰੰਭ ਕੀਤੀ। ਵੈਸੇ ਵੀ ਪਰਮਾਰਥ ਪੇਸ਼ ਕਰਨ ਵਾਲੀਆਂ ਇਤਨੀਆਂ ਗੰਭੀਰ, ਦਾਰਸ਼ਨਿਕ ਅਤੇ ਅਧਿਆਤਮਿਕ ਰਚਨਾਵਾਂ ਬਹੁਤੀ ਛੋਟੀ ਉਮਰ ਵਿਚ ਰਚੀਆਂ ਜਾਣੀਆਂ ਸੰਭਵ ਵੀ ਨਹੀਂ ਹੋ ਸਕਦੀਆਂ।

ਸੋ, ਇਨ੍ਹਾਂ ਪ੍ਰਾਪਤ ਇਸ਼ਾਰਿਆਂ ਦੇ ਆਧਾਰ ਉਤੇ ਇਹ ਵਿਸ਼ਵਾਸ਼ ਬਝਦਾ ਹੈ ਕਿ ਮਿਹਰਵਾਨ ਨੇ 1604-5 ਈ: ਤੋਂ 1640 ਈ: ਤਕ ਦੇ 35 ਵਰ੍ਹਿਆਂ ਦੇ ਸਮੇਂ ਵਿਚ ਆਪਣੀ ਸਮੁੱਚੀ ਰਚਨਾ ਕੀਤੀ ਇਨ੍ਹਾਂ 35 ਵਰ੍ਹਿਆਂ ਵਿਚ ਰਚੀਆਂ ਗਈਆਂ ਰਚਨਾਵਾਂ ਦਾ ਤਰਤੀਬ ਅਤੇ ਸਮੇਂ ਬਾਰੇ ਕੁਝ ਹੋਰ ਅਨੁਮਾਨ ਲਗਾਏ ਜਾ ਸਕਦੇ ਹਨ। . . .

---

**'ਗੋਸਟਿ' ਕਬੀਰ ਜੀ ਕੀਆ' ਦਾ ਰਚਨਾ-ਕਾਲ :**

'ਗੋਸਟਿ' ਗੁਰੂ ਮਿਹਰਵਾਨ' ਵਿਚ ਹਰਿਜੀ ਦੀ ਇਹ ਸੂਚਨਾ ਕਿ.. "ਆਦਿ ਹੀ ਕਬੀਰ ਗੁਸਾਈ ਕੀਆਂ ਗੋਸਟਿ ਭਈਆਂ ਥੀਆਂ। ਤਿਸ ਤੇ ਪੀਛੇ ਅਉਰ ਸਭ ਗੋਸਟੀਆਂ ਹੋਈਆਂ।"[99] ਤੋਂ ਸਪਸ਼ਟ ਹੈ ਕਿ ਮਿਹਰਵਾਨ ਨੇ ਸਭ ਤੋਂ ਪਹਿਲਾਂ 'ਗੋਸਟਿ ਕਬੀਰ ਜੀ ਕੀਆ' ਦੀ ਹੀ ਰਚਨਾ ਕੀਤੀ। ਸ਼ੈਲੀ ਦੇ ਪੱਖ ਦੇਖਿਆਂ ਵੀ ਇਸ ਰਚਨਾ ਦਾ 'ਗੋਸਟਿ' ਗੁਰੂ ਨਾਨਕ' ਆਦਿ ਨਾਲੋਂ ਕੁਝ ਅੰਤਰ ਨਜ਼ਰ ਆਉਂਦਾ ਹੈ। 'ਗੋਸਟਿ' ਗੁਰੂ ਨਾਨਕ' ਅਤੇ 'ਗੋਸਟਿ' ਗੁਰੂ ਅਮਰਦਾਸ' ਦੀ ਸ਼ੈਲੀ ਇਸ ਦੀ ਸ਼ੈਲੀ ਨਾਲੋਂ ਵਧੇਰੇ ਪ੍ਰੌੜ ਅਤੇ ਮਾਂਜੀ ਸੁਆਰੀ ਹੋਈ ਹੈ ਜਿਵੇਂ ਕਿ ਅਸੀਂ ਪਿਛੇ ਵੇਖਿਆ ਲੇਖਕ ਨੇ ਲਗਭਗ ਆਪਣੀਆਂ ਸਾਰੀਆਂ ਹੀ ਗੱਦ ਰਚਨਾਵਾਂ ਵਿਚ ਗੋਸ਼ਟੀਆਂ ਦੇ ਅੰਤ ਉਤੇ ਇਕ ਸ਼ਲੋਕ ਦਿੱਤਾ ਹੈ। ਪਰ 'ਗੋਸਟਿ' ਕਬੀਰ ਜੀ ਕੀਆ' ਲੇਖਕ ਦੀ ਅਜਿਹੀ ਰਚਨਾ ਹੈ ਜਿਸ ਵਿਚ ਉਸ ਨੇ ਆਪਣਾ ਇਕ ਵੀ ਸ਼ਲੋਕ ਨਹੀਂ ਦਿੱਤਾ। ਸੰਭਵ ਹੈ ਕਿ ਉਸਨੇ ਅੰਤ-ਸ਼ਲੋਕ ਦੇਣ ਵਾਲਾ ਢੰਗ ਬਾਅਦ ਵਿਚ ਅਪਣਾਇਆ। ਜਿਸ ਕਾਰਨ ਪਹਿਲੀ ਰਚਨਾ ਹੋਣ ਕਰਕੇ ਇਸ ਵਿਚ ਸ਼ਲੋਕ ਨਹੀਂ ਲਿਖੇ ਗਏ।

ਹਰਿਜੀ ਦੀ ਇਕ ਹੋਰ ਸੂਚਨਾ ਅਨੁਸਾਰ 'ਸਭਨਾ ਗੁਰਾਂ ਕੀਆਂ ਗੋਸਟਿ ਅਰੁ ਸਭਨਾ ਭਗਤਾਂ ਕੀਆਂ ਗੋਸਟੀਆਂ ਗੁਰੂ ਸਾਹਿਬ ਸਲਾਮਤ ਹੋਂਦੇ ਹੀ ਹੋਈਆਂ ਥੀਆਂ।[100]

ਹਰਿਜੀ ਅਤੇ ਉਨ੍ਹਾਂ ਦੀ ਪਰੰਪਰਾ ਦੇ ਅਗਲੇ ਸਭ ਅਨੁਯਾਈਆਂ ਨੇ ਸੋਢੀ ਮਿਹਰਵਾਨ ਨੂੰ ਸ੍ਰੀ ਸਤਿਗੁਰੂ ਅਤੇ ਪ੍ਰਿਥੀ ਚੰਦ ਨੂੰ 'ਗੁਰੂ ਸਾਹਿਬ' ਦੇ ਵਿਸ਼ੇਸ਼ਣਾਂ ਨਾਲ ਥਾਂ ਥਾਂ ਯਾਦ ਕੀਤਾ ਹੈ। ਹਰਿਜੀ ਨੇ ਗੋਸਟਿ ਗੁਰੂ ਮਿਹਰਵਾਨ ਅਤੇ ਆਪਣੀਆਂ ਹੋਰ ਰਚਨਾਵਾਂ ਵਿਚ ਮਿਹਰਵਾਨ ਲਈ ਥਾਂ ਥਾਂ 'ਸ੍ਰੀ ਸਤਿਗੁਰੂ' ਦਾ ਵਿਸ਼ੇਸ਼ਣ ਵਰਤਿਆ ਹੈ ਜਿਵੇਂ "ਤਬਿ ਸ੍ਰੀ ਸਤਿਗੁਰੂ ਜੀ ਮੁਸਕਾਇ ਕੈ ਕਹਿਆ...।"[101] ਜਾਂ 'ਤਬਿ ਸ੍ਰੀ ਸਤਿਗੁਰੂ ਮਿਹਰਵਾਨੁ ਜੀ ਕਹਿਆ ਜਿ ਸੁਨ ਬਚਾ...।"[102] ਇਸੇ ਤਰ੍ਹਾਂ ਹਰਿਜੀ ਨੇ ਆਪਣੀਆਂ ਰਚਨਾਵਾਂ ਵਿਚ ਪ੍ਰਿਥੀ ਚੰਦ ਲਈ ਥਾਂ ਥਾਂ ਗੁਰੂ ਸਾਹਿਬ ਵਿਸ਼ੇਸ਼ਣ ਵਰਤਿਆ ਹੈ ਜਿਵੇਂ: "ਤਬ ਪਾਰਬ੍ਰਹਮ ਪਰਮੇਸਰ ਜੀ..., ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ

---

99. ਹ:ਲਿ:ਨੰ: 2527, ਸੈ. ਪ. ਲਾ. ਪਟਿ. ਪੰਨਾ 279.
100. ਉਹੀ ਸਥਾਨ।
101. ਉਹੀ ਰਚਨਾ, ਪੰਨਾ 335.
102. ਉਹੀ, ਪੰਨਾ 248.

ਅਰਜਨ, ਸ੍ਰੀ ਗੁਰੂ ਸਾਹਿਬ ਜੀ ਸਭ ਭਗਤ ਅਤੇ ਸਮਸਤ ਦੇਵਤਿਆਂ ਕਉ ਬੁਲਾਇ ਕਹਿਆ...।"[103] ਜਾਂ "ਤਬ ਗੁਰੂ ਸਾਹਿਬ ਜੀ ਸੁਣਿ ਪਾਇਆ ਜਿ ਮਨੋਹਰਿ ਦਾਸ ਉਦਾਸਿ ਕੈ ਘਰਿ ਰਹਿਆ ਹੈ...।"[104]

ਮਿਹਰਵਾਨ ਦੇ ਮੁੱਖ ਲਿਖਾਰੀ ਕੇਸੋਦਾਸ ਅਤੇ ਇਕ ਹੋਰ ਮੀਣੇ ਕਵੀ ਕੁਸ਼ਲਦਾਸ ਦੀ ਕਾਵਿ-ਰਚਨਾ, 'ਪੋਥੀ ਸਾਹਿਬ' ਨਾਂ ਦੀ ਹੱਥ ਲਿਖਤ ਵਿਚ ਪ੍ਰਾਪਤ ਹੈ। ਇਸ ਪੋਥੀ ਵਿਚ ਪ੍ਰਿਥੀ ਚੰਦ ਅਤੇ ਮਿਹਰਵਾਨ ਦੀ ਉਸਤਤਿ ਵਿਚ ਲਿਖੇ ਸਵਯੇ ਸ਼ਾਮਲ ਹਨ। ਕੇਸੋਦਾਸ ਪ੍ਰਿਥੀ ਚੰਦ ਲਈ 'ਗੁਰੂ ਸਾਹਿਬ' ਦਾ ਉਪ ਨਾਂ ਜਾਂ ਵਿਸ਼ੇਸ਼ਣ ਵਰਤਦਿਆਂ ਸਪਸ਼ਟ ਰੂਪ ਵਿਚ ਇਉਂ ਲਿਖਦਾ ਹੈ ਕਿ:

"ਸਵੈਯੇ॥ ਉਸਤਤਿ ਸ੍ਰੀ ਗੁਰੂ ਸਾਹਿਬ ਜੀ ਕੀ...ਸਤਿ ਸਤਿ ਹਰਿ ਸਤਿ ਸਤਿ ਗੁਰੂ ਸਾਹਿਬ ਪੂਰਾ...।"[105]

ਇਸੇ ਤਰ੍ਹਾਂ ਕੁਸ਼ਲਦਾਸ ਨੇ ਵੀ ਪ੍ਰਿਥੀ ਚੰਦ ਲਈ ਇਸੇ ਵਿਸ਼ੇਸ਼ਣ ਦੀ ਵਰਤੋਂ ਇਉਂ ਕੀਤੀ ਹੈ:

ਸਵੈਯੇ। ਉਸਤਤਿ ਸ੍ਰੀ ਸਤਿਗੁਰ ਸਾਹਿਬ ਜੀ।... ਸਤਿ ਸਤਿ ਹਰਿ ਸਤਿ ਸਤਿ ਗੁਰੂ ਸਾਹਿਬ ਆਪੇ...।"[106]

ਭਾਈ ਦਰਬਾਰੀ ਨੇ ਵੀ ਆਪਣੀ ਪੋਥੀ ਦੇ ਆਰੰਭ ਵਿਚ ਦਿਤੀ ਬੰਸਾਵਲੀ ਵਿਚ ਪ੍ਰਿਥੀ ਚੰਦ ਲਈ ਇਸੇ ਵਿਸ਼ੇਸ਼ਣ ਦੀ ਵਰਤੋਂ ਇਉਂ ਕੀਤੀ ਹੈ:-

"ਗੁਰੂ ਰਾਮਦਾਸ ਗੁਰੂ ਅਰਜਨੈ ਹਰਿ ਨਾਮ ਜਪਾਇਆ।
ਗੁਰੂ ਸਾਹਿਬ ਗੁਰੂ ਮਿਹਰਵਾਨ ਸਚ ਪ੍ਰਗਟਾਇਆ।...।"[107]

ਇਸ ਤੋਂ ਇਲਾਵਾ ਮੀਣਾ ਸੰਪ੍ਰਦਾਇ ਦੀਆਂ ਮਿਲਦੀਆਂ ਹੋਰਾਂ ਬੰਸਾਵਲੀਆਂ ਅਤੇ ਰਚਨਾਵਾਂ ਵਿਚ ਵੀ ਪ੍ਰਿਥੀ ਚੰਦ ਲਈ ਥਾਂ ਥਾਂ ਇਸੇ ਵਿਸ਼ੇਸ਼ਣ ਦੀ ਵਰਤੋਂ ਕੀਤੀ ਗਈ ਹੈ।

ਸੋ ਇਹ ਗਲ ਨਿਰਮੂਲ ਸਾਬਤ ਹੋ ਜਾਂਦੀ ਹੈ ਕਿ 'ਗੋਸ਼ਟਾਂ ਗੁਰੂ ਮਿਹਰਵਾਨ' ਵਿਚ ਹਰਿਜੀ ਵਲੋਂ ਵਰਤਿਆ 'ਗੁਰੂ ਸਾਹਿਬ' ਵਿਸ਼ੇਸ਼ਣ ਪ੍ਰਿਥੀ ਚੰਦ ਲਈ ਨਹੀਂ ਸਗੋਂ ਮਿਹਰਵਾਨ ਲਈ ਹੈ।[108] ਇਸ ਅਨੁਸਾਰ ਅਨੁਮਾਨ ਲਗਦਾ ਹੈ ਕਿ ਕਬੀਰ ਜੀ ਦੀਆਂ ਗੋਸ਼ਟਾਂ ਦੀ ਰਚਨਾ

---

103. ਉਹੀ ਪੰਨਾ; 350.
104. ਉਹੀ ਪੰਨਾ 176.
105. ਹੱ: ਲਿ:ਨੰ: 598, ਗੁ. ਨਾ. ਯੂਨੀ:ਅੰਮ੍ਰਿਤਸਰ ਪੰ. 1
106. ਉਹੀ, ਪੰਨਾ 77
107. ਪੋਥੀ ਭਾਈ ਦਰਬਾਰੀ, ਪੰਨਾ 1
108. ਡਾ: ਦੀਵਾਨ ਸਿੰਘ (ਜ. ਗ.ਨਾ. ਭਾਗ ਦੂਜਾ ਪੰਨਾ 51) ਅਤੇ ਸ੍ਰੀਮਤੀ ਨਰਿੰਦਰ ਕੌਰ (ਖੋਜ-ਪ੍ਰਬੰਧ, ਪੰਨਾ 85)

1619 ਈ: ਤੋਂ ਪਹਿਲਾਂ ਹੋ ਹੀ ਚੁੱਕੀ ਹੋਵੇਗੀ ਵੈਸੇ ਵੀ ਇਸ ਮਿਤੀ ਤਕ ਮਿਹਰਵਾਨ ਦੀ ਉਮਰ 37 ਵਰ੍ਹਿਆਂ ਦਾ ਬਣਦੀ ਹੈ। ਤੇ ਉਸ ਨੇ ਇਸ ਉਮਰ ਤਕ ਨਿਸ਼ਚੇ ਹੀ ਕੁਝ ਨਾ ਕੁਝ ਸਾਹਿੱਤ ਜ਼ਰੂਰ ਰਚ ਲਿਆ ਹੋਵੇਗਾ।

ਸੋ ਨਿਸ਼ਚਿਤ ਰੂਪ ਵਿਚ 'ਗੋਸ਼ਟਾਂ ਕਬੀਰ ਜੀ ਕੀਆਂ' ਨੂੰ ਲੇਖਕ ਦੀ ਮੁੱਢਲੀ ਗੱਦ-ਰਚਨਾ ਮੰਨਿਆ ਜਾ ਸਕਦਾ ਹੈ ਜਿਸ ਦੀ ਰਚਨਾ ਉਸ ਨੇ ਆਪਣੇ ਸਾਹਿੱਤਕ ਜੀਵਨ ਦੇ ਮੁੱਢਲੇ ਕਾਲ ਵਿਚ ਹੀ ਕੀਤੀ।

"ਮਸਲੇ ਹਜ਼ਰਤ ਰਸੂਲ ਕੇ"

ਲੇਖਕ ਨੇ ਆਪਣੀ ਪਹਿਲੀ ਰਚਨਾ 'ਗੋਸ਼ਟਾਂ ਕਬੀਰ ਜੀ ਕੀਆਂ' ਤੋਂ ਬਾਅਦ ਦੂਸਰੀ ਰਚਨਾ 'ਮਸਲੇ ਹਜ਼ਰਤ ਰਸੂਲ ਕੇ' ਕੀਤੀ ਜਾਪਦੀ ਹੈ ਜਿਸ ਵਿਚ ਮੁਸਲਮਾਨ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਦੀ ਜੀਵਨੀ ਨੂੰ ਮਸਲਿਆਂ ਦੇ ਰੂਪ ਵਿਚ ਪੇਸ਼ ਕੀਤਾ ਹੈ। ਇਸ ਰਚਨਾ ਵਿਚ ਵੀ ਲੇਖਕ ਨੇ ਮਸਲਿਆਂ ਦੇ ਅੰਤ ਉਤੇ ਆਪਣੀ ਕਵੀ-ਛਾਪ ਵਾਲੇ ਸ਼ਲੋਕ ਨਹੀਂ ਦਿੱਤੇ ਜਿਸ ਤੋਂ ਇਹ ਲਗਦਾ ਹੈ ਕਿ ਇਹ ਲਿਖਤ ਵੀ ਮਿਹਰਵਾਨ ਦੀਆਂ ਮੁੱਢਲੀਆਂ ਰਚਨਾਵਾਂ ਵਿਚੋਂ ਹੀ ਇਕ ਹੈ।

ਮੁਸਲਮਾਨ ਪੀਰਾਂ ਫ਼ਕੀਰਾਂ ਦੀਆਂ ਗੋਸ਼ਟਾਂ :

'ਮਸਲੇ ਹਜ਼ਰਤ ਰਸੂਲ ਕੇ' ਤੋਂ ਇਲਾਵਾ 'ਕਿੱਸਾ ਸਲੇਮੇ ਪੈਗੰਬਰ ਕਾ' ਗੁਫ਼ਤਾਰ ਸਾਦਕਾਂ ਕੀ, 'ਬਾਚਾਰ ਫ਼ਕੀਰੀ ਕੀ', 'ਮਸਲਾ ਬਾਰੇ ਆਦਮ ਸਫ਼ੀ ਕਾ', ਮਸਲਾ ਹੁਸੈਨ ਕਾ' ਤੇ 'ਮਸਲਾ ਮੂਸੇ ਪੈਗੰਬਰ ਕਾ' ਆਦਿ ਪੀਰਾਂ ਫ਼ਕੀਰਾਂ ਦੀਆਂ ਗੋਸ਼ਟਾਂ ਵੀ ਇਸ ਦੇ ਨਾਲ ਹੀ ਰਚੀਆਂ ਗਈਆਂ ਪ੍ਰਤੀਤ ਹੁੰਦੀਆਂ ਹਨ। ਅਸਲ ਵਿਚ ਇਹ ਉਹ ਸਮਾਂ ਸੀ ਜਦੋਂ ਪ੍ਰਿਥੀ ਚੰਦ, ਅਤੇ ਮਿਹਰਵਾਨ ਗੁਰੂ ਅਰਜਨ ਦੀ ਸ਼ਹੀਦੀ ਤੋਂ ਤ੍ਰਹਿ ਕੇ ਆਪਣੀ ਸਲਾਮਤੀ ਲਈ ਮੁਸਲਮਾਨਾਂ ਨੂੰ ਖੁਸ਼ ਕਰਨਾ ਚਾਹੁੰਦੇ ਸਨ। ਸੋ ਹਾਕਮ ਸ਼੍ਰੇਣੀ ਨੂੰ ਖੁਸ਼ ਕਰਨ ਦੇ ਮਨੋਰਥ ਨਾਲ ਹੀ ਪ੍ਰਿਥੀ ਚੰਦ ਨੇ ਆਪਣੇ ਪੁੱਤਰ ਮਿਹਰਵਾਨ ਪਾਸੋਂ, ਮੁਸਲਮਾਨ ਪੀਰਾਂ ਫ਼ਕੀਰਾਂ ਸੰਬੰਧੀ ਅਜਿਹੀਆਂ ਰਚਨਾਵਾਂ ਕਰਵਾਈਆਂ ਇਉਂ ਇਨ੍ਹਾਂ ਰਚਨਾਵਾਂ ਦੇ ਲਿਖੇ ਜਾਣ ਦਾ ਸਮਾਂ ਪ੍ਰਿਥੀ ਚੰਦ ਧੜੇ ਦੇ ਵਿਰੋਧ ਦੇ ਸਿਖਰ ਅਤੇ ਸਿੱਟੇ ਵਜੋਂ ਗੁਰੂ ਅਰਜਨ ਦੀ ਸ਼ਹੀਦੀ ਭਾਵ (1606 ਈ:) ਤੋਂ ਕੁਝ ਬਾਅਦ ਹੋ ਸਕਦਾ ਹੈ। ਇਹ ਵੀ ਸੰਭਵ ਹੈ ਕਿ ਇਨ੍ਹਾਂ ਵਿਚਲੀਆਂ ਕੁਝ ਗੋਸ਼ਟਾਂ 1628 ਈ: ਤੋਂ 1634 ਈ: ਤਕ ਦੇ ਉਸ ਸਮੇਂ ਵਿਚ ਰਚੀਆਂ ਗਈਆਂ ਹੋਣ ਜਦੋਂ ਗੁਰੂ ਹਰਿਗੋਬਿੰਦ ਨਾਲ ਮੁਗ਼ਲ ਦਰਬਾਰ

ਦਾ ਵਿਰੋਧ ਸਿਖਰ ਤੇ ਪਹੁੰਚ ਚੁੱਕਾ ਸੀ ਤੇ ਸਿੱਟੇ ਵਜੋਂ 'ਗੁਰੂ ਸਾਹਿਬ ਨੂੰ ਉਪਰ ਥਲੀ ਚਾਰ ਲੜਾਈਆਂ ਲੜੀਆਂ ਪਈਆਂ ਸਨ।

## ਹਿੰਦੂ ਭਗਤਾਂ ਅਤੇ ਨਾਥਾਂ ਜੋਗੀਆਂ ਦੀਆਂ ਗੋਸ਼ਟਾਂ :

ਮਿਹਰਵਾਨ ਨੇ 'ਗੋਸ਼ਟਾਂ ਕਬੀਰ ਜੀ ਤੋਂ ਇਲਾਵਾ ਭਗਤ ਰਵਿਦਾਸ, ਸਧਨੇ ਧੰਨੇ, ਕਞੋ, ਤਿਰਲੋਚਨ, ਸੁਧਾਰ, ਰਾਮਾਨੰਦ, ਬੇਣੀ, ਸੂਰ, ਨਾਮਦੇਵ ਤੇ ਪੀਪੇ ਆਦਿ ਹਿੰਦੂ ਭਗਤਾਂ ਦੇ ਨਾਲ ਨਾਲ ਗੋਰਖ, ਬਿਆਸ, ਗੋਪੀ ਤੇ ਭਰਥਰੀ ਆਦਿ ਨਾਥਾਂ ਜੋਗੀਆਂ ਦੀਆਂ ਗੋਸ਼ਟਾਂ ਵੀ ਲਿਖੀਆਂ ਤਾਂ ਜੋ ਇਨ੍ਹਾਂ ਦੇ ਉਪਾਸ਼ਕ ਲੋਕਾਂ ਦੀ ਹਮਦਰਦੀ ਪ੍ਰਾਪਤ ਕੀਤੀ ਜਾ ਸਕੇ।

ਇਨ੍ਹਾਂ ਗੋਸ਼ਟੀਆਂ ਦੀ ਸ਼ੈਲੀ ਅਤੇ ਰਲਗਭ ਭਾਸ਼ਾ ਆਦਿ ਤੋਂ ਵੀ ਇਹੋ ਪ੍ਰਤੀਤ ਹੁੰਦਾ ਹੈ ਕਿ ਲੇਖਕ ਨੇ ਇਨ੍ਹਾਂ ਦੀ ਰਚਨਾ ਆਪਣੇ ਸਾਹਿੱਤਕ ਜੀਵਨ ਦੇ ਮੁੱਢਲੇ ਕਾਲ ਵਿਚ 'ਗੋਸ਼ਟਾਂ ਕਬੀਰ ਜੀ ਕੀਆਂ' ਦੀ ਰਚਨਾ ਦੇ ਲਾਗੇ ਚਾਗੇ ਹੀ ਕੀਤੀ ਹੋਵੇਗੀ ਅਤੇ ਗੁਰੂ ਨਾਨਕ ਸਾਹਿਬ ਦੀਆਂ ਗੋਸ਼ਟਾਂ ਲਿਖਣ ਦਾ ਮਹਾਨ ਕੰਮ ਉਸ ਨੇ ਇਨ੍ਹਾਂ ਦੀ ਰਚਨਾ ਤੋਂ ਬਾਅਦ ਹੀ ਆਰੰਭਿਆ ਹੋਵੇਗਾ। ਸੰਭਵ ਹੈ ਕਿ ਇਨ੍ਹਾਂ ਵਿਚਲੀਆਂ ਕੁਝ ਕੁ ਗੋਸ਼ਟਾਂ ਲੇਖਕ ਨੇ ਜੀਵਨ ਦੇ ਕਿਸੇ ਹੋਰ ਕਾਲ ਵਿਚ ਵੀ ਲਿਖੀਆਂ ਹੋਣ।

## 'ਗੋਸ਼ਟਾਂ ਗੁਰੂ ਨਾਨਕ ਦੇਵ ਜੀ ਕੀਆਂ'

'ਸਚਖੰਡ ਪੋਥੀ' ਹਰਿਜੀ ਪੋਥੀ ਅਤੇ ਚਤੁਰਭੁਜ ਪੋਥੀ ਹੀ ਲੇਖਕ ਦੀਆਂ ਅਜਿਹੀਆਂ ਰਚਨਾਵਾਂ ਹਨ ਜਿਨ੍ਹਾਂ ਦੇ ਪਹਿਲੇ ਦੂਸਰੇ ਅਤੇ ਤੀਸਰੇ ਭਾਗ ਦੇ ਅੰਤ ਉਤੇ ਇਸ ਦੇ ਰਚਨ-ਕਾਲ ਸੰਬੰਧੀ ਸੂਚਨਾਵਾਂ ਦਿੱਤੀਆਂ ਗਈ ਹੈ। ਇਨ੍ਹਾਂ ਪੋਥੀਆਂ ਦੇ ਅੰਤ ਉਤੇ ਦਿੱਤੀ ਸੂਚਨਾ ਇਸ ਪ੍ਰਕਾਰ ਹੈ:

ੳ) ਸਚਖੰਡ ਪੋਥੀ ਲਿਖੀ॥ ॥ ਸੰਮਤਿ 1885 ਮਿਤੀ ਚੇਤ ਸੁਦੀ ਪੰਚਮੀ ਨੋ ਸੁਕਰਿ ਵਾਰ ਸਚਖੰਡ ਪੋਥੀ ਕਾ ਭੋਗੁ ਪਾਇਆ ਸੰਪੂਰਨ ਹੋਈ...।[109]

ਅ) ੧ੴ ਸ੍ਰੀ ਸਤਿਗੁਰੂ ਪ੍ਰਸਾਦਿ॥ ਸਚੇ ਖੰਡ ਕੀ ਪੋਥੀ ਨਾਮ॥ ਪੋਥੀ ਲਿਖਣੇ ਕਾ ਅਰਭੈਆ॥ ਮਿਤੀ ਚੇਤ੍ਰ॥੧੮ ॥ ਸੰਮਤ ੧੮੧੧ ਵਿਚ ਲਿਖਣਿ ਕਾ ਅਰੰਭਿਆ...।[110]

109. ਜ. ਗੁ. ਨਾ., ਭਾਗ ਪਹਿਲਾ, ਪੰਨਾ 518.

110. ਹੱਥ ਲਿਖਤ ਨੰ: 7373, ਪੰਨਾ 1.

ਹਰਿਜੀ ਪੋਥੀ ਦੇ ਅੰਤ ਉਤੇ ਇਹ ਸੂਚਨਾ ਦਿੱਤੀ ਗਈ ਹੈ:

ੲ) ਸੰਮਤਿ 1707 ਭ੍ਰਾਦ੍ਰਵ ਵਦੀ॥ ॥ ਆਇਤਵਾਰ ਮਹਮਦੇਪੁਰਿ[111] ਹਰਿਜੀ ਪੋਥੀ ਸੰਪੂਰਨ ਹੋਇਆ ਗੋਸਟੀ॥ 61 ॥ ਭਾਈ ਕੈਸੋ ਦਾਸ ਬ੍ਰਾਹਮਨ ਦੀ ਆਖਰੀ ਲਿਖੀ। ਗੁਰੂ ਮਨਸਾ ਪੂਰੀ ਕੀਤੀ। ਏਹਿ ਤਿਸ ਪੋਥੀ ਉਪਰਹੁ ਉਤਾਰ ਕੀਤਾ। ਸੰਮਤ 1837[112] ਵਰਖੈ ਮਾਹ ਮਿਤੀ ਹਾੜ ਸੁਦੀ 10 ॥ ਵਾਰ ਹਰਿਜੀ ਪੋਥੀ ਸੰਪੂਰਨ ਹੋਈ॥ ਬੋਲਹੁ ਵਾਹਗੁਰੂ॥ 1885॥[113]

ਚਤੁਰਭੁਜ ਪੋਥੀ ਦੇ ਅੰਤ ਉਤੇ ਵੀ ਇਸ ਦੇ ਲਿਖੇ ਜਾਣ ਦੀ ਸੂਚਨਾ ਇਸ ਤਰ੍ਹਾਂ ਦਿੱਤੀ ਗਈ ਹੈ:

ਸ) ੧ਓ ਸਤਿਗੁਰੂ ਪਰਸਾਦਿ॥ ਸੰਮਤ 1708 ॥ ਵੈਸਾਖ ਵਦੀ ਏਕਮ॥ ੧ ॥ ਨੂੰ ਚਤੁਰਭੁਜ ਪੋਥੀ ਪੂਰੀ ਹੋਈ॥ ਵਰਨਿ ਸ੍ਰੀ ਗੁਰੂ ਮਿਹਰਵਾਨ ਦੇ ਲਿਖਾਇਆ ਜੀ॥...ਤਿਸ ਪੋਥੀ ਦਾ ਅਵਤਾਰ ਕੀਤਾ ਏਹੁ ਪੋਥੀ ॥ ਸੰਮਤੁ 1885॥ ਅਸੂ ਸੁਦੀ ਦੁਆਦਸੀ ਐਤਿਵਾਰਿ। ਪੋਥੀ ਪੂਰੀ ਹੋਈ ਗੁਰੂ ਕੇ ਪ੍ਰਸਾਦਿ।[114]

ਸੋ ਉਪਰ ਦਿੱਤੀ ੳ, ਅ, ੲ, ਭਾਗ ਦੀ ਸੂਚਨਾ ਅਨੁਸਾਰ ਇਹ ਰਚਨਾਵਾਂ ਕ੍ਰਮਵਾਰ 1828 ਈ, 1754 ਈ: ਅਤੇ 1650 ਈ: ਦੀਆਂ ਰਚਨਾਵਾਂ ਬਣਦੀਆਂ ਹਨ ਜੋ ਮਿਹਰਵਾਨ ਦੇ ਦੇਹਾਂਤ (1640 ਈ:) ਤੋਂ ਬਹੁਤ ਬਾਅਦ ਦੀਆਂ ਹਨ। ਸਪਸ਼ਟ ਹੈ ਕਿ ਇਹ ਲਿਖਣ ਦੀਆਂ ਨਹੀਂ ਸਗੋਂ ਨਕਲ ਦੀਆਂ ਹੀ ਮਿਤੀਆਂ ਹਨ।

ਸ ਭਾਗ ਵਿਚ ਦਿੱਤੀ ਸੂਚਨਾ ਅਨੁਸਾਰ ਇਹ 6151 ਈ: ਦੀ ਰਚਨਾ ਬਣਦੀ ਹੈ ਜਿਸ ਦੀ ਨਕਲ, ਸੰਮਤ 1885/1828 ਈ: ਵਿਚ ਕੀਤੀ ਗਈ। ਸੰਨ 1651 ਈ: ਮਿਹਰਵਾਨ ਦੇ ਦੇਹਾਂਤ ਤੋਂ 11 ਸਾਲ ਬਾਅਦ ਦੀ ਮਿਤੀ ਹੈ ਜੋ ਉਪਰੋਕਤ ਰਚਨਾ ਵਾਂਗ ਇਸ ਪੋਥੀ ਦੀ ਸੁਧਾਈ ਮਗਰੋਂ ਮੁੜ ਸੰਪਾਦਨ ਜਾਂ ਇਸ ਦੀ ਪਹਿਲੇ ਨਕਲ ਦੀ ਮਿਤੀ ਹੀ ਹੋ ਸਕਦੀ ਹੈ।

ਇਸ ਤਰ੍ਹਾਂ ਤਿੰਨਾਂ ਪੋਥੀਆਂ ਦੇ ਅੰਤ ਤੇ ਦਿੱਤੀਆਂ ਸੂਚਨਾ ਅਨੁਸਾਰ ਮਿਹਰਵਾਨ ਦੀ ਇਸ ਰਚਨਾ ਦੀ ਲਿਖਣ ਮਿਤੀ ਨਿਸ਼ਚਿਤ ਕਰਨੀ ਸੰਭਵ ਨਹੀਂ। ਲਿਖਣ ਦੀ ਠੀਕ ਮਿਤੀ

---

111. ਪ੍ਰਾਪਤ ਸੂਚਨਾ ਅਨੁਸਾਰ ਮਿਹਰਵਾਨ ਦੇ ਦੇਹਾਂਤ ਤੋਂ ਬਾਅਦ ਹਰਿਜੀ ਕੁਝ ਸਮਾਂ ਆਪਣੇ ਪਿਤਾ ਦੇ ਬਣਾਏ ਡੇਰੇ ਮੁਹੰਮਦੀਪੁਰ, ਤਹਿਸੀਲ ਕਸੂਰ, ਜ਼ਿਲ੍ਹਾ ਲਾਹੌਰ ਵਿਚ ਰਹੇ।
112. ਇਸ ਸੰਮਤੁ ਤੇ ਹੜਤਾਲ ਫਿਰੀ ਹੋਈ ਹੈ। ਹੋ ਸਕਦਾ ਹੈ ਕਿ ਇਹ ਸੰਮਤੁ ਉਸ ਪੋਥੀ ਦਾ ਹੋਵੇ ਜਿਸ ਤੋਂ ਇਹ ਨਕਲ ਕੀਤੀ ਗਈ ਹੈ। ਨਕਲ ਕਰਨ ਦੀ ਮਿਤੀ ਸੰਮਤ 1885 ਦੇ ਦਿੱਤੀ ਹੈ।
113. ਜ. ਗੁ. ਨਾ. ਦੂਸਰਾ ਭਾਗ, ਪੰਨਾ 357.
114. ਉਹੀ, ਪੰਨਾ 624.

ਨਿਸ਼ਚਤ ਕਰਨ ਲਈ ਇਸ ਰਚਨਾ ਦੀਆਂ ਅੰਦਰਲੀਆਂ ਅਤੇ ਬਾਹਰਲੀਆਂ ਗਵਾਹੀਆਂ ਅਤੇ ਇਸ਼ਾਰਿਆਂ ਨੂੰ ਘੋਖਣ ਦੀ ਲੋੜ ਹੈ।

ਜਿਵੇਂ ਕਿ ਪਿਛੇ ਦੇਖ ਚੁਕੇ ਹਾਂ, ਮਿਹਰਵਾਨ ਸੰਪ੍ਰਦਾਇ ਵਿਚ ਪ੍ਰਿਥੀ ਚੰਦ ਨੂੰ 'ਗੁਰੂ ਸਾਹਿਬ' ਦੇ ਵਿਸ਼ੇਸ਼ਣ ਨਾਲ ਹੀ ਥਾਂ ਥਾਂ ਯਾਦ ਕੀਤਾ ਗਿਆ ਹੈ। ਸੋਢੀ ਪ੍ਰਿਥੀ ਚੰਦ ਦਾ ਦੇਹਾਂਤ 1676 ਬਿ:/1619 ਈ: ਵਿਚ ਹੋਇਆ।[115] ਇਉਂ ਹਰਿਜੀ ਦੇ ਕਥਨ ਅਨੁਸਾਰ ਮਿਹਰਵਾਨ ਨੇ 1619 ਈ: ਤਕ ਕਾਫੀ ਗਿਣਤੀ ਵਿਚ ਗੋਸ਼ਟਾਂ ਦੀ ਰਚਨਾ ਕਰ ਲਈ ਸੀ।

ਪਰ ਸੰਨ 1619 ਈ: ਵਿਚ ਮਿਹਰਵਾਨ ਦੀ ਉਮਰ 38 ਸਾਲ ਦੀ ਸੀ ਬਣਦੀ ਹੈ। ਹਰਿਜੀ ਦੀ ਹੀ ਇਕ ਹੋਰ ਸੂਚਨਾ ਅਨੁਸਾਰ ਮਿਹਰਵਾਨ 38 ਸਾਲ ਦੀ ਉਮਰ ਤੋਂ ਬਾਅਦ ਕਾਂਗੜੇ ਦੀਆਂ ਪਹਾੜੀਆਂ ਰਿਆਸਤਾਂ ਦੇ ਦੌਰੇ ਤੇ ਗਏ ਅਤੇ ਕੁਝ ਵਰ੍ਹੇ ਉਥੇ ਹੀ ਰਹੇ। ਇਉਂ ਸਪਸ਼ਟ ਹੈ ਕਿ ਇਸ ਭ੍ਰਮਣ ਤੋਂ ਵਾਪਸ ਮੁੜ ਕੇ ਹੀ ਮਿਹਰਵਾਨ ਨੇ ਗੋਸ਼ਟਾਂ ਗੁਰੂ ਮਿਹਰਵਾਨ ਵਰਗੀ ਗੁਰਬਾਣੀ ਪਰਮਾਰਥ ਭਰਪੂਰ, ਗੰਭੀਰ ਦਾਰਸ਼ਨਿਕ ਅਤੇ ਆਧਿਆਤਮਿਕ ਕਿਸਮ ਦੀ ਰਚਨਾ ਨੂੰ ਲਿਖਣ ਦਾ ਮੁੱਖ ਕੰਮ ਆਰੰਭ ਕੀਤਾ ਹੋਵੇਗਾ।

ਡਾ: ਪਿਆਰ ਸਿੰਘ ਅਨੁਸਾਰ "ਭਾਈ ਗੁਰਦਾਸ ਰਚਿਤ ਪਹਿਲੀ ਵਾਰ ਦੀਆਂ 23 ਤੋਂ 45 ਤਕ ਦੀਆਂ ਪਉੜੀਆਂ ਵਿਚ ਆਈਆਂ ਘਟਨਾਵਾਂ ਬੀਜ ਰੂਪ ਵਿਚ ਗੁਰੂ ਬਾਬੇ ਦੀ ਸਭ ਤੋਂ ਪੁਰਾਤਨ ਜਨਮਸਾਖੀ ਕਹੀ ਜਾ ਸਕਦੀ ਹੈ।[116]

ਗੋਸ਼ਟਾਂ ਗੁਰੂ ਨਾਨਕ ਦੇ ਪਹਿਲੇ ਦੂਜੇ ਅਤੇ ਤੀਜੇ ਭਾਗ ਦੀਆਂ ਗੋਸ਼ਟਾਂ ਅਤੇ ਭਾਈ ਗੁਰਦਾਸ ਦੀਆਂ ਵਾਰਾਂ ਦੇ ਅਧਿਐਨ ਤੋਂ ਕਈ ਗੋਸ਼ਟਾਂ ਵਿਚਲੀਆਂ ਘਟਨਾਵਾਂ ਅਤੇ ਬਿਰਤਾਂਤ ਦੀ ਸਮਾਨਤਾ ਨਜ਼ਰ ਆਉਂਦੀ ਹੈ। ਸੰਭਵ ਹੈ ਕਿ ਅਜਿਹੀਆਂ ਘਟਨਾਵਾਂ ਦੋਨਾਂ ਲੇਖਕਾਂ ਨੇ ਹੀ ਜ਼ਬਾਨੀ ਪ੍ਰਚੱਲਤ ਇਕ ਜਿਹੀਆਂ ਰਵਾਇਤਾਂ ਤੋਂ ਲਈਆਂ ਹੋਣ ਪਰ ਫਿਰ ਵੀ ਇਹ ਨਿਸ਼ਚਾ ਪੱਕਾ ਹੁੰਦਾ ਹੈ ਕਿ ਲੇਖਕ ਨੇ ਬਹੁਤ ਸਾਰੀਆਂ ਗੋਸ਼ਟੀ ਉਸਾਰਨ ਲਈ ਜਿਥੇ ਪ੍ਰਚੱਲਤ ਸਾਖੀਆਂ ਜਾਂ ਰਵਾਇਤਾਂ ਦਾ ਸਹਾਰਾ ਲਿਆ ਹੈ ਉਥੇ ਭਾਈ ਗੁਰਦਾਸ ਦੀਆਂ ਵਾਰਾਂ ਤੋਂ ਵੀ ਪੂਰੀ ਸਹਾਇਤਾ ਪ੍ਰਾਪਤ ਕੀਤੀ ਹੈ। ਕਈ ਥਾਈ ਤਾਂ ਇਉਂ ਲਗਦਾ ਹੈ ਕਿ ਜਿਵੇਂ ਲੇਖਕ ਭਾਈ ਗੁਰਦਾਸ ਦੀ ਸੰਬੰਧਤ ਪਉੜੀ ਨੂੰ ਸਾਹਮਣੇ ਰੱਖ ਕੇ ਹੀ ਉਸ ਵਿਚਲੇ ਇਸ਼ਾਰਿਆਂ ਦੇ ਆਧਾਰ ਤੇ ਹੀ ਗੋਸ਼ਟ

---

115. ਹ: ਲਿ: ਨੰ: 2527, ਸੈ. ਪਾ ਲਾ.ਪਟਿ , ਪੰਨਾ 64 (ਅ).

116. ਜ. ਗੁ. ਨਾ. ਭਾਗ ਪਹਿਲਾ, ਭੂਮਿਕਾ ਪੰਨਾ 89.

ਦੀ ਉਸਾਰੀ ਕਰ ਰਿਹਾ ਹੋਵੇ। ਅਜਿਹਾ ਇਕ ਸੁੰਦਰ ਨਮੂਨਾ ਭਾਈ ਗੁਰਦਾਸ ਦੀ ਹੇਠ ਪਉੜੀ ਉਤੇ ਉਸਾਰੀ ਗਈ ਗੋਸ਼ਟ ਹੈ:

ਮੇਲਾ ਸੁਣਿ ਸਿਵਰਾਤਿ ਦਾ ਬਾਬਾ ਅਚਲ ਵਟਾਲੇ ਆਈ।
ਦਰਸਨੁ ਵੇਖਣਿ ਕਾਰਨੇ ਸਗਲੀ ਉਲਟਿ ਪਈ ਲੋਕਾਈ।
ਜੋਗੀ ਦੇਖਿ ਚਲਿਤਰ ਨੋ ਮਨ ਵਿਚਿ ਰਿਸਕਿ ਘਨੇਰੀ ਖਾਈ।
ਭਗਤੀਆਂ ਗਈ ਭਗਤਿ ਭੁਲਿ ਲੋਟੇ ਅੰਦਰਿ ਸੁਰਤਿ ਭੁਲਾਈ।
ਬਾਬਾ ਜਾਣੀ ਜਾਣ ਪੁਰਖੁ ਕਢਿਆ ਲੋਟਾ ਜਹਾ ਲੁਕਾਈ।[117]

ਤਬ ਸ੍ਰੀ ਗੁਰੂ ਬਾਬਾ ਨਾਨਕ ਜੀ ਕਰਤਾਰਪੁਰਖ ਤੇ ਸਿਵਰਾਤਿ ਦੇ ਮੇਲੇ ਕਉ ਅਚਲ ਆਇਆ... ਜਿਤਨਾ ਅਚਲ ਵਿਚਿ ਲੋਕ ਥਾ, ਸੋ ਸਭ ਆਇਆ ਮਿਲਿਆ ਦਰਸਨੁ ਦੇਖਣਿਹਾਰਾ। ਨਾ ਕੋਈ ਜੋਗੀ ਹੀ ਰਹਿਆ ਨਾ ਕੋਈ ਗ੍ਰਿਹਸਤੀ ਹੀ ਰਿਹਾ, ਨਾ ਕੋਈ ਉਦਾਸੀ ਹੀ ਰਿਹਾ...ਲੋਕੁ ਅਮਿਤਾ ਆਇ ਭਗਤਿ ਬਾਧੀ।... ਤਬ ਉਨ ਭਗਤੀਅਹੁ ਕਉ ਭਗਤਿ ਬਿਸਰਿ ਗਈ.. ਤਬ ਗੁਰੂ ਬਾਬੇ ਨਾਨਕ ਜੀ ਇਕਸੁ ਸਿਖ ਨੂੰ ਆਗਿਆ ਕੀਤੀ... ਤਬ ਉਹ ਸਿੱਖ ਗੁਰੂ ਬਾਬੇ ਕੀ ਆਗਿਆ ਸਾਥਿ ਸਿਧਾਂ ਕਾ ਧਰਿਆ ਹੋਇਆ ਲੋਟਾ ਪਵਣ ਨਾਥ ਦੇ ਦੇਖਦੇ ਹੀ ਉਹ ਸਿਖ ਬਾਬੇ ਜੀ ਕੇ ਆਗੈ ਕਢਿਆਇ ਦਿਤਾ।[118]

ਇਸੇ ਤਰ੍ਹਾਂ ਇਕ ਹੋਰ ਥਾਂ ਲੇਖਕ, ਗੁਰੂ ਨਾਨਕ ਸਾਹਿਬ ਦੇ ਇਕ ਸ਼ਬਦ "ਭਾਂਡਾ ਹਛਾ ਸੋਇ ਜੋ ਤਿਸੁ ਭਾਵਸੀ.. ।" ਦੇ ਪਰਮਾਰਥ ਪੇਸ਼ ਕਰਦਿਆਂ ਅਸਲੀ ਸ਼ਬਦ ਦੀਆਂ ਸਤਰਾਂ ਨੂੰ ਅੱਖੋਂ ਉਹਲੇ ਕਰਕੇ ਭਾਈ ਗੁਰਦਾਸ ਦੀ ਹੇਠ ਦਿਤੀ ਪਉੜੀ ਦੀ ਹੀ ਵਿਆਖਿਆ ਕਰਨ ਲਗ ਪੈਂਦਾ ਹੈ ਜਿਵੇਂ:

ਖਾਧੀ ਖੁਣਸ ਜੋਗੀਸਰਾਂ ਗੋਸਟ ਕਰਨ ਸਭੇ ਉਠ ਆਈ।।
ਪੁਛੇ ਜੋਗੀ ਭੰਗਰ ਨਾਥ ਤੁਹਿ ਦੁਧ ਵਿਚ ਕਿਉ ਕਾਂਜੀ ਪਾਈ॥
ਫਿਟਿਆ ਚਾਟਾ ਦੁਧ ਦਾ ਰਿੜਕਿਆ ਮਖਣ ਹਥ ਨ ਆਈ॥
ਭੇਖ ਉਤਾਰ ਉਦਾਸ ਦਾ ਵਤ ਕਿਉ ਸੰਸਾਰੀ ਰੀਤ ਚਲਾਈ॥
ਨਾਨਕ ਆਖੇ ਭੰਗਰ ਨਾਥ ਤੇਰੀ ਮਾਉ ਕੁਚੱਜੀ ਆਹੀ॥[119]

---

117. ਵਾਰ ਪਹਿਲੀ, ਪਉੜੀ 39.
118. ਉਹੀ ਰਚਨਾ, ਭਾਗ ਦੂਜਾ ਪੰਨਾ 69.
119. ਵਾਰ ਪਹਿਲੀ, ਪਉੜੀ 40.

ਤਿਸ ਕਾ ਪਰਮਾਰਥ॥ ਤਬ ਗੁਰੂ ਅੰਗਦ ਕਹਿਆ ਜਿ ਏ ਸਿਧਹੁ ਜੀ। ਭਾੜੇ ਦੇ ਹਥਿ ਕਿਛੁ ਨਾਹੀ। ਭਾੜਾ ਸੋਈ ਹੜਾ ਹੈ ਜਿਸ ਪਰਮੇਸਰ ਕਉ ਭਾਵਦਾ ਹੈ। ...ਤਬ ਪਵਣ ਨਾਥ ਕਹਿਆ :

> ਜਿ ਨਾਨਕ ਇਉ ਸੰਜਿਆ ਸੀ ਮੇਰੀ ਮਾਉ। ਪਰ ਭੂਲ ਸੜਿ ਗੋਇਉਸੁ। ਤਬ ਗੁਰੂ ਬਾਬੇ ਕਹਿਆ ਜਿ ਸਿਧਹੁ ਜੀ ਭਰੀਗ ਨਾਥ ਤੇਰੀ ਮਾਤਾ ਕੁਚਜੀ ਸੀ ਸੰਜਮੁ ਜਾਤੋ ਸੁ ਨਾਥਾ ਜਿਤੁ ਸੰਜਮਿ ਕਰਿ ਕਰਿ ਇਉ ਨਾ ਸੜਈ। ਪ੍ਰਥਮੇ ਤਉ ਭਾੜਾ ਧੋਇ ਨਾ ਜਾਤੋ ਸੁ। ਦੁਧੁ ਸੰਜਿ ਸਮਾਇ ਨਾ ਜਾਤੋ ਸੁ ਅਤੇ ਰਿੜਕਿ ਨ ਜਾਤੋ ਸੁ।...ਸਿੱਧਾਂ ਗੁਰੂ ਬਾਬੇ ਨੂੰ ਏਹ ਕਹਿਆ ਜਿ ਜੀ ਜਾਂ ਤੂ ਉਦਾਸੀ ਹੋਇਆ ਤਾਂ ਕਿਆ ਅਤੇ ਫੇਰਿ ਗ੍ਰਿਹਸਤ ਵਿਚਿ ਆਇ ਪੈਇਉਹਿ ਤਾਂ ਕਿ। ਗ੍ਰਿਹਸਤ ਜਿ ਹੈ ਸੋ ਮਾਇਆ ਮੋਹੁ ਹੈ...।[120]

ਸੋ, ਉਪਰੋਕਤ ਉਦਾਹਰਣਾ ਤੋਂ ਇਹੀ ਲਗਦਾ ਹੈ ਕਿ ਬਾਣੀ ਦਾਆਂ ਮੂਲ ਸਤਰਾਂ ਦੀ ਥਾਂ ਭਾਈ ਗੁਰਦਾਸ ਦੀ ਪਉੜੀ ਦੀ ਵਿਆਖਿਆ ਕਰ ਰਿਹਾ ਹੈ। ਇਨ੍ਹਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਉਦਾਹਰਣਾ ਮਿਲਦੀਆਂ ਜਿਥੇ ਲੇਖਕ ਨੇ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਮਿਲਦੇ ਇਸ਼ਾਰਿਆਂ ਦੇ ਆਧਾਰ ਤੇ ਗੋਸ਼ਟਾਂ ਜਾਂ ਉਨ੍ਹਾਂ ਦੀਆਂ ਘਟਨਾਵਾਂ ਉਸਾਰੀਆਂ ਹਨ। ਜਿਵੇਂ ਕਰਤਾਰ ਪੁਰ ਰੋੜਾਂ ਉਪਰਿ ਬੈਠਣਾ ਇਕ ਤਲੀ ਰੇਤ ਅਤੇ ਅੱਕ ਦੀ ਲਕੜੀ ਦਾ ਆਹਾਰ ਕਰਨਾ[121] ਅਤੇ ਅਚਲ ਵਟਾਲੇ ਜਾਣਾ।[122] ਆਦਿ ਸਪਸ਼ਟ ਰੂਪ ਵਿਚ ਅਜਿਹੀਆਂ ਹੀ ਗੋਸ਼ਟਾਂ ਹਨ। ਇਸ ਤੋਂ ਸਪਸ਼ਟ ਹੈ ਕਿ ਤਿਸਪੋਥੀ ਦੇ ਰਚਨ ਸਮੇਂ ਲੇਖਕ ਦੇ ਸਾਹਮਣੇ ਭਾਈ ਗੁਰਦਾਸ ਦੀਆਂ ਵਾਰਾਂ ਵੀ ਮੌਜੂਦ ਸਨ ਜਿਨ੍ਹਾਂ ਤੋਂ ਉਸ ਨੇ ਪੂਰੀ ਪੂਰੀ ਸਹਾਇਤਾ ਲਈ। ਸੋ ਭਾਈ ਗੁਰਦਾਸ ਦੀ ਪਹਿਲੀ ਵਾਰ ਦੀਆਂ ਪਉੜੀਆਂ ਵਿਚਲੇ ਇਸ਼ਾਰਿਆਂ ਦਾ, ਇਸ ਰਚਨਾ ਦੀ ਉਸਾਰੀ ਲਈ ਵਰਤੇ ਜਾਣ ਤੋਂ ਪਤਾ ਲਗਦਾ ਹੈ ਕਿ ਇਸ ਰਚਨਾ ਦਾ ਕੁਝ ਹਿੱਸਾ ਭਾਈ ਗੁਰਦਾਸ ਦੀ ਪਹਿਲੀ ਵਾਰ ਦੀ ਰਚਨਾ ਤੋਂ ਬਾਅਦ ਦੇ ਸਮੇਂ ਦੀ ਜ਼ਰੂਰ ਹੈ।

ਡਾ: ਕਿਰਪਾਲ ਸਿੰਘ ਭਾਈ ਗੁਰਦਾਸ ਦੀ ਪਹਿਲੀ ਵਾਰ ਨੂੰ ਗੁਰੂ ਹਰਿਗੋਬਿੰਦ ਸਾਹਿਬ ਦੀ ਸ਼ਾਹ ਜਹਾਨ ਦੇ ਵਕਤ ਮੁਗ਼ਲ ਫ਼ੌਜਾਂ ਨਾਲ 1628 ਈ: ਵਿਚ ਹੋਈ ਲੜਾਈ ਤੋਂ

120. ਉਹੀ ਰਚਨਾ, ਭਾਗ ਦੂਜਾ, ਪੰਨਾ 71.

121. ਉਹੀ, ਪੰਨਾ 143.

122. ਉਹੀ, ਪੰਨਾ 144.

123. ਉਹੀ, ਪੰਨਾ 69.

ਮਗਰੋਂ ਦੀ ਰਚਨਾ ਮੰਨਦੇ ਹਨ। ਇਸ ਤਰ੍ਹਾਂ ਉਨ੍ਹਾਂ ਦੇ ਵਿਚਾਰ ਅਨੁਸਾਰ ਮਿਹਰਵਾਨ ਦੀ ਰਚਨਾ ਜੋ ਕਿ ਭਾਈ ਗੁਰਦਾਸ ਦੀ ਵਾਰ ਤੋਂ ਪਹਿਲਾਂ ਦੀ ਰਚਨਾ ਹੈ, ਦਾ ਪ੍ਰਭਾਵ ਭਾਈ ਗੁਰਦਾਸ ਦੀਆਂ ਵਾਰਾਂ ਤੋਂ ਵੇਖਿਆ ਜਾ ਸਕਦਾ ਹੈ।[124] ਪਰ ਅਸੀਂ ਇਸ ਵਿਚਾਰ ਨਾਲ ਸਹਿਮਤ ਨਹੀਂ ਅਤੇ ਸਾਡੇ ਮਤ ਅਨੁਸਾਰ ਭਾਈ ਗੁਰਦਾਸ ਦੀ ਵਾਰ ਨਿਸ਼ਚੇ ਹੀ 'ਗੋਸ਼ਟਾਂ ਗੁਰੂ ਨਾਨਕ ਦੀਆਂ ਬਹੁਤ ਸਾਰੀਆਂ ਗੋਸ਼ਟਾਂ ਤੋਂ ਪਹਿਲਾਂ ਦੀ ਕਿਰਤ ਹੈ, ਜਿਸ ਵਿਚ ਮਿਲਦੇ ਬਹੁਤ ਸਾਰੇ ਇਸ਼ਾਰਿਆਂ ਦੇ ਆਧਾਰ ਤੇ ਮਿਹਰਵਾਨ ਨੇ ਗੋਸ਼ਟਾਂ ਦੀਆਂ ਘਟਨਾਵਾਂ ਹੀ ਨਹੀਂ ਉਸਾਰੀਆਂ ਸਗੋਂ ਪਹਿਲੀ ਵਾਰ ਦੀਆਂ ਕਈ ਪਉੜੀਆਂ ਦਾ ਖੁੱਲ੍ਹੀ ਵਿਆਖਿਆ ਵੀ ਕੀਤੀ ਹੈ। ਇਸ ਤਰ੍ਹਾਂ ਇਹ ਰਚਨਾ ਭਾਈ ਗੁਰਦਾਸ ਦੀ ਪਹਿਲੀ ਵਾਰ ਦੀ ਲਗਭਗ ਸਮਕਾਲੀ ਜਾਂ ਕੁਝ ਸਮਾਂ ਬਾਅਦ ਦੀ ਬਣ ਜਾਂਦੀ ਹੈ।[125]

ਕੁਝ ਵਿਦਵਾਨ ਖੋਜੀਆਂ ਨੇ ਇਸ ਰਚਨਾ ਦੇ ਲਿਖੇ ਜਾਣ ਦੀ ਮਿਤੀ ਨਿਸ਼ਚਿਤ ਕਰਨ ਦਾ ਯਤਨ ਕੀਤਾ ਹੈ ਪਰ ਇਨ੍ਹਾਂ ਵਿਦਵਾਨਾਂ ਦੇ ਦੋ ਧੜੇ ਹਨ। ਪਹਿਲੇ ਧੜੇ ਵਿਚ ਡਾ: ਗੋਵਿੰਦ ਨਾਥ ਰਾਜਗੁਰੂ ਅਤੇ ਡਾ: ਕਿਰਪਾਲ ਸਿੰਘ ਸ਼ਾਮਲ ਹਨ ਜਿਨ੍ਹਾਂ ਦੇ ਮਤ ਅਨੁਸਾਰ ਇਹ ਰਚਨਾ 1619 ਈ: ਤੋਂ ਪਹਿਲਾਂ ਲਿਖੀ ਜਾ ਚੁੱਕੀ ਸੀ। ਪਰ ਦੂਜੇ ਧੜੇ ਵਿਚ ਡਾ: ਮੋਹਨ ਸਿੰਘ, ਡਾ: ਬਲਬੀਰ ਸਿੰਘ, ਡਾ: ਦੀਵਾਨ ਸਿੰਘ, ਡਾ: ਪਿਆਰ ਸਿੰਘ, ਡਾ: ਜਗਜੀਤ ਸਿੰਘ ਅਤੇ ਮਿਸਟਰ ਮੈਕਲੋਡ ਸ਼ਾਮਲ ਹਨ, ਜਿਨ੍ਹਾਂ ਦੇ ਮਤ ਅਨੁਸਾਰ ਇਹ ਰਚਨਾ 1639-40, 1650-51 ਈ: ਜਾਂ ਇਸ ਤੋਂ ਵੀ ਬਾਅਦ ਦੀ ਹੈ।

ਪਹਿਲੇ ਧੜੇ ਦੇ ਵਿਦਵਾਨ ਡਾ: ਰਾਜਗੁਰੂ ਹਰਿਜੀ ਦੀ ਗਵਾਹੀ ਦੇ ਅਧਾਰ ਤੇ ਹੀ ਇਸ ਦੀ/ਰਚਨਾ 1619 ਈ: ਤੋਂ ਪਹਿਲਾਂ ਭਾਵ 17ਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਮੰਨਦੇ ਹਨ।

ਇਸੇ ਤਰ੍ਹਾਂ ਡਾ: ਕਿਰਪਾਲ ਸਿੰਘ ਵੀ ਹਰਿਜੀ ਦੀ ਸੂਚਨਾ ਨੂੰ ਆਧਾਰ ਬਣਾ ਕੇ ਇਹੋ ਮੰਨਦੇ ਹਨ ਕਿ 'ਇਹ ਰਚਨਾ 1619 ਈ: ਤੋਂ ਪਹਿਲਾਂ ਲਿਖੀ ਜਾਪਦੀ ਹੈ।[127]

ਦੂਜੇ ਧੜੇ ਦੇ ਪ੍ਰਸਿੱਧ ਵਿਦਵਾਨ ਡਾ: ਮੋਹਨ ਸਿੰਘ 'ਦੀਵਾਨਾ' ਅਨੁਸਾਰ ਮਿਹਰਵਾਨ ਦੀ ਇਹ ਰਚਨਾ 1650 ਈ: ਤੋਂ ਪਹਿਲਾਂ ਲਿਖੀ ਗਈ।[128]

---

124. ਉਹੀ, ਭਾਗ ਪਹਿਲਾ, ਭੂਮਿਕਾ, ਪੰਨਾ 82.
125. ਗੁਰ ਬਿਲਾਸ ਪਾਤਸ਼ਾਹੀ 4 ਅਨੁਸਾਰ ਭਾਈ ਗੁਰਦਾਸ ਦੀ 35ਵੀਂ ਵਾਰ ਦਾ ਸਮਾਂ ਬਿ: 1686/1619 ਈ: ਦੱਸਿਆ ਗਿਆ ਹੈ।
126. 'ਗੁਰਮੁਖੀ ਲਿਪਿ ਮੇਂ ਹਿੰਦੀ ਗਦਯ', ਪ੍ਰ-32.
127. 'ਮਨੋਹਰਦਾਸ ਮਿਹਰਬਾਨ-ਜੀਵਨ ਤੇ ਰਚਨਾ'-ਪੰਨਾ 32.
128. 'A History of Panjabi Literature', 3rd ed. p-84.

ਡਾ: ਬਲਬੀਰ ਸਿੰਘ 'ਸਚਖੰਡ ਪੋਥੀ' ਭਾਗ ਦੂਜਾ (ਹਰਿਜੀ ਪੋਥੀ) ਦੀ ਭੂਮਿਕਾ ਵਿਚ ਇਸ ਨੂੰ 1650 ਈ: ਦੀ ਰਚਨਾ ਮੰਨਦੇ ਹਨ।[129] ਡਾ: ਦੀਵਾਨ ਸਿੰਘ ਨੇ ਏਸੇ ਪੋਥੀ ਦੀ ਭੂਮਿਕਾ ਦੇ ਲੇਖਕਾਂ ਵਿਚ ਇਸ ਨੂੰ ਵੀ 1639 ਈ: ਤਕ ਲਿਖੀ ਗਈ ਮੰਨਿਆਂ ਹੈ ਕਿਉਂਕਿ ਡਾ: ਸਾਹਿਬ ਹਰਿਜੀ ਦੀ ਇਹ ਸੂਚਨਾ "ਸਭਨਾਂ ਗੁਰੂਆਂ ਦੀਆਂ ਗੋਸ਼ਟੀ ਅਰ ਸਭਨਾਂ ਭਗਤਾਂ ਦੀਆਂ ਗੋਸ਼ਟੀ ਗੁਰੂ ਸਨਾਮਤ ਹੋਂਦੇ ਹੀ ਹੋਈਆਂ ਥੀਂ।" ਵਿਚ ਆਏ ਗੁਰੂ ਸ਼ਬਦ ਤੋਂ ਭਾਵ ਪ੍ਰਿਥੀ ਚੰਦ ਨਹੀਂ ਸਗੋਂ ਮਿਹਰਵਾਨ, ਲੈਂਦੇ ਹਨ ਅਤੇ ਮਿਹਰਵਾਨ ਦੇ ਅੰਤ 1639 ਈ: ਤਕ ਇਸ ਰਚਨਾ ਦਾ ਲਿਖੇ ਜਾਣਾ ਮੰਨਦੇ ਹਨ।[130]

ਡਾ: ਪਿਆਰ ਸਿੰਘ ਇਸ ਰਚਨਾ ਦੀ ਮਿਤੀ ਤਾਂ ਨਿਸ਼ਚਿਤ ਨਹੀਂ ਕਰਦੇ ਪਰ ਇਹ ਅਨੁਮਾਨ ਲਾਉਂਦੇ ਹਨ ਕਿ ਗੋਸ਼ਟਾਂ ਲਿਖੇ ਜਾਣ ਦੀ ਇਹ ਕ੍ਰਿਆ ਨਿਸ਼ਚੇ ਹੀ ਸੋਢੀ ਮਿਹਰਵਾਨ ਤੋਂ ਬਹੁਤ ਚਿਰ ਪਿਛੋਂ ਤਕ ਚਲਦੀ ਰਹੀ, 1619 ਤੇ ਸਮਾਪਤ ਨਹੀਂ ਹੋਈ। ...ਸੋ ਮਿਹਰਵਾਨ ਵਾਲੀਆਂ ਗੋਸ਼ਟਾਂ ਫੇਰ ਚਿਰ ਪਿਛੋਂ 17ਵੀਂ ਸਦੀ ਦੇ ਅੰਤ ਤਕ ਸਗੋਂ ਇਸ ਤੋਂ ਵੀ ਪਿਛੋਂ ਲਿਖੀਦੀਆਂ ਰਹੀਆਂ।[131]

ਡਾ: ਜਗਜੀਤ ਸਿੰਘ 'ਸਚਖੰਡ ਪੋਥੀ' ਹਰਿਜੀ ਪੋਥੀ' ਅਤੇ 'ਚਤੁਰਭੁਜ ਪੋਥੀ' ਨੂੰ ਸੁਤੰਤਰ ਰਚਨਾਵਾਂ ਮੰਨਦਿਆਂ ਉਨ੍ਹਾਂ ਦੇ ਰਚੇ ਜਾਣ ਸੰਬੰਧੀ ਇਹ ਸਿੱਟੇ ਕੱਢਦੇ ਹਨ ਕਿ

"ਮਿਹਰਵਾਨ ਵਾਲੀ ਜਨਮਸਾਖੀ 1600 ਈ ਤੋਂ 1619 ਈ: ਤਕ ਦੇ ਸਮੇਂ ਦੀ ਕਿਰਤ ਹੈ।...ਹਰਜੀ ਪੋਥੀ 1650 ਈ: ਦੀ ਰਚਨਾ ਹੈ। ਇਹ ਮਿਹਰਵਾਨ ਵਾਲੀ ਜਨਮਸਾਖੀ ਤੋਂ ਵੱਖਰੀ ਕਿਰਤ ਹੈ।[132]

ਸਚਖੰਡ ਪੋਥੀ ਦੇ ਤੀਜੇ ਭਾਗ 'ਚਤੁਰਭੁਜ ਪੋਥੀ' ਦੇ ਰਚਨਾਕਾਲ ਸੰਬੰਧੀ ਇਸ ਪੋਥੀ ਦੇ ਅੰਤ ਉਤੇ ਦਿੱਤੀ ਸੂਚਨਾ ਦੇ ਆਧਾਰ ਉਤੇ ਡਾ: ਸਾਹਿਬ ਦਾ ਮਤ ਇਹ ਹੈ ਕਿ 'ਇਹ ਪੋਥੀ ਚਤੁਰਭੁਜ ਨੇ 1708 ਈ: ਤਦਾਨੁਸਾਰ 1651 ਈ: ਵਿਚ ਲਿਖੀ।।[133]

---

129. ਜ. ਗੁ. ਨਾ. ਭਾਗ ਦੂਜਾ ਪੰਨਾ 19 ਭੂਮਿਕਾ।

130. ਉਹੀ; ਭਾਗ ਦੂਜਾ ਪੰਨਾ 51.

131. ਜਨਮਪਤ੍ਰੀ ਬਾਬੇ ਨਾਨਕ ਜੀ ਕੀ' (ਸੰਪ: ਪਿਆਰ ਸਿੰਘ, ਡਾ:) ਭੂਮਿਕਾ ਪੰਨਾ 22.

132. 'ਆਦਿ ਸਾਖੀਆਂ ਦਾ ਆਲੋਚਨਾਤਮਕ ਅਧਿਐਨ' ਪੰਨਾ 155.

133. 'ਜਨਮਸਾਖੀਆਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤਾਰਕਿਕ ਅਧਿਐਨ', ਪੰਨਾ 58.

ਮਿਸਟਰ ਮੈਕਲੋਡ ਇਸ ਰਚਨਾ ਦੇ ਲਿਖੇ ਜਾਣ ਸੰਬੰਧੀ ਆਪਣਾ ਮਤ ਪੇਸ਼ ਕਰਦਿਆਂ ਲਿਖਦੇ ਹਨ ਕਿ 'ਪੋਥੀ ਸਚਖੰਡ' ਦੀ ਕੋਈ ਨਿਸ਼ਚਿਤ ਤਰੀਕ ਤਾਂ ਨਹੀਂ ਮਿਥੀ ਜਾ ਸਕਦੀ ਪਰ ਇਹ 1640 ਈ: ਤਕ ਲਿਖੀ ਹੋਵੇਗੀ ਅਤੇ ਹਰਿਜੀ ਅਤੇ ਚਤੁਰਭੁਜ ਪੋਥੀਆਂ ਇਸ ਤੋਂ ਮਗਰਲੇ ਸਾਲਾਂ ਵਿਚ ਲਿਖੀਆਂ ਗਈਆਂ ਹੋਣਗੀਆਂ।[134] ਪਰ ਪਿਛਲੇ ਪੰਨਿਆਂ ਉਤੇ 'ਸਚਖੰਡ ਪੋਥੀ' ਹਰਿਜੀ ਪੋਥੀ ਅਤੇ ਚਤੁਰਭੁਜ ਦੇ ਕੀਤੇ ਗਏ ਅਧਿਐਨ ਇਨ੍ਹਾਂ ਦੀਆਂ ਅੰਦਰਲੀਆਂ ਗਵਾਹੀਆਂ ਅਤੇ 'ਗੋਸ਼ਟਿ ਗੁਰੂ ਮਿਹਰਵਾਨ' ਆਦਿ ਪੋਥੀਆਂ ਦੇ ਪ੍ਰਾਪਤ ਬਾਹਰਲਿਆਂ ਹਵਾਲਿਆਂ ਦੇ ਆਧਾਰ ਤੇ ਸਾਡੀ ਖੋਜ ਇਸ ਸਿੱਟੇ ਤੇ ਪਹੁੰਚਦੀ ਹੈ ਕਿ ਸਚਖੰਡ ਪੋਥੀ, ਹਰਿਜੀ ਪੋਥੀ, ਅਤੇ ਚਤੁਰਭੁਜ ਪੋਥੀ ਦੀਆਂ ਗੋਸ਼ਟਾਂ 1604 ਈ: ਤੋਂ ਲੈ ਕੇ 1640 ਈ: ਤਕ ਦੇ 36 ਸਾਲਾਂ ਵਿਚ ਲਿਖੀਆਂ ਜਾਂਦੀਆਂ ਰਹੀਆਂ। ਇਸ ਰਚਨਾ ਦੀ ਪ੍ਰੌੜ ਸ਼ੈਲੀ ਅਤੇ ਇਸ ਵਿਚ ਪੇਸ਼ ਕੀਤੇ ਗਏ ਦਾਰਸ਼ਨਿਕ ਬਾਣੀ ਦੇ ਅਤਿ ਗੰਭੀਰ ਅਤੇ ਅਨੁਭਵੀ ਪਰਮਾਰਥ ਇਹ ਨਿਸ਼ਚਾ ਵੀ ਦ੍ਰਿੜ ਕਰਾਉਂਦੇ ਹਨ ਕਿ ਇਸ ਰਚਨਾ ਦਾ ਬਹੁਤਾ ਭਾਗ ਲੇਖਕ ਦੇ ਮਗਰਲੇ ਸਾਹਿੱਤਕ ਜੀਵਨ ਵਿਚ ਹੀ ਰਚਿਆ ਗਿਆ। ਮਿਹਰਵਾਨ ਰਚਿਤ ਇਨ੍ਹਾਂ ਗੋਸ਼ਟਾਂ ਨੂੰ ਮਗਰੋਂ ਉਸ ਦੇ ਪੁੱਤਰ ਹਰਿਜੀ ਨੇ ਕੇਸ਼ੋਦਾਸ ਆਦਿ ਲਿਖਾਰੀਆਂ ਦੀ ਸਹਾਇਤਾ ਨਾਲ ਸੰਪਾਦਿਤ ਕੀਤਾ ਅਤੇ ਸੰਪਾਦਨ ਦਾ ਇਹ ਕਾਰਜ ਜ਼ਰੂਰ ਕਈ ਸਾਲ ਬਾਅਦ ਤਕ ਚਲਦਾ ਰਿਹਾ।

ਗੋਸ਼ਟਾਂ ਗੁਰੂ ਅਮਰਦਾਸ ਜੀ ਕੀਆਂ :

ਇਉਂ ਪ੍ਰਤੀਤ ਹੁੰਦਾ ਹੈ ਕਿ ਲੇਖਕ ਨੇ ਗੁਰੂ ਨਾਨਕ ਸਾਹਿਬ ਤੋਂ ਇਲਾਵਾ ਹੋਰਾਂ ਗੁਰੂ ਸਾਹਿਬਾਂ ਦੀਆਂ ਗੋਸ਼ਟਾਂ ਲਿਖਣ ਦਾ ਵੀ ਉਪਰਾਲਾ ਕੀਤਾ। ਇਨ੍ਹਾਂ ਵਿਚੋਂ ਗੁਰੂ ਅਮਰਦਾਸ ਜੀ ਦੀਆਂ ਕੁਝ ਗੋਸ਼ਟਾਂ ਪ੍ਰਾਪਤ ਹਨ। ਇਉਂ ਇਹ ਰਚਨਾ ਮਿਹਰਵਾਨ ਦੀਆਂ ਗੱਦ ਰਚਨਾਵਾਂ ਦੀ ਲੜੀ ਵਿਚ ਲਗਭਗ ਅੰਤਲੀਆਂ ਰਚਨਾਵਾਂ ਵਿਚੋਂ ਹੀ ਇਕ ਗਿਣੀ ਜਾ ਸਕਦੀ ਹੈ ਜੋ ਉਸ ਨੇ ਆਪਣੀ ਪਿਛਲੇਰੀ ਉਮਰ ਵਿਚ ਹੀ ਲਿਖੀ ਹੋਵੇਗੀ।

ਸੋ ਪ੍ਰਾਪਤ ਗਵਾਹੀਆਂ ਅਤੇ ਅੰਦਰਲੇ ਇਸ਼ਾਰਿਆਂ ਦੇ ਆਧਾਰ ਤੇ ਇਹ ਗੱਦ ਰਚਨਾਵਾਂ ਰਚਨ-ਕਾਲ ਅਨੁਸਾਰ ਹੇਠ ਲਿਖੀ ਤਰਤੀਬ ਵਿਚ ਰਖੀਆਂ ਜਾ ਸਕਦੀਆਂ ਹਨ:

1. ਗੋਸ਼ਟਾਂ ਕਬੀਰ ਜੀ ਕੀਆਂ
2. ਮਸਲੇ ਹਜ਼ਰਤ ਰਸੂਲ ਕੇ।
3. ਮੁਸਲਮਾਨ ਪੀਰਾਂ ਫ਼ਕੀਰਾਂ ਦੀਆਂ ਗੋਸ਼ਟਾਂ।

134. 'Guru Nanak and the Sikh Religion', p-21.

4. ਹਿੰਦੂ ਭਗਤਾਂ ਅਤੇ ਨਾਥਾਂ ਜੋਗੀਆਂ ਦੀਆਂ ਗੋਸ਼ਟਾਂ।
5. ਗੋਸ਼ਟਾਂ ਗੁਰੂ ਨਾਨਕ ਅਤੇ
6. ਗੋਸ਼ਟਾਂ ਗੁਰੂ ਅਮਰਦਾਸ ਜੀ ਕੀਆਂ, ਆਦਿ।

4. <u>ਰਚਨ ਅਸਥਾਨ:</u>

ਲੇਖਕ ਦੀਆਂ ਪ੍ਰਾਪਤ ਰਚਨਾਵਾਂ ਵਿਚ ਕਿਤੇ ਵੀ ਇਨ੍ਹਾਂ ਦੇ ਰਚਨ ਅਸਥਾਨ ਬਾਰੇ ਕੋਈ ਸੂਚਨਾ ਨਹੀਂ ਦਿੱਤੀ ਗਈ ਪਰ ਪਿਛੇ ਆਏ ਹਰਿਜੀ ਦੇ ਇਸ ਕਥਨ ਕਿ "ਨਗਲ ਸਹਰੁ ਸਾਡੇ ਧਉਲੇ ਬਿਹਿ ਚਉਬਾਰੇ ਕੇ ਉਪਰਿ ਗੋਸ਼ਟਾਂ ਕਾ ਅਰੰਭੁ ਹੋਇਆਂ ਥਾ" ਤੋਂ ਇਨ੍ਹਾਂ ਦੇ ਰਚਨ ਅਸਥਾਨ ਵਲ ਇਸ਼ਾਰਾ ਜ਼ਰੂਰ ਮਿਲਦਾ ਹੈ। ਅੰਮ੍ਰਿਤਸਰ ਜ਼ਿਲ੍ਹੇ ਵਿਚ ਡੇਢ ਦਰਜਨ ਤੋਂ ਵਧ ਵੱਧ ਅਜਿਹੇ ਪਿੰਡ ਹਨ ਜਿਨ੍ਹਾਂ ਦੇ ਨਾਂ ਨਾਲ ਨੰਗਲ ਜੁੜਿਆ ਹੋਇਆ ਹੈ। ਇਸ ਲਈ ਨਿਸ਼ਚੇ ਨਾਲ ਤਾਂ ਨਹੀਂ ਕਿਹਾ ਜਾ ਸਕਦਾ ਕਿ ਇਹ 'ਨੰਗਲ ਸਹਰੁ' ਕਿਹੜਾ ਹੈ। ਪਰ ਅਨੁਮਾਨ ਹੈ ਕਿ 'ਨੰਗਲ ਗੁਰੂ' ਨਾਂ ਦਾ ਪਿੰਡ ਇਹ ਅਸਥਾਨ ਹੋ ਸਕਦਾ ਹੈ।

ਇਸੇ ਤਰ੍ਹਾਂ 'ਹਰਿਜੀ ਪੋਥੀ' ਦੇ ਅੰਤ ਉਤੇ ਇਸ ਦੇ 'ਮਹਮਦੀਪੁਰਿ' ਦੇ ਸਥਾਨ ਤੇ ਪੂਰੀ ਹੋਣ ਦੀ ਸੂਚਨਾ ਦਿੱਤੀ ਗਈ ਹੈ। ਮਿਹਰਵਾਨ ਦੇ ਦੇਹਾਂਤ ਤੋਂ ਬਅਦ ਹਰਿਜੀ ਕੁਝ ਸਮਾਂ ਆਪਣੇ ਪਿਤਾ ਵਲੋਂ ਬਣਵਾਏ ਡੇਰੇਮੁਹੰਮਦੀਪੁਰ, ਤਹਿਸੀਲ ਕਸੂਰ, ਜ਼ਿਲ੍ਹਾ ਲਾਹੌਰ (ਪਾਕਿਸਤਾਨ) ਵਿਚ ਰਹੇ।

ਮਿਹਰਵਾਨ ਰਚਿਤ ਗੋਸ਼ਟਾਂ ਵੈਸੇ ਤਾਂ ਉਸ ਦੇ ਜੀਵਨ ਕਾਲ ਵਿਚ ਵੱਖ ਵੱਖ ਸਮੇਂ ਵੱਖੋ ਵੱਖ ਅਸਥਾਨਾਂ ਤੇ ਰਚੀਆਂ ਜਾਂਦੀਆਂ ਰਹੀਆਂ ਹੋਣਗੀਆਂ ਪਰ ਅਨੁਮਾਨ ਹੈ ਕਿ ਉਨ੍ਹਾਂ ਦੀ ਸੋਧ ਸੁਧਾਈ ਲਿਖਾਈ ਅਤੇ ਸੰਪਾਦਨਾ ਦਾ ਮੁੱਖ ਕੰਮ ਏਥੇ ਰਹਿੰਦਿਆਂ ਹੀ ਕੀਤੀ ਗਿਆ ਹੋਵੇਗਾ।

=0=

## ਅਧਿਆਇ 4

## ਸੋਢੀ ਮਿਹਰਵਾਨ ਦੀ ਰਚਨਾ ਦਾ ਕੇਂਦਰ ਬਿੰਦੂ: ਗੁਰੂ ਨਾਨਕ

1. ਗੁਰੂ ਨਾਨਕ ਬਾਣੀ ਵਿੱਚੋਂ ਉਘੱੜਦੀ ਸ਼ਖ਼ਸੀਅਤ
2. ਮਿਹਰਵਾਨ ਰਚਨਾ ਵਿੱਚੋਂ ਉਘੱੜਦੀ ਸ਼ਖ਼ਸੀਅਤ
   ਅਤੇ ਉਸ ਦਾ ਵਿਸ਼ੇਸ਼ ਮਹੱਤਵ

## 1. ਗੁਰੂ ਨਾਨਕ ਬਾਣੀ ਵਿਚੋਂ ਉਘੜਦੀ ਸ਼ਖ਼ਸੀਅਤ:

ਸਾਹਿਤ ਉਹ ਦਰਪਨ ਹੈ ਜਿਸ ਵਿਚੋਂ ਸਾਹਿਤਕਾਰ ਦੀ ਸ਼ਖ਼ਸੀਅਤ ਸਹਿਜੇ ਹੀ ਉਘੜ ਕੇ ਸਾਹਮਣੇ ਆ ਜਾਂਦੀ ਹੈ। ਗੁਰੂ ਨਾਨਕ ਸਾਹਿਬ ਦੇ ਜੀਵਨ ਨਾਲ ਸਬੰਧਿਤ ਪ੍ਰਚੱਲਤ ਕਥਾਵਾਂ, ਰਵਾਇਤਾਂ ਜਾਂ ਇਤਿਹਾਸਕ ਗਵਾਹੀਆਂ ਭਾਵੇਂ ਕੁਝ ਵੀ ਮਹੱਤਵ ਕਿਉਂ ਨਾ ਰਖਦੀਆਂ ਹੋਣ, ਗੁਰੂ ਸਾਹਿਬ ਦੀ ਬਾਣੀ, ਉਹਨਾਂ ਦੀ ਮੂਲ ਸ਼ਖ਼ਸੀਅਤ ਦੇ ਦਰਸ਼ਨਾਂ ਲਈ ਸਭ ਤੋਂ ਮਹੱਤ੍ਵਪੂਰਣ ਅਤੇ ਭਰੋਸੇ ਯੋਗ ਸਾਧਨ ਹੈ। ਬਾਣੀ ਦਾ ਅਧਿਐਨ, ਕਰਤਾ ਦੀ ਸ਼ਖ਼ਸੀਅਤ ਦੇ ਹਰ ਪੱਖ ਨੂੰ ਸਹਿਜੇ ਹੀ ਉਘਾੜ ਕੇ ਸਾਹਮਣੇ ਲੈ ਆਉਂਦਾ ਹੈ।

### (ੳ) ਗੁਰੂ ਰੂਪ:

ਨਾਨਕ ਬਾਣੀ ਵਿਚੋਂ ਗੁਰੂ ਨਾਨਕ ਦਾ ਸਭ ਤੋਂ ਪ੍ਰਭਾਵਸ਼ਾਲੀ ਸਰੂਪ, ਇਕ ਮਹਾਨ ਚਿੰਤਕ, ਗੁਰੂ, ਉਪਦੇਸ਼ਕ ਅਤੇ ਸੰਤ ਸੁਭਾ ਪਰਮ ਮਨੁੱਖ ਦੇ ਰੂਪ ਵਿਚ ਉਘੜਦਾ ਹੈ। ਇਹ ਪਰਮ ਮਨੁੱਖ ਪਾਰਬ੍ਰਹਮ ਦੇ ਹੁਕਮ ਨਾਲ ਹੀ 'ਸਭਨਾਂ ਜੀਆਂ ਕਾ ਇਕ ਦਾਤਾ' ਦਾ ਉਪਦੇਸ਼ ਦੇਣ ਲਈ ਇਸ ਧਰਤੀ ਤੇ ਆਇਆ। ਜਿਸ ਨੇ ਅਗਿਆਨੀ ਜੀਵ ਨੂੰ ਸਹੀ ਜੀਵਨ-ਮਾਰਗ ਦਾ ਅਹਿਸਾਸ ਕਰਵਾ ਕੇ ਪ੍ਰੇਮਾ ਭਗਤੀ ਵਾਲਾ ਮਾਰਗ ਅਪਨਾਉਣ ਲਈ ਪ੍ਰੇਰਿਆ।

### (ਅ) ਗ੍ਰਿਹਸਤੀ ਜੀਵਨ:

ਗੁਰੂ ਸਾਹਿਬ ਦੇ ਜੀਵਨ ਫਲਸਫ਼ੇ ਦਾ ਇਕ ਮਹੱਤ੍ਵਪੂਰਣ ਆਧਾਰ ਗ੍ਰਿਹਸਤ ਨੂੰ ਨਿਭਾਉਂਦਿਆਂ ਦੁਨਿਆਵੀ ਮੋਹ ਤੋਂ ਉਪਰ ਉੱਠ ਕੇ ਪ੍ਰਭੂ ਪ੍ਰਾਪਤੀ ਲਈ ਯਤਨ ਕਰਨਾ ਹੈ। ਇਹੋ ਗੱਲ ਗੁਰੂ ਜੀ ਨੂੰ ਨਾਥਾਂ, ਜੋਗੀਆਂ, ਤਿਆਗੀਆਂ ਤੇ ਉਦਾਸੀਆਂ ਆਦਿ ਦੇ ਅਨੇਕਾਂ ਗ੍ਰਿਹਸਤ ਵਿਰੋਧੀ ਮੱਤਾਂ ਤੋਂ ਵੱਖਰਿਆਉਂਦੀ ਹੈ। ਇਸ ਤੱਤ ਨੂੰ ਹੀ ਉਨ੍ਹਾਂ ਨੇ ਆਪਣੇ ਦਰਸ਼ਨ ਦਾ ਵਿਸ਼ੇਸ਼ ਤੇ ਮੁੱਢਲਾ ਆਧਾਰ ਮੰਨਦਿਆਂ ਆਪਣੀ ਸਮੁੱਚੀ ਬਾਣੀ ਵਿਚ, ਗ੍ਰਿਹਸਤੀ ਜੀਵਨ ਜਿਉਣ ਦਾ ਉਪਦੇਸ਼ ਦਿੱਤਾ ਹੈ। ਮਾਇਆ ਰੂਪੀ ਦੁਨੀਆਂ ਵਿਚ ਵਿਚਰਦਿਆਂ ਹੋਇਆਂ ਵੀ ਇਸ ਦੇ ਮੋਹ ਮਾਇਆ ਤੋਂ ਉਪਰ ਉੱਠ ਕੇ ਪ੍ਰਭੂ ਭਗਤੀ ਰਾਹੀਂ ਪਾਰਬ੍ਰਹਮ ਦੇ ਮਿਲਾਪ ਦਾ ਰਾਹ ਇਉਂ ਦਸਿਆ ਹੈ:

> "ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ॥
> ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥"[1]

---

1. 'ਆਦਿ ਗ੍ਰੰਥ, ਪੰਨਾ 938.

ਆਪਣੇ ਜੀਵਨ ਵਿਚ ਬਕਾਇਦਾ ਸ਼ਾਦੀ ਕਰਵਾ ਕੇ ਗ੍ਰਿਹਸਤ ਵਿਚ ਪ੍ਰਵੇਸ਼ ਕਰਨਾ ਅਤੇ ਉਦਾਸੀਆਂ ਤੋਂ ਪਹਿਲਾਂ ਅਤੇ ਬਾਅਦ ਵਿਚ ਪੂਰਨ ਗ੍ਰਿਹਸਤ ਨੂੰ ਨਿਭਾਉਣਾ, ਉਨ੍ਹਾਂ ਦੇ ਇਸ ਜੀਵਨ ਮਾਰਗ ਪ੍ਰਤੀ ਦ੍ਰਿੜ ਵਿਸ਼ਵਾਸ਼ ਦਾ ਹੀ ਪ੍ਰਮਾਣ ਹੈ।

ਮਾਇਆ ਦੀ ਅਸਲੀਅਤ ਦਸਦਿਆਂ ਗੁਰੂ ਸਾਹਿਬ ਨੇ ਥਾਂ ਥਾਂ ਇਹ ਸਪਸ਼ਟ ਕੀਤਾ ਕਿ ਇਹ ਤਾਂ "ਪਾਪਾਂ ਬਾਝਹੁ ਹੋਵੈ ਨਾਹੀ ਮੋਇਆ ਸਾਥ ਨ ਜਾਈ।"

ਇਸੇ ਲਈ ਗੁਰੂ ਨਾਨਕ ਨੇ ਮਾਇਆ ਅਤੇ ਹਉਮੈ ਰੂਪੀ ਦੀਰਘ ਰੋਗ ਨੂੰ ਤਿਆਗ ਕੇ ਮਨ ਵਿਚ ਪ੍ਰਭੂ ਦਾ ਨਾਮ ਵਸਾਉਣ ਦੀ ਲੋੜ ਉਤੇ ਜ਼ੋਰ ਦਿੱਤਾ ਹੈ।

(ੲ) <u>ਦਰਸ਼ਨਵੇਤਾ</u>:

ਪੂਰਨ ਗੁਰੂ ਜਾਂ ਉਪਦੇਸ਼ਕ ਵੀ ਕੋਈ ਤਾਂ ਹੀ ਹੋ ਸਕਦਾ ਹੈ ਜੇ ਕਰ ਉਸਨੂੰ ਸਾਧਾਰਣ ਮਨੁੱਖ ਦੇ ਜੀਵਨ ਦੀਆਂ ਸਮੱਸਿਆਵਾਂ ਦਾ ਅਹਿਸਾਸ ਹੋਵੇ। ਗੁਰੂ ਨਾਨਕ ਤਾਂ ਆਪਣੇ ਸਮੇਂ ਦਾ ਉਹ ਸੂਝਵਾਨ ਤੇ ਦਿਬ ਦ੍ਰਿਸ਼ਟੀ ਵਾਲਾ ਚਿੰਤਕ ਹੈ ਜਿਸ ਨੇ ਪ੍ਰਚੱਲਤ ਸਮਕਾਲੀ ਧਾਰਮਕ ਅਤੇ ਸਮਾਜਕ ਵਿਚਾਰਧਾਰਾਵਾਂ ਦਾ ਡੂੰਘਾ ਅਧਿਐਨ ਹੀ ਨਹੀਂ ਕੀਤਾ ਸਗੋਂ ਬ੍ਰਹਮ, ਮਾਇਆ, ਸ੍ਰਿਸ਼ਟੀ, ਜੀਵ-ਆਤਮਾ ਅਤੇ ਮੁਕਤੀ ਆਦਿ ਦਾਰਸ਼ਨਿਕ, ਨੁਕਤਿਆਂ ਸੰਬੰਧੀ ਵੱਖ ਵੱਖ ਧਰਮਾਂ ਅਤੇ ਸੰਤਾਂ ਵਲੋਂ ਪੇਸ਼ ਕੀਤੇ ਗਏ ਦਰਸ਼ਨਾਂ ਦਾ ਵੀ ਗਿਆਨ ਪ੍ਰਾਪਤ ਕੀਤਾ। ਸਮਕਾਲੀ ਪ੍ਰਚੱਲਤ ਬੇਲੋੜੇ ਤੇ ਥੋਥੇ ਦਾਰਸ਼ਨਿਕ, ਅਧਿਆਤਮਿਕ ਅਤੇ ਸਮਾਜਕ ਵਿਸ਼ਵਾਸ਼ਾਂ ਨੂੰ ਉਸੇ ਰੂਪ ਵਿਚ ਅਪਣਾਉਣ ਦੀ ਥਾਂ ਉਨ੍ਹਾਂ ਦਾ ਖੰਡਨ ਕਰਨਾ ਵੀ ਉਨ੍ਹਾਂ ਦੇ ਦ੍ਰਿਸ਼ਟੀਕੋਣ ਨੂੰ ਸਪਸ਼ਟ ਕਰਦਾ ਹੈ। ਇਉਂ, ਸਮੁੱਚੇ ਤੌਰ ਤੇ ਗੁਰੂ ਜੀ ਨੇ ਗ੍ਰਿਹਸਤੀ ਜੀਵਨ ਨੂੰ ਤਿਆਗ ਕੇ ਸਰੀਰਕ ਅਤੇ ਆਤਮਕ ਸਾਧਨਾ ਲਈ ਅਪਣਾਏ ਜਾਂਦੇ ਕਠਨ ਅਤੇ ਘਿਨਾਉਣੇ ਢੰਗਾਂ ਦੀ ਨਿਖੇਧੀ ਕੀਤੀ ਅਤੇ ਗ੍ਰਿਹਸਤ ਵਿਚ ਰਹਿੰਦਿਆਂ, ਸੱਚੇ ਗੁਰੂ ਦੀ ਅਗਵਾਈ ਵਿਚ ਪ੍ਰੇਮਾ ਭਗਤੀ ਰਾਹੀਂ ਪ੍ਰਭੂ ਪ੍ਰਾਪਤ ਦਾ ਰਾਹ ਦਰਸਾਇਆ। ਇਹ ਮਹੱਤਵਪੂਰਣ ਫ਼ਲਸਫ਼ਾ ਦੇਣ ਵਾਲਾ ਗੁਰੂ, ਨਾਨਕ ਬਾਣੀ ਵਿਚੋਂ ਇਕ ਮਹਾਨ ਦਰਸ਼ਨਵੇਤਾ ਦੇ ਰੂਪ ਵਿਚ ਉੱਭਰ ਕੇ ਸਾਹਮਣੇ ਆਉਂਦਾ ਹੈ।

(ਸ) <u>ਸਮਾਜ ਸੁਧਾਰਕ</u>:

ਅਧਿਆਤਮਿਕ ਆਗੂ ਹੋਣ ਦੇ ਨਾਲ ਨਾਲ ਗੁਰੂ ਨਾਨਕ ਨਿਰਭਉ ਅਤੇ ਦਲੇਰ ਸਮਾਜ ਸੁਧਾਰਕ ਵੀ ਹੈ ਜਿਸ ਨੇ ਸਮਾਜਕ, ਰਾਜਨੀਤਕ ਅਤੇ ਧਾਰਮਕ ਜੀਵਨ ਵਿਚ ਪ੍ਰਚੱਲਤ ਗਲਤ ਕੀਮਤਾਂ ਦਾ ਸਖ਼ਤ ਸ਼ਬਦਾਂ ਵਿਚ ਖੰਡਨ ਕੀਤਾ। ਉਨ੍ਹਾਂ ਤਾਂ ਅਮੀਰਾਂ, ਵਜ਼ੀਰਾਂ ਵਲੋਂ ਕੀਤੇ ਗਏ ਜ਼ੁਲਮਾਂ ਵਿਰੁੱਧ ਆਵਾਜ਼ ਉਠਾਈ। ਬ੍ਰਾਹਮਣ ਸ਼੍ਰੇਣੀ ਵਲੋਂ, ਸਾਧਾਰਣ ਜਨਤਾ ਨੂੰ ਅੰਧਵਿਸ਼ਵਾਸ਼ਾਂ

ਦੇ ਜਾਲ ਵਿਚ ਫਸਾ ਕੇ, ਲੁੱਟੇ ਜਾਣ ਵਿਰੁਧ ਲੋਕਾਂ ਨੂੰ ਸੁਚੇਤ ਕੀਤਾ ਅਤੇ ਅਗਿਆਨੀ ਬ੍ਰਾਹਮਣਾਂ ਦੇ ਥੋਥੇ ਗਿਆਨ ਦੀ ਹਾਲਤ ਦਸਦਿਆਂ ਕਿਹਾ:

'ਗਿਆਨ ਧਿਆਨੁ ਕੁਛੁ ਨਾਹੀ ਚਤੁਰੁ ਕਹਾਵੈ ਪਾਡੇ।'[2]

ਪੰਡਤਾਂ ਦੇ ਪਖੰਡੀ ਧਾਰਮਕ ਜੀਵਨ ਦਾ ਪਾਜ ਵੀ ਖੋਲ੍ਹਿਆ:

'ਅੰਤਰ ਪੂਜਾ ਪੜਹਿ ਕਤੇਬਾ ਸੰਜਮ ਤੁਰਕਾ ਭਾਈ।
ਮਥੇ ਟਿਕਾ ਤੇੜ ਧੋਤੀ ਕਾਖਾਈ ਹਥਿ ਛੁਰੀ ਜਗਤ ਕਸਾਈ।'[3]

ਹਾਕਮ ਸ਼੍ਰੇਣੀ ਦੇ ਪਖੰਡੀ ਤੇ ਜ਼ੁਲਿਮ ਅਧਿਕਾਰੀਆਂ ਦੇ ਜੀਵਨ ਵਲ ਵੀ ਇਸ਼ਾਰਾ ਕਰਦਿਆਂ ਕਿਹਾ:

'ਮਾਣਸ ਖਾਣੇ ਕਰਹਿ ਨਿਵਾਜ ਛੁਰੀ ਵਗਾਇਨਿ ਤਿਨ ਗਲਿ ਤਾਗ।[4]

ਰਿਸ਼ਵਤਖੋਰ ਕਾਜ਼ੀਆਂ ਦੀ ਕਰਤੂਤ ਵੀ ਨੰਗੀ ਕੀਤੀ:

'ਕਾਜ਼ੀ ਹੋਇ ਕੇ ਬਹੈ ਨਿਆਇ। ਫੇਰੇ ਤਸਬੀ ਕਰੇ ਖੁਦਾਇ।
ਵਢੀ ਲੈ ਕੇ ਹਕਿ ਗਵਾਇ ਜੇ ਕੋ ਪੂਛੇ ਤਾਂ ਪੜਿ ਸੁਣਾਇ।"[5]

ਇਸੇ ਤਰ੍ਹਾਂ ਮਨ ਅਤੇ ਸਰੀਰ ਨੂੰ ਸਾਧਨ ਲਈ ਅਪਣਾਏ ਮਾਰਗ ਦਾ ਖੰਡਨ ਕਰਦਿਆਂ ਵੀ ਗੁਰੂ ਸਾਹਿਬ ਨੇ ਇਹ ਸਪਸ਼ਟ ਕੀਤਾ ਕਿ 'ਬਹੁ ਭੇਖ ਕੀਆ ਦੇਹੀ ਦੁਖ ਦੀਆ . . .।[6]

ਗੁਰੂ ਨਾਨਕ ਨੇ ਇਸਤਰੀ ਜਾਤੀ ਉਤੇ ਹੋ ਰਹੇ ਜ਼ੁਲਮ ਵਿਰੁਧ ਆਵਾਜ਼ ਉਠਾਈ ਤੇ ਲੋਕਾਂ ਨੂੰ ਇਸਤਰੀ ਦੀ ਮਹੱਤਤਾ ਤੋਂ ਜਾਣੂ ਕਰਾਉਂਦਿਆਂ ਇਹ ਅਹਿਸਾਸ ਕਰਵਾਇਆ ਕਿ

'ਸੋ ਕਿਉ ਮੰਦਾ ਆਖੀਐ ਜਿਤ ਜੰਮੇ ਰਾਜਾਨ।'[7]

ਇਉਂ, ਗੁਰੂ ਸਾਹਿਬ ਨੇ ਜਿਥੇ ਜਾਤੀ ਸਮਾਨਤਾ ਦਾ ਉਪਦੇਸ਼ ਦਿਤਾ ਉਥੇ ਸਦਾਚਾਰਕ ਕੀਮਤਾਂ ਨੂੰ ਵੀ ਜੀਵਨ ਵਿਚ ਅਪਨਾਉਣ ਲਈ ਪ੍ਰੇਰਿਆ।

---

2. ਉਹੀ, ਪੰਨਾ 400
3. ਉਹੀ, ਪੰਨਾ 401.
4. ਉਹੀ।
5. ਉਹੀ।
6. ਉਹੀ, ਪੰਨਾ 467.
7. ਉਹੀ, ਪੰਨਾ 473.

ਸਮਾਜ ਸੁਧਾਰਕ ਭਾਵਨਾ ਦੇ ਨਾਲ ਨਾਲ ਗੁਰੂ ਜੀ ਦੀ ਮੂਲ ਸ਼ਖ਼ਸੀਅਤ ਵਿੱਚੋਂ ਦੇਸ਼ ਪਿਆਰ ਦੀ ਭਾਵਨਾ ਦਾ ਪ੍ਰਬਲ ਰੂਪ ਵਿਚ ਨਜ਼ਰ ਆਉਂਦੀ ਹੈ। ਉਨ੍ਹਾਂ ਨੇ ਆਪਣੀ ਬਾਣੀ ਵਿਚ ਲਾਲਚੀ ਖੱਤਰੀਆਂ ਦੇ ਧਰਮ ਤਿਆਗਣ ਤੇ ਆਪਣਾ ਸਭਿਆਚਾਰ ਛੱਡ ਕੇ ਤੁਰਕਾਂ ਦਾ ਪਹਿਰਾਵਾ ਤੇ ਬੋਲੀ ਅਪਣਾਉਣ, ਤੇ ਉਨ੍ਹਾਂ ਨਾਲ ਰਲ ਕੇ ਪਾਪ ਕਮਾਉਣ ਦੇ ਕਰਮ ਕਰਨ ਵਾਲੇ ਦੇਸ਼ ਪਿਆਰ ਤੋਂ ਸੱਖਣੇ ਲੋਕਾਂ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ।

(ਹ) ਮਹਾਨ ਕਵੀ:

ਗੁਰੂ ਸਾਹਿਬ ਸੰਸਾਰ ਦੇ ਉਨ੍ਹਾਂ ਧਾਰਮਕ ਆਗੂਆਂ ਵਿੱਚੋਂ ਇਕ ਹਨ ਜਿਨ੍ਹਾਂ ਨੇ ਆਪਣੇ ਡੂੰਘੇ ਜੀਵਨ ਤਜਰਬੇ, ਤੀਖਣ ਅਨੁਭਵ ਤੇ ਗੰਭੀਰ ਦਾਰਸ਼ਨਿਕ ਫ਼ਲਸਫ਼ੇ ਨੂੰ ਆਪਣੀ ਕਾਵਿ-ਰਚਨਾ ਰਾਹੀਂ ਪੇਸ਼ ਕੀਤਾ। ਇਉਂ, ਗੁਰੂ ਸਾਹਿਬ ਦੀ ਸ਼ਖ਼ਸੀਅਤ ਦਾ, ਪ੍ਰਤਿਭਾਸ਼ੀਲ ਕਵੀ ਵਾਲਾ ਸਰੂਪ ਉੱਘੜ ਕੇ ਸਾਹਮਣੇ ਆਉਂਦਾ ਹੈ, ਜਿਸ ਨੇ ਲੋਕ ਭਾਸ਼ਾ ਵਿਚ ਆਪਣੀ ਬਾਣੀ ਰਚ ਕੇ ਜਿਥੇ ਆਪਣੇ ਅਨੁਭਵੀ ਵਿਚਾਰਾਂ ਨੂੰ ਸਾਧਾਰਣ ਜਨਤਾ ਤਕ ਪਹੁੰਚਾਇਆ ਉਥੇ ਭਾਰਤ ਦੇ ਅਧਿਆਤਮਕ ਕਾਵਿ-ਸਾਹਿੱਤ ਵਿਚ ਵੀ ਮਹਾਨ ਵਾਧਾ ਕੀਤਾ। ਆਪਣੀ ਕਾਵਿ-ਰਚਨਾ ਵਿਚ ਅਤਿ ਸੂਖਮ ਤੇ ਬਹੁਪੱਖੀ ਗੰਭੀਰ ਵਿਸ਼ਿਆਂ ਨੂੰ ਸਫ਼ਲਤਾ ਨਾਲ ਪੇਸ਼ ਕਰ ਸਕਣਾ, ਉਨ੍ਹਾਂ ਦੀ ਕਵਿ-ਪ੍ਰਤਿਭਾ ਦਾ ਇਕ ਹੋਰ ਉੱਤਮ ਸਬੂਤ ਹੈ।

ਸੋ ਨਾਨਕ ਬਾਣੀ ਵਿਚੋਂ ਗੁਰੂ ਨਾਨਕ ਦੀ ਸ਼ਖ਼ਸੀਅਤ ਇਕ ਮਹਾਨ ਅਧਿਆਤਮਕ ਆਗੂ, ਚਿੰਤਕ, ਕਵੀ, ਉਪਦੇਸ਼ਕ, ਸਦਾਚਾਰਕ ਕੀਮਤਾਂ ਦੇ ਪਾਲਕ, ਜਾਤੀ ਸਮਾਨਤਾ ਦੇ ਹਾਮੀ, ਇਸਤਰੀ ਜਾਤੀ ਦੇ ਹਮਦਰਦ ਤੇ ਕਰਮਕਾਂਡਾਂ ਵਿਰੋਧੀ ਸਮਾਜ ਸੁਧਾਰਕ ਅਤੇ ਕੁਦਰਤ ਪਿਆਰੇ ਦੇ ਰੂਪ ਵਿਚ ਉਘੜਦੀ ਹੈ।

2. ਮਿਹਰਵਾਨ ਰਚਨਾ ਵਿਚੋਂ ਉੱਘੜਦੀ ਸ਼ਖ਼ਸੀਅਤ ਅਤੇ ਉਸ ਦਾ ਵਿਸ਼ੇਸ਼ ਮਹੱਤਵ:

ਗੁਰੂ ਨਾਨਕ ਮਹਾਨ ਪ੍ਰਤਿਭਾ ਦਾ ਮਾਲਕ ਉਹ ਪਰਮ ਮਨੁੱਖ ਹੈ, ਜਿਸ ਨੇ 16ਵੀਂ ਸਦੀ ਦੇ ਪੰਜਾਬ ਨੂੰ ਅਧਿਆਤਮਿਕ ਅਤੇ ਸਮਾਜਕ ਖੇਤਰ ਵਿਚ ਭਰਪੂਰ ਅਗਵਾਈ ਦਿੱਤੀ। ਉਨ੍ਹਾਂ ਉਸ ਸਮੇਂ ਦੇ ਪ੍ਰਚੱਲਤ ਗ਼ਲਤ ਧਾਰਮਕ ਅਤੇ ਸਮਾਜਕ ਧਾਰਨਾਵਾਂ ਦਾ ਖੰਡਨ ਹੀ ਨਾ ਕੀਤਾ ਸਗੋਂ ਆਪਣੀ ਬਾਣੀ ਰਾਹੀਂ ਲੋਕਾਂ ਨੂੰ ਨਵਾਂ ਜੀਵਨ ਮਾਰਗ ਵੀ ਦਿਖਾਇਆ। ਇਸੇ ਲਈ ਨਾਨਕ ਬਾਣੀ ਦੇ ਸੂਖਮ ਨੁਕਤਿਆਂ ਦੀ ਵਿਆਖਿਆ ਤੇ ਜੀਵਨ ਦੀਆਂ ਪ੍ਰਚੱਲਤ ਘਟਨਾਵਾਂ ਨੂੰ ਸਾਂਭਣ ਦੀ ਲੋੜ ਨੇ ਹੀ ਸਿੱਖਾਂ ਤੇ ਸ਼ਰਧਾਲੂਆਂ ਨੂੰ ਕਲਮ ਚੁੱਕਣ ਲਈ ਪ੍ਰੇਰਿਆ ਤੇ ਇਸ ਸਿੱਟੇ ਵਜੋਂ ਕਵਿਤਾ

ਦੇ[illegible] ਨਾਲ ਪੰਜਾਬੀ ਵਾਰਤਕ ਵੀ ਹੋਂਦ ਵਿਚ ਆ ਗਈ। ਜਿਹਾ ਕਿ ਅਸਾਂ ਵਿਸਤਾਰ ਪੂਰਬਕ ਪਿਛੇ ਵੇਖਿਆ ਹੈ ਕਿ ਪੰਜਾਬੀ ਵਾਰਤਕ ਦੀ ਉਤਪਤੀ ਅਤੇ ਵਿਕਾਸ ਦਾ ਮੂਲ ਧੁਰਾ ਹੀ ਗੁਰੂ ਨਾਨਕ ਹੈ।

ਗੁਰੂ ਬੰਸ ਦੇ ਜੰਮ ਪਲ ਅਤੇ ਗੁਰੂ ਘਰ ਦੇ ਅਟੁੱਟ ਸ਼ਰਧਾਲੂ ਸੋਢੀ ਮਿਹਰਵਾਨ ਦੀ ਗੱਦ-ਰਚਨਾ ਦਾ ਮੂਲ ਪ੍ਰੇਰਣਾ ਸਰੋਤ ਤੇ ਕੇਂਦਰ ਬਿੰਦੂ ਵੀ ਗੁਰੂ ਨਾਨਕ ਹੀ ਹੈ। ਇਸ ਲਈ ਉਸ ਦੀਆਂ ਰਚਨਾਵਾਂ ਵਿੱਚੋਂ ਉਘੱੜਦੀ, ਗੁਰੂ ਨਾਨਕ ਦੀ ਸ਼ਖ਼ਸੀਅਤ ਵੀ ਵਿਸ਼ੇਸ਼ ਮਹੱਤਵ ਰੱਖਦੀ ਹੈ।

(ੳ) ਅਵਤਾਰ ਸਰੂਪ:

ਮਿਹਰਵਾਨ ਅਨੁਸਾਰ ਜਨਕ ਦਾ ਅਵਤਾਰ[8] ਗੁਰੂ ਨਾਨਕ 'ਸਤੀ, ਸੰਤੋਖ, ਦਇਆ, ਧਰਮ, ਨਾਮ, ਦਾਨ, ਇਸ਼ਨਾਨ, ਸੀਲ, ਸੰਜਮ, ਸੁਕ੍ਰਿਤ ਬਿਬੇਕ ਮਤਿ ਲੈ ਕਰ ਸ੍ਰੀ ਠਾਕੁਰ ਜੀ ਤੇ, ਜੀਆਂ ਕੇ ਉਧਾਰ ਕਰਨੇ ਕਉ ਕਲੀ ਕਾਲ ਮਹਿ ਆਇਆ।' ਇਉਂ ਲੇਖਕ ਨੇ ਗੁਰੂ ਨਾਨਕ ਨੂੰ ਜਨਕ ਭਗਤ ਦਾ ਅਵਤਾਰ ਬਣਾਕੇ ਹਿੰਦੂ ਅਵਤਾਰ ਪਰੰਪਰਾ ਵਿਚ ਉਸ ਦਾ ਅਜਿਹਾ ਵਿਸ਼ੇਸ਼ ਸਥਾਨ ਬਣਾ ਦਿੱਤਾ ਹੈ ਕਿ ਸਮੁੱਚਾ ਹਿੰਦੂ ਸਮਾਜ ਜਨਕ ਅਵਤਾਰ ਗੁਰੂ ਨਾਨਕ ਦੀ ਅਵਤਾਰੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋਏ ਬਿਨਾ ਨਹੀਂ ਰਹਿ ਸਕਦਾ।

ਇਸ ਜਨਮਸਾਖੀ ਦੇ ਮੁੱਢ ਵਿਚ ਹੀ ਦੂਜੀਆਂ ਜਨਮਸਾਖੀਆਂ ਵਾਲੀ ਸਾਂਝ ਦੇ ਦਰਸ਼ਨ ਹੋ ਜਾਂਦੇ ਹਨ ਜਦ ਲੇਖਕ ਆਪਣੀ ਮਿੱਥਕ ਸੋਚ ਅਨੁਸਾਰ ਇਹ ਦਸਦਾ ਹੈ ਕਿ ਗੁਰੂ ਨਾਨਕ ਦੇ ਜਨਮ ਉਤੇ 'ਅਨਾਹਦ ਸ਼ਬਦ ਵਾਜੇ ਤੇਤੀਸ ਕਰੋੜੀ ਦੇਵਤਿਆਹੁ ਨਮਸਕਾਰ ਕੀਆ, ਨਵਹੁ ਨਾਥਹੁ. .... ਛਿਅਹੁ ਜਤੀਅਹੁ. .. ਚਉਰਾਸੀਹੁ ਸਿਧਹੁ... ਗੁਪਤ ਪਰਗਟਹੁ ..... .....ਸਿਧਹੁ ਸਾਧਿਕਹੁ ਨਮਸਕਾਰ ਕੀਆ।......... .ਬਾਜੰਤ੍ਰ ਬਾਜੇ.... ਕਈ ਬੰਦੀ ਜਨ ... .ਮੁਕਤ ਭਏ ... ਰੋਗੀ ਥੇ ਤਿਨ ਕੇ ਰੋਗ ਗਏ ... ਸਭ ਜੀਵ ਅਨੰਦ ਮਹਿ ਭਏ।... ਪ੍ਰਿਥਵੀ ਕਉ ਬਹੁਤ ਸੁਖ ਉਪਜਿਆ ਗੁਰੂ ਬਾਬੇ ਨਾਨਕ ਕੇ ਜਨਮਿ ਸਾਖਿ।"[9]

8. ਇਹ ਗਲ ਭੱਟਾਂ ਦੇ ਕਥਨ "ਤੂ ਤਾ ਜਨਕਿ ਰਾਜਾ ਅਉਤਾਰ" ਨੂੰ ਸਾਰਥਕ ਕਰਨ ਹਿੱਤ ਕਹੀ ਗਈ ਹੈ।

9. ਜ. ਗੁ. ਨਾ. ਭਾਗ ਪਹਿਲਾ, ਪੰਨਾ 9.

ਦੁਨੀਆਂ ਵਿਚ ਅਵਤਾਰ ਧਾਰਣ ਸਮੇਂ ਪਾਰਬ੍ਰਹਮ ਨੇ ਇਹ ਵਰ ਵੀ ਦਿੱਤਾ ਕਿ 'ਏ ਨਾਨਕ ਭਗਤ ਜਾਹਿ ਜੋ ਤੇਰੇ ਪੰਥ ਮਹਿ ਆਵੈਗਾ ਤਿਸ ਕੇ ਨੇਕੀ ਬਦੀ, ਦੁਖਸੁਖ ਮੁਕਤਿ ਜੋਨਿ ਭਲਾ ਬੁਰਾ ਤੇਰੇ ਵਸਿ ਹੈ... ਅਰੁ ਜਿ ਤੇਰੇ ਪੰਥ ਮਹਿ ਆਵੈਗਾ ਤਿਸਕਾ ਹਿਸੈਬ ਤੂ ਜਾਣਿ।... ਮੈਂ ਤੇਰਾ ਪੰਥੁ ਕੀਆ ਤੇਰਾ ਨਾਮ ਨਾਨਕ ਹੂਆ ਨਾਨਕ ਪੰਥੁ ਚਲਾਵਉਗਾ... ਤੇਰਾ ਨਾਮ ਜੋ ਕੋਈ ਲੇਗਾ ਤਿਸ ਕਉ ਮੈ ਮੁਕਤਿ ਕਰਉਗਾ।...।"[10] ਪਰ ਨਾਲ ਹੀ ਇਹ ਹੁਕਮ ਵੀ ਕੀਤਾ ਕਿ 'ਏ ਨਾਨਕ ਤੈ ਮੇਰਾ ਨਾਮ ਕਲਿਜੁਗ ਕੇ ਬਿਖੈ ਜਪਾਵਣਾ, ਨਾਮੁ ਦਾਨੁ ਇਸਨਾਨੁ ਕਲਿਜੁਗ ਕੇ ਬਿਖੈ ਜਪਾਵਣਾ ਅਰੁ ਦਿੜਾਵਣਾ ਸੰਸਾਰ ਕਉ ਮੇਰਾ ਜਸ ਕਰਣਾ ਕਰਾਵਣਾ। ਸੁਧਰਮੁ ਦਿੜਾਵਣਾ ਬਤਾਵਣਾ ਜਿਸ ਤੇ ਸੰਸਾਰ ਕਾ ਭਲਾ ਹੋਇਆ ਅਰੁ ਮੁਕਤਾ ਹੋਇ।... ਜਾਹਿ ਨਾਨਕ ਤੂ ਮੈਂ ਬਖਸਿਆ ਹੈਂ ਤੇਰੇ ਪੀਛੇ ਜਗਤੁ ਬਖਸਉਗਾ।"[11]

ਇਸ ਤਰ੍ਹਾਂ ਆਰੰਭ ਤੋਂ ਹੀ ਬਾਲਕ ਨਾਨਕ ਦਾ ਸੁਭਾਉ ਸਧਾਰਣ ਬਾਲਕਾਂ ਨਾਲੋਂ ਵੱਖਰਾ ਹੋ ਗਿਆ। 'ਅਵਰਾ ਬਾਲਕਾਂ ਕਾ ਸੁਭਾਉ ਰੋਵਣੇ ਕਾ ਹੂਆ [ਉਆਂ] ਅਰੁ ਗੁਰੂ ਬਾਬੇ ਨਾਨਕ ਕਾ ਸੁਭਾਉ ਏਹੀ ਕੀ ਤੇਰੇ ਨਾਉਂ ਤੇਰੇ ਨਾਉਂ"। ... 'ਜਬ ਸਤਾਂ ਮਹੀਨਿਆਂ ਕਾ ਹੂਆ ਤਬ ਲਾਗਾ ਚਕ੍ਰ ਮਾਰ ਬੈਠਣੇ ਜੋਗਿੰਦ੍ਰ ਕੀ ਜੈਸੀ ਬੈਠਕ ਬੈਠੇ। ...ਤਬ ਲੋਕ ਕਹਹਿ ਜੋ ਏ ਪਰਮੇਸਰ।''[12]

'ਜਬ ਪੰਜਿ ਛਿਆਂ ਬਰਸਾਂ ਕਾ ਹੂਆ ਤਬ ਖੇਲੈ ਬਾਲਕਾ ਸਾਥਿ ਅਰੁ ਬੋਲੈ ਬ੍ਰਹਮ ਗਿਆਨੁ ਨਸੀਹਤਿ ਦੇ ਬਾਲਕਾ ਕਉ ਅਰੁ ਵਡਿਆਂ ਕਉ।' ਜਿਹੜਾ ਦੇਖੈ ਉਹੋ ਹਿੰਦੂ ਜਾਂ ਤੁਰਕ ਹੀ ਨਿਹਾਲ ਹੋਵੇ ਅਤੇ ਉਹ ਵਡਿਆਈ ਕਰੇ।

ਸੋ ਇਉਂ, ਜਨਮਸਾਖੀ ਲੇਖਕਾਂ ਦਾ ਇਕ ਬੜਾ ਜਿਥੇ ਗੁਰੂ ਨਾਨਕ ਨੂੰ 'ਪਰਮੇਸ਼ੁਰ ਸਰੂਪ' ਦਸਦਾ ਹੈ ਉਥੇ ਮਿਹਰਵਾਨ ਉਸ ਨੂੰ ਜਨਮਅਵਤਾਰ ਬਣਾਕੇ ਪੇਸ਼ ਕਰਦਾ ਹੈ ਕਿਉਂਕਿ ਉਸ ਵਿਚ ਬ੍ਰਾਹਮਣੀ-ਸੰਸਕਾਰਾਂ ਅਧੀਨ ਸਭਨਾਂ ਨੂੰ ਅਵਤਾਰ ਪ੍ਰਗਟ ਕਰਨ ਅਤੇ ਕ੍ਰਿਸ਼ਨ ਨੂੰ ਸ੍ਰੇਸ਼ਟ ਅਵਤਾਰ ਦਰਸਾਣ ਦੀ ਰੁਚੀ ਹੈ। ਇਸ ਰੁਚੀ ਦਾ ਪ੍ਰਗਟਾਵਾ ਅਸਲ ਵਿਚ ਬ੍ਰਾਹਮਣੀ ਵਿਸ਼ਵਾਸ਼ਾਂ ਨੂੰ ਮੁੜ ਸੁਰਜੀਤ ਕਰਨ ਦਾ ਹੀ ਯਤਨ ਹੈ।

---

10. ਉਹੀ, ਪੰਨਾ 8.
11. ਉਹੀ, ਪੰਨਾ 89.
12. ਉਹੀ, ਪੰਨਾ 10.

ਮਿਹਰਵਾਨ ਅਨੁਸਾਰ ਗੁਰੂ ਨਾਨਕ ਨੂੰ 'ਸੰਮਤਿ 1564 ਭਾਦੋਂ ਸੁਦੀ ਪੂਰਨਮਾ ਕੈ ਦਿਨਿ ਤਲਕੇ ਹੀ ਪਰਮੇਸੁਰ ਕੇ ਨਾਮ ਕਾ ਪਰਗਾਸ ਹੋਆ ਸ੍ਰੀ ਪਾਰਬ੍ਰਹਮ ਸਾਵਧਾਨ ਹੋਕੇ ਕੈ ਖਿਥੈ ਮਿਲਿਆ ਬਾਬੇ ਨਾਨਕ ਜੀ ਕਉ। 36 ਵਰ੍ਹਿਆ ਸਾਢਿਆ ਤ੍ਰਿਆ ਮਹੀਨਿਆ ਕੇ ਹੋਏ ਸੋ ਪਾਰਬ੍ਰਹਮ ਪਰਮੇਸੁਰ ਸਾਵਧਾਨ ਮਿਲਿਆ...।"[13]

ਇਸ ਲੇਖਕ ਅਨੁਸਾਰ ਪਰਮੇਸਰ ਮਿਲਾਪ ਤੋਂ ਮਗਰੋਂ ਨਾਨਕ ਤੀਰਥਾਂ ਤੇ ਜਾ ਕੇ ਲੋਕਾਂ ਨੂੰ ਸਤਿਨਾਮ ਦਾ ਉਪਦੇਸ਼ ਦੇਂਦਾ ਹੈ ਪਰ ਪਹਿਲਿਆਂ ਪਰੰਪਰਾਵਾਂ ਅਨੁਸਾਰ ਗੁਰੂ ਨਾਨਕ ਨੂੰ ਵੇਈਂ ਪ੍ਰਵੇਸ਼ ਤੋਂ ਮਗਰੋਂ ਘਰ ਬਾਰ ਲੁਟਾ ਕੇ ਫਕੀਰ ਹੁੰਦਿਆਂ ਦਿਖਾਇਆ ਗਿਆ ਹੈ ਕਿਉਂਕਿ ਲੇਖਕਾਂ ਦੇ ਮਨ ਵਿਚ ਸਮਕਾਲੀ ਤਿਆਗੀ ਧਾਰਮਕ ਵਿਅਕਤੀਆਂ ਤੋਂ ਪ੍ਰਭਾਵਿਤ ਹੋ ਕੇ ਗੁਰੂ ਨਾਨਕ ਨੂੰ ਵੀ ਤਿਆਗੀ ਫ਼ਕੀਰ ਜਾਂ ਸਾਧ ਬਣਾਉਣ ਦੀ ਇੱਛਾ ਕੰਮ ਕਰ ਰਹੀ ਹੈ।

ਪਾਰਬ੍ਰਹਮ ਨੂੰ ਮੁੜ ਮੁੜ ਮਿਲਣ ਉਤੇ ਵੀ ਗੁਰੂ ਨਾਨਕ ਸਚੇ ਭਗਤ ਵਾਂਗ ਕੇਵਲ ਏਹੀ ਮੰਗਦਾ ਹੈ ਕਿ 'ਏ ਪਰਮੇਸਰ ਮੈਂ ਤੇਰੇ ਨਾਮ ਕਾ ਹੀ ਪਿਆਸਾ ਹਾਂ . . . ਤੂ ਮੁਕਉ ਏਹੀ ਦਾਨ ਦੇਹਿ ਜਿ ਜੁਗਹੁ ਜੁਗ ਏਕੁ ਤੇਰਾ ਨਾਮ ਮੇਰੈ ਮਨਿ ਵਸੈ।' ਤਾਂ ਪਾਰਬ੍ਰਹਮ ਵਲੋਂ ਫਿਰ ਬਾਬੇ ਨਾਨਕ ਨੂੰ ਇਹ ਵਰ ਮਿਲ ਜਾਂਦਾ ਹੈ ਕਿ 'ਜਾਹਿ ਨਾਨਕ। ਹੰਉ ਪੂਰਾ ਪਰਮੇਸਰੁ ਹਾਂ ਤੂ ਪੂਰਾ ਗੁਰੂ ਹੂਆ ... ਏ ਨਾਨਕ ਤੇਰੀ ਪੈਜ ਮੈਂ ਐਸੀ ਰਖਉਗਾ ਜਿ ਕੋਈ ਤੇਰਾ ਨਾਮੁ ਲੇਵੈਗਾ ਤਿਸ ਕੀ ਮੁਕਤਿ ਕਰਉਗਾ।"[14]

ਇਉਂ ਲੇਖਕ ਅਨੁਸਾਰ ਭਗਤ ਜਨਕ ਦਾ ਅਵਤਾਰ ਗੁਰੂ ਨਾਨਕ, ਪਾਰਬ੍ਰਹਮ ਵਲੋਂ ਵਿਸ਼ੇਸ਼ ਵਰ ਅਤੇ ਬਖਸ਼ਸਾਂ ਲੈ ਕੇ ਇਸ ਦੁਨੀਆਂ ਦੇ ਸੁਧਾਰ ਹਿਤ ਹੀ ਅਵਤਾਰ ਧਾਰਦਾ ਹੈ।

(ਅ) ਸਰਬਸਾਂਝਾ ਗੁਰੂ:

ਇਨ੍ਹਾਂ ਗੋਸ਼ਟਾਂ ਦਾ ਨਾਇਕ ਗੁਰੂ ਨਾਨਕ ਮੂਲ ਰੂਪ ਵਿਚ ਇਕ ਅਵਤਾਰ ਹੈ, ਗੁਰੂ ਹੈ, ਉਪਦੇਸ਼ਕ ਹੈ। ਪਰ ਉਹ ਵੈਦਿਕ ਦੇਵਤਿਆਂ ਵਰਗਾ ਨਹੀਂ ਸਗੋਂ ਪੁਰਾਣ ਕਾਲ ਦੇ ਦੇਵਤਿਆਂ ਦੀ ਵਰਣਮਾਲਾ ਵਿੱਚੋਂ ਇਕ ਜਾਪਦਾ ਹੈ ਜੋ ਆਪਣੇ ਜੀਵਨ ਵਿਚ ਕਿਸੇ ਔਖੀ ਸਥਿਤੀ ਵਿਚ ਨਹੀਂ ਫਸਦਾ।

ਇਹੋ ਕਾਰਨ ਹੈ ਕਿ ਇਸ ਰਚਨਾ ਵਿਚ ਗੁਰੂ ਨਾਨਕ ਦਾ ਉਸਾਰਿਆ ਗਿਆ ਮੁਖੁਸੀਅਤ ਸਾਧਾਰਣ ਲੋਕਾਂ ਨਾਲੋਂ ਵੱਖਰੀ ਅਤੇ ਵਿਸ਼ੇਸ਼ ਹੈ। ਲੇਖਕ ਅਨੁਸਾਰ ਬਾਲਕ ਗੁਰੂ ਬਚਪਨ ਤੋਂ ਹੀ

13. ਉਹੀ, ਪੰਨਾ 89.

14. ਉਹੀ, ਪੰਨਾ 173.

ਗੰਭੀਰ ਖਿਹਤੀਆਂ ਦਾ ਮਾਲਕ ਅਤੇ ਜੀਵਨ ਦੇ ਡੂੰਘੇ ਭੇਦਾਂ ਨੂੰ ਸਮਝਣ ਵਾਲਾ ਵਿਅਕਤੀ ਬਣ ਜਾਂਦਾ ਹੈ ਜੋ ਅੱਠਾਂ ਸਾਲਾਂ ਦੀ ਉਮਰ ਵਿਚ ਹੀ 'ਦੁਨੀਆਂ ਪ੍ਰਕਾਸ਼ੇ ਫਾਲਾ' ਦੀ ਸਿੱਖਿਆ ਦੇਣ ਲਗ ਪੈਂਦਾ ਹੈ। ਇਸ ਤਰ੍ਹਾਂ ਸ਼ੁਰੂ ਤੋਂ ਹੀ ਏਨਾ ਗੰਭੀਰ ਅਤੇ ਗਿਆਨਵਾਨ ਹੋਣ ਤੋਂ ਸਪਸ਼ਟ ਹੈ ਕਿ ਉਹ ਜਨਮ ਤੋਂ ਹੀ ਗੁਰੂ ਹੈ।

ਬਚਪਨ ਤੋਂ ਮਗਰੋਂ ਜਵਾਨੀ ਦੀ ਅਵਸਥਾ ਵਿਚ ਵੀ ਵਿਆਹੁਣ ਗਿਆ ਨਾਇਕ ਆਪਣੇ ਮੂੰਹੋਂ ਬਾਣੀ ਉਚਾਰਦਾ ਅਤੇ ਲੋਕਾਂ ਨੂੰ ਉਸ ਦਾ ਪਰਮਾਰਥ ਦਸਦਾ ਹੈ। ਉਸ ਦੇ ਉਪਦੇਸ਼ ਸੁਣ ਕੇ ਲੋਕ ਪ੍ਰਭਾਵਿਤ ਹੀ ਨਹੀਂ ਹੁੰਦੇ ਸਗੋਂ 'ਖਤ੍ਰੀ ਬ੍ਰਾਹਮਣ ਸੂਦ੍ਰ ਵੈਸ ਜਿਤਨਾ ਸਾ, ਜਿਤਨਾ ਮੁਸਲਮਾਨ ਸਾ ਸਿ ਗੁਰੂ ਬਾਬੇ ਨਾਨਕ ਜੀ ਕੀ ਉਸਤਤਿ ਨਾਲਿ ਕਰਨੇ ਜਿ ਧੰਨ ਹੈ ਗੁਰੂ ਬਾਬਾ ਨਾਨਕ'। ਪਰ ਬਾਬੇ ਨਾਨਕ ਦੀ ਗੁਰੂ ਵਾਲੀ ਪ੍ਰਤਿਭਾ ਉਸ ਸਮੇਂ ਹੋਰ ਵੀ ਉਘੜਦੀ ਹੈ ਜਦੋਂ ਉਸ ਦੇ ਸੰਪਰਕ ਵਿਚ ਆਇਆ ਹਰ ਸਾਧਾਰਣ ਵਿਅਕਤੀ, ਪੰਡਿਤ, ਪਾਧਾ, ਮੌਲਵੀ ਜਾਂ ਰਾਜਾ ਉਸ ਦੇ ਚਰਨਾਂ ਅਗੇ ਸਿਰ ਝੁਕਾ ਕੇ ਉਸ ਨੂੰ ਗੁਰੂ ਮੰਨ ਲੈਂਦਾ ਹੈ। ਇਕ ਥਾਂ ਜਦੋਂ ਗੁਰੂ ਨਾਨਕ ਇਕ ਪੰਡਿਤ ਪਾਸੋਂ ਸੁਆਲ ਪੁੱਛਦਾ ਹੈ ਤਾਂ ਝਟ ਪੰਡਿਤ ਹਾਰ ਮੰਨ ਕੇ ਕਹਿੰਦਾ ਹੈ ਕਿ "ਏ ਬਾਤ ਹਮਹੁ ਕਹੀ ਨਾਹੀਂ ਸਮਝੀ ਤੂ ਹਮਾਰਾ ਗੁਰੂ ਹਮ ਤੁਮਾਰੇ ਸਿਖ। ਪਰਮੇਸਰ ਕੇ ਨਿਮਤਿ ਏਹੁ ਬਾਤ ਸਮਝਾਈਐ ਜੀ।"[15]

ਜੇ ਕਰ ਵੈਦ ਬੁਲਾਇਆ ਜਾਂਦਾ ਹੈ ਤਾਂ ਉਹ ਵੀ ਕੁਝ ਪੁਛਣਾ ਪਿਛੋਂ ਝੱਟ ਕਹਿ ਉਠਦਾ ਹੈ ਕਿ "ਬਲਿਹਾਰੇ ਜਾਉ... ਤੂ ਹਮਾਰਾ ਇਨ੍ਹਾਂ ਰੋਗਾਂ ਕਾ ਦਸਣਹਾਰਾ ਗੁਰੂ ਹੂਆ।"[16]

ਇਸੇ ਤਰ੍ਹਾਂ ਜਦੋਂ ਗੁਰੂ ਨਾਨਕ ਦੀ ਸੁਮੇਰ ਪਰਬਤ ਉਤੇ ਗੋਰਖ ਨਾਥ, ਮਛਿੰਦ੍ਰ, ਈਸਰ ਤੇ ਚਰਪਟ ਅਨੇਕਾਂ ਸਿਧਾਂ ਨਾਲ ਮੁਲਾਕਾਤ ਹੋਈ ਤਾਂ ਅਖੀਰ ਸਤੇ ਸਿਧ, ਗੁਰੂ ਨਾਨਕ ਦੀ ਮਹਾਨਤਾ ਨੂੰ ਸਵੀਕਾਰ ਕਰਦਿਆਂ ਇਹ ਮੰਨ ਗਏ ਕਿ 'ਜਿ ਨਾਨਕ ਬੋਲਤਾ ਹੈ ਸਿ ਉਹ ਧੁਰ ਬੋਲਤਾ ਹੈ ਹਮਾਰਾ ਕਾਮ ਨਾਹੀ ਜਿ ਇਸ ਪਦਵੀ ਸੇ ਬੋਲ ਸਕੇ। ਇਹ ਜਿ ਹੈ ਸਿ ਪੂਰਨ ਪੁਰਖ ਹੈ।... ਤਬ ਸਿਧਹੁ ਗੁਰੂ ਬਾਬੇ ਕਉ ਨਮਸਕਾਰ ਕੀਆ।"[17]

---

15. ਉਹੀ, ਪੰਨਾ 42.

16. ਉਹੀ, ਪੰਨਾ 47.

17. ਉਹੀ, ਪੰਨਾ 39.

ਅਚਲ ਵਟਾਲੇ ਦੇ ਅਸਥਾਨ ਤੇ ਵੀ ਬਾਬਾ ਨਾਨਕ ਦੀ ਸਿੱਧਾਂ ਨਾਲ ਬੜੀ ਗੰਭੀਰ ਅਤੇ ਲੰਮੀ ਗੋਸ਼ਟ ਹੋਈ ਜਿਸ ਵਿਚ ਸਿੱਧ, ਗੁਰੂ ਨਾਨਕ ਤੋਂ ਪ੍ਰਭਾਵਿਤ ਹੀ ਨਾ ਹੋਏ ਸਗੋਂ ਉਨ੍ਹਾਂ ਬਾਬੇ ਦੀ ਬਹੁਤ ਵਡਿਆਈ ਵੀ ਕੀਤੀ।

ਸੋ, ਮਿਹਰਵਾਨ ਰਚਿਤ ਇਨ੍ਹਾਂ ਗੋਸ਼ਟਾਂ ਵਿਚ, ਗੁਰੂ ਨਾਨਕ ਦੇ ਸੰਪਰਕ ਵਿਚ ਆਉਣ ਵਾਲੇ ਨਾਥ, ਜੋਗੀ, ਸਿੱਧ, ਸਰੇਵੜੇ, ਮੁਲਾਂ, ਪੀਰ, ਫਕੀਰ, ਮੌਲਵੀ, ਪੰਡਿਤ, ਸੰਨਿਆਸੀ, ਗੋਬਿੰਦ ਲੋਕ ਅਤੇ ਹਰ ਕਿਸਮ ਦੇ ਵਿਅਕਤੀ ਉਨ੍ਹਾਂ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਨੂੰ ਗੁਰੂ ਮੰਨਦੇ ਤੇ ਉਪਦੇਸ਼ ਲੈਂਦੇ ਹਨ। ਬਹੁਤੀ ਥਾਂਈ ਤਾਂ ਇਹ ਉਪਾਸ਼ਕ ਸਿੱਖ ਬਣ ਜਾਂਦੇ ਹਨ। ਕਿਸੇ ਵੀ ਧਰਮ ਜਾਂ ਕੌਮ ਦੇ ਵਿਅਕਤੀ ਨੂੰ ਕੋਈ ਸੰਕੋਚ ਨਹੀਂ ਸਗੋਂ ਸਿੱਖ ਬਣਨ ਵਿਚ ਖੁਸ਼ੀ ਹੁੰਦੀ ਹੈ। ਗੋਸ਼ਟਾਂ ਅਨੁਸਾਰ ਤਾਂ ਗੁਰੂ ਨਾਨਕ ਦਾ ਅਸਲੀ ਜੀਵਨ ਉਦੇਸ਼ ਹੀ ਲੋਕਾਂ ਨੂੰ ਉਪਦੇਸ਼ ਦੇ ਕੇ '੧ਓ' ਦੀ ਸੋਝੀ ਕਰਾਉਣਾ ਹੈ। ਪਰ ਗੋਸ਼ਟਾਂ ਵਿਚ ਕਈ ਥਾਂਈ ਗੁਰੂ ਨਾਨਕ ਕਰਾਮਾਤੀ ਸ਼ਕਤੀਆਂ ਦਿਖਾ ਕੇ ਵੀ ਲੋਕਾਂ ਨੂੰ ਇਸ ਪਾਸੇ ਲਾਉਂਦਾ ਦਿਖਾਇਆ ਗਿਆ ਹੈ। ਜਿਵੇਂ ਮੀਂਹ ਵਸਾ ਕੇ ਲੋਕਾਂ ਨੂੰ ਨਾਮ ਸਿਮਰਣ ਵਲ ਪ੍ਰੇਰਣਾ ਇਕ ਉਦਾਹਰਣ ਹੈ। ਪਰ ਗੁਰੂ ਜੀ ਵਲੋਂ ਦਿਖਾਈਆਂ ਗਈਆਂ ਕਰਾਮਾਤਾਂ ਸਮਕਾਲੀ ਕਰਾਮਾਤੀਆਂ ਵਾਂਗ ਕਿਸੇ ਨੂੰ ਨੁਕਸਾਨ ਪਹੁੰਚਾਣ ਦੀ ਥਾਂ ਉਨ੍ਹਾਂ ਦੇ ਭਲੇ ਲਈ ਹੀ ਵਰਤੀਆਂ ਗਈਆਂ ਹਨ। ਇਉਂ, ਸਮੁੱਚੇ ਤੌਰ ਤੇ ਇਨ੍ਹਾਂ ਗੋਸ਼ਟਾਂ ਵਿਚੋਂ ਗੁਰੂ ਨਾਨਕ ਇਕ ਸਰਬ ਸਾਂਝੇ ਅਤੇ ਪ੍ਰਭਾਵਸ਼ਾਲੀ ਪ੍ਰਚਾਰਕ ਦੇ ਰੂਪ ਵਿਚ ਉੱਘੜ ਕੇ ਸਾਹਮਣੇ ਆਉਂਦਾ ਹੈ।

(ੲ) <u>ਕ੍ਰਾਂਤੀਕਾਰੀ ਉਪਦੇਸ਼ਕ:</u>

'ਗੋਸ਼ਟਾਂ ਗੁਰੂ ਨਾਨਕ' ਅਨੁਸਾਰ ਗੁਰੂ ਸਾਹਿਬ ਨੇ ਧਾਰਮਕ ਸੰਕਟ ਵਿਚ ਫਸੇ ਸਮਕਾਲੀ ਸਮਾਜ ਦੀ, ਧਾਰਮਕ ਲੁੱਟ ਘਸੁੱਟ ਵਿਰੁੱਧ ਬੜੀ ਦਲੇਰੀ ਅਤੇ ਸੂਝ ਨਾਲ ਅਵਾਜ਼ ਉਠਾਈ। ਉਨ੍ਹਾਂ ਨੇ ਬ੍ਰਾਹਮਣ ਸ਼੍ਰੇਣੀ ਦੀ ਸ੍ਰੇਸ਼ਟਤਾ ਨੂੰ ਵੰਗਾਰਿਆ ਅਤੇ ਬੁੱਤ ਪੂਜਾ, ਜਨੇਊ, ਤੀਰਥ ਇਸ਼ਨਾਨ ਤੇ ਦਾਨ ਪੁੰਨ ਆਦਿ ਅਨੇਕ ਹੋਰ ਧਾਰਮਕ ਕਰਮਕਾਂਡਾਂ ਦਾ ਖੰਡਨ ਕਰਦਿਆਂ ਲੋਕਾਂ ਨੂੰ ਇਨ੍ਹਾਂ ਦੇ ਖੋਖਲੇਪਣ ਤੋਂ ਜਾਣੂ ਕਰਵਾਇਆ। ਗ੍ਰਿਹਸਤੀ ਜੀਵਨ ਤਿਆਗ ਕੇ ਸਰੀਰਕ ਅਤੇ ਆਤਮਕ ਸਾਧਨਾ ਵਿਚ ਲਗੇ ਨਾਥਾਂ, ਜੋਗੀਆਂ, ਸਿੱਧਾਂ ਤੇ ਤਿਆਗੀਆਂ ਨੂੰ ਗ੍ਰਿਹਸਤ ਦੀ ਮਹੱਤਤਾ ਦਸਦਿਆਂ ਹਉਮੈ ਤਿਆਗ ਕੇ ਨਾਮ ਸਿਮਰਣ ਦਾ ਉਪਦੇਸ਼ ਦਿੱਤਾ। ਕਾਜ਼ੀਆਂ ਮੁਲਾਣਿਆਂ ਅਤੇ ਮੁਸਲਮਾਨ ਫਕੀਰਾਂ ਨੂੰ ਹਿਰਦਾ ਸ਼ੁੱਧ ਕਰਕੇ ਅੱਲ੍ਹਾ ਪ੍ਰਾਪਤੀ ਲਈ ਯਤਨ ਕਰਨ ਦੀ ਸਲਾਹ ਦਿੱਤੀ। ਗੁਰੂ ਨਾਨਕ ਵਲੋਂ ਇਸ ਉਲਝੇ ਹੋਏ ਧਾਰਮਕ ਜੀਵਨ ਦੀਆਂ ਤੰਦਾਂ ਸੁਲਝਾਉਣ ਦੇ

ਯਤਨ ਨੂੰ ਧਾਰਮਕ ਖੇਤਰ ਵਿਚ ਮਹਾਨ ਕ੍ਰਾਂਤੀਕਾਰੀ ਕਦਮ ਮੰਨਿਆ ਜਾ ਸਕਦਾ ਹੈ, ਜੋ ਕਿਸੇ ਦਲੇਰ ਅਤੇ ਨਿਰਭੈ ਪੁਰਸ਼ ਦਾ ਹੀ ਕੰਮ ਹੋਇਆ ਕਰਦਾ ਹੈ। ਸੋ ਇਉਂ, ਲੇਖਕ ਨੇ ਇਸ ਰਚਨਾ ਵਿਚ ਨਾਨਕ ਬਾਣੀ ਦੀਆਂ ਅਜਿਹੀਆਂ ਸਬੰਧਿਤ ਸਤਰਾਂ ਦੀ ਸੁੰਦਰ ਵਿਆਖਿਆ ਕਰਕੇ ਨਾਇਕ ਦੇ ਚਰਿੱਤਰ ਨੂੰ ਵਧੇਰੇ ਪ੍ਰਭਾਵਸ਼ਾਲੀ ਤੇ ਯਥਾਰਥਕ ਰੂਪ ਵਿਚ ਉਘਾੜਿਆ ਹੈ।

(ਸ) ਸਮਾਜ ਸੁਧਾਰਕ:

ਗੁਰੂ ਸਾਹਿਬ ਨੇ ਸਮਾਜ ਵਿਚਲੀ ਜਾਤ ਪਾਤ ਦੀ ਵੰਡ ਆਦਿ ਸਾਰੀਆਂ ਬੁਰਾਈਆਂ ਅਤੇ ਅਸਮਾਨਤਾਵਾਂ ਨੂੰ ਡੂੰਘੀ ਨਜ਼ਰ ਨਾਲ ਦੇਖਿਆ। ਲੋਕਾਂ ਦੇ ਗੁਲਾਮ ਜੀਵਨ ਦੇ ਕਾਰਣਾਂ ਨੂੰ ਪਰਖਿਆ ਅਤੇ ਅਗਿਆਨੀ ਜੀਵਾਂ ਨੂੰ ਸਮਾਜਕ ਵਹਿਮ ਭਰਮ ਤਿਆਗ ਕੇ ਇਸਤਰੀ ਦਾ ਯੋਗ ਸਤਿਕਾਰ ਕਰਨ ਲਈ ਪ੍ਰੇਰਿਆ। ਇਸੇ ਲਈ ਲੇਖਕ ਨੇ ਗੁਰੂ ਜੀ ਨੂੰ ਆਪਣੀ ਮਾਤਾ ਅਤੇ ਪਤਨੀ ਪ੍ਰਤੀ ਯੋਗ ਸਤਿਕਾਰ ਅਤੇ ਪਿਆਰ ਦੇਂਦਿਆਂ ਦਿਖਾਇਆ ਹੈ।

ਇਸ ਰਚਨਾ ਵਿਚ ਗੁਰੂ ਸਾਹਿਬ ਦੀ ਸ਼ਖ਼ਸੀਅਤ ਦਾ ਸਭ ਦਾ ਮਹੱਤ੍ਵਪੂਰਣ ਪੱਖ ਉਦੋਂ ਉਘੜਦਾ ਹੈ ਜਦੋਂ ਉਹ, ਉਸ ਸਮੇਂ ਦੇ ਰਾਜੇ ਅਮੀਰ ਵਜ਼ੀਰ ਅਤੇ ਜਾਗੀਰਦਾਰ ਟੋਲੇ ਦੀ ਆਰਥਕ ਲੁੱਟ ਘਸੁੱਟ ਵਿਰੁੱਧ ਆਵਾਜ਼ ਉਠਾਉਂਦੇ ਹਨ। ਪਿਤਾ ਜੀ ਵਲੋਂ ਖੇਤੀ ਕਰਨ ਲਈ ਕਹੇ ਜਾਣ ਉਤੇ ਸਮਕਾਲੀ ਆਰਥਕ ਲੁੱਟ ਵਿਰੁੱਧ ਆਵਾਜ਼ ਉਠਾਉਂਦਿਆਂ ਗੁਰੂ ਜੀ ਸਪਸ਼ਟ ਸ਼ਬਦਾਂ ਵਿਚ ਕਹਿੰਦੇ ਹਨ ਕਿ "ਬਾਬਾ ਜੀ ਮਸਕਤਿ ਅਸੀਂ ਕਰਹਿ ਅਤੇ ਹਾਲਾ ਦੀਬਾਣ ਲਏ ਸੁ ਏਤ ਟਹਲੇ ਰਹਿਉ ਨਹੀਂ ਜਾਂਦਾ। ਪਰੁ ਜੇ ਹਾਲਾ ਦੀਬਾਨ ਨਾ ਲਈ ਤਾਂ ਰਹਉ ਜਾਈ।"[18]

ਇਸ ਤਰ੍ਹਾਂ ਇਨ੍ਹਾਂ ਗੋਸ਼ਟਾਂ ਵਿਚ ਸਮਾਜ ਸੁਧਾਰ ਦੇ ਨਾਲ ਨਾਲ ਆਰਥਕ ਲੁੱਟ ਘਸੁੱਟ ਵਿਰੁੱਧ ਆਵਾਜ਼ ਉਠਾਉਣ ਵਾਲਾ ਗੁਰੂ ਦੂਸਰੀਆਂ ਜਨਮਸਾਖੀਆਂ ਨਾਲੋਂ ਵਧੇਰੇ ਦਲੇਰ ਤੇ ਵਿਦਰੋਹੀ ਬਣ ਕੇ ਸਾਹਮਣੇ ਆਉਂਦਾ ਹੈ ਜੋ ਇਸ ਬਾਕੀਆਂ ਨਾਲੋਂ ਵਿਲੱਖਣ ਅਤੇ ਵਿਸ਼ੇਸ਼ ਮਹੱਤਵ ਉਘਾੜਦਾ ਹੈ।

ਇਹ ਨਾਇਕ ਆਪਣੇ ਸਮੇਂ ਦੀ ਰਾਜਨੀਤਕ ਅਵਸਥਾ ਤੋਂ ਵੀ ਸੁਚੇਤ ਹੈ। ਸਮਕਾਲੀ ਸਮਾਜ ਵਿਚ ਰਾਜਿਆਂ ਅਤੇ ਅਮੀਰਾਂ ਵਜ਼ੀਰਾਂ ਵਲੋਂ ਕੀਤੇ ਜਾਂਦੇ ਅੱਤਿਆਂ ਅਤੇ ਲੋਕਾਂ ਉਤੇ ਢਾਹੇ ਜਾਂਦੇ ਅਨੇਕਾਂ ਪ੍ਰਕਾਰ ਦੇ ਜ਼ੁਲਮਾਂ ਦਾ ਜ਼ਿਕਰ ਵੀ ਇਨ੍ਹਾਂ ਗੋਸ਼ਟਾਂ ਵਿਚ ਥਾਂ ਥਾਂ ਮਿਲਦਾ ਹੈ।"19

18. ਉਹੀ, ਪੰਨਾ 71

19. ਉਹੀ, ਗੋਸ਼ਟ ਨੰ: 30, 117 ਅਤੇ 119 ਆਦਿ।

(ਹ) <u>ਮਹਾਨ ਯਾਤਰੂ:</u>

ਇਨ੍ਹਾਂ ਗੋਸ਼ਟਾਂ ਅਨੁਸਾਰ ਵੀ ਗੁਰੂ ਨਾਨਕ ਦਾ ਮੁੱਖ ਜੀਵਨ ਉਦੇਸ਼ ਆਪਣੇ ਵਿਚਾਰਾਂ ਨੂੰ ਲੋਕਾਂ ਤੱਕ ਪਹੁੰਚਾ ਕੇ ਉਨ੍ਹਾਂ ਦਾ ਧਾਰਮਕ ਤੇ ਸਮਾਜਕ ਖੇਤਰ ਵਿਚ ਅਗਵਾਈ ਕਰਨਾ ਸੀ। ਇਸੇ ਲਈ ਉਨ੍ਹਾਂ ਆਪਣੇ ਜੀਵਨ ਵਿਚ ਲੰਮੀਆਂ ਉਦਾਸੀਆਂ ਕੀਤੀਆਂ। ਦੂਰ ਦੁਰੇਡੇ ਰਾਜਾਂ, ਤੀਰਥ ਅਸਥਾਨਾਂ ਤੇ ਪਹਾੜਾਂ ਦੀਆਂ ਚੋਟੀਆਂ ਉਤੇ ਵੱਸਦੇ ਧਾਰਮਕ ਆਗੂਆਂ ਤੇ ਪੈਰੋਕਾਰਾਂ ਕੋਲ ਪਹੁੰਚ ਕੇ ਉਨ੍ਹਾਂ ਨਾਲ ਗੋਸ਼ਟਾਂ ਕੀਤੀਆਂ ਅਤੇ ਆਪਣੇ ਵਿਚਾਰਾਂ ਤੋਂ ਪ੍ਰਭਾਵਿਤ ਕੀਤਾ। ਇਸ ਰਚਨਾ ਅਨੁਸਾਰ ਗੁਰੂ ਜੀ ਨੇ ਆਪਣੀ ਪਹਿਲੀ ਉਦਾਸੀ ਸੁਲਤਾਨਪੁਰ ਤੋਂ ਆਰੰਭ ਕੀਤੀ। ਸੁਲਤਾਨਪੁਰ ਤੋਂ ਦਿੱਲੀ-ਹਰਦੁਆਰ-ਪ੍ਰਯਾਗ-ਬਨਾਰਸ-ਹਾਜੀਪੁਰ ਪਟਨੇ-ਅਯੁਧਿਆ-ਜਗਨਨਾਥ ਪੁਰੀ ਤੇ ਰਾਮੇਸ਼ਵਰਮ ਨੂੰ ਗਏ। ਦੱਖਣ ਤੋਂ ਵਾਪਸੀ ਸਮੇਂ ਉਜੈਨ-ਨਰਬਦਾ ਨਦੀ ਦੇ ਕੰਢੇ ਤੇ ਪਹੁੰਚੇ। ਇਸ ਤੋਂ ਮਗਰੋਂ ਗੁਰੂ ਜੀ ਬੀਕਾਨੇਰ ਤੇ ਰਾਜਪੂਤਾਨੇ ਦੇ ਇਲਾਕੇ ਵਿਚੋਂ ਹੁੰਦੇ ਹੋਏ ਸੌਰਾਸ਼ਟਰ ਅਤੇ ਬਾਅਦ ਵਿਚ ਮਥਰਾ ਪਹੁੰਚੇ। ਇਉਂ, ਉਨ੍ਹਾਂ ਨੇ ਇਸ ਉਦਾਸੀ ਵਿਚ ਲਗਭਗ ਸਾਰੇ ਪ੍ਰਮੁੱਖ ਹਿੰਦੂ ਤੀਰਥ ਅਸਥਾਨਾਂ ਦਾ ਭ੍ਰਮਣ ਕੀਤਾ।

ਦੂਜੀ ਉਦਾਸੀ ਵਿਚ ਸਭ ਤੋਂ ਪਹਿਲਾਂ ਗੁਰੂ ਜੀ ਸੁਮੇਰ ਪਰਬਤ ਤੇ ਗਏ ਜਿਥੇ ਉਨ੍ਹਾਂ ਦੀ ਸਿੱਧਾਂ ਨਾਲ ਮੁਲਾਕਾਤ ਹੋਈ। ਸੁਮੇਰ ਤੋਂ ਬਾਅਦ ਚਰਪਟ ਵਣੀ ਨਾਂ ਦੇ ਸਥਾਨ ਦੀ ਯਾਤਰਾ ਕਰਦਿਆਂ ਗੋਰਖ ਹਟੜੀ ਅਤੇ ਮੁਲਤਾਨ ਵਿਚ ਫਕੀਰਾਂ ਨਾਲ ਗਿਆਨ ਗੋਸ਼ਟ ਕੀਤੀ ਅਤੇ ਫੇਰ ਮੱਕੇ ਜਾ ਪਹੁੰਚੇ। ਮੱਕੇ ਤੋਂ ਹਿੰਗਲਾਜ ਗਏ। ਇਸ ਉਦਾਸੀ ਦੇ ਅੰਤ ਉਤੇ ਦਿੱਤੀ ਸੂਚਨਾ ਅਨੁਸਾਰ "ਰੂਮ ਸ਼ਾਮ ਕਾਬਲ ਕਾ ਦੇਖਿ ਕਰਿ ਪਿਸਉਰ ਸਾਰਾ ਪਛਮੁ ਦੇਖਿ ਕਰਿ ਬਾਬਾ ਨਾਨਕ ਗੋਰਖ ਹਟੜੀ ਤੇ ਸੈਦਪੁਰ ਸਲੋਈ ਆਇ ਨਿਕਲਿਆ ਪਠਾਣਾਂ ਮਹਿ।"[20]

ਇਸ ਤੋਂ ਮਗਰੋਂ ਗੁਰੂ ਜੀ ਜੋਗੀਆਂ ਦੇ ਪ੍ਰਸਿੱਧ ਸਥਾਨ ਟਿੱਲਾ ਬਾਲ ਗੁਦਾਈ ਗਏ। ਵਾਪਸ ਤਲਵੰਡੀ ਆਉਣ ਤੋਂ ਮਗਰੋਂ ਉਨ੍ਹਾਂ ਨੇ ਪੰਜਾਬ ਦੇ ਪ੍ਰਸਿੱਧ ਸਥਾਨਾਂ ਦਾ ਵੀ ਰਟਨ ਕੀਤਾ।

ਇਸ ਤਰ੍ਹਾਂ ਇਨ੍ਹਾਂ ਗੋਸ਼ਟਾਂ ਵਿਚ ਪੇਸ਼ ਕੀਤੀਆਂ ਗਈਆਂ ਗੁਰੂ ਜੀ ਦੀਆਂ ਦੋ ਉਦਾਸੀਆਂ ਦੇ ਵਰਨਣ ਤੋਂ ਨਾਇਕ ਦੀ ਸ਼ਖ਼ਸੀਅਤ ਦਾ, ਇਕ ਮਹਾਨ ਯਾਤਰੀ ਤੇ ਉਪਦੇਸ਼ਕ ਵਾਲਾ ਸਰੂਪ ਉਘੜ ਕੇ ਸਾਹਮਣੇ ਆਉਂਦਾ ਹੈ। ਇਉਂ, ਅੱਜ ਤੋਂ ਪੰਜ ਸੌ ਸਾਲ ਪਹਿਲਾਂ ਸਫ਼ਰ ਦੇ ਵਸੀਲਿਆਂ ਦੀ ਅਣਹੋਂਦ ਦੇ ਬਾਵਜੂਦ ਜੀਵਨ ਭਰ ਵਿਚ ਇਤਨਾ ਵਿਸ਼ਾਲ ਸਫ਼ਰ ਕਰਨ ਵਾਲਾ

---

20. ਉਹੀ, ਪੰਨਾ 463.

ਗੁਰੂ ਨਾਨਕ, ਦ੍ਰਿੜ੍ਹ ਇਰਾਦੇ ਵਾਲਾ ਉਹ ਉਪਦੇਸ਼ਕ ਬਣ ਜਾਂਦਾ ਹੈ ਜਿਸ ਦੀ ਮਿਸਾਲ ਭਾਰਤ ਦੇ ਸਮੁੱਚੇ ਇਤਿਹਾਸ ਵਿਚ ਵੀ ਨਹੀਂ ਮਿਲਦੀ।

(ਕ) <u>ਪੂਰਨ ਗ੍ਰਿਹਸਤੀ</u>:

ਉਂਞ ਤਾਂ ਭਾਰਤ ਵਿਚ ਅਨੇਕਾਂ ਅਜਿਹੇ ਜੋਗੀ, ਸੰਨਿਆਸੀ, ਗੁਰੂ ਅਤੇ ਪੀਰ ਫ਼ਕੀਰ ਹੋਏ ਹਨ ਜਿਨ੍ਹਾਂ ਨੇ ਆਪਣੇ ਵਿਚਾਰਾਂ ਦੇ ਪ੍ਰਚਾਰ ਲਈ ਦੂਰ ਨੇੜੇ ਰਟਨ ਕੀਤੇ ਪਰ ਅਜਿਹੇ ਲੋਕ ਕੇਵਲ ਉਹ ਹੀ ਸਨ ਜਿਨ੍ਹਾਂ ਨੇ ਗ੍ਰਿਹਸਤੀ ਜੀਵਨ ਨੂੰ ਮਾਇਆ ਕਹਿ ਕੇ ਤਿਆਗਿਆ ਅਤੇ ਇਸ ਤੋਂ ਉਦਾਸ ਹੋ ਕੇ ਜੰਗਲਾਂ, ਡੇਰਿਆਂ ਜਾਂ ਧਰਮਸ਼ਾਲਾਂ ਵਿਚ ਰਹਿੰਦਿਆਂ ਹੀ ਆਪਣਾ ਸਾਰਾ ਜੀਵਨ ਬਤੀਤ ਕੀਤਾ। ਪਰ ਇਨ੍ਹਾਂ ਗੋਸ਼ਟਾਂ ਦੇ ਨਾਇਕ ਗੁਰੂ ਨਾਨਕ ਨੇ ਆਪਣੇ ਸਮਕਾਲੀ ਪੀਰਾਂ, ਫ਼ਕੀਰਾਂ, ਜੋਗੀਆਂ ਤੇ ਸੰਨਿਆਸੀਆਂ ਆਦਿ ਦੇ ਇਸ ਰਵੱਈਏ ਤੋਂ ਉਲਟ ਗ੍ਰਿਹਸਤ ਤਿਆਗਣ ਦੀ ਥਾਂ, 'ਅੰਜਨ ਮਹਿ ਨਿਰੰਜਨ' ਰਹਿੰਦਿਆਂ ਪ੍ਰਭੂ ਪ੍ਰਾਪਤੀ ਦੀ ਜੁਗਤ ਦੱਸੀ। ਹੋਰਾਂ ਜਨਮਸਾਖੀਆਂ ਵਾਂਗ 'ਗੋਸ਼ਟਾਂ ਗੁਰੂ ਨਾਨਕ' ਅਨੁਸਾਰ ਵੀ ਭਾਵੇਂ ਛੋਟੀ ਅਵਸਥਾ ਵਿਚ ਹੀ ਗੁਰੂ ਜੀ ਦਾ ਧਿਆਨ ਪਰਮਾਤਮਾ ਵੱਲ ਲਗ ਗਿਆ ਪਰ ਫੇਰ ਵੀ ਉਨ੍ਹਾਂ ਘਰ ਅਤੇ ਪਰਿਵਾਰ ਦਾ ਤਿਆਗ ਨਹੀਂ ਕੀਤਾ। ਪੰਦਰਾਂ ਸੋਲਾਂ ਸਾਲਾਂ ਦੀ ਉਮਰ ਵਿਚ ਪਰਿਵਾਰਕ ਦਸਤੂਰ ਅਨੁਸਾਰ ਉਨ੍ਹਾਂ ਦੀ ਕੁੜਮਾਈ ਆਈ ਅਤੇ ਅਠਾਰਾਂ ਸਾਲ ਦੀ ਉਮਰ ਵਿਚ ਰਾਇ ਭੋਏ ਦੀ ਤਲਵੰਡੀ ਰਹਿੰਦਿਆਂ ਹੀ ਸ਼ਾਦੀ ਹੋ ਗਈ।"[21] ਗੋਸ਼ਟਾਂ ਅਨੁਸਾਰ ਸਤਾਈ ਅਠਾਈ ਸਾਲ ਦੀ ਉਮਰ ਵਿਚ ਉਨ੍ਹਾਂ ਦੇ ਘਰ ਲਖਮੀ ਦਾਸ ਅਤੇ ਸ੍ਰੀ ਚੰਦ ਨਾਂ ਦੇ ਦੋ ਪੁੱਤਰ ਪੈਦਾ ਹੋਏ।"[22] ਤੀਹ ਸਾਲ ਦੀ ਉਮਰ ਵਿਚ ਪ੍ਰਭੂ ਪਿਆਰ ਦੀ ਖਿੱਚ ਨੇ ਉਨ੍ਹਾਂ ਨੂੰ ਘਰ ਤੋਂ ਦੂਰ ਜਾ ਕੇ ਨਾਮ ਦਾ ਪ੍ਰਚਾਰ ਕਰਨ ਲਈ ਪ੍ਰੇਰਿਆ। ਪਰ ਇਨ੍ਹਾਂ ਉਦਾਸੀਆਂ ਦੇ ਵਿਚਕਾਰ ਅਤੇ ਦੂਸਰੀ ਉਦਾਸੀ ਤੋਂ ਬਾਅਦ ਦੇ ਸਮੇਂ ਵਿਚ ਉਹ ਮੁੜ ਕਰਤਾਰਪੁਰ ਆ ਟਿਕੇ ਅਤੇ ਉਨ੍ਹਾਂ ਆਪਣੀ ਹੱਥੀਂ ਖੇਤੀ ਕਰਕੇ ਪ੍ਰਵਾਰ ਨੂੰ ਪਾਲਿਆ ਅਤੇ ਨਾਲ ਹੀ ਲੋਕਾਂ ਨੂੰ ਅਧਿਆਤਮਕ ਉਪਦੇਸ਼ ਦਿੱਤਾ।

---

21. ਉਹੀ, ਪੰਨਾ 29.

22. ਉਹੀ, ਪੰਨਾ 66.

ਗੁਰੂ ਸਾਹਿਬ ਨੇ ਜਾਤ ਪਾਤ ਅਤੇ ਧਰਮ ਦੀਆਂ ਸੀਮਾਵਾਂ ਤੋਂ ਉਪਰ ਉਠਦਿਆਂ, ਇਕ ਸਰਬ ਸ਼ਕਤੀਮਾਨ ਪ੍ਰਮਾਤਮਾ ਦੀ ਹੋਂਦ ਨੂੰ ਮੰਨ ਕੇ ਉਸ ਦੀ ਭਗਤੀ ਦਾ ਉਪਦੇਸ਼ ਦਿੱਤਾ। ਉਨ੍ਹਾਂ ਦਾ ਉਪਦੇਸ਼ ਸਮਾਜ ਦੇ ਹਰ ਵਰਗ ਅਤੇ ਹਰ ਧਰਮ ਦੇ ਵਿਅਕਤੀ ਲਈ ਹੈ। ਇਉਂ ਸਮੁੱਚੇ ਤੌਰ ਤੇ ਭਾਵੇਂ ਉਹ ਸਰਬ ਸਾਂਝੀ ਮਨੁੱਖਤਾ ਨੂੰ ਪਿਆਰ ਕਰਨ ਵਾਲੀ ਸ਼ਖ਼ਸੀਅਤ ਦੇ ਮਾਲਕ ਬਣ ਜਾਂਦੇ ਹਨ ਪਰ ਮਿਹਰਵਾਨ ਦੀ ਇਸ ਰਚਨਾ ਵਿੱਚੋਂ ਗੁਰੂ ਨਾਨਕ ਦਾ ਇਕ ਪਰੰਪਰਾਵਾਦੀ ਹਿੰਦੂ ਵਾਲਾ ਸਰੂਪ ਵੀ ਉਭਰ ਕੇ ਸਾਹਮਣੇ ਆਉਂਦਾ ਹੈ। ਨਾਇਕ ਦਾ ਹਿੰਦੂ ਸਰੂਪ ਉਘਾੜਨ ਦਾ ਮੁੱਖ ਕਾਰਨ ਲੇਖਕ ਦੀ ਆਪਣੀ ਹਿੰਦੂ ਸਨਾਤਨੀ ਦ੍ਰਿਸ਼ਟੀ ਹੈ। ਇਸੇ ਲਈ ਉਸ ਨੇ ਗੁਰੂ ਨਾਨਕ ਨੂੰ ਇਕ ਹਿੰਦੂ ਗੁਰੂ ਅਤੇ ਨਾਇਕ ਦਾ ਅਜਿਹਾ ਨਮੂਨਾ ਬਣਾ ਕੇ ਪੇਸ਼ ਕੀਤਾ ਹੈ ਜਿਸ ਦੀ ਸ਼ਖ਼ਸੀਅਤ ਤੋਂ ਧਾਰਮਕ ਕਰਮਕਾਂਡਾਂ ਤੇ ਅੰਧ ਵਿਸ਼ਵਾਸਾਂ ਵਿਚ ਫਸੇ ਸਾਧਾਰਣ ਲੋਕ ਪ੍ਰਭਾਵਿਤ ਹੋ ਸਕਣ। ਗੁਰੂ ਨਾਨਕ ਬਾਣੀ ਦੇ ਪ੍ਰਚਾਰ ਦਾ ਮੂਲ ਖੇਤਰ ਵੀ ਹਿੰਦੂ ਸਮਾਜ ਹੀ ਹੈ। ਇਸ ਲਈ ਵੀ ਲੇਖਕ ਗੁਰੂ ਜੀ ਨੂੰ ਸਮਕਾਲੀ ਸਮਾਜ ਦਾ ਧਰਮ ਵਿਸ਼ਵਾਸੀ ਹਿੰਦੂ ਬਣਾ ਕੇ ਪੇਸ਼ ਕਰ ਰਿਹਾ ਹੈ। ਇਸ ਦਾ ਇਕ ਹੋਰ ਕਾਰਨ ਲੇਖਕ ਵਲੋਂ ਹਿੰਦੂ ਧਰਮ ਦੇ ਕੱਟੜ ਵਿਸ਼ਵਾਸੀ ਲੋਕਾਂ ਦਾ ਵਿਸ਼ਵਾਸ਼ ਪ੍ਰਾਪਤ ਕਰਕੇ ਆਪਣੀ ਸੰਪ੍ਰਦਾਇਕ ਗੱਦੀ ਦੀ ਪ੍ਰਸਿੱਧਤਾ ਵੀ ਹੋ ਸਕਦਾ ਹੈ।

ਸੋਢੀ ਮਿਹਰਵਾਨ ਅਨੁਸਾਰ, ਜਨਮ ਤੋਂ ਹੀ ਗੁਰੂ ਨਾਨਕ ਨੂੰ ਰਾਜਾ ਜਨਕ ਦਾ ਅਵਤਾਰ ਦੱਸਿਆ ਗਿਆ ਹੈ।[23] ਬਾਲਕ ਗੁਰੂ ਦੇ ਜਨਮ ਉੱਤੇ ਪ੍ਰਚੱਲਤ ਹਿੰਦੂ ਰਸਮਾਂ ਅਨੁਸਾਰ ਖੁਸ਼ੀਆਂ ਮਨਾਈਆਂ ਜਾਂਦੀਆਂ ਹਨ। ਤਿੰਨ ਸਾਲ ਦੀ ਉਮਰ ਵਿਚ ਬਾਲਕ ਗੁਰੂ ਦੇ ਭਦਣ ਹੁੰਦੇ ਹਨ। ਹਿੰਦੂ ਜੀਵਨ ਦੀ ਵਿਸ਼ੇਸ਼ ਰਸਮ ਜਨੇਊ ਸੰਸਕਾਰ ਸਮੇਂ ਨਾਇਕ ਜਨੇਊ ਦੀ ਅਸਲੀਅਤ ਤੇ ਲੋੜ ਉੱਤੇ ਸ਼ੰਕਾ ਕਰਦਿਆਂ, ਜਨੇਊ ਨਹੀਂ ਪਾਉਂਦਾ। ਪਰ ਵਿਆਹ ਦੀ ਰਸਮ ਸਮੇਂ ਬਾਬੇ ਨੂੰ ਨਵਾਲਿ ਕਰਿ ਬ੍ਰਾਹਮਣ ਜਨੇਊ ਅਤੇ ਧੋਤੀ ਪਹਿਨਾਉਂਦਾ ਹੈ। ਗੁਰੂ ਨਾਨਕ ਨੂੰ ਇਸ ਸਮੇਂ ਤਿਲਕ ਲਾਉਂਦਿਆਂ ਅਤੇ ਗਣੇਸ਼ ਪੂਜਾ ਕਰਦਿਆਂ ਵੀ ਦਿਖਾਇਆ ਗਿਆ ਹੈ।[24] ਇਸ ਤੋਂ ਇਲਾਵਾ ਨਾਇਕ ਗੁਰੂ ਨਾਨਕ, ਜੀਵਨ ਭਰ ਦਾਨ ਕਰਨ ਤੇ ਤੀਰਥ ਇਸ਼ਨਾਨ ਕਰਨ ਦੀ ਮਹੱਤਤਾ ਦਸਦਿਆਂ ਇਸ ਦਾ ਪ੍ਰਚਾਰ ਕਰਦਾ ਹੈ। ਕਈ ਥਾਈਂ ਨਾਇਕ ਨੂੰ ਕਰਮਕਾਂਡੀ ਹਿੰਦੂ ਵਾਂਗ, ਇਸ਼ਨਾਨ ਕਰਕੇ

23. ਉਹੀ, ਪੰਨਾ 8.

24. ਉਹੀ, ਪੰਨਾ 29.

ਧੋਤੀ ਪਹਿਰ ਕੇ, ਤਿਲਕ ਚੜ੍ਹਾ ਕੇ, ਤਰਪਨ ਨੇਮ ਗਾਇਤ੍ਰੀ ਪੜ੍ਹਦਿਆਂ ਅਤੇ ਤਪੱਸਿਆ ਕਰਦਿਆਂ ਵੀ ਦਿਖਾਇਆ ਗਿਆ ਹੈ। ਸੱਚਾ ਹਿੰਦੂ ਤੀਰਥ ਇਸ਼ਨਾਨ ਦੇ ਨਾਲ ਹੀ ਸੱਚੇ ਗੁਰੂ ਦੀ ਭਾਲ ਕਰਕੇ ਉਸ ਦੇ ਲੜ ਲਗਦਾ ਹੈ। ਇਸ ਲਈ ਲੇਖਕ ਅਨੁਸਾਰ ਗੁਰੂ ਨਾਨਕ ਨੇ ਵੀ "ਤੀਰਥਾਂ ਨੋ ਗਉਣ ਕੀਆ ਜਿ ਤੀਰਥਾਂ ਊਪਰਿ ਸਾਧਾਂ ਭਗਤਾਂ ਕੇ ਮੇਲੇ ਹੋਂਦੇ ਹੈਨਿ ਮਤ ਕੋਈ ਪੂਰਨ ਸਾਧੂ ਭਗਤ ਮੁਝ ਕਉ ਮਿਲਿ ਜਾਇ ਜਿਤੁ ਮੇਰੀ ਗਤਿ ਹੋਇ ਤਿਸ ਕਉ ਹਉਂ ਗੁਰੂ ਕਰਉਂ।"[25]

ਗੋਸ਼ਟਾਂ ਦਾ ਨਾਇਕ ਤੀਰਥਾਂ ਤੇ ਘੁੰਮ ਕੇ ਇਸ਼ਨਾਨ ਕਰਦਿਆਂ ਕਿਸੇ ਕਰਮ ਕਾਂਡੀ ਹਿੰਦੂ ਵਾਂਗ ਸੱਚੇ ਗੁਰੂ ਦੀ ਭਾਲ ਹੀ ਨਹੀਂ ਕਰਦਾ ਸਗੋਂ ਉਹ ਤਾਂ ਅਵਤਾਰਾਂ ਨੂੰ ਪ੍ਰਭੂ ਦਾ ਸਰੂਪ ਸਮਝਕੇ ਉਨ੍ਹਾਂ ਦੀ ਭਗਤੀ ਤੇ ਉਸਤਤੀ ਵੀ ਕਰਦਾ ਹੈ:

"ਹੇ ਭਾਈ। ਰਾਮ ਜਨਹੁ ਜਿਨਿ ਜਿਨਿ ਰਾਮ ਚੰਦ ਜੀ ਕਾ ਨਾਮ ਲੀਆ ਹੈ ਸਿ ਅਵਸਿ ਮੁਕਤੇ ਹੋਹਿਗੇ।"[26]

ਸੋ, ਗੁਰੂ ਨਾਨਕ ਦਾ ਹਿੰਦੂ ਪ੍ਰਵਾਰ ਵਿਚ ਜਨਮ; ਸਮਕਾਲੀ ਹਿੰਦੂ ਸੰਸਕਾਰਾਂ ਦਾ ਤੀਖਣ ਪ੍ਰਭਾਵ ਅਤੇ ਮਿਹਰਵਾਨ ਦੀ ਹਿੰਦੂ ਦ੍ਰਿਸ਼ਟੀ ਹੀ ਅਸਲ ਵਿਚ ਉਹ ਮੂਲ ਕਾਰਨ ਹਨ ਜਿਨ੍ਹਾਂ ਕਰਕੇ ਇਨ੍ਹਾਂ ਗੋਸ਼ਟਾਂ ਦੇ ਨਾਇਕ ਨੂੰ ਇਕ ਕਰਮਕਾਂਡੀ ਹਿੰਦੂ ਦੇ ਰੂਪ ਵਿਚ ਵੀ ਚਿਤਰਿਆ ਗਿਆ ਹੈ।

(ਖ) ਕਰਾਮਾਤੀ ਸ਼ਖ਼ਸੀਅਤ:

ਸਾਧਾਰਣ ਬੌਧਿਕ ਪੱਧਰ ਦੀ ਮਾਲਕ ਹਿੰਦੂ ਜਨਤਾ ਨੂੰ ਪ੍ਰਭਾਵਿਤ ਕਰਨ ਲਈ ਜ਼ਰੂਰੀ ਸੀ ਕਿ ਗੁਰੂ ਨਾਨਕ ਨੂੰ ਇਕ ਕਰਮਕਾਂਡੀ ਹਿੰਦੂ ਤੋਂ ਇਲਾਵਾ ਇਕ ਅਸਾਧਾਰਣ ਤੇ ਵਿਸ਼ੇਸ਼ ਸ਼ਕਤੀਆਂ ਵਾਲਾ ਮਹਾਨ ਗੁਰੂ ਬਣਾ ਕੇ ਪੇਸ਼ ਕੀਤਾ ਜਾਂਦਾ। ਅਸਲ ਵਿਚ ਲੇਖਕ ਦੇ ਸਮਕਾਲੀ ਧਾਰਮਕ ਸਮਾਜ ਉਤੇ ਨਾਥਾਂ, ਜੋਗੀਆਂ, ਸਿੱਧਾਂ ਤੇ ਪੀਰਾਂ, ਫ਼ਕੀਰਾਂ ਦਾ ਬਹੁਤ ਪ੍ਰਭਾਵ ਸੀ ਜਿਨ੍ਹਾਂ ਵਿਚੋਂ ਬਹੁਤੇ ਰਿਧੀਆਂ ਸਿਧੀਆਂ, ਪ੍ਰਾਪਤ ਕਰਕੇ ਲੋਕਾਂ ਨੂੰ ਆਪਣੇ ਮਗਰ ਲਾ ਰਹੇ ਸਨ। ਵੈਸੇ ਵੀ ਉਸ ਜਾਗੀਰਦਾਰੀ ਯੁਗ ਵਿਚ ਅਲੌਕਿਕ ਸ਼ਕਤੀ ਵਡਿਆਈ ਦਾ ਚਿੰਨ੍ਹ ਹੁੰਦੀ ਸੀ। ਅਜਿਹੇ ਸਮੇਂ ਵਿਚ ਕਰਾਮਾਤੀ ਸ਼ਕਤੀਆਂ ਤੋਂ ਸੱਖਣਾ ਕੋਈ ਗੁਰੂ ਜਾਂ ਪੀਰ ਲੋਕਾਂ ਦੀਆਂ ਨਜ਼ਰਾਂ ਵਿਚ ਸਤਿਕਾਰ ਪ੍ਰਾਪਤ ਨਹੀਂ ਸੀ ਕਰ ਸਕਦਾ। ਇਸ ਲਈ ਸੁਭਾਵਕ ਹੀ ਸੀ ਕਿ ਗੁਰੂ ਨਾਨਕ ਦੀਆਂ ਜਨਮ-ਸਾਖੀਆਂ ਦੇ ਲੇਖਕ ਵੀ ਆਪਣੇ ਨਾਇਕ ਦੀ ਸ਼ਖ਼ਸੀਅਤ ਨੂੰ ਕਰਾਮਾਤੀ ਰੰਗ ਵਿਚ ਪੇਸ਼ ਕਰਦੇ।

25. ਉਹੀ, ਪੰਨਾ 111.
26. ਉਹੀ, ਪੰਨਾ 177.

ਸੋਢੀ ਮਿਹਰਵਾਨ ਨੇ ਵੀ ਗੁਰੂ ਨਾਨਕ ਦਾ ਅਜਿਹਾ ਹੀ ਕਰਾਮਾਤੀ ਸ਼ਖ਼ਸੀਅਤ ਉਸਾਰੀ ਹੈ ਤਾਂ ਕਿ ਸਾਧਾਰਣ ਬੌਧਿਕ ਪੱਧਰ ਦਾ ਵਿਅਕਤੀ ਇਨ੍ਹਾਂ ਕਰਾਮਾਤੀ ਸ਼ਕਤੀਆਂ ਨੂੰ ਸੁਣਦਿਆਂ ਹੀ ਨਾਇਕ ਨੂੰ ਦੈਵੀ ਸ਼ਖ਼ਸੀਅਤ ਵਾਲਾ ਮੰਨ ਕੇ ਉਸ ਅੱਗੇ ਸਿਰ ਝੁਕਾ ਦੇਵੇ।

(ਗ) ਦਰਸ਼ਨਵੇਤਾ:

ਨਿਰਸੰਦੇਹ ਲੇਖਕ ਨੇ ਥਾਂ ਥਾਂ ਕਰਾਮਾਤੀ ਛੋਹਾਂ ਲਾਈਆਂ ਹਨ ਪਰ ਮਿਹਰਵਾਨ ਨੇ ਹੋਰਾਂ ਜਨਮਸਾਖੀਆਂ ਵਾਂਗ ਗੁਰੂ ਨਾਨਕ ਨੂੰ ਕਰਾਮਾਤਾਂ ਕਰਨ ਵਾਲਾ ਇਕ ਜਾਦੂਗਰ ਬਣਾਉਣ ਦੀ ਥਾਂ ਲੋਕਾਂ ਨਾਲ ਗਿਆਨ ਗੋਸ਼ਟ ਕਰਕੇ ਦਲੀਲ ਭਰੇ ਢੰਗ ਨਾਲ ਉਨ੍ਹਾਂ ਦੇ ਧਾਰਮਕ, ਅਧਿਆਤਮਕ ਤੇ ਦਾਰਸ਼ਨਕ ਮੱਤਾਂ ਦੇ ਬੋਦੇ ਤੇ ਥੋਥੇ ਵਿਚਾਰਾਂ ਦਾ ਖੰਡਨ ਕਰਦਿਆਂ ਵਿਖਾਇਆ ਹੈ। ਕਿਉਂਕਿ ਵੈਸੇ ਵੀ ਇਹ ਮੰਨਣਾ ਵਧੇਰੇ ਯੋਗ ਹੈ ਕਿ ਗੁਰੂ ਨਾਨਕ ਨੇ ਪਰਾਸਰੀਰਕ ਸ਼ਕਤੀਆਂ ਦੇ ਸਹਾਰੇ ਨਹੀਂ ਸਗੋਂ ਆਪਣੇ ਬੌਧਿਕ ਅਤੇ ਅਧਿਆਤਮਕ ਸ਼ਕਤੀ ਦੇ ਸਹਾਰੇ ਇਕ ਸੂਝਵਾਨ ਦਰਸ਼ਨਵੇਤਾ, ਪ੍ਰਚਾਰਕ ਅਤੇ ਅਧਿਆਤਮਕ ਆਗੂ ਵਾਂਗ ਲੋਕਾਂ ਨੂੰ ਮਾਨਸਿਕ ਤੌਰ ਤੇ ਜਿੱਤਿਆ। ਗੁਰੂ ਨਾਨਕ ਬਾਣੀ ਵਿਚਲੇ ਗੰਭੀਰ ਦਾਰਸ਼ਨਕ ਤੇ ਅਧਿਆਤਮਕ ਨੁਕਤਿਆਂ ਦੀ ਵਿਆਖਿਆ ਕਰਵਾ ਕੇ ਲੇਖਕ ਨੇ ਆਪਣੇ ਨਾਇਕ ਨੂੰ ਇਕ ਮਹਾਨ ਦਰਸ਼ਨਵੇਤਾ ਦੇ ਰੂਪ ਵਿਚ ਪੇਸ਼ ਕੀਤਾ ਹੈ। ਇਉਂ ਗੁਰੂ ਸਾਹਿਬ ਦੇ ਚਰਿੱਤਰ ਦੇ ਇਸ ਵਿਸ਼ੇਸ਼ ਤੇ ਵਿਲੱਖਣ ਗੁਣ ਨੂੰ ਬਾਕੀ ਜਨਮਸਾਖੀਆਂ ਦੇ ਮੁਕਾਬਲੇ ਮਿਹਰਵਾਨ ਨੇ ਸਭ ਤੋਂ ਵੱਧ ਉਘਾੜਿਆ ਹੈ।

ਕਰਾਮਾਤ ਅਤੇ ਸ੍ਵੈ ਵਿਰੋਧੀ ਤੱਤ

ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਤਿਆਗ ਦੀ ਥਾਂ ਗ੍ਰਿਹਸਤ ਵਿਚ ਰਹਿੰਦਿਆਂ ਪ੍ਰੇਮਾ ਭਗਤੀ ਰਾਹੀਂ ਮੁਕਤੀ ਪ੍ਰਾਪਤੀ ਦਾ ਰਾਹ ਦੱਸਿਆ ਹੈ। ਪਰ ਇਨ੍ਹਾਂ ਗੋਸ਼ਟਾਂ ਦਾ ਨਾਇਕ ਤਾਂ ਕਈ ਥਾਈਂ ਇਸ ਚਿੰਤਾ ਵਿਚ ਫਸਿਆ ਹੋਇਆ ਹੈ ਕਿ ਪਰਮੇਸ਼ਰ ਦੀ ਅਰਾਧਨਾ ਕਿਵੇਂ ਕਰਾਂ ਕਿਉਂਕਿ 'ਜੇ ਉਠ ਘਰਿ ਜਾਂਦਾ ਹਾਂ ਤਾਂ ਫਿਰਿ ਪੁਤ੍ਰ ਸਾਥਿ ਇਸਤਰੀ ਸਾਥਿ ਮਾਇਆ ਕੇ ਜੰਜਾਲ ਸਾਥਿ ਮਨੁ ਬਨਾਇ ਵਿਚ ਪੜ੍ਹ ਜਾਇਗਾ ਇਸ ਤੇ ਕਿਉਂ ਕਰਿ ਛੁਟਿਸੀ. . . ।"[27] 'ਜੈਸੇ ਜਲ ਮਹਿ ਕਮਲ ਨਿਰਾਲਮ ਮੁਰਗਾਈ ਨੈਸਾਣੇ' ਦਾ ਉਪਦੇਸ਼ ਦੇਣ ਵਾਲੇ ਗੁਰੂ ਨਾਨਕ ਨੂੰ ਗ੍ਰਿਹਸਤ ਅਤੇ ਦੁਨੀਆਂ ਤੋਂ ਡਰ ਕੇ ਭੱਜਦਿਆਂ ਦਿਖਾਉਣਾ ਵੀ ਉਨ੍ਹਾਂ ਦੇ ਫ਼ਲਸਫ਼ੇ ਤੇ ਸ਼ਖ਼ਸੀਅਤ ਦੇ ਸਖ਼ਤ ਵਿਰੁੱਧ ਹੈ।

27. ਉਹੀ, ਪੰਨਾ 102.

ਉਪਰੋਕਤ ਘਟਨਾਵਾਂ ਤੋਂ ਇਲਾਵਾ ਗੁਰੂ ਨਾਨਕ ਦੇ ਜੀਵਨ ਨਾਲ ਕੁਝ ਹੋਰ ਵੀ ਅਜਿਹੀਆਂ ਘਟਨਾਵਾਂ ਜੋੜੀਆਂ ਗਈਆਂ ਹਨ ਜੋ ਉਨ੍ਹਾਂ ਦੀ ਅਧਿਆਤਮਿਕ ਆਗੂ ਵਾਲੀ ਸ਼ਖ਼ਸੀਅਤ ਨਾਲ ਬਿਲਕੁਲ ਹੀ ਮੇਲ ਨਹੀਂ ਖਾਂਦੀਆਂ। ਗੁਰੂ ਜੀ ਵਲੋਂ ਆਪਣੇ ਵਿਆਹ ਤੇ ਬਾਣੀ ਉਚਾਰ ਕੇ ਲੋਕਾਂ ਨੂੰ ਉਪਦੇਸ਼ ਦੇਣਾ।[28] ਮਾਤਾ ਪਿਤਾ ਨੂੰ ਆਪਣੇ ਪੈਰੀਂ ਪੁਆਉਣਾ[29] ਅਤੇ ਮਰਦਾਨੇ ਅਤੇ ਅੰਗਦ ਨੂੰ ਬਾਰ ਬਾਰ ਆਪਣੇ ਪੈਰੀਂ ਪੈਣ ਦਾ ਹੁਕਮ ਕਰਨਾ[30] ਵੀ ਢੁਕਵਾਂ ਨਹੀਂ। 'ਏਕ ਨੂਰ ਤੇ ਸਭ ਜਗ ਉਪਜਿਆ' ਦਾ ਸੰਦੇਸ਼ ਦੇਣ ਵਾਲਾ ਗੁਰੂ ਜਦੋਂ ਮੁਸਲਮਾਨ ਸ਼ਰਧਾਲੂ ਦਾ ਲਿਆਂਦਾ ਖਾਣਾ ਪ੍ਰਵਾਨ ਨਹੀਂ ਕਰਦਾ[31] ਤਾਂ ਇਹ ਵੀ ਬੜਾ ਅਜੀਬ ਅਤੇ ਸੈ ਵਿਰੋਧੀ ਜਾਪਦਾ ਹੈ। ਗੁਰੂ ਜੀ ਦਾ ਭਾਂਤ ਭਾਂਤ ਸਾਂਗ ਬਣਾਕੇ, ਲੰਗੋਟ ਬਧ[32] ਬਣ ਕੇ ਫਿਰਨਾ ਅਤੇ ਆਪਣੇ ਸੇਵਕ ਨੂੰ ਮੁਰਦਾ ਖਾਣ ਲਈ ਕਹਿਣਾ ਵੀ ਘੱਟ ਅਜੀਬ ਨਹੀਂ ਲਗਦਾ। ਇਕ ਥਾਂ ਤਾਂ ਲੇਖਕ ਨੇ ਗੁਰੂ ਨੂੰ ਗੈਬੀ ਸ਼ਕਤੀਆਂ ਵਾਲਾ ਇਨਸਾਨ ਬਣਾ ਦਿੱਤਾ ਹੈ ਜਦੋਂ ਉਹ ਵੱਡੇ ਸਾਰੇ ਪਹਾੜ ਜਿੱਡੇ ਆਕਾਰ ਵਾਲੇ ਕਾਲ ਨੂੰ ਉਸ ਨਾਲੋਂ ਵੀ ਵੱਡਾ ਰੂਪ ਧਾਰ ਕੇ ਫੜ ਲੈਂਦਾ ਹੈ ਅਤੇ ਉਸ ਨੂੰ ਖਾਣ ਲਈ ਤਿਆਰ ਹੋ ਜਾਂਦਾ ਹੈ।[33] ਸੋ ਅਸਲ ਵਿਚ ਲੇਖਕ ਗੁਰੂ ਜੀ ਨੂੰ ਸਭ ਧਰਮਾਂ ਦੇ ਗੁਰੂਆਂ, ਪੀਰਾਂ ਨਾਲੋਂ ਮਹਾਨ ਤੇ ਸਰਬਸ਼ਕਤੀਮਾਨ ਬਣਾਉਣਾ ਚਾਹੁੰਦਾ ਹੈ।

ਪਰ ਇਨ੍ਹਾਂ ਸ਼ਖ਼ਸੀਅਤ ਵਿਰੋਧੀ ਅਤੇ ਕਰਾਮਾਤੀ ਅੰਸ਼ਾਂ ਦੇ ਬਾਵਜੂਦ ਵੀ ਮਿਹਰਵਾਨ ਰਚਿਤ ਗੁਰੂ ਨਾਨਕ ਗੋਸ਼ਟਾਂ ਵਿਚੋਂ ਸਮੁੱਚੇ ਤੌਰ ਤੇ ਗੁਰੂ ਸਾਹਿਬ ਦੀ ਸ਼ਖ਼ਸੀਅਤ ਇਕ ਮਹਾਨ ਉਪਦੇਸ਼ਕ ਅਤੇ ਸਰਬਸਾਂਝੇ ਗੁਰੂ ਦੇ ਰੂਪ ਵਿਚ ਉੱਭਰਦੀ ਹੈ।

ਸੋ ਜਿਵੇਂ ਕਿ ਅਸੀਂ ਪਿਛੇ ਵੇਖ ਆਏ ਹਾਂ, ਗੁਰੂ ਨਾਨਕ ਦੀਆਂ ਪ੍ਰਾਪਤ ਜਨਮਸਾਖੀਆਂ ਵਿਚੋਂ ਮਿਹਰਵਾਨ ਰਚਿਤ 'ਗੋਸ਼ਟਾਂ ਗੁਰੂ ਨਾਨਕ' ਅਜਿਹੀ ਰਚਨਾ ਹੈ ਜਿਸ ਵਿਚ ਸੋਢੀ-ਮਿਹਰਵਾਨ ਨੇ ਆਪਣੀ ਬ੍ਰਾਹਮਣੀ ਦ੍ਰਿਸ਼ਟੀ ਸਦਕਾ ਗੁਰੂ ਨਾਨਕ ਨੂੰ ਜਨਕ ਭਗਤ ਦਾ ਅਵਤਾਰ ਅਤੇ ਅਨੇਕਾਂ ਰਿਧੀਆਂ ਸਿਧੀਆਂ ਤੇ ਸ਼ਕਤੀਆਂ ਵਾਲਾ ਅਜਿਹਾ ਸ੍ਰੇਸ਼ਟ ਗੁਰੂ ਬਣਾ ਕੇ ਪੇਸ਼ ਕੀਤਾ ਹੈ ਜੋ ਸਮੁੱਚੇ ਹਿੰਦੂ ਸਮਾਜ ਨੂੰ ਪ੍ਰਭਾਵਿਤ ਕਰ ਸਕੇ।

ਇਉਂ, ਇਸ ਤੁਲਨਾਤਮਕ ਅਧਿਐਨ ਤੋਂ ਇਹ ਗਲ ਭਲੀ-ਭਾਂਤ ਸਪਸ਼ਟ ਹੋ ਜਾਂਦੀ ਹੈ ਕਿ ਮਿਹਰਵਾਨ ਰਚਨਾ ਵਿਚੋਂ ਗੁਰੂ ਨਾਨਕ ਦੀ ਸ਼ਖ਼ਸੀਅਤ ਇਕ ਮਹਾਨ ਅਧਿਆਤਮਕ ਆਗੂ,

28. ਉਹੀ, ਪੰਨਾ 30-37.
29. ਉਹੀ, ਭਾਗ ਦੂਜਾ, ਪੰਨਾ 208.
30. ਉਹੀ, ਪੰਨਾ 462.
31. ਉਹੀ, ਭਾਗ ਪਹਿਲਾ, ਪੰਨਾ 452.
32. ਉਹੀ, ਪੰਨਾ 120.
33. ਉਹੀ, ਪੰਨਾ 227.

ਗੰਭੀਰ ਦਰਸ਼ਨ ਵੇਤਾ, ਹਮਦਰਦ ਪਰ ਦਲੇਰ ਸਮਾਜ ਸੁਧਾਰਕ, ਸਫਲ ਧਰਮ ਉਪਦੇਸ਼ਕ ਅਤੇ ਕਵੀ ਦੇ ਰੂਪ ਵਿਚ ਉੱਘੜਦੀ ਹੈ ਜੋ ਅੱਜ ਤੱਕ ਦੀਆਂ ਪ੍ਰਾਪਤ ਸਾਰੀਆਂ ਗੁਰੂ ਨਾਨਕ ਜਨਮਸਾਖੀਆਂ ਵਿਚੋਂ ਵਿਸ਼ੇਸ਼ ਮਹੱਤਵ ਰੱਖਦੀ ਹੈ।

==o==

# ਅਧਿਆਇ 5

*********

## "ਸੋਢੀ ਮਿਹਰਵਾਨ ਦੀ ਗੱਦ-ਵਿਧਾ"

### ਗੱਦ ਰੂਪ

1. ਗੋਸ਼ਟਾਂ/ਸਾਖੀਆਂ
2. ਪਰਮਾਰਥ/ਟੀਕੇ

**ਗੱਦ-ਰੂਪ :**

ਸੋਢੀ ਮਿਹਰਵਾਨ ਤੋਂ ਪਹਿਲਾਂ, ਪੰਜਾਬੀ ਗੱਦ-ਸਾਹਿੱਤ ਵਿਚ ਗੁਰੂ ਨਾਨਕ ਦੇਵ ਜੀ ਦੀਆਂ ਇੱਕਾ ਦੁੱਕਾ ਸਾਖੀਆਂ ਤੋਂ ਬਿਨਾਂ ਕੋਈ ਵਿਸ਼ੇਸ਼ ਰਚਨਾ ਨਜ਼ਰ ਨਹੀਂ ਆਉਂਦੀ। ਪਰਮਾਰਥ ਸਾਹਿੱਤ ਦੇ ਖੇਤਰ ਵਿਚ ਤਾਂ ਸੋਢੀ ਮਿਹਰਵਾਨ ਦੀਆਂ ਗੱਦ-ਰਚਨਾਵਾਂ ਹੀ, ਮੁੱਢਲੀਆਂ ਕਿਰਤਾਂ ਦੇ ਰੂਪ ਵਿਚ ਉੱਭਰ ਕੇ ਸਾਹਮਣੇ ਆਉਂਦੀਆਂ ਹਨ। ਲੇਖਕ ਨੇ ਪ੍ਰਚੱਲਤ ਗੱਦ-ਰੂਪਾਂ ਨੂੰ ਅਪਣਾਉਂਦਿਆਂ ਨਾ ਕੇਵਲ ਪੰਜਾਬੀ ਗੱਦ-ਸਾਹਿੱਤ ਵਿਚ ਵਾਧਾ ਹੀ ਕੀਤਾ, ਸਗੋਂ ਕਈ ਖੇਤਰਾਂ ਵਿਚ ਪੰਜਾਬੀ ਗੱਦ ਨੂੰ ਬਹੁਤ ਪ੍ਰਚੱਲਤ ਵੀ ਕੀਤਾ। ਇਸ ਲਈ ਉਸ ਦੀਆਂ ਗੱਦ-ਰਚਨਾਵਾਂ ਦੀ ਸ਼ੈਲੀ ਦਾ ਮੁਲਾਂਕਣ ਕਰਨ ਤੋਂ ਪਹਿਲਾਂ, ਉਸ ਵਲੋਂ ਅਪਣਾਏ ਗਏ ਗੱਦ-ਰੂਪਾਂ ਉੱਤੇ ਵਿਚਾਰ ਕਰ ਲੈਣਾ ਜ਼ਰੂਰੀ ਹੈ।

ਲੇਖਕ ਦੀ ਸਮੁੱਚੀ ਗੱਦ-ਰਚਨਾ ਦਾ ਹੇਠ ਲਿਖੇ ਰੂਪਾਂ ਵਿਚ ਨਿਖੇੜਾ ਕੀਤਾ ਜਾ ਸਕਦਾ ਹੈ:

1) ਗੋਸ਼ਟਾਂ/ਸਾਖੀਆਂ

2) ਪਰਮਾਰਥ/ਟੀਕੇ

1) **ਗੋਸ਼ਟਾਂ/ਸਾਖੀਆਂ :**

ਜਿਵੇਂ ਕਿ ਅਸੀਂ ਪਿਛੇ ਦੇਖ ਆਏ ਹਾਂ, ਪੁਰਾਤਨ ਪੰਜਾਬੀ ਵਾਰਤਕ ਸਾਹਿੱਤ ਵਿਚ, ਸਿੱਖ ਗੁਰੂਆਂ ਦੀਆਂ ਜੀਵਨ ਘਟਨਾਵਾਂ ਲਈ ਸਾਖੀ; ਸੰਤਾਂ, ਭਗਤਾਂ, ਰਿਸ਼ੀਆਂ ਤੇ ਜੋਗੀਆਂ ਲਈ ਕਥਾ ਅਤੇ ਮੁਸਲਮਾਨ ਪੀਰਾਂ, ਫ਼ਕੀਰਾਂ, ਨਬੀਆਂ ਤੇ ਪੈਗੰਬਰਾਂ ਲਈ ਮਸਲਾ ਸ਼ਬਦ ਹੀ ਵਧੇਰੇ ਵਰਤਿਆ ਜਾਂਦਾ ਰਿਹਾ ਹੈ। ਪਰ ਗੋਸ਼ਟਿ ਅਜਿਹਾ ਸਾਂਝਾ ਸ਼ਬਦ ਹੈ ਜਿਸ ਨੂੰ ਗੁਰੂਆਂ, ਭਗਤਾਂ, ਸੰਤਾਂ, ਜੋਗੀਆਂ ਤੇ ਮੁਸਲਮਾਨ ਪੀਰਾਂ ਫ਼ਕੀਰਾਂ ਆਦਿ ਸਭ ਲਈ ਹੀ ਵਰਤ ਲਿਆ ਗਿਆ ਹੈ। ਸੋਢੀ ਮਿਹਰਵਾਨ ਨੇ ਸਾਖੀ ਅਤੇ ਮਸਲੇ ਤੋਂ ਇਲਾਵਾ ਗੋਸ਼ਟ ਸ਼ਬਦ ਦੀ ਹੀ ਬਹੁਤੀ ਵਰਤੋਂ ਕੀਤੀ ਹੈ।

ਪੰਜਾਬੀ ਗੱਦ-ਸਾਹਿੱਤ ਵਿਚ ਗੋਸ਼ਟ ਰੂਪ ਨੂੰ ਅਪਣਾਉਣ ਤੇ ਪ੍ਰਚੱਲਤ ਕਰਨ ਦਾ ਸਿਹਰਾ ਸੋਢੀ ਮਨੋਹਰਦਾਸ ਮਿਹਰਵਾਨ ਦੇ ਸਿਰ ਹੀ ਹੈ। ਮਿਹਰਵਾਨ ਰਚਿਤ ਹੇਠ ਲਿਖੀਆਂ ਗੋਸ਼ਟਾਂ/ਸਾਖੀਆਂ ਅਤੇ ਮਸਲੇ ਪ੍ਰਾਪਤ ਹਨ:

1. ਗੋਸ਼ਟਾਂ ਕਬੀਰ ਜੀ ਕੀਆਂ

2. ਗੋਸ਼ਟਾਂ ਗੁਰੂ ਨਾਨਕ ਦੇਵ ਜੀ ਕੀਆਂ
3. ਗੋਸ਼ਟਾਂ ਗੁਰੂ ਅਮਰਦਾਸ ਜੀ ਕੀਆਂ
4. ਹਿੰਦੂ ਭਗਤਾਂ ਦੀਆਂ ਗੋਸ਼ਟਾਂ
5. ਨਾਥਾਂ ਜੋਗੀਆਂ ਦੀਆਂ ਸਾਖੀਆਂ/ਗੋਸ਼ਟਾਂ
6. ਮੁਸਲਮਾਨ ਪੀਰਾਂ ਫ਼ਕੀਰਾਂ ਦੀਆਂ ਗੋਸ਼ਟਾਂ ਅਤੇ
7. ਮਸਲੇ ਹਜ਼ਰਤ ਰਸੂਲ ਕੇ

ਲੇਖਕ ਵਲੋਂ ਅਪਣਾਇਆ ਗਿਆ 'ਗੋਸ਼ਟ' ਉਹ ਗੱਦ ਰੂਪ ਹੈ ਜਿਸ ਵਿਚ ਗੋਸ਼ਟ ਦੇ ਨਾਲ ਨਾਲ ਪਰਮਾਰਥ ਅਤੇ ਜੀਵਨੀ ਵੀ ਪੇਸ਼ ਕੀਤੀ ਗਈ ਹੈ। ਪਰ ਇਨ੍ਹਾਂ ਰਚਨਾਵਾਂ ਵਿਚ ਅਜਿਹੀਆਂ ਗੋਸ਼ਟਾਂ ਵੀ ਮਿਲਦੀਆਂ ਹਨ ਜਿਨ੍ਹਾਂ ਵਿਚ ਪਰਮਾਰਥ ਸ਼ਾਮਲ ਨਹੀਂ ਕੀਤੇ ਗਏ ਸਗੋਂ ਕੇਵਲ ਨਾਇਕ ਦੀ ਜੀਵਨੀ ਚਿਤੱਰਣ ਦਾ ਯਤਨ ਕੀਤਾ ਗਿਆ ਹੈ ਜਿਵੇਂ 'ਪੋਥੀ ਸਚਖੰਡ' ਵਿਚ ਗੋਸ਼ਟ ਨੰ: 1,2,3,4,8,10,24,28,63,69 ਅਤੇ 71. ਇਨ੍ਹਾਂ ਤੋਂ ਇਲਾਵਾ ਕੁਝ ਅਜਿਹੀਆਂ ਸਾਖੀਆਂ/ਨਾਥਾਂ, ਜੋਗੀਆਂ, ਭਗਤਾਂ ਤੇ ਪੀਰਾਂ ਫ਼ਕੀਰਾਂ ਨਾਲ ਵੀ ਜੁੜੀਆਂ ਹੋਈਆਂ ਹਨ ਜਿਨ੍ਹਾਂ ਵਿਚ ਨਾਇਕ ਦੀ ਨਿਰੋਲ ਜੀਵਨੀ ਪੇਸ਼ ਕੀਤੀ ਗਈ ਹੈ।

ਗੋਸ਼ਟਾਂ ਜਾਂ ਸਾਖੀਆਂ ਵਿਚ ਲਏ ਗਏ ਇਨ੍ਹਾਂ ਨਾਇਕਾਂ ਦਾ ਪਾਤਰ ਉਸਾਰੀ ਵੀ ਉਨ੍ਹਾਂ ਦੀਆਂ ਪ੍ਰਚੱਲਤ ਜੀਵਨ ਘਟਨਾਵਾਂ ਨਾਲੋਂ ਜ਼ਿਆਦਾ ਉਨ੍ਹਾਂ ਦੀ ਬਾਣੀ ਵਿਚੋਂ ਮਿਲਦੇ ਸੰਕੇਤਾਂ ਤੇ ਹੀ ਹੋਈ ਹੈ। ਲੇਖਕ ਨੇ ਬਾਣੀ ਦੇ ਆਧਾਰ ਤੇ ਹੀ ਇਨ੍ਹਾਂ ਨਾਇਕਾਂ ਦਾ ਜੀਵਨ ਪ੍ਰਤਿ ਦ੍ਰਿਸ਼ਟੀਕੋਣ, ਸਮਾਜਕ ਚੇਤੰਨਤਾ, ਦਾਰਸ਼ਨਿਕ ਗੰਭੀਰਤਾ ਅਤੇ ਅਧਿਆਤਮਿਕ ਅਨੁਭਵ ਆਦਿ ਨੂੰ ਉਘਾੜ ਕੇ ਪੇਸ਼ ਕੀਤਾ ਹੈ। ਸਮੁੱਚੇ ਤੌਰ ਤੇ ਇਨ੍ਹਾਂ ਸਾਰੀਆਂ ਹੀ ਗੋਸ਼ਟਾਂ/ਸਾਖੀਆਂ ਵਿਚੋਂ ਨਾਇਕ ਦਾ ਆਦਰਸ਼ਕ, ਕਰਾਮਾਤੀ ਤੇ ਅਵਤਾਰੀ ਸਰੂਪ ਹੀ ਉਘੜ ਕੇ ਸਾਹਮਣੇ ਆਉਂਦਾ ਹੈ। ਨਾਇਕਾਂ ਦੀ ਪਾਤਰ ਉਸਾਰੀ ਕਰਨ ਲੱਗਿਆਂ ਉਨ੍ਹਾਂ ਪ੍ਰਤਿ ਡੂੰਘੀ ਸ਼ਰਧਾ ਕਾਰਨ ਲੇਖਕ ਉਨ੍ਹਾਂ ਦੀਆਂ ਮਨੁੱਖੀ ਕਮਜ਼ੋਰੀਆਂ ਉਘਾੜਨ ਦਾ ਯਤਨ ਨਹੀਂ ਕਰਦਾ ਜਿਸ ਨਾਲ ਪਾਤਰ ਉਸਾਰੀ ਯਥਾਰਥਵਾਦੀ ਦੀ ਥਾਂ ਆਦਰਸ਼ਕ ਹੀ ਬਣ ਜਾਂਦੀ ਹੈ।

ਲੇਖਕ ਵਲੋਂ ਰਚੀਆਂ ਗਈਆਂ ਉਪਰੋਕਤ ਗੋਸ਼ਟਾਂ/ਸਾਖੀਆਂ ਦਾ ਆਪਸੀ ਤੁਲਨਾਤਮਕ ਅਧਿਐਨ ਕਰਨ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਇਨ੍ਹਾਂ ਦੀ ਉਸਾਰੀ ਦਾ ਇਕ ਖਾਸ ਹੀ ਪੈਟਰਨ ਹੈ। ਕੁਝ ਇਕ ਰਚਨਾਵਾਂ ਗੋਸ਼ਟਾਂ ਜਾਂ ਕਥਾਵਾਂ ਕੇਵਲ ਸਿਧਾਂਤਕ ਰੂਪ

ਦੀਆਂ ਹੀ ਹਨ ਜਿਨ੍ਹਾਂ ਵਿਚ ਲੇਖਕ ਨੇ ਨਾਇਕ ਦੀ ਬਾਣੀ ਨੂੰ ਆਧਾਰ ਬਣਾ ਕੇ ਉਨ੍ਹਾਂ ਵਿਚੋਂ ਮਿਲਦੇ ਸੰਕੇਤਾਂ ਦੇ ਆਧਾਰ ਉੱਤੇ ਸਿਧਾਂਤਕ ਸਾਖੀਆਂ ਘੜ ਲਈਆਂ ਹਨ। ਅਜਿਹੀ ਹਰ ਗੋਸ਼ਟ ਵਿਚ ਬਾਣੀ ਵਿਚੋਂ ਕਿਸੇ ਨਾ ਕਿਸੇ ਸਥਿਤੀ ਨੂੰ ਲੈ ਕੇ ਉਸ ਉੱਤੇ ਢੁਕਵੀਂ ਸਾਖੀ ਘੜ ਲਈ ਹੈ। ਸੋ ਇਉਂ, ਇਨ੍ਹਾਂ ਵੱਖ ਵੱਖ ਰਚਨਾਵਾਂ ਵਿਚ, ਨਾਂ ਛਕਤਾਂ ਬਦਲ ਕੇ ਹੋਰ ਕੋਈ ਆ ਜਾਂਦਾ ਹੈ ਪਰ ਮੂਲ ਪੈਟਰਨ ਉਹੋ ਰਹਿੰਦਾ ਹੈ। ਹਰ ਗੋਸ਼ਟ ਲਗਭਗ ਇਕੋ ਵਿਧੀ ਨਾਲ ਆਰੰਭ ਹੁੰਦੀ ਹੈ ਜਦੋਂ ਕੋਈ, ਸਿਖ ਭਗਤ, ਬੈਸ੍ਨੋ, ਰਾਮਜਨ ਜੋਗੀ ਸਾਧ ਜਾਂ ਜਗਿਆਸੂ ਕਿਸੇ ਨਦੀ ਕਿਨਾਰੇ, ਜੰਗਲ ਜਾਂ ਨਗਰਿ ਦੇ ਨਿਸ਼ਚਿਤ ਸਥਾਨ ਤੇ, ਗੁਰੂ ਨਾਨਕ, ਗੁਰੂ ਅਮਰਦਾਸ ਜਾਂ ਭਗਤ ਕਬੀਰ ਕੋਲ ਆਉਂਦਾ ਹੈ ਜਾਂ ਲੋੜ ਅਨੁਸਾਰ ਨਾਇਕ ਨੂੰ ਕਿਸੇ ਨਗਰੀ, ਤੀਰਥ ਅਸਥਾਨ ਜਾਂ ਟਿਕਾਣੇ ਤੇ ਪਹੁੰਚਾ ਦਿੱਤਾ ਜਾਂਦਾ ਹੈ ਰਾਮ ਸਤਿ ਹੈ ਜਾਂ ਨਮਸਕਾਰ ਕਰਨ ਤੋਂ ਬਾਅਦ ਆਉਣ ਵਾਲਾ ਪਾਤਰ ਕੋਈ ਨਾ ਕੋਈ ਸੰਬੰਧਤ ਗਲ ਤੋਰ ਕੇ ਜਾਂ ਸਿੱਧੇ ਰੂਪ ਵਿਚ ਹੀ ਆਪਣੇ ਮਨ ਵਿਚਲਾ ਸ਼ੰਕਾ ਜਾਂ ਪ੍ਰਸ਼ਨ ਨਾਇਕ ਅਗੇ ਰਖਦਾ ਹੈ। ਗੋਸ਼ਟ ਜਾਂ ਸਾਖੀ ਦਾ ਨਾਇਕ ਉਸ ਵਿਸ਼ੇ ਸੰਬੰਧੀ ਭੂਮਿਕਾ ਬੰਨ੍ਹਦਿਆਂ ਪ੍ਰਸ਼ਨ ਜਾਂ ਸ਼ੰਕੇ ਅਨੁਸਾਰ ਆਪਣੀ ਬਾਣੀ ਦੀਆਂ ਢੁਕਵੀਆਂ ਸਤਰਾਂ ਉਚਾਰ ਕੇ ਤਿਸਕਾ ਪਰਮਾਰਥ ਦਸਦਾ ਹੈ। ਪਰਮਾਰਥ ਦਸਦਿਆਂ ਹੀ ਹੋਰ ਸੰਬੰਧਤ ਪ੍ਰਸ਼ਨ ਉਠਾ ਲਿਆ ਜਾਂਦਾ ਹੈ ਅਤੇ ਮੁੜ ਉਸੇ ਬਾਣੀ ਜਾਂ ਸ਼ਬਦ ਵਿਚੋਂ ਹੋਰ ਸਤਰਾਂ ਦੇ ਕੇ ਉਸ ਦੇ ਅੱਗੇ ਪਰਮਾਰਥ ਦੱਸੇ ਜਾਂਦੇ ਹਨ। ਕਦੀ ਕਦੀ ਸਰੋਤੇ, ਗੋਬਿੰਦ ਲੋਕ ਜਾਂ ਸੱਜਨ ਹੀ ਇਕ ਤੋਂ ਬਾਅਦ ਦੂਜਾ ਅਤੇ ਫਿਰ ਤੀਜਾ ਪ੍ਰਸ਼ਨ ਜਾਂ ਸ਼ੰਕਾ ਉਠਾਉਂਦੇ ਹਨ ਜਿਸ ਦੀ ਨਵਿਰਤੀ ਸ਼ਲੋਕ ਜਾਂ ਪਉੜੀ ਦੇ ਕੇ ਉਸ ਦੇ ਪਰਮਾਰਥ ਰਾਹੀਂ ਹੀ ਕੀਤੀ ਜਾਂਦੀ ਹੈ।

ਸ਼ਬਦ ਜਾਂ ਬਾਣੀ ਦੀਆਂ ਸਤਰਾਂ ਦੀ ਵਿਆਖਿਆ ਮੁਕਣ ਉੱਤੇ, ਆਏ ਭਗਤ ਸਿੱਖ ਜਾਂ ਸੱਜਨ, ਸਿੱਖਿਆ ਨੂੰ ਸਿਰ ਮੱਥੇ ਮਨਦਿਆਂ, ਨਾਨਕ ਪੰਥੀ ਜਾਂ ਕਬੀਰ ਪੰਥੀ ਬਣ ਕੇ ਨਾਇਕ ਨੂੰ ਨਮਸਕਾਰ ਕਰਦੇ ਹਨ

ਸਚਖੰਡ ਪੋਥੀ ਦੀਆਂ ਬਹੁਤੀਆਂ ਗੋਸ਼ਟਾਂ ਗੁਰੂ ਨਾਨਕ ਦੀ ਜੀਵਨੀ ਵੀ ਪੇਸ਼ ਕਰਦੀਆਂ ਹਨ, ਇਸ ਲਈ ਉਨ੍ਹਾਂ ਗੋਸ਼ਟਾਂ ਦਾ ਆਰੰਭ ਗੁਰੂ ਸਾਹਿਬ ਦੀ ਕਿਸੇ ਜੀਵਨ ਘਟਨਾ ਨੂੰ ਦੱਸਣ ਜਾਂ ਬਾਣੀ ਦੀਆਂ ਮੂਲ ਸਤਰਾਂ ਅਨੁਸਾਰ ਢੁਕਵੀਂ ਉਥਾਨਕਾ ਉਸਾਰਨ ਨਾਲ ਹੁੰਦਾ ਹੈ।

ਇਉਂ ਇਨ੍ਹਾਂ ਰਚਨਾਵਾਂ ਵਿਚ ਗੋਸ਼ਟ ਜਾਂ ਸਾਖੀ ਦੇ ਆਰੰਭ, ਉਸਾਰੀ ਤੇ ਅੰਤ ਦਾ ਇਹ ਵਿਧੀ, ਥੋੜੇ ਬਹੁਤ ਅੰਤਰ ਨਾਲ, ਸਭ ਰਚਨਾਵਾਂ ਵਿਚ ਇਕ ਸਮਾਨ ਹੀ ਚਲਦਾ ਹੈ ਜਿਵੇਂ:

<u>ਅਰੰਭ</u> :

ੳ) ਤਬ ਦਖਣ ਕੀ ਧਰਤੀ ਨਗਰਹੁ ਸਾਥਿ ਗੋਸਟਿ ਕਰਿ ਕਰਿ ਗੁਰੂ ਬਾਬਾ ਨਾਨਕ ਜੀ ਉਜੈਣ ਨਗਰੀ ਜਾਇ ਨਿਕਲਿਆ। ਤਬ ਊਹਾਂ ਭਰਥਰੀ ਕੀ ਗੁਫਾ ਕਉ ਜਹਾਂ ਭਰਥਰੀ ਜਾ ਜਨਮੁ ਸਥਾਨੁ ਥਾ, ਗੋਰਖ ਕੀ ਗੁਫਾ ਥੀ, ਲੋਕੁ ਦੇਖਣ ਕਉ ਬਹੁਤ ਜੋਗੀ, ਸੰਨਿਆਸੀ, ਬ੍ਰਹਮਚਾਰੀ, ਬੈਰਾਗੀ ...ਜਾਤ੍ਰਾ ਕਉ ਜੁੜਿਆ ਹੈ।... ਤਬ ਗੁਰੂ ਬਾਬੇ ਸਾਥਿ ਲੰਗੋਟਿਬੰਧ ਥੇ ਤਿਨਹੁ ਕਹਿਆ ਜਿ ਬਾਬਾ ਜੀ ਜਿਤਨੇ ਏ ਲੋਕ ਤੀਰਥ ਜਾਤ੍ਰਾ ਕਉ ਆਏ ਹੈ, ਦਿਖਾ ਕਿਤਨੇ ਮੁਕਤਿ ਪਾਵਹਿਗੇ। ਤਬ ਗੁਰੂ ਬਾਬੇ ਨਾਨਕ ਜੀ ਗਉੜੀ ਰਾਗ ਮਹਿ ਬਾਣੀ ਬੋਲਿ ਉਠਾ:

> ਅਧਿਆਤਮ ਕਰਮ ਕਰੇ ਤਾ ਸਾਚਾ। ਮੁਕਤਿ ਭੇਦੁ ਕਿਆ ਜਾਣੈ ਕਾਚਾ।
> ... ਤਿਸ ਕਾ ਪਰਮਾਰਥ[1] -(ਸਚਖੰਡ ਪੋਥੀ)

ਅ) ਤਬ ਏਕ ਦਿਨ ਗੁਰੂ ਬਾਬਾ ਨਾਨਕ ਜੀ, ਪੰਜਾਬ ਕੀ ਧਰਤੀ ਨਗਰਿ ਕਰਤਾਰਪੁਰਿ, ਧਰਮਸਾਲਾ ਕੇ ਬਾਹਿ ਬੈਠਾ ਥਾ ਸਿਖ ਸੰਗਤੀ ਸਭ ਪਾਸਿ ਬੈਠੇ ਥੇ। ਰਬਾਬੀ ਕੀਰਤਨ ਕਰਤਾ ਥਾ।... ਅਰੁ ਏ ਗੋਬਿੰਦ ਜੀ ਕੇ ਲੋਕ ਆਇ ਪ੍ਰਾਪਤਿ ਹੂਏ। ਤਬ ਉਨਹੁ ਆਵਤੇ ਹੀ ਕਹਿਆ ਜਿ ਰਾਮ ਰਾਮ ਬਾਬਾ ਨਾਨਕ ਜੀ। ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ ਸਤਿ ਰਾਜਾ ਰਾਮੁ ਭਾਈ ਰਾਮ ਜਨਹੁ ਜੀ। ਸਤਿ ਰਾਮੁ। ਆਈਐ ਜੀ ਬੈਸੀਐ ਜੀ... ਤਬ ਉਨਹੁ ਗੋਵਿੰਦ ਲੋਕਹੁ ਖੜੀ ਏਕ ਸਸਤਾਇ ਕੈ ਕਹਿਆ ਜਿ ਬਾਬਾ ਨਾਨਕ ਜੀ। ਬਲਿਹਾਰ ਜਾਉ ਜੀ। ਬੇਨਤੀ ਹੈ ਜੀ। ਦੇਖਾ ਅਬ ਬਸੰਤ ਚੜਿਆ ਹੈ। ਬਾਬਾ ਜੀ ਦੇਖਾ ਜੀ ਸੰਸਾਰੁ ਕੋਈ ਕੈਸੀ ਹੀ ਸੇਵਾ ਕਰਤਾ ਹੈ। ਸੁ ਬਾਬਾ ਜੀ ਹਮ ਕਿਛੁ ਨਾਹੀ ਜਾਨਤੇ... ਤਬ ਗੁਰੂ ਬਾਬੇ ਨਾਨਕ ਜੀ ਉਨ ਕੀ ਬੇਨਤੀ ਸੁਨਿ ਕਰਿ ਹਸਿਆ। ਹਸਿ ਕਰਿ ਖੁਸੀ ਭਇਆ ... ਬਸੰਤ ਰਾਗ ਮਹਿ ਬਾਣੀ ਬੋਲੀ ਜਿ: ਰੁਤਿ ਆਈਲੇ ਸਰਸ ਬਸੰਤ ਮਾਹਿ.— ਤਿਸ ਕਾ ਪਰਮਾਰਥੁ...।[2] (ਹਰਿਜੀ ਪੋਥੀ)

---

1. ਜ.ਗੁ.ਨਾ. ਭਾਗ ਪਹਿਲਾ, ਪੰਨਾ 300.
2. ਉਹੀ, ਭਾਗ ਦੂਜਾ, ਪੰਨਾ 212.

ੲ) ਏਕ ਦਿਨਿ ਗੁਰੂ ਅਮਰਦਾਸ ਨਗਰਿ ਵਡਾਲੀ ਬੈਠਾ ਥਾ॥ ਅਰੁ ਏਕ ਗੋਬਿੰਦ ਲੋਕ ਆਇ ਗਏ। ਤਿਨਹੁ ਆਇ ਕਹਿਆ ਜਿ ਰਾਮ ਰਾਮ ਗੁਰੂ ਅਮਰਦਾਸ ਜੀ ਰਾਮ ਰਾਮ॥ ਤਬ ਗੁਰੂ ਅਮਰਦਾਸ ਜੀ ਕਹਿਆ ਜਿ ਸਤਿ ਰਾਜਾ ਰਾਮੁ ਆਈਐ ਜੀ ਬੈਠੀਐ ਜੀ।... ਤਬ ਘੜੀ ਏਕ ਸੁਸਤਾਇ ਕਰਿ ਉਨਹੁ ਬੇਨਤੀ ਕਰੀ। ਉਨਹੁ ਗੋਬਿੰਦ ਲੋਕਹੁ ਕਹਿਆ ਜਿ ਏ ਜਗ ਮਹਿ ਜੋ ਮੀਠੀ ਬਸਤੁ ਹੈ ਸਿ ਕਵਣ ਹੈ ਜੀ... ਤੇਰਿਆ ਰਚਨਾ ਮਹਿ ਆਏ ਹੈ ਜੀ॥ ਜਿ ਤੁਮ ਬਤਾਇ ਦੇਹੁ ਸਾਈ ਬਸਤੁ ਬਚੁ। ਏਸ ਪਰਮੇਸਰ ਕੀ ਰਚਨਾ ਮਹਿ ਜਿ ਮੀਠੀ ਬਸਤੁ ਹੈ ਸਿ ਬਤਾਈਐ ਜੀ॥ ਤਬ ਗੁਰੂ ਅਮਰਦਾਸ ਜੀ ਸਾਰੰਗ ਰਾਗ ਮਹਿ ਬਾਣੀ ਬੋਲੀ ਜਿ॥ ਭਾਈ ਰੇ ਹਰਿ ਕਾ ਨਾਮੁ ਅਤਿ ਮੀਠਾ...। ਤਿਸ ਦਾ ਪ੍ਰਮਾਰਥੁ...।[3]

(ਗੋਸਟਾਂ ਗੁਰੂ ਅਮਰਦਾਸ ਜੀ ਕੀਆਂ)

ਸ) ਇਕ ਦਿਨ ਕਬੀਰ ਗੁਸਾਈ ਪੂਰਬ ਕੀ ਧਰਤੀ ਨਗਰ ਬਨਾਰਸ ਮੈ ਬੈਠਾ ਅਰੁ ਏਕ ਗੋਬਿੰਦ ਲੋਕ ਆਏ ਤਿਨਹੁ ਆਇ ਕਰਿ ਕਹਿਆ ਜਿ ਕਬੀਰ ਗੁਸਾਈ ਰਾਮ ਰਾਮ॥ ਤਬ ਕਬੀਰ ਗੁਸਾਈ ਕਹਿਆ ਜਿ ਸਤਿ ਰਾਜ ਰਾਮ ਆਈਐ ਜੀ ਬੈਸੀਐ ਜੀ॥ ਤਬ ਉਹ ਰਾਮ ਰਾਮ ਕਹ ਕਰ ਬੈਠ ਗਏ॥ ਘੜੀ ਏਕ ਅਸਤਾਇ ਕਰ ਬੇਨਤੀ ਕਰੀ ਜਿ ਕਬੀਰ ਜੀ ਬੇਦ ਜਿ ਮੁਨਵਰ ਸਿਧ ਹੈਂ ਜੀ ਸਾਧਿ-ਕਹੈ ਜੀ ਸਨਕਾਦਿਕ ਬ੍ਰਹਮਾਦਿਕ ਏਹ ਜਿ ਹੋਏ ਸਿ ਕਿਸ ਸੇਵਾ ਤੇ ਹੋਏ॥ ਤਬ ਕਬੀਰ ਦਾਸ ਬਾਣੀ ਬੋਲੀ॥ ਸਿਧ ਸਾਧਿਕ ਸਗਲੇ ਮਨਰੇ... ਤਿਸ ਕਾ ਪਰਮਾਰਥੁ...।[4]

(ਗੋਸਟਾਂ ਕਬੀਰ ਜੀ ਕੀਆਂ)

ਇਉਂ ਇਕ ਨਿਸ਼ਚਿਤ ਜਿਹੇ ਢੰਗ ਨਾਲ ਸ਼ੁਰੂ ਹੋ ਕੇ ਇਨ੍ਹਾਂ ਗੋਸ਼ਟਾਂ ਜਾਂ ਸਾਖੀਆਂ ਦਾ ਲਗਭਗ ਇਕੋ ਜਿਹੇ ਢੰਗ ਨਾਲ ਉਸਾਰ ਹੁੰਦਾ ਹੈ। ਜਾਂ ਤਾਂ ਨਾਇਕ ਦੇ ਜੀਵਨ ਨਾਲ ਸੰਬੰਧਤ ਪ੍ਰਚੱਲਤ ਘਟਨਾਵਾਂ ਨੂੰ ਪੇਸ਼ ਕਰਦਿਆਂ ਉਸ ਦਾ ਜੀਵਨ ਚਿਤਰਿਆ ਜਾਂਦਾ ਹੈ ਅਤੇ ਜਾਂ ਫਿਰ ਨਾਇਕ ਦੀ ਬਾਣੀ ਵਿਚੋਂ ਮਿਲਦੇ ਸੰਕੇਤਾਂ ਦੇ ਆਧਾਰ ਉੱਤੇ ਘਟਨਾਵਾਂ ਤੇ ਪ੍ਰਸੰਗ ਘੜ ਕੇ ਸਾਖੀਆਂ ਨੂੰ

---

3. ਹ: ਲਿ: ਨੰ: 678; ਸੈ.ਪ.ਲਾ: ਪਟਿ., ਪੰਨਾ 100-1

4. ਗੋ. ਕ.ਜੀ. ਕੀ. (ਨਿੱਜੀ ਪੋਥੀ), ਪੰਨਾ 173-74

ਉਸਾਰਿਆ ਜਾਂਦਾ ਹੈ। ਗੋਸ਼ਟ ਉਸਾਰੀ ਦੇ ਦੂਜੇ ਢੰਗ ਅਨੁਸਾਰ ਕੋਈ ਰਾਮਜਨ, ਭਗਤ, ਸਾਧੂ ਜਾਂ ਸਿੱਖ ਆ ਕੇ ਨਾਇਕ ਨੂੰ ਨਮਸਕਾਰ ਕਰਨ ਤੋਂ ਬਾਅਦ ਕੋਈ ਨਾ ਕੋਈ ਪ੍ਰਸ਼ਨ ਜਾਂ ਸ਼ੰਕਾ ਉਠਾਉਂਦਾ ਹੈ ਜਿਸ ਦੇ ਉੱਤਰ ਵਿਚ ਨਾਇਕ ਵਲੋਂ ਬਾਣੀ ਦੀਆਂ ਸਤਰਾਂ ਉਚਾਰ ਕੇ ਉਸ ਦੇ ਪਰਮਾਰਥ ਕੀਤੇ ਜਾਂਦੇ ਹਨ। ਇਕ ਤੋਂ ਬਾਅਦ ਦੂਜਾ ਅਤੇ ਤੀਜਾ, ਚੌਥਾ ਸ਼ੰਕਾ ਜਾਂ ਪ੍ਰਸ਼ਨ ਗੋਸ਼ਟ ਦੀ ਉਸਾਰੀ ਕਰਦਾ ਹੈ। ਅਖੀਰ, ਪ੍ਰਸ਼ਨ ਕਰਨ ਵਾਲਾ ਵਿਅਕਤੀ ਉਨ੍ਹਾਂ ਵਿਚਾਰਾਂ ਤੋਂ ਪ੍ਰਭਾਵਿਤ ਹੋ ਕੇ ਸਿੱਖ ਬਣਦਾ ਤੇ ਨਮਸਕਾਰ ਕਰਦਾ ਹੈ।

ਇਉਂ, ਆਰੰਭ ਵਾਂਗ ਇਨ੍ਹਾਂ ਰਚਨਾਵਾਂ ਵਿਚ ਗੋਸ਼ਟਾਂ ਦੇ ਅੰਤ ਲਈ ਵੀ ਉਸੇ ਤਰ੍ਹਾਂ ਇਕੋ ਜਿਹਾ ਹੀ ਢੰਗ ਅਪਣਾਇਆ ਗਿਆ ਹੈ ਜਿਵੇਂ:

<u>ਅੰਤ</u>:

ੳ) ਤਬ ਗੁਰੂ ਬਾਬੇ ਨਾਨਕ ਕਾ ਕਹਿਆ ਜਿ ਸੁਣਹੁ ਭਰਥਰੀ ਜੀ ਪਰਮੇਸੁਰ ਕੇ ਪਿਆਰੇ। ਇਹੀ ਜਪ, ਇਹੀ ਤਪ, ਇਹੀ ਸੰਜਮ, ਇਹੀ ਪਾਠ, ਇਹੀ ਪੁਰਾਣ, ਇਹੀ ਸਭ ਸੰਜੋਗੁ ਸੰਜੁਗਤਿ, ਜਿ ਪਰਮੇਸੁਰ ਕਉ ਜਾਣੈ। ਜੇ ਪਰਮੇਸੁਰ ਕਉ ਨਾ ਜਾਣਿਆਂ ਤਬ ਕੋਟ ਤੀਰਥ ਨਾਵਉ, ਅਨੇਕ ਧੂਪ, ਅਨੇਕ ਤਪ, ਸੰਜਮ ਮਹਿ ਰਹਉ ਕਿਸੀ ਕਾਮ ਨਾਹੀ।... ਬਿਨਾ ਪਰਮੇਸੁਰ ਬੂਝੇ ਥਾਇ ਨਾਹੀ ਪੜਤਾ ਕਿਛੁ.. ਬੋਲਹੁ ਭਾਈ ਜੀ ਵਾਹਿਗੁਰੂ।[5]

(ਸਚਖੰਡ ਪੋਥੀ)

ਅ) ਤਬ ਉਇ ਗੋਬਿੰਦ ਲੋਕ ਉਠਿ ਚਰਨੀ ਲਾਗੇ, ਕਹਣੈ ਲਾਗੇ ਜਿ ਬਾਬਾ ਨਾਨਕ ਜੀ। ਤੈ ਹੀ ਪਰਮੇਸੁਰ ਸਤਿ ਜਾਣਿਆ ਹੈ। ਅਰੁ ਤੈ ਹੀ ਬਖਾਣਿਆ ਹੈ ਅਰੁ ਤੈਂ ਹੀ ਮਾਨਿਆ ਹੈ... ਤਬ ਉਇ ਗੋਬਿੰਦ ਲੋਕ ਗੁਰੂ ਬਾਬੇ ਨਾਨਕ ਜੀ ਕੇ ਸਿਖ ਭਏ। ਨਾਨਕ ਪੰਥੀ ਹੂਏ। ਗੁਰ ਗੁਰੂ ਲਾਗੇ ਜਪਣੈ। ਕਹਣੈ ਲਾਗੇ ਜਿ ਧੰਨੁ ਗੁਰੂ ਬਾਬਾ ਨਾਨਕ ਵਾਹਿਗੁਰੂ ਬਾਬਾ ਨਾਨਕ।[6]

(ਹਰਿਜੀ ਪੋਥੀ)

ੲ) ਤਬ ਉਹਿ ਗੋਬਿੰਦ ਲੋਕ ਗੁਰੂ ਅਮਰਦਾਸ ਜੀ ਕੀ ਚਰਨੀ ਲਾਗੇ। ਗੁਰੂ ਕੇ ਸਿੱਖ ਭਏ ਗੁਰੂ ਗੁਰੂ ਲਾਗੇ ਜਪਣੈ। ਨਾਨਕ ਪੰਥੀ ਭਏ। ਕਹਣੈ ਲਾਗੇ ਜਿ ਧੰਨਿ ਗੁਰੂ। ਵਾਹਿਗੁਰੂ। ਸਤਿਗੁਰੂ...।[7] (ਗੋਸ਼ਟਾਂ ਗੁਰੂ ਅਮਰਦਾਸ ਜੀ ਕੀਆਂ)

---

5. ਜ. ਗੁ.ਨਾ. ਭਾਗ ਪਹਿਲਾ, ਪੰਨਾ 302
6. ਉਹੀ, ਭਾਗ ਦੂਜਾ, ਪੰਨਾ 215.
7. ਹ: ਲਿ: ਨੰ: 678, ਸੈ.ਪ.ਲਾ: ਪਟਿ. ਪੰਨਾ 110 ਅ.

> ਸ) ਤਬ ਕਬੀਰ ਦਾਸ ਕਹਿਆ ਭਾਈ ਰਾਮ ਜਨਾ ਜੀ ਜਿਨ ਕਾ ਮਨੁ ਹਰਿ ਸਿਉ ਹਿਲਿਆ ਹੈ ਅਰ ਰਾਮ ਨਾਮ ਕਾ ਸੁਆਦ ਆਇਆ ਹੈ ਤੇ ਜੀਵ ਰਾਮ ਨਾਮ ਛਾਡ ਕਰ ਅਵਰੁ ਠਵਰ ਨਾਹੀ ਜਾਤੇ...ਤਬ ਉਹ ਉਠ ਕਰਿ ਕਬੀਰ ਜੀ ਕੀ ਚਰਨੀ ਲਾਗੇ ਕਬੀਰ ਜੀ ਕੇ ਸਿਖ ਭਏ। ਲਾਗੇ ਰਾਮ ਸਿਮਰਣੇ। ਸਗਲੇ ਬੋਲਹੁ ਰਾਮ॥ ਸਤਿਨਾਮ ਕਰਤਾ ਪੁਰਖ॥[8]
>
> (ਗੋਸਟਾਂ ਕਬੀਰ ਜੀ ਕੀਆਂ)

ਅਸਲ ਵਿਚ ਸਾਖੀ ਜਾਂ ਗੋਸ਼ਟ ਰਚਨਾ ਦੀ ਪਰੰਪਰਾ ਮਧਕਾਲੀਨ ਪੰਜਾਬ ਦੇ ਧਾਰਮਕ ਤੇ ਸਭਿਆਚਾਰਕ ਖੇਤਰ ਦੀ ਇਕ ਮਹੱਤ੍ਵਪੂਰਨ ਵਿਰਾਸਤ ਰਹੀ ਹੈ। ਸਾਹਿੱਤ ਦੀ ਇਹ ਵਿੱਧਾ ਸਿੱਖ ਸਮਾਜ ਵਿਚ ਵਿਸ਼ੇਸ਼ ਗਾ ਭੂਮਿਕਾ ਨਿਭਾਉਂਦੀ ਹੈ। ਕਿਉਂਕਿ ਇਹ ਸੰਤਾਂ ਤੇ ਭਗਤਾਂ ਦੇ ਸੰਬੰਧ ਨੂੰ ਲੋਕਾਂ ਤਕ ਪਹੁੰਚਾਣ ਦੀ ਇਕ ਉਹ ਅਲੌਕਿਕ ਵਿਧੀ ਹੈ ਜਿਸ ਨੂੰ ਆਲੋਚਨਾ ਦੀ ਆਜੋਕੀ ਭਾਸ਼ਾ ਵਿਚ 'ਮਿਥੀਕਲ' ਵਿਧੀ ਪ੍ਰਬੰਧ ਕਿਹਾ ਜਾ ਸਕਦਾ ਹੈ।

ਇਸ ਅਧੀਨ ਉਸਾਰੀਆਂ ਗਈਆਂ ਸਾਖੀਆਂ ਜਾਂ ਗੋਸ਼ਟਾਂ ਵਿਚ ਜਦੋਂ ਕੋਈ ਭਗਤ, ਜਗਿਆਸੂ, ਰਾਮਜਨ ਜਾਂ ਸਿੱਖ ਨਾਇਕ ਨੂੰ ਮਿਲਣ ਆਉਂਦਾ ਹੈ ਤਾਂ ਨਾਇਕ ਗੁਰੂ ਨਾਨਕ, ਗੁਰੂ ਅਮਰਦਾਸ ਜਾਂ ਭਗਤ ਕਬੀਰ ਬਾਣੀ ਉਚਾਰ ਕੇ ਉਸ ਦੀ ਜਗਿਆਸਾ ਇਉਂ ਪੂਰੀ ਕਰਦਾ ਹੈ ਕਿ ਆਉਣ ਵਾਲੇ ਵਿਅਕਤੀ ਕੋਲ ਸ਼ਬਦ ਤੋਂ ਪ੍ਰਭਾਵਿਤ ਹੋ ਕੇ ਨਾਇਕ ਦੇ ਚਰਨੀ ਲੱਗਣ ਤੋਂ ਬਿਨਾ ਹੋਰ ਕੋਈ ਚਾਰਾ ਹੀ ਨਹੀਂ ਰਹਿ ਜਾਂਦਾ। ਸੋ ਇਉਂ, ਲਗਭਗ ਬਹੁਤੀਆਂ ਗੋਸ਼ਟਾਂ ਵਿਚ ਬਾਣੀ ਰਾਹੀਂ ਥਾਂ ਥਾਂ ਬੜਾ ਪ੍ਰਭਾਵਸ਼ਾਲੀ ਮਿੱਥ ਸਿਰਜੀ ਹੈ।

ਇਸੇ ਤਰ੍ਹਾਂ ਇਨ੍ਹਾਂ ਸਾਰੀਆਂ ਰਚਨਾਵਾਂ ਵਿਚ ਅਨੇਕਾਂ ਅਜਿਹੀਆਂ ਕਥਾਵਾਂ ਵੀ ਹਨ ਜਿਨ੍ਹਾਂ ਵਿਚ ਨਾਇਕ ਪਾਰਬ੍ਰਹਮ ਦੇ ਹੁਕਮ ਜਾਂ ਆਪਣੀ ਇੱਛਾ ਅਨੁਸਾਰ ਪ੍ਰਭੂ ਮਿਲਾਪ ਲਈ ਪਾਰਬ੍ਰਹਮ ਦੇ ਦਰਬਾਰ ਵਿਚ ਜਾ ਪਹੁੰਚਦਾ ਹੈ। ਇਉਂ, ਨਾਇਕ ਦੇ ਰੱਬੀ ਦਰਬਾਰ ਵਿਚ ਜਾਣ ਦੀਆਂ ਅਨੇਕਾਂ ਘਟਨਾਵਾਂ ਰਾਹੀਂ ਵੀ ਮਿੱਥ ਸਿਰਜੀ ਗਈ ਹੈ।

ਲੇਖਕ ਦੀਆਂ ਇਨ੍ਹਾਂ ਗੋਸ਼ਟਾਂ ਜਾਂ ਸਾਖੀਆਂ ਦਾ ਆਧਾਰ ਸੰਸਕ੍ਰਿਤ ਤੇ ਪਾਲੀ ਭਾਸ਼ਾ ਵਿਚ ਮਿਲਦੀਆਂ ਬੁੱਧ ਜਾਤਕਾਂ ਵਿਚ ਵੀ ਵੇਖਿਆ ਜਾ ਸਕਦਾ ਹੈ। ਗੋਸ਼ਟ ਗੁਰੂ ਨਾਨਕ ਵਿਚ

8. ਗੋ. ਕ. ਜੀ ਕੀ. (ਨਿੱਜੀ ਪ੍ਰਤੀ) ਪੰਨਾ 174.

ਨਾਇਕ ਦਾ ਅਵਤਾਰ ਧਾਰਨਾ, ਬਚਪਨ ਦੀ ਅਵਸਥਾ, ਪੱਟੀ ਲਿਖਣਾ, ਪਾਂਧੇ ਨੂੰ ਪੜ੍ਹਾਉਣਾ, ਉਦਾਸੀਆਂ ਤੋਂ ਪਹਿਲਾਂ ਅਤੇ ਬਾਅਦ ਵਿਚ ਗ੍ਰਿਹਸਤ ਨਿਭਾਉਣਾ, ਸਭ ਕੁਝ ਤਿਆਗ ਕੇ ਸੰਸਾਰ ਕਲਿਆਣ ਲਈ ਨਿਕਲ ਤੁਰਨਾ ਅਤੇ ਅਨੇਕਾਂ ਹੋਰ ਕਰਾਮਾਤੀ ਸਾਖੀਆਂ ਮਹਾਤਮਾ ਬੁੱਧ ਦੀਆਂ ਜਾਤਕ ਕਹਾਣੀਆਂ ਨਾਲ ਮਿਲਦੀਆਂ ਹਨ।

ਇਸੇ ਤਰ੍ਹਾਂ ਲੇਖਕ ਨੇ ਆਪਣੀਆਂ ਰਚਨਾਵਾਂ ਵਿਚ ਪੌਰਾਣਿਕ ਕਥਾਵਾਂ ਦਾ ਆਸਰਾ ਲੈਂਦਿਆਂ ਪੌਰਾਣਿਕ ਮਿੱਥਾਂ ਦੀ ਵੀ ਵਰਤੋਂ ਕੀਤੀ ਹੈ ਜਿਵੇਂ ਗੋਸ਼ਟਾਂ ਗੁਰੂ ਨਾਨਕ ਦੀਆਂ ਪਹਿਲੀਆਂ ਤਿੰਨ ਗੋਸ਼ਟਾਂ ਵਿਚਲੀ, ਤ੍ਰੇਤੇ ਯੁਗ ਵਿਚ ਵਿਚਰਦੇ ਮਿਥਲਾਪੁਰੀ ਦੇ ਰਾਜੇ ਜਨਕ ਦੀ ਕਹਾਣੀ ਗੋਸ਼ਟ ਨੰ: 8 ਵਿਚ ਤੇਤੀਸ ਕਰੋੜ ਦੇਵਤਿਆਂ, ਨਵ ਨਾਥ ਚਉਰਾਸੀਹ ਸਿੱਧਾਂ ਆਦਿ ਦਾ ਜ਼ਿਕਰ ਅਤੇ ਗੋਸ਼ਟ ਨੰ: 23 ਵਿਚ ਵੇਈਂ ਪ੍ਰਵੇਸ਼ ਸਮੇਂ ਪਾਰਬ੍ਰਹਮ ਨਾਲ ਮੁਲਾਕਾਤ ਪੌਰਾਣਿਕ ਕਥਾਵਾਂ ਤੇ ਹੀ ਆਧਾਰਤ ਹਨ।

ਇਉਂ, ਮਿਹਰਵਾਨ ਦੀਆਂ ਇਨ੍ਹਾਂ ਰਚਨਾਵਾਂ ਨਾਲ ਪੰਜਾਬੀ ਗੱਦ ਵਿਚ ਗੋਸ਼ਟ ਅਤੇ ਸਾਖੀ ਦਾ ਇਕ ਨਿਸ਼ਚਿਤ ਰੂਪ ਵਿਕਸਿਤ ਹੋ ਕੇ ਆਪਣੇ ਸਿਖਰ ਨੂੰ ਛੋਹਂਦਾ ਹੈ ਜਿਸ ਨੂੰ ਉਸ ਤੋਂ ਮਗਰੋਂ ਉਸ ਦੇ ਪੁੱਤਰ ਹਰਿਜੀ ਤੇ ਇਸ ਸੰਪ੍ਰਦਾਇ ਦੇ ਲੇਖਕਾਂ ਨੇ ਅਪਣਾ ਕੇ ਅਗੇ ਤੋਰਿਆ।

2. ਪਰਮਾਰਥ ਅਤੇ ਟੀਕੇ :

ਵਾਰਤਕ ਵਿਚ ਸਭ ਤੋਂ ਪਹਿਲਾਂ ਵਿਸਤ੍ਰਿਤ ਪਰਮਾਰਥ ਲਿਖਣ ਦਾ ਸਿਹਰਾ ਸੋਢੀ ਮਿਹਰਵਾਨ ਦੇ ਸਿਰ ਹੈ। ਹਰਿਜੀ ਅਨੁਸਾਰ ਸੋਢੀ ਮਿਹਰਵਾਨ ਨੇ ਤਾਂ ਗੁਰੂਆਂ ਅਤੇ ਭਗਤਾਂ ਦੀ ਬਾਣੀ ਦੇ ਅਰਥ ਪ੍ਰਗਟ ਕਰਨ ਲਈ ਹੀ ਅਵਤਾਰ ਧਾਰਿਆ।

> "...ਜੈਸੇ ਵੇਦਾ ਕੇ ਅਰਥ ਕਰਣੇ ਕੀ ਨਿਮਤਿ ਪਰਸਹਿ ਰਖੀਸੁਰ ਕੌ ਗੁਰ ਠਾਕੁਰ ਜੀ ਬਿਆਸ ਕਉ ਭੇਜਿਆ ਥਾਂ ਤੈਸਾ ਹੀ ਭਗਤਾ ਕੀ ਬਾਣੀ ਕੇ ਅਰਥ ਕਰਣੇ ਕੀ ਨਿਮਤਿ ਸ੍ਰੀ ਠਾਕੁਰ ਜੀ ਸੁਕਦੇਵ ਭਗਤ ਕਉ ਭੇਜਿਆ॥... ਸ੍ਰੀ ਗੁਰੂ ਬਾਬੇ ਨਾਨਕ ਜੀ ਕੇ ਪਥਿ ਮਹਿ ਸ੍ਰੀ ਸੁਕਦੇਉ ਭਗਤੁ ਸੰਸਾਰ ਕੇ ਉਧਾਰ ਕਰਨੇ ਕੀ ਨਿਮਤਿ ਅਉਤਾਰ ਲੀਆ।"[9]

ਉਸ ਅਨੁਸਾਰ ਤਾਂ ਗੁਰੂ ਅੰਗਦ ਦੇ ਪੁੱਛਣ ਤੇ ਗੁਰੂ ਨਾਨਕ ਨੇ ਇਹ ਵੀ ਵਰ ਦਿੱਤਾ ਕਿ "ਮੁਝ ਤੇ ਪਾਛੈ ਜਿ ਸਤਵਾਂ ਪਾਤੜੀ ਗੁਰੂ ਹੋਇਗਾ। ਉਸ ਕਉ ਪਰਮੇਸਰ ਕੀ ਆਗਿਆ

9. ਸੋ. ਗੁ. ਮਿ. ਲ. ਲਿ:ਨੰ: 2527, ਸੈ. ਪ. ਲਾ: ਪਟਿ., ਪੰਨਾ 157.

ਹੈ ਜਿਸ ਮੇਰੀ ਬਾਣੀ ਕਾ ਅਰਥ ਪ੍ਰਗਟਿ ਕਰੇਗਾ। ਅਰੁ ਸਮਸਤ ਭਗਤਾਂ ਦੀ ਬਾਣੀ ਕਾ ਅਰਥੁ ਪ੍ਰਗਟਿ ਕਰੇਗਾ।"[10]

ਮਿਹਰਵਾਨ ਨੇ ਗੁਰੂ ਘਰ ਵਿਚ ਰਹਿੰਦਿਆਂ ਹੀ ਵਿੱਦਿਆ ਅਤੇ ਗੁਰਬਾਣੀ ਗਿਆਨ ਦੀ ਪ੍ਰਾਪਤੀ ਕੀਤੀ। ਗੁਰਬਾਣੀ ਅਧਿਐਨ ਦੇ ਨਾਲ ਨਾਲ ਉਸ ਨੂੰ ਗੁਰੂ ਸਾਹਿਬਾਨ ਦੇ ਮੁੱਖੋਂ ਗੁਰਬਾਣੀ ਦੀ ਵਿਆਖਿਆ ਸੁਣਨ ਦਾ ਵੀ ਮੌਕਾ ਮਿਲਦਾ ਰਿਹਾ ਜਿਸ ਕਾਰਨ ਗੁਰੂ ਤੇ ਭਗਤ ਬਾਣੀ ਪ੍ਰਤਿ ਉਸ ਦਾ ਗਿਆਨ ਅਤੇ ਸਤਿਕਾਰ ਵਧਦਾ ਗਿਆ। ਇਸੇ ਸਨੇਹ ਅਤੇ ਸਤਿਕਾਰ ਕਾਰਨ ਹੀ ਉਸ ਵਿਚ ਪਰਮਾਰਥਾਂ ਰਾਹੀਂ ਬਾਣੀ ਦੇ ਅੰਤਰੀਵ ਭਾਵਾਂ ਨੂੰ ਸੁਪਸ਼ਟ ਕਰਕੇ ਉਜਾਗਰ ਕਰਨ ਦੀ ਰੀਝ ਪੈਦਾ ਹੋ ਗਈ। ਇਸੇ ਰੀਝ ਸਦਕਾ ਲੇਖਕ ਪੰਜਾਬੀ ਦਾ ਪਹਿਲਾ ਅਤੇ ਪ੍ਰਮੁੱਖ ਪਰਮਾਰਥ ਕਰਤਾ ਹੋ ਨਿਬੜਿਆ, ਜਿਸ ਨੇ ਸਮਕਾਲੀ ਗੋਸ਼ਟਿ ਸਾਹਿੱਤ ਦੀ ਪਰੰਪਰਾ ਨੂੰ ਅਪਣਾਉਂਦਿਆਂ ਗੁਰੂ ਸਾਹਿਬਾਂ ਅਤੇ ਭਗਤਾਂ ਦੀਆਂ ਜੀਵਨੀਆਂ ਹੀ ਪੇਸ਼ ਨਹੀਂ ਕੀਤੀਆਂ ਸਗੋਂ ਉਨ੍ਹਾਂ ਦੀ ਬਾਣੀ ਦੇ ਪਰਮਾਰਥ ਪੇਸ਼ ਕਰਨ ਦਾ ਨਿੱਗਰ ਯਤਨ ਵੀ ਕੀਤਾ। ਇਉਂ ਉਸ ਦੇ ਪਰਮਾਰਥਾਂ ਦਾ ਘੇਰਾ ਕੇਵਲ ਸਿੱਖ ਗੁਰੂਆਂ ਦੀ ਬਾਣੀ ਤਕ ਹੀ ਸੀਮਤ ਨਾ ਰਿਹਾ, ਸਗੋਂ ਉਸ ਨੇ ਪੰਜਾਬੀ ਗੱਦ ਵਿਚ ਹਿੰਦੂ-ਭਗਤਾਂ ਦੀ ਬਾਣੀ ਦੇ ਪਰਮਾਰਥ ਪੇਸ਼ ਕਰਨ ਦਾ ਵੀ ਉੱਦਮ ਕੀਤਾ। ਮਿਹਰਵਾਨ ਰਚਿਤ ਪਰਮਾਰਥ ਇਸ ਪ੍ਰਕਾਰ ਹਨ:

1. ਗੁਰੂ ਨਾਨਕ ਬਾਣੀ ਦੇ ਪਰਮਾਰਥ।
2. ਗੁਰੂ ਅਮਰਦਾਸ ਬਾਣੀ ਦੇ ਪਰਮਾਰਥ।
3. ਕਬੀਰ ਬਾਣੀ ਦੇ ਪਰਮਾਰਥ।

ਕਿਸੇ ਲੇਖਕ ਵਲੋਂ ਪ੍ਰਾਪਤ ਇਤਿਹਾਸਕ, ਮਿਥਿਹਾਸਕ ਜਾਂ ਕਾਲਪਨਿਕ ਸੰਕੇਤਾਂ ਦੇ ਆਧਾਰ ਤੇ ਸਾਖੀਆਂ ਜਾਂ ਗੋਸ਼ਟੀਆਂ ਉਸਾਰ ਲੈਣੀਆਂ ਤਾਂ ਆਸਾਨ ਹੈ, ਪਰ ਅਧਿਆਤਮਿਕ ਬਾਣੀ ਦੇ ਡੂੰਘੇ ਅੰਤਰੀਵ ਭਾਵਾਂ ਦੀ ਠੀਕ ਅਤੇ ਵਿਸਤ੍ਰਿਤ ਵਿਆਖਿਆ ਕਰ ਸਕਣਾ ਕੋਈ ਸੌਖਾ ਕੰਮ ਨਹੀਂ। ਸਗੋਂ, ਇਹ ਕੰਮ ਤਾਂ ਕੇਵਲ ਕਿਸੇ ਬੁਧੀਮਾਨ ਤੇ ਗੰਭੀਰ ਚਿੰਤਕ ਦਾ ਹੀ ਹੋ ਸਕਦਾ ਹੈ। ਮਿਹਰਵਾਨ ਨੇ ਇਸ ਕਠਨ ਤੇ ਮਹੱਤਪੂਰਣ ਕੰਮ ਨੂੰ ਹੱਥ ਪਾਇਆ ਤੇ ਆਪਣੀ ਬੌਧਿਕ ਪ੍ਰਬੀਨਤਾ, ਡੂੰਘੇ ਅਨੁਭਵ ਅਤੇ ਵਿਸ਼ਾਲ ਗਿਆਨ ਦਾ ਸਬੂਤ ਦਿੱਤਾ। ਉਸ ਦਾ ਇਹ ਯਤਨ ਪੰਜਾਬੀ ਗੱਦ-ਸਾਹਿੱਤ ਵਿਚ ਪਰਮਾਰਥ ਪੇਸ਼ ਕਰਨ ਦਾ ਸਫ਼ਲ ਅਤੇ ਸੁੰਦਰ ਯਤਨ ਕਿਹਾ ਜਾ ਸਕਦਾ ਹੈ।

---

10. ਉਹੀ, ਪੰਨਾ 56.

ਮਿਹਰਵਾਨ ਦੇ ਪਰਮਾਰਥਾਂ ਦਾ ਆਪਣਾ ਹੀ ਇਕ ਵੱਖਰਾ ਵਿਧਾਨ ਹੈ ਜਿਸ ਅਨੁਸਾਰ ਉਸ ਨੇ ਬਾਣੀ ਵਿਚਲੇ ਭਾਵਾਂ ਨੂੰ ਸਪਸ਼ਟ ਕਰਕੇ ਪਾਠਕ ਤਕ ਪਹੁੰਚਾਉਣ ਲਈ ਮੂਲ ਭਾਵ ਦੀ ਖੁੱਲੀ ਜਿਹੀ ਵਿਆਖਿਆ ਹੀ ਕੀਤੀ ਹੈ। ਉਸ ਦੇ ਪਰਮਾਰਥਾਂ ਵਿਚ ਨਾ ਹੀ ਮੂਲ ਸ਼ਬਦਾਂ ਅਤੇ ਪੰਗਤੀਆਂ ਦੇ ਸ਼ਾਬਦਿਕ ਅਰਥ ਹੀ ਦਸੇ ਗਏ ਹਨ ਅਤੇ ਨਾ ਹੀ ਮੂਲ ਸ਼ਬਦ ਵਿਚ ਆਏ ਸੰਕਲਪਾਂ ( Concepts ) ਦਾ ਖੰਡਨ ਮੰਡਨ ਹੀ ਕੀਤਾ ਗਿਆ ਹੈ, ਸਗੋਂ ਉਸ ਨੇ ਆਪਣੇ ਹੀ ਵਿਧਾਨ ਅਨੁਸਾਰ ਬਾਣੀ ਦੇ ਭਾਵਾਨੁਵਾਦ ਪੇਸ਼ ਕੀਤੇ ਹਨ।

ਗੁਰੂਆਂ ਅਤੇ ਭਗਤਾਂ ਦੀ ਅਧਿਆਤਮਕ ਬਾਣੀ ਦੇ ਅਤਿ ਸੂਖਮ ਤੇ ਗੰਭੀਰ ਭਾਵਾਂ ਨੂੰ ਸਧਾਰਣ ਵਿਅਕਤੀ ਦੀ ਸਮਝ ਗੋਚਰਾ ਬਣਾਉਣ ਲਈ ਲੇਖਕ ਨੇ ਆਪਣੇ ਪਰਮਾਰਥਾਂ ਵਿਚ ਜੋ ਵਿਧੀਆਂ ਅਪਣਾਈਆਂ ਹਨ, ਉਨ੍ਹਾਂ ਦੇ ਵਿਸਤ੍ਰਿਤ ਅਧਿਐਨ ਰਾਹੀਂ ਹੀ ਉਸ ਦੀ ਪਰਮਾਰਥ ਕਲਾ ਦਾ ਯੋਗ ਮੁਲਾਂਕਣ ਕੀਤਾ ਜਾ ਸਕਦਾ ਹੈ।

ਮਿਹਰਵਾਨ ਦੇ ਪਰਮਾਰਥਾਂ ਵਿਚ ਵਰਤੀ ਗਈ ਸਭ ਤੋਂ ਮਹੱਤ੍ਵਪੂਰਣ ਵਿਧੀ, ਉਥਾਨਕਾ ਦੀ ਵਰਤੋਂ ਹੈ।

<u>ਉਥਾਨਕਾ:</u>

ਭਾਰਤੀ ਪਰੰਪਰਾ ਅਨੁਸਾਰ ਕਿਸੇ ਦਾਰਸ਼ਨਿਕ ਜਾਂ ਅਧਿਆਤਮਕ ਰਚਨਾ ਦੇ ਪਰਮਾਰਥਾਂ ਦੀ ਸਫ਼ਲਤਾ ਲਈ ਇਹ ਜ਼ਰੂਰੀ ਹੈ ਕਿ ਵਿਆਖਿਆ ਅਧੀਨ ਸਤਰਾਂ ਦੀ ਪੂਰਵ ਪੀਠਿਕਾ ਵਾਸਤਵਿਕ ਜਾਂ ਕਲਪਿਤ ਪ੍ਰਸੰਗ ਦੇ ਰੂਪ ਵਿਚ ਦਿੱਤੀ ਜਾਏ ਅਤੇ ਉਸ ਰਚਨਾ ਦਾ ਢੁਕਵਾਂ ਪ੍ਰਯੋਜਨ ਵੀ ਦੱਸਿਆ ਜਾਏ। ਇਉਂ, ਉਥਾਨਕਾ ਦੇ ਪ੍ਰਸੰਗ ਵਿਚ ਰੱਖ ਕੇ ਕੀਤੀ ਗਈ ਬਾਣੀ ਵਿਆਖਿਆ ਨਿਸ਼ਚੇ ਹੀ ਵਧੇਰੇ ਸਪਸ਼ਟ ਅਤੇ ਪ੍ਰਭਾਵਸ਼ਾਲੀ ਹੋ ਸਕਦੀ ਹੈ। ਮਿਹਰਵਾਨ ਦੀ ਬਾਣੀ ਵਿਆਖਿਆ ਇਸ ਪੱਖ ਵਿਸ਼ੇਸ਼ ਮਹੱਤਵ ਰੱਖਦੀ ਹੈ ਕਿਉਂਕਿ ਲੇਖਕ ਨੇ ਗੁਰੂ ਸਾਹਿਬਾਂ ਅਤੇ ਹਿੰਦੂ ਭਗਤਾਂ ਦੀ ਅਧਿਆਤਮਿਕ ਬਾਣੀ ਦੀ ਵਿਆਖਿਆ ਢੁਕਵੇਂ ਪ੍ਰਸੰਗ ਦੇ ਪ੍ਰਕਰਣ ਵਿਚ ਰੱਖ ਕੇ ਕੀਤੀ ਹੈ । ਇਉਂ, ਉਹ ਬਾਣੀ ਦੇ ਗੰਭੀਰ ਦਾਰਸ਼ਨਿਕ ਅਤੇ ਸੂਖ਼ਮ ਅਧਿਆਤਮਿਕ ਭਾਵਾਂ ਨੂੰ ਸਪਸ਼ਟ ਰੂਪ ਵਿਚ ਉਘਾੜ ਕੇ ਪੇਸ਼ ਕਰ ਸਕਿਆ ਹੈ।

ਲੇਖਕ ਦਾ ਵਿਸ਼ਵਾਸ਼ ਹੈ ਕਿ ਗੁਰੂ ਸਾਹਿਬਾਂ ਅਤੇ ਭਗਤਾਂ ਨੇ ਆਪਣੇ ਜੀਵਨ ਵਿਚ ਲੋਕਾਂ ਨਾਲ ਗੋਸ਼ਟਾਂ ਕਰਕੇ ਉਨ੍ਹਾਂ ਨੂੰ ਆਪਣੇ ਵਿਚਾਰਾਂ ਤੋਂ ਪ੍ਰਭਾਵਿਤ ਕੀਤਾ। ਇਸੇ ਲਈ ਲੇਖਕ ਨੇ ਬਾਣੀ ਦੀ ਸਾਧਾਰਣ ਢੰਗ ਨਾਲ ਵਿਆਖਿਆ ਕਰਨ ਦੀ ਥਾਂ, ਪਰਮਾਰਥ ਪੇਸ਼ ਕਰਨ ਲਈ ਗੋਸ਼ਟ ਰੂਪ ਨੂੰ ਅਪਣਾਇਆ ਹੈ। ਇਉਂ, ਗੋਸ਼ਟਾਂ ਦੇ ਰੂਪ ਵਿਚ ਪਰਮਾਰਥ ਪੇਸ਼ ਕਰਦਿਆਂ ਬੜੇ

ਸੁਭਾਵਕ , ਢੁਕਵੇਂ ਅਤੇ ਪ੍ਰਭਾਵਸ਼ਾਲੀ ਪ੍ਰਸੰਗ ਵੀ ਉਸਾਰ ਕੇ ਸਾਹਮਣੇ ਆਏ ਹਨ। ਇਨ੍ਹਾਂ ਪ੍ਰਸੰਗਾਂ ਦੀ ਉਸਾਰੀ ਲਈ ਅਪਣਾਏ ਗਏ ਆਧਾਰ ਚਾਰ ਕਿਸਮ ਦੇ ਮੰਨੇ ਜਾ ਸਕਦੇ ਹਨ:-

(ੳ) ਨਾਇਕਾਂ ਦੀਆਂ ਜੀਵਨ ਘਟਨਾਵਾਂ

(ਅ) ਪ੍ਰਚੱਲਤ ਰਵਾਇਤਾਂ

(ੲ) ਇਤਿਹਾਸਕ ਘਟਨਾਵਾਂ ਤੇ

(ਸ) ਕਲਪਨਾ

ੳ) ਮਿਹਰਵਾਨ ਨੇ ਗੁਰੂ ਨਾਨਕ ਅਤੇ ਭਗਤ ਕਬੀਰ ਦੀ ਬਾਣੀ ਦੇ ਪਰਮਾਰਥ ਪੇਸ਼ ਕਰਦਿਆਂ, ਉਨ੍ਹਾਂ ਦੀ ਬਾਣੀ ਵਿਚੋਂ ਮਿਲਦੇ ਇਸ਼ਾਰਿਆਂ ਦੇ ਆਧਾਰ ਉੱਤੇ ਪ੍ਰਚੱਲਤ ਜੀਵਨ ਘਟਨਾਵਾਂ ਨੂੰ ਪ੍ਰਸੰਗ ਉਸਾਰੀ ਲਈ ਥਾਂ ਥਾਂ ਵਰਤਿਆ ਹੈ। ਨਾਇਕ ਦਾ ਪਾਂਧੇ ਪਾਸ ਪੜ੍ਹਨਾ, ਮੁੱਲਾਂ ਪਾਸ ਪੜ੍ਹਨਾ, ਜੰਞੂ ਸੰਸਕਾਰ, ਵਿਆਹ ਵਾਲਾ ਘਟਨਾ, ਮੋਦੀ ਦੀ ਨੌਕਰੀ, ਉਦਾਸੀਆਂ, ਤੀਰਥ ਰਟਨ ਅਤੇ ਨਾਥਾਂ ਜੋਗੀਆਂ ਆਦਿ ਨਾਲ ਹੋਣ ਵਾਲੀਆਂ ਗੋਸ਼ਟਾਂ, ਪ੍ਰਚੱਲਤ ਜੀਵਨ ਘਟਨਾਵਾਂ ਦੇ ਅਧਾਰ ਤੇ ਹੀ ਘੜੀਆਂ ਗਈਆਂ ਹਨ। ਇਉਂ, ਲੇਖਕ ਨੇ ਇਨ੍ਹਾਂ ਘਟਨਾਵਾਂ ਦੇ ਪ੍ਰਸੰਗ ਵਿਚ ਬਾਣੀ ਪੇਸ਼ ਕਰਕੇ ਉਸ ਦੇ ਪਰਮਾਰਥ ਪੇਸ਼ ਕਰਨ ਦਾ ਢੰਗ ਅਪਣਾਇਆ ਹੈ। ਪ੍ਰਸੰਗ ਦੀ ਉਸਾਰੀ ਲਈ ਵਰਤਿਆ ਗਿਆ ਇਹ ਢੰਗ ਬੜਾ ਸੁਭਾਵਕ ਪਰ ਰੌਚਕ ਅਤੇ ਪ੍ਰਭਾਵਸ਼ਾਲੀ ਹੈ।

ਅ) ਗੁਰੂ ਨਾਨਕ ਅਤੇ ਕਬੀਰ ਆਦਿ ਗੁਰੂਆਂ ਅਤੇ ਭਗਤਾਂ ਦੇ ਜੀਵਨ ਨਾਲ ਜੁੜੀਆਂ ਅਨੇਕਾਂ ਪ੍ਰਚੱਲਤ ਰਵਾਇਤਾਂ ਤੇ ਘਟਨਾਵਾਂ ਨੂੰ ਨਿਸ਼ਚਿਤ ਤੌਰ ਤੇ ਯਥਾਰਥਕ ਘਟਨਾਵਾਂ ਤਾਂ ਨਹੀਂ ਮੰਨਿਆ ਜਾ ਸਕਦਾ। ਪਰ ਲੇਖਕ ਨੇ ਖੇਤ ਹਰਿਆਂ ਕਰਨਾ, ਦਰਖਤ ਦੀ ਛਾਂ ਨਾ ਢਲਣੀ, ਵਿਆਹ ਸਮੇਂ ਲੋਕਾਂ ਨੂੰ ਉਪਦੇਸ਼ ਦੇਣਾ, ਵੈਦ , ਪੰਡਿਤ, ਪਰਿਵਾਰ ਦੇ ਜੀਆਂ ਅਤੇ ਸਾਕਾਂ ਸੰਬੰਧੀਆਂ ਨੂੰ ਉਪਦੇਸ਼ ਦੇਣਾ, ਵੇਈਂ ਪਰਵੇਸ਼, ਨਿਮਾਜ਼ ਦੀ ਅਸਲੀਅਤ ਦਸਣਾ ਅਤੇ [illegible] ਜੋਗੀਆਂ ਅਤੇ ਸਿਧਾਂ ਆਦਿ ਨਾਲ ਗਿਆਨ ਗੋਸ਼ਟ ਕਰਕੇ ਉਨ੍ਹਾਂ ਨੂੰ ਝੁਕਾਉਣਾ ਆਦਿ ਬਹੁਤ ਸਾਰੀਆਂ ਪ੍ਰਚੱਲਤ ਰਵਾਇਤਾਂ ਅਤੇ ਘਟਨਾਵਾਂ ਨੂੰ ਅਧਾਰ ਬਣਾ ਕੇ ਪ੍ਰਸੰਗ ਦੀ ਉਸਾਰੀ ਕੀਤੀ ਹੋਈ ਹੈ ਜੋ ਬਾਣੀ ਵਿਆਖਿਆ ਲਈ ਸੁੰਦਰ ਉਪਾਨਕਾਵਾਂ ਦੇ ਰੂਪ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਜਿਵੇਂ ਇਕ ਥਾਂ ਗੁਰੂ ਨਾਨਕ ਗੋਸ਼ਟਾਂ ਵਿਚ ਵੈਦ ਬੁਲਾਉਣ ਵਾਲੀ ਘਟਨਾ ਨੂੰ ਸੰਬੰਧਤ ਸ਼ਬਦ ਦੀ ਵਿਆਖਿਆ ਕਰਨ ਲਈ, ਪ੍ਰਸੰਗ ਵਜੋਂ ਦੇਖੋ ਕਿੰਨੇ ਪ੍ਰਭਾਵਸ਼ਾਲੀ ਢੰਗ ਨਾਲ ਇਉਂ ਅਪਣਾਇਆ ਹੈ:-

1) "...ਤਬ ਦਾਦਾ ਕਾਲੂ ਜਾਇ ਕਰਿ ਬੈਦੁ ਬੁਲਾਇ ਲੈ ਆਇਆ। ਬੈਦ ਆਇ ਕੈ ਨਾਨਕ ਜੀ ਕੈ ਨਜੀਕਿ ਬੈਠਾ। ਬੈਠ ਕਰਿ ਨਾਨਕ ਜੀ ਕੇ ਨਜੀਕਿ ਬਾਬੇ ਜੀ ਕੀ ਬਾਂਹ ਪਕੜੀ। ਬਾਂਹ ਪਕੜਿ ਕਰਿ ਕਹਿਆ ਨਾੜੀ ਦੇਖਿ ਕੈ ਜਿ ਏ ਨੇ ਉਨਮਾਦੀ ਭੋਲਾ ਹੈ। ਤਬ ਗੁਰੂ ਬਾਬੇ ਬੈਦ ਤੇ ਬਾਹਿ ਛੁਟਕਾਇ ਲੀਤੀ ਝੋਲਿ ਕੈ ਪਗਿ ਉਠੀ ਬੈਠਾ। ਤਬ ਗੁਰੂ ਬਾਬੇ ਨਾਨਕ ਜੀ ਬਾਣੀ ਬੋਲੀ ਜਿ

"ਵੈਦ ਬੁਲਾਇਆ ਵੈਦਗੀ ਪਕੜਿ ਢੰਢੋਲੇ ਬਾਂਹ।
ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ॥
ਤਿਸ ਕਾ ਪਰਮਾਰਥ...।[11]

2) ਗੁਰੂ ਨਾਨਕ ਵਾਂਗ ਹੀ ਕਬੀਰ ਜੀ ਦੇ ਜੀਵਨ ਨਾਲ ਜੁੜੀਆਂ ਰਵਾਇਤਾਂ ਨੂੰ ਵੀ ਬਾਣੀ ਪਰਮਾਰਥ ਲਈ ਪ੍ਰਸੰਗ ਵਜੋਂ ਵਰਤਿਆ ਗਿਆ ਹੈ ਜਿਵੇਂ:-

"ਤਬ ਕਾਜੀ ਕਹਿਆ ਜਿ ਕਬੀਰ ਬਿਨਾ ਸੁੰਨਤਿ ਥੀ ਇਹੁ ਤੁਰਕ ਨਾਹੀ ਹੋਤਾ॥ ਜਬ ਲਗ ਸੁਨਤ ਨਾਹੀ ਬੈਠਤਾ ਤਬ ਲਗ ਏਹੁ ਹਿੰਦੂ ਹੀ ਜਾਣੀਤਾ ਹੈ। ਹਿੰਦੂ ਮੁਸਲਮਾਨ ਕੀ ਨਿਸਾਨੀ ਏਹੁ ਸੁੰਨਤਿ ਹੀ ਹੈ। ਕਬੀਰ ਜੀ ਤੁਮ ਤਉ ਤੁਰਕ ਹੋਹੁਗੇ ਜਬ ਸੁੰਨਤ ਬੈਠਹੁਗੇ। ਤਬ ਕਬੀਰ ਗੁਸਾਈ ਕਹਿਆ।

'ਜਿਸ ਸੁੰਨਤ ਕੀਏ ਤੁਰਕ ਜੇ ਹੋਇਗੀ। ਤਉ ਅਉਰਤ ਕਾ ਕਿਆ ਕਹੀਐ॥
ਅਰਧ ਸਰੀਰ ਨਾਰਿ ਛੋਡੈ ਤਾ ਤੇ ਹਿੰਦੂ ਹੀ ਰਹੀਐ।
ਤਿਸ ਕਾ ਪਰਮਾਰਥ...[12]

ੲ) ਪੂਰੌਕਤ ਰਵਾਇਤਾਂ ਦੇ ਨਾਲ ਨਾਲ ਨਾਇਕਾਂ ਦੀਆਂ ਸਮਕਾਲੀ ਇਤਿਹਾਸਕ ਘਟਨਾਵਾਂ ਨੂੰ ਵੀ ਪ੍ਰਸੰਗ ਰੂਪ ਵਿਚ ਵਰਤਣ ਤੋਂ ਢਿਲ ਨਹੀਂ ਕੀਤੀ ਗਈ। ਜਿਵੇਂ ਗੁਰੂ ਨਾਨਕ ਦੇ ਸਮੇਂ ਮੁਗਲ ਬਾਦਸ਼ਾਹ ਬਾਬਰ ਨੇ ਭਾਰਤ ਤੇ ਹਮਲਾ ਕੀਤਾ। ਲੇਖਕ ਨੇ ਨਾਇਕ ਦੇ ਸਮਕਾਲੀ ਜੀਵਨ ਦੀ ਇਸ ਇਤਿਹਾਸਕ ਘਟਨਾ ਨੂੰ ਵਰਤਦਿਆਂ ਇਸ ਪ੍ਰਸੰਗ ਵਿਚ ਉਚਾਰੀ ਗਈ ਗੁਰੂ ਨਾਨਕ ਬਾਣੀ ਦੇ ਦੇਖੋ ਕਿੰਨੇ ਸੁੰਦਰ ਢੰਗ ਨਾਲ ਪਰਮਾਰਥ ਪੇਸ਼ ਕੀਤੇ ਹਨ:

"ਤਬ ਗੁਰੂ ਬਾਬਾ ਭਲਕੇ ਫੇਰਿ ਸੈਦਿ ਪੁਰਿ ਸਲੋਇਆ ਆਇਆ। ਤਬ ਗੁਰੂ ਬਾਬੇ ਜੀ ਕਹਿਆ ਜਿ ਏ ਮਰਦਾਨਿਆ। ਦਿਖਾ ਚਲ ਸਲੋਈ ਸੈਦ ਪੁਰਿ ਕਿਵ ਪਰਿਆ। ਪਰਮੇਸੁਰ ਕਾ

11. ਜ. ਗੁ.ਨਾ., ਭਾਗ ਪਹਿਲਾ, ਪੰਨਾ 46.

12. ਗੋ: ਕ: ਕੀ:, ਹ:ਲਿ: ਨੰ: 805, ਪੰ:ਯੂ:ਲਾ:ਰੰਗ: ਪੰਨਾ 22.

ਭਾਣਾ ਦੇਖਹਿ ਦਿਖਾ ਕਿਆ ਹੋਇਆ ਕਿ ਵਾਪਰਿਆ।... ਤਬ ਗੁਰੂ ਬਾਬਾ ਅਰੁ ਮਰਦਾਨਾ ਫਿਰਿ ਸੈਦਪੁਰਿ ਸਲੋਏ ਆਏ, ਆਇ ਕਰਿ ਜਾ ਦੇਖਹਿ ਤਾਂ ਕਿਆ ਦੇਖਹਿ ਉਥੈ ਕਿਛੁ ਨਾਹੀ। ਦੇਖਿ ਕਰਿ ਕੁਦਰਤਿ ਪਰਮੇਸਰ ਕੀ ਹੈਰਾਨੁ ਹੋਇ ਗਇਆ। ਤਬ ਗੁਰੂ ਬਾਬਾ.. ਬਾਣੀ ਬੋਲਿ ਉਠਾ ਆਸਾ ਰਾਗ ਮਹਿ...

ਕਹਾ ਸੁ ਖੇਲੁ ਤਬੇਲਾ ਘੋੜੇ ਕਹਾ ਭੇਰੀ ਸਹਿਨਾਈ

ਕਹਾ ਸੁ ਤੇਗ ਬੰਦ ਗਾਡੇਰੜਿ ਕਹਾ ਸੁ ਲਾਲ ਕਵਾਈ...। ਤਿਸਕਾ ਪਰਮਾਰਥ।[13]

ਬਹੁਤ ਸਾਰੀਆਂ ਗੋਸ਼ਟਾਂ ਅਜਿਹੀਆਂ ਵੀ ਹਨ ਜਿਨ੍ਹਾਂ ਵਿਚ ਨਾਇਕ ਨੂੰ ਭਗਤ ਕਬੀਰ, ਰਾਜਾ ਹਰਿ ਨਾਥ, ਰਾਜ ਜਗਨ ਨਾਥ, ਨਵਾਬ ਦੌਲਤ ਖਾਨ, ਸ਼ੇਖ ਇਬਰਾਹੀਮ, ਫ਼ਰੀਦ ਸਾਨੀ ਅਤੇ ਪੀਰ ਅਬਦੁਲ ਗੀਲਾਨੀ ਆਦਿ ਇਤਿਹਾਸਕ ਪਾਤਰਾਂ ਨਾਲ ਗੋਸ਼ਟਾਂ ਕਰਦਿਆਂ ਦਿਖਾ ਕੇ ਇਸ ਸੰਬੰਧ ਵਿਚ ਉਚਾਰੀ ਗਈ ਬਾਣੀ ਦੇ ਪਰਮਾਰਥ ਕੀਤੇ ਗਏ ਹਨ।[14] ਇਉਂ ਬਾਣੀ ਦੇ ਲਗਭਗ ਹਰ ਸ਼ਬਦ ਦੇ ਉਚਾਰੇ ਜਾਣ ਦਾ ਪਿਛੋਕੜ ਪੇਸ਼ ਕਰਦਿਆਂ, ਇਹ ਪ੍ਰਸੰਗ ਬਾਣੀ ਪਰਮਾਰਥ ਨੂੰ ਪ੍ਰਭਾਵਸ਼ਾਲੀ ਰੂਪ ਵਿਚ ਪੇਸ਼ ਕਰਦੇ ਹਨ।

ਸ) ਲੇਖਕ ਲਈ ਆਪਣੇ ਤੋਂ ਲਗਭਗ ਡੇਢ ਸਦੀ ਪਹਿਲਾਂ ਵਿਚਰ ਚੁਕੇ ਸੰਤ ਕਬੀਰ ਅਤੇ ਗੁਰੂ ਨਾਨਕ ਦੇ ਜੀਵਨ ਨਾਲ ਸੰਬੰਧਤ ਸਾਰੀਆਂ ਘਟਨਾਵਾਂ ਨੂੰ ਪੇਸ਼ ਕਰ ਸਕਣਾ ਸੰਭਵ ਨਹੀਂ ਸੀ। ਇਸੇ ਲਈ ਉਸ ਨੇ ਪ੍ਰਸੰਗਾਂ ਦੀ ਉਸਾਰੀ ਲਈ ਆਪਣੀ ਕਾਲਪਨਿਕ ਸ਼ਕਤੀ ਦਾ ਸਹਾਰਾ ਲੈਂਦਿਆਂ ਵੀ ਅਨੇਕ ਘਟਨਾਵਾਂ ਦੀ ਉਸਾਰੀ ਕਰ ਲਈ ਹੈ। ਗੁਰੂ ਨਾਨਕ ਦੀਆਂ, ਪਾਰਬ੍ਰਹਮ, ਕਲਜੁਗ, ਸਿੱਖਾਂ, ਕਾਂਪੀਰਾਂ, ਗੋਬਿੰਦ ਲੋਕਾਂ, ਰਾਮਜਨਾ, ਨਾਥਾਂ, ਜੋਗੀਆਂ, ਉਦਾਸੀਆਂ, ਸਿੱਧਾਂ, ਸਨਿਆਸੀਆਂ, ਹੁਜਤੀਆਂ, ਕਾਜ਼ੀਆਂ, ਪੰਡਿਤਾਂ ਤੇ ਪੀਰਾਂ ਫ਼ਕੀਰਾਂ ਨਾਲ ਹੋਈਆਂ ਅਨੇਕਾਂ ਗੋਸ਼ਟ, ਨਿਰੋਲ ਕਲਪਨਿਕ ਹੀ ਕਹੀਆਂ ਜਾ ਸਕਦੀਆਂ ਹਨ, ਜਿਨ੍ਹਾਂ ਨੂੰ ਲੇਖਕ ਨੇ ਸ਼ਬਦਾਂ ਦੀ ਪੂਰਵ ਪੀਠਿਕਾ ਵਜੋਂ ਵਰਤਣ ਦੇ ਉਦੇਸ਼ ਨਾਲ ਹੀ ਘੜ ਲਿਆ ਹੈ। ਇਉਂ, ਨਿਰੋਲ ਕਾਲਪਨਿਕ ਅਧਾਰ ਤੇ ਘੜੀਆਂ ਗਈਆਂ ਇਹ ਘਟਨਾਵਾਂ ਵੀ ਬਾਣੀ ਪਰਮਾਰਥ ਲਈ ਵਿਸ਼ੇਸ਼ ਮਹੱਤ੍ਵਪੂਰਣ ਸਿੱਧ ਹੁੰਦੀਆਂ ਹਨ।

ਗੁਰੂ ਨਾਨਕ ਤੋਂ ਇਲਾਵਾ ਗੁਰੂ ਅਮਰਦਾਸ ਅਤੇ ਭਗਤ ਕਬੀਰ ਦੀ ਬਾਣੀ ਦੇ ਪਰਮਾਰਥ ਪੇਸ਼ ਕਰਨ ਲਈ ਵੀ ਥਾਂ ਥਾਂ ਅਜਿਹੀਆਂ ਕਾਲਪਨਿਕ ਘਟਨਾਵਾਂ ਘੜ ਕੇ ਪਿਛੋਕੜ ਪ੍ਰਸੰਗ ਵਜੋਂ ਵਰਤੀਆਂ ਗਈਆਂ ਹਨ।[15]

---

13. ਉਹੀ, ਰਚਨਾ, ਪੰਨਾ 466.

14. ਉਹੀ, ਪੰਨਾ 154, 98, 374, 488 ਅਤੇ 434 ਆਦਿ।

15. ਗੋ.ਕ.ਜੀ.ਕੀ., ਹ:ਲਿ:ਨੰ: 805 ਪੰ.ਯੂ.ਲਾ.ਚੰਡੀਗੜ੍ਹ, ਪੰਨਾ 49, ਆਦਿ।

ਲੇਖਕ ਨੇ ਨਾਇਕਾਂ ਦੇ ਕੁਦਰਤ ਪਿਆਰ ਸੰਬੰਧੀ ਭਾਵਨਾ ਨੂੰ ਸਮਝਿਆਂ ਬਾਣੀ ਦੀਆਂ ਮੂਲ ਸਤਰਾਂ ਅਨੁਸਾਰ ਢੁਕਵੀਆਂ ਘਟਨਾਵਾਂ ਉਸਾਰ ਕੇ ਸੰਬੰਧਤ ਸ਼ਲੋਕ ਜਾਂ ਸ਼ਬਦ ਦੇ ਪਰਮਾਰਥ ਪੇਸ਼ ਕਰਨ ਦਾ ਯਤਨ ਕੀਤਾ ਹੈ। ਬਾਣੀ ਵਿਚੋਂ ਮਿਲਦੇ ਅਜਿਹੇ ਚਿੰਨ੍ਹਾਂ ਤੇ ਇਸ਼ਾਰਿਆਂ ਦੇ ਅਧਾਰ ਤੇ ਘੜੇ ਗਏ ਕਾਲਪਨਿਕ ਪ੍ਰਸੰਗ ਵੀ ਥਾਂ ਥਾਂ ਦੇਖੇ ਜਾ ਸਕਦੇ ਹਨ। ਜਿਵੇਂ ਇਕ ਥਾਂ ਉਦਾਹਰਣ ਇਸ ਪ੍ਰਕਾਰ ਹੈ:

> "ਤਬ ਗੁਰੂ ਨਾਨਕ ਜੀ ਕੋ ਉਡਦੀਆਂ ਜਾਂਦੀਆਂ ਕੂੰਜਾਂ ਨਜਰਿ ਆਇ ਗਈਆਂ। ਤਬ ਸੁਨਿ ਕਰਿ ਕੂੰਜਾਂ ਕੀ ਬੋਲੀ ਅਰਿ ਉਡਣਾ ਦੇਖਿ ਕਰਿ ਗੁਰੂ ਬਾਬਾ ਖੁਸੀ ਹੋਆ... ਤਬ ਉਨਹੁ ਕੂੰਜਹੁ ਕਹਿਆ ਜਿ ਬਾਬਾ ਨਾਨਕ ਜੀ ਹਮ ਨਿਹਾਲ ਹੋਈਆਂ ਜਿ ਤੇਰਾ ਦਰਸਨੁ ਹੋਆ... ਤਬ ਇਤਨੇ ਉਨ ਕੇ ਕਹਣੇ ਸਾਥਿ ਗੁਰੂ ਬਾਬਾ ਜੀ ਗਦ ਗਦ ਹਇ ਗੈਆ...ਮਲਾਰੁ ਰਾਗ ਮਹਿ ਬਾਣੀ ਲੈ ਉਠਿਆ ਜਿ: ਬਾਗੇ ਕਾਪੜ ਬੋਲੈ ਬੈਣ। ਲੰਮਾ ਨਕ ਕਾਲੇ ਤੇਰੇ ਨੈਣ... ਤਿਸ ਕਾ ਪਰਮਾਰਥ...।"[16]

ਕਾਲਪਨਿਕ ਪਾਤਰਾਂ ਵਾਂਗ ਬਹੁਤੇ ਪ੍ਰਸੰਗਾਂ ਦੇ ਸਥਾਨ ਵੀ ਫਰਜ਼ੀ ਹੀ ਹਨ। ਗੁਰੂ ਨਾਨਕ ਜਾਂ ਸੰਤ ਕਬੀਰ ਦੀ ਕਿਸੇ ਪਾਤਰ ਨਾਲ ਕਿਸੇ ਨਗਰ, ਜੰਗਲ ਨਦੀ ਕਿਨਾਰੇ ਜਾਂ ਤੀਰਥ ਅਸਥਾਨ ਤੇ ਗੋਸ਼ਟ ਹੁੰਦੀ ਦਿਖਾਈ ਗਈ ਹੈ। ਪਰ ਇਹ ਕਾਲਪਨਿਕ ਘਟਨਾਵਾਂ ਉਸ ਸਮੇਂ ਤਾਂ ਆਪਣੇ ਸਿਖਰ ਨੂੰ ਹੀ ਛੋਹ ਲੈਂਦੀਆਂ ਹਨ ਜਦੋਂ ਲੇਖਕ ਪੌਰਾਣਿਕ ਕਥਾਵਾਂ ਦੇ ਪ੍ਰਭਾਵ ਅਧੀਨ ਲੋੜ ਪੈਣ ਤੇ ਨਾਇਕ ਨੂੰ ਪਾਰਬ੍ਰਹਮ ਦੇ ਦਰਬਾਰ ਵਿਚ ਹੀ ਲੈ ਜਾਂਦਾ ਹੈ।[17] 'ਗੋਸ਼ਟਾਂ ਗੁਰੂ ਅਮਰਦਾਸ ਜੀ ਕੀਆਂ' ਵਿਚ ਵੀ ਗੁਰੂ ਅਮਰਦਾਸ ਦੇ ਪਾਰਬ੍ਰਹਮ ਨੂੰ ਮਿਲ ਕੇ ਬਾਣੀ ਉਚਾਰਣ ਅਤੇ ਉਸ ਦੇ ਪਾਰਮਾਰਥ ਕਰਨ ਸੰਬੰਧੀ ਸੁੰਦਰ ਪ੍ਰਸੰਗ ਉਸਾਰੇ ਗਏ ਹਨ।[18]

ਘਟਨਾਵਾਂ ਤੋਂ ਇਲਾਵਾ ਬਹੁਤ ਥਾਈਂ ਪਾਤਰਾਂ ਦੇ ਵਾਰਤਾਲਾਪ ਨੂੰ ਵੀ ਪ੍ਰਸੰਗ ਦੇ ਰੂਪ ਵਿਚ ਵਰਤ ਲਿਆ ਗਿਆ ਹੈ। ਨਾਇਕ ਦਾ ਕਿਸੇ ਹੋਰ ਪਾਤਰ ਨਾਲ ਹੋ ਰਹੀ ਵਾਰਤਾਲਾਪ ਸਮੇਂ, ਲੋੜ ਅਨੁਸਾਰ ਢੁਕਵੇਂ ਸੁਆਲ ਕਰਵਾ ਕੇ ਉਸ ਦੇ ਉੱਤਰ ਦਿਵਾਏ ਗਏ ਹਨ। ਇਸ ਤਰ੍ਹਾਂ ਇਨ੍ਹਾਂ ਸਾਰੀਆਂ ਹੀ ਰਚਨਾਵਾਂ ਵਿਚ ਥਾਂ ਥਾਂ ਵਾਰਤਾਲਾਪ ਨੂੰ ਬੜੀ ਸਫਲਤਾ ਨਾਲ ਵਰਤਿਆ ਗਿਆ ਹੈ।[19]

ਗਲ ਕੀ ਲੇਖਕ ਨੇ ਆਪਣੇ ਨਾਇਕਾਂ ਦੇ ਜੀਵਨ ਨਾਲ ਸੰਬੰਧਤ ਇਤਿਹਾਸਕ, ਜਾਂ ਕਾਲਪਨਿਕ ਘਟਨਾਵਾਂ ਅਤੇ ਬਾਣੀ ਵਿਚੋਂ ਮਿਲਦੇ ਇਸ਼ਾਰਿਆਂ ਦੇ ਅਧਾਰ ਉਤੇ ਵੱਖ ਵੱਖ ਕਿਸਮ ਦੀਆਂ ਢੁਕਵੀਆਂ ਪੂਰਵ ਪੀਠਿਕਾਵਾਂ ਘੜਕੇ ਹਰ ਸ਼ਬਦ ਦੀ ਵਿਆਖਿਆ ਸਮੇਂ ਇਕ ਨਵੀਂ ਸਥਿਤੀ ਪੈਦਾ ਕੀਤੀ ਹੈ। ਇਉਂ ਪਰਮਾਰਥ ਪੇਸ਼ ਕਰਨ ਲਈ ਹਰ ਸ਼ਬਦ ਦਾ ਪ੍ਰਭਾਵਸ਼ਾਲੀ

---

16. ਜ. ਗੁ. ਨਾ. ਭਾਗ ਪਹਿਲਾ, ਪੰਨਾ 112.
17. ਉਹੀ, ਪੰਨਾ 443.
18. ਗੋ. ਗੁ. ਅਮ: ਜੀ ਕੀਆਂ ਹ: ਲਿ: ਨੰ:678 ਸੈਂ.ਪਬਲ: ਪਟਿਆਲਾ ਪੰਨਾ 116.
19) ੳ) ਉਹੀ, ਪੰਨਾ 101, ਅ(ਅ) ਜ. ਗੁ. ਨਾ. ਭਾਗ ਪਹਿਲਾ ਪੰਨਾ 61 ਆਦਿ।
ੲ) ਗੋ: ਕ: ਜੀ: ਹ: ਲਿ: ਨੰ: 805 ਪੰ: ਯੂ: ਲ: ਚੰਡੀਗੜ੍ਹ ਪੰਨਾ 51.

ਅਤੇ ਢੁਕਵਾਂ ਪਿਛੋਕੜ ਬਝ ਗਿਆ ਹੈ ਜਿਸ ਨਾਲ ਢੁਕਵੇਂ ਵਾਯੂਮੰਡਲ ਵਿਚ ਸੰਬੰਧਤ ਸਤਰਾਂ ਦੇ ਅਰਥ ਵਧੇਰੇ ਸਪਸ਼ਟਤਾ ਨਾਲ ਨਿੱਖਰ ਕੇ ਸਾਹਮਣੇ ਆ ਸਕੇ ਹਨ।

ਮਿਹਰਵਾਨ ਦੇ ਪਰਮਾਰਥਾਂ ਵਿਚ ਸਭ ਤੋਂ ਵੱਡੀ ਸਿਫ਼ਤ ਇਹ ਹੈ ਕਿ ਉਹ ਬਾਣੀ ਦੀਆਂ ਮੂਲ ਸਤਰਾਂ ਵਿਚ ਪੇਸ਼ ਕੀਤੇ ਗਏ ਅਤਿ ਸੂਖਮ ਭਾਵਾਂ ਨੂੰ ਵੀ ਬੜੀ ਬਰੀਕੀ ਨਾਲ ਇਉਂ ਸਪਸ਼ਟ ਕਰ ਸਕਿਆ ਹੈ ਕਿ ਸਧਾਰਣ ਤੋਂ ਸਧਾਰਣ ਬੌਧਿਕ ਪੱਧਰ ਦਾ ਵਿਅਕਤੀ ਵੀ ਉਨ੍ਹਾਂ ਨੂੰ ਸਮਝ ਸਕਦਾ ਹੈ ਜਿਵੇਂ:

(ੳ) ਹਮ ਘਰ ਸਾਜਨ ਆਏ। ਸਾਚੈ ਮੇਲਿ ਮਿਲਾਏ।
ਸਹਿਜ ਮਿਲਾਏ ਹਰ ਮਨ ਭਾਏ ਪੰਚ ਮਿਲੇ ਸੁਖੁ ਪਾਇਆ॥...
ਹਮ ਘਰ ਸਾਜਨ ਆਏ ਸਿ ਕਉਣਿ ਸਾਜਨ ਆਏ। ਏਹਿ ਜੋ ਸੁਕ੍ਰਿਤ ਸੇ ਏਦਾ ਜੀ ਕੇ ਸਾਜਨ ਹੈ। ਅਰੁ ਏ ਜਿ ਦੁਕ੍ਰਿਤ ਹੈ ਸੇ ਏਹੀ ਏਸ ਕੇ ਦੁਸਮਨ ਹੈ। ਜਦਿ ਏਸੁ ਊਪਰਿ ਸਚਾ ਸਾਹਿਬ ਮਿਹਰਵਾਨੁ ਹੋਆ ਤਬ ਏਸ ਕਉ ਏਈ ਸਾਜਨ ਆਇ ਮਿਲੇ ਸੁਕਰਮ ਜਿਨਾ ਕਰਿ ਕਰਿ ਏਸ ਜੀਵ ਕਾ ਭਲਾ ਹੋਵੈ।.. ਤਬ ਏਸ ਕਾ ਮਨੁ ਸਹੰਜ ਸਾਂਧਿ ਹੋਆ।...ਜਿਸੁ ਵਸਤੁ ਕੋ ਏਹੁ ਜੀਉ ਚਾਹਦਾ ਥਾ ਸਾ ਵਸਤੁ ਏਸ ਕਉ ਪ੍ਰਾਪਤ ਹੋਈ। ਕਾਮ ਤੇ ਜਤੁ ਹੋਆ ਕ੍ਰੋਧ ਤੇ ਚੁਪਿ ਹੋਈ, ਲੋਭ ਤੇ ਸੰਤੋਖ ਹੋਆ, ਮੋਹ ਤੇ ਨਿਰਮੋਹ ਹੋਆ। ਅਹੰਕਾਰ ਤੇ ਸਿਉ ਹੋਆ, ਚਿੰਤੇ ਤੇ ਅਚਿੰਤ ਹੋਆ। ਨਿਰਦੈਆ ਤੇ ਆਤਮਾ" ਦੈਆ ਵਸੀ। ਸਕਤਿ ਤੇ ਸਿਉ ਉਪਜੀ। ਏਸੁ ਕਉ ਏਹਿ ਸਾਜਨ ਹੋਇ ਮਿਲੇ।...।[20]

(ਅ) ਸਹਸ ਤਵ ਨੈਨ ਨਨ ਨੈਨ ਹਰਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ...।
ਏ ਸ੍ਰੀ ਪਾਰਬ੍ਰਹਮ ਜੀ ਕਈ ਸਹੰਸ, ਕਈ ਲਖ, ਕਈ ਕਰੋੜੀ, ਕਈ ਪਦਮ, ਕਈ ਸੰਖ, ਕਈ ਧੁਜ, ਕਈ ਅਰਬ, ਕਈ ਖਰਬ, ਕਈ ਕੋਟ, ਕਈ ਕੋਟਾਨ ਜੀਵ ਹੈ। ਤਿਨ ਕੇ ਨੈਨ ਮਹਿ ਜੋਤਿ ਤੇਰੀ ਹੈ। ਸਭਨਾ ਮਹਿ ਤੂਹੀ ਸਮਾਇ ਰਹਿਆ ਹੈ। ਅਰੁ ਜਿਤਨੀਆਂ ਮੂਰਤੀ ਹੈ ਏਤਨੀਆ ਮੂਰਤੀ ਕੀ ਤੇਰੀ ਏਕ ਮੂਰਤਿ ਹੈ। ਸਭਸੁ ਦ੍ਰਿਸਟਿ ਕੀ ਤੇਰੀ ਏਕ ਦ੍ਰਿਸਟਿ ਹੈ...।[21]

---

20. ਜ. ਗੁ. ਨਾ. ਭਾਗ ਪਹਿਲਾ, ਪੰਨਾ 30.

21. ਉਹੀ, ਪੰਨਾ 212.

ਵਿਆਖਿਆਤਮਕ ਵਾਰਤਕ ਵਿਚ ਦਲੀਲ ਦਾ ਵੀ ਵਿਸ਼ੇਸ਼ ਮਹੱਤਵ ਹੁੰਦਾ ਹੈ। ਕਿਉਂਕਿ ਕੇਵਲ ਦਲੀਲ ਭਰਪੂਰ ਵਿਆਖਿਆ ਹੀ ਪਾਠਕ ਦੀ ਬੁੱਧੀ ਨੂੰ ਝੰਜੋੜ ਕੇ ਆਪਣਾ ਵਿਸ਼ੇਸ਼ ਪ੍ਰਭਾਵ ਪਾ ਸਕਦੀ ਹੈ। ਮਿਹਰਵਾਨ ਦੀ ਦਲੀਲ ਭਰਪੂਰ ਵਿਆਖਿਆ ਬਾਣੀ ਦੇ ਅੰਤਰੀਵ ਭਾਵਾਂ ਨੂੰ ਸਮਝਣ ਵਿਚ ਹੀ ਸਹਾਇਕ ਨਹੀਂ ਹੁੰਦੀ ਸਗੋਂ ਪਾਠਕ ਨੂੰ ਉਨ੍ਹਾਂ ਦਾ ਅਨੁਸਾਰੀ ਵੀ ਬਣਾ ਦੇਂਦੀ ਹੈ। ਜਿਵੇਂ ਇਕ ਥਾਂ ਦੇਖੋ ਕਿੰਨੇ ਨਿਸ਼ੁਰੇ ਅਤੇ ਦਲੀਲ ਮਈ ਢੰਗ ਨਾਲ ਟੀਕਾ ਕਰਦਿਆਂ ਉਹ ਪਾਠਕ ਦੇ ਮਨ ਤੇ ਕਿਵੇਂ ਡੂੰਘਾ ਪ੍ਰਭਾਵ ਪਾਉਂਦਾ ਹੈ:

"ਲੇਖੈ ਬੋਲਣੁ ਬੋਲਣਾ ਲੇਖੈ ਖਾਣਾ ਖਾਉ॥ ਲੇਖੈ ਵਾਟ ਚਲਾਈਆ ਲੇਖੈ ਸੁਣਿ ਵੇਖਾਉ॥
ਲੇਖੈ ਸਾਹ ਲਵਾਈਅਹਿ ਪੜੇ ਕਿ ਪੁਛਣਿ ਜਾਉ॥

ਹੈ ਭਾਈ ਲੋਕਹੁ। ਜੋ ਕਿਛੁ ਪਰਮੇਸੁਰ ਲਿਖਿਆ ਹੈ ਸੁ ਕਿਸੀ ਕੇ ਬੂਤੇ ਮਿਟਾਇਆ ਨਾਹੀ ਜਾਤਾ। ਕਿਆ ਲਿਖਿਆ ਬੋਲਣੁ ਚਲਣੁ ਸਉਣ, ਸੁਣਨੁ ਦੇਖਣ ਜਾਗਣੁ ਜੀਵਣੁ ਮਰਣੁ ਦੁਖ ਸੁਖ ਨੇਕੀ ਬਦੀ ਹਰਖ ਸੋਗੁ ਕੁਸਤੁ ਭੋਗ ਜੋ ਕਿਛੁ ਵਰਤੈਗਾ ਅਰੁ ਵਰਤਿਆ ਹੈ ਸਭੁ ਉਸ ਸਾਹਿਬ ਕਾ ਲਿਖਿਆ ਹੋਇਆ ਹੈ। ਅਰੁ ਜੋ ਲਿਖਿਆ ਹੈ ਸੁ ਮਿਟਦਾ ਤ੍ਰਹੁ ਕਾਲ ਨਾਹੀ ਤਾਂ ਪੜਿਆ ਨੂੰ ਕਿਆ ਪੁਛੀਐ ਜਾਂ ਪੁਨਿ ਲਿਖਿਆ ਸਾ ਸੁ ਲਿਖਿਆ ਅਰੁ ਲਿਖਿਆ ਫਿਰਿ ਮਿਟਦਾ ਨਾਹੀ ਤਾਂ ਪੂਜਾ ਨਾ ਸੇਵਾ ਨਾ ਦਾਨਿ ਨਾ ਪੁੰਨਿ ਨਾ ਹਠਿ ਨਾ ਤਪਿ। ਪੂਜਾ ਕਰਾਈਐ ਗ੍ਰਿਹ ਦੇਵਤੇ ਕੀ ਸੁਨਿਆ ਕਰਿ ਕਰਾਈਐ। ਜਾਂ ਲਿਖਿਆ ਕੋਈ ਮਿਟਾਇ ਨਾ ਸਕਈ।[22]

ਟੀਕਾਕਾਰ ਲਈ ਮੂਲ ਬਾਣੀ ਵਿਚ ਆਏ ਇਤਿਹਾਸਕ ਅਤੇ ਮਿਥਿਹਾਸਕ ਹਵਾਲਿਆਂ, ਚਿੰਨ੍ਹਾਂ ਤੇ ਸੰਕੇਤਾਂ ਆਦਿ ਨੂੰ ਸਮਝ ਸਕਣ ਦੀ ਸਮਰੱਥਾ ਹੋਣੀ ਵੀ ਜ਼ਰੂਰੀ ਹੈ। ਲੇਖਕ ਇਸ ਪੱਖੋਂ ਵੀ ਪ੍ਰਭਾਵਸ਼ਾਲੀ ਵਿਆਖਿਆਕਾਰ ਬਣ ਜਾਂਦਾ ਹੈ ਕਿਉਂਕਿ ਉਸ ਨੂੰ ਹਿੰਦੂ ਮਿਥਿਹਾਸ ਦਾ ਡੂੰਘਾ ਤੇ ਵਿਸ਼ਾਲ ਗਿਆਨ ਹੈ। ਉਹ, ਥਾਂ ਥਾਂ ਬਾਣੀ ਵਿਚ ਆਉਣ ਵਾਲੇ ਅਜਿਹੇ ਚਿੰਨ੍ਹਾਂ, ਸੰਕੇਤਾਂ ਜਾਂ ਹਵਾਲਿਆਂ ਨੂੰ ਸਮਝ ਕੇ ਉਨ੍ਹਾਂ ਦੀ ਠੀਕ ਵਿਆਖਿਆ ਕਰਦਿਆਂ ਮੂਲ ਬਾਣੀ ਦੇ ਵਿਚਾਰਾਂ ਨੂੰ ਠੀਕ ਰੂਪ ਵਿਚ ਉਘਾੜ ਸਕਿਆ ਹੈ। ਬਾਣੀ ਵਿਚ ਆਏ ਜਮ, ਅਸੁਰ, ਅਨੰਤ, ਅਗਨਿ, ਅਪਛਰਾਂ, ਅਭਿਮਾਨੀ, ਅਮਰਾਵਤੀ, ਅੰਮ੍ਰਿਤ, ਅਵਤਾਰ, ਰਾਮ, ਪੁਰਾਣ, ਇੰਦ੍ਰ, ਸਾਸਤ੍ਰ ਆਦਿ ਅਨੇਕਾਂ ਚਿੰਨ੍ਹਾਂ ਅਤੇ ਸੰਕੇਤਾਂ ਦੀ ਵਿਆਖਿਆ ਉਸ ਨੇ ਸੁੰਦਰ ਅਤੇ ਸਫਲ ਢੰਗ ਨਾਲ ਕੀਤੀ ਹੈ।

22. ਉਹੀ, ਪੰਨਾ 324.

ਇਤਿਹਾਸ ਤੋਂ ਇਲਾਵਾ ਲੇਖਕ ਨੂੰ ਪੌਰਾਣਿਕ ਸਾਹਿਤ ਅਤੇ ਸਿੱਖ ਦਰਸ਼ਨ ਦੀ ਵੀ ਡੂੰਘੀ ਸੂਝ ਹੈ ਜਿਸ ਕਾਰਨ ਉਹ ਅਜਿਹੇ ਹਵਾਲਿਆਂ, ਸੰਕੇਤਾਂ ਅਤੇ ਚਿੰਨ੍ਹਾਂ ਵਾਲਿਆਂ ਸਤਰਾਂ ਦੀ ਢੁਕਵੀਂ ਵਿਆਖਿਆ ਕਰ ਸਕਿਆ ਹੈ ਜਿਵੇਂ:

ੳ) "ਆਪਨ ਦੇਹਿ ਚੁਲੂ ਭਰ ਪਾਨੀ॥ ਤਿਹਿ ਨਿੰਦਹਿ ਜਿਹਿ ਗੰਗਾ ਆਨੀ॥੧॥ ਐਸੇ ਲੋਗਨ ਸਿਉ ਕਿਆ ਕਹੀਐ॥ ਜੋ ਪ੍ਰਭ ਕੀਏ ਭਗਤਿ ਤੇ ਬਾਹਜ ਤਿਨ ਤੇ ਸਦਾ ਡਰਾਨੇ ਰਹੀਐ।"

ਤਬ ਕਬੀਰ ਗੁਸਾਈ ਕਹਿਆ ਸੁਨਹੋ ਭਾਈ ਰਾਮ ਜੀ ਭਗੀਰਥ ਮਹਾ ਮੁਨੀ ਪਰਮੇਸਰ ਜੀ ਕਾ ਭਗਤ ਤਿਸ ਕੇ ਜਾਇ ਕਰਿ ਬਾਰਹ ਬਰਸ ਮਹਾਂਦੇਵ ਕੀ ਸੇਵਾ ਕਰੀ ਸੇਵਾ ਕਰ ਕਰ ਮਹਾਂ ਦੇਵ ਕੀ ਜਟਾ ਤੇ ਸੁਮੇਰ ਤੇ ਜਾਇ ਕਰ ਗੰਗਾ ਲੈ ਆਇਆ। ਸੋ ਗੰਗਾਜੀ ਕੇ ਪ੍ਰਸਾਦਿ ਸੰਸਾਰ ਕਾ ਭਲਾ ਹੋਤਾ ਹੈ ਤਿਸ ਭਗੀਰਥ ਕਉ ਕਹਤੇ ਹੈਂ ਜੁ ਕਿਆ ਹੈ ਜੁ ਕਿਆ ਹੈ ਭਗੀਰਥ ਜੋ ਹਾਂ ਸੁ ਹਮ ਹੀ ਹਾਂ... ।[23]

ਅ) "ਰਤਨ ਉਪਾਇ ਧਰੇ ਖੀਰੁ ਮਥਿਆ ਹੋਰਿ ਭਖਲਾਏ ਜਿ ਅਸੀ ਕੀਆ॥ ਕਹੈ ਨਾਨਕੁ ਛਪੈ ਕਿਉ ਛਪਿਆ ਏਕੀ ਏਕੀ ਵੰਡਿ ਦੀਆ॥"

"ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, ਸੁਨਿਹੋ ਪੰਡਿਤਹੁ ਜੀ। ਸੰਖਾਸੁਰੁ ਬ੍ਰਹਮੇ ਕੇ ਵੇਦ ਚੁਰਾਇ ਲੈ ਗਇਆ ਹੈ ਤਬ ਬ੍ਰਹਮੇ ਬੇਨਤੀ ਕਰੀ ਜਿ ਏ ਸ੍ਰੀ ਪਾਰਬ੍ਰਹਮ ਜੀ। ਅਬੇ ਮੇਰਾ ਕਾਜੁ ਕਰਹੁ। ਅਬੇ ਤਾਂ ਮੁਝ ਕਉ ਵੇਦ ਦਿਵਾਇ ਦੇਹੁ। ਤਬ ਜਦਿ ਸ੍ਰੀ ਠਾਕੁਰੁ ਜੀ ਧਿਆਨ ਧਰਿ ਕਰਿ ਦੇਖੈ ਤਉ ਅਵਰ ਕਉਰ ਕਹੀ ਨਾਹੀ ਛਪਾਏ। ਜਹਾਂ ਸਪਤ ਸਮੁਦ੍ਰ ਜਾਇ ਇਕਤ੍ਰ ਹੋਵੈ ਹੈਂ ਤਹਾਂ ਜਾਇ ਛਪਿਆ ਹੈ... ਚਾਰੇ ਵੇਦ ਲੈ ਕਰਿ ਉਹਾਂ ਜਾਇ ਛਪਿਆ ਹੈ।... ਤਬ ਸ੍ਰੀ ਠਾਕੁਰ ਜੀ ਉਹਾ ਆਇਆ ਜਹਾਂ ਸਮੁਦ੍ਰ ਕੇ ਮਧਿ ਸੰਖਾਸੁਰੁ ਰਹਤਾ ਹੈ। ਤਬ ਸ੍ਰੀ ਠਾਕੁਰ ਜੀ ਮੀਨ ਰੂਪ ਹੋਇ ਕਰਿ ਉਹਾਂ ਗਇਆ। ਜਬ ਸ੍ਰੀ ਠਾਕੁਰੁ ਜੀ ਦੇਖੈ ਤਉ ਚਾਰੇ ਵੇਦ ਹੰਸ ਕੇ ਰੂਪ ਹੈ। ਸੰਖਾਸੁਰੁ ਭੀ ਹੰਸ ਕੇ ਰੂਪਿ ਹੈ। ਤਬ ਸ੍ਰੀ ਠਾਕੁਰੁ ਜੀ ਭੀ ਹੰਸ ਕਾ ਰੂਪ ਕੀਆ।...ਤਬ ਸੰਖਾਸੁਰੁ ਜਾਣਿਆ ਜਿ ਏਹੁ ਸ੍ਰੀ ਠਾਕੁਰੁ ਜੀ ਹੈ। ਤਬ ਸੰਖਾਸੁਰੁ ਜਾਇ ਪੈਰੀ ਪਇਆ... ।[24]

---

23. ਗੋ. ਕ. ਜੀ. ਕੀ: ਪੰਨਾ 165 (ਤਿੱਜਾ ਪਤ੍ਰਾ)
24. ਉਹੀ ਰਚਨਾ, ਭਾਗ ਦੂਜਾ ਪੰਨਾ 230, 387 ਅਤੇ ਭਾਗ ਪਹਿਲਾ ਪੰਨਾ 159 ਆਦਿ

ੲ) "ਪਉਣ ਪਾਣੀ ਜਾਣੈ ਜਾਤਿ॥ ਕਾਇਆ ਅਗਨਿ ਕਰੇ ਨਿਭਰਾਤਿ॥
ਜੀਮਹਿ ਜੀਅ ਜਾਣੈ ਜੇ ਥਾਉ। ਸੁਰਤਾ ਪੰਡਿਤੁ ਤਾਕਾ ਨਾਉ।

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ ਏ ਪੰਡਿਤ ਜੀ ਪਉਣੁ ਕੀ ਜਾਤਿ ਬਿਸਨੁ ਹੈ ਅਰੁ ਪਾਣੀ ਕੀ ਜਾਤਿ ਬ੍ਰਹਮਾ ਹੈ। ਅਰੁ ਬੈਸੰਤਰ ਕੀ ਜਾਤਿ ਮਹਾਦੇਉ ਹੈ। ਪਉਣੁ ਬਿਸਨ ਦਾ ਰੂਪ। ਪਾਣੀ ਬ੍ਰਹਮੇ ਕਾ ਰੂਪ। ਬੈਸੰਤਰ ਮਹਾਦੇਵ ਕਾ ਰੂਪ। ਏਹ ਤੀਨੇ ਹੀ ਦੇਵ ਹੈ। ਇਨ ਕੀ ਏਹੁ ਜਾਤਿ ਹੈ। ਅਰੁ ਇਹ ਰੂਪ ਹੈ। ਅਰੁ ਇਸ ਹੀ ਰੂਪਿ ਕਰਿ ਕਰਿ ਸੰਸਾਰ ਮਹਿ ਅਤੇ ਹੈ। ਚਉਹਾਂ ਪਾਣੀ ਮਹਿ ਇਸੇ ਹੀ ਰੂਪਿ ਕਢਿ ਕਰਿ ਸਮਾਏ ਹੈ।...।[25]

ਸ) ਪਤੀ ਪਤਨੀ ਵਾਲੇ ਸੰਕੇਤ ਦੀ ਵਰਤੋਂ ਤਾਂ ਬਾਣੀ ਵਿਚ ਬਹੁਤ ਕੀਤੀ ਗਈ ਹੈ। ਲੇਖਕ ਨੇ ਇਸ ਸੰਕੇਤ ਨੂੰ ਸਪਸ਼ਟ ਕਰਦਿਆਂ ਵੀ ਹਰ ਥਾਂ ਮੂਲ ਸਤਰਾਂ ਦੇ ਅੰਤਰੀਵ ਭਾਵਾਂ ਨੂੰ ਮੂਲ ਰੂਪ ਵਿਚ ਹੀ ਉਘਾੜਣ ਦਾ ਯਤਨ ਕੀਤਾ ਹੈ ਜਿਵੇਂ ਇਕ ਥਾਂ:

...ਹਰਿ ਕਉ ਜਿ ਮਿਲਾਏ ਸਿ ਇਉ ਮਿਲਾਏ ਜਿਉਂ ਇਸਤਰੀ ਪੁਰਖੁ ਕਾ ਸਨਬੰਧ ਹੈ। ਇਕਿ ਨਾਰਿ ਹੈ ਇਕ ਛਿਨਾਰਿ ਹੈ ਜਿਸ ਗਰੀਬ ਨਾਰਿ ਹੈ ਖਸਮੁ ਹੀ ਕਉ ਜਾਣਤੀ ਹੈ ਉਸ ਹੀ ਕੇ ਭੈ ਮਹਿ ਰਹਤੀ ਹੈ ਇਉਂਹ ਖਸਮ ਕਉ ਭਾਵਤੀ ਹੈ ਅਰੁ ਉਸ ਹੀ ਕਉ ਖਸਮੁ ਸੁਹਾਗ ਦੇਤਾ ਹੈ... ਤਿਉ ਉਸ ਦੀ ਨਿਆਇ ਜਿ ਗੁਰ ਕੇ ਬਚਨ ਕੇ ਬੀਚਾਰਿ ਚਲੈ ਸਿ ਠਾਕੁਰੁ ਕਉ ਭਾਵਤਾ ਹੈ। ਮੁਕਤਿ ਹੋਤਾ ਹੈ ਬੈਕੁੰਠ ਵਾਸੀ ਹੋਦਾ ਹੈ।[26]

ਹ) ਲੇਖਕ ਬਾਣੀ ਵਿਆਖਿਆ ਸਮੇਂ, ਲੋੜ ਅਨੁਸਾਰ ਹੋਰਾਂ ਧਰਮਾਂ ਦੇ ਚਿੰਨ੍ਹਾਂ ਦੀ ਵੀ ਠੀਕ ਵਿਆਖਿਆ ਕਰ ਸਕਿਆ ਹੈ। ਇਕ ਥਾਂ ਜੋਗੀਆਂ ਦੇ ਧਾਰਮਕ ਚਿੰਨ੍ਹਾਂ ਦੀ ਵਿਆਖਿਆ ਇਉਂ ਕੀਤੀ ਗਈ ਹੈ:

"ਗ੍ਰਿਸਤ ਛੋਡਿ ਮੁੰਦਾ ਝੋਲੀ ਪਹਿਰ ਡੰਡਾ ਬਿਭੂਤ ਖਿੰਥਾ ਜੋਗੁ ਮਾਰਗ ਜੋਹਿ ਕਉ ਗਿਆਨ ਮਾਰਗ ਮਹਿ ਆਵਿਹ ਗਿਆਨ ਕੀਆ ਬਾਤਾਂ ਕਰਹਿ ਬਿਨਾਂ ਜੋਗ ਲਾਏ ਤੇ ਮੁੰਦਾ ਪਹਰੀ ਤੇ ਗਿਆਨ ਕਿਆ... ਮੁੰਦਾ ਏਹੀ ਹੈ ਜਿ ਮਨ ਮਹਿ ਮੁੰਦ੍ਰਾ ਹੈ ਜਿ ਬਾਹਰ ਕੇ ਕੰਨ ਫਾਟੇ ਅਰ ਮਨੁ ਕੀਆ ਮੁੰਦ੍ਰਾ ਨਾ ਪਹਿਰੀਆਂ ਤਉ ਕਹਾ ਹੂਆ... ਮਨ ਕੀਆਂ ਮੁੰਦ੍ਰਾ ਪਹਿਰੇ ਕਾਇਆ ਕੀ ਖਿੰਥਾ ਪਹਿਰੇ... ਅਰੁ ਮਨ ਕਾ ਡੰਡਾ ਕਰੁ ਕਾਠ ਕੇ ਡੰਡੇ ਜੋਗੀ ਨਹੀ ਹੋਤਾ। ਜਬ ਮਨ ਟਿਕੇ ਤਬ ਡੰਡਾ ਹੋਇ ਤਬ

25. ਉਹੀ, ਭਾਗ ਪਹਿਲਾ, ਪੰਨਾ 42.
26. ਉਹੀ, ਪੰਨਾ 268.

ਤਬ ਏਹੁ ਜੋਗ ਕੀ ਜੁਗਤਿ ਪਾਵੈ.[27]

ਸੂਫੀ ਜੀਵਨ ਦੀਆਂ ਅਵਸਥਾਵਾਂ ਦਾ ਵੀ ਲੇਖਕ ਨੂੰ ਗਿਆਨ ਹੈ। ਜਿਸ ਕਾਰਨ ਲੋੜ ਅਨੁਸਾਰ ਸ਼ਰੀਅਤ, ਤਰੀਕਤ, ਮਾਰਫ਼ਤ ਤੇ ਹਕੀਕਤ ਦੀਆਂ ਮੰਜ਼ਿਲਾਂ ਵੱਲ ਸੰਕੇਤ ਕਰਦਾ ਹੈ। ਇਸ ਤੋਂ ਇਲਾਵਾ ਉਸ ਨੇ ਭਾਰਤੀ ਸਾਸ਼ਤਰਾਂ ਅਨੁਸਾਰ ਤੱਤਾਂ, ਗੁਣਾਂ ਦੀ ਵਿਆਖਿਆ ਕਰਕੇ ਆਪਣੇ ਡੂੰਘੇ ਗਿਆਨ ਦਾ ਪ੍ਰਮਾਣ ਵੀ ਦਿੱਤਾ ਹੈ।[28]

ਕ) ਕਈ ਥਾਈਂ ਤਾਂ ਉਸਨੇ ਬਹੁਤੇ ਸ਼ਬਦਾਂ ਜਾਂ ਚਿੰਨ੍ਹਾਂ ਦੀ ਵਿਆਖਿਆ ਸੰਸਕ੍ਰਿਤੀ ਅਤੇ ਇਤਿਹਾਸ ਦੇ ਪ੍ਰਸੰਗ ਵਿਚ ਰਖਕੇ ਕੀਤੀ ਹੈ ਜਿਵੇਂ ਇਕ ਥਾਂ

"ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ ਜੀਤੁ,
ਆਦੇਸੁ ਤਿਸੈ ਆਦੇਸ,
ਆਦਿ ਅਨੀਲੁ ਅਨਾਦਿ ਅਨਾਹਤਿ ਜੁਗ ਜੁਗ ਏਕੋ ਵੇਸੁ।"

"ਤਬ ਬਾਬੇ ਨਾਨਕ ਜਿ ਕਹਿਆ ਜਿ...ਬਾਰਹ ਪੰਥ ਜਿ ਜੋਗੀ ਹੈ ਤਿਨੑ ਮਹਿ ਜਿ ਦੁਇ ਪੰਥ ਹੈਂ ਸਿ ਬਡੇ ਹੈ। ਇਕ ਆਈ ਪੰਥੁ ਇਕੁ ਨਾਥ ਪੰਥ। ਤਿਸ ਦਹੁ ਮਹਿ ਭੀ ਜੁ ਆਈ ਪੰਥ ਹੈ ਸੁ ਸਭਨਾਂ ਕਾ ਭੰਡਾਰੀ ਹੈ। ਸਭਨਾਂ ਕਉ ਸਮਾਇ ਲੈਤਾ ਹੈ...ਸੁ ਆਈ ਪੰਥੁ ਕਿਸ ਕਾ ਹੈ ਸ੍ਰੀ ਈਸਰ ਨਾਥ ਮਹਾਦੇਵ ਕਾ। ਜਿਉ ਮਹਾਦੇਵ ਗਰੀਬੀ ਕੇ ਅੰਗ ਕਰਿ ਕਰਿ।" ਬਾਰਹ ਪੰਥ ਸਮਾਇ ਲੀਏ ਤਿਉ ਮੇਰਾ ਸਿ ਆਈ ਪੰਥੁ ਹੈ... ਤਿਸੈ ਆਦੇਸੁ"[29]

ਅਸਲ ਵਿਚ ਇਹ ਗੋਸ਼ਟਾਂ ਆਦਰਸ਼ਵਾਦੀ ਕਾਲਪਨਿਕ ਰਚਨਾਵਾਂ ਹਨ। ਇਸ ਲਈ ਲੇਖਕ ਨੇ ਹੋਈ ਥਾਈਂ ਬੜੇ ਆਦਰਸ਼ਕ ਢੰਗ ਨਾਲ ਸ਼ਬਦਾਂ ਦੇ ਅਰਥ ਪੇਸ਼ ਕੀਤੇ ਹਨ ਤਾਂ ਜੋ ਪਾਠਕਾਂ ਨੂੰ ਇਕ ਖਾਸ ਸੇਧ ਦਿੱਤੀ ਜਾ ਸਕੇ ਜਿਵੇਂ:

ੳ) <u>ਗਿਆਨ:</u> 'ਸੋ ਗਿਆਨ ਕਿਆ ਜਿ ਸਦਾ ਚੇਤੰਨ ਰਹੈ ਮਾਇਆ ਸਿਉ ਮਿਲਿ ਨ ਜਾਇ ਆਪਨਾ ਆਤਮਾ ਨਿਰੰਜਨ ਪੁਰਖ ਸੋ ਜੋੜੇ ਹੀ ਰਹੈ।'[30]

---

27. ਉਹੀ, ਪੰਨਾ 417.
28. ਉਹੀ, ਭਾਗ ਦੂਜਾ, ਪੰਨਾ 36.
29. ਉਹੀ, ਪੰਨਾ 289.
30. ਉਹੀ, ਪੰਨਾ 532.

ਅ) <u>ਵਰਤਨੇਮ</u>: ਬਰਤੁ ਜਿਸ ਕੋ ਕਹੀਤਾ ਹੈ... ਜਿ ਨਿਉਮੀ ਕਾ ਜਿ ਨੇਮੁ ਹੈ ਸੁ ਨਉਮੀ ਕੇ ਦਿਨਿ ਕੂੜ ਬੋਲਣੈ ਤੇ ਰਹੈ...ਇਸੁ ਨਉਮੀ ਕੇ ਦਿਨ ਤੇ ਲੈ ਕੇ ਮੈ ਅਗੈ ਝੂਠ ਨਾਹੀ ਬੋਲਣਾ ਅਰੁ ਕਾਮ ਤੇ ਨੇਮ ਕਰੈ ਜਿ ਮੈ ਆਪਣੀ ਇਸਤਰੀ ਰਮਣੀ ਨਾਹੀ ਅਰੁ ਬਿਰਾਨੀ ਕੀ ਤਰਫ ਦਿਸਟਿ ਭਰਿ ਦੇਖਨਾ ਨਾਹੀ। ਨਉਮੀ ਦੇ ਦਿਨਿ ਏਹੁ ਨੇਮ ਕਰੇ ਅਰੁ ਕ੍ਰੋਧ ਤੇ ਨੇਮ ਕਰਨਾ ਕ੍ਰੋਧ ਕਿਸੀ ਸਾਥਿ ਨਾਹੀ ਕਰਨਾ... ਅਰ ਲੋਭ ਤੇ ਨੇਮ ਕਰਨਾ ਜਿ ਪਰਾਇਆ ਅਧਰਮ ਕੀ ਦਮੜੀ ਟਕਾ ਪਈਸਾ ਕਿਸੀ ਕਾ ਛਿਪਾਣਾ ਨਾਹੀ ... ਪਰਾਏ ਹਕ ਕਾ ਲੋਭੁ ਨਾਹੀ ਕਰਨਾ...ਅਰੁ ਮੁਹੁ ਪ੍ਰੀਤਿ ਕਿਸੀ ਕਿਉ ਨਾਹੀ ਕਰਣੀ। ਬਿਨਾ ਪਰਮੇਸਰ ਮੋਹ ਤੇ ਨੇਮ ਕਰਨਾ ਬਹੁੜਿ ਅੰਹਕਾਰਿ ਤੇ ਨੇਮ ਕਰਨਾ... ਦਸਮੀ ਕੇ ਦਿਨਿ ਜਿ ਦਸੋਂ ਦੁਆਰੇ ਹੈਨਿ ਤਿਨਾ ਕਉ ਠਾਕਿ ਰਾਖੈ...ਤਬ ਦਸਮੀ ਕਾ ਸੰਜਮੁ ਸੰਪੂਰਨ ਹੋਇ।[31]

ੲ) <u>ਸਚੀ ਪੂਜਾ</u> :

ਪਰਮੇਸਰ ਜੀ ਕੀ ਪੂਜਾ ਏਹ ਨਾਹੀ ਜਿ ਫੁਲੈ ਡਾਲੈ ਕਲੀਏ ਕੂਮਲੀ ਚੁਣੀਏ ਮਾਲਾ ਪਰੋਇ ਬਸੰਤ ਕੇ ਪੂਜਾ ਕਰੀਐ... ਜਿ ਪ੍ਰਿਥਮੇ ਤਉ ਏਹਿ ਜਿ ਦੇਹੀ ਹੈ ਕਾਇਆ ਸਬਰੁ ਸੁ ਤਿਸ ਹੀ ਕਉ ਕੋਮਲੁ ਕਰੈ। ਸੁ ਕੋਮਲ ਕਿਆ ਕਰੈ ... ਸਕਤਿ ਕੋ ਕਾਇਆ ਬੀਰ ਤੇ ਦੂਰ ਕਰੈ... ਤਬ ਸਬ ਸਾਥਿ ਅਧੀਨਤਾ ਨਿਮਰਤਾ ਕੋਮਲਤਾਈ ਸਾਥਿ ਬੋਲੈ। ਰਿਦੈ ਕੋਮਲ ਅਰੁ ਮੁਖਿ ਭੀ ਕੋਮਲਤਾ ਤਬ ਕੋਮਲਤਾ ਕਰੀਐ... ਕੋਮਲਤਾ ਹੀ ਸਾਥਿ ਪ੍ਰੇਮ ਸਹਿਤ ਤਿਨਾ ਗੁਣਾ ਕੀ ਮਾਲਾ ਗੁੰਥੇ, ਗੁੰਥ ਸ੍ਰੀ ਠਾਕੁਰ ਜੀ ਕੇ ਆਗੈ ਚੜਾਵੈ... ਜਿ ਕੋਈ ਪਰਮੇਸਰ ਕਉ ਪੂਜਿਆ ਚਾਹੇ ਸੁ ਐਸੀ ਪੂਜਾ ਕਰੇ।[32]

ਲੇਖਕ ਨੇ ਵਿਆਖਿਆ ਸਮੇਂ ਬਾਣੀ ਵਿਚੋਂ ਮਿਲਦੀ ਸੇਧ ਨੂੰ ਹੀ ਅਪਣਾਉਣ ਦਾ ਯਤਨ ਕੀਤਾ ਹੈ। ਨਿੱਜੀ ਸੁਆਰਥ ਅਧੀਨ ਬਾਣੀ ਦੀ ਵਿਆਖਿਆ ਨੂੰ ਕਿਸੇ ਖਾਸ ਦਿਸ਼ਾ ਵਲ ਖਿੱਚ ਕੇ ਅਸਲੀ ਭਾਵਨਾ ਨੂੰ ਭੰਗ ਨਹੀਂ ਕੀਤਾ, ਸਗੋਂ ਹਰ ਥਾਂ ਮੂਲ ਸ਼ਬਦ ਦੀ ਭਾਵਨਾ

---

31. ਉਹੀ, ਪੰਨਾ 547.

32. ਉਹੀ, ਪੰਨਾ 568.

ਨੂੰ ਅਧਾਰ ਬਣਾ ਕੇ ਉਸ ਦੀ ਵਿਆਖਿਆ ਕਰਨ ਦਾ ਯਤਨ ਕੀਤਾ ਹੈ। ਇਸ ਤਰ੍ਹਾਂ ਮਿਹਰਵਾਨ ਵੱਲੋਂ ਕੀਤੇ ਗਏ ਬਾਣੀ ਪਰਮਾਰਥ ਜਿਥੇ ਸੰਬੰਧਤ ਸਲੋਕਾਂ, ਸ਼ਬਦਾਂ ਜਾਂ ਪਉੜੀਆਂ ਦੀ ਵਿਆਖਿਆ ਕਰਦੇ ਹਨ ਉਥੇ ਮੂਲ ਸ਼ਬਦ ਦੀ ਭਾਵਨਾ ਨੂੰ ਉਜਾਗਰ ਕਰਦਿਆਂ ਬਾਣੀ ਦੇ ਫ਼ਲਸਫ਼ੇ ਨੂੰ ਵੀ ਦ੍ਰਿੜਾਉਂਦੇ ਹਨ। ਗੁਰੂ, ਨਾਮ ਤੇ ਨਦਰਿ ਜਿਥੇ ਗੁਰੂ ਸਾਹਿਬਾਂ ਤੇ ਭਗਤਾਂ ਦੀ ਬਾਣੀ ਦੇ ਮੂਲ ਅਧਾਰ ਹਨ ਉਥੇ ਮਾਇਆ ਤੋਂ ਨਿਰਲੇਪ ਰਹਿ ਕੇ ਕਿਰਤ ਕਰਦਿਆਂ ਤੇ ਵੰਡ ਛਕਦਿਆਂ ਗ੍ਰਿਸਹਤ ਨੂੰ ਨਿਭਾਉਣਾ ਉਨ੍ਹਾਂ ਦੀ ਸਿਖਿਆ ਦਾ ਕੇਂਦਰੀ ਭਾਵ ਹੈ। ਇਨ੍ਹਾਂ ਸਭ ਨੁਕਤਿਆਂ ਦੇ ਮਹੱਤਵ ਨੂੰ ਸਮਝਦਿਆਂ ਹੋਇਆਂ ਹੀ ਲੇਖਕ ਬੜੀ ਬਾਰੀਕੀ ਨਾਲ ਇਨ੍ਹਾਂ ਦੀ ਸੁੰਦਰ ਵਿਆਖਿਆ ਪੇਸ਼ ਕਰ ਕਿਆ ਹੈ ਜਿਵੇਂ:

ੳ) 1. ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ ਸਿਧਹੁ ਜੀ॥ ਜਦ ਗੁਰੂ ਪੂਰੁ ਭਏ ਗੁਰੂ ਕੈ ਜਨਮੇ ਜਿ ਕਿਛੁ ਗੁਰੂ ਕੀ ਪ੍ਰਾਕ੍ਰਿਤ ਥੀ ਸੁ ਏਸੁ ਮਹਿ ਸਮਾਈ। ਸੰਸਾਰ ਕੀ ਪਰਕਿਰਤਿ ਏਸੁ ਤੇ ਮਿਟਿ ਗਈ। ਤਬ ਏਸ ਕਾ ਆਵਾ ਗਵਣ ਮਿਟਿਆ... ਮਨ ਕੀ ਜਿ ਆਸਾ ਥੀ ਸੁ ਸਬਦ ਸਾਥਿ ਜਲਾਇ ਦੂਰ ਕੀਤੀ।... ਅਰੁ ਤ੍ਰਿਹ ਗੁਣਾਂ ਕਉ ਜਦਿ ਮਿਟਾਇ ਦੂਰ ਕੀਆ ਤਬ ਦੇਤਾ ਬਿਨਾ ਨਾਮੁ ਪਰਮੇਸੁਰ ਕਾ ਜੁ ਸਾਹ ਥਾ ਸੋ ਖਾਇਆ... ਤਬ ਏਹ ਨਿਸਤਾਰਿਆ।[33]

2. ਬਿਨਾ ਗੁਰੂ ਤੇ ਏਸ ਕਉ ਜੋਗੁ ਕਬਹੂ ਨਾਹੀ ਹੋਤਾ। ਭਾਵੈ ਏਹੁ ਅਨੇਕ ਜਤਨ ਕਰੈ। ਬਿਨਾ ਗੁਰੂ ਕੀ ਸੇਵਾ ਤੇ ਏਹੁ ਜੀਉ ਮੁਕਤਿ ਨਾਹੀ ਹੋਤਾ... ਇਸ ਕਉ ਮਹਾ ਦੁਖ ਬਿਆਪਤਾ ਹੈ... ਏਹ ਗਰਬ ਕੀ ਗੁਬਾਰੀ ਮਹਿ ਪੜਿਆ ਹੈ। ਏਸ ਕਉਬਿ ਸੂਝ ਬੂਝ ਕਿਛੁ ਨਾਹੀ। ਬਿਨਾ ਸਤਿਗੁਰੂ ਤੇ ਜਨਮ ਹਾਰਿ ਮੂਆ। ਨਰਕ ਪਾਤੀ ਭਆ...।[34]

3. ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ ਸੁਨਿਹੋ ਭਾਈ ਰਾਮ ਜਨਹੁ। ਜੇ ਚਾਰੇ ਬੇਦ ਪੜੈ ਚਉਦਹ ਸਾਸਤ੍ਰ ਜਾਣੈ ਨਉ ਬਿਆਕਰਣ ਪੜੈ ਤੇ ਸੰਥਿਆ ਕਰੈ ਅਠਾਰਹ ਪੁਰਾਣ ਪੜੈ ਤਉ ਭੀ ਮੁਕਤਿ ਨਾ ਪਾਵੈ। ਮੁਕਤਿ ਤਬ ਹੋਇ ਜਬ ਗੁਰੂ ਕਉ ਮਿਲਿ ਕਰਿ ਰਾਮ ਨਾਮ ਸਿਮਰੈ, ਤਬ ਮੁਕਤਿ ਹੋਇ। ਨਾਤਰ ਏਵ ਚਉਰਾਸੀਹ ਕੇ ਫੇਰਿ ਮਹਿ ਪੜੈ।[35]

---

33. ਉਹੀ, ਭਾਗ ਦੂਜਾ, ਪੰਨਾ 30.

34. ਉਹੀ, ਭਾਗ ਪਹਿਲਾ, ਪੰਨਾ 188.

35. ਉਹੀ, ਪੰਨਾ 188.

ਅ) "ਜੋ ਤਿਨ ਕੀਆ ਸੋ ਸਚ ਥੀਆ॥ ਅੰਮ੍ਰਿਤ ਨਾਮੁ ਸਤਿਗੁਰ ਦੀਆ॥
ਹਿਰਦੈ ਨਾਮ ਨਾਹੀ ਮਨਿ ਭੰਗੁ। ਅਨਦਿਨ ਨਾਲਿ ਪਿਆਰੇ ਸੰਗੁ।"

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ ਸੁਨਿ ਭਾਈ ਜੀ... ਜਿਸ ਅੰਮ੍ਰਿਤ ਨਾਮ ਕਉ ਹਮ ਨਿਕਲੇ ਥੇ ਸੁ ਅੰਮ੍ਰਿਤ ਨਾਮੁ ਸਤਿਗੁਰੂ ਅਸਾਂ ਨੂੰ ਹਿਰਦੇ ਕੇ ਵਿਖੇ ਦਿੜਾਇਆ ਹੈ। ਜਿ ਅਠਾਂ ਪਹਰਾਂ ਵਿਚਿ ਸਿਮਰਤੇ ਮਨਿ ਭੰਗੁ ਨਾਹੀ ਪੜਤਾ। ਤਿਉ ਦੈਆਲੁ ਹੋਇ ਕਰਿ ਹਮ ਕਉ ਸਤਿਗੁਰ ਨਾਮ ਦਿੜਾਇਆ। ਜਿਸਿ ਸਿਮਰਨ ਮਹਿ...ਨਿਤਪ੍ਰਤਿ ਪਰਮੇਸੁਰ ਸਾਥਿ ਰੰਗੁ ਰਹਤਾ ਹੈ।[36]

ੲ) ਅਸਮਝ ਕਰਿ ਕਰਿ ਅਹੰਕਰਣ ਜਿ ਕਰਤਾ ਹੈ ਇਸੁ ਹਉਮੈ ਕੇ ਸਬਦਿ ਸਾਥਿ ਇਹ ਗਲਿਆ ਦੁਖ ਮਹਿ ਪੜਿਆ। ਸੁਖ ਥਾ ਸੁ ਜਾਂਦਾ ਰਹਿਆ। ਹਉਮੈ ਕੇ ਗਰਬਿ ਕਰਿ ਕਰਿ ਏਹੁ ਜੀਉ ਨਰਕ ਪੜਿਆ। ਉਸ ਸਾਥਿ ਪਨਮੇਸਰ ਕੇ ਮਹਲ ਥੀ ਭੂਲਿ ਗੈਆ। ਸੁ ਉਹ ਘਰੁ ਮਹਲੁ ਨਾਨਕ ਜੀ ਕਾ ਕਿਉਕਰ ਪਾਵੈ। ਕਰੈ ਏਵ ਕਰਿ ਪਾਵੈ ਜਿ ਸਕਲ ਜੀਆਂ ਕਉ ਦੈਆ ਧਾਰ ਕਰਿ ਏਕਸੀ ਦੈਆ ਧਾਰੇ ਬੁਰਾ ਕਿਸੈ ਨਾ ਮਨਾਵੈ ਸਭਸ ਸਾਥਿ ਭਲਾਈ ਮਨਾਵੈ। ਤਉ ਇਉ ਪਰਮੇਸੁਰ ਕੇ ਮਹਿਲ ਪਹੁਚੇ।[37]

ਸ) ਪਰਾਏ ਹਕਿ ਨ [illegible] ਸੰਤੋਖ ਮਹਿ ਰਹੈ। ਅਰੁ ਜੇਹਾ ਕਿਛ ਸਕਤਿ ਹੋਇ ਤੇਹਾ ਕੁ ਕਿਛੁ ਧਰਮ ਕਰਤਾ ਰਹੈ। ਪਰਮੇਸਰ ਕੇ ਨਿਮਿਤ ਮੁਕਰੇ ਨਾਹੀ। ਕਿਛੁ ਆਪਣੀ ਮਿਹਨਤ ਰਹਿ ਕਰਿ ਟੁਕੜਾ ਰਹਿ ਕਿਸੀ ਸਾਥਿ ਬਾਂਟਿ ਖਾਇ। ਪਰੁ ਪਰਮੇਸੁਰ ਕੇ ਅਰਥਿ ਹੋਰਤੁ ਨਿਮਿਤ ਨਾ। ਜਿ ਨਿਰੰਤਰਿ ਪਰਮੇਸਰ ਕੀ ਨਿਮਿਤ ਦੈਆ ਕੇ ਘਰਿ ਹੋਇ ਕਰਿ ਖਾਟਿ ਖਾਏ। ਓਹ ਧਰਮ ਉਸ ਕਾ ਥਾਇ ਪੜਤਾ ਹੈ।[38]

ਹ) ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ।
ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮ ਵਖਾਣੇ।
ਰਹਹਿ ਇਕਾਂਤਿ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ।
ਅਗਮੁ ਅਗੋਚਰ ਦੇਖਿ ਦਿਖਾਇ ਨਾਨਕੁ ਤਾ ਕਾ ਦਾਸੋ।

---

36. ਉਹੀ, ਭਾਗ ਦੂਜਾ, ਪੰਨਾ 31.
37. ਉਹੀ, ਪੰਨਾ 33.
38. ਉਹੀ, ਪੰਨਾ 35.

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ ਸਿਧਹੁ ਜੀ॥ ਜੈਸੇ ਜਲ ਮਹਿ ਕਮਲੁ ਰਹਤਾ ਹੈ ਅਰੁ ਜਲ ਹੀ ਕਰਿ ਕਰਿ ਹਰਿਆ ਹੋਤਾ ਹੈ ਪਰੁ ਜਲ ਸਾਥਿ ਪੰਖੁੜੀ ਉਸ ਕੀ ਭਾਗਤੀ ਨਾਹੀ। ਉਹ ਜਲ ਤੇ ਅਲਿਪਤ ਹੋਤਾ ਹੈ। ਜਬ ਐਸਾ ਹੋਇ ਤਬ ਸੰਸਾਰ ਸਾਗਰ ਕਉ ਤਰੈ। ਸੰਸਾਰ ਹੀ ਮਹਿ ਰਹੈ। ਪਰ ਜਿਸ ਮਾਨੁਖ ਕਉ ਸੰਸਾਰ ਸਾਥਿ ਕਿਛੁ ਮੋਹਿ ਨਾਹੀ ਸੋ ਸੰਸਾਰ ਸਾਗਰ ਕਉ ਤਰੈ।... ਸੁਰਤਿ ਕਰਿ ਕਰਿ ਸਬਦਿ ਕਉ ਸਮਝੈ ਅਰੁ ਕਮਾਵੈ ...ਸੰਸਾਰ ਕੀ ਪ੍ਰਕਿਰਤੀ ਸਾਥਿ ਫਲਿ ਨ ਜਾਈ। ਇਕਤ੍ਰਿ ਰਹੈ... ਆਸਾ ਤੇ ਨਿਰਾਸੁ ਰਹੈ। ਜੋ ਐਸਾ ਹੋਇ, ਸੋ ਅਗਮ ਕਉ ਦੇਖੈ ਭੀ ਅਰੁ ਦਿਖਾਵੈ ਭੀ...।[39]

ਇਨ੍ਹਾਂ ਪਰਮਾਰਥਾਂ ਵਿਚ ਲੇਖਕ ਹਉਮੈ ਜਾਂ ਨਿੱਜੀ ਮਹਾਨਤਾ ਦੀ ਸਥਾਪਤੀ ਕਰਨ ਦੇ ਉਦੇਸ਼ ਤੋਂ ਵੀ ਮੁਕਤ ਹੈ। ਉਸ ਨੇ ਕਿਤੇ ਵੀ ਮੂਲ ਰਚਨਾ ਦੀ ਸਿੱਧੀ ਜਾਂ ਅਸਿੱਧੀ ਆਲੋਚਨਾ ਕਰਦਿਆਂ ਆਪਣੀ ਮਹਾਨਤਾ ਨਹੀਂ ਦੱਸੀ, ਹੋਰਾਂ ਦੇ ਔਗੁਣ ਫਰੋਲਦਿਆਂ ਆਪਣੀ ਵਿਦਵਤਾ ਦਾ ਦਾਹਵਾ ਨਹੀਂ ਬੰਨ੍ਹਿਆ, ਸਗੋਂ ਚੰਗੀ ਬੁੱਧੀ, ਵਿਸ਼ਾਲ ਗਿਆਨ, ਡੂੰਘੇ ਅਨੁਭਵ ਅਤੇ ਗੰਭੀਰ ਸੋਚਣੀ ਨਾਲ ਕੀਤੇ ਗਏ ਇਨ੍ਹਾਂ ਪਰਮਾਰਥਾਂ ਵਿਚ ਸਤਿਕਾਰ ਸਹਿਤ ਮੂਲ ਬਾਣੀ ਦੀ ਮਹਾਨਤਾ ਪ੍ਰਗਟ ਕਰਨ ਦਾ ਉਦੇਸ਼ ਸਪਸ਼ਟ ਨਜ਼ਰ ਆਉਂਦਾ ਹੈ ਇਸ ਲਈ ਲੇਖਕ ਨੇ ਗੁਰੂ ਨਾਨਕ, ਗੁਰੂ ਅਮਰਦਾਸ ਅਤੇ ਭਗਤ ਕਬੀਰ ਦੀ ਬਾਣੀ ਦੇ ਪਰਮਾਰਥ ਪੇਸ਼ ਕਰਦਿਆਂ ਮੂਲ ਬਾਣੀ ਵਿਚੋਂ ਨਿਕਲਦੀ ਸੇਧ ਨੂੰ ਹੀ ਅਪਣਾਇਆ ਹੈ ਅਤੇ ਨਿੱਜੀ ਸੁਆਰਥ ਦੀ ਪ੍ਰਾਪਤੀ ਅਧੀਨ ਵਿਆਖਿਆ ਨੂੰ ਤੋੜਨ ਮਰੋੜਨ ਦੀ ਥਾਂ ਅਸਲੀ ਭਾਵਨਾ ਅਨੁਸਾਰ ਹੀ ਪੇਸ਼ ਕੀਤਾ ਹੈ। ਇਉਂ ਬਾਣੀ ਦੇ ਕੇਂਦਰੀ ਧੁਰੇ ਦੁਆਲੇ ਉਸਰਦੇ ਤੇ ਘੁੰਮਦੇ ਇਹ ਪਰਮਾਰਥ ਬਾਣੀ ਦੇ ਕੇਂਦਰੀ ਵਿਚਾਰਾਂ ਨੂੰ ਬੜੇ ਤੀਖਣ ਰੂਪ ਵਿਚ ਪੇਸ਼ ਕਰਦਿਆਂ ਮਹੱਤਵਪੂਰਣ ਅਤੇ ਪ੍ਰਭਾਵਸ਼ਾਲੀ ਬਣ ਗਏ ਹਨ।

ਮੂਲ ਬਾਣੀ ਦੇ ਚਿੰਨ੍ਹਾਂ, ਉਦਾਹਰਣਾਂ ਅਤੇ ਅਨੇਕਾਂ ਪ੍ਰਸੰਗਾਂ ਦੇ ਹਵਾਲਿਆਂ ਰਾਹੀਂ ਪੇਸ਼ ਕੀਤੇ ਗਏ ਅਧਿਆਤਮਕ ਵਿਚਾਰਾਂ ਨੂੰ ਵਧੇਰੇ ਸਪਸ਼ਟ ਕਰਨ ਲਈ, ਲੇਖਕ ਨੇ ਉਨ੍ਹਾਂ ਦੀ ਵਿਆਖਿਆ ਸਮਕਾਲੀ, ਧਾਰਮਕ, ਸਮਾਜਕ ਅਤੇ ਰਾਜਨੀਤਕ ਪਰਿਸਥਿਤੀਆਂ ਦੇ ਪ੍ਰਸੰਗ ਵਿਚ

39. ਉਹੀ, ਪੰਨਾ 34.

ਰਖ ਕੇ ਕੀਤੀ ਹੈ। ਇਨ੍ਹਾਂ ਪਰਮਾਰਥਾਂ ਰਾਹੀਂ ਜਿਥੇ ਬਾਣੀ ਦੇ ਮੂਲ ਭਾਵ ਵਧੇਰੇ ਸਪਸ਼ਟ ਅਤੇ ਪ੍ਰਭਾਵਸ਼ਾਲੀ ਰੂਪ ਵਿਚ ਪਾਠਕ ਤਕ ਪਹੁੰਚ ਸਕੇ ਹਨ, ਉਥੇ ਸਮਕਾਲੀ ਸਥਿਤੀ ਅਤੇ ਵੱਖ ਵੱਖ ਧਾਰਮਕ ਵਿਸ਼ਵਾਸ਼ ਤੇ ਕਰਮਕਾਂਡ ਵੀ ਉਘੜ ਆਏ ਹਨ। ਅਜਿਹੀ ਵਿਆਖਿਆ ਦੇ ਨਮੂਨੇ ਸਾਖੀਆਂ ਦੀ ਰਚਨਾਵਾਂ ਵਿਚ ਥਾਂ ਥਾਂ ਮਿਲਦੇ ਹਨ। ਇਉਂ, ਬਾਣੀ ਵਿਚਲੇ ਚਿੰਨ੍ਹਾਂ ਨੂੰ ਸੂਖਮ ਪਧਰ ਤੇ ਪੇਸ਼ ਕਰਦਿਆਂ, ਉਸ ਨੇ ਪਰਮਾਰਥਾਂ ਵਿਚੋਂ ਕਲਪਨਾ, ਦਰਸ਼ਨ ਅਤੇ ਸਾਧਨਾ ਦੀ ਇਕਸਾਰਤਾ ਦਿਖਾਈ ਦੇਂਦੀ ਹੈ:-

ੳ) ਤੂ ਕਹਦਾ ਹਇ ਕਿ ਕਲਜੁਗ ਵਿਚ ਹਰਿ ਬੇਦੁ ਚਲਨੁ ਨਾਹੀ ਦੇਂਦਾ ਕਰਨੀ ਅਤੇ ਪੂਜਾ ਤਾਂ ਬੈਸਨੂੰ ਪੰਡਤ ਕਰਦੇ ਹੈਨਿ। ਅਜੇ ਤਪਸਿਆ ਬੈਸਨੋਂ ਕਰਦੇ ਹੈਨਿ। ਅਜੇ ਖੱਤਰੀ ਬ੍ਰਾਹਮਣਾ ਦੇ ਗਲ ਜਨੇਉ ਹੈ। ਅਜੇ ਤਾਂ ਤੁਰਕੁ ਰੂਪ ਨਾਹੀ ਚਲਿਆ ...ਅਜੇ ਤਾਂ ਇਸ਼ਨਾਨੁ ਹੋਂਦਾ ਹੈ ਅਜੇ ਤਾਂ ਤਿਲਕ ਮਾਲਾ ਹਇ...ਅਜੇ ਤਾਂ ਸੋਚ ਸੰਜਮ ਗਲ ਵਿਚਿ ਸਤਿਜੁਗ ਕਾ ਰਿਆਂ ਇਆ ਹੈ।[40]

ਅ) "ਸੁਨਿਹੋ ਪੁਰਖਾ ਰਾਮ ਜਨਹੁ। ਹੋਮ ਕਰੇ ਜਗ ਕਰੈ ਤਪ ਤੀਰਥ ਕਰੇ ਜੋਗੀ ਸੰਨਿਆਸੀ ਹੋਇ ਬ੍ਰਹਮਚਾਰੀ ਦਿਗੰਬਰੁ ਹੋਇ ਨਾਗਾ ਹੋਇ ਸਿਰਿ ਕਲਵਤ ਧਾਰੇ ਸਗਲੀ ਧਰਤੀ ਭਰਮੇ ਪੂਜਾ ਤਪ ਪੁੰਨੁ ਦਾਨੁ ਸਗਲੇ ਕਰੈ ਬਹੁਤ ਤਪਸਿਆ ਦੇਹੀ ਸਾਧਨਾ ਕਰੇ ਤਬ ਬਿਨਾ ਰਾਮ ਨਾਮ ਸਿਮਰਣੇ ਤੇ ਮੁਕਤਿ ਕਾਹੂ ਕੀ ਨਾਹੀ ਹੋਤੀ। ਜਬ ਗੁਰੂ ਕਉ ਮਿਲਿ ਕਰਿ ਰਾਮ ਨਾਮੁ ਸਿਮਰੇ ਤਉ ਏਸ ਕਉ ਮੁਕਤਿ ਪ੍ਰਾਪਤਿ ਹੋਇ।"[41]

ੲ) ਤਬ ਭਰਥਰੀ ਕਹਿਆ ਜਿਸੁ ਕਉ ਹਮ ਦਰਸਨੁ ਦੇਤੇ ਹੈਂ ਤਿਸੁ ਕਉ ਪਤ੍ਰ ਹਥਿ ਦੇਤੇ ਹੈਂ ਡੰਡਾ ਹਥਿ ਦੇਤੇ ਹੈਂ ਚੂਲ੍ਹ ਧੂਏਂ ਕੀ ਬਿਭੂਤਿ ਲਗਾਵਤੇ ਹੈਂ ਤਬ ਉਹੁ ਜੋਗੀ ਦਰਸਨ ਲੈਤਾ ਹੈ। ਉਸ ਕਉ ਸਭ ਕੋਈ ਕਹਤਾ ਹੈ ਕਿ ਜੋਗੀ ਕਾ ਪੰਥੁ ਹੈ। ਤਬ ਓਹੁ ਜਾਇ ਕਰਿ ਰਾਹਿ ਘਰਿ ਰੈਤਾਇ ਕਰਿ ਆਪਣੇ ਗੁਰੂ ਪਾਹਿ ਭੁਗਤਿ ਆਣ ਰਖਤਾ ਹੈ। ਤਿਸ ਕਾ ਨਾਮ ਜੋਗੀ ਹੈ।[42]

ਇਨ੍ਹਾਂ ਪਰਮਾਰਥਾਂ ਦਾ ਇਕ ਹੋਰ ਵਿਸ਼ੇਸ਼ ਗੁਣ ਇਹ ਹੈ ਕਿ ਲੇਖਕ ਨੇ ਸਮਕਾਲੀ

40. ਉਹੀ, ਭਾਗ ਦੂਜਾ, ਪੰਨਾ 224.
41. ਉਹੀ, ਭਾਗ ਪਹਿਲਾ ਪੰਨਾ 187.
42. ਉਹੀ, ਪੰਨਾ 406.

ਮੁਗਲ ਹਕੂਮਤ ਦੀ ਪਰਵਾਹ ਨਾ ਕਰਦਿਆਂ ਨਿਰਸੰਕੋਚ ਹੋ ਕੇ ਬਾਬਰ ਵਾਣੀ ਵਰਗੀਆਂ ਬਾਣੀਆਂ ਦੇ ਵੀ ਅਰਥ ਕੀਤੇ ਹਨ। ਉਸ ਨੇ ਮੁਸਲਮਾਨਾਂ ਦੇ ਧਾਰਮਕ ਜੀਵਨ ਦੀਆਂ ਕਮਜ਼ੋਰੀਆਂ ਨੂੰ ਬੜੇ ਸਪਸ਼ਟ ਸ਼ਬਦਾਂ ਵਿਚ ਪੇਸ਼ ਕਰਦਿਆਂ ਥਾਂ ਥਾਂ ਵਿਅੰਗ ਕਸੇ ਹਨ। ਇਸੇ ਤਰ੍ਹਾਂ ਉਸ ਨੇ ਜੋਗੀਆਂ ਅਤੇ ਹਿੰਦੂਆਂ ਦੀਆਂ ਨੈਤਿਕ ਕਮਜ਼ੋਰੀਆਂ, ਬੇਲੋੜੇ ਕਰਮ-ਕਾਂਡਾਂ ਅਤੇ ਅੰਧ ਵਿਸ਼ਵਾਸ਼ਾਂ ਦੀ ਥਾਂ ਥਾਂ ਆਲੋਚਨਾ ਕੀਤੀ ਹੈ ਜਿਵੇਂ:

ੳ) "ਮੁਸਲਮਾਨ ਕਤੇਬਾਂ ਪੜਤੇ ਹੈਂ ਅਰ ਕਤੇਬਾਂ ਕਾ ਫੁਰਮਾਇਆ ਕਿਛੁ ਕਰਤੇ ਨਾਹੀ ਅਰੁ ਇਵ ਹੀ ਕਸ਼ਟ ਮਹਿ ਖੁਦਾਇ ਖੁਦਾਇ ਕਰਤੇ ਹੈਂ। ਕਸ਼ਟ ਕਾ ਕਹਿਆ ਖੁਦਾਇ ਥਾਇ ਨਾਹੀ ਪਾਵਤਾ...।"[43]

ਅ) "...ਪੂਜਾ ਕਰਦੇ ਹੈਨਿ ਪਰ ਪਤਿ ਨਾਹੀ ਜਿ ਥਾਇ ਪਾਇ ਤਾਂ ਕਿਸ ਕਾਮ ਹਨ ਕੀ ਪੂਜਾ। ਅਰ ਸੰਜਮ ਕੀਆ ਕਿਸ ਕਾਮ ਜਾਂ ਸਤ ਨ ਹੋਆ। ...ਜਨੇਊ ਬਧਿਆ ਪਰ ਕਿਸ ਕਾਮ ਜਾਂ ਜਤੁ ਨਾਹੀ ਰਹਣੇ ਦੇਤਾ।... ਨਾਤਾ ਧੋਤਾ, ਤਟੀ ਤੀਰਥੀਂ, ਇਸ਼ਨਾਨ ਕੀਆ, ਤਿਲਕੁ ਚੜਾਇਆ ਕਿਸ ਕਾਮ, ਸੋਚ ਕੀਤੀ ਜਾਂ ਸਚ ਨਾ ਬੋਲੈ।...।[44]

ੲ) ਇਹੀ ਜਪੁ ਇਹੀ ਤਪੁ ਇਹੀ ਸੰਜਮ, ਇਹੀ ਪਾਠ ਇਹੀ ਪੁਰਾਣ ਇਹੀ ਸਭ ਸੰਜੋਗੁ ਸੰਜੁਗਤਿ ਜਿ ਪਰਮੇਸੁਰ ਕਉ ਜਾਣੈ। ਜੈ ਪਰਮੇਸਰ ਕਉ ਨ ਜਣਿਆ ਤਬ ਕੋਟ ਤੀਰਥ ਨਾਵਉ ਅਨੇਕ ਜਪ ਅਨੇਕ ਤਪ ਸੰਜਮ ਮਹਿ ਰਹਉ ਕਿਸੈ ਕਾਮਿ ਨਾਹੀ।[45]

ਪਰ ਕਈ ਥਾਈਂ ਲੇਖਕ ਆਲੋਚਨਾ ਕਰਨ ਤੋਂ ਸੰਕੋਚ ਕਰਦਾ ਵੀ ਨਜ਼ਰ ਆਉਂਦਾ ਹੈ ਜਿਵੇਂ 'ਆਸਾ ਦੀ ਵਾਰ' ਦਾ ਟੀਕਾ ਕਰਦਿਆਂ 4,6,7,8,11,15,18, 21,22 ਅਤੇ 23 ਨੰਬਰ ਦੀਆਂ ਪਉੜੀਆਂ ਨੂੰ ਜਾਣ ਬੁਝ ਕੇ ਛੋਡ ਦਿੱਤਾ ਗਿਆ ਹੈ। ਇਨ੍ਹਾਂ ਪਉੜੀਆਂ ਵਿਚ ਸਮਕਾਲੀ ਹਿੰਦੂ ਅਤੇ ਮੁਸਲਮਾਨੀ ਧਰਮ ਦੇ ਪ੍ਰਚੱਲਤ ਬੇਲੋੜੇ ਕਰਮ-ਕਾਂਡਾਂ ਦੀ ਆਲੋਚਨਾ ਕੀਤੀ ਗਈ ਹੈ ਅਤੇ ਮੁਗਲ ਹਾਕਮਾਂ ਵਲੋਂ ਜੀਤਾਂ ਨਾਲ ਕੀਤੇ ਗਏ ਅਨਿਆਂ ਨੂੰ ਭੰਡਿਆ ਗਿਆ ਹੈ। ਇਥੋਂ ਪ੍ਰਤੀਤ ਹੁੰਦਾ ਹੈ ਕਿ ਲੇਖਕ ਬ੍ਰਾਹਮਣੀ ਅਤੇ

---

43. ਉਹੀ, ਭਾਗ ਦੂਜਾ, ਪੰਨਾ 464.

44. ਉਹੀ, ਪੰਨਾ 225.

45. ਉਹੀ, ਭਾਗ ਪਹਿਲਾ, ਪੰਨਾ 302.

ਮੁਸਲਮਾਨੀ ਸਮਾਜ ਦੀਆਂ ਪ੍ਰਚੱਲਤ ਗਲਤ ਰਸਮਾਂ ਰੀਤਾਂ ਦੀ ਨਿਖੇਧੀ ਕਰਕੇ ਲੋਕਾਂ ਨੂੰ ਆਪਣਾ ਵਿਰੋਧੀ ਨਹੀਂ ਬਣਾਉਣਾ ਚਾਹੁੰਦਾ। ਇਸ ਲਈ ਉਸ ਨੇ ਬਾਣੀ ਦੀਆਂ ਅਜਿਹੀਆਂ ਪਉੜੀਆਂ ਨੂੰ ਟੀਕਾ ਕਰਨ ਲੱਗਿਆਂ ਅੱਖੋਂ ਓਹਲੇ ਕਰ ਦਿੱਤਾ ਹੈ। ਕਈ ਥਾਈਂ ਤਾਂ ਅਜਿਹੀਆਂ ਪਉੜੀਆਂ ਦੀਆਂ ਆਲੋਚਨਾਤਮਕ ਸਤਰਾਂ ਨੂੰ ਛੱਡ ਕੇ ਬਾਕੀਆਂ ਦੀਆਂ ਸਤਰਾਂ ਦਾ ਟੀਕਾ ਕਰ ਦਿੱਤਾ ਹੈ ਜਿਵੇਂ 'ਆਸਾ ਦੀ ਵਾਰ' ਦੀ 19ਵੀਂ ਪਉੜੀ ਦੀਆਂ ਪਹਿਲੀਆਂ ਸਤਰਾਂ 'ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ. ..।' ਨੂੰ ਛੱਡ ਕੇ ਅਗਲੀਆਂ ਸਤਰਾਂ ਦਾ ਟੀਕਾ ਕਰ ਦਿੱਤਾ ਹੈ। ਇਸੇ ਤਰ੍ਹਾਂ 20ਵੀਂ ਪਉੜੀ ਦਾ ਪਹਿਲਾ ਹਿੱਸਾ 'ਅਠਸਠਿ ਤੀਰਥ ਜੇ ਨਾਵਹਿ ਉਤਰੈ ਨਾਹੀ ਮੈਲੁ..।' ਛੱਡ ਕੇ ਅਗਲੇ ਹਿੱਸੇ ਦਾ ਟੀਕਾ ਕੀਤਾ ਹੈ।[46]

<u>ਟੀਕੇ:</u>

ਟੀਕਾ-ਕਾਰੀ ਭਾਰਤ ਦੀ ਉਹ ਪ੍ਰਸਿੱਧ ਸਾਹਿੱਤ ਪਰੰਪਰਾ ਹੈ ਜਿਸ ਨੂੰ ਸੂਤ੍ਰਿਕ ਅਤੇ ਰਹੱਸਮਈ ਰਚਨਾਵਾਂ ਨੂੰ ਸਪਸ਼ਟ ਕਰਨ ਲਈ ਸ਼ੁਰੂ ਤੋਂ ਹੀ ਵਿਸ਼ੇਸ਼ ਰੂਪ ਵਿਚ ਅਪਣਾਇਆ ਜਾਂਦਾ ਰਿਹਾ ਹੈ। ਟੀਕਾ ਉਹ ਵਿਸਤ੍ਰਿਤ ਰੂਪ ਹੈ ਜਿਸ ਵਿਚ ਇਕੱਲੇ ਇਕੱਲੇ ਸ਼ਬਦ ਦੇ ਅਰਥ ਦਿੱਤੇ ਜਾਂਦੇ ਹਨ; ਪੰਕਤੀਆਂ ਦੇ ਸ਼ਾਬਦਿਕ ਅਰਥ ਦਿੱਤੇ ਜਾਂਦੇ ਹਨ ਅਤੇ ਸਮੁੱਚਾ ਭਾਵ ਵੀ ਖੋਲ੍ਹ ਕੇ ਦੱਸਿਆ ਜਾਂਦਾ ਹੈ। ਇਸ ਦੇ ਨਾਲ ਹੀ ਮੂਲ ਸਤਰਾਂ ਵਿਚ ਆਏ ਇਤਿਹਾਸਕ ਤੇ ਪੌਰਾਣਿਕ ਸੰਕੇਤਾਂ ਉਤੇ ਵੀ ਰੋਸ਼ਨੀ ਪਾਈ ਜਾਂਦੀ ਹੈ।

ਸੰਸਕ੍ਰਿਤ ਸਾਹਿਤ ਵਿਚ ਸੰਸਕ੍ਰਿਤ ਗ੍ਰੰਥਾਂ ਦੇ 'ਸਾਰ ਪ੍ਰਬੋਧਨੀ ਟੀਕੇ' ਤੇ 'ਤਰਕ ਸੰਗ੍ਰਹਿ' ਗ੍ਰੰਥ ਦਾ ਅਨੰਮ ਭੱਟ ਰਚਿਤ 'ਤਰਕ ਸੰਗ੍ਰਹਿ ਦੀਪਿਕਾ' ਟੀਕਾ ਆਦਿ ਮਿਲਦੇ ਹਨ। ਇਨ੍ਹਾਂ ਤੋਂ ਇਲਾਵਾ ਵੇਦਾਂ ਅਤੇ ਸ਼ਾਸਤਰਾਂ ਦੇ ਭਾਸ਼ਯ ਵੀ ਲਿਖੇ ਗਏ। ਸੰਸਕ੍ਰਿਤ ਤੋਂ ਇਲਾਵਾ ਬ੍ਰਿਜ ਭਾਸ਼ਾ ਵਿਚ ਵੀ ਟੀਕੇ ਲਿਖੇ ਗਏ। ਫ਼ਾਰਸੀ ਵਿਚ ਵੀ ਤਫ਼ਸੀਰਾਂ ਲਿਖਣ ਦਾ ਰਿਵਾਜ਼ ਕਾਫ਼ੀ ਪੁਰਾਣਾ ਹੈ।

ਪੰਦਰਵੀਂ ਅਤੇ ਸੋਲ੍ਹਵੀਂ ਸਦੀ ਵਿਚ ਰਾਜਸਥਾਨੀ ਭਾਸ਼ਾਵਾਂ ਵਿਚੋਂ ਮਾਰਵਾੜੀ ਵਿਚ ਬਹੁਤ ਗੱਦ ਰਚਨਾ ਹੋਈ। ਧਰਮ, ਇਤਿਹਾਸ, ਪੌਰਾਣਿਕ ਛੰਦ, ਅਲੰਕਾਰ ਤੇ ਵਿਆਕਰਣ ਆਦਿ ਵਿਸ਼ਿਆਂ ਨੂੰ ਪ੍ਰਗਟਾਉਣ ਲਈ ਟੀਕਾਵਾਂ ਹੀ ਲਿਖੀਆਂ ਗਈਆਂ। ਬਾਅਦ ਵਿਚ ਮੇਰੂ ਨੇ ਪ੍ਰਸ਼ਨੋਤਰੀ ਸ਼ੈਲੀ ਵਿਚ ਗ੍ਰੰਥ ਰਚੇ ਅਤੇ 'ਬਾਲਾਵਬੋਧ' ਟੀਕਾਵਾਂ ਦਾ ਨਿਰਮਾਣ ਕਰਦਿਆਂ 17 ਗ੍ਰੰਥਾਂ ਉੱਤੇ ਟੀਕੇ ਵੀ ਲਿਖੇ।

---

46. ਉਹੀ, ਭਾਗ ਪਹਿਲਾ, ਪੰਨਾ 504-5.

ਪੰਜਾਬੀ ਸਾਹਿੱਤ ਵਿਚ ਟੀਕਿਆਂ ਦਾ ਮੁੱਢ ਗੁਰੂ ਨਾਨਕ ਬਾਣੀ ਦੀ ਵਿਆਖਿਆ ਨਾਲ ਹੀ ਬਝਦਾ ਹੈ। ਗੁਰੂ ਸਾਹਿਬ ਦੇ ਜੋਤੀ ਜੋਤ ਸਮਾਉਣ ਉਪਰੰਤ ਉਨ੍ਹਾਂ ਦੇ ਸ਼ਰਧਾਲੂ ਸਿੱਖਾਂ ਵਿਚ ਬਾਣੀ ਦਾ ਪ੍ਰਚਾਰ ਵਧਣ ਲੱਗਾ ਅਤੇ ਇਸ ਦੇ ਨਾਲ ਹੀ ਡੂੰਘੇ ਰਹੱਸਮਈ ਅਤੇ ਦਾਰਸ਼ਨਿਕ ਭਾਵਾਂ ਨੂੰ ਪੇਸ਼ ਕਰਨ ਵਾਲੀ ਬਾਣੀ ਦੇ ਪਰਮਾਰਥਾਂ ਦੀ ਵੀ ਪਰੰਪਰਾ ਚਲ ਪਈ। ਸ਼ਬਦਾਂ ਦੇ ਉਚਾਰੇ ਜਾਣ ਸੰਬੰਧੀ ਅਨੇਕਾਂ ਪ੍ਰਕਾਰ ਦੇ ਪ੍ਰਸੰਗ ਪ੍ਰਚੱਲਤ ਹੋ ਗਏ। ਜੋ ਮਗਰੋਂ ਵਿਕਸਿਤ ਹੋ ਕੇ ਸਾਖੀਆਂ, ਗੋਸ਼ਟੀਆਂ ਤੇ ਜਨਮਸਾਖੀਆਂ ਦੇ ਰੂਪ ਵਿਚ ਸਾਹਮਣੇ ਆਏ।

ਹੁਣ ਤਕ ਦੇ ਕੀਤੇ ਅਧਿਐਨ ਤੋਂ ਸਪਸ਼ਟ ਹੈ ਕਿ ਮਿਹਰਵਾਨ ਨੇ ਮੂਲ ਰੂਪ ਵਿਚ ਪਰਮਾਰਥ ਹੀ ਲਿਖੇ ਪਰ ਕਈ ਥਾਵਾਂ ਉਪਰ ਸ਼ਬਦਾਂ ਦੀ ਵਿਆਖਿਆ ਅਤੇ ਪ੍ਰਸੰਗਾਂ ਦੇ ਖੋਲਣ ਕਾਰਨ ਟੀਕੇ ਦਾ ਰੰਗ ਵੀ ਆ ਗਿਆ ਹੈ। ਹੇਠ ਲਿਖੀਆਂ ਬਾਣੀਆਂ ਦੇ ਪਰਮਾਰਥਾਂ ਵਿਚੋਂ ਟੀਕੇ ਵਾਲਾ ਰੰਗ ਵਧੇਰੇ ਉਘੜ ਕੇ ਸਾਹਮਣੇ ਆਉਂਦਾ ਹੈ:

ਜਪੁ, ਆਸਾ ਦੀ ਵਾਰ,[47] ਦਖਣੀ ਓਅੰਕਾਰ, ਪਟੀ, ਬਾਰਾਮਾਹ ਤੇ ਸਿੱਧ ਗੋਸ਼ਟ ਆਦਿ। ਅਨੁਮਾਨ ਹੈ ਕਿ ਗੋਸ਼ਟਾਂ ਗੁਰੂ ਨਾਨਕ ਦੇ ਅਪ੍ਰਾਪਤ ਤਿੰਨ ਭਾਗਾਂ ਵਿਚ ਵੀ ਕਈ ਬਾਣੀਆਂ ਦੇ ਟੀਕੇ ਕੀਤੇ ਗਏ ਹੋਣਗੇ। ਸੰਭਵ ਹੈ ਕਿ ਲੇਖਕ ਨੇ ਗੁਰੂ ਅਮਰਦਾਸ[48] ਦੀ ਕੁਝ ਬਾਣੀ ਦਾ ਵੀ ਟੀਕਾ ਕੀਤਾ ਹੋਵੇ।

ਇਸ ਤਰ੍ਹਾਂ, ਸੋਢੀ ਮਿਹਰਵਾਨ ਪੰਜਾਬੀ ਸਾਹਿੱਤ ਦਾ ਉਹ ਮੁੱਢਲਾ ਲੇਖਕ ਬਣ ਜਾਂਦਾ ਹੈ, ਜਿਸ ਨੇ ਪਰਮਾਰਥਾਂ ਦੇ ਨਾਲ ਨਾਲ ਗੁਰੂ ਅਤੇ ਭਗਤ ਬਾਣੀ ਦੇ ਟੀਕੇ ਲਿਖਕੇ ਨਵੀਂ ਪਰੰਪਰਾ ਹੀ ਨਹੀਂ ਤੋਰੀ ਸਗੋਂ ਟੀਕਾ-ਸਾਹਿੱਤ ਨੂੰ ਅਮੋਲਕ ਦੇਣ ਵੀ ਦਿੱਤੀ ਹੈ। ਲੇਖਕ ਵਲੋਂ, ਟੀਕੇ ਲਈ ਇਨ੍ਹਾਂ ਬਾਣੀਆਂ ਦੀ ਚੋਣ ਦੇ ਵੀ ਕੁਝ ਵਿਸ਼ੇਸ਼ ਕਾਰਨ ਹਨ।

'ਜਪੁ' ਗੁਰੂ ਨਾਨਕ ਦੀ ਉਹ ਮੂਲ ਦਾਰਸ਼ਨਿਕ ਰਚਨਾ ਹੈ ਜਿਸ ਵਿਚ ਸਿੱਖ ਮੱਤ ਦੇ ਸਾਰੇ ਮੁੱਢਲੇ ਸਿਧਾਂਤਾਂ ਨੂੰ ਦ੍ਰਿੜਾਇਆ ਗਿਆ ਹੈ। ਇਹੋ ਕਾਰਨ ਹੈ ਕਿ ਲੇਖਕ ਨੇ 'ਜਪੁ' ਦੀ ਪੂਰੀ ਬਾਣੀ ਨੂੰ ਪਹਿਲਾਂ ਮੂਲ ਰੂਪ ਵਿਚ ਪੇਸ਼ ਕੀਤਾ ਹੈ ਅਤੇ ਫਿਰ ਉਸ ਦੀ ਇਕ ਇਕ ਸਤਰ ਜਾਂ ਪਉੜੀ ਲੈ ਕੇ ਉਸ ਦੀ ਵਿਆਖਿਆ ਕੀਤੀ ਹੈ। ਇਸ ਤਰ੍ਹਾਂ

---

47. ਡਾ: ਰਤਨ ਸਿੰਘ ਜੱਗੀ ਅਨੁਸਾਰ 'ਆਸਾ ਦੀ ਵਾਰ' ਦਾ ਪਹਿਲਾ ਟੀਕਾ ਸੋਢੀ ਮਿਹਰਵਾਨ ਨੇ ਕੀਤਾ ਅਤੇ ਦੂਜਾ ਸੋਢੀ ਹਰਿਜੀ ਨੇ। (ਵੇਖੋ: ਗੁਰਬਾਣੀ ਟੀਕੇ, ਅਨੰਦਘਨ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ 1970, ਪੰਨਾ 8) ਪਰ ਸਾਡੀ ਖੋਜ ਅਨੁਸਾਰ ਹਰਿਜੀ ਨੇ 'ਆਸਾ ਦੀ ਵਾਰ' ਦਾ ਕੋਈ ਟੀਕਾ ਨਹੀਂ ਲਿਖਿਆ 'ਪੋਥੀ ਹਰਿਜੀ' ਵੀ ਮਿਹਰਵਾਨ ਦੀ ਹੀ ਰਚਨਾ ਸਿੱਧ ਹੁੰਦੀ ਹੈ। ਇਸ ਲਈ ਇਸ ਭਾਗ ਵਿਚ ਪ੍ਰਾਪਤ 'ਆਸਾ ਦੀ ਵਾਰ' ਦੀਆਂ ਦੋ ਪਉੜੀਆਂ ਦਾ ਟੀਕਾ ਵੀ ਮਿਹਰਵਾਨ ਰਚਿਤ ਹੀ ਹੈ।

48. ਹ: ਲਿ: ਨੰ: 678, ਸੈ. ਪਾਲਾ: ਪਟਿ.।

ਜਪੁ ਦੀ ਵਿਸ਼ੇਸ਼ ਮਹੱਤਤਾ ਦਰਸਾਦਿਆਂ, ਲੇਖਕ ਨੇ, ਗੁਰੂ ਨਾਨਕ ਬਾਣੀ ਪ੍ਰਤਿ ਆਪਣਾ ਵਿਸ਼ਾਲ ਗਿਆਨ ਤੇ ਡੂੰਘਾ ਸਤਿਕਾਰ ਦਰਸਾਇਆ ਹੈ। 'ਰਾਮਕਲੀ ਦਖਣੀ ਓਅੰਕਾਰ' ਦੀਆਂ ਪੂਰੀਆਂ 54 ਪਉੜੀਆਂ ਦਾ ਵੀ ਟੀਕਾ ਕੀਤਾ ਗਿਆ ਹੈ। ਪੱਟੀ ਦੀਆਂ 35 ਪਉੜੀਆਂ ਦੀ ਵਿਆਖਿਆ ਰਾਹੀ ਉਨ੍ਹਾਂ ਦੀ ਮਹੱਤਤਾ ਦਰਸਾਈ ਹੈ। 'ਬਾਰਾਂ ਮਾਹ' (ਤੁਖਾਰੀ ਰਾਗ) ਦਾ ਟੀਕਾ ਕਰਕੇ ਲੇਖਕ ਨੇ ਇਸ ਬਾਣੀ ਸੰਬੰਧੀ ਆਪਣੀ ਜਾਣਕਾਰੀ ਦਿੱਤੀ ਹੈ। 'ਸਿੱਧ ਗੋਸ਼ਟ' ਗੁਰੂ ਨਾਨਕ ਦੀਆਂ ਲੰਮੀਆਂ ਬਾਣੀਆਂ ਵਿਚੋਂ ਇਕ ਵਿਸ਼ੇਸ਼ ਰਚਨਾ ਹੈ ਜਿਸ ਦੀਆਂ ਪਉੜੀਆਂ ਦਾ ਟੀਕਾ ਕਰਕੇ ਲੇਖਕ ਜੋਗ ਮਤ ਅਤੇ ਸਿੱਖ ਮਤ ਦੇ ਦਰਸ਼ਨ ਦਾ ਤੁਲਨਾਤਮਕ ਅਧਿਐਨ ਪੇਸ਼ ਕਰ ਸਕਿਆ ਹੈ। ਇਨ੍ਹਾਂ ਰਚਨਾਵਾਂ ਤੋਂ ਇਲਾਵਾ 'ਆਸਾ ਦੀ ਵਾਰ' ਰਾਗ ਮਾਝ ਅਤੇ ਰਾਗ ਮਲਾਰ ਦੀਆਂ ਵਾਰਾਂ ਦਾ ਵੀ ਵਿਸ਼ੇਸ਼ ਰੂਪ ਵਿਚ ਟੀਕਾ ਕਰਨ ਦਾ ਯਤਨ ਕੀਤਾ ਗਿਆ ਹੈ। ਇਨ੍ਹਾਂ ਲੰਮੀਆਂ ਬਾਣੀਆਂ ਤੋਂ ਇਲਾਵਾ ਮਿਹਰਵਾਨ ਨੇ ਵੱਖ ਵੱਖ ਭਾਗਾਂ ਵਿਚ ਰਚੇ ਗੁਰੂ ਨਾਨਕ ਬਾਣੀ ਦੇ ਬਹੁਤ ਸਾਰੇ ਸ਼ਬਦਾਂ ਦਾ ਵੀ ਟੀਕਾ ਕੀਤਾ ਹੈ।

ਵਿਆਖਿਆ ਦਾ ਅਸਲ ਉਦੇਸ਼ ਮੂਲ ਬਾਣੀ ਦੇ ਡੂੰਘੇ ਭਾਵਾਂ ਨੂੰ ਸਪਸ਼ਟ ਕਰਨਾ ਹੈ। ਇਸ ਉਦੇਸ਼ ਦੀ ਪ੍ਰਾਪਤੀ ਤਾਂ ਹੀ ਹੋ ਸਕਦੀ ਹੈ ਜੇ ਕਰ ਲੋੜ ਅਨੁਸਾਰ ਕਠਿਨ ਸ਼ਬਦਾਂ ਦੇ ਅਰਥ ਵੀ ਸਪਸ਼ਟ ਕੀਤੇ ਜਾਣ। ਲੇਖਕ ਨੇ ਆਮ ਤੌਰ ਤੇ ਭਾਵੇਂ ਕਠਨ ਸ਼ਬਦਾਂ ਦੇ ਅਰਥ ਦੱਸਣ ਦੀ ਪਰੰਪਰਾ ਨੂੰ ਨਹੀਂ ਅਪਣਾਇਆ ਪਰ ਕਈ ਥਾਈਂ ਟੀਕਾ ਕਰਦਿਆਂ ਆਪਣੇ ਡੂੰਘੇ ਗਿਆਨ ਦਾ ਪ੍ਰਮਾਣ ਵੀ ਦਿੱਤਾ ਹੈ, ਜਿਵੇਂ ਇਕ ਥਾਂ ਇਹ ਸ਼ਬਦੀ ਅਰਥ ਇਉਂ ਨਿਬੇੜੇ ਹਨ:-

ਅਲਗਉ ਜੋਇ ਮਧੂਕੜਉ ਸਾਰੰਗ ਪਾਣਿ ਸਬਾਇ॥
ਹੀਰੇ ਹੀਰਾ ਬੇਧਿਆ ਨਾਨਕ ਕੰਠਿ ਸਮਾਇ॥

'ਤਬ ਗੁਰੂ ਬਾਬੇ ਕਹਿਆ... ਪਰਮੇਸਰ ਜਿ ਹੈ ਸਿ ਅਲਗੋ ਕਹਦੇ ਹੈਨਿ ਅਲਗ ਕਉ... ਪਰਮੇਸਰ ਤੁਮ ਤੇ ਅਲਗ ਨਾਹੀ ਤੁਮਰੈ ਹੀ ਮਾਹਿ ਹੈ। ਮਧੂਕੜੋ ਕਹਦੇ ਹੈਨਿ ਤੁਝਹੀ ਮਾਹਿ ਹੈ ... ਪਰਮੇਸਰ ਤੁਮ ਤੇ ਭਿੰਨ ਨਾਹੀ ਸਦਾ ਸਰਬਦਾ ਤੁਮਾਰੇ ਸੰਗਿ ਤੁਮ ਹੀ ਮਹਿ ਰਹਦਾ ਹੈ। ਸਾਰਗ ਪਾਣਿ ਕਹੀਐ ਠਾਕੁਰ ਸੁ ਸਾਰਗ ਪਾਨਿ ਠਾਕੁਰ ਸਭਨਹੁ ਘਟਹੁ ਮਹਿ ਸਮਾਇ ਰਹਿਆ ਹੈ। ਪਰਮੇਸਰ ਕੀ ਠਵਰ ਏਹਾ ਹੈ। ਇਸ ਹੀ ਠਵਰ ਮਹਿ ਪਰਮੇਸਰ

ਕਾ ਬਾਸਾ ਹੈ। ਭਾਈ ਰਾਮ ਜਨਹੁ ਜੀ। ਪਾਈਐ ਜਿ ਕਉ ਕਹਿ ਪਾਇਐ। ਹੀਅਰਾ ਹੈ ਸੁ ਮਨੁ ਹੈ ਅਪਨਾ ਪਰਮੇਸੁਰ ਸਿਉ ਲਗਾਇਆ। ਜਬ ਪਰਮੇਸਰ ਕੇ ਨਾਮ ਸਾਥਿ ਤੇਰਾ ਮਨੁ ਬੇਧਿਐਗਾ ਤਾਂ ਤੂੰ ਪਰਮੇਸਰ 'ਸਿਉ ਮਿਲਹਿਗਾ।'[49]

ਕਈ ਥਾਈਂ ਲੇਖਕ ਨੇ ਪਉੜੀ ਦੀਆਂ ਵਿਸ਼ੇਸ਼ ਮਹੱਤ੍ਵਪੂਰਨ ਸਤਰਾਂ ਅੱਡ ਅੱਡ ਕਰਕੇ ਵੀ ਉਨ੍ਹਾਂ ਦੀ ਵਿਆਖਿਆ ਕੀਤੀ ਹੈ ਤਾਂ ਕਿ ਹਰ ਸਤਰ ਵਿਚ ਆਇਆ ਵਿਚਾਰ ਸਪਸ਼ਟ ਹੋ ਸਕੇ। 'ਜਪੁ' ਦੀ ਵਿਆਖਿਆ ਕਰਦਿਆਂ ਇਹ ਢੰਗ ਵਧੇਰੇ ਅਪਣਾਇਆ ਹੈ ਜਿਵੇਂ:

ੳ) "ਹੁਕਮੀ ਹੋਵਨਿ ਅਕਾਰ ਹੁਕਮੁ ਨ ਕਹਿਆ ਜਾਈ॥

ਤਿਸ ਕਾ ਪਰਮਾਰਥ। ਹੁਕਮ ਤਉ ਸਹੀ ਹੋਇਆ ਜਿ/ਅਕਾਰ ਕਰਹੁ ਸਿਰਸਟਿ ਸੰਸਾਰ ਰਚਹੁ। ਪਰ ਮੇਰੇ ਬੂਤੇ ਏਹ ਭੀ ਨਾਹੀ ਕਹਿਆ ਜਾਂਦਾ ਹੈ ਜਿ ਕਿਤਨਾ ਕੁ ਹੁਕਮ ਹੋਇਆ ਜਿ ਏਵ ਇਤਨਾ ਕਰਹੁ।

'ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ॥

'ਤਿਸ ਕਾ ਪਰਮਾਰਥ। ਹੁਕਮ ਹੀ ਸਾਥਿ ਚਉਰਾਸੀਹ ਲਖ ਜੀਆਂ ਦੀ ਜੂਨੀ ਪੈਦਾ ਹੋਈ ਅਰੁ ਹੁਕਮ ਹੀ ਸਾਥਿ ਵਡਿਆਈ ਲਾਗੀ ਮਿਲਣ।'. .. ।[50]

ਅ) ਮੈਂਞ ਕੁਚਜੀ ਅੰਮਾਵਣਿ ਡੋਸੜੇ ਹਉ ਕਿਉ ਸਹੁ ਰਾਵਣ ਜਾਉ ਜੀਉ॥

ਤਿਸ ਕਾ ਪਰਮਾਰਥ। ਮੈ ਜਿ ਹਾਂ ਸਿ ਕੁਚੱਜੀ ਹਾਂ, ਦੋਸਾ ਭਰੀ ਹਾਂ, ਲਉਬਾਲੀ ਦਰਗਾਹ ਸਾਹਿਬ ਦਾ ਪਾਕੁ ਹੈ। ਮੈਂ ਖਾਕ ਬੰਦਾ ਨਾਨਕ ਹਾਂ। ਮੈ ਜਿ ਸਾਹਿਬ ਦਾ ਮਹਲੁ ਪਾਈਂ ਸਿ ਕਿਉਂ ਕਰਿ ਪਾਈ।

ਉਥੈ ਇਕ ਦੂ ਇਕਿ ਚੜਦੀਆਂ ਕਉਣ ਜਾਣੈ ਮੇਰਾ ਨਾਉ ਜੀਉ॥

ਤਿਸ ਕਾ ਪਰਮਾਰਥ। ਹੋਰੁ ਈਵ ਭੀ ਨਾਹੀ ਜਿ ਇਕਾ ਹੋਵੈ ਸੇਵਕੁ ਹਾਂ। ਲਉਬਾਲੀ ਦਰਗਾਹ ਇਕ ਦੂ ਇਕਿ ਚੜਦੇ ਹੈਨਿ ਮੈਨੋ ਕਉਣ ਜਾਣੈ ਜਿ ਤੂ ਕਉਣ ਹੈ। ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ:

ਜਿਨੀ ਸਖੀ ਸਹੁ ਰਾਵਿਆ ਸੇ ਅੰਬੀ ਛਾਵੜੀਏਹ ਜੀਉ॥

ਤਿਸ ਕਾ ਪਰਮਾਰਥ ਅਰੁ ਜਿ ਸਾਹਿਬ ਆਇਆ ਹੈ ਸੋ ਪਈਆ ਜਉ ਕਲੋਲਾਂ ਕਰਦੀਆਂ ਹੈਨਿ ਤਿਨਾਂ ਦਾ ਕਿਛੁ ਮਿਤਿ ਮਿਰਜਾਦਾ ਨਾਹੀ।[51]

---

49. ਜ. ਗੁ.ਨਾ., ਭਾਗ ਪਹਿਲਾ, ਪੰਨਾ 351.
50. ਉਹੀ, ਭਾਗ ਦੂਜਾ, ਪੰਨਾ 264.
51. ਉਹੀ, ਭਾਗ ਦੂਜਾ, ਪੰਨਾ 264.

ਇਉਂ ਵਿਆਖਿਆ ਸਮੇਂ ਉਸ ਨੇ ਬਾਣੀ ਦੀ ਇਕ ਇਕ ਪਉੜੀ ਜਾਂ ਇਕ ਇਕ ਸ਼ਲੋਕ ਲੈ ਕੇ ਉਸ ਦੀ ਵਿਆਖਿਆ ਕਰਨ ਦਾ ਸਿੱਧਾ ਢੰਗ ਅਪਣਾਇਆ ਹੈ। ਇਸ ਤਰ੍ਹਾਂ ਕਰਨ ਨਾਲ ਹਰ ਬਾਣੀ ਦੇ ਭਾਵ ਲੜੀ ਵਾਰ ਉਘੜ ਕੇ ਸੁਪਸ਼ਟ ਹੋ ਸਕੇ ਹਨ। ਪਰ ਔਖੀਆਂ ਅਤੇ ਗੰਭੀਰ ਦਾਰਸ਼ਨਿਕ ਰਚਨਾਵਾਂ ਦੀਆਂ ਪਉੜੀਆਂ ਲੈਣ ਦੀ ਥਾਂ, ਇਕ ਇਕ, ਦੋ ਦੋ ਸਤਰਾਂ ਜਾਂ ਇਕ ਇਕ ਸ਼ਲੋਕ ਲੈ ਕੇ, ਵਿਆਖਿਆ ਰਾਹੀਂ ਅਰਥ ਸਪਸ਼ਟ ਕੀਤੇ ਹਨ। 'ਜਪੁ' ਵਰਗੀ ਗੰਭੀਰ ਦਾਰਸ਼ਨਿਕ ਤੇ ਅਧਿਆਤਮਿਕ ਬਾਣੀ ਦੀ ਵਿਆਖਿਆ ਸਮੇਂ, ਲੇਖਕ ਇਹ ਢੰਗ ਅਪਣਾ ਕੇ ਵਿਆਖਿਆ ਨਾਲ ਪੂਰਾ ਨਿਆਂ ਕਰ ਸਕਿਆ ਹੈ।[52]

ਪਰ ਕਈ ਕਈ ਥਾਈਂ ਲੇਖਕ ਨੇ ਸਬੰਧਤ ਸਤਰਾਂ ਦੀ ਵਿਆਖਿਆ ਬੜੇ ਸੰਖੇਪ ਅਤੇ ਸੁੰਦਰ ਢੰਗ ਨਾਲ ਇਉਂ ਕੀਤੀ ਹੈ ਕਿ ਸੰਖੇਪਤਾ ਦੇ ਹੁੰਦਿਆਂ ਵੀ ਸਤਰਾਂ ਦੇ ਮੂਲ ਭਾਵ ਪੂਰੀ ਤਰ੍ਹਾਂ ਸਪਸ਼ਟ ਹੋ ਜਾਂਦੇ ਹਨ ਜਿਵੇਂ ਇਕ ਥਾਂ ਅਜਿਹੀ ਵਿਆਖਿਆ ਇਸ ਪ੍ਰਕਾਰ ਹੈ:-

ੳ) "ਸੁਇਨਾ ਰੁਪਾ ਰੰਗੁਲਾ ਮੋਤੀ ਤੈ ਮਾਣਿਕੁ ਜੀਉ॥
ਸੇ ਵਸਤ ਸਹਿਤ ਦਿਤੀਆਂ ਮੇ ਤਿਨ ਸਿਉ ਲਾਇਆ ਚਿਤੁ ਜੀਉ।"

ਤਿਸ ਕਾ ਪਰਮਾਰਥ। ਸੁਇਨਾ ਰੁਪਾ ਮੋਤੀ ਮਾਣਕ ਜਿ ਪਰਮੇਸੁਰ ਦਾਤਿ ਕੀਤੀ ਸੁ ਮੇਰਾ ਧਿਆਨੁ ਉਨ੍ਹਾਂ ਸਾਥਿ ਲਗਿ ਗਇਆ ਪਰਮੇਸਰੁ ਭੂਲਿ ਗਇਆ।"[53]

ਅ) ਲੋਚਨ ਤਾਰ ਲਲਤਾ ਬਿਲਲਾਤੀ ਦਰਸਨ ਪਿਆਸ ਰਜਾਈ।
ਤਿਸ ਕਾ ਪਰਮਾਰਥ। ਮਾਤਾ ਜੀ। ਅਖੀ ਤਉ ਦਰਸਨ ਕੀ ਭੂਖ ਹੈ। ਪਰਮੇਸਰ ਕੇ ਨਾਮ ਧਿਆਨ ਮਹਿ ਰਹਤੀਆ ਹੈ, ਅਰੁ ਲਲਿਤਾ ਜਿ ਮੇਰੀ ਜਿਹਬਾ ਹੈ ਸਿ ਪਰਮੇਸੁਰ ਕੇ ਨਾਮ ਕਉ ਬਿਲਲਾਤੀ ਹੈ।[54]

ੲ) ਪ੍ਰਿਅ ਬਿਨੁ ਸੀਗਾਰੁ ਕਰੀ ਤੇਤਾ ਤਨੁ ਤਪੈ ਕਾਪਰੁ ਅੰਗਿ ਨ ਸੁਹਾਈ॥
ਤਿਸ ਕਾ ਪਰਮਾਰਥ। ਜਿਉ ਇਸਤ੍ਰੀ ਕਉ ਸੀਗਾਰੁ ਭਰਤੇ ਬਿਨਾ ਬਿਰਥੇ ਹੈ। ਤਿਉ ਨਾਮ ਸਿਮਰਣ ਬਿਨੁ ਜੀਵਣੁ ਮਨੁਖ ਕਾ ਬਿਰਥਾ ਹੈ। ਜਿਉ ਭਰਤੇ ਬਿਨਾ ਬਸਤ੍ਰ ਇਸਤ੍ਰੀ ਕਉ ਨਾਹੀ ਸੁਹਾਤੇ ਤਿਉ ਮੁਝ ਕਉ ਆਪਣੇ ਸਾਹਿਬ ਬਿਨਾ ਨੀਂਦ ਅਰੁ ਭੂਖ ਨਾਹੀ ਸੁਹਾਤੀ।[55]

---

52. ਉਹੀ, ਪੰਨਾ 268-69.
53. ਉਹੀ, ਭਾਗ ਪਹਿਲਾ, ਪੰਨਾ 282.
54. ਉਹੀ, ਭਾਗ ਪਹਿਲਾ, ਪੰਨਾ 59.
55. ਉਹੀ.

ਮਿਹਰਵਾਨ ਦੇ ਟੀਕਿਆਂ ਨੂੰ ਦੇਖਦਿਆਂ ਉਸ ਵਿਚ ਕੁਝ ਨੁਕਸ ਨਜ਼ਰ ਆਉਂਦੇ ਹਨ।

ਅਧਿਆਤਮਕ ਬਾਣੀ ਵਿਚ, ਚਿੰਨ੍ਹਾਂ ਅਤੇ ਪ੍ਰਤੀਕਾਂ ਦੀ ਸਹਾਇਤਾ ਨਾਲ ਸੂਖਮ ਵਿਚਾਰਾਂ ਨੂੰ ਪੇਸ਼ ਕੀਤਾ ਹੁੰਦਾ ਹੈ, ਇਸ ਲਈ ਟੀਕਾ ਕਰਦਿਆਂ ਬਾਣੀ ਵਿਚਲੇ ਚਿੰਨ੍ਹਾਂ ਨੂੰ ਸਮਝ ਕੇ ਉਨ੍ਹਾਂ ਦੀ ਠੀਕ ਵਿਆਖਿਆ ਕਰਨ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ। ਲੇਖਕ ਨੇ ਭਾਵੇਂ ਨਾਨਕ ਬਾਣੀ ਵਿਚ ਥਾਂ ਥਾਂ ਆਏ ਚਿੰਨ੍ਹਾਂ ਦੀ ਅਕਸਰ ਠੀਕ ਅਤੇ ਸੁੰਦਰ ਵਿਆਖਿਆ ਕੀਤੀ ਹੈ ਪਰ ਕਿਤੇ ਕਿਤੇ ਉਹ ਬਾਣੀ ਵਿਚ ਆਏ ਚਿੰਨ੍ਹਾਂ ਨੂੰ ਠੀਕ ਨਾ ਸਮਝਦਿਆਂ ਸੰਬੰਧ ਸਤਰਾਂ ਦੀ ਗਲਤ ਅਪਸ਼ਟ ਜਾਂ ਅਧੂਰੀ ਵਿਆਖਿਆ ਕਰਦਾ ਹੈ ਕਈ ਥਾਈਂ ਪਰਮਾਤਮਾ ਲਈ ਵਰਤੇ ਰਾਮ ਚਿੰਨ ਦੀ ਵਿਆਖਿਆ ਕਰਦਿਆਂ ਰਾਮ ਅਵਤਾਰ ਦੀ ਉਪਾਸ਼ਨਾ ਸ਼ੁਰੂ ਕਰ ਦੇਂਦਾ ਹੈ ਜਿਵੇਂ:

ੳ) "ਪੰਚ ਪਰਵਾਣ ਪੰਚ ਪ੍ਰਧਾਨ" ਦੇ ਅਰਥ ਕਰਦਿਆਂ ਪੰਚ ਸ਼ਬਦ ਦੇ ਹੀ ਗਲਤ ਅਰਥ ਦਸਦਿਆਂ ਪੰਚ ਤੋਂ ਪੰਜ ਤੱਤਾਂ ਦਾ ਭਾਵ ਲੈਂਦਿਆਂ ਇਉਂ ਲਿਖਿਆ ਹੈ ਕਿ

"ਪੰਚ ਜਿ ਹੈ ਸਿ ਕਵਨੁ ਹੈ॥੧॥ ਅਪੁ॥੧॥ ਤੇਜ॥੧॥ ਪ੍ਰਿਥਵੀ॥੧॥ ਬਾਈ॥੧॥ ਅਕਾਸੁ॥ ਏਹ ਪੰਚ ਤਤ ਹੈ। ਸੁ ਏਈ ਪੰਚ ਪਰਵਾਨ ਹੈ॥ ਅਰੁ ਏਈ ਪੰਚ ਪਰਧਾਨ ਹੈ।[56]

ਅ) ...ਤਬ ਗੁਰੂ ਬਾਬੈ ਨਾਨਕ ਜੀ ਕਹਿਆ ਜਿ ਸੁਣਿਹੋ ਭਾਈ ਰਾਮ ਜਨਾਂ ਜੀ ਜੋ ਕੋਈ ਰਾਮ ਜੀ ਕਾ ਭਗਤੁ ਸੇਵਕੁ ਸੰਤ ਹੈ ਸੋ ਤਿਸ ਕਉ ਦੁਖ ਕੋਈ ਨਾਹੀ ਲਾਗਤਾ...ਜੁ ਕੋਈ ਸ੍ਰੀ ਰਾਮ ਚੰਦੁ ਜੀ ਕਾ ਨਾਮੁ ਲਿਵ ਧਿਆਨ ਮਹਿ ਰਹੈ ਅਰੁ ਜਾਗੈ ਸੋ॥ ਸ੍ਰੀ ਰਾਮ ਚੰਦ ਜੀ ਕਾ ਨਾਮੁ ਉਚਾਰੁ ਲੈਗਾ ਸ੍ਰੀ ਰਾਮ ਚੰਦ ਕਾ ਸਿਮਰਨੁ ਕਰੈਗਾ ਸੋ ਈਹਾਂ ਭੀ ਖਲਾਸ ਅਰੁ ਆਗੈ ਭੀ ਖਲਾਸੁ॥[57]

ੲ) ਗਗਨ ਮੈ ਥਾਲੁ ਰਵਿ ਚੰਦ ਦੀਪਕ ਬਨੇ, ਤਾਰਿਕਾ ਮੰਡਲ ਜਨਕ ਮੋਤੀ।
ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥...
ਤਿਸ ਕਾ ਪਰਮਾਰਥ।... ਹੇ ਸ੍ਰੀ ਪਾਰਬ੍ਰਹਮ ਜੀ। ਗਗਨੁ ਅਰ ਧਰਤੀ ਜਿ ਹੈ ਸਿ ਏਹਿ ਤੇਰੇ ਥਾਲ ਹੈ। ਸੂਰਜ ਅਰੁ ਚੰਦ ਜਿ ਹੈ ਸਿ ਇਹ ਤੇਰੇ ਦੀਪਕ ਹੈ। ਤਾਰੇ ਮੰਡਲੁ ਜਿ ਹੈ ਸਿ ਏਹਿ ਤੇਰੇ ਮੋਤੀ ਹੈ। ਅਰੁ ਧੂਪੁ ਜਿ ਹੈ ਸਿ ਬਸੰਤਰ ਹੈ। ਮਣਿ ਕੀ ਚਵਰ ਮੇਰਾ ਮਨ ਤੇਰੈ ਆਗੈ ਹੈ।... ਅਠਾਰਹ ਭਾਰ

56. ਉਹੀ, ਭਾਗ ਦੂਜਾ, ਪੰਨਾ 273.

57. ਜ. ਗੁ. ਨਾ., ਭਾਗ ਪਹਿਲਾ, ਪੰਨਾ 177.

ਵਣਾਸਪਤੀ ਜਿ ਹੈ ਜਿ ਏਹੁ ਤੇਰੀ ਫੁਲਵਾੜੀ ਹੈ, ਏਹਿ ਫੂਲ ਹੈ।[58]

ਐਸੇ ਉਪਰੋਕਤ ਪਹਿਰੇ ਵਿਚ ਹੀ ਦੇਖ ਲੇਖਕ ਬਿੰਬ ਨੂੰ ਪੂਰਨ ਤੌਰ ਤੇ ਨਾ ਸਮਝਦਿਆਂ ਹੋਇਆਂ ਇਨ੍ਹਾਂ ਮੂਲ ਸਤਰਾਂ ਵਿਚਲੀ ਕਾਵਿ ਸੁੰਦਰਤਾ ਨੂੰ ਪਰਮਾਰਥਾਂ ਵਿਚ ਨਹੀਂ ਉਘਾੜ ਸਕਿਆ। ਗਗਨ ਦੇ ਨਾਲ ਨਾਲ ਧਰਤੀ ਨੂੰ ਵੀ ਥਾਲ ਕਹਿਣਾ ਗਲਤ ਹੈ। ਜਨਕ ਸ਼ਬਦ ਨੂੰ ਛੁਹਿਆ ਹੀ ਨਹੀਂ ਅਤੇ ਮਲਆਨਲੋ ਦੇ ਬਿੰਬ ਨੂੰ ਵੀ ਉਹ ਉਘਾੜ ਨਹੀਂ ਸਕਿਆ। ਇਉਂ, ਇਨ੍ਹਾਂ ਸਤਰਾਂ ਵਿਚਲੇ ਬੜੇ ਸੁੰਦਰ, ਮਨੋਹਰ ਤੇ ਜੀਵਨ ਚਿੱਤਰ ਨੂੰ ਉਹ ਆਪਣੇ ਪਰਮਾਰਥਾਂ ਵਿਚ ਉਘਾੜਨ ਤੋਂ ਅਸਮਰੱਥ ਰਿਹਾ ਹੈ।

ਇਨ੍ਹਾਂ ਤੋਂ ਇਲਾਵਾ ਉਹ ਕਈ ਥਾਈਂ ਔਖੇ ਜਾਂ ਬਹੁਅਰਥੀ ਸ਼ਬਦਾਂ ਦੇ ਗਲਤ ਅਰਥ ਕਰਕੇ, ਵਿਆਖਿਆ ਵਿਚ, ਮੂਲ ਸਤਰਾਂ ਦੇ ਭਾਵ ਹੀ ਧੁੰਧਲੇ ਕਰ ਗਿਆ ਹੈ ਜਿਵੇਂ:

ੳ) 'ਗਿਆਨ ਖੰਡ ਮਹਿ ਗਿਆਨ ਪਰਚੰਡ ॥' ਸਤਰ ਦਾ ਟੀਕਾ ਕਰਦਿਆਂ 'ਪਰਚੰਡ' ਸ਼ਬਦ ਦੇ ਗਲਤ ਅਰਥ ਇਉਂ ਕਰਦਾ ਹੈ:-

"ਗਿਆਨ ਖੰਡ ਭੀ ਅਤੈ ਪਰਚੰਡ ਖੰਡ ਹੈ। ਤਿਸ ਮਹਿ ਗਿਆਨ ਬਾਪਰਦਾ ਹੈ॥ ਤਿਸਿ ਪਰਚੰਡ ਖੰਡ ਮਹਿ ਬਿਗਿਆਨੀ ਰਹਤੇ...।[59]

ਅ) ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ।' ਸਤਰ ਦਾ ਟੀਕਾ ਕਰਦਿਆਂ ਅਸੁਲੂ ਦੇ ਗਲਤ ਅਰਥ ਇਉਂ ਕੀਤੇ ਹਨ:

"...ਸੁ ਸਹਸ ਅਠਾਰਹ ਆਲਮਾਂ ਦੇ ਕਤੇਬਾਂ ਕਹਹਿ ਤਾਂ ਅਸੁ ਰੋਮ ਇਕ ਧਾਤੁ। ਸੁ ਅਸ ਕਹੀਐ ਘੋੜਾ ਰੋਮ ਕਹੀਐ ਘੋੜੇ ਦਾ ਇਕੁ ਲੂਉ। ਤਿਸੁ ਇਕਸੁ ਰੋਮ ਕੇ ਕਰੋੜਵੇਂ ਭਾਉ ਕੀ ਮਿਤ ਕਹਿ ਨ ਸਕਨੀ ਤਾਂ ਹੋਰਨਾਂ ਰੋਮਾਂ ਅਸੁ ਦੇ ਕੀ ਮਹੀਅਤਿ ਵਰਨੀਐ। ਜਾਂ ਇਕਸੁ ਰੋਮ ਕੇ ਕਰੋੜਵੇਂ ਭਾਉ ਨੋ ਵਰਨਿ ਨ ਸਕਨੀ।[60]

ੲ) 'ਗਾਵੈ ਕੋ ਸਾਜਿ ਕਰੇ ਤਨੁ ਖੇਹ।' ਦੇ ਅਰਥ ਇਉਂ ਕਰਦਾ ਹੈ ਕਿ:

'ਇਕਿ ਏਕ ਕਰਿ ਕਰਿ ਪਰਮੇਸੁਰ ਕਉ ਗਾਂਵਦੇ ਹੈਨਿ ਜਿ ਦੇਹੀ ਕਉ ਸਾਧਿ ਸਾਧਿ ਬਿਭੂਤ ਲਗਾਇ ਲਗਾਇ। ਏਤੁ ਰੂਪ ਪਰਮੇਸਰ ਨੂੰ ਧਿਆਵਦੇ ਹੈਨਿ।[61]

---

58. ਉਹੀ, ਪੰਨਾ 212.
59. ਉਹੀ, ਭਾਗ ਦੂਜਾ, ਪੰਨਾ 295.
60. ਉਹੀ, ਪੰਨਾ 230.
61. ਉਹੀ, ਪੰਨਾ 265.

ਸ) "ਸੋਤੀ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ॥
ਹੈ ਭੀ ਹੋਸੀ ਜਾਇ ਨ ਜਾਸੀ ਰਚਨਾ ਜਿਨਿ ਰਚਾਈ।' ਦਾ ਟੀਕਾ ਇਉਂ ਕੀਤਾ ਹੈ
"...ਹੇ ਪਾਰਬ੍ਰਹਮ। ਤੇਰੇ ਦਰਿ ਜੋ ਵਾਜੇ ਵਜੰਤ੍ਰ ਨਾਦ ਅਨੇਕ ਅਸੰਖ ਹੈਂ ਸਿ ਤਿਨ ਕੀ ਕਿਛੁ ਕੀਮਤਿ ਨਾਹੀ; ਅਰ ਤਿਨਾ ਵਾਜੰਤ੍ਰਾ ਦੇ ਵਜਾਵਣਹਾਰੇ ਭੀ ਅਨੇਕ ਅਸੰਖ ਹੈ ਸਿਰ ਰਾਗ ਪਰੀਆ ਜਿ ਹੈ ਸਿ ਏਹ ਭੀ ਅਸੰਖ ਹੈਂ...ਇੰਦ੍ਰ ਜਿ ਹੈ ਸਿ ਇੰਦ੍ਰਾਸਨਿ ਬੈਠਾ ਗਾਵਦਾ ਹੈ...ਸੁਰਗ ਮਧ ਪਇਆਲੇ ਤ੍ਰੈਏ ਲੋਕ ਜਿ ਹੈ ਸੇ ਗਾਵਦੇ ਹੈਨਿ। ਰਤਨ ਜਿ ਉਪਜਾਏ ਪਰਮੇਸੁਰ ਸੇ ਗਾਂਵਦੇ ਹੈਨਿ। ਅਰੁ ਤੀਰਥੁ ਜਿ ਹੈ ਅਠਸਠਿ ਸੇ ਓਇ ਪਰਮੇਸਰ ਨੋ ਗਾਂਵਦੇ ਹੈਨਿ...।"[62]

ਮਿਹਰਵਾਨ ਰਚਿਤ ਟੀਕੇ ਵਿਚ ਅਸਪਸ਼ਟਤਾ ਆਉਣ ਦਾ ਇਕ ਹੋਰ ਕਾਰਨ ਇਹ ਹੈ ਕਿ ਉਸ ਨੇ ਟੀਕਾ ਕਰਦਿਆਂ ਬਹੁਤੀ ਥਾਂਈਂ ਬਾਣੀ ਦੀ ਮੂਲ ਸ਼ਬਦਾਵਲੀ ਨੂੰ ਹੀ ਵਰਤ ਲਿਆ ਹੈ। ਇਸ ਤਰ੍ਹਾਂ ਔਖੇ ਅਤੇ ਚਿੰਨ੍ਹਾਤਮਕ ਸ਼ਬਦਾਂ ਦੇ ਅਰਥ ਸਪਸ਼ਟ ਨਾ ਹੋ ਸਕਣ ਕਾਰਨ ਟੀਕੇ ਵਿਚ ਅਸਪਸ਼ਟਤਾ ਆ ਗਈ ਹੈ ਜਿਵੇਂ:

ੳ) "ਆਖਹਿ ਦਾਨਵ ਆਖਹਿ ਦੇਵ। ਆਖਹਿ ਸੁਰਿ ਨਰ ਮੁਨਿ ਜਨ ਸੇਵ। ...ਦਾਨਵ ਜਿ ਹੈ ਸਿ ਕਹਤੇ ਹੈਂ ਪਰਮੇਸੁ ਕੇ ਗੁਣ। ਸਭੁ ਨਰ ਦੇਵਤੇ ਜਿ ਹੈਂ ਸੇ ਕਹਤੇ ਹੈਂ ਪਰਮੇਸੁਰ ਕੇ ਗੁਣ। ਮੁਨਿ ਜਨ ਜਿ ਹੈ ਸਿ ਕਹਤੇ ਹੈਂ ਪਰਮੇਸੁਰ ਕੇ ਗੁਣ। ਸੁਰਿ ਨਰ ਮੁਨਿ ਜਨ ਜਿ ਹੈਂ ਸਿ ਸਦਾ ਸਰਬਦਾ ਸੇਵਾ ਕਰਤੇ ਹੈਂ ਅਰੁ ਗੁਣ ਕਹਤੇ ਹੈਂ।[63]

ਅ) 'ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ॥
ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ...।"

'ਹੇ ਸ੍ਰੀ ਗੋਰਖ ਨਾਥ ਜੀ ਜੇ ਚਾਰੇ ਜੁਗ ਆਰਜਾ ਹੋਇ ਅਤੇ ਜੇ ਏਹੋ ਜੇਹੇ ਹੋਰ ਦਸੂਣੇ ਜੁਗ ਹੋਵਨਿ ਅਤੇ ਨਵਾ ਖੰਡਾ ਕੀ ਪਾਤਿਸਾਹੀ ਹੋਇ ਅਰੁ ਜਿਤਨੀ ਪੈਦਾਇਸਿ ਹਇ ਸਿ ਸਭ ਏਸੁ ਦੇ ਪਿਛੈ ਲਗੀ ਫਿਰੇ।...।[64]

ਕਈ ਥਾਂਈਂ ਉਸ ਵੱਲੋਂ ਕੀਤੇ ਗਏ ਅਰਥਾਂ ਵਿਚ ਸਪਸ਼ਟ ਰੂਪ ਵਿਚ ਭਿੰਨਤਾ ਵੀ ਨਜ਼ਰ ਆਉਂਦੀ ਹੈ ਜਿਵੇਂ ਇਕ ਥਾਂ ਲੇਖਕ /ਕਵਾਉ/ ਸ਼ਬਦ ਨੂੰ ਅਰਬੀ ਸ਼ਬਦ ਕਿਰਿਆ ਮ- ਕਿਦਾ ਕਿਵਾਉ-ਕਵਾਉ ਤੋਂ ਵਿਉਤਪਨ ਸਿਧ ਕਰ ਕੇ ਇਸ ਦਾ ਅਰਥ ਰਲਾਉਣਾ (*mixture*) ਕੀਤਾ ਹੈ;

---

62. ਉਹੀ, ਪੰਨਾ 283.
63. ਉਹੀ, ਪੰਨਾ 285.
64. ਉਹੀ, ਪੰਨਾ 270.

ਬੋਲ, ਸ਼ਬਦ ਜਾਂ ਹੁਕਮ ਨਹੀਂ।[65] ਇਸ ਲਈ ਉਹ ਇਸ ਅੱਖਰ ਦੀ ਇਉਂ ਵਿਆਖਿਆ ਕਰਦਾ ਹੈ:

ਕੀਤਾ ਪਸਾਉ ਏਕੋ ਕਵਾਉ।
ਤਿਸ ਤੇ ਹੋਏ ਲਖ ਦਰੀਆਉ।

ਗੁਰੂ ਬਾਬਾ ਨਾਨਕ ਕਹਤਾ ਹੈ ਇਤਨਾ ਕੁ ਸੰਜਮ ਪਹਿਲੇ ਹੀ ਪਰਮੇਸੁਰ ਕੀਆ ਹੈ। ਮਾਸਾ ਪਉਣ॥1॥ ਮਾਸਾ ਪਾਣੀ॥1॥ ਮਾਸਾ ਅਗਨਿ॥1॥ ਮਾਸਾ ਧਰਤੀ ਏਹ ਚਾਰੇ ਮਾਸੇ ਕੀਏ। ਤਿਸ ਕਾ ਏਕ ਕਵਾਉ ਹੋਇਆ। ਏਹੁ ਏਕੁ ਕਵਾਉ ਪੈਦਾ ਕੀਤੋਨ। ਇਸਿ ਪੈਦਾਇਸ ਨੇ ਤਿਸਿ ਕਵਾਇ ਥੀ ਕਈ ਲੋਅ ਕਈ ਆਕਾਸ ਕਈ ਪਾਤਾਲ ਕਈ ਲਖ ਦਰੀਆਵ।..।[66]

ਕਈ ਥਾਈਂ ਲੇਖਕ ਮੂਲ ਸਤਰਾਂ ਵਿਚਲੇ ਭਾਵਾਂ ਨੂੰ ਠੀਕ ਰੂਪ ਵਿਚ ਨਾ ਸਮਝਦਾ ਹੋਇਆ ਅਢੁਕਵੀਂ ਵਿਆਖਿਆ ਵੀ ਕਰ ਗਿਆ ਹੈ ਜਿਵੇਂ:

'ਜੇਤਾ ਸਬਦੁ ਸੁਰਤਿ ਧੁਨਿ ਤੇਤੀ ਜੇਤਾ ਰੂਪੁ ਕਾਇਆ ਤੇਰੀ।'

ਤੂ ਆਪੇ ਰਸਨਾ ਆਪੇ ਬਸਨਾ ਅਵਰੁ ਨ ਦੂਜਾ ਕਹਉ ਮਾਈ। ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ ਸੁਨਹੁ ਭਾਈ ਰਾਮ ਕੇ ਜਿਤਨੇ ਸਬਦੁ ਕੋਈ ਬੋਲਤਾ ਹੈ ਸੁ ਸੁਰਤਿ ਅਰੁ ਰਾਗ ਧੁਨਿ ਮਹਿ ਬੋਲਤਾ ਹੈ। ਜੇਤਾ ਸਬਦੁ ਹੈ ਸੁ ਰਾਗ ਅਰ ਧੁਨਿ ਮਹਿ ਹੈ। ਅਰੁ ਜੇਤਾ ਰੂਪ ਕਾਇਆ ਮਹਿ ਹੈ ਸੁ ਏਤਨਾ ਸਭੁ ਪਰਮੇਸੁਰ ਕਾ ਹੈ। ਸਕਲ ਜੀਵ ਜਿ ਹੈ ਸੁ ਪਰਮੇਸੁਰ ਹੀ ਕੀ ਬਾਣੀ ਬੁਲਾਏ ਬੋਲਤੇ ਹੈ। ਸੁਰਤਿ ਉਸ ਦੀ ਰਾਗੁ ਆਪ ਹੈ ਰੂਪੁ ਆਪ ਹੈ। ਕਾਇਆ ਮਾਟੀ ਪਾਣੀ ਅਰੁ ਪਉਨ ਕੀ ਹੈ ਸੁ ਉਹੁ ਭੀ ਆਪੇ ਹੈ ਪਰ ਅੰਸ ਕਰਿ ਕਰਿ ਹੈ। ਅਰ ਰੰਗ ਅਰੁ ਰੂਪੁ ਜਿ ਹੈ ਸਿ ਇਹ ਪਰਮੇਸੁਰ ਕਾ ਹੈ। ਪਰਮੇਸਰ ਜਿ ਹੈ ਸਿ ਆਪੇ ਰਸਨਾ ਕਰਿ ਕਰਿ ਬੋਲਤਾ ਹੈ।...।[67]

ਮੂਲ ਬਾਣੀ ਵਿਚ ਵਰਤੇ ਗਏ ਪ੍ਰਾਕ੍ਰਿਤ ਅਤੇ ਅਪਭ੍ਰੰਸ਼ ਦੇ ਸ਼ਬਦਾਂ ਨੇ ਵੀ ਕਈ ਥਾਈਂ ਲੇਖਕ ਨੂੰ ਵਿਆਖਿਆ ਕਰਨ ਸਮੇਂ ਉਲਝਾ ਦਿੱਤਾ ਹੈ। ਇਉਂ ਲੇਖਕ ਕਈ ਅਜਿਹੀਆਂ ਥਾਵਾਂ ਤੇ ਭਟਕ ਗਿਆ ਪ੍ਰਤੀਤ ਹੁੰਦਾ ਹੈ। ਗੁਰਬਾਣੀ ਦਾ ਵਿਸ਼ਾਲ ਅਤੇ ਡੂੰਘਾ ਗਿਆਨ ਹੁੰਦਿਆਂ ਹੋਇਆਂ ਵੀ ਕਿਤੇ ਕਿਤੇ ਲੇਖਕ ਦੀ ਬਾਣੀ ਉਤੇ ਪਕੜ ਢਿੱਲੀ ਹੁੰਦੀ ਪ੍ਰਤੀਤ ਹੁੰਦੀ ਹੈ।[68]

---

65. ਪਿਆਰ ਸਿੰਘ, ਡਾ: "ਸ੍ਰੀ ਗੁਰੂ ਗ੍ਰੰਥ ਸਾਹਿਬ ਪਰਯਾਯ, ਕੋਸ਼ ਤੇ ਸ਼ਬਦਾਰਥ", ਨਾਨਕ ਪ੍ਰਕਾਸ਼ 'ਪਤ੍ਰਿਕਾ', ਅੰਕ ਦੂਜਾ, ਦਸੰਬਰ, 1976, ਪੰਨਾ 68.
66. ਉਹੀ, ਭਾਗ ਦੂਜਾ, ਪੰਨਾ 275.
57. ਉਹੀ, ਪੰਨਾ 233.
68. ਉਹੀ, ਪੰਨਾ 85.

ਇਨ੍ਹਾਂ ਰਚਨਾਵਾਂ ਵਿਚ ਲੇਖਕ ਦਾ ਮੂਲ ਉਦੇਸ਼ ਭਾਵੇਂ ਬਾਣੀ ਦਾ ਟੀਕਾ ਕਰਦਿਆਂ, ਉਸ ਦੇ ਪਰਮਾਰਥ ਪੇਸ਼ ਕਰਨਾ ਹੀ ਹੈ ਪਰ ਮਿਹਰਵਾਨ ਗੁਰੂ ਨਾਨਕ ਦਾ ਸ਼ਰਧਾਲੂ ਸਿੱਖ ਹੋਣ ਦੇ ਨਾਤੇ ਅਤੇ ਉਨ੍ਹਾਂ ਦੇ ਵਿਚਾਰਾਂ ਦੇ ਪ੍ਰਚਾਰ ਵਿਚ ਪੈ ਜਾਂਦਾ ਹੈ। ਇਉਂ ਵਿਸ਼ੇਸ਼ ਵਿਚਾਰਾਂ ਉਤੇ ਜ਼ੋਰ ਦੇਣ ਨਾਲ ਜਾਂ ਉਨ੍ਹਾਂ ਨੂੰ ਬਾਰ ਬਾਰ ਦੁਹਰਾਉਣ ਨਾਲ ਵਾਧੂ ਵਿਸਤਾਰ ਆ ਗਿਆ ਹੈ।[69] ਪਰ ਅਜਿਹਾ ਵਾਧੂ ਖਿਲਾਰਾ ਉਸ ਸਮੇਂ ਤਾਂ ਵਧੇਰੇ ਹੀ ਚੁੱਭਵਾਂ ਬਣ ਜਾਂਦਾ ਹੈ ਜਦ ਉਹ ਵਿਆਖਿਆ ਵਿਚ ਅਸਪਸ਼ਟਤਾ ਹੀ ਨਹੀਂ ਲਿਆਉਂਦਾ ਸਗੋਂ ਟੀਕੇ ਨੂੰ ਬੋਝਲ ਵੀ ਬਣਾਉਂਦਾ ਹੈ।[70] ਇਸ ਤੋਂ ਇਲਾਵਾ ਲੇਖਕ ਬਾਣੀ ਵਿਚਲੇ ਸੰਕੇਤਾਂ ਦੇ ਆਧਾਰ ਉਤੇ ਲੰਮੀਆਂ ਲੰਮੀਆਂ ਕਥਾਵਾਂ ਵੀ ਪੇਸ਼ ਕਰਨ ਲਗ ਪੈਂਦਾ ਹੈ ਜਿਸ ਨਾਲ ਪਾਠਕ ਦਾ ਧਿਆਨ ਅਸਲੀ ਟੀਕੇ ਵਲੋਂ ਹਟ ਕੇ ਕਥਾਵਾਂ ਵਿਚ ਹੀ ਉਲਝ ਜਾਂਦਾ ਹੈ।

ਅਵਤਾਰਵਾਦੀ ਤੇ ਕਰਮਕਾਂਡੀ ਦ੍ਰਿਸ਼ਟੀ :

ਗੁਰੂ ਘਰ ਦੇ ਸ਼ਰਧਾਲੂ ਮਿਹਰਵਾਨ ਨੇ ਆਪਣੇ ਪਰਮਾਰਥਾਂ ਵਿਚ ਮੂਲ ਰੂਪ ਵਿਚ ਭਾਵੇਂ ਭਗਤ ਕਬੀਰ, ਗੁਰੂ ਨਾਨਕ ਅਤੇ ਨਿਰਗੁਣ ਧਾਰਾ ਦੇ ਭਗਤਾਂ ਵਲੋਂ ਪ੍ਰਚਾਰੇ ਗਏ ਦਾਰਸ਼ਨਿਕ ਅਤੇ ਅਧਿਆਤਮਿਕ ਵਿਚਾਰਾਂ ਦੀ ਹੀ ਵਿਆਖਿਆ ਕੀਤੀ ਹੈ। ਪਰ ਇਸ ਦੇ ਨਾਲ ਹੀ ਉਸ ਦੀਆਂ ਰਚਨਾਵਾਂ ਵਿਚੋਂ ਅਵਤਾਰਵਾਦੀ ਤੇ ਬ੍ਰਾਹਮਣੀ ਵਿਸ਼ਵਾਸ਼ਾਂ ਦਾ ਪ੍ਰਭਾਵ ਵੀ ਸਪਸ਼ਟ ਰੂਪ ਵਿਚ ਦੇਖਿਆ ਜਾ ਸਕਦਾ ਹੈ। ਕਾਰਨ ਸਪਸ਼ਟ ਹੈ ਕਿ ਮਿਹਰਵਾਨ ਗੁਰੂ ਘਰ ਦਾ ਨਿਕਟਵਰਤੀ ਸ਼ਰਧਾਲੂ ਹੋਣ ਦੇ ਬਾਵਜੂਦ ਵੀ ਸਮਕਾਲੀ ਸਨਾਤਨੀ ਪ੍ਰਭਾਵ ਕਾਰਨ ਕਰਮ-ਕਾਂਡ ਤੇ ਅਵਤਾਰਵਾਦੀ ਸਰਗੁਣ ਵਿਚਾਰਧਾਰਾ ਵਲ ਝੁਕਿਆ ਹੋਇਆ ਹੈ।

ਸਰਗੁਣਵਾਦੀ ਭਗਤ ਕਵੀਆਂ (ਸੂਰ ਅਤੇ ਤੁਲਸੀ ਆਦਿ) ਨੇ ਭਾਵੇਂ ਆਪਣੀਆਂ ਰਚਨਾਵਾਂ ਵਿਚ ਭਗਵਾਨ ਦੇ ਅਵਤਾਰ ਦੀਆਂ ਲੀਲਾਵਾਂ ਨੂੰ ਪੇਸ਼ ਕੀਤਾ ਹੈ। 'ਸੂਰ ਸਾਗਰ' ਕ੍ਰਿਸ਼ਨ ਲੀਲਾਵਾਂ ਦਾ ਅਤੇ 'ਰਾਮ ਚਰਿਤ ਮਾਨਸ' ਰਾਮ ਦੀਆਂ ਲੀਲਾਵਾਂ ਦਾ ਹੀ ਗ੍ਰੰਥ ਹੈ।

ਪਰ ਇਸ ਦੇ ਉਲਟ ਨਿਰਗੁਣਵਾਦੀ ਸੰਤ ਕਵੀਆਂ ਨੇ ਅਵਤਾਰਾਂ ਨੂੰ ਈਸ਼ਵਰ ਦਾ ਸਥੂਲ ਪ੍ਰਤੀਕ ਨਹੀਂ ਮੰਨਿਆ, ਸਗੋਂ ਅਵਤਾਰਾਂ ਦੀ ਨਿਖੇਧੀ ਕੀਤੀ ਹੈ। ਹਾਂ, ਉਨ੍ਹਾਂ ਨੇ ਆਪਣੀ ਕਵਿਤਾ ਵਿਚ ਰਾਮ, ਕ੍ਰਿਸ਼ਨ ਦੇ ਨਾਂ ਅਵਿਅਕਤ ਬ੍ਰਹਮ ਦੇ ਪ੍ਰਤੀਕ ਰੂਪ ਵਿਚ ਜ਼ਰੂਰ ਵਰਤੇ ਹਨ।

---

69. ਸ. ਗੁਨਾ. ਭਾਗ ਪਹਿਲਾ, ਪੰਨਾ 83,84,176,255-56,58,303 ਤੇ 448 ਆਦਿ।

70. ਓਹੀ, ਭਾਗ ਦੂਜਾ, ਪੰਨਾ 267,73,91 ਆਦਿ।

ਇਸੇ ਤਰ੍ਹਾਂ ਸੰਤ ਪਰੰਪਰਾ ਵਾਲੇ ਸਿੱਖ ਗੁਰੂਆਂ ਨੂੰ ਵੀ ਅਵਤਾਰਵਾਦ ਪ੍ਰਵਾਨ ਨਹੀਂ ਇਸੇ ਲਈ ਉਨ੍ਹਾਂ ਥਾਂ ਥਾਂ ਖੁੱਲੇ ਸ਼ਬਦਾਂ ਵਿਚ ਅਵਤਾਰਵਾਦ ਦਾ ਖੰਡਨ ਕੀਤਾ ਹੈ। ਗੁਰੂ ਨਾਨਕ ਅਨੁਸਾਰ ਤਾਂ ਬ੍ਰਹਮਾ ਵਿਸ਼ਨ, ਮਹੇਸ਼ ਅਤੇ ਸਭ ਦੇਵੀ ਦੇਵਤੇ ਮਾਇਆ ਵਿਚ ਭੁਲੇ ਹੋਏ ਹਨ। ਇਸ ਲਈ ਇਹ ਪਾਰਬ੍ਰਹਮ ਦਾ ਅੰਤ ਨਹੀਂ ਜਾਣ ਸਕਦੇ। ਗੁਰੂ ਰਾਮ ਦਾਸ ਦਾ ਤਾਂ ਕਥਨ ਹੈ:

'ਬ੍ਰਹਮਾ ਬਿਸਨ ਮਹੇਸ ਤ੍ਰੈ ਗੁਣ ਰੋਗੀ ਵਿਚਿ ਹਉਮੈ ਕਾਰ ਕਮਾਈ।'

ਗੁਰੂ ਨਾਨਕ ਅਨੁਸਾਰ ਇਹ ਸਭ ਦੇਵਤੇ ਮਾਇਆ ਦੀ ਉਪਜ ਹਨ:

'ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ।'[71]

'ਮਾਇਆ ਮੋਹ ਦੇਵੀ ਸਭ ਦੇਵਾ।'

ਇਸੇ ਲਈ ਇਹ ਸਭ ਦੇਵ ਦੇਵਤੇ ਉਸ ਅਕਾਲ ਪੁਰਖ ਦੀ ਉਸਤਤ ਕਰਦੇ ਹਨ:

'ਆਖਹਿ ਬਰਮੇ ਆਖਹਿ ਇੰਦ। ਆਖਹਿ ਗੋਪੀ ਤੈ ਗੋਵਿੰਦ।
ਆਖਹਿ ਈਸਰ ਆਖਹਿ ਸਿਧ। ਆਖਹਿ ਕੇਤੇ ਕੀਤੇ ਬੁਧ।'[72]

ਪਰ ਸੋਢੀ ਮਿਹਰਵਾਨ ਨੇ ਆਪਣੀਆਂ ਰਚਨਾਵਾਂ ਵਿਚ ਨਿਰਗੁਣ ਵਿਚਾਰਧਾਰਾ ਨੂੰ ਅਪਣਾ ਕੇ ਅਵਤਾਰਵਾਦ ਦਾ ਖੰਡਨ ਕਰਨ ਦੀ ਥਾਂ ਸਰਗੁਣ ਵਿਚਾਰਧਾਰਾ ਦੇ ਪ੍ਰਭਾਵ ਅਧੀਨ ਅਵਤਾਰਾਂ ਦੀ ਵਿਸ਼ੇਸ਼ ਉਸਤਤ ਕੀਤੀ ਹੈ। ਸ੍ਰੀ ਰਾਮ ਚੰਦਰ ਅਤੇ ਕ੍ਰਿਸ਼ਨ ਦੋਵਾਂ ਅਵਤਾਰਾਂ ਦਾ ਥਾਂ ਥਾਂ ਜ਼ਿਕਰ ਹੀ ਨਹੀਂ ਕੀਤਾ ਸਗੋਂ ਲੋਕਾਂ ਨੂੰ ਰਾਮ ਕ੍ਰਿਸ਼ਨ ਜਪਣ ਅਤੇ ਉਨ੍ਹਾਂ ਦੀ ਪੂਜਾ ਕਰਨ ਦੀ ਪ੍ਰੇਰਣਾ ਵੀ ਖੁੱਲੇ ਸ਼ਬਦਾਂ ਵਿਚ ਦਿੱਤੀ ਹੈ ਜਿਵੇਂ:

"..ਰਾਜਾ ਤੁਮਰੇ ਅਭਾਗ ਹੈ ਜਿ ਸ੍ਰੀ ਰਾਮ ਚੰਦ੍ਰ ਕਉ ਨਾਹੀ ਸਿਮਰਤੇ... ਉਹੁ ਦਾਤਾ ਸ੍ਰੀ ਰਾਮ ਚੰਦ੍ਰ ਹੈ..ਬਿਨਾ ਰਾਮ ਚੰਦ੍ਰ ਕੋ ਕੋਈ ਨਾਹੀ। ਤਿਸ ਰਾਮ ਚੰਦ੍ਰ ਕਉ ਕਿਉ ਬਿਸਾਰੀਐ।"[73] ਰਾਮ ਅਤੇ ਕ੍ਰਿਸ਼ਨ ਪਰੰਪਰਾਵਾਂ ਨਾਲ ਜੁੜੇ ਲੋਕਾਂ ਨੂੰ ਧਾਰਮਕ ਵਿਸ਼ਵਾਸ਼ ਵਿਚ ਲੈਣ ਲਈ ਉਸ ਨੇ ਦੋਹਾਂ ਅਵਤਾਰਾਂ ਦੇ ਨਾਂ ਦੀ ਇਕੱਠੀ ਵਰਤੋਂ ਵੀ ਥਾਂ ਥਾਂ ਕੀਤੀ ਹੈ। ਰਾਮ ਅਤੇ ਕ੍ਰਿਸ਼ਨ ਤੋਂ ਇਲਾਵਾ ਕੱਛ ਅਤੇ ਮੱਛ ਆਦਿ ਅਵਤਾਰਾਂ ਦੀਆਂ ਸਾਖੀਆਂ ਕਥੀ ਰੂਪ ਵਿਚ ਪੇਸ਼ ਕੀਤੀਆਂ ਹਨ।

71. 'ਆਦਿ ਗ੍ਰੰਥ' ਪੰਨਾ 7.
72. ਉਹੀ, ਪੰਨਾ 6.
73. ਜ. ਗੁ. ਨਾ. ਭਾਗ ਪਹਿਲਾ, ਪੰਨਾ 316.

ਲੇਖਕ ਨੇ ਤਾਂ ਨਿਰਗੁਣ ਭਗਤ ਗੁਰੂ ਨਾਨਕ ਨੂੰ ਵੀ ਰਾਜਾ ਜਨਕ ਦਾ ਅਵਤਾਰ ਬਣਾ ਕੇ ਪੇਸ਼ ਕਰਦਿਆਂ ਜਨਕ ਅਵਤਾਰਾਂ ਦੀ ਇਉਂ ਉਪਮਾ ਕੀਤੀ ਹੈ:

"ਧੰਨੁ ਧੰਨੁ ਰਾਜਾ ਜਨਕ ਹੈ ਜਿਨ ਸਿਮਰਨ ਕੀਆ ਬਿਬੇਕ। ਜਨਕ ਰਾਜੇ ਕੇ ਸਿਰਣੈ ਪਾਪੀ ਤਰੇ ਅਨੇਕ। ਸਿਮਰਨ ਐਸਾ ਜਾਨਿਕੈ ਸੰਤਾਂ ਪਕੜੀ ਟੇਕ। ਦਾਸ ਨਾਨਕ ਸਿਮਰਨ ਸਹੁ ਹੈ ਵਿਸਰੈ ਘੜੀ ਨ ਏਕ।"[74]

ਅਵਤਾਰ ਰੂਪ ਵਿਚ ਗੁਰੂ ਨਾਨਕ ਦੀ ਥਾਂ ਥਾਂ ਉਸਤਤ ਹੀ ਨਹੀਂ ਕੀਤੀ ਸਗੋਂ ਲੋਕਾਂ ਨੂੰ ਉਸ ਦੀ ਭਗਤੀ ਅਤੇ ਪੂਜਾ ਲਈ ਵੀ ਜੋਰਦਾਰ ਢੰਗ ਨਾਲ ਪ੍ਰੇਰਿਆ ਹੈ।[75] ਸੋ ਇਉਂ, ਲੇਖਕ ਆਪਣੇ ਪਰਮਾਰਥਾਂ ਵਿਚ ਹਿੰਦੂ ਅਵਤਾਰਾਂ ਦਾ ਜ਼ਿਕਰ ਹੀ ਨਹੀਂ ਕਰਦਾ ਸਗੋਂ ਸੁਚੇਤ ਰੂਪ ਵਿਚ ਕ੍ਰਿਸ਼ਨ ਅਵਤਾਰ ਦਾ ਸਰਦਾਰੀ ਕਾਇਮ ਕਰਨ ਲਈ ਵੀ ਪ੍ਰਯਤਨਸ਼ੀਲ ਹੈ।

ਲੇਖਕ ਸਦੀਆਂ ਤੋਂ ਚਲੇ ਆ ਰਹੇ ਬ੍ਰਾਹਮਣੀ ਵਿਸ਼ਵਾਸ਼ਾਂ ਤੇ ਸਨਾਤਨੀ ਕਰਮਕਾਂਡਾਂ ਦੇ ਪ੍ਰਭਾਵ ਤੋਂ ਵੀ ਪੂਰਨ ਰੂਪ ਵਿਚ ਸੁਤੰਤਰ ਨਹੀਂ। ਇਸੇ ਲਈ ਉਹ ਦਾਨ, ਇਸ਼ਨਾਨ, ਤੀਰਥ ਰਟਨ ਅਤੇ ਹੋਰ ਬ੍ਰਾਹਮਣੀ ਕਰਮਕਾਂਡਾਂ ਦਾ ਪ੍ਰਚਾਰ ਵੀ ਥਾਂ ਥਾਂ ਕਰਦਾ ਨਜ਼ਰ ਆਉਂਦਾ ਹੈ ਜਿਵੇਂ:

ੳ) "ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ"

ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ।" ਦਾ ਟੀਕਾ ਕਰਦਿਆਂ ਲਿਖਦਾ ਹੈ ਕਿ "...ਚਉਥੁ ਪਹਰੁ ਰਾਤਿ ਪਿਛਲੀ ਰਹੇ ਤਾਂ ਜਾਗੈ। ਇਸ਼ਨਾਨੁ ਕਰੈ। ਇਸਨਾਨ ਕਰਿ ਕਰਿ ਪਰਮੇਸੁਰ ਦੀਆਂ ਵਡਿਆਈਆਂ ਦਾ ਵੀਚਾਰੁ ਕਰੈ ਸਿਫਤਿ ਸਲਾਹ ਕਰੈ। ਹਿਰਦੇ ਮੁਖਿ ਗਾਵੈ ਪੜੈ ਸੁਣੈ ਤਿਸੁ ਨੋ ਦਾਤਿ ਹੋਵੈ।...ਜੋ ਕੋ ਪ੍ਰਾਤਕਾਲ ਪਿਛਲੀ ਰਾਤਿ ਨਾਮੁ ਸਿਮਰੈ ਤਿਸੁ ਨੋ ਪਰਮੇਸੁਰ ਕੀ ਮਿਹਰ ਕਾ ਕਪੜਾ ਆਵੈ...।[76]

ਸੋ ਮਿਹਰਵਾਨ ਨਿਰਗੁਣ ਭਗਤ ਗੁਰੂ ਨਾਨਕ ਦਾ ਪੈਰੋਕਾਰ ਬਣਨ ਦਾ ਯਤਨ ਕਰਦਿਆਂ ਹੋਇਆਂ ਵੀ ਸਰਗੁਣ ਤੇ ਬ੍ਰਾਹਮਣੀ ਕਰਮਕਾਂਡੀ ਵਿਸ਼ਵਾਸ਼ਾਂ ਨਾਲੋਂ ਟੁੱਟ ਨਹੀਂ ਸਕਿਆ ਇਸੇ ਲਈ ਉਹ ਆਪਣੇ ਪਰਮਾਰਥਾਂ ਵਿਚ ਗੁਰੂ ਨਾਨਕ, ਗੁਰੂ ਅਮਰਦਾਸ ਅਤੇ ਭਗਤ ਕਬੀਰ ਵਰਗੇ ਨਿਰਗੁਣਧਾਰਾ ਦੇ ਦਰਸ਼ਨਵੇਤਾਵਾਂ ਦੀ ਬਾਣੀ ਦੀ ਵਿਆਖਿਆ ਕਰਦਿਆਂ, ਮੂਲ ਰੂਪ ਵਿਚ

---

74. ਉਹੀ, ਪੰਨਾ 6.

75. "ਬੋਲਹੁ ਭਾਈ ਵਾਹਿਗੁਰੂ ਬਾਬਾ ਨਾਨਕ ਧੰਨ ਗੁਰੂ ਬਾਬਾ ਨਾਨਕ ਸਤਿਗੁਰ ਬਾਬਾ ਨਾਨਕ...।" (ਉਹੀ, ਪੰਨਾ 1)

76. (ੳ) 'ਉਹੀ, ਭਾਗ ਦੂਸਰਾ, ਪੰਨਾ 267.

(ਅ) 'ਗੋਸ਼ਟਾਂ ਕਬੀਰ ਜੀ ਦੀਆਂ' ਵਿਚੋਂ ਵੀ ਟੀਕਾ ਕਰਦਿਆਂ ਲੇਖਕ ਨੇ ਨਾਮ, ਦਾਨ, ਇਸ਼ਨਾਨ ਦਾ ਕਾਫੀ ਪ੍ਰਚਾਰ ਕੀਤਾ ਹੈ ਜਿਵੇਂ ਪੰਨਾ 177 (ਅ) (ਨਿੱਜੀ ਪੋਥੀ)

ਉਨ੍ਹਾਂ ਦੀ ਬਾਣੀ ਵਿਚ ਪੇਸ਼ ਕੀਤੇ ਗਏ ਦਾਰਸ਼ਨਿਕ ਅਤੇ ਅਧਿਆਤਮਕ ਨੁਕਤਿਆਂ ਨੂੰ ਉਘਾੜਨ ਦੇ ਨਾਲ ਨਾਲ ਕਈ ਥਾਂਈ ਨਿਰਗੁਣ ਅਤੇ ਸਰਗੁਣ ਧਾਰਾ ਦੇ ਵਿਸ਼ਵਾਸ਼ਾਂ ਨੂੰ ਰਲਗਡ ਕਰ ਜਾਂਦਾ ਹੈ।

ਸੋ, ਹੁਣ ਤਕ ਦੇ ਕੀਤੇ ਅਧਿਐਨ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਸੋਢੀ ਮਿਹਰਵਾਨ ਪੰਜਾਬੀ ਦਾ ਉਹ ਮੁੱਢਲਾ ਵਿਆਖਿਆਕਾਰ ਹੈ ਜਿਸ ਨੇ ਏਨੀ ਵੱਡੀ ਗਿਣਤੀ ਵਿਚ ਪਰਮਾਰਥ ਲਿਖਕੇ ਪੰਜਾਬੀ ਗੱਦ ਦੇ ਵਿਆਖਿਆਤਮਕ ਸਾਹਿੱਤ ਵਿਚ ਮਹੱਤ੍ਵਪੂਰਣ ਵਾਧਾ ਹੀ ਨਹੀਂ ਕੀਤਾ ਸਗੋਂ ਇਸ ਖੇਤਰ ਵਿਚ ਨਵੀਂ ਪਿਰਤ ਪਾਈ ਹੈ। ਇਸ ਲਈ ਅਜਿਹੇ ਗਿਆਨਵਾਨ, ਅਨੁਭਵੀ ਤੇ ਪ੍ਰਤਿਭਾਸ਼ੀਲ ਲੇਖਕ ਦੀ ਸਾਹਿੱਤਕ ਦੇਣ ਦਾ ਯੋਗ ਮੁੱਲ ਪਾਉਣਾ ਬਣਦਾ ਹੈ।

=0=

## ਅਧਿਆਇ 6

## ਗੱਦ ਸ਼ੈਲੀ ਤੇ ਭਾਸ਼ਾ

1. ਗੱਦ ਸ਼ੈਲੀ

ੳ) ਸ਼ਬਦ ਵਿਧਾਨ

ਅ) ਅਲੰਕਾਰ ਤੇ ਬਿੰਬ ਵਿਧਾਨ

ੲ) ਵਾਕ ਵਿਧਾਨ

ਸ) ਸੁਭਾਸ਼ਣ ਕਲਾ

ਹ) ਬਿਰਤਾਂਤ ਤੇ ਵਿਆਖਿਆ

ਕ) ਵਾਰਤਾਲਾਪੀ ਅੰਸ਼

ਖ) ਨਾਟਕੀ ਅੰਸ਼

ਗ) ਕਾਵਿਕ ਅੰਸ਼

ਘ) ਹਾਸ-ਰਸੀ ਅੰਸ਼

ਙ) ਪੁਨਰ ਆਵਰਤੀ

2. ਭਾਸ਼ਾ

ੳ) ਸ਼ਬਦ ਵਿਚਾਰ

ਅ) ਰੂਪ ਵਿਚਾਰ

ੲ) ਧੁਨੀ ਵਿਚਾਰ

1. ਗੱਦ ਸ਼ੈਲੀ :

ਸ਼ੈਲੀ, ਵਾਰਤਕ ਦਾ ਅਨਿੱਖੜ ਅਤੇ ਮਹੱਤਵਪੂਰਣ ਅੰਗ ਹੈ। ਸ਼ੈਲੀ, ਆਪਣੇ ਆਪ ਵਿਚੋਂ ਇਕ ਉਹ ਸੁਹਜਮਈ ਕਲਾ ਹੈ ਜੋ ਕਿਸੇ ਲੇਖਕ ਦੇ ਵਿਚਾਰਾਂ ਜਾਂ ਅਨੁਭੱਵ ਕੀਤੇ ਭਾਵਾਂ ਨੂੰ ਪੇਸ਼ ਕਰਦੀ ਹੈ। ਇਉਂ, ਸ਼ੈਲੀ ਤਾਂ, ਭਾਵਾਂ ਤੇ ਸ਼ਬਦਾਂ ਅਤੇ ਸ਼ਬਦਾਂ ਤੇ ਅਰਥਾਂ ਦਾ ਉਹ ਸੁਮੇਲ ਹੈ ਜਿਸ ਰਾਹੀਂ ਸੋਚ ਦੀ ਸੱਚੀ ਵਿਆਖਿਆ ਕੀਤੀ ਜਾਂਦੀ ਹੈ।

ਸਪਸ਼ਟਤਾ, ਸੰਖੇਪਤਾ, ਸੁਵੰਨਤਾ ਤੇ ਸਾਦਗੀ ਆਦਿ ਜਿਥੇ ਸ਼ੈਲੀ ਦੇ ਮੁੱਢਲੇ ਅਤੇ ਮਹੱਤਵਪੂਰਣ ਆਧਾਰ ਹਨ, ਉਥੇ ਸ਼ਬਦ, ਵਾਕ, ਪਹਿਰੇ ਅਤੇ ਭਾਸ਼ਾ ਵਿਚ ਵਰਤੇ ਗਏ ਚਿੰਨ੍ਹ ਤੇ ਪ੍ਰਤੀਕ ਆਦਿ ਵੀ ਇਸ ਦੀ ਉਸਾਰੀ ਵਿਚ ਵਿਸ਼ੇਸ਼ ਹਿੱਸਾ ਪਾਉਂਦੇ ਹਨ।

ੳ) ਸ਼ਬਦ ਵਿਧਾਨ:

ਸਾਹਿੱਤ ਇਕ ਸ਼ਾਬਦਿਕ ਕਲਾ ਹੈ। ਲੇਖਕ ਸਾਹਿੱਤ ਸਿਰਜਨ ਲਈ ਸ਼ਬਦਾਂ ਦੀ ਵਰਤੋਂ ਕਰਦਾ ਹੈ, ਜਿਨ੍ਹਾਂ ਦੀ ਕਲਾਤਮਕ ਵਰਤੋਂ ਦੁਆਰਾ ਹੀ ਸਾਹਿੱਤ ਵਿਚ ਸੁਹਜ ਸਵਾਦ ਉਪਜਾਦਾ ਹੈ, ਇਸ ਲਈ ਸ਼ਬਦ ਸ਼ੈਲੀ ਦਾ ਮਹੱਤਵਪੂਰਣ ਅੰਗ ਹਨ। ਢੁਕਵੇਂ ਸ਼ਬਦਾਂ ਦੀ ਚੋਣ ਅਤੇ ਉਨ੍ਹਾਂ ਦੀ ਢੁਕਵੀਂ ਜੜਤ ਸੁੰਦਰ ਵਾਕਾਂ ਨੂੰ ਜਨਮ ਦੇਂਦੀ ਹੈ ਜੋ ਲੇਖਕ ਦੇ ਭਾਵਾਂ ਨੂੰ ਸਾਕਾਰ ਕਰਦੇ ਹਨ।

ਮਿਹਰਵਾਨ ਦੀ ਵਾਰਤਕ ਵਿਚ ਵਰਤੇ ਗਏ ਸ਼ਬਦ ਪੰਡਤਾਊ ਨਹੀਂ ਸਗੋਂ ਸ਼ਬਦ ਦੀ ਚੋਣ ਸਾਧਾਰਣ ਵਿਅਕਤੀ ਦੇ ਪੱਧਰ ਦੀ ਹੀ ਕੀਤੀ ਗਈ ਹੈ। ਪਰ ਇਹ ਸ਼ਬਦਾਵਲੀ ਪੇਂਡੂ ਵੀ ਨਹੀਂ ਸਗੋਂ ਆਪਣੇ ਸਮੇਂ ਅਨੁਸਾਰ ਸਾਹਿੱਤਕ ਹੈ। ਭਾਵੇਂ ਕੁਝ ਕੁ ਸ਼ਬਦ ਆਮ ਬੋਲ ਚਾਲ ਵਾਲੀ ਭਾਸ਼ਾ ਵਿਚੋਂ ਆਏ ਵੀ ਨਜ਼ਰ ਆਉਂਦੇ ਹਨ ਪਰ ਮੂਲ ਰੂਪ ਵਿਚ ਲੇਖਕ ਦੀ ਸ਼ਬਦਾਵਲੀ ਉਤੇ ਸੰਸਕ੍ਰਿਤ ਦਾ ਪ੍ਰਭਾਵ ਬਹੁਤਾ ਹੈ ਕਿਉਂਕਿ ਉਸ ਸਮੇਂ ਇਸ ਦੀ ਆਮ ਵਰਤੋਂ ਕੀਤੀ ਜਾਂਦੀ ਸੀ।

ਸਮੁੱਚੇ ਤੌਰ ਤੇ ਲੇਖਕ ਦੀ ਸ਼ਬਦਾਵਲੀ ਨੂੰ ਦੇਖਦਿਆਂ ਸਪਸ਼ਟ ਹੋ ਜਾਂਦਾ ਹੈ ਕਿ ਲੇਖਕ ਪਾਸ ਨਾ ਤਾਂ ਸ਼ਬਦਾਂ ਦੀ ਘਾਟ ਹੈ ਅਤੇ ਨਾ ਹੀ ਉਸ ਵਲੋਂ ਔਖੇ ਤੇ ਪੰਡਤਾਊ ਸ਼ਬਦ ਵਰਤ ਕੇ ਪਾਠਕ ਨੂੰ ਸ਼ਬਦ ਜੰਜਾਲ ਵਿਚ ਹੀ ਉਲਝਾਇਆ ਗਿਆ ਹੈ। ਲੇਖਕ ਤਾਂ ਮੂਲ ਰੂਪ ਵਿਚ ਬਾਣੀ ਦਾ ਵਿਆਖਿਆਕਾਰ ਹੈ ਇਸ ਲਈ ਉਸ ਨੇ ਭਾਸ਼ਾ ਅਤੇ ਸ਼ਬਦ ਵਿਧਾਨ ਵੀ ਉਹੋ ਗੁਰਬਾਣੀ ਵਾਲਾ ਹੀ ਅਪਣਾਇਆ ਹੈ।

ਅ) <u>ਅਲੰਕਾਰ ਤੇ ਬਿੰਬ ਵਿਧਾਨ</u> :

ਅਲੰਕਾਰ ਕਵਿਤਾ ਦਾ ਗਹਿਣਾ ਹਨ ਜੋ ਉਸਨੂੰ ਵਧੇਰੇ ਸੁੰਦਰ, ਸਪਸ਼ਟ ਅਤੇ ਪ੍ਰਭਾਵਸ਼ਾਲੀ ਬਣਾਉਂਦੇ ਹਨ। ਵਾਰਤਕ ਵਿਸ਼ਲੇਸ਼ਣਾਤਮਕ ਵਰਨਣ ਦੀ ਕਲਾ ਦਾ ਨਾਂ ਹੈ, ਜਿਸ ਦਾ ਮੁੱਖ ਗੁਣ ਸਪਸ਼ਟਤਾ ਹੈ। ਇਸ ਲਈ ਰੂਪਕਾਂ ਅਤੇ ਅਲੰਕਾਰਾਂ ਦੀ ਬਹੁਤੀ ਵਰਤੋਂ ਨਾਲ ਇਸ ਵਿਚ ਅਸਪਸ਼ਟਤਾ ਪੈਦਾ ਹੋ ਜਾਣ ਦਾ ਡਰ ਹੁੰਦਾ ਹੈ। ਪਰ ਸੁਯੋਗ ਵਾਰਤਕਕਾਰ ਵਿਸ਼ੇ ਦੀ ਸਪਸ਼ਟਤਾ ਦੇ ਉਦੇਸ਼ ਨਾਲ ਅਲੰਕਾਰਾਂ ਦੀ ਸੰਕੋਚਵੀਂ ਤੇ ਕਲਾਮਈ ਵਰਤੋਂ ਕਰ ਲੈਂਦਾ ਹੈ।

ਮਿਹਰਵਾਨ ਦੀਆਂ ਸਾਰੀਆਂ ਹੀ ਗੱਦ-ਰਚਨਾਵਾਂ ਭਾਵੇਂ ਬਿਰਤਾਂਤਕ ਅਤੇ ਵਿਆਖਿਆਤਮਕ ਕਿਸਮ ਦੀਆਂ ਹਨ ਪਰ ਲੇਖਕ ਨੇ ਅਧਿਆਤਮਿਕ ਵਿਸ਼ਿਆਂ ਦੇ ਸੂਖਮ ਭਾਵਾਂ ਨੂੰ ਸਪਸ਼ਟ ਕਰਨ ਲਈ ਅਲੰਕਾਰਾਂ ਦੀ ਵਰਤੋਂ ਵੀ ਕੀਤੀ ਹੈ। ਲੇਖਕ ਨੇ ਸ਼ਬਦ ਅਤੇ ਅਰਥ ਦੋਨਾਂ ਕਿਸਮ ਦੇ ਅਲੰਕਾਰਾਂ ਨਾਲ ਆਪਣੇ ਬਿਆਨ ਨੂੰ ਸ਼ਿੰਗਾਰਿਆ ਹੈ। ਸ਼ਬਦ ਅਲੰਕਾਰ ਵਿਚੋਂ ਅਨੁਪ੍ਰਾਸ ਅਲੰਕਾਰ ਦੀ ਵਰਤੋਂ ਵਧੇਰੇ ਕੀਤੀ ਗਈ ਹੈ।

ਜਿਵੇਂ ਇਕ ਥਾਂ ਉਸ ਵਲੋਂ ਵਰਤੇ ਗਏ ਛੇਕ ਅਨੁਪ੍ਰਾਸ ਵਲੋਂ ਪੈਦਾ ਹੋਈ ਧੁਨੀ ਇਉਂ ਰੋਚਕਤਾ ਪੈਦਾ ਕਰਦੀ ਹੈ:

'ਹੇ ਭਗਤੁਹੁ ਜਿ ਉਸਤਤਿ ਸਿ ਇਹੀ ਹੈ ਕਿਸੀ ਬਾਤ ਕਾ ਦਾਵਾ ਨਹੀ ਧਰਤਾ ਨ ਕਮਾਈ ਕਾ ਨਾ ਭਗਤ ਕਾ ਨ ਸਿਮਰਨ ਦਾ ਨ ਜਪੁ ਕਾ ਨ ਤਪੁ ਕਾ ਨ ਸਾਲ ਕਾ ਨ ਸੰਜਮ ਕਾ ਨ ਜੁਗਤਿ ਕਾ ਨ ਰਹਿਤ ਕਾ ਨ ਕਰਮ ਕਾ ਨ ਧਰਮ ਕਾ ਨ ਪੁੰਨ ਕਾ ਨ ਇਸਨਾਨ ਕਾ...ਆਪ ਕਉ ਕੀਟ ਕਰਿ ਜਾਣਤਾ ਹੈ ਅਰ ਕਰਨਹਾਰ ਮੁਝ ਕੁ ਪਛਾਨਤਾ ਹੈ।'

ਕਈ ਥਾਂਈ ਵਿਤੀ ਅਨੁਪ੍ਰਾਸ ਦੀ ਵੀ ਵਰਤੋਂ ਕੀਤੀ ਗਈ ਹੈ। ਇਸ ਵਿਚ ਇਕੋ ਸ਼ਬਦ ਦੀ ਬਾਰ ਬਾਰ ਵਰਤੋਂ ਕਰਕੇ ਖਾਸ ਕਿਸਮ ਦੀ ਲੈ ਅਤੇ ਰੋਚਕਤਾ ਉਪਜਾਈ ਗਈ ਹੈ ਜਿਵੇਂ:

"ਏ ਸ੍ਰੀ ਪਾਰਬ੍ਰਹਮ ਕਾ ਪਸਾਉ। ਪਸਾਉ ਨਿਰੰਜਨ ਕਾ ਪਸਾਉ। ਨਿਰੰਕਾਰ ਕਾ ਪਸਾਉ। ਪਸਾਉ ਬੇਅੰਤ ਕਾ ਬੇਸੁਮਾਰ ਕਾ ਪਸਾਉ। ਪਸਾਉ ਸ੍ਰੀ ਵਾਸਦੇਵ ਕਾ ਪਸਾਉ। ਪਸਾਉ ਸ੍ਰੀ ਠਾਕੁਰਜੀ ਕਾ ਪਸਾਉ। ਪਸਾਉ ਸ੍ਰੀ ਰਾਮ ਚੰਦ ਜੀ ਕਾ ਪਸਾਉ। ਪਸਾਉ ਨਿਰਭਉ ਨਿਰਵੈਰ ਕਾ ਪਸਾਉ। ਪਸਾਉ ਅਕਾਲ ਮੂਰਤਿ ਕਾ ਪਸਾਉ...।"

ਲੇਖਕ ਨੇ ਆਲੇ ਦੁਆਲੇ ਦੇ ਜੀਵਨ ਵਿਚੋਂ ਲੈ ਕੇ ਵੀ ਉਪਮਾਵਾਂ ਦਿੱਤੀਆਂ ਹਨ ਜਿਵੇਂ:

"ਜਿਉ ਅਮਲ ਸਉ ਜੀਵਤਾ ਹਉ ਅਰੁ ਜੀ ਤਿਉ ਹਰਿ ਕੇ ਲੋਕ ਭੀ ਹਰਿ ਕੇ ਗੁਣ ਗਾਇ ਗਾਇ ਜੀਵਤੇ ਹੈ।"[1]

ਪਰ ਮਿਹਰਵਾਨ ਨੇ ਇਨ੍ਹਾਂ ਅਲੰਕਾਰਾਂ ਦੀ ਵਰਤੋਂ ਆਮ ਤੌਰ ਤੇ ਮੂਲ ਬਾਣੀ ਵਿਚਲੇ ਅਲੰਕਾਰਾਂ ਦੇ ਆਧਾਰ ਤੇ ਹੀ ਕੀਤੀ ਹੈ।

<u>ਬਿੰਬ</u> :-

ਬਿੰਬ ਉਹ ਮਾਨਸਿਕ ਜਾਂ ਕਲਪਨਾਮਈ ਚਿੱਤਰ ਹੈ ਜੋ ਸੂਖਮ ਤੋਂ ਵਟ ਕੇ ਵਸਤੂਗਤ ਰੂਪ ਧਾਰਨ ਕਰ ਲੈਂਦਾ ਹੈ। ਇਹ, ਅਲੰਕਾਰ, ਉਪਮਾਵਾਂ, ਰੂਪਕਾਂ ਤੇ ਮੁਹਾਵਰਿਆਂ ਆਦਿ ਵਿਚ ਇਨ੍ਹਾਂ ਸਾਰਿਆਂ ਤੋਂ ਵੱਖਰਾ ਹੋ ਕੇ ਵੀ ਅਭਿਵਿਅਕਤ ਹੋ ਸਕਦਾ ਹੈ ਇਸੇ ਲਈ ਇਹ ਮੰਨਿਆ ਜਾਂਦਾ ਹੈ ਕਿ ਬਿੰਬ ਕਿਸੇ ਸੰਵੇਦਨਾ ਦੀ ਨਕਲ, ਕੋਈ ਭਾਵ, ਕੋਈ ਮਾਨਸਿਕ ਘਟਨਾ ਜਾਂ ਕੋਈ ਸ਼ੀਲਕਾਰ ਹੋ ਸਕਦਾ ਹੈ, ਸਿਰਫ ਉਸ ਵਿਚ ਕਿਸੇ ਤੱਥ ਨੂੰ ਪ੍ਰਸੱਤੁਤ ਕਰਨ ਦੀ ਸਮਰੱਥਾ ਹੋਣੀ ਚਾਹੀਦੀ ਹੈ।

ਮਿਹਰਵਾਨ ਨੇ ਗੁਰੂਆਂ ਅਤੇ ਭਗਤਾਂ ਦੀ ਅਧਿਆਤਮਿਕ ਬਾਣੀ ਦੀ ਵਿਆਖਿਆ ਕਰਦਿਆਂ ਗੁਰੂ ਸਾਹਿਬ ਵਲੋਂ ਪ੍ਰਾਕ੍ਰਿਤੀ, ਖੇਤੀ ਬਾੜੀ, ਸਮਾਜਕ ਜੀਵਨ ਅਤੇ ਰਾਜਨੀਤਕ ਤੇ ਇਤਿਹਾਸਕ ਖੇਤਰ ਵਿਚੋਂ ਲਏ ਬਿੰਬਾਂ ਵਿਚਲੇ ਚਿੱਤਰਾਂ ਨੂੰ ਸਪਸ਼ਟ ਕੀਤਾ ਹੈ। ਲੇਖਕ ਨੇ ਆਪ ਵੀ ਬਿੰਬਾਂ ਦੀ ਵਰਤੋਂ ਕਰਕੇ ਬਾਣੀ ਵਿਚਲੇ ਅਮੂਰਤ ਭਾਵਾਂ ਨੂੰ ਉਘਾੜਨ ਦਾ ਯਤਨ ਕੀਤਾ ਹੈ। ਮਿਹਰਵਾਨ ਨੇ ਅਕਸਰ ਮੌਲਿਕ ਬਿੰਬ ਹੀ ਵਰਤੇ ਹਨ ਜਿਵੇਂ:-

'ਹੇ ਭਾਈ ਹਰਿ ਜੀ ਕੇ ਨਾਮ ਕਾ ਜਿ ਰਸੁ ਹੈ ਸਿ ਬਿਨਾ ਸਾਧ ਸੰਗਤਿ ਤੇ ਪਾਇਆ ਨਹੀਂ ਜਾਤਾ। ਸੁ ਕਿਸ ਕੀ ਨਿਆਈ। ਏ ਅਗਨਿ ਜਿ ਹੈ ਸੁ ਕਾਸਟ ਤੇ ਜੁਦੀ ਨਾਹੀ। ਪਣੁ ਨਿਕਸੈ ਤਉ ਜਬਿ ਦੂਸਰੇ ਕਾਸਟ ਸੰਗਿ ਮਿਲਿ ਕਰਿ ਘਸੀਐ। ਤਬਿ ਅਗਨਿ ਉਸ ਹੀ ਕਾਸਟ ਤੇ ਪ੍ਰਗਟਿ ਹੋਇ ਆਵੈ। ਤਿਉ ਪਾਰਬ੍ਰਹਮ ਜਿ ਹੈ ਸਿ ਇਸ ਹੀ ਮਾਨੁਖ ਮਹਿ ਹੈ। ਪਰ ਪਰਗਟਿ ਤਉ ਹੋਇ ਜਬਿ ਸਾਧ ਸੰਗਤਿ ਕਉ ਮਿਲਿ ਕਰ ਹਰਿ ਜਸ ਉਚਾਰੇ।'

ਪਰ ਕਈ ਥਾਂਈ ਮਿਹਰਵਾਨ ਬਿੰਬ ਵਿਧਾਨ ਦੀ ਸੂਖਮਤਾ ਨੂੰ ਨਾ ਸਮਝਿਆਂ

---

[illegible]

1. ਜੁ. ਗੁ. ਨਾ., ਭਾਗ ਪਹਿਲਾ, ਪੰਨਾ 265.

ਪਰਮਾਰਥ ਵਿਚ ਬਿੰਬਾਂ ਰਾਹੀ ਪੇਸ਼ ਕੀਤੇ ਗਏ ਸੂਖਮ ਭਾਵਾਂ ਨੂੰ ਸਪਸ਼ਟ ਨਹੀਂ ਕਰ ਸਕਿਆ ਜਿਵੇਂ ਇਕ ਥਾਂ ਸੂਖਮ ਬਿੰਬਾਂ ਨਾਲ ਭਰਪੂਰ ਸਤਰਾਂ ਦੀ ਵਿਆਖਿਆ ਕਰਦਿਆਂ ਬਿੰਬਾਂ ਦੀ ਗਲਤ ਜਾਂ ਅਸਪਸ਼ਟ ਰੂਪ ਵਿਚ ਇਉਂ ਵਿਆਖਿਆ ਕਰਦਾ ਹੈ:-

> "ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ, ਤਾਰਿਕਾ ਮੰਡਲ ਜਨਕ ਮੋਤੀ॥
> ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ ਅਨਹਤਾ ਸਬਦ ਵਜੰਤ ਭੇਰੀ।
> ਰਹਾਉ॥
>
> ਤਿਸ ਕਾ ਪਰਮਾਰਥੁ। ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ ਏ ਸ੍ਰੀ ਪਾਰਬ੍ਰਹਮ ਜੀ। ਗਗਨ ਅਰੁ ਧਰਤੀ ਜਿ ਹੈ ਸਿ ਏਹਿ ਤੇਰੇ ਥਾਲ ਹੈ। ਸੂਰਜੁ ਅਰ ਚੰਦ ਜਿ ਹੈ ਸਿ ਏਹਿ ਤੇਰੇ ਦੀਪਕ ਹੈ। ਤਾਰੇ ਮੰਡਲੁ ਜਿ ਹੈ ਸਿ ਇਹਿ ਤੇਰੇ ਮੋਤੀ ਹੈ। ਅਰੁ ਧੂਪੁ ਜਿ ਹੈ ਸਿ ਬਸੰਤਰ ਹੈ। ਮਣਿ ਕੀ ਚਵਰ ਮੇਰਾ ਮਨੁ ਤੇਰੇ ਆਗੈ ਹੈ। ਚਵਰ ਜਿ ਹੈ ਸਿ ਤੇਰਾ ਏਹੁ ਪਵਣੁ ਹੈ। ਅਠਾਰਹ ਭਾਰ ਵਣਾਸਪਤੀ ਜਿ ਹੈ ਸਿ ਏਹੁ ਤੇਰਾ ਫੁਲਵਾੜੀ ਹੈ, ਏਹਿ ਫੁਲ ਹੈ...।"

ਇਨ੍ਹਾਂ ਸਤਰਾਂ ਵਿਚ ਬਿੰਬਾਂ ਰਾਹੀਂ ਪੇਸ਼ ਕੀਤੀ ਗਈ ਕਾਵਿ ਸੁੰਦਰਤਾ ਲੇਖਕ ਦੀ ਪਕੜ ਤੋਂ ਬਾਹਰ ਹੈ। ਰਵਿ ਅਤੇ ਚੰਦ ਰੂਪੀ ਦੀਪਕਾਂ ਦਾ ਗਗਨ ਦੇ ਨਾਲ ਧਰਤੀ ਦਾ ਵੀ ਥਾਲ ਹੋਣਾ ਬਿਲਕੁਲ ਗਲਤ ਹੈ। 'ਜਨਕ' ਸ਼ਬਦ ਨੂੰ ਸਪਸ਼ਟ ਨਹੀਂ ਕੀਤਾ। ਅਗੇ ਮਲਆਨਲੋ ਦਾ ਪੂਰਾ ਬਿੰਬ ਹੀ ਅਣਛੋਹਿਆ ਛੱਡ ਦਿੱਤਾ ਹੈ। ਇਸ ਤੋਂ ਬਾਅਦ ਬਿਨਾਂ ਕਿਸੇ ਬਿੰਬ ਤੋਂ 'ਮਣਿ ਕੀ ਚਵਰ ਮੇਰਾ ਮਨੁ ਤੇਰੇ ਆਗੈ ਹੈ' ਦਾ ਵਾਧੂ ਵਾਕ ਸ਼ਾਮਲ ਕਰ ਦਿੱਤਾ ਹੈ। 'ਸਗਲ ਬਨਰਾਇ ਫੂਲੰਤ ਜੋਤੀ' ਦੇ ਸੂਖਮ ਭਾਵ ਨੂੰ ਵੀ ਸਪਸ਼ਟ ਨਹੀਂ ਕੀਤਾ ਅਤੇ 'ਅਨਹਤਾ ਸਬਦ ਵਜੰਤ ਭੇਰੀ' ਦੇ ਸੁੰਦਰ ਬਿੰਬ ਨੂੰ ਉੱਕ ਹੀ ਛੱਡ ਦਿੱਤਾ ਹੈ।

ਗੁਰੂ ਨਾਨਕ ਦੀਆਂ ਇਨ੍ਹਾਂ ਸਤਰਾਂ ਵਿਚ ਪ੍ਰਕ੍ਰਿਤੀ ਦਾ ਜਿਨਾ ਜੀਵੰਤ ਚਿੱਤਰਣ ਪੇਸ਼ ਕੀਤਾ ਗਿਆ ਹੈ ਉਸ ਨੂੰ ਲੇਖਕ ਸਾਕਾਰ ਨਹੀਂ ਕਰ ਸਕਿਆ ਕਿਉਂਕਿ ਅਜਿਹੇ ਸੂਖਮ ਭਾਵੀ ਬਿੰਬ ਉਸ ਦੀ ਪਕੜ ਤੋਂ ਬਾਹਰ ਹਨ।

ੲ) <u>ਵਾਕ ਵਿਧਾਨ</u> :

ਮਿਹਰਵਾਨ ਰਚਨਾ ਵਿਚ ਵਾਕਾਂ ਦੀ ਬਣਤਰ ਆਮ ਤੌਰ ਤੇ 'ਪੁਰਾਤਨ' ਜਾਂ

'ਆਦਿ ਸਾਖੀਆਂ' ਵਾਂਗ ਸੰਖੇਪ ਨਹੀਂ ਸਗੋਂ ਇਸ ਨੇ ਅਕਸਰ ਲੰਮੇ ਵਾਕ ਬਣਾਏ ਹਨ। ਇਹ ਵਾਕ ਗੁੰਝਲਦਾਰ ਨਹੀਂ ਸਗੋਂ ਸਪਸ਼ਟ ਅਤੇ ਸਾਦੇ ਹਨ। ਵੈਸੇ ਵੀ ਗੂੜ ਗਿਆਨ ਦੀਆਂ ਗੱਲਾਂ ਸਮਝਾਉਣ ਲਈ ਸਪਸ਼ਟ ਅਤੇ ਸਾਦੇ ਵਾਕਾਂ ਦੀ ਹੀ ਲੋੜ ਹੁੰਦੀ ਹੈ।

ਵਾਰਤਾਲਾਪ ਕਰਾਉਂਦਿਆਂ ਕਿਤੇ ਕਿਤੇ ਬੜੇ ਛੋਟੇ ਅਤੇ ਚੁਸਤ ਵਾਕ ਵੀ ਬਣਾਏ ਹਨ ਜੋ ਬੜੀ ਤੇਜ਼ੀ ਨਾਲ ਗਲ ਬਾਤ ਨੂੰ ਅੱਗੇ ਤੋਰਦੇ ਹਨ। ਪਰ ਕੁਝ ਥਾਵਾਂ ਤੇ ਵਾਕ ਵਿਧਾਨ ਵਿਚ ਵਿਲੱਖਣਤਾ ਵੀ ਨਜ਼ਰ ਆਉਂਦੀ ਹੈ ਜਦੋਂ ਬੜੇ ਬੜੇ ਲੰਮੇ ਅਤੇ ਬੇਤਰਤੀਬੇ ਵਾਕ ਬਣਾਉਂਦਾ ਹੈ। ਭਾਵੇਂ ਆਮ ਤੌਰ ਤੇ ਵਾਕ ਵਿਧਾਨ ਪੰਜਾਬੀ ਪਰੰਪਰਾ ਵਾਲਾ ਹੀ ਹੈ ਜਿਵੇਂ:

ੳ) ਪਾਵਤੇ ਸਗੰਥ ਮਸਤਾਨੁ ਹੋਇ ਗੈਆ। ਅਰ ਸਗਲ ਭਵਨ ਕੀ ਸੋਝੀ ਹੋਈ। ਤਬ ਗੁਰੂ ਬਾਬਾ ਨਾਨਕ ਜੀ ਚਰਨੀ ਲਾਗਾ ਸ੍ਰੀ ਪਾਰਬ੍ਰਹਮ ਕੀ। ਲਾਗਾ ਡੰਡਉਤ ਕਰਨੇ। ਪਾਰਬ੍ਰਹਮ ਕਹਿਆ ਜਿ ਏ ਨਾਨਕ ਤੂੰ ਮੈ ਮੁਕਤਾ ਕੀਆ ਜਿ ਕੋਈ ਤੁਮ ਕਉ ਦੇਖਹਿਗੇ ਸਿ ਮੁਕਤੇ ਕਏ।...ਅਰੁ ਜਿ ਤੇਰਾ ਨਾਮੁ ਲੇਹਿਗੇ ਤੇ ਮੈ ਨਿਹਾਲ ਕੀਏ ਹੈ।[2]

ਅ) ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ ਬਾਬਾ ਜੀ। ਹਥਿ ਕਿਸੈ ਦੈ ਕਿਛੁ ਨਾਹੀ, ਜਿਥੈ ਜੀਆਂ ਦਾ ਦਾਣਾ ਪਇਆ ਹੈ ਤਿਥਹੁ ਤਿਥਹੁ ਜਾਇ ਖਾਣਾ, ਨਕਿ ਨਥ ਬੰਦੇ ਦੇ ਹੈ, ਹਥਿ ਸਾਹਿਬ ਦੇ ਹੈ, ਕਈ ਚੁਗਾਇਦਾ ਫਿਰਦਾ ਹੈ ਜਿਥੇ ਜਿਥੇ ਏਸ ਦਾ ਕਿਰਤ ਪਇਆ ਹੈ ਤਿਥੈ ਤਿਥੈ ਸਾਹਿਬੁ ਇਸ ਨੋ ਅਗਿੰਤੁ ਲੈ ਜਾਇ ਖੜਾ ਕਰਦਾ ਹੈ ਏਸ ਨੋ ਖਬਰਿ ਤਾਂ ਹੀ ਹੋਦੀ ਹੈ ਜਾਂ ਕਿਰਤੁ ਅਗਿੰਤੁ ਹੀ ਕਈ ਕਈ ਜਾਹਗਾ ਵੇਖਾਲਿ ਵੇਖਾਲਿ ਲੈ ਆਂਵਦਾ ਹੈ, ਸੋ ਮਨੁਖ ਦੇ ਵਸਿ ਕਿਛੁ ਨਾਹੀ।[3]

ਇਨ੍ਹਾਂ ਗੋਸ਼ਟਾਂ ਵਿਚ ਆਮ ਤੌਰ ਤੇ ਪੇਸ਼ ਕੀਤੇ ਗਏ ਵਿਚਾਰਾਂ ਨੂੰ ਇਕ ਤਰਤੀਬ ਵਿਚ ਰਖ ਕੇ ਹੀ ਪੇਸ਼ ਕੀਤਾ ਗਿਆ ਹੈ ਜਿਸ ਨਾਲ ਸਮੁੱਚੀ ਗੋਸ਼ਟ ਦਾ ਭਾਵ ਸਹਿਜੇ ਹੀ ਉਘੜ ਕੇ ਪਾਠਕ ਸਾਹਮਣੇ ਆ ਜਾਂਦਾ ਹੈ। ਬਹੁਤੀਆਂ ਗੋਸ਼ਟਾਂ ਕਿਉਂਕਿ ਬਾਣੀ ਪਰਮਾਰਥ

---

2. ਜ. ਗੁ. ਨਾ. ਭਾਗ ਪਹਿਲਾ, ਪੰਨਾ 89.

3. ਉਹੀ, ਪੰਨਾ 511.

ਹੀ ਪੇਸ਼ ਕਰਦੀਆਂ ਹਨ ਇਸ ਲਈ ਉਨ੍ਹਾਂ ਵਿਚ ਆਏ ਵਿਚਾਰਾਂ ਦੀ ਤਰਤੀਬ ਆਮ ਕਰਕੇ ਬਾਣੀ ਵਾਲੀ ਹੀ ਚਲਦੀ ਹੈ।

ਸ) ਸੁਭਾਸ਼ਣ ਕਲਾ ( Rhetorie. )

ਜੀਤਾਂ ਦੇ ਬਲਵਾਨ ਭਾਵਾਂ ਤੇ ਜਜ਼ਬਿਆਂ ਨੂੰ ਸ਼ੁੱਧ, ਉਚਿਤ ਸਪਸ਼ਟ ਤੇ ਵੇਗਮਈ ਭਾਸ਼ਾ ਦੁਆਰਾ ਉਤੇਜਿਤ ਕਰਨਾ, ਇਕ ਮਹਾਨ ਕਲਾ ਮੰਨਿਆ ਗਿਆ ਹੈ। ਪੁਰਾਤਨ ਵਾਰਤਕ ਵਿਚ ਮਿਲਦੀ ਕਲਪਨਾ ਜਾਂ ਸੋਚ ਉਡਾਰੀ ਇਕ ਕਲਾ ਦੇ ਤੱਤਾਂ ਵਿਚੋਂ ਹੀ ਇਕ ਹੈ। ਮਿਹਰਵਾਨ ਦੀਆਂ ਗੱਦ ਰਚਨਾਵਾਂ ਵਿਚ ਵੀ ਕਲਪਨਾ ਦੇ ਸੁੰਦਰ ਨਮੂਨੇ ਥਾਂ ਥਾਂ ਦੇਖੇ ਜਾ ਸਕਦੇ ਹਨ ਜੋ ਉਸ ਦੀ ਵਾਰਤਕ ਵਿਚ ਰੌਚਕਤਾ ਭਰਦੇ ਹਨ।

ਲੇਖਕ ਅਨੁਸਾਰ ਗੁਰੂ ਨਾਨਕ, ਗੁਰੂ ਅਮਰਦਾਸ ਤੇ ਭਗਤ ਕਬੀਰ ਸਾਰੇ ਹੀ ਨਾਇਕ ਪਾਰਬ੍ਰਹਮ ਦੇ ਵਿਸ਼ੇਸ਼ ਭਗਤ ਹਨ ਜਿਨ੍ਹਾਂ ਨੂੰ ਉਹ ਆਪਣੇ ਕੋਲ ਸਚਖੰਡ ਵਿਚ ਬੁਲਾਉਂਦਾ ਤੇ ਨਾਮ ਦਾਨ ਦੀ ਬਖਸ਼ਸ਼ ਕਰਦਾ ਹੈ। ਇਨ੍ਹਾਂ ਸਾਰੀਆਂ ਰਚਨਾਵਾਂ ਵਿਚ ਨਾਇਕਾਂ ਦੇ ਸਚਖੰਡ ਜਾਣ ਅਤੇ ਪਾਰਬ੍ਰਹਮ ਪਾਸੋਂ ਬਖਸ਼ਸ਼ ਲੈ ਕੇ ਵਾਪਸ ਆਉਣ ਦਾ ਵਰਣਨ ਦੇਖੋ ਬਿਲਕੁਲ ਇਕੋ ਜਿਹੀ ਕਾਲਪਨਿਕ ਉਡਾਰੀ ਦਾ ਨਮੂਨਾ ਪੇਸ਼ ਕਰਦਾ ਹੈ:

ੳ) "ਏਕ ਦਿਨ ਕਬੀਰ ਗੁਸਾਈ ਪੂਰਬ ਕੀ ਧਰਤੀ ਨਗਰ ਬਨਾਰਸੀ ਬੈਠਾ ਥਾ॥ ਅਰੁ ਗੋਬਿੰਦ ਜੀ ਆਪਣੇ ਪਾਸਿ ਬੁਲਾਇਆ ਥਾ॥ ਸੇਵਕਾ ਕਉ ਕਹਿਆ ਜਿ ਜਾਹੁ ਰੇ ਕਬੀਰ ਕਉ ਮੇਰੇ ਪਾਸਿ ਬੁਲਾਇ ਲੈ ਆਵਹੁ॥ ਤਬ ਸੇਵਕਾ ਉਨਹੁ ਆਇ ਕਹਿਆ ਜਿ ਰਾਮ ਰਾਮ ਕਬੀਰ ਗੁਸਾਈ ਜੀ ਰਾਮ ਰਾਮ॥ ਤਬ ਕਬੀਰ ਗੁਸਾਈ ਕਹਿਆ ਜਿ ਸਤਿ ਰਾਜਾ ਰਾਮ ਬਾਈਐ ਜੀ ਬੈਸੀਐ ਜੀ॥ ਤਬ ਗੋਬਿੰਦ ਲੋਕਹੁ ਕਹਿਆ ਜਿ ਕਬੀਰ ਗੁਸਾਈ ਕਉ ਪਾਰਬ੍ਰਹਮ ਬੁਲਾਇਆ ਹੈ ਚਲੀਐ ਜੀ॥...ਤਬ ਕਬੀਰ ਕਉ ਲੈ ਜਾਇ ਠਾਕੁਰ ਕੇ ਹਾਜਰ ਕੀਆ॥ ਤਬ ਕਬੀਰ ਜੀ ਠਾਕੁਰ ਜੀ ਕਉ ਨਮਸਕਾਰ ਕੀਆ ਲੰਬੀ ਡੰਡਉਤ ਕਰੀ॥ ਡੰਡਉਤ ਕਰਿ ਕਰਿ ਖੜਾ ਹੋਇਆ ਰਹਿਆ। ਤਬ ਠਾਕੁਰ ਜੀ ਕਹਿਆ ਏ ਕਬੀਰ ਕਲਿਆਨੁ ਹੈ ਤਬ ਕਬੀਰ ਜੀ ਕਹਿਆ ਅਜੁ ਕਲਿਆਣ ਹੈ ਤੇਰੇ ਦਰਸਨ ਦੇਖਿਐ। ਤਬ ਸ੍ਰੀ ਪਾਰਬ੍ਰਹਮ ਕਹਿਆ...ਤੁਝ ਕਉ ਮੇਰੀ ਕਿਰਪਾ ਹੈ। ਤਬ ਕਬੀਰ ਭਗਤ ਬੇਨਤੀ ਕਰੀ ਰਾਗ ਰਾਮ ਕਲੀ ਰਾਗ ਮਹਿ॥ ਹਮ ਐਸੇ ਅਪਰਾਧੀ...।"[4]

---

4. ਹ: ਲਿ: ਨੰ: 805, ਪੰ. ਯੂ. ਲਾ: ਪੰਨਾ 50 ਅ. (ਗੋਸ਼ਟਾਂ ਕਬੀਰ ਜੀ ਕੀਆਂ)

ਅ) "ਤਬ ਸ੍ਰੀ ਪਾਰਬ੍ਰਹਮ ਜੀ ਕਹਿਆ ਜਿ ਨਾਨਕ ਸੇਵਕ ਮੇਰਾ ਦਰਸਨੁ ਦੇਖਿਆ ਚਾਹਦਾ ਹੈ ਹੇ ਭਗਤਹੁ ਤੁਮ ਜਾਇ ਕਰਿ ਮੇਰੇ ਧਾਮਿ ਮਹਿ ਲੈ ਆਵਹੁ। ਤਬ ਉਹਿ ਭਗਤ ਸ੍ਰੀ ਪਾਰਬ੍ਰਹਮ ਕੀ ਆਗਿਆ ਸਾਥਿ ਭਗਤ ਗੁਰੂ ਬਾਬੇ ਕਉ ਲੈ ਗਏ ਸ੍ਰੀ ਪਾਰਬ੍ਰਹਮ ਕੇ ਦੁਆਰਿ ਲਿਜਾਇ ਖੜਾ ਕੀਆ ਤਬ ਸ੍ਰੀ ਪਾਰਬ੍ਰਹਮ ਜੀ ਕਹਿਆ ਨਾਨਕ ਕਉ ਭੀਤਰਿ ਲੈ ਆਵਹੁ... ਤਬ ਗੁਰੂ ਬਾਬੇ ਨਾਨਕ ਜੀ ਸ੍ਰੀ ਪਾਰਬ੍ਰਹਮ ਕੀ ਉਸਤਤਿ ਪੜੀ... ਤਬ ਸ੍ਰੀ ਪਾਰਬ੍ਰਹਮ ਕਹਿਆ ਜਿ ਨਾਨਕ ਭਲੇ ਹਉ। ਕਹੈ ਜੀ ਤੇਰੇ ਦਰਸਨਿ ਦੇਖਿਆ ਜਾ ਭਲੇ ਹਾਂ...।"[5]
(ਸਚਖੰਡ ਪੋਥੀ)

ੲ) "ਤਬ ਸ੍ਰੀ ਪਾਰਬ੍ਰਹਮ ਕਹਿਆ ਸੇਵਕ ਕਉ ਜਿ ਤੁਮ ਜਾਹੁ। ਜਾਇ ਕਰਿ ਨਾਨਕ ਕਉ ਮੇਰੇ ਪਾਸਿ ਲੈ ਆਵਹੁ। ਤਬ ਗੁਰੂ ਬਾਬੇ ਨਾਨਕ ਜੀ ਕਉ ਆਇ ਕਰਿ ਬੁਲਾਇ ਲੈ ਗਏ ਸ੍ਰੀ ਪਾਰਬ੍ਰਹਮ ਜੀ ਕੇ ਪਾਸਿ। ਤਬ ਉਨਹੁ ਸੇਵਕਹੁ ਗੁਰੂ ਬਾਬੇ ਨਾਨਕ ਜੀ ਕਉ ਲੈ ਜਾਇ ਪਰਮੇਸੁਰ ਕੇ ਹਜੂਰਿ ਕੀਆ। ਤਬ ਗੁਰੂ ਬਾਬੇ ਨਾਨਕ ਜੀ ਉਸ ਹੀ ਸਾਂਗ ਸਾਥ ਡੰਡਉਤ ਕਰਹਿ। ਡੰਡਉਤ ਕਰਿ ਕਰਿ ਨਮਸਕਾਰ ਕੀਆ...।"[6]

(ਹਰਿਜੀ ਪੋਥੀ)

ਸ) "ਤਬ ਸ੍ਰੀ ਪਾਰਬ੍ਰਹਮ ਆਪਣੇ ਸੇਵਕਾਂ ਕੋ ਆਗਿਆ ਕਰੀ ਜਿ ਤੁਮ ਜਾਹੁ। ਨਾਨਕ ਮੇਰੇ ਭਗਤ ਕਉ ਮੇਰੇ ਪਾਸਿ ਲੈ ਆਵਹੁ। ਤਬ ਓਇ ਭਗਤਿ ਸ੍ਰੀ ਠਾਕੁਰ ਜੀ ਕੀ ਆਗਿਆ ਸਾਥਿ ਗੁਰੂ ਬਾਬੇ ਨਾਨਕ ਜੀ ਪਾਸਿ ਆਇ ਪ੍ਰਾਪਤ ਭਏ।... ਤਬ ਗੁਰੂ ਬਾਬੇ ਨਾਨਕ ਜੀ ਲੰਬੇ ਹੋਏ ਕੇ ਡੰਡਉਤ ਕਰੀ ਅਰੁ ਦੋਨੋ ਹਾਥਿ ਜੋੜਿ ਛਾਤੀ ਊਪਰ ਰਖਿ ਕਰਿ ਨੀਚੀ ਦ੍ਰਿਸਟਿ ਕਰ ਕਰਿ ਖੜਾ ਹੋਇ ਰਹਿਆ।"[7] (ਚਤੁਰਭੁਜ ਪੋਥੀ)

ਹ) "ਏਕਿ ਦਿਨਿ ਗੁਰੂ ਅਮਰਦਾਸ ਜੀ ਨਗਰਿ ਗੋਇੰਦਵਾਲ ਥਾ॥ ਅਰੁ ਏਕਿ ਦਿਨਿ ਸ੍ਰੀ ਪਾਰਬ੍ਰਹਮ ਆਪਣੇ ਧਾਮਿ ਬੁਲਾਇਆ। ਸ੍ਰੀ ਪਾਰਬ੍ਰਹਮ ਜੀ ਕਹਿਆ ਜਿ ਅਮਰੁਦਾਸ ਕਉ ਹਮਾਰੇ ਧਾਮਿ ਬੁਲਾਵੋ॥ ਤਬ ਗੋਬਿੰਦ ਲੋਕੁ ਆਇ ਕਰਿ ਗੁਰੂ ਅਮਰਦਾਸ ਨਮਸਕਾਰ ਕੀਆ ਸ੍ਰੀ ਪਰਮੇਸਰ ਜੀ ਕਉ॥ ਡੰਡਉਤ ਕਰਿ ਕਰਿ ਕਹਿਆ ਜਿ ਸਤਿ ਜੀ ਤੂ ਸ੍ਰੀ ਪਾਰਬ੍ਰਹਮ ਵਾਹੁ ਜੀ॥... ਤਬ ਸ੍ਰੀ ਪਾਰਬ੍ਰਹਮ ਕਹਿਆ ਜੀ ਅਮਰਦਾਸ ਭਲੇ ਹਉ॥

---

5. ਜ. ਗੁ. ਨਾ., ਭਾਗ ਪਹਿਲਾ, ਪੰਨਾ 272.
6. ਉਹੀ, ਭਾਗ ਦੂਜਾ, ਪੰਨਾ 153.
7. ਉਹੀ, ਪੰਨਾ 595.

ਕਹੇ ਜੀ ਤੂ ਹੈ ਭਲਾ ਹੈ ਅਵਰੁ ਕਉਣੁ ਭਲਾ ਹੋਇਆ॥ ਕਹੇ ਅਮਰਦਾਸ ਕਿਛੁ ਮਾਗੈਗਾ ਕਹੈ ਸ੍ਰੀ ਨਰਾਇਣ ਜੀ ਮਾਗਉਗਾ॥...ਤਬ ਗੁਰੂ ਅਮਰਦਾਸ ਪਰਭਾਤੀ ਰਾਗ ਮਹਿ ਸਾਹਿਬ ਕਾ ਨਾਮ ਗਾਇਆ॥ ...ਤਬ ਸ੍ਰੀ ਪਾਰਬ੍ਰਹਮ ਜੀ ਕਹਿਆ ਜਿ ਭਲਾ ਰੇ ਤੂ ਅਮਰਦਾਸੁ ਤੂ ਭਲਾ ਤੇ ਭਲੀ ਵਸਤੁ ਮਾਗੀ॥ ਜਾਹਿ ਮੈ ਤੁਮ ਕਉ ਨਾਮ ਹੀ ਦਾਨੁ ਦੀਆ ਤੂ ਮੇਰਾ ਨਾਮੁ ਹੀ ਸਿਮਰਿ ਅਰੁ ਸਿਮਰਾਇ। ਜੋ ਤੇਰਾ ਦਰਸਨ ਕਰੈਗਾ ਸਿ ਨਿਹਾਲ ਹੋਇਗਾ।...।[8]

(ਗੋਸਟਾ ਗੁਰੂ ਅਮਰਦਾਸ ਜੀ ਕੀਆ)

ਹ) <u>ਬਿਰਤਾਂਤ ਅਤੇ ਵਿਆਖਿਆ ਦਾ ਮਿਸ਼ਰਨ:</u>

ਮਿਹਰਵਾਨ ਰਚਿਤ ਜਨਮਸਾਖੀਆਂ ਦਾ ਮੂਲ ਉਦੇਸ਼ ਨਾਇਕਾਂ ਦੀਆਂ ਜੀਵਨੀਆਂ ਪੇਸ਼ ਕਰਨ ਨਾਲੋਂ ਵਧੇਰੇ ਬਾਣੀ ਵਿਚ ਆਏ ਤਾਤਵਿਕ, ਅਧਿਆਤਮਕ, ਸਦਾਚਾਰਕ ਅਤੇ ਸੰਸਾਰਕ ਸਿਧਾਂਤਾਂ ਦੀ ਵਿਆਖਿਆ ਹੈ। ਇਸ ਔਖੇ ਕੰਮ ਨੂੰ ਨਿਭਾਉਣ ਲਈ ਹੀ ਉਸ ਨੇ ਪ੍ਰਸੰਗ ਜਾਂ ਜੀਵਨੀ ਦਾ ਸਹਾਰਾ ਲਿਆ ਹੈ ਤਾਂ ਜੋ ਇਹ ਵਧੇਰੇ ਰੋਚਕ, ਸਪਸ਼ਟ ਅਤੇ ਪ੍ਰਭਾਵਸ਼ਾਲੀ ਹੋ ਸਕੇ। ਇਸ ਪ੍ਰਯੋਜਨ ਲਈ ਉਸ ਨੇ ਬਿਰਤਾਂਤਕ ਅਤੇ ਵਿਆਖਿਆਤਮਕ ਸ਼ੈਲੀਆਂ ਦਾ ਮਿਸ਼ਰਨ ਕੀਤਾ ਹੈ। ਨਾਇਕ ਦੀਆਂ ਜੀਵਨ ਘਟਨਾਵਾਂ ਪੇਸ਼ ਕਰਨ ਵਾਲੀਆਂ ਗੋਸ਼ਟਾਂ ਵਿਚ ਜਿਥੇ ਸੁੰਦਰ ਅਤੇ ਪ੍ਰਭਾਵਸ਼ਾਲੀ ਬਿਰਤਾਂਤਕ ਸ਼ੈਲੀ ਦਾ ਨਮੂਨਾ ਨਜ਼ਰ ਆਉਂਦਾ ਹੈ ਉਥੇ ਬਾਣੀ ਵਿਆਖਿਆ ਵਾਲੇ ਹਿੱਸੇ ਵਿਚ ਮੂਲ ਸਤਰਾਂ ਵਿਚ ਆਏ ਕਾਵਿ ਅਲੰਕਾਰਾਂ, ਪ੍ਰਤੀਕਾਂ, ਚਿੰਨ੍ਹਾਂ ਜਾਂ ਉਪਮਾਵਾਂ ਦੀ ਢੁਕਵੀਂ ਵਿਆਖਿਆ ਕਰਦਿਆਂ ਸਧਾਰਣ ਪਾਠਕ ਦੀ ਪੱਧਰ ਤੇ ਪਹੁੰਚ ਕੇ ਮੂਲ ਭਾਵਾਂ ਨੂੰ ਪੇਸ਼ ਕੀਤਾ ਗਿਆ ਹੈ। ਅਜਿਹੇ ਵਿਆਖਿਆ ਦੇ ਨਮੂਨੇ ਥਾਂ ਥਾਂ ਦੇਖੇ ਜਾ ਸਕਦੇ ਹਨ ਜਿਵੇਂ:

ੳ) ਜਬ ਤੂ ਗੁਰਮੁਖਿ ਗਿਆਨ ਕਮਾਵਿਗਾ ਹਰਿ ਸਉ ਪ੍ਰੀਤਿ ਬਧਾਵਹਿਗਾ ਤਬ ਹੀ ਤੂ ਛੁਟਹਿਗਾ ਜਮਤੇ। ਅਰੁ ਜਮੁ ਬਾਘੁ ਕੈਸਾ ਹੈ। ਜਿ ਕਿਤੇ ਉਪਾਇ ਨਾ ਛੋਡੇਗਾ ਤੁਮ ਕਉ। ਜਿ ਤੂ ਬਾਘ ਤਬ ਹੀ ਮਰੇ ਜਬ ਮਨ ਕਉ ਤੂ ਮਾਰਹਿ। ਜਬ ਮਨੁ ਮਾਰਿਆ ਤਬ ਜਮੁ ਮੂਆ ਏਹ ਅਕਲ ਹੂਆ ਮਰਣੇ ਤੇ ਰਹਿਆ। ਮਨ ਜਿ ਮਰੇ ਸਿ ਕਉ ਕਰਿ ਮਰੇ। ਕਹੈ ਜੀ ਮਨ ਤਬ ਹੀ ਮਰੇ ਜਬ ਸਤਿਗੁਰ ਕੀ ਮਤ ਲੇਵੇ ਤਬ ਮਨੁ ਮਰੈ। ਜੁ ਮਨ ਮੂਆ ਤਬ ਬਾਘੁ ਮਾਰਿਆ ਜਬ ਏਹਿ

---

8. ਹ: ਲਿ: ਨੰ: 678, ਸੈ.ਪ. ਲਾ. ਪਟਿ.

ਗੁਰਮੁਖਿ ਗਿਆਨ ਕਮਾਇਆ ਤਬ ਏਹਿ ਆਪ ਜਪਾ... ।[9]

ਅ) 'ਤਬ ਗੁਰੂ ਅਮਰਦਾਸ ਜੀ ਕਹਿਆ ਜਿ ਸੁਣਿ ਹੋ ਭਾਈ ਰਾਮ ਜਨਾ ਜੀ- ਸੰਸਾਰ ਕੇ ਬਿਖੈ ਹੋਰ ਬਾਤਾ ਸਾਦ ਰਸ ਭੋਗ ਮਾਇਆ ਪੁਤ੍ਰ ਕਲ੍ਰ ਭਾਈ ਭਤੀਜੇ ਜਿਤਨੇ ਸੁਖ ਰਸ ਭੋਗ ਹੈ ਸਬ ਕਉੜੇ ਚਉਰਾਸੀਹ ਲਖ ਜੀਆਂ ਕੀ ਜੂਨਿ ਮਹਿ ਫੇਰੇ ਟਿਕਣ ਨ ਦੇਈ।। ਜਿ ਮਾਨੁਖ ਜਨਮ ਮਹਿ ਸੁਆਦ ਰਸ ਸਭ ਮੀਠੇ ਕਰਿ ਜਾਣੇ ਥੇ ਤਿਨ ਕੇ ਹੇਤਿ ਕਰਿ ਕਰਿ ਪਾਪ ਭਏ। ਤਿਨਹੁ ਪਾਪਹੁ ਕਰਿ ਕਰਿ ਏਹ ਜੂਨੀ ਪਈਆਂ।। ਜੂਨੀ ਮਹਿ ਏਹੁ ਅਚੇਤ ਭਇਆ।। ਅਚੇਤ ਜਨਮਿ ਜਿ ਏਨਿ ਪਾਪ ਕਮਾਏ ਥੇ ਤੁਮ ਦੇਖੇ ਨਾਹੀ।। ਉਨ ਕੀ ਸਜਾਇ ਦੇ ਸੰਸਾਰ ਕੇ ਮੀਠੇ ਸੁਆਦ ਕਾ ਏਹੁ ਦੁਖ ਪ੍ਰਗਟਿਆ ਭਾਈ ਜੀ... ।[10]

ੲ) 'ਤਬ ਸ੍ਰੀ ਕਬੀਰ ਜੀ ਬੇਨਤੀ ਕਰੀ ਜਿ ਠਾਕੁਰ ਜੀ ਮੈ ਕਿਆ ਭਲੇ ਕਰਮ ਕਰਉ ਜੀ ਮੇਰੇ ਸਮਾਨ ਕੋਈ ਅਪਰਾਧੀ ਨਹੀਂ ਜਿ ਸ੍ਰੀ ਠਾਕੁਰ ਜੀ ਮੈ ਬਡਾ ਅਪਰਾਧੀ ਹੋ ਤੈਂ ਜਿ ਮੁਝ ਕਉ ਜੀਉ ਦੀਆ ਹੈ ਪ੍ਰਾਨ ਦੀਏ ਹੈ ਸਾਹਿ ਗਿਰਾਸਿ ਦੀਏ ਹੈ ਸੁਖ ਰਸ ਭੋਗ ਦੀਏ ਹੈ ਨੇਤ੍ਰ... ਨਾਮ ਕਾ ਸੁਫਲ ਹਸਤ ਪਾਵ ਦੀਏ ਹੈ ਮੈ ਜੀ ਤੇਰੀ ਭਗਤਿ ਭਜਨ ਭਾਉ ਕਬਹੂੰ ਨ ਕੀਨ।। ਇਸ ਥੀ ਅਵਰ ਅਪਰਾਧ ਕੋਈ ਨਾਹੀ ਜਿ [illegible] ਠਾਕੁਰ ਜੀ ਮੈ ਬਡਾ ਅਪਰਾਧੀ ਹੋ ਮੇਰੇ ਸਮਾਨ ਅਵਰ ਅਪਰਾਧੀ ਕੋਈ ਨਹੀਂ ਜੀ।।...।[11]

ਭਾਰਤੀ ਵਿਸ਼ਵਾਸ਼ ਅਨੁਸਾਰ ਕਿਸੇ 'ਮਹਾਪੁਰਖ ਦੇ ਬਚਨ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਪ੍ਰਥਾਇ ਦਾ ਹੋਣਾ ਜ਼ਰੂਰੀ ਹੈ। ਮਿਹਰਵਾਨ ਨੇ ਵੀ ਉਸੇ ਵਿਸ਼ਵਾਸ਼ ਅਨੁਸਾਰ ਆਪਣੀਆਂ ਸਾਰੀਆਂ ਹੀ ਵਿਆਖਿਆਤਮਕ ਰਚਨਾਵਾਂ ਵਿਚ ਹਰ ਗਲ ਦਾ ਪ੍ਰਥਾਇ ਪੇਸ਼ ਕਰਨ ਲਈ ਕਿਸੇ ਨਾ ਕਿਸੇ ਢੰਗ ਨਾਲ ਕੋਈ ਨਾ ਕੋਈ ਸਾਖੀ ਘੜ ਲਈ ਹੈ। ਇਉਂ ਪੇਸ਼ ਕੀਤੀ ਗਈ ਸਾਖੀ ਦਾ ਵਰਨਣ ਜਿਥੇ ... ਢੁਕਵੀਂ ਤੇ ਪ੍ਰਭਾਵਸ਼ਾਲੀ ਬਿਰਤਾਂਤਕ ਸ਼ੈਲੀ ਦਾ ਨਮੂਨਾ ਪੇਸ਼ ਕਰਦੀ ਹੈ ਉਥੇ ਬਾਣੀ ਦੇ ਭਾਵਾਂ ਨੂੰ ਸਪਸ਼ਟ ਕਰਦੀਆਂ ਸਤਰਾਂ ਵਿਆਖਿਆਤਮਕ ਸ਼ੈਲੀ

---

9. ਜ. ਗੁ.ਨਾ., ਭਾਗ ਪਹਿਲਾ, ਪੰਨਾ 103.
10. ਹ:ਲਿ: ਨੰ: 678, ਸੈ.ਪ.ਲਾ. ਪਟਿ. ਪੰਜਾ
11. ਗੋ. ਕ. ਜੀ.ਕੀ. (ਨਿਜੀ ਪਤ੍ਰੀ) ਪੰਨਾ 70.

ਦਾ ਨਮੂਨਾ ਬਣ ਜਾਂਦੀਆਂ ਹਨ। ਇਉਂ ਲੇਖਕ ਦੀਆਂ ਰਚਨਾਵਾਂ ਵਿਚ ਦੋਹਾਂ ਸ਼ੈਲੀਆਂ ਦਾ ਅਦਭੁਤ ਮਿਸ਼ਰਨ ਹੈ।

ਕ) ਵਾਰਤਾਲਾਪੀ ਅੰਸ਼

ਆਮ ਤੌਰ ਤੇ ਵੇਖਿਆ ਗਿਆ ਹੈ ਕਿ ਆਤਮਿਕ ਗਿਆਨ ਤੇ ਉਪਦੇਸ਼ ਪ੍ਰਸ਼ਨ-ਉੱਤਰ ਸ਼ੈਲੀ ਵਿਚ ਹੀ ਦਿੱਤਾ ਜਾਂਦਾ ਰਿਹਾ ਹੈ ਤਾਂ ਕਿ ਸੂਖਮ ਅਧਿਆਤਮਿਕ ਭਾਵ ਅਤੇ ਨਵੀਨ ਵਿਚਾਰ ਸਾਧਾਰਣ ਵਿਅਕਤੀ ਦੀ ਸਮਝ ਗੋਚਰੇ ਬਣ ਸਕਣ। ਪੁਰਾਤਨ ਭਾਰਤੀ ਸਾਹਿੱਤ ਵਿਚ ਮਿਲਦੇ ਪੌਰਾਣ ਅਤੇ ਉਪਨਿਸ਼ਦ, ਅਫ਼ਲਾਤੂਨ ਦੇ ਸੰਵਾਦ ਅਤੇ ਦੁਨੀਆਂ ਦੀਆਂ ਅਨੇਕ ਭਾਸ਼ਾਵਾਂ ਵਿਚ ਲਿਖੀਆਂ ਗਈਆਂ ਪੁਰਾਣੀਆਂ ਗੋਸ਼ਟਾਂ ਇਸ ਦਾ ਹੀ ਪ੍ਰਮਾਣ ਹਨ। ਪ੍ਰਸ਼ਨ-ਉੱਤਰੀ ਸ਼ੈਲੀ ਨਾਲ ਕਿਉਂਕਿ ਗੱਲ ਸਪਸ਼ਟ ਹੋ ਜਾਂਦੀ ਹੈ, ਉਪਜਨ ਵਾਲੇ ਸ਼ੰਕਿਆਂ ਦੀ ਨਿਵਰਤੀ ਹੋ ਜਾਂਦੀ ਹੈ, ਇਸ ਲਈ ਹਰ ਦੇਸ਼ ਦੇ ਧਾਰਮਕ ਆਗੂ ਔਲੀਏ, ਪੀਰ, ਫ਼ਕੀਰ ਅਤੇ ਸਾਧੂ ਸੰਤ ਆਦਿ ਆਪਣਾ ਉਪਦੇਸ਼ ਇਸ ਸ਼ੈਲੀ ਵਿਚ ਹੀ ਦੇਂਦੇ ਰਹੇ ਹਨ। ਇਥੋਂ ਤੱਕ ਕਿ ਗੱਦ ਤੋਂ ਇਲਾਵਾ ਕਾਵਿ ਵਿਚ ਵੀ ਇਸ ਸ਼ੈਲੀ ਨੂੰ ਅਪਣਾਇਆ ਜਾਂਦਾ ਰਿਹਾ ਹੈ। ਲੇਖਕ ਨੇ ਆਪਣੀਆਂ ਗੋਸ਼ਟਾਂ ਵਿਚ ਥਾਂ ਥਾਂ ਲੋੜ ਅਨੁਸਾਰ ਢੁਕਵੇਂ ਪਾਤਰ ਲਿਆ ਕੇ ਉਨ੍ਹਾਂ ਪਾਸੋਂ ਪ੍ਰਸ਼ਨ ਕਰਵਾਏ ਹਨ ਜਿਨ੍ਹਾਂ ਦੇ ਉੱਤਰ ਵਿਚ ਨਾਇਕ ਗੁਰਬਾਣੀ ਜਾਂ ਭਗਤ ਬਾਣੀ ਦੀਆਂ ਸਤਰਾਂ ਉਚਾਰ ਕੇ ਉਨ੍ਹਾਂ ਦੀ ਵਿਸਤ੍ਰਿਤ ਵਿਆਖਿਆ ਕਰਦਾ ਹੈ। ਇਉਂ, ਇਕ ਤੋਂ ਬਾਅਦ ਦੂਜਾ ਅਤੇ ਦੂਜੇ ਤੋਂ ਬਾਅਦ ਤੀਜਾ ਪ੍ਰਸ਼ਨ ਕਰਵਾ ਕੇ ਪ੍ਰਸ਼ਨ ਉੱਤਰੀ ਢੰਗ ਨਾਲ ਗੋਸ਼ਟ ਦੀ ਉਸਾਰੀ ਕੀਤੀ ਗਈ ਹੈ। ਕਿਤੇ ਕਿਤੇ ਤਾਂ ਇਨ੍ਹਾਂ ਗੋਸ਼ਟਾਂ ਵਿਚ ਗੁਰੂ ਨਾਨਕ ਦੇ ਮੂੰਹੋਂ ਪਰਮੇਸਰ ਨੂੰ ਸਮਝਣ ਅਤੇ ਅਨੁਭਵ ਕਰਨ ਦੀ ਸੂਖਮਤਾ ਨੂੰ ਵੀ ਇਸੇ ਸ਼ੈਲੀ ਵਿਚ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਸਾਦੇ ਅਤੇ ਭੋਲੇ ਭਾਲੇ ਪ੍ਰਸ਼ਨ ਕਰਵਾ ਕੇ ਉੱਤਰ ਵਜੋਂ ਮੂਲ ਬਾਣੀ ਦੀਆਂ ਸਤਰਾਂ ਵਿਚਲੇ ਗੰਭੀਰ ਵਿਚਾਰਾਂ ਨੂੰ ਸਪਸ਼ਟ ਕਰਨਾ ਇਸ ਢੰਗ ਦੀ ਖਾਸ ਵਿਸ਼ੇਸ਼ਤਾ ਹੈ ਜਿਵੇਂ:

ੳ) "ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ ਭਾਈ ਰਾਮ ਕੇ ਸੇਵਕਹੁ ਜਹਾਂ ਪਰਮੇਸਰੁ ਬਸਤਾ ਹੈ ਉਹ ਊਚਾ ਥਾਨ ਹੈ। ਉਸ ਥਾਨ ਊਪਰਿ ਸ੍ਰੀ ਰਾਮ ਜੀ ਕਾ ਮਹਲੁ ਹੈ। ਉਸ ਮਹਿ ਸ੍ਰੀ ਰਾਮ ਜੀ ਬਸਤਾ ਹੈ। ਸੁ ਪਾਈਐ ਕਹਾ ਤੇ ਕਹੀ ਜਦਿ ਆਤਮ ਰਾਮੁ ਬੀਚਾਰੀਐ? ਤਉ ਉਹ ਨਾਉ ਪਾਈਐ। ਜਬ ਲਗ ਆਤਮ ਰਾਮੁ ਨਾ ਬੀਚਾਰੇ ਤਬ ਲਗੁ ਨ ਪਾਵੈ। ਆਤਮੁ ਰਾਮ ਕੈਸਾ ਬੀਚਾਰੇ। ਆਤਮ

ਰਾਮ ਕਾ ਇਹੀ ਬੀਚਾਰ ਹੈ ਜਿ ਸਚ ਕੀ ਕਰਣੀ ਕਰਤੂਤਿ ਕਰੈ। ਸਚ ਕੀ ਕਰਣੀ ਚਲੈ ਤਉ ਪਰਮੇਸੁਰ ਕਾ ਦਰੁ ਘਰੁ ਮਹਲੁ ਪਾਵੈ। ਸਚੁ ਕੀ ਕਰਣੀ ਕਰਿ ਚਲੈ। ਜਦਿ ਪੂਰਾ ਗੁਰੂ ਮਿਲੈ ਉਸ ਕਿ ਉਪਦੇਸਿ ਕਰਿ ਕਰਿ ਸਚ ਕੀ ਕਰਣੀ ਕਮਾਵੈ ਅਰੁ ਪੂਰਾ ਗੁਰੂ ਉਹ ਕਰਣੀ ਚਲਾਵੈ।"[12]

ਅ) ਤਬ ਮਰਦਾਨੈ ਬੇਨਤੀ ਕਰਹੀ ਜਿ ਗੁਰੂ ਬਾਬਾ ਨਾਨਕ ਜੀ। ਪਰਮੇਸਰ ਜੀ ਕਾ ਮਹਲ ਪਾਈਐ ਸਿ ਕਿਸ ਸੇਵਾ ਤੇ ਪਾਈਐ? ਅਰੁ ਦੇਹੀ ਜਿ ਸਾਝੈ ਸਿ ਜਿਸ ਸਾਧਨਾ ਭੀ ਸੀ? ਪਰਮੇਸਰ ਕਉ ਜਿ ਏਕ ਕਾਚੀ ਦੇਹੀ ਮਿਲੈ ਪਛਾਣੈ ਸਿ ਕਉ ਕਰਿ ਪਛਾਣੈ। ਏਹੁ ਜਿ ਸੈਸਾਰਿ ਮਹਿ ਦੁਖੁ ਸੁਖ ਮਾਇਆ ਕੇ ਭੋਲੇ ਹੈ ਸਿ ਏਸੁ ਕਉ ਡੋਲਾਇ ਜਾਤੇ ਹੈ। ਪਰਮੇਸਰ ਕੇ ਰਾਹ ਚਲਣੇ ਨਾਹੀ ਦੇਤੇ। ਏਹ ਤਾਂ ਵਡਾ ਝਗੜਾ ਪਇਆ। ਏਹ ਝਗੜਾ ਬਾਬਾ ਜੀ ਕਿਉਂ ਕਰਿ ਨਿਬੜੈ। ਬਾਬਾ ਜੀ ਜਿਉਂ ਏਹ ਝਗੜਾ ਨਿਬੜੈ ਤਿਵੈ ਚੁਕਾਇ ਦੇਹਿ।[13]

ੲ) ਏਕ ਗੋਬਿੰਦ ਲੋਕ ਆਏ...ਉਨ੍ਹਾ ਬੇਨਤੀ ਕਰੀ ਜਿ ਕਬੀਰ ਗੁਸਾਈ ਜਿ ਜੀ ਰਾਮ ਸਿਮਰੀਐ ਸੁ ਕਿਉ ਕਰਿ ਸਿਮਰੀਐ? ਜਿ ਅਕਥ ਕਥਾ ਜਿ ਬੂਝੀਐ ਸੁ ਕਿਉ ਕਰ ਬੂਝੀਐ ਜੀ। ਜਿਵ ਇਹ ਕਥਾ ਹੈ ਤਿਵ ਸਮਝਾਈਐ ਜੀ॥ ਤਬ ਕਬੀਰ ਗੁਸਾਈ ਆਸਾ ਰਾਗ ਮਹਿ ਬਾਣੀ ਬੋਲੀ॥ ਏਹੁ ਤਤ ਰਾਮ ਜਪਹੁ ਰੇ ਪ੍ਰਾਣੀ॥ ਬੂਝ ਲੈ ਅਕਥ ਕਹਾਣੀ॥ ਤਿਸ ਕਾ ਪਰਮਾਰਥ...।[14]

ਸ) "ਬਾਬਾ ਜੀ ਸਲਾਮਤਿ ਗੁਰੂ ਗਿਆਨੁ ਜਿ ਹੈ ਸਿ ਕਿਉਂ ਕਰਿ ਪਾਇਆ ਜਾਇ।'
'ਗੁਰੂ ਬਾਬਾ ਜੀ ਮਨ ਕੀ ਮੈਲੁ ਕਿਉ ਕਰਿ ਉਤਰੈ। ਨਿਜ ਘਰਿ ਮਨੁ ਕਿਉ ਕਰਿ ਬਸੈ।'

ਗੁਰੂ ਬਾਬਾ ਨਾਨਕ ਜੀ। ਪਰਮੇਸਰ ਕਾ ਮਹਲੁ ਜਿ ਹੈ ਸੁ ਕਹਾ ਹੈ। ਅਰੁ ਪਰਮੇਸਰ ਕਾ ਮਹਲੁ ਪਾਈਐ ਸੁ ਕਿਉਂ ਕਰਿ ਪਾਇਆ ਜਾਏ।'

'ਸੁ। ਕਬੀਰ ਜੀ ਏਹ ਜੁ ਸੰਸਾਰ ਹੈ ਜੁ ਇਸ ਮਹਿ ਕੁਛ ਕਿਸੀ ਕਿਉ ਪਲੈ ਭੀ ਪੜਤਾ ਹੈ ਕਿ ਸਭ ਐਵੈ ਹੀ ਜਾਹਿਗੇ।'

ਕਬੀਰ ਜੀ ਤੈ ਕਉਣ ਜੋਗ ਕਮਾਇਆ ਹੈ ਜੋ ਇਸ ਮਾਇਆ ਕਉ ਛੋਡਿ ਕਰ ਭਗਤ ਹੀ ਕਉ ਲਾਗਾ।"

---

12. ਜ. ਗੁ. ਨਾ. ਭਾਗ ਪਹਿਲਾ, ਪੰਨਾ 196.
13. ਉਹੀ, ਪੰਨਾ 330.
14. ਗੋ:ਕ:ਜੀ:ਕੀ: ਪੰਨਾ 123 (ਨਿੱਜੀ ਪੁਸਤੱਕ)

ਹ) 'ਅਰੁ ਜੀ ਏਹੁ ਜਿ ਰੂਪ ਰੰਗ ਹੈ ਸੁ ਕਿਆ ਹੈ ਜੀ॥ ਅਰੁ ਜੋ ਏਹ ਜਿ ਕਈ ਜੀਅ ਕਪੜਾ ਪੈਸੀ ਫਿਰਤੇ ਹੈ ਅਰੁ ਕਈ ਜੀਵ ਜਿ ਹੈ ਸਿ ਨਗਨ ਹੀ ਰਹਤੇ ਹੈ ਅਰੁ ਜੋ ਏਹ ਪਉਣ ਜਿ ਚਲਤਾ ਹੈ ਸਿ ਕਿਆ ਹੈ। ਅਰ ਜੋ ਏਹ ਜਿ ਪਾਣੀ ਹੈ ਸੁ ਕਿਆ ਹੈ। ਅਰੁ ਜੋ ਏਹੁ ਜਿ ਖਾਣਾ ਹੈ ਸੁ ਕਿਆ ਹੈ। ਅਰੁ ਜੋ ਏਹ ਜਿ ਅਗਨਿ ਹੈ ਸੁ ਕਿਆ ਹੈ। ਜੀ ਏ ਜਿ ਸੁਆਦੁ ਮਾਨੁਖ ਕਉ ਲਾਗਤਾ ਹੈ ਸੁ ਕਿਆ ਹੈ। ਏਹ ਰਸ ਕਸ ਮਿਠਾ ਕਉੜਾ ਖਟੇ ਕਾ ਸੁਆਦ ਜਿ ਹੈ ਸੁ ਕਿਆ ਹੈ। ਅਰੁ ਜੋ ਏਹ ਜਿ ਸੰਜੋਗ ਕਹਤੇ ਹੈ ਸੁ ਕਿਆ ਹੈ।... ।[15]

ਅਸਲ ਵਿਚ ਗੰਭੀਰ ਮਸਲਿਆਂ ਅਤੇ ਵਿਸ਼ੇਸ਼ ਕਰ ਅਧਿਆਤਮਿਕ ਰਮਜ਼ਾਂ ਦੀ ਵਿਆਖਿਆ ਲਈ ਪ੍ਰਸ਼ਨੋਤਰੀ ਢੰਗ ਨਾਲੋਂ ਉੱਤਮ ਕੋਈ ਹੋਰ ਢੰਗ ਹੋ ਹੀ ਨਹੀਂ ਸਕਦਾ। ਇਸੇ ਲਈ ਲੇਖਕ ਨੇ ਕਈ ਥਾਈਂ ਕਿਸੇ ਦੂਸਰੇ ਪਾਤਰ ਦੀ ਅਣਹੋਂਦ ਸਮੇਂ ਨਾਇਕ ਨੂੰ ਆਪ ਹੀ ਪ੍ਰਸ਼ਨ ਜਾਂ ਸ਼ੰਕਾ ਉਠਾ ਕੇ ਆਪ ਹੀ ਉਸ ਦਾ ਉੱਤਰ ਦੇਂਦਿਆਂ ਦਿਖਾਇਆ ਹੈ। ਇਊਂ ਇਹ ਮਨਬਚਨੀ ਵਾਲਾ ਢੰਗ ਸ਼ੰਕੇ ਜਾਂ ਪ੍ਰਸ਼ਨ ਨੂੰ ਪਾਠਕ ਤਕ ਪਹੁੰਚਾ ਕੇ ਉਸ ਨੂੰ ਸੋਚਣ ਲਈ ਝੰਜੋੜਦਾ ਹੈ ਜਿਵੇਂ:

ੳ) 'ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ ਯਾ ਸਾਹਿਬ ਕਰੀਮ ਜਿਤਨੀ ਤੇ ਪੈਦਾਇਸਿ ਕਹੀ ਹੈ ਤਿਸ ਕਾ ਸੂਤੁ ਤੇ ਕੈਸਾ ਬਣਾਇਆ ਹੈ ਅਰੁ ਤੂ ਕੈਸਾ ਸਾਹਿਬ ਸੁਲਤਾਨ ਹੈ...ਤਬ ਗੁਰੂ ਬਾਬੇ ਨਾਨਕ ਵਾਹੀ ਸਾਹਿਬ ਨੇ ਕਹਿਆ ਜਿ ਯਾ ਸਾਹਿਬ ਪਰਵਦਗਾਰ ਜੀ ਤੇਰੀ ਕੁਦਰਤ ਕਉ ਬਲਿ ਜਾਉ। ਤੇ ਆਪੀਣੇ ਆਪਣੀ ਸ੍ਰਿਸਟਿ ਜਹਾਨ ਪੈਦਾ ਕੀਆ ਹੈ ਜੀ। ਤਿਸੁ ਮਹਿ ਇਕਿ ਰਾਜੇ ਕੀਏ ਇਕਿ ਪਰਜਾ ਰਯਤਿ ਕੀਏ ਇਕਿ ਭੂਮੀਏ ਸਿਕਦਾਰ ਕੀਏ। ਇਕਿ ਸਾਹ ਪਾਤਸ਼ਾਹ ਕੀਏ। ਇਕਿ ਸੁਲਤਾਨ ਖਾਨ ਕੀਏ...।[16]

ਅ) ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜ ਹੇ ਮੇਰੇ ਮਨ ਤੂ ਜਿ ਜੀਵਿਆ ਚਾਹਿਦਾ ਹੈ ਅਰ ਮੂਆ ਨਹੀ ਚਾਹਦਾ... ਤਾਂ ਤੂ ਸੈਸਾਰ ਕੀ ਤਰਫ ਦੇਖੁ ਜਿ ਇਕ ਮਰਤੇ ਹੈ ਇਕ ਜੀਵਤੇ ਹੈਂ ਇਕ ਆਵਤੇ ਹੈ ਇਕ ਜਾਤੇ ਹੈ। ਜਿਉਂ ਅਵਰ ਜੀਅ ਆਵਤੇ ਜਾਤੇ ਮਰਤੇ

15. ਉਹੀ ਰਚਨਾ, ਪੰਨਾ 157.

16. ਉਹੀ, ਪੰਨਾ 166.

ਹੈ ਕਿਉਂ ਰੇ ਮੇਰੇ ਮਨ ਐਵ ਕਹਤਾ ਹੈ ਕਿ ਮਰਣੁ ਬੁਰਾ ਹੈ... ਪੇਮੇਸਰ ਕਉ ਚਿਤਿ ਰਖੁ ਦੁਰਮਤਿ ਛੋਡਿ ਦ੍ਰਿੜਤਾ ਕਰੁ ਮਨ ਕੈ ਚਿਥੈ ਪਰਮੇਸ਼ੁਰੁ ਆਰਾਧੁ।[17]

ੲ) "ਇਕ ਦਿਨ ਕਬੀਰ ਗੁਸਾਈ ਪੂਰਬ ਕੀ ਧਰਤੀ ਨਗਰ ਬਨਾਰਸੀ ਬੈਠਾ ਥਾ ਅਰ ਮਨ ਮਹਿ ਪ੍ਰਮੇਸਰ ਜੀ ਕੇ ਨਾਮ ਕੀ ਪ੍ਰੀਤਿ ਉਪਜੀ ਤਬ ਆਨੇ ਮਨ ਕਉ ਕਹਤਾ ਹੈ ਜਿ ਰੇ ਮੇਰੇ ਮਨ ਤੂੰ ਮਾਇਆ ਹੀ ਕੇ ਰੰਗ ਮਹਿ ਸੋਇਆ ਹੈ ਸਿ ਕਿਉ ਸੋਇਆ ਹੈ। ਤਬ ਕਬੀਰ ਗੁਸਾਈ ਮਨ ਕਉ ਸਮਝਾਵਨੈ ਲਾਗਾ॥ ਰਮਾਕਲੀ ਰਾਗ ਮਹਿ ਬਾਣੀ ਕਹੀ॥ ਜਾਗ ਰੇ ਮਨ ਤੂੰ ਜਾਗ ਰੇ ਸੋਇ ਰਹਿਆ ਤੂੰ ਜਾਗੇ ਫੇ॥

ਤਬ ਕਬੀਰ ਗੁਸਾਈ ਆਤਮ ਪਰਬੋਧਿਆ ਕਹਿ ਉਠਾ 'ਜਿ ਹੇ ਮੇਰੇ ਮਨ ਤੂੰ ਕਿ ਕਾਮ ਕ੍ਰੋਧ ਲੋਭ ਮੋਹ ਅਹੰਕਾਰ ਕੇ ਰਸ ਮਹਿ ਸੋਇ ਰਹਿਆ ਹੈ ਸੋ ਕਿਉਂ ਸੋਇ ਰਹਿਆ ਹੈ...।"[18]

ਸੋ ਸਪਸ਼ਟ ਹੈ ਕਿ ਇਸ ਲੇਖਕ ਦੀ ਵਾਰਤਕ ਦਾ ਸਭ ਤੋਂ ਵੱਡਾ ਰਾਜ਼ ਹੀ ਵਾਰਤਾਲਾਪੀ ਸ਼ੈਲੀ ਹੈ। ਲਗਭਗ ਸਾਰਾ ਬ੍ਰਿਤਾਂਤ ਹੀ ਇਸ ਸ਼ੈਲੀ ਵਿਚ ਚਲਦਾ ਹੈ। ਇਸੇ ਸ਼ੈਲੀ ਦੇ ਦੂਜੇ ਰੂਪ ਪ੍ਰਸ਼ਨ ਉਤਰੀ ਢੰਗ ਨੂੰ ਅਪਣਾਉਂਦਿਆਂ ਲੇਖਕ ਨੇ ਗੁਰੂ ਨਾਨਕ ਗੁਰੂ ਅਮਰਦਾਸ ਅਤੇ ਭਗਤ ਕਬੀਰ ਦੀ ਬਾਣੀ ਦੇ ਅਧਿਆਤਮਕ ਭਾਵਾਂ ਨੂੰ ਬੜੀ ਸਫਲਤਾ ਅਤੇ ਬਰੀਕੀ ਨਾਲ ਉਘਾੜਿਆ ਹੈ।

ਖ) <u>ਨਾਟਕੀ ਅੰਸ਼</u> :-

ਵਿਆਖਿਆਤਮਕ ਤੇ ਉਪਦੇਸ਼ਕ ਕਿਸਮ ਦੀਆਂ ਰਚਨਾਵਾਂ ਵਿਚ ਨਾਟਕੀ ਅੰਸ਼ ਦੇ ਮਹੱਤਵ ਨੂੰ ਵੀ ਮਿਹਰਵਾਨ ਭਲੀ ਭਾਂਤ ਸਮਝਦਾ ਹੈ। ਇਸੇ ਲਈ ਉਸਨੇ ਆਪਣੀਆਂ ਗੋਸ਼ਟੀਆਂ ਅਤੇ ਕਥਾਵਾਂ ਨੂੰ ਨਾਟਕੀ ਛੋਹਾਂ ਲਾਉਣ ਦਾ ਵੱਧ ਤੋਂ ਵੱਧ ਯਤਨ ਕੀਤਾ ਹੈ। ਨਾਟਕੀ ਅੰਸ਼ ਉਪਜਾਉਣ ਲਈ ਲੇਖਕ ਨੇ ਕਈ ਸਾਧਨਾਂ ਦੀ ਵਰਤੋਂ ਕੀਤੀ ਹੈ ਜਿਨ੍ਹਾਂ ਵਿਚੋਂ ਪਾਤਰ, ਵਾਰਤਾਲਾਪ, ਸੰਬੋਧਨ, ਘਟਨਾ, ਨਾਟਕੀ, ਸਥਿਤੀ, ਨਾਟਕੀ ਦਲੀਲ, ਨਾਟਕੀ ਮਨਬਚਨੀ ਅਤੇ ਨਾਟਕੀ ਰੌਂਦ ਆਦਿ ਵਿਸ਼ੇਸ਼ ਮਹੱਤਵਪੂਰਣ ਹਨ।

---

17. ਉਹੀ, ਪੰਨਾ 367.
18. ਗੋ: ਕ: ਜੀ: ਕੀ: ਪੰਨਾ 73 (ਤਿੰਜਾ ਪਤ੍ਰ)

ਮਿਹਰਵਾਨ ਨੇ ਆਪਣੀਆਂ ਗੋਸ਼ਟੀਆਂ ਵਿਚ ਗੁਰੂ ਨਾਨਕ, ਗੁਰੂ ਅਮਰਦਾਸ ਭਗਤ ਕਬੀਰ ਤੇ ਮੁਸਲਮਾਨ ਪੀਰ ਫ਼ਕੀਰਾਂ ਆਦਿ ਜਿਹੜੇ ਨਾਇਕ ਪੇਸ਼ ਕੀਤੇ ਹਨ ਉਹਨ੍ਹਾਂ ਦਾ ਤਾਂ ਵਿਅਕਤ੍ਰਿਤ ਵੀ ਨਾਟਕੀ ਹੈ। ਗੁਰੂ ਨਾਨਕ ਵਰਗੇ ਨਾਇਕ ਗੁਰੂ ਆਪਣੇ ਜੀਵਨ ਵਿਚ ਦੂਰ ਦੂਰ ਤਕ ਰਟਨ ਕਰਕੇ ਭਾਂਤ ਭਾਂਤ ਦੇ ਲੋਕਾਂ ਨੂੰ ਮਿਲੇ ਅਤੇ ਉਨ੍ਹਾਂ ਨਾਲ ਗੋਸ਼ਟੀਆਂ ਕਰਕੇ ਨਾਟਕੀ ਢੰਗ ਨਾਲ ਅਧਿਆਤਮਿਕ ਉਪਦੇਸ਼ ਦਿੰਦੇ ਰਹੇ ਹਨ। ਗੁਰੂ ਨਾਨਕ ਵਾਂਗ ਭਗਤ ਕਬੀਰ ਅਤੇ ਹੋਰ ਪੀਰ ਫ਼ਕੀਰ ਵੀ ਨਾਟਕੀ ਵਿਅਕਤਿੱਤ ਦੇ ਮਾਲਕ ਹਨ। ਜਿਨ੍ਹਾਂ ਦੇ ਨਾਟਕੀ ਜੀਵਨ ਨੂੰ ਪੇਸ਼ ਕਰਨ ਦਾ ਯਤਨ ਲੇਖਕ ਦੀ ਸ਼ੈਲੀ ਨੂੰ ਨਾਟਕੀ ਰੰਗਣ ਪ੍ਰਦਾਨ ਕਰਦਾ ਹੈ।

ਸਚਖੰਡ ਪੋਥੀ ਦੀਆਂ ਗੋਸ਼ਟਾਂ ਦੇ ਨਾਇਕ ਗੁਰੂ ਨਾਨਕ ਦੇ ਪੂਰਵ ਜਨਮ, ਅਵਤਾਰ, ਬਚਪਨ, ਜਵਾਨੀ ਤੇ ਉਦਾਸੀਆਂ ਆਦਿ ਦੇ ਸਾਰੇ ਜੀਵਨ ਨੂੰ ਬੜੇ ਨਾਟਕੀ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਹਰ ਗੋਸ਼ਟ ਨਾਇਕ ਦੇ ਜੀਵਨ ਦੀ ਨਵੀਂ ਘਟਨਾ ਨੂੰ ਨਾਟਕੀ ਢੰਗ ਨਾਲ ਇਉਂ ਚਿਤੱਰਦੀ ਹੈ ਕਿ ਪਾਠਕ ਪ੍ਰਭਾਵਿਤ ਹੋਇਆ ਹੈਰਾਨੀ ਭਰੀ ਉਤਸੁਕਤਾ ਨਾਲ ਅੱਗੇ ਹੋਣ ਵਾਲੀਆਂ ਘਟਨਾਵਾਂ ਬਾਰੇ ਜਾਣਨ ਲਈ ਉਤਾਵਲਾ ਹੋ ਉੱਠਦਾ ਹੈ। ਗੁਰੂ ਨਾਨਕ ਅਤੇ ਕਬੀਰ ਦੇ ਜੀਵਨ ਵਿਚ ਵਾਪਰਨ ਵਾਲੀਆਂ ਹਰ ਘਟਨਾ ਉਸ ਦੀ ਪਾਤਰ ਉਸਾਰੀ ਕਰਦਿਆਂ ਨਾਇਕ ਨੂੰ ਇਕ ਆਦਰਸ਼ਕ ਗੁਰੂ ਉਪਦੇਸ਼ਕ ਅਤੇ ਕਰਾਮਾਤੀ ਸ਼ਕਤੀਆਂ ਦੇ ਮਾਲਕ ਮਹਾਨ ਪੈਰੋਕਾਰ ਬਣਾਉਣ ਵਿਚ ਹਿੱਸਾ ਪਾਉਂਦੀ ਹੈ। ਇਨ੍ਹਾਂ ਗੋਸ਼ਟੀਆਂ ਵਿਚੋਂ ਉਸਰਦੀ ਗੁਰੂ ਨਾਨਕ ਦੀ ਮਹਾਨ ਪ੍ਰਤਿੱਭਾ ਕਿਸੇ ਨਾਟਕ ਦੇ ਅਲੌਕਿਕ ਨਾਇਕ ਨਾਲੋਂ ਘੱਟ ਨਹੀਂ ਉੱਘੜਦੀ।

'ਗੋਸ਼ਟੀਆਂ ਕਬੀਰ ਜੀ ਕੀਆਂ' ਮੁੱਢਲੀ ਰਚਨਾ ਹੋਣ ਕਾਰਨ ਨਾਟਕੀ ਸਥਿਤੀ, ਨਾਟਕੀ ਘਟਨਾ ਤੇ ਚੁਸਤ ਨਾਟਕੀ ਵਾਰਤਾਲਾਪ ਤੋਂ ਭਾਵੇਂ ਸੱਖਣੀ ਜਾਪੇ ਪਰ ਗੋਸ਼ਟਾਂ ਗੁਰੂ ਨਾਨਕ ਤਾਂ ਇਸ ਦਾ ਸੁੰਦਰ ਨਮੂਨਾ ਪੇਸ਼ ਕਰਦੀਆਂ ਹਨ। 'ਮਸਲੇ ਹਜ਼ਰਤ ਰਸੂਲ ਕੇ' ਵਿਚ ਪ੍ਰਾਪਤ ਹਜ਼ਰਤ ਮੁਹੰਮਦ ਦੇ ਜਨਮ ਤੋਂ ਪਹਿਲਾਂ ਅਤੇ ਬਾਅਦ ਦੇ ਮਸਲਿਆਂ ਵਿਚ ਵੀ ਨਾਟਕੀ ਅੰਸ਼ ਕਾਇਮ ਹੈ।

ਮਿਹਰਵਾਨ ਰਚਿਤ ਗੋਸ਼ਟੀਆਂ ਦੇ ਪਾਤਰਾਂ ਵਿਚਕਾਰ ਹੋਣ ਵਾਲੀ ਵਾਰਤਾਲਾਪ ਵਿਚ ਵੀ ਕਮਾਲ ਦੀ ਨਾਟਕੀਅਤਾ ਹੈ ਜੋ ਨਾਟਕ ਵਰਗਾ ਸੁਆਦ ਉਤਪਨ ਕਰਦੀ ਹੈ। ਇਹ ਵਾਰਤਾਲਾਪ ਪਾਤਰਾਂ ਦੇ ਅੰਤਰੀਵ ਮਨੋਭਾਵਾਂ ਨੂੰ ਸਾਕਾਰ ਕਰਕੇ ਉਨ੍ਹਾਂ ਦੇ ਵਿਅਕਤ੍ਰਿੱਤ ਨੂੰ ਵੀ ਉਘਾੜਦੀ ਹੈ। ਇਕ ਥਾਂ ਦੇਖੋ ਵਾਰਤਾਲਾਪ ਵਿਚ ਬੜੀ ਮਾਸੂਮੀਅਤ ਨਾਲ ਨਿੱਕੇ ਨਿੱਕੇ

ਪਰ ਚੁਸਤ ਪ੍ਰਸ਼ਨ ਕਰਵਾ ਕੇ ਕਿੰਨਾ ਸੁੰਦਰ ਨਾਟਕੀ ਪ੍ਰਭਾਵ ਉਘਾੜਿਆ ਗਿਆ ਹੈ:-

> 'ਜਦ ਉਹੁ ਉਹਾਂ ਜਾਇ ਖੜਾ ਹੂਆ ਤਬ ਉਹਾਂ ਫਕੀਰ ਧੂਏ ਬਾਹੀ ਬੈਠੇ ਹੈ ਦੇਖਿ ਕਰਿ ਉਨ ਕੀਉ ਉਹ ਭੀ ਉਨ ਕੈ ਪਾਸਿ ਜਾਇ ਬੈਠਾ। ਤਬ ਉਨਿ ਕਹਿਆ ਜਿ ਜੀ ਤੁਮ ਕਵਨੁ ਹਹੁ। ਕਹੀ ਜੀ ਮੈ ਪੂਛਤਾ ਹਾਂ ਤੁਮ ਕਵਨ ਹਹੁ॥ ਤਬ ਗੁਰੂ ਬਾਬੇ ਨਾਨਕ ਜੀ ਕਹਿਆ ਰੇ ਹਮ ਪਰਮੇਸਰੁ ਕੇ ਲੋਕੁ ਹਾਂ। ਕਹੀ ਜੀ ਜਉ ਤੁਮ ਪਰਮੇਸੁਰ ਕੇ ਲੋਕ ਹਹੁ ਤਉ ਇਬ ਬਡਾ ਤਮਾਸਾ ਹੋਆ। ਜੀ ਮੀਹ ਬਰਸਦਾ ਥਾ ਤਬ ਸਭੁ ਦੇਸੁ ਵਸਦਾ ਥਾ। ਅਬ ਮੀਹ ਬਰਸਣ ਤੇ ਰਹਿਆ ਲੋਕੁ ਸਭੁ ਮਰੈਗਾ॥"...ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ ਆਗੈ ਤੁਮ ਕਉ ਕਵਣੁ ਬਸਾਵਦਾ ਸਾ। ਤਬ ਉਨਿ ਕਹਿਆ ਜਿ ਜੀ ਆ ਰਾਜਾ ਵਸਾਵਦਾ ਥਾ। ਤਬ ਗੁਰੂ ਬਾਬੇ ਕਹਿਆ ਜੀ। ਜਾ ਹੁਣ ਭੀ ਰਾਜੇ ਪਾਸਿ ਜਾਹੁ। ਤਬ ਉਨਿ ਕਹਿਆ ਜਿ ਜੀ ਰਾਜੇ ਪਾਹਿ ਜਾਇ ਰਹੇ ਜੀ ਹੁਣਿ ਰਾਜਾ ਭੀ ਨਾਹੀ ਵਸਾਇ ਸਕਦਾ।...।[19]

ਬਹੁਤੀਆਂ ਗੋਸ਼ਟੀਆਂ ਦੀ ਵਾਰਤਾਲਾਪ ਅਕਸਰ ਅਜਿਹੇ ਸੰਬੋਧਕੀ ਸ਼ਬਦਾਂ ਨਾਲ ਆਰੰਭ ਹੁੰਦੀ ਹੈ ਕਿ ਦੂਸਰੇ ਪਾਤਰਾਂ ਦੀ ਜਾਣ ਪਹਿਚਾਣ ਹੋਣ ਦੇ ਨਾਲ ਨਾਲ, ਯਥਾਰਥਕ ਢੰਗ ਅਤੇ ਨਾਟਕੀ ਪ੍ਰਭਾਵ ਵੀ ਸਹਿਜੇ ਹੀ ਉਸਰ ਪੈਂਦਾ ਹੈ ਜਿਵੇਂ:-

ਪੁਰਖਾ, ਏ ਸ੍ਰੀ ਨਰਾਇਣ ਜੀ, ਏ ਜੀ ਨਿਰੰਜਨ ਨਿਰੰਕਾਰ ਜੀ, ਏ ਸਾਹਿਬ ਪਰਵਦਗਾਰ, ਐ ਯਾਰਹੂ, ਐ ਹੈਵਾਨ ਸਾਹਿਬ ਦੇ। ਸੇਖ ਜੀ, ਮੁਲਾਂ ਜੀ, ਪੰਡਿਤ ਜੀ, ਏ ਗੁਸਾਈ ਜੀ, ਏ ਲੋਕਹੁ, ਆ ਮਰਦਾਨਿਆ, ਆਦਿ।

ਇਹ ਨਾਟਕੀ ਵਾਰਤਾਲਾਪ ਪਾਤਰਾਂ ਦੀ ਸ਼ਖ਼ਸੀਅਤ ਸਮੇਂ, ਸਥਾਨ ਸਥਿਤੀ ਅਤੇ ਗੋਸਟਿ ਦੇ ਅੰਤਰੀਵ ਭਾਵਾਂ ਅਨੁਸਾਰ ਹੀ ਆਪਣਾ ਰੂਪ ਵੀ ਬਦਲਦੀ ਹੈ। ਇਥੁੰ ਪਾਤਰ ਉਸਾਰੀ ਅਤੇ ਵਾਰਤਾਲਾਪ ਦੀ ਨਾਟਕੀਅਤਾ ਵਿਚ ਹੋਰ ਵੀ ਨਿਖਾਰ ਆਉਂਦਾ ਹੈ। ਪਾਤਰਾਂ ਦੇ ਮੂੰਹੋਂ ਨਿਕਲੀ ਵਾਰਤਾਲਾਪ ਵਿਚ ਲੋੜ ਅਨੁਸਾਰ ਕਿਤੇ ਕਿਤੇ ਕ੍ਰੋਧ ਦੀ ਭਾਵਨਾ ਉਸਨੂੰ ਹੋਰ ਵੀ ਜ਼ਿਆਦਾ ਸੁਭਾਵਕ ਅਤੇ ਪ੍ਰਭਾਵਸ਼ਾਲੀ ਬਣਾਉਂਦੀ ਹੈ ਜਿਵੇਂ ਇਕ ਥਾਂ ਗੁਰੂ ਨਾਨਕ ਦੇ ਮੂੰਹੋਂ ਨਿਕਲੇ ਇਹ ਸ਼ਬਦ ਦੇਖੋ ਕਿੰਨੇ ਯਥਾਰਥਵਾਦੀ ਅਤੇ ਪ੍ਰਭਾਵਸ਼ਾਲੀ ਜਾਪਦੇ ਹਨ:- 'ਰੇ ਅੰਧੇ

---

19. ਜ. ਗੁ. ਨਾ., ਭਾਗ ਪਹਿਲਾ, ਪੰਨਾ 233.

ਤੁਮਿ ਦਾਨੁ ਕਰਹੁ ਨਾਹਾ ਨ ਇਸਨਾਨ ਕਰਹੁ ਨ ਨਾਮੁ ਸਿਮਰਹੁ ਟੂਕੇ ਹੀ ਮੰਗਿ ਮੰਗਿ ਖਾਹੁ ਤੁਮਾਰੀ ਗਤਿ ਕਹਾਂ ਹੋਇ। ਤੁਮਿ ਨਰਕੀ ਜੀਵ ਹਉ।"[20]

ਲੋੜ ਅਨੁਸਾਰ ਲੇਖਕ ਪਾਤਰਾਂ ਦੇ ਮੂੰਹੋਂ ਨਿਕਲਦੀ ਵਾਰਤਾਲਾਪ ਨੂੰ ਨਵੇਂ ਤੋਂ ਨਵਾਂ ਰੂਪ ਦੇਂਦਾ ਹੈ ਜਿਵੇਂ ਗੁੱਸੇ ਵਿਚ 'ਅੰਨ੍ਹਿਆਂ ਰਾਵਲਾ', 'ਓਏ ਹਵਾਨਾ ਸਾਹਿਬ ਦੇ', ਬ੍ਰਹਮਣੇਇਆ ਆਦਿ ਸ਼ਬਦਾਂ ਨਾਲ ਵਾਰਤਾਲਾਪ ਦਾ ਆਰੰਭ ਹੁੰਦਾ ਹੈ। ਸ਼ਰਧਾ ਦਰਸਾਉਣ ਲਈ 'ਗੁਸਾਈ ਜੀ' ਰਾਮ ਜਪਹੁ ਜੀ', ਆਦਿ, ਦਿਲ ਦਾ ਦਰਦ ਦਰਸਾਉਣ ਲਈ 'ਹਾਇ ਹਾਇ ਏ ਰਾਜਾ' ਵਿਸਮਾਦੀ ਪ੍ਰਭਾਵਪੈਦਾ ਕਰਨ ਲਈ 'ਵਾਹ ਵਾਹੁ ਤੇਰੀ ਪੈਦਾਇਸ ਤੂ ਵਾਹ ਵਾਹ' ਆਦਿ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਕਈ ਥਾਈਂ ਤਾਂ ਅੱਖਰਾਂ ਦਾ ਸੰਜਮ ਹੁੰਦਿਆਂ ਹੋਇਆਂ ਵੀ ਬੜੀ ਵਿਸ਼ਾਲਤਾ ਹੈ ਜਿਸ ਨਾਲ ਅਕਸਰ ਨਾਟਕੀ ਸਿਖਰ ਉਸਰਦਾ ਪ੍ਰਤੀਤ ਹੁੰਦਾ ਹੈ ਜਿਵੇਂ:

"ਕਿਸੀ ਸਾਂਥਿ ਨ ਬੋਲੈ ਨਾ ਬਕੈ ਨ ਸੁਣੈ ਨ ਸੁਣਾਵੈ।'[21]

'ਜਾਇ ਜੈਸਾ ਮੈ ਤੈਸਾ ਤੂ ਤੁਝ ਮੈ ਕਿਛੁ ਭੇਦ ਨਾਹੀ,...ਜੈਸਾ ਤੂ ਤੈਸਾ ਮੈ।"[22]

ਇਹ ਵਾਰਤਾਲਾਪ ਪਾਤਰਾਂ ਦੇ ਸੂਖਮ ਤੋਂ ਸੂਖਮ ਅੰਤਰੀਵ ਮਨੋਭਾਵਾਂ ਨੂੰ ਵੀ ਪ੍ਰਭਾਵਸ਼ਾਲੀ ਢੰਗ ਨਾਲ ਚਿਤੱਰਦੀ ਹੈ। ਇਕ ਥਾਂ ਮਾਤਾ ਦੇ ਮੂੰਹੋਂ ਨਿਕਲੇ ਸ਼ਬਦ ਦੇਖੋ ਮਾਂ ਦੇ ਹਿਰਦੇ ਦੀ ਤੜਪਨ ਨੂੰ ਕਿਵੇਂ ਨਾਟਕੀ ਢੰਗ ਨਾਲ ਰੂਪਮਾਨ ਕਰਦੇ ਹਨ।

ਬੇਟਾ ਹਉ ਵਾਰੀ ਬੇਟਾ। ਹਉ ਘੁਮਾਈ ਤੁਧ ਵਿਟਹੁ ਹਉ ਵਾਰੀ ਹਉ ਬਲਿਹਾਰੀ। ਬਲਿਹਾਰ ਕੀਤੀ ਉਸ ਰਾਹਿ ਵਿਟਹੁ ਜਿਤਿ ਰਾਹ ਆਇਆ ਹੈ। ਉਸੁ ਹਾਥ ਵਿਟਹੁ ਵੀ ਵਾਰੀ ਬੇਟਾ ਤੇਰੇ ਇਸ ਖਿੰਥੇ ਵਿਟਹੁ ਵਾਰੀ। ਬੇਟਾ ਹਉ ਤੇਰਿਆਂ ਪੈਰਾਂ ਉਪਰਹੁ ਵਾਰੀ ਬੇਟਾ। ਹਉ ਤੁਧ ਨਿਹਾਲ ਕੀਤੀ। ਮੇਰਾ ਨਾਨਕ ਤੁਧ ਮੈਨੂੰ ਆਪਣਾ ਮੁਖ ਵਖਾਲਿਆ ਬੇਟਾ ਹਉ ਜਾਂਵੀ ਬੇਟਾ ਅਜ ਨਿਹਾਲੁ ਹੋਈ ਜਿ ਤੂ ਡਿਠੋਹਿ।[23]

ਨਾਟਕ ਵਰਗਾ ਸੁਆਦ ਦੇਣ ਵਾਲੀਆਂ ਇਨ੍ਹਾਂ ਗੋਸ਼ਟੀਆਂ ਸੰਬੰਧੀ ਪੰਜਾਬੀ ਦੇ ਪ੍ਰਸਿੱਧ ਨਾਟਕਕਾਰ ਪ੍ਰੋ: ਗੁਰਦਿਆਲ ਸਿੰਘ ਫੁੱਲ ਦਾ ਇਹ ਵਿਚਾਰ ਠੀਕ ਹੀ ਹੈ ਕਿ

20. ਉਹੀ, ਪੰਨਾ 418.
21. ਉਹੀ, ਪੰਨਾ 150.
22. ਉਹੀ, ਪੰਨਾ 232.
23. ਉਹੀ, ਪੰਨਾ 471 ਅਤੇ ਪੰਨਾ 178.

'ਇਸ ਜਨਮਸਾਖੀ ਵਿਚ ਨਾਟਕੀ ਤੱਤ ਹੀ ਨਹੀਂ ਸਗੋਂ ਇਹ ਤਾਂ ਨਿਰਾ ਨਾਟਕ ਜਾਪਣ ਲਗ ਪੈਂਦੀ ਹੈ ਜੇ ਇਸ ਵਿਚੋਂ ਭੂਤ ਦੀਆਂ ਕਿਰਿਆਵਾਂ ਕੱਢ ਦਿੱਤੀਆਂ ਜਾਣ... ਇਹ ਨਾਟਕ ਬਣ ਜਾਵੇਗਾ।"[24]

ਗੋਸ਼ਟ ਸ਼ੈਲੀ ਵਿਚ ਨਾਟਕੀ ਅੰਸ਼ ਉਪਜਾਉਣ ਲਈ ਲੇਖਕ ਵਲੋਂ ਵਰਤਿਆ ਗਿਆ ਇਕ ਹੋਰ ਸਾਧਨ ਨਾਟਕੀ ਬਿਆਨ ਹੈ। ਨਾਇਕ ਦੀ ਜੀਵਨੀ ਚਿਤੱਰਦਿਆਂ ਥਾਂ ਥਾਂ ਲੇਖਕ ਨੇ ਅਜਿਹੇ ਬਿਆਨ ਢੰਗ ਨੂੰ ਅਪਣਾਇਆ ਹੈ ਕਿ ਪਾਠਕ ਇਕ ਦਮ ਸੁਚੇਤ ਹੋ ਕੇ ਬਿਆਨੀ ਜਾ ਰਹੀ ਘਟਨਾ ਸੰਬੰਧੀ ਅਗੋਂ ਜਾਨਣ ਲਈ ਉਤਸੁਕ ਹੋ ਉਠੱਦਾ ਹੈ। ਜਿਵੇਂ ਇਕ ਥਾਂ ਦੇਖੋ ਇਹ ਬਿਆਨ ਕਿੰਨਾ ਨਾਟਕੀ ਅਤੇ ਪ੍ਰਭਾਵਸ਼ਾਲੀ ਹੈ:-

> "...ਤਬ ਬੋਲਣੇ ਤੇ ਰਹਿ ਗਇਆ। ਅਰੁ ਗ੍ਰਿਸਤ ਤੇ ਮਨ ਉਦਾਸ ਹੋਇ ਗਇਆ। ਮਨੁ ਗੁਰੂ ਬਾਬੇ ਨਾਨਕ ਜੀ ਕਾ ਟਿਕੈ ਨਾਹੀ। ਤਬ ਗੁਰੂ ਬਾਬੇ ਜੀ ਕੀ ਮਾਤਾ ਦੇਖਿ ਦੇਖਿ ਝੂਰੈ ਹੇ ਪਰਮੇਸਰ ਏਹੁ ਨਾ ਬੋਲਤਾ ਹੈ ਨਾ ਬਕਤਾ ਹੈ। ਏ ਨਾਰਾਇਣ ਜੀ ਨਾਨਕ ਉਦਾਸ ਹੀ ਰਹਦਾ ਹੈ ਸੁ ਕੀ ਕਿਛੁ ਹੋਵੇ ਜੋ ਨਾਨਕ ਸਹਜੇ ਹੀ ਨਾਲਿ ਬੋਲੈ ਚਲੈ ਕਿਸੀ ਸਾਥਿ।"[25]

ਬਿਆਨ ਢੰਗ ਜਿਥੇ ਨਾਟਕੀ ਹੈ ਉਥੇ ਉਸ ਨੂੰ ਹਾਸ ਰਸੀ ਛੋਹਾਂ ਲਾ ਕੇ ਵਧੇਰੇ ਪ੍ਰਭਾਵਸ਼ਾਲੀ ਅਤੇ ਪਾਠਕ ਦੇ ਮਨ ਨੂੰ ਕੀਲਣ ਦੇ ਸਮਰੱਥ ਬਣਾ ਦਿੱਤਾ ਹੈ ਜਿਵੇਂ ਇਕ ਥਾਂ ਭੁੱਖੇ ਆਤੁਰ ਮਰਦਾਨੇ ਦਾ ਬਿਆਨ ਬੜੇ ਸੁੰਦਰ ਢੰਗ ਨਾਲ ਇਉਂ ਕੀਤਾ ਹੈ:-

> ਮਰਦਾਨਾ ਆਇ ਕੈ ਸੀਨ੍ਹਾਲੀ ਫਿਰਿ ਪਇਆ ਤਬ ਗੁਰੂ ਬਾਬਾ ਫਿਰਿ ਜਾਇ ਮਰਦਾਨੇ ਥੈ ਖੜਾ ਹੋਆ ਜੋ ਮਰਦਾਨਿਆ ਕਿਉ ਪੈ ਰਹਿਉਹਿ ਅਥੈ ਜੀ ਭੁਖ ਮਲਿਆ ਹਾਂ। ਤਬ ਗੁਰੂ ਬਾਬੇ ਕਹਿਆ ਜਿ ਉਠਿ ਬਹੁ ਰਬਾਬੁ ਵਜਾਇ ਸਬਦ ਗਾਉ ਪਰਮੇਸੁਰ ਕਿਛੁ ਭੁਖ ਦਾ ਭੀ ਕਰੇਗਾ। ਤਬ ਮਰਦਾਨੇ ਕਹਿਆ ਜੀ ਜੀ ਰੁਬਾਬ ਵਜਾਵਣੇ ਗਲਿ ਖਲੋਈ ਹੈ ਜੀਉ ਥੋੜ੍ਹਾ ਹੋਆ...ਘਟੁ ਮਿਲਿ ਗੈਆ ਹੈ ਤਬਕ ਜੁੜ ਗਏ ਹੈ ਜਿ ਹਉ ਮਰਦਾ ਹਾਂ...।[26]

ਕਈ ਥਾਂਈਂ ਤਾਂ ਲੇਖਕ ਨੇ ਇਕੋ ਸ਼ਬਦ ਦੀ ਬਾਰ ਬਾਰ ਵਰਤੋਂ ਕਰਕੇ ਬਿਆਨ ਵਿਚ ਨਾਟਕੀ ਗੁਲਿਆਈ ਲੈ ਆਂਦੀ ਹੈ ਜਿਵੇਂ:

---

24. ਉਹੀ, ਭੂਮਿਕਾ, ਪੰਨਾ 59.
25. ਉਹੀ, ਪੰਨਾ 40.
26. ਉਹੀ, ਪੰਨਾ 109.

ਏ ਪ੍ਰਾਰਬ੍ਰਹਮ ਜੀ ਕਾ ਪਸਾਉ, ਪਸਾਉ ਨਿਰੰਜਨ ਕਾ ਪਸਾਉ, ਨਿਰੰਕਾਰ ਕਾ ਪਸਾਉ, ਪਸਾਉ ਬੇਅੰਤ ਕਾ ਬੇਸੁਮਾਰ ਕਾ ਪਸਾਉ, ਪਸਾਉ ਸ੍ਰੀ ਵਾਸਦੇਵ ਕਾ ਪਸਾਉ ਪਸਾਉ ਸ੍ਰੀ ਠਾਕੁਰ ਜੀ ਕਾ ਪਸਾਉ ਪਸਾਉ ਸ੍ਰੀ ਰਾਮ ਚੰਦ ਜੀ ਕਾ ਪਸਾਉ ਪਸਾਉ ਨਿਰਭਉ ਨਿਰਵੈਰ ਕਾ ਪਸਾਉ।

ਇਨ੍ਹਾਂ ਰਚਨਾਵਾਂ ਵਿਚ ਨਾਇਕ ਥਾਂ ਥਾਂ ਨਾਟਕੀ ਵਿਧੀ ਰਾਹੀਂ ਆਪਣੇ ਵਿਚਾਰਾਂ ਨੂੰ ਪਾਠਕਾਂ ਤਕ ਪਹੁੰਚਾਉਂਦਾ ਹੈ ਤਾਂ ਕਿ ਨਾਟਕੀ ਝਟਕੇ ਰਾਹੀਂ ਹਰ ਸਿੱਖਿਆ ਸਹਿਜੇ ਹੀ ਪਾਠਕ ਨੂੰ ਸਮਝਾਈ ਜਾ ਸਕੇ। ਗੁਰੂ ਨਾਨਕ ਦਾ ਹਰਦੁਆਰ ਦੇ ਪੰਡਿਤਾਂ ਅਤੇ ਲੋਕਾਂ ਨੂੰ ਨਾਟਕੀ ਕਾਰਜ ਰਾਹੀਂ ਸਿੱਖਿਆ ਦੇਣਾ ਇਸ ਸ਼ੈਲੀ ਦਾ ਸੁੰਦਰ ਨਮੂਨਾ ਪੇਸ਼ ਕਰਦਾ ਹੈ ਜਦੋਂ ਉਲਟੀ ਦਿਸ਼ਾ ਵਲ ਪਾਣੀ ਦੇਂਦੇ ਗੁਰੂ ਨਾਨਕ ਨੂੰ ਦੇਖ ਕੇ ਹੈਰਾਨ ਹੋਇ ਪੰਡਿਤ ਇਹ ਕਹਿ ਉਠਦੇ ਹਨ ਕਿ:

(ੳ) ਏ ਰਾਮ ਏਹਿ ਪਛਮ ਕੀ ਤਰਫ ਪਾਣੀ ਦੇਤਾ ਹੈ ਸਿ ਕਵਣ ਹੈ ਕਿਸਨੁ ਕਹਿਆ ਜਿ ਕੋਈ ਦੀਵਾਨਾ ਹੈ ਅਕੇ ਕੋਈ ਤੁਰਕ ਹੈ ਤਬ ਹੈ ਭਾਈ ਬੀਰ ਰਾਮ ਕੈ ਤੂ ਇਸ ਕਉ ਪੁਛੁ ਕਿ ਤੇਰੀ ਮਤਿ ਕਿਆ ਹੈ ਜਿ ਤੂ ਪਛਮ ਕੀ ਤਰਫ ਕਉ ਪਾਣੀ ਦੇਤਾ ਹੈ... ਕਹੈ ਦਯ ਕੇ ਸਵਾਰੇ ਕਿਥਾਉ ਲਹੌਰ ਜੀ ਧਰਤੀ ਭੀ ਥੀਹਾਂ ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ ਉਣਵੰਜਾ ਕੋੜਾ ਦੇਵ ਲੋਕ ਜਾਇਗਾ ਪਰ ਲਹੌਰ ਕੀ ਧਰਤੀ ਨਾਂ ਜਾਇਗਾ।[27]

ਏਸੇ ਤਰ੍ਹਾਂ ਇਕ ਹੋਰ ਗੋਸ਼ਟਿ ਵਿਚ ਇਕ ਪਿੰਡ ਦੀ ਮਸੀਤ ਵਿਚ ਜੁੱਤਾ ਸਣੇ ਮਸੀਤ ਵਲ ਪੈਰ ਕਰਕੇ ਸੌਣ ਦਾ ਨਾਟਕੀ ਘਟਨਾ ਅਤੇ ਸੰਕੇਤਕ ਢੰਗ ਨਾਲ ਮੌਲਵੀ ਨੂੰ ਅਸਲੀਅਤ ਦਾ ਗਿਆਨ ਕਰਵਾ ਦੇਂਦਾ ਹੈ ਜਦ ਗੁਰੂ ਨਾਨਕ ਉਸ ਨੂੰ ਇਹ ਕਹਿੰਦੇ ਹਨ ਕਿ:

(ਅ) ਏ ਬਾਬਾ ਸਾਹਿਬ ਦਿਖਹੁ ਜਿਸ ਤਰਫ ਨਾਹੀ ਸਾਹਿਬ ਦਾ ਘਰੁ ਉਸੇ ਹੀ ਜਾਹਗਾ ਏਹਿ ਮੇਰੇ ਪੈਜਾਮਿ ਰਖਿ ਆਖਹੁ। ਅਰੁ ਜਿਸ ਤਰਫ ਨਾਹੀ ਕਾਬਾ ਉਸ ਤਰਫ ਮੇਰੇ ਪੈਜਾਰ ਕਰਹੁ। ਜਿਉ ਜਿਉ ਤੁਸੀ ਜਾਣਦੇ ਹਹੁ ਤਿਉ ਤਿਉ ਤੁਸੀ ਕਰਹੁ।[28]

ਇਨ੍ਹਾਂ ਘਟਨਾਵਾਂ ਤੋਂ ਇਲਾਵਾ ਜਨੇਊ ਪਾਉਣ ਤੋਂ ਇਨਕਾਰ ਕਰਨਾ, ਵਿਆਹ ਸਮੇਂ ਚੁਪ ਕਰ ਜਾਣਾ, ਨਮਾਜ ਪੜ੍ਹਨ ਸਮੇਂ ਹੱਸਣਾ ਹਰਿ ਨਾਥ ਰਾਜੇ ਕੇ ਬੁਲਾਉਣ ਤੋਂ ਅਗੋ ਨਾ ਬੋਲਣਾ ਆਦਿ ਅਨੇਕਾਂ ਅਜਿਹੀਆਂ ਨਾਟਕੀ ਘਟਨਾਵਾਂ ਹਨ ਜਿਨ੍ਹਾਂ ਰਾਹੀਂ ਪਾਠਕ ਦਾ ਧਿਆਨ ਹੀ ਨਹੀਂ ਖਿੱਚਿਆ ਗਿਆ ਸਗੋਂ ਬੜੇ ਪ੍ਰਭਾਵਸ਼ਾਲੀ ਅਤੇ ਸੁਭਾਵਕ ਜਿਹੇ ਢੰਗ ਨਾਲ ਅਜਿਹਾ ਉਪਦੇਸ਼ ਦਿੱਤਾ

---

27. ਉਹੀ, ਪੰਨਾ 118.
28. ਉਹੀ ਪੰਨਾ 449.

ਗਿਆ ਹੈ ਕਿ ਪਾਠਕ ਦੇ ਮਨ ਦੀਆਂ ਗਹਿਰਾਈਆਂ ਵਿਚ ਉਸ ਦਾ ਪ੍ਰਭਾਵ ਉਤਰ ਜਾਂਦਾ ਹੈ।

'ਗੋਸ਼ਟਾਂ ਕਬੀਰ ਜੀ ਕੀਆਂ' ਦੀਆਂ ਗੋਸ਼ਟੀਆਂ ਵਿਚ ਵੀ ਥਾਂ ਥਾਂ ਅਜਿਹੀਆਂ ਨਾਟਕੀ ਘਟਨਾਵਾਂ ਰਾਹੀਂ ਪਾਠਕ ਨੂੰ ਸਮਾਜਕ ਪਖੰਡ ਅਤੇ ਧਾਰਮਕ ਕਰਕਾਂਡ ਤਿਆਗ ਕੇ ਪ੍ਰਭੂ ਪ੍ਰਾਪਤੀ ਦੇ ਸੌਖੇ ਯਤਨਾਂ ਲਈ ਪ੍ਰੇਰਿਆ ਗਿਆ ਹੈ। ਇਕ ਗੋਸ਼ਟ ਵਿਚ ਦੇਖੋ ਕਿਵੇਂ ਨਾਟਕੀ ਢੰਗ ਨਾਲ ਛੂਤ ਛਾਤ ਦੀ ਭਾਵਨਾ ਦੀ ਅਸਾਰਥਕਤਾ ਘਟਨਾ ਰਾਹੀਂ ਇਉਂ ਪੇਸ਼ ਕੀਤੀ ਗਈ ਹੈ:

> ਏਕ ਦਿਨ ਕਬੀਰ ਜੀ ਪਿਰਾਗ ਤੀਰਥ ਬਿਖੈ ਗਇਆ ਤਬ ਤੀਰਥ ਬਿਖੈ ਗਇਆ ਤਬ ਆਗੈ ਏਕ ਬ੍ਰਾਹਮਣ ਦੇਵਤੇ ਪੂਜ ਰਹਾ ਥਾ ਤਬ ਕਬੀਰ ਨਜੀਕ ਆਇਆ॥ ਤਬ ਉਸ ਬ੍ਰਾਹਮਣ ਇਸਨਾਨ ਕੀਆ ਇਸਨਾਨ ਕਰਕੈ ਬਾਹਰ ਆਇਆ ਕਪੜ ਪਹਿਨ ਬੈਠਾ। ਅਵਰ ਜਿ ਲੋਕ ਥੇ ਤਿਨਹੁ ਕਹਿਆ ਜਿ ਬ੍ਰਾਹਮ ਜੀ ਤੁਮ ਜਿ ਬਾਹਰ ਇਸਨਾਨ ਕੀਆ ਸਿ ਕਿਉ ਕੀਆ॥ ਤਬ ਉਸ ਬ੍ਰਾਹਮਣ ਨੇ ਕਹਾ ਜਿ ਇਹ ਕਬੀਰ ਜੁਲਾਹਾ ਹੈ ਸੁ ਏਹ ਮਲੇਛ ਜੁ ਮੇਰੇ ਮੁਖ ਲਾਗਾ ਸੋ ਮੈ ਫਿਰ ਇਸਨਾਨ ਕਰ ਦੇਵਤਿਆਹੁ ਕੀ ਪੂਜਾ ਕਰੀ। ਤਬ ਕਬੀਰ ਗੁਸਾਈਂ ਸੁਣਿਆ ਸੁਣ ਕਰ ਉਸ ਬ੍ਰਾਹਮਣ ਪਾਸਿ ਆਇਆ...ਤਬ ਕਬੀਰ ਪੰਡਿਤ ਕੇ ਪਰਥਾਇ ਬਾਣੀ ਬੋਲੀ ਗਉੜੀ ਰਾਗ ਮਹਿ॥ ਗਰਭ ਵਾਸ ਮਹਿ ਕੁਲ ਨਹੀ ਜਾਤੀ ਬ੍ਰਹਮ ਬਿੰਦ, ਤੇ ਸਭ ਉਤਪਾਤੀ ...।[29]

'ਗੋਸ਼ਟਾਂ ਗੁਰੂ ਨਾਨਕ' ਵਿਚ ਗੁਰੂ ਜੀ ਦੀਆਂ ਮੁਲਾਂ, ਪੰਡਿਤਾਂ, ਸਿੱਧਾਂ, ਪੀਰਾਂ ਫ਼ਕੀਰਾਂ ਠੱਗਾਂ, ਰਾਕਸ਼ਸ਼ਾਂ ਵੈਸ਼ਨਵਾਂ, ਗੋਬਿੰਦ ਲੋਕਾਂ, ਸਾਧਜਨਾਂ, ਪ੍ਰਵਾਰ ਦੇ ਲੋਕਾਂ ਅਤੇ ਮਰਦਾਨੇ ਤੋਂ ਇਲਾਵਾ ਪਾਰਬ੍ਰਹਮ ਨਾਲ ਵੀ ਅਨੇਕਾਂ ਗੋਸ਼ਟੀਆਂ ਹੁੰਦੀਆਂ ਹਨ ਜਿਨ੍ਹਾਂ ਵਿਚ ਨਾਟਕੀ ਵਿਧੀ ਰਾਹੀਂ ਹੀ ਗੁਰੂ ਨਾਨਕ ਦੇ ਉਪਦੇਸ਼ਾਂ ਅਤੇ ਵਿਚਾਰਾਂ ਨੂੰ ਬੜੇ ਕਲਾਮਈ ਢੰਗ ਨਾਲ ਪੇਸ਼ ਕੀਤਾ ਗਿਆ ਹੈ।

ਪਰ ਨਾਟਕੀ ਘਟਨਾਵਾਂ ਪੇਸ਼ ਕਰਨ ਤੋਂ ਪਹਿਲਾਂ ਲੇਖਕ ਨੇ ਥਾਂ ਥਾਂ ਨਾਟਕੀ ਸਥਿਤੀ ਵੀ ਪੈਦਾ ਕੀਤੀ ਹੈ ਜਿਸ ਨਾਲ ਨਾਟਕੀ ਅੰਸ਼ ਪੈਦਾ ਹੁੰਦਾ ਹੈ। ਅਜਿਹੀ ਨਾਟਕੀ ਸਥਿਤੀ ਦੇ ਨਮੂਨੇ ਬਹੁਤ ਸਾਰੀਆਂ ਗੋਸ਼ਟੀਆਂ ਦੇ ਆਰੰਭ ਵਿਚ ਮਿਲਦੇ ਹਨ।

---

29. ਗੋ: ਕ: ਜੀ: ਕੀ; ਪੰਨਾ 63 (ਨਿੱਜੀ ਪ੍ਰਤੀ)

ਨਾਟਕੀ ਘਟਨਾਵਾਂ ਅਤੇ ਨਾਟਕੀ ਸਥਿਤੀਆਂ ਤੋਂ ਇਲਾਵਾ ਗੋਸ਼ਟਾਂ ਦੇ ਨਾਇਕਾਂ ਵਲੋਂ ਥਾਂ ਥਾਂ ਦਿੱਤੀਆਂ ਦਲੀਲਾਂ ਵਿਚ ਵੀ ਦੇਖੋ ਕਿੰਨਾ ਨਿਆਇ ਅਤੇ ਨਾਟਕੀ ਸੰਜਮ ਹੈ ਜਿਵੇਂ ਇਕ ਥਾਂ ਇਕ ਦਲੀਲ ਇਉਂ ਪੇਸ਼ ਕੀਤੀ ਹੈ:

> ਮਗਣੈ ਲਗਾ ਤਿਸ ਕਾ ਨਾਮ ਮੰਗਤਾ, ਸੇਵਨੇ ਲਾਗਾ ਤਿਸ ਕਾ ਨਾਮ ਧੋਬੀ,
> ਚੰਮ ਕਮਾਵੈ ਤਿਸ ਕਾ ਨਾਮ ਚਮਿਆਰ, ਲੋਹਾ ਕਮਾਵੈ ਤਿਸ ਕਾ ਨਾਮ ਲੁਹਾਰ,
> ਸੁਇਨਾ ਕਮਾਵੈ ਤਿਸ ਕਾ ਨਾਮ ਸੁਨਿਆਰ, ਭਾਂਡੇ ਮਿੱਟੀ ਕੇ ਕਮਾਵੈ ਤਿਸ ਕਾ
> ਨਾਮ ਘੁਮਿਆਰ... ਜਾਂ ਨਾ ਕੋਈ ਨੀਚ ਨਾ ਕੋਈ ਊਚ ਪਣੁ ਜੈਸੀ ਜੈਸੀ ਟਹਲ
> ਕੋਈ ਪਰਮੇਸਰ ਲਾਇਆ ਹੈ ਤੈਸੀ ਤੈਸੀ ਟਹਿਲ ਕਾ ਤਿਸ ਨਾਉ, ਤਿਸੀ ਨਾਇ
> ਕਰਿ ਕਰਿ ਇਹ ਬੁਲਾਇਤਾ ਹੈ...।[30]

ਸਮੁੱਚੇ ਤੌਰ ਤੇ ਮਿਹਰਵਾਨ ਰਚਿਤ ਗੋਸ਼ਟੀ ਨਾਟਕੀ ਰਸ, ਨਾਟਕੀ ਕਾਰਜ, ਨਾਟਕੀ ਵਾਰਤਾਲਾਪ ਅਤੇ ਨਾਟਕੀ ਪਾਤਰ ਚਿਤੱਰਣ ਨਾਲ ਭਰਪੂਰ ਹਨ। ਇਹੋ ਕਾਰਨ ਹੈ ਕਿ ਇਹ ਗੋਸ਼ਟਾਂ ਨਾਟਕ ਵਾਂਗ ਹੀ ਦੋ ਪਾਤਰਾਂ ਦੇ ਇਕੱਠੇ ਹੋਣ ਨਾਲ ਆਰੰਭ ਹੁੰਦੀਆਂ ਹਨ ਤੇ ਪ੍ਰਸ਼ਨ ਜਾਂ ਅੜਾਉਣੀ ਉਤਪਨ ਹੋਣ ਨਾਲ ਨਾਟਕੀ ਦਵੰਦ ਉਪਜਾਉਂਦੀਆਂ ਹਨ ਜਿਸ ਨਾਲ ਪਾਠਕ ਦੇ ਮਨ ਵਿਚ ਅਗੇ ਜਾਣਨ ਲਈ ਉਤਸੁਕਤਾ ਪੈਦਾ ਹੋ ਜਾਂਦੀ ਹੈ। ਪਰ ਇਨ੍ਹਾਂ ਗੋਸ਼ਟਾਂ ਦਾ ਅੰਤ ਦੁਖਾਂਤ ਨਹੀਂ ਹੁੰਦਾ। ਸਗੋਂ ਨਾਇਕ ਵਲੋਂ ਹਰ ਪ੍ਰਸ਼ਨ ਦਾ ਸਪਸ਼ਟ ਅਤੇ ਵਿਸਤ੍ਰਿਤ ਉਤਰ ਦਿੱਤਾ ਜਾਂਦਾ ਹੈ ਜਿਸ ਨਾਲ ਪ੍ਰਸ਼ਨ ਉਠਾਉਣ ਵਾਲੇ ਵਿਅਕਤੀ ਦੀ ਮਾਨਸਕ ਤੌਰ ਤੇ ਤਸੱਲੀ ਹੋ ਜਾਂਦੀ ਹੈ।

ਸੋ ਇਨ੍ਹਾਂ ਗੋਸ਼ਟਾਂ ਦੇ ਸਮੁੱਚੇ ਅਧਿਐਨ ਤੋਂ ਇਨ੍ਹਾਂ ਦੀ ਸ਼ੈਲੀ ਵਿਚੋਂ ਭਰਪੂਰ ਨਾਟਕੀ ਅੰਸ਼ ਉਘੜ ਕੇ ਸਾਹਮਣੇ ਆਉਂਦਾ ਹੈ। ਇਸੇ ਲਈ ਉਸ ਦਾ ਬਾਅਦ ਰਚਨਾਵਾਂ ਉਤੇ ਬੜਾ ਡੂੰਘਾ ਪ੍ਰਭਾਵ ਪ੍ਰਤੱਖ ਹੈ।

ਗ) <u>ਕਾਵਿਕ ਅੰਸ਼</u> :

ਇਨ੍ਹਾਂ ਰਚਨਾਵਾਂ ਵਿਚ ਕਾਵਿਕ ਅੰਸ਼ ਉਤਪਨ ਹੋਣ ਦਾ ਪ੍ਰਮੁੱਖ ਕਾਰਨ ਇਨ੍ਹਾਂ ਵਿਚ ਅਪਣਾਇਆ ਗਿਆ ਵਿਸ਼ਾ ਹੀ ਹੈ। ਇਨ੍ਹਾਂ ਸੂਖਮ ਅਧਿਆਤਮਿਕ ਭਾਵਾਂ ਨੂੰ ਰੂਪਮਾਨ ਕਰਨ ਵਾਲੀ ਬਾਣੀ ਦੇ ਪਰਮਾਰਥ ਪੇਸ਼ ਕਰਦਿਆਂ ਲੇਖਕ ਦੇ ਬਿਆਨ ਅਤੇ ਪਾਤਰਾਂ ਵਿਚਕਾਰ ਹੋਣ ਵਾਲੀ ਵਾਰਤਾਲਾਪ ਵਿਚ ਸੁਭਾਵਕ ਤੌਰ ਤੇ ਹੀ ਕਾਵਿਕ ਅੰਸ਼ ਉਤਪਨ ਹੋ ਗਿਆ ਹੈ। ਗੁਰਬਾਣੀ ਦੇ

---

30) ਜ. ਗੁ. ਨਾ. ਭਾਗ ਪਹਿਲਾ, ਪੰਨਾ 424.

ਸੂਖਮ ਭਾਵਾਂ ਦੀ ਵਿਆਖਿਆ ਵਿਚ ਅਜਿਹਾ ਪ੍ਰਭਾਵ ਥਾਂ ਥਾਂ ਦੇਖਿਆ ਜਾ ਸਕਦਾ ਹੈ ਜਿਵੇਂ:

ੳ) ਸੁਣਿ ਸੁਆਮੀ ਪੰਡਿਤਾ ਏਸ ਕਾ ਧਰਮ ਏਤ ਕਪਾਹਿ ਦੇ ਸੂਤਿ ਵਟਿ ਘਤੀਐ ਨਾਹੀ ਰਹਦਾ। ਇਹ ਜਨੇਊ ਏਹੁ ਹੈ ਅੰਦਰਿ ਦਇਆ ਵਸੈ ਦਇਆ ਕਾ ਕਪਾਹ ਹੋਇ। ਜਾ ਅੰਦਰਿ ਸੰਤੋਖ ਆਇਆ ਤਬ ਉਸ ਦਇਆ ਕੀ ਕਪਾਹ ਕਾ ਸੂਤ ਹੋਆ।...ਜੇ ਤਾਂ ਏਹੁ ਜਨੇਊ ਹੋਇ ਆਵੈ ਤਾਂ ਪਾਈਐ ਨਾਤਰ ਕਾਹੇ ਕਉ ਸਤੁ ਗਵਾਈਐ...।[31]

ਅ) ਤਬ ਉਸ ਨਗਰ ਤੇ ਗੁਰੂ ਬਾਬਾ ਨਾਨਕੁ ਜੀ ਦੇਖਤਾ ਦੇਖਤਾ ਬੀਕਾਨੇਰਿ ਕੀ ਧਰਤੀ ਏਕ ਅਉਰ ਨਗਰੀ ਮਹਿ ਜਾਇ ਬਸਿਆ ਤਹਾਂ ਉਹ ਜੋ ਰਾਜਪੂਤ ਥੇ ਬੈਸਨਉ ਗੁਰੂ ਬਾਬੇ ਪਾਹਿ ਮਿਲ ਆਏ ਉਨਹੁ ਆਇ ਕਹਿਆ ਜਿ ਰਾਮ ਰਾਮ ਗੁਸਾਈ ਜੀ ਰਾਮ ਰਾਮ। ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ ਸਤਿ ਰਾਜਾ ਰਾਮੁ ਆਵਹੁ ਜੀ ਬੈਸਹੁ ਜੀ ਬਲਿਹਾਰ ਜਾਈਐ ਜੀ ਤਬ ਉਹਿ ਗੋਬਿੰਦ ਲੋਕ ਰਾਮ ਰਮ ਕਰਿ ਕਰਿ ਡਡਉਤਿ ਕਰਿ ਕਰਿ ਬੈਠਿ ਗਏ।[32]

ੲ) 'ਤਬ ਗੁਸਾਈ ਭਰਥਰੀ ਕਹਿਆ... ਦੇਖਾ ਜੀ ਤੁਮ ਜਿ ਉਹ ਦੇਖਾ ਸੁ ਕਿਉ ਕਰਿ ਦੇਖਾ ਮੀਤੁ। ਕਿਸ ਸੇਵਾ ਕਰਿ ਕਰਿ ਤੁਮਹੁ ਗੀਤੁ ਦੀਆ ਪਰਮੇਸਰ ਕਉ ਕਿਸੀ ਕਉ ਪੂਛਿ ਕਰਿ ਉਸ ਕਉ ਲਾਗੇ ਹੋਵਹੁਗੇ ਪਈ।... ਕਿਨੈ ਕਿਸੀ ਉਪਦੇਸੁ ਦੀਆ ਹੋਇਗਾ ਜੋ ਤੁਮਹੁ ਉਸ ਹੀ ਕੀ ਲਿਵ ਲਾਗ ਰਹੇ ਹੋ।...ਤਬ ਭਰਥਰੀ ਕਹਿਆ ਜਿ ਏ ਨਾਨਕ ਜੀ ਤੁਝ ਬਿਨ ਹਮਰਾ ਕੋਇ ਨਾਹੀ ਜਿਸੁ ਕਉ ਪੂਛਉ ਇਹੁ ਨਿਜ ਘਰ ਜਾਈਐ ਸੁ ਕਿਉ ਕਰਿ ਜਾਈਐ। ਅਰੁ ਉਹ ਮੰਤ ਮੁਝ ਕਉ ਬਤਾਇ ਜਿਸੁ ਮੰਤ ਕਉ ਮੈ ਸੇਵਾ ਕਰਉ ਆਪਣਾ ਚਿਤੁ ਲਗਾਇ ਕਰਿ ਸੇਵਾ ਕਰਉ...।[33]

ਸ) 'ਏਤੁ ਕਰਿ ਕਰਿ ਮੇਰੀ ਜਿਹਵਾ ਸੂਚੀ ਹੋਤੀ ਤੇਰੇ ਪ੍ਰਸਾਦਿ।'[34]
ਕਹੀ ਜਾ ਅਬ ਤੈ ਮੈਨੋ ਸਿਖੁ ਦੀਆ ਅਬ ਮੈ ਤੂੰ ਗੁਰੂ ਕੀਆ।'[35]

---

31. ਜ. ਗੁ. ਲਾ. ਭਾਗ ਪਹਿਲਾ, ਪੰਨਾ 21.
32. ਉਹੀ, ਪੰਨਾ 350.
33. ਉਹੀ, ਪੰਨਾ, 202
34. ਉਹਾ, ਪੰਨਾ 154.
35. ਉਹਾ, ਪੰਨਾ 248.

ਹ) ਤਬ ਜਿ ਕੋਈ ਕਹੈ ਜਿ ਭਗਤੁ ਹੋਇ ਕਰਿ ਫਿਰਿ ਜਨਮਿ ਕਿਉ ਆਵੈ ਕਹੈ ਇਸ ਬਿਸੇਖ ਕਰਿ ਕਰਿ ਆਵੈ ਜਿ ਮੇਰੇ ਭਗਤ ਜਮਣ ਮਰਨ ਦੁਹਾਂ ਵਿਚ ਨਾਹੀ ਜਨ ਉਪਕਾਰੀ ਆਏ। ਜੀਉ ਦਾਨੁ ਦੇ ਭਗਤੀ ਲਾਇਨਿ ਹਰਿ ਸਉ ਲੈਨਿ ਮਿਲਾਏ ...।[36]

ਇਨ੍ਹਾਂ ਵਿਚ ਅਨੁਪ੍ਰਾਸ ਦੀ ਬਹੁਤ ਵਰਤੋਂ ਕੀਤੀ ਗਈ ਹੈ ਜਿਸ ਨਾਲ ਲਿਖਤ ਵਿਚ ਵਹਾਓ ਤੇ ਰਵਾਨੀ ਆ ਗਈ ਹੈ। ਇਕੋ ਜਿਹੇ ਸ਼ਬਦਾਂ ਨਾਲ ਆਰੰਭ ਅਤੇ ਅੰਤ ਕਰਨ ਨਾਲ ਵੀ ਕਾਵਿਕ ਰਸ ਉਤਪੰਨ ਹੋਇਆ ਹੈ ਜਿਵੇਂ:

ੳ) ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ ਹਰਿ ਹਰਿ ਹਰਿ। ਕਹੈ ਨਾਨਕ ਭੀ ਬੋਲਿ ਹਰਿ ਹਰਿ ਹਰਿ। ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ ਹਰਿ ਹਰਿ ਹਰਿ ਤੀਨ ਬਾਰ ਹੁਕਮੁ ਆਇਆ ਜਿ ਨਾਨਕ ਹਰਿ ਹਰਿ ਹਰਿ ਤੂੰ ਕਹੁ ਹਰਿ ਹਰਿ ਹਰਿ। ਤਬ ਫੇਰਿ ਬਾਬੇ ਨਾਨਕ ਕਹਿਆ ਜਿ ਹਰਿ ਹਰਿ ਹਰਿ।[37]

ਅ) ਹੇ ਭਗਤਹੁ ਮੇਰੀ ਜਿ ਉਸਤਤਿ ਸਿ ਇਹੀ ਹੈ ਕਿਸੀ ਬਾਤ ਕਾ ਦਾਵਾ ਨਾਹੀ ਧਰਤਾ, ਨ ਕਮਾਈ ਕਾ, ਨ ਭਗਤ ਕਾ, ਨਾ ਸਿਮਰਨ ਕਾ, ਨ ਜਪੁ ਕਾ, ਨ ਤਪ ਕਾ, ਨ ਸੀਲ ਕਾ, ਨਾ ਸੰਜਮ ਕਾ, ਨਾ ਜੁਗਤਿ ਕਾ, ਨਾ ਰਹਤ ਕਾ, ਨਾ ਕਰਮ ਕਾ, ਨਾ ਧਰਮ ਕਾ, ਨਾ ਪੁੰਨ ਕਾ, ਨਾ ਇਸਨਾਨ ਕਾ।[38]

ੲ) ਜੇ ਤੁਧੁ ਭਾਵੈ ਪਾਤਸ਼ਾਹ ਤਾਕੈ ਤਾਈ ਉਠਾਇ ਫਕੀਰੁ ਕਰਿ ਕਹਾਈ ਟੁਕੜਾ ਪਾਵਹਿ। ਅਰੁ ਜੇ ਤੁਧੁ ਭਾਵੈ ਤਾਂ ਗਰੀਬਾਂ ਕੈ ਤਾਈ ਉਠਾਇ ਪਾਤਸਾਹ ਕਰਹਿ। ਜੇ ਤੁਧ ਭਾਵੈ ਤਾਂ ਥਲਾਂ ਵਿਚ ਨਦੀਆਂ ਵਹਾਇਹਿ। ਜੇ ਤੁਧ ਭਾਵੈ ਤਾਂ ਪਰਬਤਾਂ ਉਤੇ ਬਿਨਾਂ ਪਾਣੀ ਹੀ ਫੁਲੁ ਫੁਲਾਇਗੀ।[39]

ਸ) "ਪਰਮੇਸਰ ਕੇ ਭੈ ਮਹਿ ਕਬਹੁ ਨ ਰਹਿਆ। ਹਉਮੈ ਹੀ ਮਹਿ ਰਹਿਆ, ਤਿਤੁ ਜਾਇ ਕਰਿ ਖਾਲੀ ਰਹਿਆ ਪਰਮੇਸਰ ਕੇ ਨਾਮ ਸਿਮਰਣ ਥੀ ਪ੍ਰੇਮ ਭਗਤੀ ਥੀ, ਪਰਮੇਸੁਰ ਕੀ ਮਿਹਰ ਥੀ ਨਾਮ ਖਜਾਨੇ ਥੀ ਖਾਲੀ ਰਹੇ ਉਹਿ ਜੀਵ।[40]

---

36. ਉਹੀ, ਪੰਨਾ 8.
37. ਉਹੀ, ਪੰਨਾ 219.
38. ਉਹੀ, ਪੰਨਾ 173.
39. ਉਹੀ, ਪੰਨਾ 283.
40. ਉਹੀ।

ਨਾਵਾਂ ਅਤੇ ਕ੍ਰਿਆਵਾਂ ਨੂੰ ਅਗੇ ਪਿਛੇ ਵਰਤ ਕੇ ਜਾਂ ਕਾਵਿਕ ਸ਼ਬਦਾਵਲੀ ਦੀ ਵਰਤੋਂ ਕਰਕੇ ਵੀ ਅਕਸਰ ਕਾਵਿਕ ਪ੍ਰਭਾਵ ਪੈਦਾ ਕੀਤਾ ਗਿਆ ਹੈ ਜਿਵੇਂ: "ਤਬ ਭਰਥਰੀ ਕਹਿਆ... ਗੁਰੂ ਕਿਸ ਸੇਵਾ ਕਰਿ ਕਰਿ ਤੁਮਹੁ ਚੀਤ ਦੀਆਂ ਪਰਮੇਸਰ ਕਉ। ਕਿਸੁ ਕਉ ਪੂਛ ਕਰਿ ਉਸ ਕਉ ਲਾਗੇ ਹੋਵਹੁਗੇ ਪਾਇ।[41]

ਇਸੇ ਤਰ੍ਹਾਂ ਸਮਾਨ ਵਾਕਾਂ ਦੀ ਵਰਤੋਂ ਵੀ ਅਕਸਰ ਅਜਿਹੀ ਪ੍ਰਭਾਵ ਪੈਦਾ ਕਰਦੀ ਹੈ: "ਤਬ ਉਨਿ ਰਾਜੇ ਕਹਿਆ ਕਹੋ ਜੀ ਅਬ ਤੇ ਮੈਨੋ ਸਿਖ ਕੀਆ, ਅਬ ਮੈ ਤੂ ਗੁਰੂ ਕੀਆ।"[42]

ਘ) <u>ਹਾਸ ਰਸੀ ਅੰਸ਼ :</u>

ਇਹ ਰਚਨਾ ਹਾਸ ਰਸੀ ਛੋਹਾਂ ਤੋਂ ਵੀ ਸੱਖਣੀ ਨਹੀਂ, ਜਿਥੇ ਕਿਤੇ ਮੌਕਾ ਬਣਿਆ ਹੈ ਨਿਮਾ ਨਿਮਾ ਹਾਸ ਰਸ ਵੀ ਉਪਜਾਇਆ ਹੈ। ਬਿਆਨ ਵਿਚਲਾ ਇਹ ਹਾਸਾ ਅਕਸਰ ਵਿਰੋਧੀ ਸਥਿਤੀਆਂ ਦੀ ਟਕਰਾਓ ਤੋਂ ਉਪਜਿਆ ਹੈ ਜਿਵੇਂ:

ੳ) ਤਬ ਮਰਦਾਨਾ ਚੁਪ ਕਰ ਗਇਆ। ਵਾਹਗੁਰੂ ਵਾਹਗੁਰੂ ਜੀਆ ਵਿਚ ਕਰਦਾ ਆਵੈ ਪਿਛੇ ਬਾਬਾ ਨਾਨਕ ਜੀ ਕੇ। ਬੋਲਣ ਤੁਰਤਿ ਗਇਆ ਭੈ ਦਾ ਮਾਰਿਆ। ਤਬ ਗੁਰੂ ਬਾਬੇ ਨਾਨਕ ਜੀ ਪਾਸਿ ਬਾਤਿ ਕਾਈ ਚਲਾਇ ਸਕੇ ਨਾਹੀ। ਤਾਂ ਤੇਰੀ ਕਲਜੁਗ ਨੇੜੇ ਆਇਆ।[43]

ਅ) ਮਰਦਾਨਾ ਆਇ ਕੈ ਅਨਾਲੀ ਢਿਗਿ ਪਇਆ... ਮਰਦਾਨਿਆਂ ਕਿਉ ਪੈ ਗਇਓਹਿ। ਆਖੈ ਜੀ ਭੁਖ ਮਰਿਆ ਹਾਂ, ਤਬ ਗੁਰੂ ਬਾਬੇ ਕਹਿਆ ਜਿ ਉਠਿ ਬਹਿ ਰਬਾਬੁ ਵਜਾਇ ਸਬਦ ਗਾਉ... ਤਬ ਮਰਦਾਨੇ ਕਹਿਆ ਜਿ ਜੀ ਰਬਾਬ ਵਜਾਵਣੇ ਗਲਿ ਪਇਓ ਹੀ, ਜੀਉ ਥੋੜਾ ਹੋਆ।... ਬਾਬਾ ਜੀ ਸਲਾਮਤਿ ਜਾਣੈ ਗਲ ਰਹੀ ਹੈ। ਅਰੁ ਮਿਲਿ ਰਹਿਆ ਹੈ ਤਬਕੁ ਜੁੜਿ ਗਏ ਹੈਨਿ ਹਉ ਮਾਦਾ ਹਾਂ...।[44]

ਙ) <u>ਪੁਨਰ ਆਵਰਤੀ ਦੀ ਰੁਚੀ :</u>

ਲੇਖਕ ਦੀਆਂ ਰਚਨਾਵਾਂ ਵਿਚੋਂ ਆਪਣੀਆਂ ਸਮਕਾਲੀ ਰਚਨਾਵਾਂ ਵਾਂਗ 'ਪੁਨਰ ਆਵਰਤੀ' ਦਾ ਦੋਸ਼ ਵੀ ਜਾਪਦਾ ਹੈ। ਭਾਵ ਉਸ ਦੀ ਲਿਖਤ ਵਿਚੋਂ, ਅਨੇਕਾਂ ਥਾਵਾਂ ਤੋਂ, ਸ਼ਬਦ, ਵਾਕੰਸ਼ ਜਾਂ ਕਈ ਥਾਈਂ ਪੂਰ ਪੂਰੇ ਵਾਕ ਵੀ ਲਿਖਤ ਦੇ ਭਾਵ ਨੂੰ ਭੰਗ ਕੀਤੇ ਬਿਨਾ ਸਹਿਜੇ ਹੀ ਕੱਢੇ ਜਾ ਸਕਦੇ ਹਨ, ਜਿਵੇਂ:

---

41. ਉਹੀ, ਪੰਨਾ 202.
42. ਉਹੀ, ਪੰਨਾ 248.
43. ਜੁਗ. ਨਾ. ਭਾਗ ਪਹਿਲ, ਪੰਨਾ 221.
44. ਉਹੀ, ਪੰਨਾ 109.

ੳ) ਸੁਨਿਹੋ ਭਾਈ ਪਰਮੇਸੁਰ ਕੇ ਪਿਆਰਿਅਹੁ ਜੀ। ਜਿ ਕੋਈ ਕਹੈ ਜਿ ਦੁਖ ਹੀ ਦੁਖ ਮਹਿ ਰਹੈ। ਪਰਮੇਸਰ ਮਿਲਦਾ ਹੈ ਤਉ ਦੁਖ ਕਰਿ ਕਰਿ ਭੀ ਪਰਮੇਸਰੁ ਨਾਹੀ ਮਿਲਦਾ। ਅਰੁ ਜੇ ਕੋਈ ਕਹੈ ਜਿ ਕਾਇਆ ਰਖਣ ਤੇ ਧਰਮ ਕਾਇਆ ਕੀ ਪ੍ਰਤਪਾਲ ਕਰਉ ... ਤਉ ਭੀ ਰਾਮ ਨਾਹੀ ਪਾਈਤਾ। ਅਰ ਜੇ ਕਹੈ ਜਲਤਪ ਤਉ ਭੀ ਨਾਹੀ ਮਿਲਤਾ। ਅਰੁ ਜੇ ਕੋਈ ਕਹੈ ਜਿ ਹੰਉ ਮੂੰਡ ਮੁੰਡਾਇ ਕਰਿ ਦੇਸੰਤਰਿ ਫਿਰਉ ਮੁਤੁ ਪਰਮੇਸੁਰੁ ਪਾਈਐ, ਤਉ ਭੀ ਨਾਹੀ ਪਾਈਤਾ।[45]

ਅ) ਤਬ ਸ੍ਰੀ ਨਿਰੰਜਨ ਦੇਵ ਬੋਲਿਆ ਜਿ...ਮੈ ਤੁਮ ਕਉ ਨਾਮ ਦਾਨੁ ਇਸਨਾਨ ਸੀਲੁ ਸੰਜਮ ਦੀਆ ਹੈ। ਜਿਸ ਕਉ ਤੂ ਕਿਰਪਾ ਕਰਹਿਗਾ ਮੈ ਤਿਸ ਕਉ ਭੀ ਦੀਆ ਹੈ। ਏਹੁ ਨਾਮ ਦਾਨੁ ਇਸ਼ਨਾਨ ਸੀਲੁ ਸੰਜਮ, ਜਿਤਨੇ ਤੇਰਾ ਨਾਮ ਲਹਿਗੇ।...।[46]

ਕੁਝ ਸ਼ਬਦਾਂ ਜਾਂ ਵਾਕਾਂ ਦਾ ਬਾਰ ਬਾਰ ਦੁਹਰਾਂ ਵਿਸਤਾਰ ਹੀ ਪੈਦਾ ਨਹੀਂ ਕਰਦਾ ਸਗੋਂ ਉਸ ਦੀ ਸ਼ੈਲੀ ਦੀ ਕਲਾ ਉਤੇ ਵੀ ਸੱਟ ਮਾਰਦਾ ਹੈ ਅਤੇ ਉਸ ਨੂੰ ਦੂਸ਼ਿਤ ਕਰਦਾ ਹੈ ਜਿਵੇਂ:

'ਤਬ ਕਬੀਰ ਗੁਸਾਈ ਕਿਹਾ ਸੁਨਹੋ ਭਾਈ ਰਾਮ ਜਨਾ ਜੀ ਏਹ ਕਥਾ ਏਵ ਹੈ।'

'ਤਬ ਉਨਿਹੁ ਗੋਬਿੰਦ ਲੋਕਹੁ ਕਹਿਆ ਜਿ ਕਬੀਰ ਗੁਸਾਈ ਜੀ ਜਿਉ ਏਹ ਕਥਾ ਹੈ [illegible] ਜੀ...।'

'ਏਕ ਦਿਨ ਕਬੀਰ ਗੁਸਾਈ ਪੂਰਬ ਕੀ ਧਰਤੀ ਨਗਰ ਬਨਾਰਸੀ ਬੈਠਾ ਥਾ।'

'ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ ਸੁਨਿਹੋ ਭਾਈ ਪਰਮੇਸੁਰ ਕੇ ਪਿਆਰਿਆਹੁ ਜੀ।'

'ਤਬ ਏਕਿ ਦਿਨ ਗੁਰੂ ਬਾਬਾ ਨਾਨਕ ਜੀ ਨਗਰ ਕਰਤਾਰਪੁਰਿ ਸਿਖ ਸੰਗਤਿ ਬੀਚਿ ਆਪਨੇ ਆਸ਼੍ਰਮ ਕੇ ਵਿਖੈ ਬੈਠਾ ਥਾ। ਅਰੁ ਏਕ ਬੈਰਾਗੀ... ਆਇ ਗੁਰੂ ਬਾਬਾ ਜੀ ਕਉ ਰਾਮ ਰਾਮ ਕਹੀ। ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ ਸਤਿ ਰਾਜਾ ਰਾਮ ਜੀ। ਆਈਐ ਜੀ। ਬਲਿਹਾਰ ਜੀ, ਬੈਸਾਈਐ ਜੀ, ਹਉ ਬਲਿਹਾਰੀ ਜਾਉ ਤੁਮਾਰੇ ਆਵਣੇ ਕਉ ਜੀ।

ਇਨ੍ਹਾਂ ਤੋਂ ਇਲਾਵਾ ਲੇਖਕ ਨੇ ਲਗਭਗ ਆਪਣੀਆਂ ਸਾਰੀਆਂ ਹੀ ਰਚਨਾਵਾਂ ਵਿਚ ਵੱਖ ਵੱਖ ਜਾਂ ਨਵੀਆਂ ਨਵੀਆਂ ਸਥਿਤੀਆਂ ਲੈ ਕੇ ਗੋਸ਼ਟਾਂ ਉਸਾਰਨ ਦੀ ਥਾਂ ਇਕੋ ਕਿਸਮ ਦੀਆਂ ਘਟਨਾਵਾਂ ਪੇਸ਼ ਕੀਤੀਆਂ ਹਨ, ਜਿਸ ਨਾਲ ਦੁਹਰਾਂ ਅਤੇ ਅਕੇਵਾਂ ਆ ਗਿਆ ਹੈ। ਕਿਤੇ ਕਿਤੇ ਭਾਵੇਂ ਇਹ ਪ੍ਰਕਾਰ ਆਵਰਤੀ ਮੂਲ ਵਿਚਾਰ ਉਤੇ ਜੋਰ ਦੇਣ ਜਾਂ ਉਸ ਦੇ ਪ੍ਰਭਾਵ ਨੂੰ ਗਹਿਰਾ ਕਰਨ ਲਈ ਕਲਾਮਈ ਢੰਗ ਨਾਲ ਵੀ ਵਰਤੀ ਗਈ ਹੈ, ਪਰ ਬਹੁਤੀ ਥਾਈਂ ਇਸ

45. ਜ. ਗ. ਨਾ., ਭਾਗ ਪਹਿਲਾ, ਪੰਨਾ 129.
46. ਉਹੀ, ਭਾਗ ਦੂਜਾ ਪੰਨਾ 364.

ਦੇ ਉਲਟ ਇਹ ਲਿਖਤ ਨੂੰ ਦੂਸ਼ਿਤ ਹੀ ਕਰਦੀ ਹੈ।

ਨਿਸ਼ਕਰਸ਼ :

ਸਮੁੱਚੇ ਤੌਰ ਤੇ ਮਿਹਰਵਾਨ ਦੀ ਸ਼ੈਲੀ ਵਿਚਲਾ ਨਾਟਕੀ ਲਿਖਣ ਢੰਗ, ਕਾਵਿਮਈ ਰੰਗਣ, ਅਨੁਪ੍ਰਾਸਯੁਕਤ ਵਾਕ, ਸੰਗੀਤਕ ਲੈਅ, ਰਵਾਨੀ, ਸੁਭਾਓ ਤੇ ਸਰਲਤਾ ਵਰਗੇ ਗੁਣ ਇਸ ਨੂੰ ਉੱਤਮ ਸ਼ੈਲੀ ਦਾ ਨਮੂਨਾ ਬਣਾਉਂਦੇ ਹਨ ਜੋ ਇਸ ਕਾਲ ਦੀ ਸਭ ਤੋਂ ਪ੍ਰੋੜ ਗੱਦ ਸ਼ੈਲੀ ਦੇ ਰੂਪ ਵਿਚ ਨਿੱਖਰ ਕੇ ਆਪਣੇ ਸਿਖਰ ਨੂੰ ਛੋਹਦੀ ਹੈ। ਜੋ ਇਉਂ, ਇਹ ਗੱਦ ਸ਼ੈਲੀ ਮੁੱਢਲੀਆਂ ਘਾਟਾਂ ਦੇ ਬਾਵਜੂਦ ਵੀ ਆਪਣੀ ਨਿਵੇਕਲੀ ਨੁਹਾਰ ਸਦਕਾ ਪੁਰਾਤਨ ਪੰਜਾਬੀ ਗੱਦ ਸਾਹਿਤ ਦੇ ਗੌਰਵ ਨੂੰ ਵਧਾਉਂਦੀ ਹੈ।

2. ਭਾਸ਼ਾ :

ਕਿਸੇ ਰਚਨਾ ਦੇ ਬਹੁਪੱਖੀ ਅਧਿਐਨ ਸਮੇਂ ਉਸ ਵਿਚ ਵਰਤੀ ਗਈ ਭਾਸ਼ਾ ਦਾ ਅਧਿਐਨ ਕਰਨਾ ਵੀ ਬਹੁਤ ਜ਼ਰੂਰੀ ਹੈ ਕਿਉਂਕਿ ਸਾਹਿੱਤ ਵਿਚ ਤਾਂ ਭਾਸ਼ਾ ਉਹ ਮਾਧਿਅਮ ਹੈ ਜਿਸ ਰਾਹੀਂ ਲੇਖਕ ਆਪਣੇ ਵਿਚਾਰਾਂ ਨੂੰ ਕਲਮਬੰਦ ਕਰਕੇ ਪਾਠਕ ਤਕ ਪਹੁੰਚਾਉਂਦਾ ਹੈ।ਹਰ ਸਮੇਂ ਦੀ ਭਾਸ਼ਾ ਆਪਣੇ ਸਮੇਂ ਦੇ ਮਾਨਵ ਸਮਾਜ ਨਾਲ ਡੂੰਘਾ ਸੰਬੰਧ ਰੱਖਦੀ ਹੈ। ਸਮਕਾਲੀ ਸਮਾਜ ਦੀਆਂ ਧਾਰਮਕ, ਸਮਾਜਕ, ਰਾਜਨੀਤਕ ਅਤੇ ਆਰਥਕ ਆਦਿ ਸਥਿਤੀਆਂ ਭਾਸ਼ਾ ਉਤੇ ਵੀ ਡੂੰਘਾ ਪ੍ਰਭਾਵ ਪਾਉਂਦੀਆਂ ਹਨ। ਇਹੋ ਕਾਰਨ ਹੈ ਕਿ ਕਿਸੇ ਰਚਨਾ ਦੀ ਭਾਸ਼ਾ ਦੇ ਅਧਿਐਨ ਤੋਂ ਬਿਨਾਂ, ਉਸ ਦਾ ਠੀਕ ਮੁਲਾਂਕਣ ਕਰ ਸਕਣਾ ਸੰਭਵ ਹੀ ਨਹੀਂ।

ਲੇਖਕ ਵਲੋਂ ਰਚੀਆਂ ਗਈਆਂ ਸਿੱਖ ਗੁਰੂਆਂ ਤੇ ਹਿੰਦੂ ਭਗਤਾਂ ਦੀਆਂ ਗੋਸ਼ਟਾਂ ਅਤੇ ਪਰਮਾਰਥਾਂ ਦਾ ਮੂਲ ਆਧਾਰ ਬਾਣੀ ਹੀ ਹੈ। ਇਸ ਲਈ ਬਾਣੀ ਵਾਂਗ ਉਸ ਦੀਆਂ ਰਚਨਾਵਾਂ ਵਿਚ ਵੀ ਭਾਸ਼ਾ ਦੇ ਪੱਖੋਂ ਬਹੁਰੂਪਤਾ ਆ ਗਈ ਹੈ। ਪਰ ਲੇਖਕ ਦੀਆਂ ਰਚਨਾਵਾਂ ਵਿਚੋਂ ਭਾਸ਼ਾ ਦਾ ਜੋ ਨਿਵੇਕਲਾ ਰੂਪ ਉਘੜਦਾ ਹੈ, ਉਸ ਨੂੰ ਵੀ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ।

ਗੁਰੂ ਅਰਜਨ, ਮਿਹਰਵਾਨ ਦੇ ਕੇਵਲ ਸਮਕਾਲੀ ਹੀ ਨਹੀਂ ਸਗੋਂ ਉਸ ਦੇ ਅਧਿਆਤਮਿਕ ਆਗੂ ਅਤੇ ਪਾਲਕ ਵੀ ਹਨ। ਇਸ ਲਈ ਜਿਥੇ ਗੁਰੂ ਅਰਜਨ ਦੀ ਸੁਖਮਨੀ ਬਾਣੀ ਅਤੇ ਵਿਚਾਰਧਾਰਾ ਦਾ ਉਸ ਉਤੇ ਡੂੰਘਾ ਪ੍ਰਭਾਵ ਪਿਆ, ਉਥੇ ਗੁਰੂ ਅਰਜਨ ਦੀ ਭਾਸ਼ਾ ਨੇ ਵੀ ਉਹਦੀ ਰਚਨਾ ਨੂੰ ਕਾਫ਼ੀ ਪ੍ਰਭਾਵਿਤ ਕੀਤਾ। ਗੁਰੂ ਅਰਜਨ ਦੀ ਭਾਸ਼ਾ ਦੇ ਪਿਛੋਕੜ ਵਿਚ ਕਬੀਰ, ਫਰੀਦ, ਜੈ ਦੇਵ, ਨਾਮ ਦੇਵ ਅਤੇ ਭਗਤ ਰਵਿਦਾਸ ਆਦਿ ਸੰਤਾਂ ਦੀ ਭਾਸ਼ਾ ਦੀ ਨਿਰਮਲ ਧਾਰਾ

ਵਹਿ ਰਹੀ ਹੈ, ਜਿਸਦਾ ਗੁਰੂ ਅਰਜਨ ਅਤੇ ਮਿਹਰਵਾਨ ਦੇ ਸਮੇਂ ਤਕ ਇਕ ਅਜੀਬ ਸੰਮਿਸ਼ਰਣ ਬਣ ਗਿਆ ਸੀ। ਇਸੇ ਢੰਗ ਦੀ ਬੋਲੀ ਨੂੰ ਡਾ: ਸੁਰਿੰਦਰ ਸਿੰਘ ਕੋਹਲੀ[1] ਨੇ ਸੰਤ ਭਾਖਾ ਅਤੇ ਡਾ: ਕਾਲਾ ਸਿੰਘ ਬੇਦੀ[2] ਨੇ ਮਿਸੀ - ਸਾਧ ਭਾਸ਼ਾ ਦਾ ਨਾਂ ਦਿੱਤਾ ਹੈ। ਰਾਮ ਚੰਦਰ ਸ਼ੁਕਲ[3] ਨੇ ਇਸ ਨੂੰ ਸਧੂਕੜੀ ਭਾਸ਼ਾ ਕਿਹਾ ਹੈ। ਪਰ ਡਾ: ਚੈਟਰਜੀ ਇਸ ਭਾਸ਼ਾ ਨੂੰ ਪੰਜਾਬੀ ਅਤੇ ਬ੍ਰਿਜ ਭਾਸ਼ਾ ਦਾ ਮਿਲਗੋਭਾ ਮੰਨਦੇ ਹਨ।[4] ਪ੍ਰਾਪਤ ਪੁਰਾਤਨ ਪੰਜਾਬੀ ਸਾਹਿੱਤ ਤੋਂ ਇਹ ਜ਼ਰੂਰ ਸਪਸ਼ਟ ਹੈ ਕਿ ਇਹ ਬੋਲੀ ਉਸ ਸਮੇਂ ਵਿਚ ਬਹੁਤ ਹਰਮਨ ਪਿਆਰੀ ਰਹੀ ਹੈ। ਨਾਥ ਪੰਥੀਆਂ ਤੋਂ ਲੈ ਕੇ ਕਬੀਰ, ਗੁਰੂ ਨਾਨਕ ਅਤੇ ਬਾਅਦ ਦੇ ਗੁਰੂਆਂ ਅਤੇ ਨਿਰਗੁਣਵਾਦੀ ਸੰਤ ਕਵੀਆਂ ਨੇ ਇਸੇ ਸਾਧ ਭਾਖਾ ਨੂੰ ਹੀ ਵਰਤਿਆ ਹੈ। ਪੰਜਾਬ ਕਿਉਂਕਿ ਸ਼ੁਰੂ ਤੋਂ ਹੀ ਅੰਤਰ ਪ੍ਰਾਂਤੀ ਤੇ ਅੰਤਰ ਦੇਸ਼ੀ ਬੋਲੀ ਦਾ ਕੇਂਦਰ ਰਿਹਾ ਹੈ ਇਸ ਲਈ ਪੰਜਾਬ ਵਿਚ ਦੇਸੀ ਅਤੇ ਵਿਦੇਸ਼ੀ ਲੋਕਾਂ ਦੇ ਖੁੱਲੇ ਮੇਲ ਜੋਲ ਨੇ ਲੋਕਾਂ ਦੀ ਬੋਲੀ ਨੂੰ ਮਿਸ਼ਰਤ ਜਿਹਾ ਬਣਾ ਦਿੱਤਾ। ਇਉਂ ਇਕ ਮਿਲੀ ਜੁਲੀ ਬੋਲੀ ਹੋਂਦ ਵਿਚ ਆ ਗਈ, ਜਿਸ ਨੂੰ ਡਾ: ਜੀਤਾ ਰਾਮ ਬਾਹਰੀ ਸਾਧ ਬੋਲੀ ਕਹਿੰਦੇ ਹਨ।[5]

ਡਾ: ਪਿਆਰ ਸਿੰਘ ਅਨੁਸਾਰ ਇਸ ਸਮੇਂ ਰਚੀਆਂ ਗਈਆਂ ਜਨਮਸਾਖੀਆਂ ਦੀ ਭਾਸ਼ਾ ਬੜੀ ਮਿਲਗੋਭਾ ਹੈ। ਇਸ ਵਿਚ ਉੱਤਰੀ ਭਾਰਤ ਦੀਆਂ ਸਾਰੀਆਂ ਹੀ ਭਾਸ਼ਾਵਾਂ ਦੇ ਤੱਤ ਬਹੁਲਤਾ ਸਹਿਤ ਮਿਲਦੇ ਹਨ। ਭਾਸ਼ਾ ਵਿਗਿਆਨੀਆਂ ਨੇ ਇਸ ਨੂੰ 'ਹਿੰਦਵੀ' 'ਸਾਧ ਭਾਖਾ' ਜਾਂ 'ਸਧੂਕੜੀ' ਆਦਿ ਨਾਂ ਦਿੱਤਾ ਹੈ। ਮਿਹਰਵਾਨ ਨੇ ਇਸ ਨੂੰ 'ਸਿੰਧੀ' ਭਾਸ਼ਾ ਕਿਹਾ ਹੈ।[6] 'ਸਿੰਧੀ' ਤੋਂ ਭਾਵ ਉਹ ਭਾਸ਼ਾ ਹੈ ਜੋ ਪੁਰਾਣੇ ਸਮੇਂ ਵਿਚ, ਡਾ: ਮੋਹਨ ਸਿੰਘ ਦੇ ਕਥਨ ਅਨੁਸਾਰ ਗੁਪਤ ਕਾਲ ਤੋਂ ਪਿੱਛੋਂ ਉਤਰੀ ਭਾਰਤ ਵਿਚ ਵਿਰਾਸੀ ਅਤੇ ਸਤ ਅੱਠ ਸਦੀਆਂ ਤਕ ਰਾਸ਼ਟਰੀ ਭਾਸ਼ਾ ਦੇ ਰੂਪ ਵਿਚ ਪ੍ਰਚੱਲਿਤ ਰਹੀ।[7] ਇਹ ਇਕ ਕਿਸਮ ਦੀ ਉਹ ਜਨਤਕ ਭਾਸ਼ਾ ਸੀ ਜੋ ਮੱਧ ਕਾਲ ਦੇ ਰਮਤੇ ਸਾਧੂਆਂ ਨੇ ਵਿਚਾਰ ਵਟਾਂਦਰੇ ਅਤੇ ਧਰਮ ਪ੍ਰਚਾਰ ਲਈ ਵਿਕਸਿਤ ਕੀਤੀ ਹੋਈ ਸੀ। ਸਾਡੇ ਸੰਤ ਕਵੀਆਂ ਨੇ ਇਸੇ ਭਾਸ਼ਾ ਨੂੰ ਅਪਣਾ

---

1. 'ਪੰਜਾਬੀ ਸਾਹਿੱਤ ਦਾ ਇਤਿਹਾਸ' ਛਾਪ ਤੀਜੀ, ਪੰਨਾ 142.
2. 'ਗੁਰੂ ਨਾਨਕ ਭਾਸ਼ਾ', ਪੰਨਾ 41.
3. 'ਹਿੰਦੀ ਸਾਹਿੱਤ ਦਾ ਇਤਿਹਾਸ' ਭਾਸ਼ਾ ਵਿਭਾਗ, ਪੰਨਾ 72.
4. 'भारतीय-आर्य भाषा और हिन्दी' पृ० 167-68.
5. 'ਗੁਰੂ ਅਰਜਨ ਟੀਕਾ' ਪ੍ਰਕਾਸ਼ਿਤ: ਭਾਸ਼ਾ ਵਿਭਾਗ, ਪੰਜਾਬ, ਪਟਿ. ਪੰਨਾ 168.
6. ਜ. ਗੁ. ਨਾ. ਭਾਗ ਪਹਿਲਾ, ਪੰਨਾ 350.
7. 'ਪੰਜਾਬੀ ਭਾਖਾ ਤੇ ਛੰਦਾਬੰਦੀ ਜਪੁ ਦੇ ਆਧਾਰ ਤੇ', ਪੰਨਾ 118-24.

ਕੇ ਆਪਣਾ ਉਪਦੇਸ਼ ਲੋਕਾਂ ਤਕ ਪਹੁੰਚਾਇਆ। ਸੋ ਡਾ: ਪਿਆਰ ਸਿੰਘ ਦਾ ਅਧਿਐਨ ਠੀਕ ਹੀ ਇਸ ਸਿੱਟੇ ਤੇ ਪਹੁੰਚਦਾ ਹੈ ਕਿ 'ਇਸ 'ਹਿੰਦਵੀ' ਦਾ ਸਰੂਪ ਬੜਾ ਮਿਸ਼੍ਰਿਤ ਜਿਹਾ ਸੀ। ਇਸ ਵਿਚ ਉੱਤਰੀ ਭਾਰਤ ਦੀਆਂ ਉਸ ਸਮੇਂ, ਪ੍ਰਚੱਲਤ ਸਾਰੀਆਂ ਭਾਸ਼ਾਵਾਂ-ਲਹਿੰਦੀ, ਕੇਂਦਰੀ ਪੰਜਾਬੀ, ਖੜੀ ਬੋਲੀ, ਬ੍ਰਜ, ਗੁਜਰਾਤੀ, ਅਵਧੀ ਤੇ ਮਰਾਠੀ ਦੇ ਅੰਸ਼ ਰਲੇ ਹੋਏ ਸਨ। ਪਰੰਤੂ ਲੇਖਕ ਆਪਣੀ ਆਪਣੀ ਰੁਚੀ ਅਤੇ ਲੋੜ ਅਨੁਸਾਰ ਆਪਣੀ ਮਾਤ ਭਾਸ਼ਾ ਦਾ ਅੰਸ਼ ਵਧੇਰੇ ਦਾਖ਼ਲ ਕਰ ਲੈਂਦੇ ਸਨ, ਜਿਸ ਨਾਲ ਉਹ ਆਪਣੇ ਇਲਾਕੇ ਦੀ ਭਾਸ਼ਾ ਪ੍ਰਤੀਤ ਹੋਣ ਲੱਗ ਪੈਂਦੀ ਸੀ।'[8]

ਮਿਹਰਵਾਨ ਦੀ ਭਾਸ਼ਾ ਵੀ ਵਿਆਪਕ ਰੂਪ ਵਿਚ ਬੜੀ ਮਿਸ਼ਰਿਤ ਜਿਹੀ ਭਾਸ਼ਾ ਹੈ ਜੋ ਸਮਕਾਲੀ ਭਾਸ਼ਾ ਦੇ ਸਾਰੇ ਪ੍ਰਭਾਵਾਂ ਨੂੰ ਕਬੂਲਦੀ ਹੈ ਪਰ ਸ਼ਬਦਾਵਲੀ ਵਿਆਕਰਣ, ਸੈਹਜ ਅਤੇ ਸਵਰ ਆਦਿ ਰੂਪਾਂ ਨੂੰ ਦੇਖਦਿਆਂ, ਉਹਦੀ ਭਾਸ਼ਾ ਦੀ ਨਿਵੇਕਲੀ ਨੁਹਾਰ ਜ਼ਰੂਰ ਸਾਹਮਣੇ ਆ ਜਾਂਦੀ ਹੈ।

ੳ) <u>ਸ਼ਬਦ ਵਿਚਾਰ</u> :

ਕਿਸੇ ਸਾਹਿਤਕਾਰ ਦੀ ਭਾਸ਼ਾ ਨੂੰ ਪਰੱਖਣ ਲਈ ਸਭ ਤੋਂ ਪਹਿਲਾਂ ਉਸ ਦੀ ਸ਼ਬਦਾਵਲੀ ਦਾ ਵਿਸ਼ਾਲ ਤੇ ਡੂੰਘਾ ਅਧਿਐਨ ਕਰਨਾ ਜ਼ਰੂਰੀ ਹੈ, ਕਿਉਂਕਿ ਸ਼ਬਦ ਹੀ ਅਜਿਹੀ ਇਕਾਈ ਹੈ ਜਿਸ ਉਤੇ ਭਾਸ਼ਾ ਦੀ ਸਮੁੱਚੀ ਦੀਵਾਰ ਖੜੀ ਹੈ। ਸੋਢੀ ਮਿਹਰਵਾਨ ਨੇ ਰਚਨਾਵਾਂ ਵਿਚ ਸਿੱਖ ਗੁਰੂਆਂ ਦੇ ਹਿੰਦੂ ਭਗਤਾਂ ਦੀ ਬਾਣੀ ਦੇ ਪਰਮਾਰਥ ਪੇਸ਼ ਕੀਤੇ ਹਨ। ਇਸ ਲਈ ਉਸ ਦੀ ਭਾਸ਼ਾ ਉਤੇ ਭਗਤ ਬਾਣੀ ਦੀ ਸ਼ਬਦਾਵਲੀ ਦਾ ਪ੍ਰਭਾਵ ਪੈਣਾ ਸੁਭਾਵਕ ਹੀ ਸੀ। ਗੁਰੂ ਅਰਜਨ ਤੋਂ ਪ੍ਰਭਾਵਿਤ ਹੋ ਕੇ ਹੀ ਉਸ ਨੇ ਆਪਣੀ ਕਾਵਿ-ਰਚਨਾ ਕਰਨੀ ਸ਼ੁਰੂ ਕੀਤੀ। ਲੇਖਕ ਭਾਵੇਂ ਗੁਰੂ ਘਰ ਦਾ ਉਪਾਸ਼ਕ ਹੈ ਪਰ ਫਿਰ ਵੀ ਉਹ ਪੁਰਾਤਨ ਹਿੰਦੂ ਬ੍ਰਾਹਮਣੀ ਜੀਵਨ ਦੇ ਕਰਮਕਾਂਡਾਂ ਤੋਂ ਵਿਸ਼ਵਾਸ਼ਾਂ ਤੋਂ ਮੁਕਤ ਨਹੀਂ। ਇਸੇ ਲਈ ਉਸ ਦੀ ਵਿਚਾਰਧਾਰਾ ਅਤੇ ਭਾਸ਼ਾ ਉਤੇ ਹਿੰਦੂ ਗ੍ਰੰਥਾਂ ਦਾ ਪ੍ਰਭਾਵ ਵੀ ਦੇਖਿਆ ਜਾ ਸਕਦਾ ਹੈ। ਇਉਂ ਉਸ ਦੀ ਭਾਸ਼ਾ ਨਾ ਕੇਵਲ ਹਿੰਦੂ ਧਾਰਮਕ ਗ੍ਰੰਥਾਂ ਸਮੇਤ ਸੰਤ ਭਾਖਾ ਤੇ ਗੁਰਬਾਣੀ ਤੋਂ ਇਲਾਵਾ ਰਾਜ ਦਰਬਾਰ ਦੀ ਫ਼ਾਰਸੀ ਭਾਸ਼ਾ ਤੋਂ ਵੀ ਪ੍ਰਭਾਵਿਤ ਹੋਈ ਹੈ। ਇਸੇ ਲਈ ਉਸ ਦੀ ਭਾਸ਼ਾ ਵਿਚ ਬਹੁਰੰਗੀ ਸ਼ਬਦਾਵਲੀ ਦੇ ਪ੍ਰਤੱਖ ਦਰਸ਼ਨ ਹੁੰਦੇ ਹਨ। ਅਸਲ ਵਿਚ, ਲੇਖਕ

8. 'ਆਦਿ ਸਾਖੀਆਂ', ਭੂਮਿਕਾ, ਪੰਨਾ 86.

ਦੇ ਸਮਕਾਲੀ ਕਾਲ ਵਿਚ ਵਰਤੀ ਜਾ ਰਹੀ ਸਾਹਿਤਕ ਭਾਸ਼ਾ ਦਾ ਅਜੇ ਕੋਈ ਠੁੱਕ ਨਹੀਂ ਸੀ ਬੱਝਾ। ਇਸ ਲਈ ਲੇਖਕ ਆਪਣੀ ਮਰਜ਼ੀ ਨਾਲ ਹੀ ਕਿਸੇ ਵੀ ਭਾਸ਼ਾ ਦੀ ਸ਼ਬਦਾਵਲੀ ਵਰਤ ਲੈਂਦੇ ਸਨ। ਜਿਵੇਂ, ਪੰਜਾਬੀ ਬ੍ਰਜ, ਖੜੀ ਬੋਲੀ ਅਤੇ ਫ਼ਾਰਸੀ ਆਦਿ ਭਾਸ਼ਾਵਾਂ ਦੀ ਸ਼ਬਦਾਵਲੀ ਵਿਚੋਂ ਸੂਰ ਰੂਪਾਂ, ਕਿਰਿਆ ਰੂਪਾਂ ਅਤੇ ਸੰਬੰਧਕਾਂ ਆਦਿ ਦੀ ਨਿਰਸੰਕੋਚ ਵਰਤੋਂ ਕਰ ਲਈ ਜਾਂਦੀ ਸੀ। ਇਸ ਸਮੇਂ ਅਰਧ ਤਤਸਮ ਅਤੇ ਤਦਭਵ ਸ਼ਬਦਾਂ ਦੀ ਵੀ ਜ਼ਿਆਦਾ ਵਰਤੋਂ ਕੀਤੀ ਜਾਂਦੀ ਸੀ। ਤਤਸਮ ਸ਼ਬਦ ਘੱਟ ਹੀ ਵਰਤੇ ਜਾਂਦੇ ਸਨ। ਲੇਖਕ ਦੀ ਭਾਸ਼ਾ ਵਿਚ ਪ੍ਰਮੁੱਖ ਰੂਪ ਵਿਚ ਨਜ਼ਰ ਆਉਂਦੀ ਹੋਰਾਂ ਭਾਸ਼ਾਵਾਂ ਦੀ ਸ਼ਬਦਾਵਲੀ ਇਸ ਪ੍ਰਕਾਰ ਹੈ:

ਸੰਸਕ੍ਰਿਤ ਮੂਲਕ ਸ਼ਬਦਾਵਲੀ :

ਸੰਸਕ੍ਰਿਤ ਉਹ ਮੂਲ ਭਾਸ਼ਾ ਹੈ ਜਿਸ ਵਿਚੋਂ ਪੰਜਾਬੀ ਸਮੇਤ ਹੋਰ ਬਹੁਤ ਸਾਰੀਆਂ ਆਧੁਨਿਕ ਭਾਰਤੀ ਭਾਸ਼ਾਵਾਂ ਨੇ ਜਨਮ ਲਿਆ ਹੈ। ਸਮੁੱਚੇ ਤੌਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਸੰਸਕ੍ਰਿਤ ਭਾਸ਼ਾ ਦੀ ਸ਼ਬਦਾਵਲੀ ਹਰ ਕਾਲ ਵਿਚ ਹੀ ਕਿਸੇ ਨਾ ਕਿਸੇ ਰੂਪ ਵਿਚ ਪ੍ਰਵਰਤਿੱਤ ਹੋ ਕੇ ਤਤਸਮ, ਤਦਭਵ ਜਾਂ ਅਰਧ ਤਤਸਮ ਰੂਪ ਵਿਚ ਵਰਤੀ ਜਾਂਦੀ ਰਹੀ ਹੈ। ਇਉਂ ਸੁਭਾਵਕ ਤੌਰ ਤੇ ਹੀ ਲੇਖਕ ਦੀ ਭਾਸ਼ਾ ਵਿਚ ਵੀ ਸੰਸਕ੍ਰਿਤ ਸ਼ਬਦਾਵਲੀ ਕਿਸੇ ਨਾ ਕਿਸੇ ਰੂਪ ਵਿਚ ਸਿੱਧੇ ਜਾਂ ਅਸਿੱਧੇ ਢੰਗ ਨਾਲ ਜ਼ਰੂਰ ਆ ਗਈ ਹੈ। ਮਿਹਰਵਾਨ ਭਾਸ਼ਾ ਵਿਚ ਇਹ ਸ਼ਬਦਾਵਲੀ ਤਤਸਮ ਅਤੇ ਤਦਭਵ ਦੋਹਾਂ ਰੂਪਾਂ ਵਿਚ ਦੇਖੀ ਜਾ ਸਕਦੀ ਹੈ ਜਦ ਕਿ ਬਹੁਲਤਾ ਤਦਭਵ ਸ਼ਬਦਾਵਲੀ ਦੀ ਹੀ ਹੈ।

ਤਤਸਮ/ਅਰਥ ਤਤਸਮ ਸ਼ਬਦਾਵਲੀ :-

ਪ੍ਰਿਥਵੀ, ਅੰਗੁਸਤ੍ਰ, ਵਿਸਟਿ, ਗਗਨ, ਰਵਿ, ਪੁਤ੍ਰ, ਰਾਮ, ਮੁਰਾਰ, ਪ੍ਰਸ਼ਨ, ਕਿਰਤਾਰਥ, ਸਹੰਸ੍ਰ, ਪ੍ਰਿਮੈ, ਨਿਰੰਜਨ, ਕ੍ਰਸ਼ਲ, ਗ੍ਰਿਹ, ਗ੍ਰਹਣ, ਪ੍ਰਸਥਾਇ, ਸ੍ਰਿਥਮੇ, ਗੋਸਟਿ, ਬ੍ਰਹਮਣ, ਪਵਨ, ਪਰਮੇਸਰ, ਪਾਰਬ੍ਰਹਮ, ਵਿਨਯ, ਸੂਰਯ, ਯੋਜਕ ਉਤਪਤਿ, ਉਪਮਾ, ਅਗਮ, ਅਗੋਚਰ, ਅਭੇਦ, ਅਮਰ, ਅਜਰ, ਅੰਧਕਾਰ, ਸ੍ਰਤਾਪ, ਗੋਵਿੰਦ, , ਗੁਰੂ, ਜਗਤੁ, ਜਗਦੀਸ਼, ਠਾਕੁਰ, ਦੰਡ, ਪਰਮਗਤਿ, ਪੁਨੀਤ, ਮੰਤ੍ਰ, ਬ੍ਰਹਮੰਡ ਤੇ ਰੰਗ ਆਦਿ।

ਤਦਭਵ ਰੂਪ :-

ਸੰਜੋਗ, ਬਿਪ, ਵਿਗਾਸ, ਭਤਿ, ਪੁਰਪ, ਪੂਤ, ਪ੍ਰਾਨ, ਪ੍ਰਸ਼ਨ, ਪਰਫੁੱਲਤ,

ਪਉਣ, ਪਾਵਕਿ, ਅੰਬ੍ਰਿਤ, ਅਰੂਪਨ, ਅਨਿਕ, ਕੁਸਲ, ਕੀਰਤ, ਕੀਟ, ਕਿਰਪਾਨ ਨਿਧਾਨ, ਕਰਨ, ਕਾਰਨ, ਨਿਰੰਜਨ, ਨਿਰੰਕਾਰ, ਨਗ੍ਰਿ, ਦ੍ਰਿਸਟੁ, ਬਿਰਖ, ਬਕਤਾ, ਬੈਸਨੋ, ਬਿਸਥਾਰ, ਬਿਰੋਧ, ਬਿਨਉ, ਦੀਖਿਆ, ਦਰਸਨਿ, ਸਿਮਰਨੁ, ਸੂਰਜ, ਸਾਧੂ, ਸੁਆਮੀ, ਸੁੰਨ, ਸੁਰਧਾ, ਸਨਬੰਧ, ਸਤਗੁਰ, ਮਧ, ਜਜਮਾਨ, ਜੋਬਨ, ਜੋਜਨ, ਜੀਆ, ਜਿਹਬਾ, ਭਗਤੀ, ਭਾਉ, ਭਉ ਆਦਿ।

<u>ਅਰਬੀ - ਫ਼ਾਰਸੀ</u> :-

ਮੁਗਲਾਂ ਦੇ ਪ੍ਰਵੇਸ਼ ਨਾਲ ਅਰਬੀ ਅਤੇ ਫ਼ਾਰਸੀ ਨੇ ਵੀ ਭਾਰਤ ਵਿਚ ਪ੍ਰਵੇਸ਼ ਕੀਤਾ। ਮੁਗਲ ਰਾਜ ਦੀ ਪੱਕੀ ਸਥਾਪਤੀ ਨਾਲ ਹਾਕਮ ਜਮਾਤ ਦੀ ਭਾਸ਼ਾ ਫ਼ਾਰਸੀ ਰਾਜ ਦਰਬਾਰ ਦੀ ਭਾਸ਼ਾ ਬਣ ਗਈ। ਮਗਰੋਂ ਰਾਜ ਦਰਬਾਰ ਦੇ ਪ੍ਰਭਾਵ ਅਤੇ ਇਸਲਾਮ ਦੇ ਪ੍ਰਭਾਵ ਨਾਲ ਇਹ ਭਾਸ਼ਾ ਆਮ ਜਨਤਾ ਤਕ ਪਹੁੰਚ ਕੇ ਲੋਕਾਂ ਦੀ ਭਾਸ਼ਾ ਨੂੰ ਵੀ ਪ੍ਰਭਾਵਿਤ ਕਰਨ ਲਗੀ। ਲੋਕ ਸ਼ਾਹੀ ਦਰਬਾਰ ਦੀ ਵਡਿਆਈ ਪ੍ਰਾਪਤ ਕਰਨ ਲਈ ਜਾਂ ਉਸ ਦੇ ਡਰ ਕਾਰਨ ਮੁਗਲ ਸਭਿਆਚਾਰ ਨੂੰ ਅਪਣਾਉਣ ਦੇ ਨਾਲ ਨਾਲ ਫਾਰਸੀ ਪੜ੍ਹਨ ਅਤੇ ਸਿਖਣ ਲੱਗੇ। ਗੁਰੂ ਨਾਨਕ ਦੇ ਸਮਕਾਲੀ ਸਮੇਂ ਵਿਚ ਆਪਣੀ ਭਾਸ਼ਾ ਨੂੰ ਤਿਆਗ ਕੇ ਹਾਕਮਾਂ ਦੀ ਖੁਸ਼ੀ ਜਿੱਤਣ ਲਈ ਮੁਸਲਮਾਨੀ ਧਾਰਮਕ ਪੁਸਤਕਾਂ ਪੜ੍ਹਨ ਦਾ ਰਿਵਾਜ ਜ਼ੋਰ ਫੜ ਰਿਹਾ ਸੀ। ਇਸੇ ਲਈ ਗੁਰੂ ਨਾਨਕ ਨੇ ਆਪਣੀ ਮਾਤ ਭਾਸ਼ਾ ਨੂੰ ਤਿਆਗ ਕੇ ਫ਼ਾਰਸੀ ਬੋਲਣ ਵਾਲੇ ਡਰਪੋਕ ਅਤੇ ਸ਼ਾਹੀ ਦਰਬਾਰ ਦੇ ਝੋਲੀ ਚੁਕ ਲੋਕਾਂ ਤੇ ਵਿਅੰਗ ਕਰਦਿਆਂ ਕਿਹਾ ਹੈ ਕਿ:

'ਧੋਤੀ ਟਿਕਾ ਤੇ ਜਪਮਾਲੀ ਧਾਨੁ ਮਲੇਛਾਂ ਖਾਈ॥
ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ॥"[9]

ਜਾਂ

"ਘਰ ਘਰ ਮੀਆ ਸਭਨਾ ਜੀਆ
ਬੋਲੀ ਅਵਰ ਤੁਮਾਰੀ।"[10]

ਲੇਖਕ ਦੇ ਸਮਕਾਲੀ ਰਾਜੇ, ਜਹਾਂਗੀਰ ਦੇ ਸਮੇਂ ਤਕ ਰਾਜ ਦਰਬਾਰ ਦੀ ਭਾਸ਼ਾ ਫ਼ਾਰਸੀ ਆਪਣੇ ਪੂਰੇ ਜੋਬਨ ਤੇ ਸੀ। ਪੜ੍ਹੇ ਲਿਖੇ ਲੋਕ ਅਤੇ ਸਰਕਾਰੀ ਅਹਿਲਕਾਰ ਇਸ ਭਾਸ਼ਾ ਤੋਂ ਚੰਗੇ ਵਾਕਿਫ ਸਨ। ਸੋ ਇਉਂ, ਫ਼ਾਰਸੀ ਭਾਸ਼ਾ ਵਿਚ ਪੈਦਾ ਹੋ ਰਿਹਾ ਸਾਹਿਤ

9. 'ਆਦਿ ਗ੍ਰੰਥ', ਪੰਨਾ 471.
10. ਉਹੀ, ਪੰਨਾ 191.

ਅਧਿਆਤਮਕ ਪ੍ਰਚਾਰ ਲੋਕਾਂ ਦੀ ਬੋਲੀ ਨੂੰ ਕਾਫ਼ੀ ਪ੍ਰਭਾਵਿਤ ਕਰ ਰਿਹਾ ਸੀ। ਇਸੇ ਪ੍ਰਭਾਵ ਸਦਕਾ ਮਿਹਰਵਾਨ ਦੀ ਭਾਸ਼ਾ ਵਿਚ ਅਰਬੀ ਫ਼ਾਰਸੀ ਦੀ ਸ਼ਬਦਾਵਲੀ ਤਤਸਮ ਅਰਧ ਤਤਸਮ ਤੇ ਤਦਭਵ ਰੂਪਾਂ ਵਿਚ ਦੇਖੀ ਜਾ ਸਕਦੀ ਹੈ ਜਿਵੇਂ:

<u>ਅਰਬੀ ਤੇ ਫ਼ਾਰਸੀ ਮੂਲਕ ਸ਼ਬਦਾਵਲੀ</u> :

ਅਲਹੁ, ਅਰਦਾਸਿ, ਅਸਮਾਨ, ਆਲਮ, ਅਮਰ, ਸਾਦਿਕ, ਸੁਖਨ, ਸਲਾਮਤਿ, ਸਿਕਦਾਰ, ਸਿਫ਼ਤਿ, ਹੁਕਮ, ਹਦੂ, ਮਸਲ, ਹਕੀਕਤ, ਕੁਦਰਤਿ, ਕੁਰਾਣ, ਕਤੇਬ, ਗੁਨਾਹ, ਗਰੀਬ, ਮੁਸਲਮਾਣ, ਮਜਲਿਸ, ਮਕਸੂਦ, ਮਕਦੂਮ, ਬੰਦਗੀ, ਬਾਬੂ, ਤਕਸੀਰ, ਤਸਲੀਮ, ਦੀਵਾਨ, ਦਰਗਾਹ, ਦੀਦਾਰ, ਦਸਤ, ਪੈਜਾਂ, ਦਰਬਾਰਿ, ਖਿਜਮਤਿ, ਖਸਮ, ਗੁਦਰਿ, ਗੁਦਰਾਨੀ, ਬਖਤਰ, ਬਕਬਾਦ, ਬਾਦਰਾਤੁ ਤਮਾਸਗੀਰ, ਤਪਾਵਸ, ਜਤੀਮ, ਅਜਮਤਿ, ਅਜਾਜੀਲ, ਅਪੋਸ, ਸਮਾਰ, ਸਾਇਤ, ਅਪਾਰਾਸ, ਜ਼ਹਰ, ਦੀਬਾਨ, ਮਿਹਰਵਾਨ, ਮਰਜਾਦ, ਲਿਜੀਕ, ਫਰੇਸਤੇ, ਇਸਰਾਇਲ, ਹਜਰਥ ਅਤੇ ਨਿਵਾਜ, ਆਦਿ।

ਅਰਬੀ ਫ਼ਾਰਸੀ ਦੀ ਸ਼ਬਦਾਵਲੀ ਦੇ ਪ੍ਰਭਾਵ ਤੋਂ ਇਲਾਵਾ ਕਈ ਥਾਂਗ ਤਾਂ ਲੇਖਕ ਫ਼ਾਰਸੀ ਦੀਆਂ ਬੈਂਧੀਆਂ ਜਾਂ ਪੂਰੀਆਂ ਪੂਰੀਆਂ ਸਤਰਾਂ ਹੀ ਲਿਖ ਦੇਂਦਾ ਹੈ ਜਿਵੇਂ: 'ਸੁਬਹਾਨ ਰਬਲਿ ਅਲਮਾਨ', 'ਕੁਵਤਿ ਮੁਰਤਜ ਅਲੀ ਦੀ ਹੋਵੈ ਤਉ ਕੂੰ', 'ਪਨਾਹ ਖੁਦਾਇ ਦੀ ਹੋਵੈ ਤਉ ਕੂੰ', 'ਮਦਾਹ ਹਜਰਥ ਰਸੂਲ ਦੀ ਹੋਵੈ ਤੇਰੇ ਤਾਂਈ', 'ਹਕ ਤਾਲਾਹ ਤੂ ਬਖਸਿਆ ਹੈ; ਆਦਿ।

ਸੋ ਸਪਸ਼ਟ ਹੈ ਕਿ ਲੇਖਕ ਉਤੇ ਦਰਬਾਰੀ ਅਤੇ ਮੁਸਲਮਾਨੀ ਧਰਮ ਪ੍ਰਚਾਰ ਦੀ ਭਾਸ਼ਾ, ਅਰਬੀ ਫ਼ਾਰਸੀ ਦਾ ਵੀ ਕਾਫ਼ੀ ਪ੍ਰਭਾਵ ਹੈ। ਮੁਸਲਮਾਨ ਪੀਰਾਂ ਫ਼ਕੀਰਾਂ ਨਾਲ ਗੁਰੂ ਨਾਨਕ ਦੀਆਂ ਕਰਵਾਈਆਂ ਗਈਆਂ ਗੋਸ਼ਟੀਆਂ ਵਿਚ ਇਹ ਪ੍ਰਭਾਵ ਹੋਰ ਵੀ ਵਧੇਰੇ ਨਿਖਰ ਕੇ ਸਾਹਮਣੇ ਆਉਂਦਾ ਹੈ ਜਿਵੇਂ:

'ਤਬ ਗੁਰੂ ਬਾਬਾ ਨਾਨਕੁ ਜੋ ਮੁਲਤਾਨਿ ਸਹਰਿ ਮਹਿ ਬੈਠਾ ਥਾ ਅਰੁ ਪੀਰ ਬਹਾਵਲੀ ਦਾ ਪੋਤਾ ਆਦਿ ਮਿਲਿਆ...ਤਿਨਿ ਆਇ ਕਰਿ ਕਹਿਆ ਜਿ ਸਲਾਮਲੇਕੋ ਨਾਨਕ ਫਕੀਰ ਸਾਹਿਬ ਦੇ ਰਸੀਦ। ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜੋ

ਅਲੈਕੀ ਸਲਾਮੁ ਸਾਹਿਬ ਦੇ ਪਿਆਰੇ ਗੁਰੂ ਬਾਬੇ ਨਾਨਕ ਪੁਛਿ ਕਰਿ ਸਲਾਮੁ ਦਿਤਾ ਦਸਤਪੰਜਾ ਲੈ ਮਿਲੇ। ਮਿਲਿ ਕਰਿ ਲਗੇ ਸਾਹਿਬ ਦੀਆਂ ਬਾਤਾਂ ਕਰਣੇ। ...ਤਬ ਪਾਰ ਜਾਦੇ ਕਹਿਆ ਜਿ ਗੁਰੂ ਬਾਬਾ ਨਾਨਕ ਜੀ ਤੂੰ ਵਡਾ ਬਜੁਰਕਵਾਰੁ ਹੈ ਪਣੁ ਤੈ ਇਕ ਗੋਸਾ ਪਕੜਿ ਕਰਿ ਬੈਠਕ ਕਿਛੁ ਨ ਕੀਤੀਆਂ ਕਿਛੁ ਲੋਈ ਖਾਦਮੁ ਅਗੇ ਰਖਿ ਕਰਿ ਜਿ ਬੈਠਿਆਂ ਸਾਹਿਬ ਦੀ ਬੰਦਗੀ ਵਿਚਿ ਰਹੀਐ...।"[11]

ਮਿਹਰਵਾਨ ਰਚਿਤ ਮੁਸਲਮਾਨ ਪੀਰਾਂ ਫ਼ਕੀਰਾਂ ਦੀਆਂ ਗੋਸ਼ਟ[12] ਅਤੇ ਵਿਸ਼ੇਸ਼ ਕਰ 'ਮਸਲੇ ਹਜ਼ਰਤ ਰਸੂਲ'[13] ਕੇ ਵਿਚ ਫ਼ਾਰਸੀ ਦਾ ਪ੍ਰਭਾਵ ਬਹੁਤ ਹੀ ਨਿੱਖਰਵੇਂ ਰੂਪ ਵਿਚ ਦੇਖਿਆ ਜਾ ਸਕਦਾ ਹੈ।

<u>ਬ੍ਰਜ ਭਾਸ਼ਾ :-</u>

ਲੇਖਕ ਦੇ ਸਮਕਾਲੀ ਸਮੇਂ ਵਿਚ ਹੋਰਾਂ ਭਾਸ਼ਾਵਾਂ ਦੇ ਪ੍ਰਾਪਤ ਸਾਹਿੱਤ ਵਿਚੋਂ ਬ੍ਰਜ ਭਾਸ਼ਾ ਦੇ ਸਾਹਿੱਤ ਦੀ ਵਿਸ਼ੇਸ਼ ਮਹੱਤਤਾ ਹੈ। ਬ੍ਰਜ ਭਾਸ਼ਾ ਇਸ ਸਮੇਂ ਦੀ ਉਹ ਪ੍ਰਸਿੱਧ ਭਾਸ਼ਾ ਹੈ ਜਿਸ ਵਿਚ ਸਾਹਿੱਤਕਾਰ ਵਿਸ਼ੇਸ਼ ਤੌਰ ਤੇ ਸਾਹਿੱਤ ਸਿਰਜਨਾ ਕਰ ਰਹੇ ਸਨ। ਇਸ ਤਰ੍ਹਾਂ ਲੇਖਕ ਭਾਸ਼ਾ ਉੱਤੇ ਹੋਰ ਸਮਕਾਲੀ ਭਾਸ਼ਾਵਾਂ ਵਾਂਗ ਬ੍ਰਜ ਭਾਸ਼ਾ ਦਾ ਪ੍ਰਭਾਵ ਪੈਣਾ ਵੀ ਸੁਭਾਵਕ ਹੀ ਸੀ। [illegible] ਦੀਆਂ ਪ੍ਰਾਪਤ ਗੱਦ ਰਚਨਾਵਾਂ ਵਿਚੋਂ ਬ੍ਰਜ ਭਾਸ਼ਾ ਦੀ ਬਹੁਤ ਸਾਰੀ ਤਤਸਮ ਅਤੇ ਤਦਭਵ ਰੂਪ ਵਿਚ ਅਪਣਾਈ ਸ਼ਬਦਾਵਲੀ ਦੇਖੀ ਜਾ ਸਕਦੀ ਹੈ ਜਿਵੇਂ:

ਹਮਰੋ, ਤੇਰੋ, ਜਹਾਨ ਅਕੈ, ਗਾਵੈ, ਨਿਕਸੇ, ਬਾਨੀ, ਨਿਵਰਥੀ, ਬਿਦਿਆ, ਗ੍ਰਿਹਿ, ਅਛਰ, ਪਰਸਣ, ਦ੍ਰਿਸਟ, ਸੰਜੋਗ, ਸਰਸੈ, ਹੰਉ, ਛੁਟੀ, ਫ੍ਰਿਰ, ਲੋਈ, ਇਕੋ ਰਾ, ਪਹਿਰਾ, ਖਵੈ, ਜੇਵਲੇ, ਮੂਏ ਛਿਨੇ ਬਾਰੇ, ਚੂਕੇ ਉਥਾਉ, ਭਈ ਏਤਾ, ਛੂਹ ਰਿਦੈ, ਪੂਰਿ ਆਦਿ।

ਬ੍ਰਜ ਭਾਸ਼ਾ ਦੇ ਪ੍ਰਭਾਵ ਅਧੀਨ ਕ੍ਰਿਆਵਾਂ ਦੀ ਵਾਧੂ ਵਰਤੋਂ ਵੀ ਥਾਂ ਥਾਂ ਕੀਤੀ ਗਈ ਹੈ ਜਿਵੇਂ:- ਬਿਖੈ, ਲੀਐ, ਪੜੈ, ਚਲੈ, ਲਾਗੀ, ਹੋਰਥੈ, ਪੂਛਨੈ, ਕਹਿਐ, ਅਖੈ, ਸੈ, ਦਾਦੇ, ਕਰੈ, ਭੈਆ, ਗੈਆ, ਫਿਰੈ, ਦੀਜੀਐ, ਪਾਵੈ, ਦੇ ਤਾਈ, ਹੋਈਐ, ਤਲੈ, ਤੇਰੈ ਕਾਟੈ ਅਤੇ ਛੋਡੈ ਆਦਿ।

---

11. ਜ਼ੁ.ਗੁ.ਨਾ., ਭਾਗ ਪਹਿਲਾ, ਪੰਨਾ 435.
12. ਹ:ਲਿ:ਨੰ: 359, ਭਾ:ਵਿ:ਲਾ, ਪਟਿਆਲਾ।
13. ਹ:ਲਿ:ਨੰ:400; ਭਾ:ਵਿ:ਲਾ; ਪਟਿਆਲਾ।

<u>ਸਧੁ ਭਾਖਾ</u> :

ਸੰਤਾਂ, ਸਾਧੂਆਂ ਅਤੇ ਪੀਰਾਂ ਫ਼ਕੀਰਾਂ ਨੇ ਆਪਣੇ ਆਧਿਆਤਮਿਕ ਵਿਚਾਰਾਂ ਨੂੰ ਦੇਸ਼ ਦੇ ਵੱਖ ਵੱਖ ਭਾਸ਼ਾਈ ਪ੍ਰਾਂਤਾਂ ਦੇ ਲੋਕਾਂ ਤਕ ਪਹੁੰਚਾਣ ਲਈ ਜਿਹੜੀ ਮਿਸ਼੍ਰਿਤ ਭਾਸ਼ਾ ਵਰਤੀ ਉਸਨੂੰ ਸਾਧ ਭਾਖਾ ਜਾਂ ਸਧੂਕੜੀ ਦਾ ਨਾਂ ਦਿੱਤਾ ਗਿਆ ਹੈ। ਲਗਭਗ ਸਾਰੇ ਹਿੰਦੂ ਭਗਤਾਂ ਅਤੇ ਸਿੱਖ ਗੁਰੂ ਸਾਹਿਬਾਂ ਨੇ ਕਿਸੇ ਨਾ ਕਿਸੇ ਰੂਪ ਵਿਚ ਇਸ ਭਾਸ਼ਾ ਨੂੰ ਜ਼ਰੂਰ ਅਪਣਾਇਆ ਹੈ। ਅਸਲ ਵਿਚ ਹੋਰਾਂ ਭਾਸ਼ਾਵਾਂ ਦੀ ਸ਼ਬਦਾਵਲੀ ਦੀ ਮਿਸ ਕਾਰਨ ਇਹ ਸਾਂਝੀ ਭਾਸ਼ਾ ਬਣ ਗਈ ਜਿਸ ਨੂੰ ਦੇਸ਼ ਦੇ ਲਗਭਗ ਸਾਰੇ ਹੀ ਪ੍ਰਾਂਤਾਂ ਵਿਚ ਬੋਲਿਆ ਅਤੇ ਸਮਝਿਆ ਜਾਣ ਲੱਗਾ।

ਸਮਕਾਲੀ ਪ੍ਰਭਾਵ ਕਾਰਨ ਲੇਖਕ ਉਤੇ ਪ੍ਰਚੱਲਤ 'ਸਾਧ ਭਾਖਾ' ਦਾ ਵੀ ਕਾਫ਼ੀ ਪ੍ਰਭਾਵ ਪਿਆ। ਉਸ ਦੀ ਭਾਸ਼ਾ ਵਿਚ ਸਾਧਾ ਭਾਖਾ ਤੇ ਖੜ੍ਹੀ ਬੋਲੀ ਤੋਂ ਪ੍ਰਭਾਵਿਤ ਸਮਕਾਲੀ ਵੀ ਦੇਖੀ ਜਾ ਸਕਦੀ ਹੈ ਜਿਵੇਂ:

ਤਬ, ਜਬ, ਭਈ, ਨਿਸਤਾਰਨ, ਠਉੜ, ਹਾਰੇ, ਬਾਹਹੁ, ਉਹਾ, ਨਵਾਜ਼ਤੀ, ਖੇਲਾਵਤੀ, ਪਹਿਰਾਵਤੀ, ਠੀਕੇ, ਆਵਤਾ, ਅਜਰੁ, ਬਾਰੇ ਡਾਨਹੁ, ਭੋਜਨ, ਦਾਮ, ਬਾਟੇ, ਅਘਾਟੇ ਨਿਮਿਤੁ, ਕਵਨੁ, ਜਿਤਨੀ, ਤਿਤਨੀ, ਬਣਾਵਤਾ, ਡਾਲਿਆ, ਬੈਧੇ, ਭੁਰਾਇਆਨਿ, ਆਸ਼੍ਰਮਿ ਖਾਵਨੁ, ਬਾਧਤਾ, ਭੈਆ, ਅਨਾਏ, ਸਨਮੁਖਨ, ਆਦੇਸ਼, ਜੋਗਾ ਬਾਤਾ, ਤਰਕ, ਬਿਸਰੇ ਬਰਤਾ ਬਾਂਛਾ, ਬਹੁਰਿ, ਠਾਚਾ, ਏਵ, ਕੀਕੀ, ਜਾਗਾ, ਸਗਲੇ, ਮਹਿ ਆਦਿ।

ਲੇਖਕ ਦੀਆਂ ਗੋਸ਼ਟੀ ਵਿਚ ਹਿੰਦੂ ਧਾਰਮਕ ਅਸਥਾਨਾਂ ਤੇ ਤੀਰਥਾਂ ਦਾ ਜ਼ਿਕਰ ਕਰਦਿਆਂ ਸਾਧ ਭਾਖਾ ਲੈਂਦੀ ਭਾਸ਼ਾ ਦੀ ਵਰਤੋਂ ਕੀਤੀ ਗਈ ਹੈ ਜਿਵੇਂ:

"ਤਬ ਬਾਬਾ ਨਾਨਕ ਜੀ ਮਥੁਰਾ ਤੇ ਕੁਲਖੇਤ੍ਰ ਦੇ ਨਾਵਣ ਕਉ ਚਲਿਆ ਆਇ ਕੁਲਖੇਤ੍ਰ ਪ੍ਰਾਪਤ ਭਇਆ ਆਹੇ ਨਾਵਣੁ ਪੁਰਬ ਕਾ ਹੈ... ਖ੍ਰਤ੍ਰੀ ਬ੍ਰਾਹਮਣ, ਸੂਦ ਵੈਸ ਜੋ ਕੋਈ ਹੈ ਸਿ ਕੁਲਿ ਖੇਤ੍ਰ ਕੇ ਨਾਵਣੁ ਕਉ ਆਇ ਏਕਠਾ ਭਇਆ ਹੈ...ਉਹਾ ਜਿ ਭਲੇ ਭਲੇ ਰਾਜੇ ਥੇ ਭਲੇ ਭਲੇ ਪੰਡਿਤ ਥੇ ਬਡੇ ਬਡੇ ਬੈਸਨੋ ਥੇ ਤੇ ਆਏ ਆਦਿ ਕਰਿ ਬਾਬੇ ਨਾਨਕ ਕਉ ਪ੍ਰਿਛਾ ਕਰੀ ਜਿ ਨਾਨਕ ਜੀ ਤੂ ਕਲੀ ਕਉ ਪ੍ਰਿਛਾ ਕਰੀ ਜਿ ਨਾਨਕ ਜੀ ਤੂ ਕਲੀ ਕਾਲ ਮਹਿ ਬਡਾ ਮਹਾਂ ਪੁਰਖ ਹੈ ਦਿਖਾ ਤੇਰੇ ਲੋਕ ਕਰਦੇ ਹੈ ਨਿ ਜਿ ਬਾਬੇ ਨਾਨਕ ਕਉ ਅਗਮ ਅਗਾਧਿ ਕੀ ਖਬਰ ਹੈ ਦਿਖਾਜੀ ਪਰਮੇਸੁਰ ਕੈ ਅਰਥਿ ਤੂ ਹਮ ਕਉ ਖਬਰਿ ਦੇਹਿ

ਜਿਤਨੇ ਲੋਕ ਇਸੁ ਪ੍ਰਿਥਵੀ ਜਲਿ ਨਾਵਣ ਆਏ ਹੈ ਤਿਨਾ ਕਉ ਆਏ ਕਾ ਨਾਏ ਕਾ ਫਲੁ ਹੈ ਕਿ ਨਾਹੀ...।"[13]

ਇਸ ਤੋਂ ਇਲਾਵਾ ਗੁਰੂ ਸਾਹਿਬਾਂ ਅਤੇ ਭਗਤਾਂ ਦੀ ਬਾਣੀ ਦੇ ਪਰਮਾਰਥ ਕਰਦਿਆਂ ਵੀ ਲੇਖਕ ਨੇ ਖੜੀ ਬੋਲੀ ਦੀ ਕਾਫ਼ੀ ਵਰਤੋਂ ਕੀਤੀ ਹੈ ਜਿਵੇਂ ਇਕ ਥਾਂ ਇਹ ਪ੍ਰਭਾਵ ਇਉਂ ਦੇਖਿਆ ਜਾ ਸਕਦਾ ਹੈ:-

"ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ...ਇਸੁ ਜਲ ਨਇਆ ਫਲੁ ਨਾਹੀ। ਤਿਸ ਕਾਰਣਿ ਨਾਵਣ ਕਉ ਤੁਮਿ ਪਾਰਬ੍ਰਹਮ ਇਸੁ ਜਗਿ ਭੇਜੇ ਹੋ ਹਉ ਸੁ ਓਹੁ ਅੰਮ੍ਰਿਤ ਜਲ ਗੁਰੂ ਪਾਸਿ ਹੈ ਅਵਰ ਤਵਰ ਨਾਹੀ। ਫਿਰਿ ਜਿ ਵੇਸ ਕਰਿ ਕਰਿ ਭੇਖ/ ਚਤੁਰਾਈ ਕਰਿ ਕੇ ਪਾਇਆ ਚਾਹਦੇ ਹੈਨਿ ਸਿ ਸਭੁ ਦੁਬੰਧਾ ਹੈ... ਦੁਵਿਧਾ ਮਹਿ ਫਲੁ ਪ੍ਰਾਪਤ ਹੋਤਾ ਨਾਹੀ। ਜਬ ਗੁਰੂ ਕਉ ਮਿਲੈ ਗੁਰੂ ਕਾ ਉਪਦੇਸੁ ਲੇਵੈ ਸਭ ਭੇਸ ਛਡੈ ਚਤੁਰਾਈ ਤੋੜੈ ਦੁਬਿਧਾ ਛੋਡੈ ਨਿਰਮਾਣਿਸੁ ਹੋਇ ਤਬ ਏਹੁ ਅੰਮ੍ਰਿਤ ਜਲੁ ਏਸ ਕਉ ਪ੍ਰਾਪਤਿ ਹੋਇ। ਤਬ ਤੀਰਥ ਕੇ ਜਲਿ ਨਾਇਐ ਫਲੁ ਲਾਗੀ ਏਵ ਨਾਹੀ ਲਗਤਾ...।"[15]

ਭਾਸ਼ਾ ਦੇ ਪੱਖੋਂ 'ਗੋਸ਼ਟਾਂ ਕਬੀਰ ਜੀ ਦੀਆਂ' ਲੇਖਕ ਦੀ ਉਹ ਰਚਨਾ ਹੈ ਜੋ ਦੂਸਰੀਆਂ ਰਚਨਾਵਾਂ ਦੇ ਮੁਕਾਬਲੇ ਵਿਸ਼ੇਸ਼ ਅੰਤਰ ਰਖਦੀ ਹੈ। ਇਸ ਦੀ ਭਾਸ਼ਾ ਵਿਚ ਲਹਿੰਦੀ ਦਾ ਪ੍ਰਭਾਵ ਅਲੋਪ ਹੁੰਦਾ ਹੈ ਅਤੇ ਇਹ ਖੜੀ ਬੋਲੀ ਅਤੇ ਹਿੰਦਵੀ ਦੇ ਕਾਫ਼ੀ ਨੇੜੇ ਹੋ ਗਈ ਹੈ। ਸੰਭਵ ਹੈ ਕਿ ਇਸ ਰਚਨਾ ਦੀ ਉਸਾਰੀ ਲਈ ਉਸ ਸਾਹਮਣੇ ਕੋਈ ਹਿੰਦਵੀ ਨੁਮਾ ਰਚਨਾ ਹੋਵੇ ਇਸ ਰਚਨਾ ਵਿਚ ਪੇਸ਼ ਕੀਤੇ ਗਏ ਬਾਣੀ ਪਰਮਾਰਥਾਂ ਵਿਚ ਵਰਤੀ ਗਈ ਭਾਸ਼ਾ ਉਤੇ ਇਹ ਪ੍ਰਭਾਵ ਦੇਖੋ ਕਿਨਾ ਡੂੰਘਾ ਹੈ:-

"ਬ੍ਰਿਖ ਕਾ ਬੇੜ ਤਲੇ ਕਉ ਹੋਤਾ ਹੈ ਅਰ ਬ੍ਰਿਖ ਕਉ ਫਲ ਡਾਲੀ ਲਾਗਤਾ ਹੈ ਅਰ ਮਾਨਸ ਕਉ ਫੂਲ ਬੇੜ ਲਾਗਤਾ ਹੈ ਭਈ ਰਾਮ ਜਨਾ ਜੀ ਏਕ ਏਹ ਅਚਰਜ ਮੁਝ ਕਉ ਦਿਖਾਇਆ ਹੈ ਪਰਮੇਸਰ ਨੇ ਸੋ ਤੁਮ ਸੁਣਿ ਲੇਹੁ...ਜਲ ਜੁ ਹੈ ਸੋ ਮਹਾਂ ਭਉਜਲ ਸੰਸਾਰ ਝੂਠੁ ਅਰ ਮਨੁ ਜੁ ਹੈ ਸੁ ਮਛੁਲੀ ਹੈ। ਅਰ ਜੀ ਤਰਵਰ ਜਿਸ ਹੈ ਸੋ ਸਾਚੁ ਹੈ। ਇਹ ਮਨੁ ਝੂਠੀ ਮਾਇਆ ਕਉ ਛਾਡ ਕਰ ਸਾਚ ਕੇ ਤਰਵਰ ਆਇ ਚੜਿਆ ਏਸ ਕਉ ਸਚੁ ਪ੍ਰਾਪਤਿ ਹੂਆ ਗੁਰੂ ਕੇ ਪ੍ਰਸਾਦਿ। ਅਰ ਕਰੀਰ ਜਿ ਹੈ ਸੋ ਅਹੰਕਾਰ ਹੈ ਅਰ ਖਿਲਾਈ ਜੁ ਹੈ ਸੁ ਬਿਵ...।"[16]

14. ਜ. ਗੁ. ਨਾ., ਭਾਗ ਪਹਿਲਾ ਪੰਨਾ 371.
15. ਉਹੀ, ਪੰਨਾ 372.
16. ਗੋ: ਕ: ਜੀ. ਕੀ, ਪੰਨਾ 199 (ਤਿੰਜੀ ਪਤ੍ਰੀ)

ਮਿਹਰਵਾਨ ਦੀ ਭਾਸ਼ਾ ਵਿਚ ਇਹ ਪ੍ਰਭਾਵ ਦੇਖਦਿਆਂ ਹੀ ਡਾ: ਅਰੁਣ ਇਸ ਸਿੱਟੇ ਤੇ ਪੁੱਜਦੇ ਹਨ ਕਿ "ਇਹ ਭਾਸ਼ਾ ਆਧੁਨਿਕ ਹਿੰਦੀ ਦਾ ਅਧਾਰਤ ਖੜੀ ਬੋਲੀ ਦਾ ਰੂਪ ਹੈ ਪ੍ਰੰਤੂ ਸਾਰੇ ਮਿਲਗੋਭੇ ਨੂੰ ਜੇ ਕੋਈ ਇਕ ਨਾਮ ਦੇਣਾ ਹੋਵੇ ਤਾਂ ਅਸੀਂ ਇਸਨੂੰ 'ਹਿੰਦਵੀ' ਆਖ ਸਕਦੇ ਹਾਂ। ... ਹਿੰਦਵੀ ਦਾ ਜਿਤਨਾ ਵਿਪੁਲ ਪ੍ਰਯੋਗ ਇਸ ਜਨਮਸਾਖੀ ਵਿਚ ਮਿਲਦਾ ਹੈ ਉਤਨਾ ਹੋਰ ਕਿਧਰੇ ਨਹੀਂ ਮਿਲਦਾ। ਦੂਸਰੇ ਇਹ ਪ੍ਰਯੋਗ ਗੱਦ ਵਿਚ ਹੈ ਤੇ ਇਤਨਾ ਵਿਸ਼ਾਲ ਗੱਦ ਸਾਹਿੱਤ ਇਸ ਤੋਂ ਪਹਿਲਾਂ ਦਾ ਨਹੀਂ ਮਿਲਦਾ।"[17]

ਠੇਠ ਪੰਜਾਬੀ:

ਮਿਹਰਵਾਨ ਦੀ ਭਾਸ਼ਾ ਵਿਚਲੀਆਂ ਠੇਠ ਪੰਜਾਬੀ ਕ੍ਰਿਆਵਾਂ ਅਤੇ ਸਰਵਨਾਵਾਂ ਪੰਜਾਬੀ ਦੇ ਠੇਠ ਪ੍ਰਭਾਵ ਨੂੰ ਉਜਾਗਰ ਕੇ ਸੁਪਸ਼ਟ ਕਰਦੇ ਹਨ:

ਕ੍ਰਿਆਵਾਂ:- ਕੁਆਇਆ, ਪੜਿਆ, ਚੜਿਆ, ਆਇਆ, ਬੁਲਾਇਆ, ਗਿਆ, ਛੱਡਿ ਪਾਈ, ਉਡਦਾ, ਮਿਲਦਾ, ਜਾਂਦਾ ਤੇ ਬੁਲਹੁ ਆਦਿ ਅਣਗਿਣਤ ਪੰਜਾਬੀ ਦੀਆਂ ਕ੍ਰਿਆਵਾਂ ਦੇਖੀਆਂ ਜਾ ਸਕਦੀਆਂ ਹਨ।

ਪੜਨਾਂਵ:- (ਸਰਵਨਾਂਵ) ਤੇਰਾ, ਮੇਰਾ, ਅਸੀ, ਤੁਸੀ, ਉਸ, ਇਹ, ਉਹ ਕੋਈ, ਕਈ ਸਾਰੇ, ਕੌਣ, ਕੀ ਤੇ ਆਪ ਆਦਿ।

ਮੁਸਲਮਾਨ ਪੀਰਾਂ ਫ਼ਕੀਰਾਂ ਨਾਲ ਹੋਈਆਂ ਗੋਸ਼ਟਾਂ ਵਿਚ ਇਹ ਰੰਗ ਵਧੇਰੇ ਪ੍ਰਭਾਵਸ਼ਾਲੀ ਰੂਪ ਵਿਚ ਉਘੜਦਾ ਹੈ। ਇਸ ਤੋਂ ਇਲਾਵਾ ਕਥਾ ਵਰਨਣ ਵਿਚ ਵੀ ਪੰਜਾਬੀ ਦੇ ਪਦ ਅਤੇ ਵਾਕ ਥਾਂ ਥਾਂ ਦੇਖੇ ਜਾ ਸਕਦੇ ਹਨ ਜਿਵੇਂ:

> "ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜੋ ਅਲੈਕਿਸਲਾਮੁ ਸਾਹਿਬ ਦੇ ਪਿਆਰੇ ਗੁਰੂ ਬਾਬਾ ਨਾਨਕ ਉਠਿ ਕਰਿ ਸਲਾਮੁ ਦਿਤਾ ਦਸਤਪੰਜਾ ਲੈ ਮਿਲੈ ਮਿਲਿ ਕਰਿ ਬੈਠਿ ਗਏ ਲਗੇ ਸਾਹਿਬ ਦੀਆਂ ਬਾਤਾਂ ਕਰਣ। ਸਾਹਿਬ ਦੇ ਪਿਆਰਿਆਂ ਨੋ ਸਾਹਿਬ ਦੇ ਪਿਆਰੇ ਮਿਲੈ ਲਗੇ ਸਾਹਿਬ ਦੀਆਂ ਬਾਤਾਂ ਕਰਨੇ ਦਿਲ ਬਹਿਲ ਥੀ ... ।"[18]

ਗੋਸ਼ਟੀ ਵਿਚਲੀ ਵਾਰਤਾਲਾਪ ਸਮੇਂ ਇਹ ਪ੍ਰਭਾਵ ਹੋਰ ਵੀ ਜ਼ਿਆਦਾ ਭਾਵ ਪੂਰਤ ਰੂਪ ਵਿਚ ਉਘੜਦਾ ਹੈ ਜਿਵੇਂ ਇਸ ਦਾ ਸੁੰਦਰ ਨਮੂਨਾ ਨਾਨਕ ਦੇ ਮਾਤਾ ਨਾਲ ਮਿਲਾਪ ਸਮੇਂ

17. ਜ.ਗੁ.ਨਾ., ਭਾਗ ਪਹਿਲਾ, (ਭੂਮਿਕਾ ਪੰਨਾ 76)

18. ਉਹੀ, ਪੰਨਾ 434-35.

ਹੋਈ ਵਾਰਤਾਲਾਪ ਵਿਚੋਂ ਦੇਖਿਆ ਜਾ ਸਕਦਾ ਹੈ:

> ...ਮਾਤਾ ਲਗੀ ਬਾਬੇ ਨਾਨਕ ਜੀ ਕਾ ਮਥਾ ਚੁੰਮਣ। ਮਾਤਾ ਕਹੈ ਜਿ ਬੇਟਾ ਹਉ ਵਾਰੀ। ਬੇਟਾ ਹਉ ਘੁਮਾਈ ਤੁਧੁ ਵਿਟਹੁ ਹਉ ਵਾਰੀ। ਬੇਟਾ ਹਉ ਉਸ ਧਰਤੀ ਵਿਟਹੁ ਵਾਰੀ ਜਿਥੈ ਤੂ ਫਿਰਦਾ ਰਹਿ। ਬੇਟਾ ਹਉ ਏਨਾ ਤੇਰੀਆ ਜਟਾਂ ਵਿਟਹੁ ਵਾਰੀ। ਬੇਟਾ ਤੇਰੇ ਇਸ ਲਿਖਕੇ ਵਿਟਹੁ ਵਾਰੀ। ਬੇਟਾ ਹਉ ਤੇਰਿਆ ਪੈਰਾਂ ਉਪਰਹੁ ਵਾਰੀ। ਬੇਟਾ ਹਉ ਤੁਧੁ ਨਿਹਾਲ ਕੀਤੀ ਮੇਰਾ ਨਾਨਕੁ ਤੁਧੁ ਮੈਨੋ ਆਪਣਾ ਮੁਖ ਵੇਖਾਲਿਆ। ਬੇਟਾ ਹਉ ਜੀਵੀ ਬੇਟਾ ਹਉ ਅਜਨਿਹਾਲੁ ਹੋਈ ਜਿ ਤੂ ਮੈ ਡਿਠੋਹਿ।[19]

<u>ਲਹਿੰਦੀ</u> :

ਮਿਹਰਵਾਨ ਦੇ ਸਮਕਾਲੀ ਕਾਲ ਵਿਚ ਸਾਧੂ, ਸੰਤਾਂ ਤੇ ਸੂਫ਼ੀ ਫ਼ਕੀਰਾਂ ਵਲੋਂ ਵਰਤੀ ਜਾਂਦੀ ਮਿਸ਼੍ਰਿਤ ਭਾਸ਼ਾ ਦਾ ਲਹਿੰਦੀ ਬੜਾ ਮਹੱਤਪੂਰਣ ਅੰਗ ਸੀ। ਲੇਖਕ ਦੀਆਂ ਗੋਸ਼ਟਾਂ ਵਿਚ ਇਸ ਦੀ ਵਰਤੋਂ ਉਥੇ ਉਥੇ ਵਧੇਰੇ ਹੈ ਜਿਥੇ ਗਲ ਬਾਤ ਸੂਫ਼ੀ ਫ਼ਕੀਰਾਂ ਨਾਲ ਚਲਦੀ ਹੈ। ਮੁਸਲਮਾਨ ਫ਼ਕੀਰਾਂ ਨੇ ਇਹ ਭਾਸ਼ਾ, ਮੁਲਤਾਨ ਵਿਚ ਮੁਸਲਮਾਨੀ ਕੇਂਦਰ ਹੋਣ ਕਾਰਨ ਮੁੱਢ ਤੋਂ ਹੀ ਵਧੇਰੇ ਵਰਤੀ ਲਗਦੀ ਹੈ।

ਮਿਹਰਵਾਨ ਦੀ ਭਾਸ਼ਾ ਵਿਚ ਵਰਤੀਆਂ ਗਈਆਂ ਲਹਿੰਦੀ ਦੀਆਂ ਕ੍ਰਿਆਵਾਂ ਅਤੇ ਪੜਨਾਂਵਾਂ ਆਦਿ ਤੋਂ ਇਹ ਪ੍ਰਭਾਵ ਸਪਸ਼ਟ ਹੈ ਕਿ ਰੂਪ ਵਿਚ ਦੇਖਿਆ ਜਾ ਸਕਦਾ ਹੈ ਜਿਵੇਂ:

> ਗਇਆ, ਮੂਆ, ਅਲਾਇਆ, ਉਠੀ ਖੜਾ ਹੋਆ, ਡਿਠਾ, ਡਿਠਾ, ਘਿਨ, ਨਾਇ ਕਹਿ ਘਤੀਅਨਿ ਡਿਸੈ, ਥੀ ਵੈ, ਕਹਿਉਸੁ, ਦਿਤੀਅਸੁ, ਅੰਰਭਿਓਨ, ਕਰੇਸਾ, ਹੋਸੀਆ ਖਵਸੀ, ਜਾਵਸੀ, ਮਰਸੀ, ਕਾਢਿਓ, ਜੀਵਹਿਗੇ, ਆਵਹਿਗੇ ਆਦਿ ਅਨੇਕਾਂ ਕਿਰਿਆਵਾਂ ਹਰ ਕਾਲ ਲਈ ਵਰਤੀਆਂ ਗਈਆਂ ਹਨ।

ਲਹਿੰਦੀ ਦੇ ਪੜਨਾਂਵਾਂ ਦਾ ਵੀ ਅਕਸਰ ਵਰਤੋਂ ਕੀਤਾ ਹੈ ਜਿਵੇਂ:

> ਤੁਸਾਂ, ਤੁਸਾਡਾ, ਅਸਾਡਾ, ਅਸਾਂਤਿਅਹੁ, ਅਸਾੜਾ, ਅਸਾਨੂੰ, ਤੇਡਾ, ਮਹਿੰਡਾ, ਹਉ, ਉਨਿ, ਉਨਹੁ, ਕੋ ਕੈਨੂੰ ਆਦਿ ਅਨੇਕਾਂ ਰੂਪਾਂ ਦਾ ਵਰਤੋਂ ਥਾਂ ਥਾਂ ਕੀਤੀ ਗਈ ਮਿਲਦੀ ਹੈ।

---

19. ਉਹੀ ਪੰਨਾ, 471.

ਇਸੇ ਤਰ੍ਹਾਂ ਦੇ ਲਹਿੰਦੀ ਦੇ ਸੰਖਿਆਵਾਚਕ ਸ਼ਬਦਾਂ ਦੀ ਵੀ ਵਰਤੋਂ ਕੀਤੀ ਗਈ ਮਿਲਦੀ ਹੈ ਜਿਵੇਂ: ਹਿਕ, ਛਿਅਹੁ, ਨਵ੍ਹੁ ਤੇ ਚਉਦਹ ਆਦਿ।

ਕੇਵਲ ਸ਼ਬਦਾਵਲੀ ਹੀ ਨਹੀਂ ਸਗੋਂ ਲੇਖਕ ਨੇ ਤਾਂ ਅੱਧੇ ਅੱਧੇ ਜਾਂ ਪੂਰੇ ਪੂਰੇ ਵਾਕ ਹੀ ਲਹਿੰਦੀ ਦੇ ਵਰਤੇ ਹਨ ਜਿਵੇਂ:

ਨਾਇ ਕਰਿ ਉਠੀਬੈਠਾ, ਰੰਜ ਹੋਇ ਗਏ ਹੈਨਿ, ਰਾਇ ਭਰੋਸੇ ਬੈ ਉਠਿ ਪੁਕਾਰ ਕੀਤੀ। ਘਾਰੋ ਤੁਸਾਂ ਕੇ ਡਿਠਾ, ਉਜਾੜਾ ਨਾ ਸੋਹਿ ਹੋਇਆ, ਬਾਬੇ ਨਾਨਕ ਕੇ ਤਈ ਮੁਲਾਂ ਪਾਸਿ ਲੈ ਗੈਆ। ਨਸਦਿਆਂ ਵਾਉ ਹੋਇ ਗਏ, ਸਭ ਹੀ ਵਡਾ, ਕੂਚਾਂ ਅਗਿ ਦਾ। ਲਹਿੰਦੀ ਦੀ ਵਰਤੋਂ ਜ਼ਿਆਦਾ ਤਰ ਉਨ੍ਹਾਂ ਪ੍ਰਸੰਗਾਂ ਵਿਚ ਕੀਤੀ ਗਈ ਹੈ ਜਿਨ੍ਹਾਂ ਵਿਚ ਵਾਰਤਾਲਾਪ ਕਰਨ ਵਾਲੇ ਪੀਰ ਫ਼ਕੀਰ ਜਾਂ ਹੋਰ ਪਾਤਰ ਮੁਲਤਾਨ ਦੇ ਹਨ ਜਿਵੇਂ ਅਜਿਹੇ ਵਾਰਤਾਲਾਪ ਵਿਚੋਂ ਇਹ ਰੰਗ ਦੇਖੋ ਕਿੰਨਾ ਗੂੜ੍ਹਾ ਹੈ:-

ੳ) "ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ ਸੁਣਿ ਹੋ ਭਾਈ ਪਰਮੇਸਰ ਦਿਅਹੁ ਲੋਕਹੁ ਚਾਰੇ ਕੂੰਡਾਂ ਚਉਦਹ ਭਵਣ ਹੈ ਮੈ ਸਭੇ ਕਰਿ ਡਿਠੇ ਅਸਾਡਾ ਬੇਲੀ ਕੋ ਨਾਹੀ। ਜਾਂ ਸਾਹਿਬ ਮੇਰਾ ਮਿਹਰਵਾਨੁ ਥੀਆ ਤਾਂ ਉਹੁ ਮੈਡਾ ਥੀਆ ਮੈ ਉਸਦਾ ਥੀਆ। ਜਿਥੇ ਡੇਖਾ ਤਿਥੇ ਉਹੋ ਸਾਹਿਬੁ ਹੈ। ਉਸ ਬਗੈਰ ਹੋਰਿ ਕੋਈ ਨਾ ਡਿਸੈ। ਵਤਿ ਮੈ ਕੈਹੂੰ ਸਲਾਮੁ ਕਰੀ ਜਾਂ ਹਿਕੋ ਸਾਹਿਬ ਹਭਨੀ ਘਟੀ ਹਭਨੀ ਮੁਖੀ ਹਭਨੀ ਜਾਈ ਹਭਨੀ ਨਾਥੀ।[20]

ਅ) ਤਬ ਉਨਹੁ ਲੋਗਹੁ ਮਿਲਿ ਕਰਿ ਬਹੁੜਿ ਬੇਨਤੀ ਕਰੀ ਗੁਰੂ ਬਾਬੇ ਨਾਨਕ ਜੀ ਪਾਸਿ ਜਿ ਬਾਬਾ ਜੀ ਸਲਾਮਤਿ ਹਿਕਮਤਿ ਦੀ ਭਉਕੀਨੈ ਵਿਰੀਅਤਿ ਹੈ ਜਿ ਤਾਂ ਤੈ ਜਾਂ ਹੁਕਮ ਥੀਏ ਤਾਂ ਅਖੀਏ ਜੀਉ ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ ਹਾਂ ਪੁਛਹੁ ਜਿ ਕੁਛ ਤਹਿਜੈ ਜੀਅ ਆਵੈ ਸੋ ਕਹਿਹੁ। ਤਾਂ ਉਨੀ ਅਲਾਇਆ ਜਿ ਬਾਬਾ ਜੀ ਸਲਾਮਤਿ ਡੇਖਾ ਸੋਦਰੁ ਕੇਹੜਾ ਹੈ ਜੇ ਅਗੋ ਤੈਡਾ ਸਲਾਮੁ ਹੈ। ਸੁ ਤੇਡਾ ਸਾਹਿਬ ਕਉਣ ਹੈ।[21]

---

20. ਜ. ਗੁ. ਨਾ. ਭਾਗ ਪਹਿਲਾ, ਪੰਨਾ 427.

21. ਉਹੀ, ਪੰਨਾ 426.

ਲਹਿੰਦੀ ਦੇ ਪ੍ਰਭਾਵ ਕਾਰਨ ਹੀ ਲੇਖਕ ਦੀ ਭਾਸ਼ਾ ਵਿਚ ਕੁਝ ਹੱਦ ਤੱਕ ਸੰਜੋਗਾਤਮਕ ਰੁਚੀ ਵੀ ਆ ਗਈ ਹੈ ਜਿਵੇਂ ਉਸ ਵਲੋਂ ਵਰਤੇ ਗਏ ਇਨ੍ਹਾਂ ਕੁਝ ਸ਼ਬਦਾਂ ਤੋਂ ਸਪਸ਼ਟ ਹੈ:

ਕਾਲ੍ਹੂਆਣਿ, ਧਰਿਆਸੂ, ਕਰਹਿੰਗੇ, ਕਹਿਉਸੁ, ਅਰੰਭਿਨ, ਗੋਇਓਸ, ਰਹੀਐਗਾ, ਵਿਦਿਆਵੈਤ, ਹੋਹਿੰਗੇ, ਅਸਾਡਿਅਹੁ, ਅਗਿਅਹੁ, ਅਸਾਨ੍ਹੂੰ ਜਾਵਹਿਗੇ, ਆਵਹਿਗੇ, ਆਦਿ।

<u>ਗੁਰਬਾਣੀ ਸ਼ਬਦਾਵਲੀ</u> :

ਮਿਹਰਵਾਨ ਰਚਨਾਵਾਂ ਦਾ ਮੂਲ ਉਦੇਸ਼ ਗੁਰੂਆਂ ਅਤੇ ਭਗਤਾਂ ਦੀਆਂ ਗੋਸ਼ਟਾਂ ਦਾ ਸਹਾਰਾ ਲੈਂਦਿਆਂ ਉਨ੍ਹਾਂ ਦੀ ਬਾਣੀ ਦੇ ਪਰਮਾਰਥ ਪੇਸ਼ ਕਰਨਾ ਹੀ ਹੈ। ਇਉਂ ਪਰਮਾਰਥ ਪੇਸ਼ ਕਰਦਿਆਂ ਲੇਖਕ ਦੀ ਭਾਸ਼ਾ ਉਤੇ ਮੂਲ ਬਾਣੀ ਦੀ ਭਾਸ਼ਾ ਦਾ ਪ੍ਰਭਾਵ ਪੈਣਾ ਸੁਭਾਵਕ ਹੀ ਹੈ। ਵੇਖੋ ਕਿੰਨਾ ਗੂੜ੍ਹਾ ਹੈ:-

ੳ) "ਕਥਨੀ ਬਦਨੀ ਰਹੈ ਨਿਭਰਾਂਤਿ॥ ਸੋ ਬੂਝੈ ਹੋਵੈ ਜਿਸੁ ਦਾਤਿ॥
ਅਹਿਨਿਸਿ ਅੰਤਰਿ ਰਹੈ ਲਿਵਲਾਇ। ਸੋਈ ਪੁਰਖੁ ਜਿ ਸਚਿ ਸਮਾਇ।3।

ਤਿਸ ਕਾ ਪਰਮਾਰਥ ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ ਸੁਣਿਹੋ ਪੰਡਿਤ ਜਾ ਕਥਨੀ ਕਰੈ ਕਵਿਤ ਕਰੈ ਪਣੁ ਅੰਤਰਿ ਕੇ ਵਿਖੇ ਕੂੜ ਹੈ ਸਚੁ ਨਾਹੀ ਤਬ ਉਸ ਦਾ ਕਥਨੀ ਕਥੀ ਕਾ ਕਿਆ ਧਰਮੁ ਹੈ ਜੋ ਮਾਇਆ ਕੇ ਲਏ ਕਥਨੀ ਕਰੈ ਅਰ ਜੋ ਬਦਨੀ ਕਰੈ ਤਉ ਕਿਆ।"[22]

ਅ) ਗੁਰਮਤਿ ਸਾਚੀ ਹੁਜਤਿ ਦੂਰਿ। ਬਹੁਤ ਸਿਆਣਪ ਲਾਗੈ ਧੂਰਿ।
ਲਾਗੀ ਮੈਲ ਮਿਟੈ ਸਚ ਨਾਇ। ਗੁਰ ਪਰਸਾਦਿ ਰਹੈ ਲਿਵ ਲਾਇ।1।

ਤਿਸ ਕਾ ਪਰਮਾਰਥੁ। ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ...ਹੁਜਤਿ ਕਰਿ ਕਰਿ ਪਰਮੇਸਰ ਨਾਹੀ ਪਾਇਆ ਜਾਤਾ। ਜੇਗੁਰਮਤਿ ਆਵੈ ਤਾਂ ਗੁਰਮਤਿ ਸੁਚ ਹੈ ਸਚੁ ਹੋਇ ਤਬ ਸਾਚਾ ਪਾਇ ਏਵ ਨਾਹੀ ਪਾਇਆ ਜਾਤਾ ਹੁਜਤਿ ਕੀਤੀ ਪਰਮੇਸਰ ਤੇ ਦੂਰਿ ਪੜੀਤਾ ਹੈ। ਗੁਰੂ ਬਿਨਾ ਗਿਆਨੁ ਨਾਹੀ ਹੋਤਾ ਹੈ ...ਬਿਨਾ ਗੁਰੂ ਮਨ ਬਿਕਰਮੀ ਹੈ ਮਨੁ ਭਰੀਤਾ ਹੈ ਉਹੁ ਮੈਲ ਕਿਉ ਕਰਿ

22. ਉਹੀ, ਪੰਨਾ 44.

ਉਤਰੈ। ਜਬ ਗੁਰੂ ਕਉ ਮਿਲਿ ਕਰਿ ਪਰਮੇਸਰ ਕਉ ਜਪੈ ਤਬ ਮੈਲੁ ਉਤਰੈ ਨਾਤਰ ਨਾ ਉਤਰੈ। ...।[23]

**ਵਿਸ਼ੇਸ਼ ਸ਼ਬਦਾਵਲੀ :-**

ਹਰ ਲੇਖਕ ਆਪਣੀ ਰਚਨਾ ਵਿਚ ਕੁਝ ਸ਼ਬਦਾਂ ਦਾ ਵਿਸ਼ੇਸ਼ ਤੌਰ ਤੇ ਵਰਤੋਂ ਕਰਦਾ ਹੈ। ਲੋੜ ਅਨੁਸਾਰ ਲੇਖਕ ਕੁਝ ਵਿਸ਼ੇਸ਼ ਸ਼ਬਦ ਆਪ ਵੀ ਘੜ ਲੈਂਦਾ ਹੈ। ਮਿਹਰਵਾਨ ਦੀਆਂ ਲਿਖਤਾਂ ਵਿਚ ਵੀ ਕੁਝ ਅਜਿਹੇ ਸ਼ਬਦ ਮਿਲਦੇ ਹਨ ਜੋ ਉਸ ਦੀਆਂ ਰਚਨਾਵਾਂ ਦੀ ਭਾਸ਼ਾ ਨੂੰ ਸਮਕਾਲੀ ਰਚਨਾਵਾਂ ਨਾਲੋਂ ਨਿਖੇੜਦੇ ਹਨ ਜਿਵੇਂ:

ਪਣ (ਪਰ) ਪਣਮੇਸਰ (ਪਰਮੇ-ਸਰ) ਨਾਤਰ (ਨਹਾਂ ਤਾਂ) ਖਰਾ ਭਲਾ, ਪੁਰਖਾ, ਠਾਕੁਰ ਜੀ, ਗੋਬਿੰਦ ਲੋਕ, ਰਾਮ ਜਨਹੁ, ਭਾਈ ਭਇਆ, ਬਾਹਿਆ, ਬਾਹਤ, ਅਰੁ ਗੁਦਰੈ, ਹਜਰਥ, ਲੀਨੀ, ਕਰਿ ਕਰਿ, ਤੂ ਤਾਂ ਜੀ, ਆਦਿ।

ਪ੍ਰੰਤੂ ਜਾਂ ਪਰ ਦੇ ਅਰਥਾਂ ਵਿਚ ਮਿਹਰਵਾਨ ਨੇ 'ਪਣ' ਸ਼ਬਦ ਦੀ ਵਰਤੋਂ ਕੀਤੀ ਹੈ। ਪਰ ਇਹ 'ਪਣ' ਨਾ ਤਾਂ ਪ੍ਰਾਚੀਨ ਭਾਸ਼ਾ ਵਿਚ ਅਤੇ ਨਾ ਹੀ ਆਧੁਨਿਕ ਵਿਚ ਵਰਤਿਆ ਮਿਲਦਾ ਹੈ। ਸੰਭਵ ਹੈ ਕਿ ਇਸ ਦੀ ਵਰਤੋਂ ਸਹਿ ਸੁਭਾ ਹੀ ਹੋ ਗਈ ਹੋਵੇ ਜੋ ਲੇਖਕ ਦੀ ਲਿਖਣ ਭਾਸ਼ਾ ਦਾ ਵਿਸ਼ੇਸ਼ ਚਿੰਨ੍ਹ ਬਣ ਗਿਆ ਹੈ।

ਲੇਖਕ ਦੀਆਂ ਰਚਨਾਵਾਂ ਵਿਚ ਕੁਝ ਅਜਿਹੇ ਸ਼ਬਦ ਵੀ ਹਨ ਜਿਨ੍ਹਾਂ ਦਾ ਲੇਖਕ ਨੇ ਬਹੁਤ ਅਤੇ ਬਾਰ ਬਾਰ ਵਰਤੋਂ ਕੀਤੀ ਹੈ ਜਿਵੇਂ:

'ਤਬ, ਜਬ, ਜਦਿ, ਏਕਿ ਦਿਨਿ, ਅਰ, ਗੁਦਰੈ ਆਦਿ।

ਇਨ੍ਹਾਂ ਵਿਸ਼ੇਸ਼ ਸ਼ਬਦਾਂ ਤੋਂ ਇਲਾਵਾ ਕਈ ਅਜਿਹੇ ਵਿਸ਼ੇਸ਼ ਵਾਕ ਵੀ ਹਨ ਜਿਨ੍ਹਾਂ ਦਾ ਕੀਤਾ ਗਈ ਅਕਸਰ ਵਰਤੋਂ ਉਸ ਦੀ ਭਾਸ਼ਾ ਨੂੰ ਦੂਸਰੀਆਂ ਰਚਨਾਵਾਂ ਨਾਲੋਂ ਵੱਖਰਿਆਉਂਦੀ ਹੈ ਜਿਵੇਂ:

'ਸਰੀਅਤ, ਤਰੀਕਤ, ਹਕੀਕਤ ਕੇ ਘਰ ਬਾਂਦਾ ਬੋਲੀ।'
'ਪਰਮੇਸਰ ਕੇ ਸੁਮਾਰ ਮਹਿ ਹੋਹਿ ਗਇਆ।'
'ਸਤਿ ਰਾਜਾ ਰਾਮੁ ਆਵਰੁ ਜੀ ਈਸਾਈ ਜੀ।'
'ਭਾਈ ਗੋਬਿੰਦ ਲੋਕਹੁ ਭਲੇ ਹਉ ਜੀ ਕਲਿਆਣ ਹੈ ਜੀ।'
ਤਬ ਏਕਿ ਘੜੀ ਸਸਤਾਇ ਕਰਿ ਉਨ੍ਹਹੁ ਕਹਿਆ... ।' ਆਦਿ।

---

23. ਉਹੀ, ਪੰਨਾ 258.

ਅ) <u>ਰੂਪ ਵਿਚਾਰ</u> :

ਲੇਖਕ ਦੇ ਸਮਕਾਲੀ ਅਤੇ ਕਾਫ਼ੀ ਚਿਰ ਬਾਅਦ ਦੇ ਸਮੇਂ ਤਕ ਪੰਜਾਬੀ ਭਾਸ਼ਾ ਦਾ ਕੋਈ ਪ੍ਰਮਾਣਿਕ ਵਿਆਕਰਣ ਨਹੀਂ ਸੀ ਰਚਿਆ ਗਿਆ। ਉਸ ਸਮੇਂ ਤੱਕ ਸੰਸਕ੍ਰਿਤ, ਪ੍ਰਾਕ੍ਰਿਤਾਂ ਅਤੇ ਅਪਭ੍ਰੰਸ਼ਾਂ ਦੇ ਵਿਆਕਰਣ ਦੀ ਹੀ ਪ੍ਰਧਾਨਤਾ ਸੀ। ਅਜਿਹੀ ਅਵਸਥਾ ਵਿਚ ਸਾਹਿੱਤਕਾਰਾਂ ਦੀ ਭਾਸ਼ਾ ਸੰਬੰਧੀ ਖੁੱਲ ਸੁਭਾਵਕ ਹੀ ਸੀ। ਇਹੋ ਕਾਰਨ ਹੈ ਕਿ ਉਸ ਸਮੇਂ ਦੀਆਂ ਮਿਲਦੀਆਂ ਕਾਵਿ ਅਤੇ ਵਾਰਤਕ ਰਚਨਾਵਾਂ ਸਖਤ ਵਿਆਕਰਣਕ ਬੰਧਨਾਂ ਤੋਂ ਅਜ਼ਾਦ ਹੀ ਨਜ਼ਰ ਆਉਂਦੀਆਂ ਹਨ। ਮਿਹਰਵਾਨ ਦੇ ਸਮਮਟੇ ਵੀ ਪੰਜਾਬੀ ਭਾਸ਼ਾ ਦੇ ਕੋਈ ਮੰਨੇ ਪ੍ਰਮੰਨੇ ਵਿਆਕਰਣਕ ਨਿਯਮ ਨਹੀਂ ਸਨ ਸਗੋਂ ਉਸ ਸਮੇਂ ਦੀਆਂ ਵੱਖ ਵੱਖ ਭਾਸ਼ਾਵਾਂ ਦੇ ਪ੍ਰਚੱਲਤ ਨਿਯਮ ਹੀ ਉਸ ਦੀ ਅਗਵਾਈ ਕਰ ਰਹੇ ਸਨ। ਅਜਿਹੀ ਅਵਸਥਾ ਵਿਚ ਸਾਹਿੱਤ ਸਿਰਜਨਾ ਕਰਨ ਵਾਲੇ ਸਾਹਿੱਤਕਾਰ ਲਈ ਇਹ ਜ਼ਰੂਰੀ ਨਹੀਂ ਹੁੰਦਾ ਕਿ ਉਹ ਪ੍ਰਚੱਲਤ ਬਾਹਰਲੇ ਨਿਯਮਾਂ ਨੂੰ ਅਪਣਾਏ। ਇਹੋ ਕਾਰਨ ਹੈ ਕਿ ਮਿਹਰਵਾਨ ਦੀਆਂ ਰਚਨਾਵਾਂ ਵਿਚ ਵੀ ਵਿਆਕਰਣਕ ਪੱਖ ਲਈਆਂ ਗਈਆਂ ਖੁੱਲਾਂ ਸੁਪਸ਼ਟ ਨਜ਼ਰ ਆਉਂਦੀਆਂ ਹਨ। ਲੇਖਕ ਦੀ ਭਾਸ਼ਾ ਨੂੰ ਵਿਗਿਆਨਕ ਕਸਵੱਟੀ ਤੇ ਪਰਖਦਿਆਂ ਰੂਪ ਦੇ ਪੱਖ ਵੀ ਬ੍ਰਜੀ ਖੜੀ ਬੋਲੀ ਅਤੇ ਹੋਰਾਂ ਸਮਕਾਲੀ ਭਾਸ਼ਾਵਾਂ ਦਾ ਪ੍ਰਭਾਵ ਸਪਸ਼ਟ ਰੂਪ ਵਿਚ ਦੇਖਿਆ ਜਾ ਸਕਦਾ ਹੈ ਜਿਵੇਂ:-

<u>ਨਾਂਵ ਰੂਪ</u>:-

ਲੇਖਕ ਵਲੋਂ ਵਰਤੇ ਗਏ ਨਾਂਵ ਰੂਪਾਂ ਦੇ ਅੰਤ ਵਿਚ ਔਂਕੜ ਅਤੇ ਸਿਹਾਰੀ ਦੀ ਵਰਤੋਂ ਬਹੁਤ ਮਿਲਦੀ ਹੈ ਜਿਵੇਂ:-

ਸੰਸਾਰੁ, ਘਰੁ, ਖਲਾਸੁ, ਨਜਰਿ, ਆਦਿ।

ਇਹ ਔਂਕੜ ਦੀ ਵਰਤੋਂ ਕੇਵਲ ਪੁਰਾਣੀ ਪਰੰਪਰਾ ਦਾ ਪਾਲਣ ਮਾਤਰ ਹੀ ਹੈ ਸੋ ਨਾਂਵ ਤੋਂ ਇਲਾਵਾ ਸਰਵਨਾਂਵ ਵਿਚ ਵੀ ਮਿਲਦੀ ਹੈ।

ਕਈ ਥਾਵਾਂ ਉਤੇ ਨਾਂਵ ਰੂਪ ਨੂੰ ਇਸਤਰੀ ਰੂਪ ਦੇਣ ਲਈ ਇਕਾਰ ਯੁਕਤ ਕੀਤਾ ਗਿਆ ਹੈ ਜਿਵੇਂ:

ਸੁਨਤਿ, ਰਾਹਿ, ਮਸਕਤਿ, ਖਬਰਿ, ਗਤਿ, ਕਿਰਤਿ, ਆਦਿ।

ਨਾਂਵ ਰੂਪਾਂ ਦੇ ਬਹੁ-ਵਚਨ ਪੰਜਾਬੀ ਪਰੰਪਰਾ ਅਨੁਸਾਰ ਸੰਗਿਆ ਰੂਪਾਂ ਦੇ ਅੰਤ ਉਤੇ /ਅ/, /ਈਆਂ/ ਅਤੇ /ਏ/ ਲਗਾ ਕੇ ਬਣਾਏ ਗਏ ਹਨ ਜਿਵੇਂ:

ਤੁਰਕਾਂ, ਹਿੰਦੂਆਂ, ਕਤੇਬਾਂ, ਬਰਸਾਂ, ਕੀਰਤਨੀਏ, ਭਗਤੀਏ, ਆਦਿ।

ਦੂਜੇ ਪਾਸੇ ਪ੍ਰਾਕ੍ਰਿਤ/ਅਪਭ੍ਰੰਸ਼ ਪਰੰਪਰਾ ਵਾਲੇ ਬਹੁਵਚਨ ਅਰਥਾਤ /ਹੁ/, /ਅਹੁ/ਅੰਤ ਵਾਲੇ ਵੀ ਮਿਲਦੇ ਹਨ ਜਿਵੇਂ:

ਭਗਤਹੁ, ਸੰਤਹੁ, ਲੋਕਹੁ, ਦੇਵਤਿਆਹੁ, ਹਿੰਦੂਅਹ, ਮੁਸਲਮਾਨਹੁ, ਸਰੀਕਹੁ, ਭਾਈਅਹੁ, ਆਦਿ।

ਨਾਂਵ ਰੂਪਾਂ ਦੇ ਇਸਤਰੀ ਵਾਚੀ ਸ਼ਬਦ ਪੰਜਾਬੀ ਤੇ ਖੜੀ ਬੋਲੀ ਦੀ ਪੱਧਤੀ ਅਨੁਸਾਰ ਚਲਦੇ ਦਿਸਦੇ ਹਨ ਜਿਵੇਂ:

ਜੁਲਾਹੀ, ਖਤ੍ਰਿਆਣੀ, ਦੇਰਾਣੀ, ਜੇਠਾਣੀ, ਪੰਡਿਤਾਣੀ, ਆਦਿ।

<u>ਪੜਨਾਂਵ/ਸਰਵਨਾਂਵ</u> :

ਮਿਹਰਵਾਨ ਦੀ ਭਾਸ਼ਾ ਵਿਚ ਵਰਤੇ ਗਏ ਪੜਨਾਂਵ ਇਸ ਪ੍ਰਕਾਰ ਹਨ:-

<u>ਉੱਤਮ ਪੁਰਖ</u>:

ਹਉ, ਮੈ ਮਤ, ਮੇਰਾ, ਮੇਰੇ, ਆਦਿ। ਇਨ੍ਹਾਂ ਵਿਚੋਂ ਪਹਿਲਾ ਪ੍ਰਾਕ੍ਰਿਤ ਜਾਂ ਅਪਭ੍ਰੰਸ਼ ਰੂਪ ਹੈ, ਦੂਜਾ ਤੀਜਾ ਪੰਜਾਬੀ ਅਤੇ ਅਖੀਰਲੇ ਖੜੀ ਬੋਲੀ ਦੇ ਰੂਪ ਹਨ।

<u>ਮਧਯਪੁਰਖ</u> :

ਤੈ, ਤੂ, ਤਿਨ, ਤਿਨਹੁ, ਤੇਰੇ, ਤੇਰਾ, ਤੁਮ, ਤੁਮਹੁ, ਤੁਧ, ਤੁਝ, ਤਿਸ ਆਦਿ। ਇਨ੍ਹਾਂ ਵਿਚ ਪੰਜਾਬੀ, ਬ੍ਰਜੀ ਅਤੇ ਖੜੀ ਬੋਲੀ ਵਾਲੀ ਪਰੰਪਰਾ ਨਿਭਾਈ ਗਈ ਹੈ।

<u>ਅਨਯ ਪੁਰਖਵਾਚਕ</u>:

ਉਹ, ਉਇ, ਉਨ, ਉਨਹੁ, ਉਆ, ਏਹ, ਇਸ, ਇਨ, ਇਸਹਿ, ਆਦਿ। ਬਹੁਤਿਆਂ ਵਿਚ ਪ੍ਰਾਕ੍ਰਿਤ/ਅਪਭ੍ਰੰਸ਼ ਵਾਲੀ ਪੱਧਤੀ ਨਿਭਾਈ ਗਈ ਹੈ।

<u>ਨਿਸ਼ਚੇਵਾਚਕ</u> :

ਇਹ, ਇਹੀ, ਏਥੋ, ਬਹੁਵਚਨ-ਏਹਾ, ਏਹੋ, ਏਤੁ, ਓਤੁ, ਉਹੀ, ਉਨਾ ਆਦਿ।

<u>ਸੰਬੰਧਵਾਚਕ</u> :

ਜਿ, ਜੋ, ਜਿ, ਸੁ, ਸੋ।

<u>ਪ੍ਰਸ਼ਨਵਾਚਕ</u> :

ਕਿਆ, ਕਵਨ, ਕਾਈ , ਆਦਿ।

ਅਨਿਸ਼ਚਤਯਵਾਚਕ :

ਕੋਈ, ਕੁ, ਕੋਈ, ਕੈ, ਕਿਤਨੇ, ਕੁ, ਕਿਛੁ, ਏਕ, ਏਕਸੁ, ਆਦਿ।

ਨਿਜਵਾਚਕ :

ਅਪਣ, ਆਪਣਾ, ਆਪ, ਆਦਿ।

ਸੋ ਪੜਨਾਂਵ ਦੀ ਦ੍ਰਿਸ਼ਟੀ ਤੋਂ ਵੀ ਮਿਹਰਵਾਨ ਦੀਆਂ ਰਚਨਾਵਾਂ ਬਹੁਰੰਗੀਆਂ ਹਨ, ਜਿਨ੍ਹਾਂ ਵਿਚ ਪ੍ਰਾਕ੍ਰਿਤ, ਅਪਭ੍ਰੰਸ਼, ਬ੍ਰਜ ਭਾਸ਼ਾ, ਸਾਧ ਭਾਸ਼ਾ ਤੇ ਪੰਜਾਬੀ ਆਦਿ ਕਈ ਬੋਲੀਆਂ ਦੇ ਪੜਨਾਂਵ ਮਿਲਦੇ ਹਨ।

ਕ੍ਰਿਆ ਰੂਪ :-

ਵਰਤਮਾਨ ਕਾਲ :-

ਵਰਤਮਾਨ ਕਾਲ ਵਿਚ ਧਾਤੂ ਨਾਲ ਅਧਿਕਤਰ 'ਤਾ' ਜੋੜਿਆ ਜਾਂਦਾ ਹੈ ਜਿਵੇਂ: ਹੋਤਾ, ਕਹਤਾ, ਜਾਨਤਾ, ਬੂਝਤਾ, ਬਨਤਾ, ਮਿਲਤਾ, ਲਗਤਾ, ਡੋਲਾਵਤੀ, ਸੁਨਾਵਤੀ, ਪਾਵਤੀ, ਪਾਈਆਤਾ, ਲਗਾਇਤਾ, ਆਦਿ।

ਪੰਜਾਬੀ ਕ੍ਰਿਆ ਰੂਪਾਂ ਦੇ ਨਾਲ ਖੜੀ ਬੋਲੀ ਅਤੇ ਬ੍ਰਜੀ ਦੇ ਕ੍ਰਿਆ ਰੂਪਾਂ ਦੀ ਵੀ ਭਰਮਾਰ ਹੈ ਜਿਵੇਂ ਪੰਜਾਬੀ ਹੋਇਆ, ਚਲਿਆ, ਸੁਣਿਆ, ਕਹਿਆ, ਰਹਿਆ, ਹਸਿਆ, ਪਛਾਣਿਆ, ਪੁਛਿਆ ਦੇ ਨਾਲ ਨਾਲ ਹੂਆ, ਚਲਾ, ਸੁਨਾ, ਕਹਾ, ਰਹਾ, ਪਛਾਨਾ ਤੇ ਹਸਾ ਆਦਿ ਵੀ ਆਏ ਹਨ।

ਹੈ ਦਾ ਬਹੁਵਚਨ ਹੈ, ਹੈਨਿ ਮਿਲਦੇ ਹਨ। ਕਿਤੇ ਕਿਤੇ ਹਨ ਵੀ ਮਿਲਦਾ ਹੈ। ਹੋਰ ਕੀ ਥਾਂ 'ਹਉ' ਅਤੇ ਹੂੰ ਦੀ ਥਾਂ ਹਉ, ਤਾਂ, ਹਾਂ, ਮਿਲਦਾ ਹੈ ਜਿਵੇਂ ਜਾਣਤਾ ਹਾਂ ਜਾਤਾ ਹਉ, ਆਦਿ।

ਭੂਤ ਕਾਲ:- ਭੂਤ ਕਾਲ ਵਿਚ ਹੂਆ, ਹੋਆ ਤੇ ਭੈਆ ਮਿਲਦੇ ਹਨ ਸਹਾਇਕ ਕ੍ਰਿਆ ਦੇ ਰੂਪ ਵਿਚ ਥਾ, ਥੇ ਦੀ ਵਰਤੋਂ ਕੀਤੀ ਗਈ ਹੈ ਪਰ ਇਸ ਦੇ ਨਾਲ ਹੀ ਸਾ, ਸੀ, ਵੀ ਕਿਤੇ ਕਿਤੇ ਮਿਲਦੇ ਹਨ।

ਭਵਿੱਖਤ ਕਾਲ :-

ਭਵਿੱਖਤ ਕਾਲ ਦੇ ਰੂਪਾਂ ਵਿਚ ਪ੍ਰਥਮ ਪੁਰਸ਼ ਵਿਚ ਗਾ ਤੋਂ ਪਹਿਲਾਂ ਇ, ਸਾ,

ਹਿ ਮਿਲਦਾ ਹੈ ਜਿਵੇਂ ਹੋਇਆ (ਹੋਗਾ) ਸਵਰਹਿਗੇ (ਸਵਰੈਗੇ) ਆਦਿ ਤੇ ਮੱਧਮ-ਪੁਰਸ਼ ਵਿਚ 'ਹੁ' ਜਿਵੇਂ ਗਾਵਹੁਗੇ (ਗਾਉਗੇ, ਗਾਵੋਗੇ) ਲਈ।

ਮਿਹਰਵਾਨ ਦੀਆਂ ਕ੍ਰਿਆਵਾਂ ਵਿਚ ਅਯੋਗਾਤਮਕ ਪ੍ਰਵਿਰਤੀ ਵੀ ਦ੍ਰਿਸ਼ਟੀ ਗੋਚਰ ਹੁੰਦੀ ਹੈ। ਇਸ ਵਿਚ ਅਪਭ੍ਰੰਸ਼, ਬ੍ਰਜੀ, ਖੜੀ ਬੋਲੀ, ਕੇਂਦਰੀ ਪੰਜਾਬੀ ਆਦਿ ਦੇ ਕ੍ਰਿਆ ਰੂਪ ਮਿਲਦੇ ਹਨ। ਇਹ ਸਪਸ਼ਟ ਹੈ ਕਿ ਇਸ ਵਿਚ ਸਕਾਲੀ ਪੰਜਾਬੀ ਕ੍ਰਿਆਵਾਂ ਉਤੇ ਸਾਧ ਭਾਸ਼ਾ ਅਤੇ ਖੜੀ ਬੋਲੀ ਦੀ ਪਰੰਪਰਾ ਦਾ ਸਪਸ਼ਟ ਪ੍ਰਭਾਵ ਹੈ। ਨਤੀਜੇ ਵਜੋਂ ਕ੍ਰਿਆ ਰੂਪ ਖੜੀ ਰੂਪ 'ਪਾਤਾ ਹੈ' ਜਾਂ ਪੰਜਾਬੀ ਰੂਪ 'ਪਾਈਦਾ ਹੈ' ਨਹੀਂ ਰਹਿੰਦਾ ਸਗੋਂ ਪ੍ਰਭਾਵ ਕਾਰਨ ਦੁਰੂਪ ਬਣ ਜਾਂਦਾ ਹੈ ਜਿਵੇਂ 'ਪਾਈਤਾ ਹੈ' ਕਹੀਤਾ ਹੈ। ਕ੍ਰਿਆਵਾਂ ਉਤੇ ਖੜੀ ਬੋਲੀ ਦਾ ਪ੍ਰਭਾਵ ਵੀ ਸਪਸ਼ਟ ਨਜ਼ਰ ਆਉਂਦਾ ਹੈ ਜਿਵੇਂ 'ਬਾਚੀਏਗਾ, ਜਾਣਤਾ ਕਮਾਵਤਾ, ਨਗਾਵਤਾ, ਆਦਿ।

ਜਿਹੜੇ ਕ੍ਰਿਆ ਰੂਪ ਲਹਿੰਦੀ ਅਤੇ ਪੰਜਾਬੀ ਵਿਚੋਂ ਲਏ ਗਏ ਹਨ ਉਨ੍ਹਾਂ ਦਾ ਝੁਕਾ ਵੀ ਖੜੀ ਬੋਲੀ ਵਲ ਹੀ ਹੈ। ਅੰਤਲੇ ਅੱਖਰ 'ਦਾ' ਜਾਂ 'ਤਾ' ਨੂੰ ਬਦਲ ਕੇ ਪੰਜਾਬੀ ਦੇ ਕ੍ਰਿਆ ਰੂਪਾਂ ਨੂੰ ਦੂਜੇ ਪਾਸੇ ਝੁਕਾ ਦਿੱਤਾ ਹੈ ਜਿਵੇਂ ਜਾਣਤਾ, ਨਗਾਵਤਾ, ਕਮਾਵਤਾ, ਪਾਈਤਾ, ਕਹੀਤਾ, ਕਰੀਤਾ, ਜਾਂ ਆਰੰਭ ਵਿਚ ਸ਼ੁਰ ਲਿਆ ਕੇ ਬਦਲ ਦਿੱਤਾ ਹੈ ਜਿਵੇਂ:

ਰਾਖਣਾ, ਬਚਾਣਾ, ਬੈਸਣਾ।

<u>ਬ੍ਰਜੀ ਵੱਲ ਝੁਕਾ</u> :

ਭਇਆ, ਭਈ, ਭਏ, ਆਦਿ ਤੋਂ ਸਪਸ਼ਟ ਹੋ ਜਾਂਦਾ ਹੈ।

ਕਰਮਵਾਚੀ ਕ੍ਰਿਆ ਪਦਾਂ ਵਿਚ ਵੀ ਅਨੇਕ ਰੂਪ ਮਿਲਦੇ ਹਨ ਜਿਵੇਂ:

ਏਤਾ ਈ - ਦੇਖੀਤਾ, ਕਹੀਤਾ, ਦਿਖਾਈਤਾ, ਜਾਣੀਤਾ, ਜਾਪੀਤਾ, ਸਕੀਤਾ, ਚਾਹੀਤਾ, ਜਾਪੀਤੀ, ਕਥੀਤੀ।

ਆਇਆ - ਕਰਾਇਆ, ਸਮਝਾਇਆ, ਸਿਖਲਾਇਆ।

ਆਵਤਾ, ਤੀ- ਬੁਲਾਵਤਾ, ਕਹਾਵਤੀਆ, ਖਿਲਾਵਤੀ, ਹੂੰਘਾਵਰਤੀ, ਨ੍ਹਾਵਤੀ ਪਹਿਰਾਵਤੀ।

ਆਵੈ, ਵੈ- ਸੁਣਾਵੈ, ਦ੍ਰਿੜਾਵੈ, ਲਖਾਵੈ, ਨਗਾਵੈ।

ਅਤ - ਕਰੀਅਤ, ਕਹੀਅਤ, ਸਕੀਅਤ, ਵਾਹੀਅਤ।

<u>ਭਵਿੱਖ ਇਕਵਚਨ</u> :-

ਰਹਗ, ਲਗਗ, ਰੋਗ, ਦੇਖਹਿਗਾ, ਦੇਖੈਗਾ, ਭੋਗੈਗਾ, ਕਰਉਗਾ, ਦੇਲਾਉਗਾ
ਸਵਾਰੇਗਾ, ਰੋਗੁ।

<u>ਬਹੁਵਚਨ</u> :-

ਹੋਵਨਗੇ, ਲੈਵਹਿਗੇ, ਸਕਹਿਗੇ, ਬਖਸੀਅਹਿਗੇ, ਧਿਆਵਨਗੇ।

<u>ਸੰਯੁਕਤ ਕ੍ਰਿਆ</u> :-

ਆਣਿ, ਮਖੇ, ਜਾਇਕਰਿ, ਹੋਇ ਸਕਤਾ, ਕਰਿ ਲੀਨਾ ਹੈ, ਲਿਖ ਲੈ ਆਵਹੁ,
ਹੋਇ ਕਰਿ ਸਿਖਾਇਆ।

ਮਿਹਰਵਾਨ ਦੀ ਅਸੰਯੋਗਾਤਮਕ ਪ੍ਰਿਵਿਰਤੀ ਦੇ ਉਲਟ ਪੁਰਾਤਨ ਜਨਮਸਾਖੀ ਦੇ ਕ੍ਰਿਆ ਰੂਪ ਵਧੇਰੇ ਸੰਜੋਗਾਤਮਕ ਹਨ ਜਿਵੇਂ:

ਆਖਿਓਸੁ, ਦਿਤੋਸ, ਪੁਛਿਓਸੁ, ਸਦਾਇਓਸੁ, ਕੀਤੋਸੁ, ਡਿਠੋਸ, ਪੁਛਿਓਸੁ
ਆਖਿਓਨੇ, ਦੇਖਾਂਗੇ ਆਦਿ।

<u>ਕ੍ਰਿਆ ਵਿਸ਼ੇਸ਼ਣ</u> :-

ਕਾਲ ਵਾਚਕ ਕ੍ਰਿਆ ਵਿਸ਼ੇਸ਼ਣ 'ਜਬ ਤਬ' ਹੀ ਜ਼ਿਆਦਾ ਵਰਤੇ ਗਏ ਹਨ 'ਜਬ' ਦੇ ਨਾਲ ਨਾਲ 'ਜਦ' ਵੀ ਵਰਤੋਂ ਮਿਲਦੀ ਹੈ। ਇਸੇ ਤਰ੍ਹਾਂ 'ਆਜ' ਦੇ ਨਾਲ ਨਾਲ 'ਅਜ' ਵੀ ਵਰਤਿਆ ਗਿਆ ਹੈ।

ਪੰਜਾਬੀ ਲਹਿਜੇ 'ਤਾਂ' ਦੀ ਥਾਂ 'ਖਾਤਰ' ਦੀ ਵਰਤੋਂ ਮਿਲਦੀ ਹੈ।

ਹਿੰਦੀ ਦੇ 'ਤਉ' 'ਜਿਉ ਤਿਉ' ਦੀ ਵਰਤੋਂ ਵੀ ਕਾਫ਼ੀ ਮਿਲਦੀ ਹੈ।

ਹਿੰਦੀ ਕੁਛ ਕਿਛ ਦੇ ਰੂਪ ਵਿਚ ਮਿਲਦਾ ਹੈ। ਹਿੰਦੀ ਦੇ ਆਗੇ ਅਤੇ ਪੰਜਾਬੀ ਦੇ ਆਗੇ ਦੋਨੋ ਰੂਪਾਂ ਵਿਚ ਮਿਲਦੇ ਹਨ।

ਖੜੀ ਬੋਲੀ ਦੇ 'ਯਹਾਂ' 'ਵਹਾਂ' ਦੀ ਥਾਂ 'ਏਹਾਂ', 'ਉਹਾਂ' ਵਰਤੇ ਹਨ।

ਬ੍ਰਜੀ ਅਤੇ ਖੜੀ ਬੋਲੀ ਦੋਹਾਂ ਦੇ ਰੂਪਾਂ ਦੀ ਬਹੁਲਤਾ ਹੈ ਜਿਵੇਂ: 'ਇਕੱਠਾ', ਹੁਣਿ, ਮਗਰਿ, ਜਦਿ, ਹੋਰਥੈ, ਇਵ, ਤਿਵ, ਪਾਛਿ, ਉਹਾ, ਏਹਾ, ਜਹਾ, ਕਹਾ, ਅਜੂਰ, ਤੋੜੀ, ਉਥਾਊ, ਤਿਚਰੁ ਆਦਿ ਦੀ ਵਰਤੋਂ ਇਸ ਦੇ ਸੁੰਦਰ ਨਮੂਨੇ ਹਨ।

ਬ੍ਰਜ ਭਾਸ਼ਾ ਵਿਚੋਂ ਵੀ ਕੁਝ ਵਿਸ਼ੇਸ਼ਣ ਲੈ ਲਏ ਗਏ ਹਨ ਜਿਵੇਂ:

ਕਬਹੁ, ਕਹੁਰਿ, ਤਉ, ਲਉ। ਜਬ, ਤਬ (ਹਰਿਆਣਵੀ ਵਿਚੋਂ) ਅਤੇ ਕਦੋਂ, ਤਾਂ, ਸੁਾਂਏ, ਜਦ, ਤਦ, ਜੇਹਾ ਤੇਹਾ ਆਦਿ ਠੇਠ ਪੰਜਾਬੀ ਵਿਚੋਂ ਲਏ ਗਏ ਵਿਸ਼ੇਸ਼ਣ ਹਨ।

<u>ਸੰਖਿਆਵਾਚਕ ਵਿਸ਼ੇਸ਼ਣ</u> :-

ਸੰਖਿਆਵਾਚਕ ਵਿਸ਼ੇਸ਼ਣ ਹਿੰਦੀ ਅਤੇ ਪੰਜਾਬੀ ਦੋਨਾਂ ਵਿਚ ਹੀ ਮਿਲਦੇ ਹਨ। ਜਿਵੇਂ: ਛਟਵਾਂ, ਅਸ਼ਟਮੀ, ਪੈਂਤੀਸਵਾਂ, ਛਬੀਸਵੇਂ, ਸੈਤਾਲੀਸਵੇਂ, ਸਗਲੇ, ਸਰਬ, ਹਜ਼ਾਰ, ਭਾਰੀ, ਆਦਿ।

ਪਰ ਇਨ੍ਹਾਂ ਦੇ ਨਾਲ ਹੀ ਪੰਜਾਬੀ ਦੇ ਵਿਸ਼ੇਸ਼ਣ ਵੀ ਆਮ ਹਨ ਜਿਵੇਂ ਪੰਜ, ਛੇ, ਸਤ, ਸਤਵੀਂ, ਨਾਵਾਂ, ਯਾਰਵਾਂ, ਚਉਥਵੀਂ, ਬਤੀਸਵੀਂ, ਤੇਤੀਹਵੀਂ, ਪੈਹਠਵੀਂ, ਬੁਹਤਰਵੀਂ ਇਕਾਸੀਹਵੀਂ, ਛਿਆਨਵੀਂ ਆਦਿ।

<u>ਪਰਸਰਗ</u> :-

ਮਿਹਰਵਾਨ ਦੀ ਸਮਕਾਲੀ ਸਾਹਿਤਕ ਭਾਸ਼ਾ ਵਿਚ ਪਰਸਰਗਾਂ ਦੇ ਹੇਠ ਲਿਖੇ ਰੂਪਾਂ ਦਾ ਵਰਤੋਂ ਮਿਲਦੀ ਹੈ:

<u>ਕਰਤਾ</u> ਨੈ

<u>ਕਰਮ</u> ਕਉ, ਕੌ, ਕੂ, ਕੋ, ਨੂੰ, ਨੇ, ਤਾਈਂ।

<u>ਕਰਨ</u> ਥੀ, ਤੇ,

<u>ਅਪਾਦਾਨ</u> ਸਿਉ, ਸਤੇ, ਸੇ, ਥਾਂ,

<u>ਸੰਬੰਧ</u> ਕਾ, ਕੇ ਕਿਉ, ਰਾ, ਰੇ, ਦਾ ਦੀ, ਦਿਓ

<u>ਅਧਿਕਰਣ</u> ਮਧਿ, ਮੇ, ਮੁ, ਮਹਿ, ਮਹੁ, ਵਿਖੇ ਪਹਿ

<u>ਸੰਬੋਧਨ</u> ਆ, ਹੂ, ਜਾਹੂ, ਸੰਤਹੂ, ਹੇ, ਅਹੂ, ਏ।

ਮਿਹਰਵਾਨ ਰਚਨਾ ਵਿਚ ਪ੍ਰਾਪਤ ਪ੍ਰਸਰਗ ਇਹ ਹਨ:

ਤਾਈਂ, ਤੇ ਈ, ਨੂੰ, ਨੋ, ਤੇ ਕਉ, ਪਾਹਿ, ਆਦਿ ਪਰ ਅਜ ਕਾਲ ਇਹ ਪਰਸਰਗ ਹੋਰ ਅਗਲੇ ਰੂਪਕ ਪੜਾਉ ਉਤੇ ਪਹੁੰਚ ਚੁੱਕੇ ਹਨ।

'ਨੈ' ਦਾ ਇਸ ਦੀ ਭਾਸ਼ਾ ਵਿਚ ਅਭਾਵ ਹੈ। ਕਰਮ ਨਾਲ 'ਕਉ' ਪਰਸਰਗ ਦੀ ਵਰਤੋਂ ਜ਼ਿਆਦਾ ਮਿਲਦੀ ਹੈ। ਪੰਜਾਬੀ 'ਨੂੰ' ਦੇ ਪੁਰਾਣੇ ਰੂਪ 'ਨੋ' ਦੀ ਵਰਤੋਂ ਮਿਲਦੀ ਹੈ। ਕਰਣ ਕਾਰਣ ਦਾ ਚਿੰਨ੍ਹ 'ਸਾਥਿ' ਸਉ' ਹਨ ਪਰ 'ਨਾਲਿ' ਪਰਸਰਗ

ਦੀ ਵਰਤੋਂ ਵੀ ਮਿਲਦੀ ਹੈ। ਅਪਾਦਾਨ ਲਈ 'ਤੇ' ਵਰਤਿਆ ਜਾਂਦਾ ਹੈ। ਅਜ ਕੱਲ ਦਾ ਪੰਜਾਬੀ 'ਤੋਂ' ਅਤੇ ਹਿੰਦੀ 'ਸੇ' ਨਹੀਂ ਮਿਲਦਾ। ਸੰਬੰਧ ਦਸਣ ਲਈ 'ਕਾ ਕੇ ਕੀ' ਦੀ ਵਰਤੋਂ ਜ਼ਿਆਦਾ ਹੈ। ਪਰ ਪੰਜਾਬੀ ਦਾ 'ਦੇ' ਵੀ ਮਿਲਦੇ ਹਨ। ਪੰਜਾਬੀ ਬਹੁਵਚਨ 'ਦੀਆਂ' ਵਾਂਗ 'ਕੀਆਂ' ਰੂਪ ਵਰਤਿਆ ਜਾਂਦਾ ਹੈ।

ਸਮੁੱਚੇ ਤੌਰ ਤੇ ਮਿਹਰਵਾਨ ਦੀ ਭਾਸ਼ਾ ਵਿਚ ਆਧੁਨਿਕ ਕਾਰਕੀ ਚਿੰਨ੍ਹਾਂ ਵਿਭਕਤੀਆਂ ਅਤੇ ਪਰਸਰਗਾਂ ਦੀ ਵਰਤੋਂ ਜ਼ਿਆਦਾ ਮਿਲਦੀ ਹੈ। ਜਿਵੇਂ: ਕੈ, ਕਉ, ਪਹਿ, ਥੀ, ਤੇ ਤਾਈ, ਸਿਉ, ਪਾਹਿ, ਕੋ ਆਦਿ ਦੀ ਵਰਤੋਂ ਕ੍ਰਿਆ ਰੂਪ ਵੀ ਇਸ ਨਿਖੇੜੂ ਰੁਚੀ ਦੇ ਲਖਾਇਕ ਹਨ ਜਿਵੇਂ:
ਥਧੀ, ਜੋ ਹੋਆ ਸਾ, ਫਿਰਿ ਪਇਆ, ਰਹਿ ਗਇਆ, ਕਰੀਤਾ ਹੈ, ਸੁਣੇ ਹੈਨਿ, ਵਿਸਾਰਿਆ ਹੈ ਆਦਿ।

<u>ਯੋਜਕ</u> :

ਵਾਕਾਂ ਨੂੰ ਜੋੜਨ ਲਈ ਜੋ ਯੋਜਕ ਮਿਹਰਵਾਨ ਵਲੋਂ ਵਰਤੇ ਗਏ ਹਨ, ਉਨ੍ਹਾਂ ਵਿਚੋਂ ਇਕ ਵਿਸ਼ੇਸ਼ ਤੇ ਵਿਲੱਖਣ ਸ਼ਬਦ 'ਪਣ' ਹੈ। ਇਸ ਤੋਂ ਇਲਾਵਾ ਅਰੁ, ਕੇ ਕਿ, ਜਿਉ, ਪਹਿ, ਜਿ, ਜੇ, ਜਉ, ਆਦਿ ਵਰਤੇ ਗਏ ਹਨ ਜਿਨ੍ਹਾਂ ਵਿਚੋਂ ਕੁਝ ਕੁ ਪੰਜਾਬੀ ਨੁਹਾਰ ਵਾਲੇ ਬਣ ਜਾਂਦੇ ਹਨ।

<u>ਵਿਸਮਿਕ</u> :

ਇਨ੍ਹਾਂ ਰਚਨਾਵਾਂ ਵਿਚ ਬ੍ਰਜੀ ਅਤੇ ਖੜੀ ਬੋਲੀ ਦੇ ਕੁਝ ਕੁ ਵਿਸਮਿਕ ਮਿਲਦੇ ਹਨ ਜਿਵੇਂ: ਰੇ, ਹਾ ਹਾ, ਰੀ, ਫਿਟ ਬਉਰੇ ਆਦਿ।

ਪਰ ਪੰਜਾਬੀ ਰੂਪ 'ਵਾਹੁ ਵਾਹੁ' ਅਤੇ ਧੰਨ ਧੰਨ ਦੀ ਵਰਤੋਂ ਬਹੁਤ ਕੀਤੀ ਗਈ ਹੈ।

<u>ਸਮਾਸ</u> :

ਇਨ੍ਹਾਂ ਰਚਨਾਵਾਂ ਵਿਚ ਸਮਾਸਾਂ ਦੀ ਵਰਤੋਂ ਵੀ ਮਿਲਦੀ ਹੈ ਜਿਵੇਂ:

ਪੀਤੰਬਰ, ਕਉਲਨੈਨ, ਜਾਅ ਜੀਤ, ਭੈਹੁ ਭਾਇ ਆਪੁ, ਰਿਖੀਸਰ, ਮੁਨੀਸਰ, ਜੋਗ ਅਭਿਆਸ, ਜੋਤਿ ਸਰੂਪ, ਨਿਹਗਰਬ, ਚਰਨ ਕਮਲ, ਚਰਨਾਰਬਿੰਦ, ਆਦਿ।

ਸੋ ਸੂਚੀ ਮਿਹਰਵਾਨ ਦੀਆਂ ਇਨ੍ਹਾਂ ਗੱਦ ਰਚਨਾਵਾਂ ਨੂੰ ਭਾਸ਼ਾ ਦੇ ਪੱਖ

ਦੇਖਦਿਆਂ ਸਪਸ਼ਟ ਹੋ ਜਾਂਦਾ ਹੈ ਕਿ ਇਨ੍ਹਾਂ ਵਿਚ ਇਕਸਾਰਤਾ ਨਹੀਂ ਸਗੋਂ ਭਾਸ਼ਾ ਦਾ ਰੂਪ ਬੜਾ ਮਿਸ਼ਰਿਤ ਜਿਹਾ ਹੈ ਜਿਸ ਨੂੰ ਸਮੁੱਚੇ ਤੌਰ ਤੇ 'ਹਿੰਦਵੀ' ਜਾਂ 'ਸਾਧਭਾਖਾ' ਦਾ ਹੀ ਨਾਂ ਦਿੱਤਾ ਜਾ ਸਕਦਾ ਹੈ। ਪਰ ਇਹ ਭਾਸ਼ਾ ਨਿਸ਼ਚੇ ਹੀ ਆਪਣੇ ਸਮੇਂ ਦੇ ਭਾਰਤ ਦੇ ਵਡੇਰੇ ਭਾਗ ਦੀ ਸਾਂਝੀ ਰਾਸ਼ਟਰੀ ਭਾਸ਼ਾ ਰਹੀ ਹੈ ਜਿਸ ਰਾਹੀਂ ਅਨੇਕਾਂ ਭਗਤ, ਸੰਤ ਤੇ ਗੁਰੂ ਆਪਣੇ ਸੰਦੇਸ਼ ਦੇਸ਼ ਦੇ ਕੋਨੇ ਕੋਨੇ ਤਕ ਪਹੁੰਚਾਉਂਦੇ ਰਹੇ ਹਨ।

<u>ਸੁਹਜਾਤਮਕ ਤੱਤ</u> :

ਕਿਸੇ ਰਚਨਾ ਵਿਚੋਂ ਉਪਜਣ ਵਾਲਾ ਸੁਹਜ ਕਿਸੇ ਇਕ ਤੱਤ ਜਾਂ ਇਕ ਵਿਧੀ ਦੀ ਉਪਜ ਨਹੀਂ ਹੁੰਦਾ, ਸਗੋਂ ਇਹ ਤਾਂ ਸਾਰੀਆਂ ਵਿਧੀਆਂ ਅਤੇ ਕਲਾ ਜੁਗਤਾਂ ਦੀ ਸਮੁੱਚੀ ਜਿਹੀ ਪ੍ਰਾਪਤੀ ਹੁੰਦੀ ਹੈ। ਰਚਨਾ ਦੀ ਢੁਕਵੀਂ ਸ਼ਬਦ ਚੋਣ, ਸਰਲ ਤੇ ਸਾਦਾ ਵਾਕਵਿਧਾਨ, ਰੂਪਕਾਂ, ਪ੍ਰਤੀਕਾਂ ਤੇ ਦ੍ਰਿਸ਼ਟਾਂਤਾਂ ਦੀ ਢੁਕਵੀਂ ਵਰਤੋਂ ਇਸ ਤੱਤ ਨੂੰ ਪੈਦਾ ਕਰਦੇ ਹਨ।

ਮੁਹਾਵਰੇ ਅਖਾਉਤਾਂ ਅਤੇ ਅਲੰਕਾਰ ਵੀ ਭਾਸ਼ਾ ਦੇ ਗਹਿਣੇ ਹਨ ਜੋ ਉਸ ਵਿਚੋਂ ਸ਼ਿੰਗਾਰ ਅਤੇ ਰੌਚਕਤਾ ਭਰਨ ਦੇ ਨਾਲ ਨਾਲ ਸਪਸ਼ਟਤਾ ਪੈਦਾ ਕਰਦੇ ਹਨ। ਮਿਹਰਵਾਨ ਦੀ ਸਮਕਾਲੀ ਭਾਸ਼ਾ ਵਿਚ ਵੀ ਅਕਸਰ ਮੁਹਾਵਰਿਆਂ ਅਤੇ ਅਖਾਉਤਾਂ ਦੀ ਵਰਤੋਂ ਕੀਤੀ ਜਾਂਦੀ ਰਹੀ ਹੈ। ਲੇਖਕ ਦੀਆਂ ਗੱਦ ਰਚਨਾਵਾਂ ਵਿਚਲੀ ਭਾਸ਼ਾ ਵੀ ਆਪਣੇ ਸਮੇਂ ਦੇ ਪ੍ਰਚੱਲਤ ਮੁਹਾਵਰਿਆਂ ਅਤੇ ਅਖਾਉਤਾਂ ਨਾਲ ਭਰਪੂਰ ਹੈ। ਉਸ ਦੀਆਂ ਰਚਨਾਵਾਂ ਵਿਚ ਆਮ ਵਰਤੇ ਗਏ ਮੁਹਾਵਰੇ ਇਸ ਪ੍ਰਕਾਰ ਹਨ:

"ਖੇਤੀ ਕਰਮਾਂ ਸੇਤੀ, ਰਾਮਿ ਕੰਮ ਹਮਾਰੇ ਸਵਾਰੈਗਾ, ਉਸ ਕਾ ਮਨ ਛੂਟਿ ਗਇਆ, ਬੋਲਤਾ ਬਕਤਾ ਕਿਸੀ ਸਾਥਿ ਨਾਹੀ, ਕਿਆ ਕੁਦਰਤਿ ਹੋਇ, ਕੁਦਰਤੀ, ਕੂੜ ਵਾਹਿਓ ਧੂੜ ਧੁਮਾਉਂਦੇ ਆਇ, ਕੁਟਕਿ ਕੁਟਕਿ ਮੁਖਿ ਨਾਵੈ, ਵਾਉ ਹੋਇ ਗਏ।

ਇਨ੍ਹਾਂ ਮੁਹਾਵਰਿਆਂ ਤੋਂ ਇਲਾਵਾ ਲੇਖਕ ਨੇ ਆਪਣੇ ਸਮੇਂ ਦੀ ਸਾਹਿੱਤਕ ਅਤੇ ਬੋਲਚਾਲ ਵਾਲੀ ਭਾਸ਼ਾ ਵਿਚ ਪ੍ਰਚੱਲਤ ਪੁਰਾਣੇ ਮੁਹਾਵਰੇ ਨੂੰ ਵੀ ਕਾਫ਼ੀ ਬਹੁਤਾਤ ਵਿਚ ਵਰਤਿਆ ਹੈ। ਅਜਿਹੇ ਪੁਰਾਤਨ ਸ਼ਬਦਾਂ ਦੀ ਵਰਤੋਂ ਨਾਲ ਜਿਥੇ ਸੁਭਾਵਕਤਾ ਅਤੇ ਰੌਚਕਤਾ ਆਈ ਹੈ ਉਥੇ ਪੰਜਾਬੀ ਭਾਸ਼ਾ ਦਾ ਪੁਰਾਤਨ ਸਰੂਪ ਵੀ ਨਜ਼ਰ ਆਉਂਦਾ ਹੈ। ਪੁਰਾਤਨ ਸ਼ਬਦਾਂ ਅਤੇ ਮੁਹਾਵਰਿਆਂ ਵਿਚੋਂ ਕੁਝ ਵਿਸ਼ੇਸ਼ ਇਸ ਪ੍ਰਕਾਰ ਹਨ:-

'ਨਾ ਬੋਲੈ ਨ ਬਕੈ, ਸਵੈ ਨਾ ਜਾਗੈ, ਦੇਖੈ ਨ ਸੁਣੈ, ਤੂ ਜਿ ਗਾਵਿ ਗਾਵਿ ਉਠਤਾ ਹੈ, ਬਾਬਾ ਬੋਲਿ ਉਠਿਆ, ਨੈ ਉਠਿਆ, ਪੁਕਾਰਿ ਕੀਤੀ, ਬਹੁਤ ਗਉਗਾ ਉਠਿਆ, ਇਹ ਬਾਤਾ ਇਹ ਪ੍ਰਸ਼ਨ ਦੀਆ, ਲੋਕਾਂ ਵਿਚਿ ਗਆਉ ਗੁਲਗੁਲਾ ਬਹੁਤ ਪੈਦਾ ਹੋਇਆ। ਗਲ ਵਜਿ ਪਈ, ਗਲ ਚਲਿ ਪੜੀ, ਢਕਾ ਢਕ ਆਇ ਪ੍ਰਾਪਤਿ ਭੈਆ, ਗਦ ਗਦ ਹੋਇ ਗਇਆ, ਮਨ ਘਟਿ ਗਿਆ, ਨਾਨਕ ਜੀ ਬੋਲਿ ਉਠਿਆ, ਖੇਲਤਾ ਖੇਲਤਾ, ਰਮਤਾ ਰਮਤਾ, ਘੋਮਾ ਖਾਇ ਕੇ, ਆਦਿ।

(੨) <u>ਧੁਨੀ ਵਿਚਾਰ :-</u>

ਹਰ ਜੀਉਂਦੀ ਭਾਸ਼ਾ ਵਿਚ ਹਰ ਪੱਖੋਂ ਪਰਿਵਰਤਨ ਹੁੰਦਾ ਰਹਿੰਦਾ ਹੈ, ਧੁਨੀ ਪਰਿਵਰਤਨ ਵੀ ਨਿਰੰਤਰ ਹੋਣ ਵਾਲੀ ਇਕ ਤਬਦੀਲੀ ਹੈ। ਧੁਨੀਆਂ ਦੇ ਪਰਿਵਰਤਨ ਵੀ-

ਵਿਚ ਪਰਿਵਰਤਨ ਜਦੋਂ ਪੱਕ ਜਾਂਦੀ ਹੈ ਤਾਂ ਕਿਸੇ ਦਾ ਰੂਪ ਧਾਰ ਲੈਂਦੀ ਹੈ।

ਵੈਦਿਕ ਭਾਸ਼ਾ ਤੋਂ ਲੈ ਕੇ ਸੰਸਕ੍ਰਿਤ, ਪ੍ਰਾਕ੍ਰਿਤ ਅਤੇ ਅਪਭ੍ਰੰਸ਼ ਆਦਿ ਦੇ ਪੜਾਵਾਂ ਵਿਚੋਂ ਲੰਘੀ ਮਿਹਰਵਾਨ ਗੋਸ਼ਟਾਂ ਵਿਚ ਵਰਤੀ ਗਈ ਸ਼ਬਦਾਵਲੀ ਧੁਨੀ ਪਰਿਵਰਤਨ ਦੇ ਪੱਖੋਂ ਕਾਫ਼ੀ ਹੱਦ ਤਕ ਆਪਣਾ ਰੂਪ ਵਟਾ ਚੁੱਕੀ ਹੈ। ਲੇਖਕ ਦੀ ਭਾਸ਼ਾ ਵਿਚ ਧੁਨੀ ਪਰਿਵਰਤਿਤ ਹੋਏ ਸ਼ਬਦਾਂ ਦਾ ਸਰੂਪ ਇਸ ਪ੍ਰਕਾਰ ਦੇਖਿਆ ਜਾ ਸਕਦਾ ਹੈ:

<u>ਅਗੇਤਰ ਦੀ ਵਰਤੋਂ ਨਾਲ ਧੁਨੀ ਪਰਿਵਰਤਨ :-</u>

ਸਨਾਨ — ਇਸਨਾਨ
ਸਵਾਰ — ਅਸਵਾਰ
ਸਥਨ — ਅਸਥਨੁ

<u>ਯ ਦੀ ਥਾਂ ਜ ਹੋਣ ਨਾਲ ਧੁਨੀ ਪਰਿਵਰਤਨ :-</u>

ਕਲਯੁਗ — ਕਲਜੁਗ
ਸੰਯੋਗ — ਸੰਜੋਗ
ਯੋਗੀ — ਜੋਗੀ

<u>ਅੱਖਰ ਤਬਦੀਲੀ ਨਾਲ ਧੁਨੀ ਪਰਿਵਰਤਨ :-</u>

<u>ਜ਼ — ਦ</u>

ਕਾਗਜ਼ — ਕਾਗਦੁ
ਨਜ਼ਰ — ਨਦਰਿ
ਖਿਜ਼ਮਤ — ਖਿਦਮਤਿ

**ਖ਼ - ਕ**

ਗੁਸਤਾਖ਼ੀ - ਗੁਸਤਾਕੀ
ਦੋਜ਼ਖ਼ - ਦੋਜਕੁ

**ਕ - ਗ**

ਅਕਾਸ਼ - ਅਗਾਸ

**ਸ਼ - ਸ**

ਪਾਤਸ਼ਾਹ - ਪਾਤਿਸਾਹ
ਸ਼ਰੀਅਤ - ਸਰੀਅਤਿ
ਫ਼ਰਿਸ਼ਤੇ - ਫਰੇਸਤੇ
ਸ਼ੁਮਾਰ - ਸੁਮਾਰ
ਦਰਸ਼ਨ - ਦਰਸਨਿ
ਪਰਮੇਸ਼ਰ - ਪਰਮੇਸਰ

**ਦ - ਜ**

ਖ਼ਿਦਮਤ - ਖਿਜਮਤਿ

**ਬ - ਵ**

ਮਿਹਰਬਾਨ - ਮਿਹਰਵਾਨ
ਵੈਸ਼ਨੂ - ਬੈਸਨਉ

**ਫ - ਪ**

ਅਫ਼ਸੋਸ - ਅਪਸੋਸੁ

**ਵ ਦੇ ਲੋਪ ਨਾਲ ਪਰਿਵਰਤਨ**

ਪਰਮੇਸ਼ਵਰ - ਪਰਮੇਸਰ
ਸਵਰੂਪ - ਸਰੂਪ

**ਸੰਸਕ੍ਰਿਤ ਸ਼ਬਦ 'ਸ਼' ਦੀ ਥਾਂ 'ਖ' ਜਾਂ 'ਇਆ' ਦੀ ਵਰਤੋਂ**

ਸਾਕ੍ਸ਼ੀ - ਸਾਖੀ
ਭਿਕ੍ਸ਼ਾ - ਭਿਖਿਆ
ਦਕਸ਼ਿਣ - ਦੱਖਣ

**ਵਿਰਲੇ ਅੱਖਰ ਦੇ ਲੋਪ ਨਾਲ**

ਬ੍ਰਾਹਮਣ - ਬਾਮਣ

<u>ਵ ਦੀ ਥਾਂ ਬ ਦੀ ਵਰਤੋਂ ਨਾਲ</u>

ਅਵਿਨਾਸ਼ੀ – ਅਬਿਨਾਸੀ
ਵਿਸਮਾਦ – ਬਿਸਮਾਦ

<u>ਪਛੇਤਰ ਲਾਉਣ ਨਾਲ ਪਰਿਵਰਤਨ :</u>

ਡਰੇ – ਡਰਹਿ
ਸਮਤਾ – ਸਮਤਾਇ

<u>ਅਨੁਨਾਸਕ ਸਵਰ ਲਾ ਕੇ :</u>

ਜਾਵਹਿੰ, ਕਰਹਿੰ, ਗਵਹਿ, ਆਵਹਿ, ਰਹਿੰ, ਆਦਿ।

ਮਿਹਰਵਾਨ ਦੀ ਸ਼ੈਲੀ ਗਦਿਆਤਮਕ ਹੋਣ ਕਾਰਨ, ਇਸ ਵਿਚ ਧੁਨੀਆਂ ਦੀ ਵਰਤੋਂ ਸਰਲ ਤੋਂ ਸਰਲ ਹੈ। ਸਗੋਂ ਜਿਥੇ ਤਤਸਮ ਧੁਨੀ ਪੰਜਾਬੀ ਜੀਭ ਦੇ ਅਨੁਕੂਲ ਨਹੀਂ ਜਾਪੀ ਉਥੇ ਲੇਖਕ ਨੇ ਉਸ ਨੂੰ ਇਕਦਮ ਤਦਭਵ ਕਰਕੇ ਸਰਲਤਾ ਅਤੇ ਸੁਗਮਤਾ ਪੈਦਾ ਕਰਨ ਦਾ ਯਤਨ ਕੀਤਾ ਹੈ। ਧੁਨੀ ਪਰਿਵਰਤਨ ਦੇ ਖੇਤਰ ਵਿਚ ਬ੍ਰਜ ਅਤੇ ਖੜੀ ਬੋਲੀ ਦਾ ਪ੍ਰਭਾਵ ਵੀ ਪ੍ਰਤੱਖ ਦਿਖਾਈ ਦੇਂਦਾ ਹੈ। ੜ/ਰ ਵਿਚ, ਬ/ਵ ਵਿਚ, ਰ/ਲ ਵਿਚ ਅਤੇ ਣ ਦਾ/ਨ ਵਿਚ ਬਦਲ ਜਾਣਾ ਬ੍ਰਜ ਦੀ ਪ੍ਰਕਿਰਤੀ ਕਾਰਨ ਹੀ ਹੈ। ਜਿਵੇਂ: ਖਰੇ (ਖੜੇ) ਪਰਿਆ (ਪੜਿਆ), ਬਿਗਾਰ (ਬਿਗਾੜ), ਪੰਰ (ਪਾੜ), ਬੈਸਨੋ (ਵੈਸਨੋ), ਬੀਆਹਾ (ਵਿਆਹਿਆ) ਬਿਧਵਾ (ਵਿਧਵਾ) ਪਾਨੀ (ਪਾਣੀ) ਆਦਿ। ਇਨ੍ਹਾਂ ਵਿਚ ਪਰ ਦੀ ਥਾਂ ਪਣ ਅਤੇ ਪਰਮੇਸਰ ਦੀ ਥਾਂ ਪਣਮੇਸਰ ਵਰਤਿਆ ਹੋਇਆ ਹੈ।

ਲੇਖਕ ਦੀ ਭਾਸ਼ਾ ਵਿਚਲੇ ਔਂਕੜ ਅਤੇ ਸਿਹਾਰੀ ਵਾਲੇ ਸ਼ਬਦ ਹੁਣ ਪ੍ਰਚੱਲਤ ਨਹੀਂ ਰਹੇ। ਇਨ੍ਹਾਂ ਦੀ ਥਾਂ ਹੁਣ ਜ਼ਿਆਦਾ ਕੰਮ ਪਰਸਰਗਾਂ ਤੋਂ ਲਿਆ ਜਾਂਦਾ ਹੈ। ਮਿਹਰਵਾਨ ਗੋਸ਼ਟਾਂ ਵਿਚ ਪ੍ਰਾਪਤ ਪਰਸਰਗਾਂ ਨੂੰ, ਨੇ, ਤੇ ਕਉ, ਪਾਹਿ, ਆਦਿ ਹੁਣ ਵਿਕਾਸ ਕਰਕੇ 'ਨੇ' ਨੂੰ ਵਿਚ ਅਤੇ 'ਤੇ' ਤੋਂ ਵਿਚ ਬਦਲ ਚੁਕੇ ਹਨ। 'ਕਉ' ਕੂ ਵਿਚ ਤਬਦੀਲ ਹੋ ਗਿਆ ਹੈ। ਇਸੇ ਤਰ੍ਹਾਂ ਗੋਸ਼ਟਾਂ ਵਾਲੇ ਔਂਕੜ ਅਤੇ ਸਿਹਾਰੀ ਅੰਤ ਵਾਲੇ ਸ਼ਬਦ ਵੀ ਹੁਣ ਘਟ ਹੀ ਵਰਤੇ ਜਾਂਦੇ ਹਨ।

ਮਿਹਰਵਾਨ ਦੀ ਗੱਦ ਵਿਚ ਵਰਤੀ ਗਈ ਭਾਸ਼ਾ ਦਾ ਵਿਗਿਆਨਕ ਅਧਿਐਨ ਕਰਦਿਆਂ ਪ੍ਰੋ: ਪ੍ਰੇਮ ਪ੍ਰਕਾਸ਼ ਸਿੰਘ ਵੀ ਇਸ ਸਿੱਟੇ ਤੇ ਪੁੱਜਦੇ ਹਨ ਕਿ 'ਭਾਸ਼ਾ ਵਿਗਿਆਨ ਦੀ ਦ੍ਰਿਸ਼ਟੀ ਤੋਂ ਵੇਖੀਏ ਤਾਂ ਇਉਂ ਜਾਪਦਾ ਹੈ ਕਿ ਮਿਹਰਵਾਨ ਦੀ ਜਨਮਸਾਖੀ ਵਿਚ ਪੰਜਾਬੀ

ਬੋਲੀ ਦਾ ਉਹ ਰੂਪ ਅੰਕਿਤ ਹੋਇਆ ਮਿਲਦਾ ਹੈ ਜਿਹੜਾ ਇਕ ਪਾਸੇ ਅਜੇ ਸਨਾਤਨੀ ਸਾਧ ਬੋਲੀ ਦਾ ਵਿਕਾਸਮਾਨ ਸਰੂਪ ਮਨੋਜੋਗੀ ਨਿਖਾਰ ਪਕੜ ਰਿਹਾ ਹੈ। ਇਹ ਇਕ ਸੰਗਮ ਹੈ ਜਿਥੇ ਪੰਜਾਬੀ ਦੇ ਪ੍ਰਾਚੀਨ, ਪ੍ਰਾਚੀਨਤਮ ਅਤੇ ਨਵੀਨ ਨਵੀਨਤਮ ਬੋਲੀ ਦੇ ਵਿਭਿੰਨ ਰੂਪ ਦ੍ਰਿਸ਼ਟਮਾਨ ਹੋ ਰਹੇ ਹਨ। ਇਹ ਕਿਹਾ ਜਾ ਸਕਦਾ ਹੈ ਕਿ ਇਥੇ ਸਾਧ ਭਾਖਾ ਦੀ ਤਾਂ ਨੀਂਹ ਹੈ, ਖੜੀ ਬੋਲੀ ਦਾ ਵਾਯੂਮੰਡਲ ਹੈ, ਮੁਲਤਾਨੀ ਝਾਂਗੀ ਦੀ ਉਸਾਰੀ ਹੈ, ਅਪਭ੍ਰੰਸ਼ ਦੀ ਚਿੱਤਰਕਾਰੀ ਹੈ ਤਦਭਵ ਫ਼ਾਰਸੀ ਦੀ ਯਥਾਯੋਗ ਰੰਗਣ ਹੈ ਅਤੇ ਕੇਂਦਰੀ ਪੰਜਾਬੀ ਦੀ ਸੁਘੜਤਾਈ ਹੈ।[24]

ਮਿਹਰਵਾਨ ਦੀਆਂ ਗੋਸ਼ਟਾਂ ਦੇ ਅੰਤ ਤੇ ਦਿੱਤੇ ਗਏ ਕਾਵਿ-ਸ਼ਲੋਕਾਂ ਦੀ ਭਾਸ਼ਾ ਬਿਲਕੁਲ ਆਦਿ ਗ੍ਰੰਥ ਦੀ ਭਾਸ਼ਾ ਨਾਲ ਮੇਲ ਖਾਂਦੀ ਹੈ। ਜਿਸ ਤੋਂ ਇਹ ਸਪਸ਼ਟ ਹੈ ਕਿ ਸ਼ੁਰੂ ਤੋਂ ਹੀ ਕਵਿਤਾ ਅਤੇ ਵਾਰਤਕ ਦੀ ਬੋਲੀ ਵਿਚ ਅੰਤਰ ਚਲਿਆ ਆਉਂਦਾ ਹੈ।

ਸੋ, ਮਿਹਰਵਾਨ ਰਚਿਤ-ਗੋਸ਼ਟ-ਰਚਨਾਵਾਂ ਦੀ ਭਾਸ਼ਾ ਦਾ ਵਿਆਕਰਣਕ ਅਤੇ ਵਿਗਿਆਨਕ ਅਧਿਐਨ ਕਰਨ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਲੇਖਕ ਦੀ ਭਾਸ਼ਾ ਮੂਲ ਰੂਪ ਵਿਚ ਹਿੰਦਵੀ ਹੁੰਦਿਆਂ ਹੋਇਆਂ ਵੀ ਸੰਸਕ੍ਰਿਤ, ਅਰਬੀ, ਫ਼ਾਰਸੀ, ਖੜੀ ਬੋਲੀ ਤੇ ਲਹਿੰਦੀ ਆਦਿ ਭਾਸ਼ਾਵਾਂ ਦੇ ਸਮਕਾਲੀ ਪ੍ਰਭਾਵ ਕਾਰਨ, ਸ਼ਬਦਾਵਲੀ, ਵਿਆਕਰਣ, ਰੂਪ, ਅਰਥ ਅਤੇ ਧੁਨੀ ਆਦਿ ਦੇ ਪੱਖ ਪ੍ਰਭਾਵ ਕਬੂਲਦਿਆਂ, ਅਯੋਗਾਤਮਕ ਹੋ ਕੇ ਤੇਜ਼ੀ ਨਾਲ ਅਜ ਦੀ ਪੰਜਾਬੀ ਭਾਸ਼ਾ ਵਲ ਵਧ ਰਹੀ ਹੈ। ਲੇਖਕ ਦੀ ਭਾਸ਼ਾ ਵਿਚ ਇਕ ਹੋਰ ਵੱਡੀ ਖੂਬੀ ਇਹ ਹੈ ਕਿ ਗੋਸ਼ਟਾਂ ਦੀ ਨਾਟਕੀ ਸ਼ੈਲੀ ਕਾਰਨ ਪਾਤਰਾਂ ਅਨੁਸਾਰ ਬਦਲ ਜਾਂਦੀ ਹੈ। ਮੁਸਲਮਾਨ ਪਾਤਰ ਜੇਕਰ ਫ਼ਾਰਸੀ ਪ੍ਰਧਾਨ ਪੰਜਾਬੀ ਬੋਲਦੇ ਹਨ ਤਾਂ ਹਿੰਦੂ ਸਾਧ, ਸੰਨਿਆਸੀ ਅਤੇ ਜੋਗੀ ਸਾਧ ਭਾਖਾ ਪ੍ਰਭਾਵਿਤ ਪੰਜਾਬੀ ਵਿਚ ਗਿਆਨ ਗੋਸ਼ਟ ਕਰਦੇ ਹਨ। ਇਉਂ, ਪਾਤਰਾਂ ਅਨੁਸਾਰ ਰੂਪ ਵਟਾਉਣ ਵਾਲੀ ਇਹ ਭਾਸ਼ਾ ਜਿਥੇ ਗੋਸ਼ਟਾਂ ਵਿਚ ਰੌਚਕਤਾ ਭਰਕੇ ਉਨ੍ਹਾਂ ਨੂੰ ਅਸਲਵਾਦੀ ਬਣਾਉਂਦੀ ਹੈ ਉਥੇ ਗੋਸ਼ਟ ਵਿਚ ਵਰਤੀ ਗਈ ਨਾਟਕੀ ਵਾਰਤਾਲਾਪ ਦਾ ਸੁੰਦਰ ਨਮੂਨਾ ਪੇਸ਼ ਕਰਦੀ ਹੈ।

ਸੋਢੀ ਮਿਹਰਵਾਨ ਦੀਆਂ ਗੋਸ਼ਟ-ਰਚਨਾਵਾਂ ਦੀ ਭਾਸ਼ਾ ਵਿਚ ਮਿਲਦੇ ਇਹ ਵਿਸ਼ੇਸ਼ ਅਤੇ ਵਿਲੱਖਣ ਗੁਣ ਉਸ ਦੀ ਭਾਸ਼ਾ ਨੂੰ ਪੰਜਾਬੀ ਬੋਲੀ ਦੇ ਇਤਿਹਾਸ ਦਾ ਇਕ ਮਹੱਤ੍ਵਪੂਰਣ ਪੜਾ ਬਣਾ ਦੇਂਦੇ ਹਨ।

---

24. ਜੂ. ਗੁ. ਨਾ., ਭਾਗ ਪਹਿਲਾ, ਭੂਮਿਕਾ, ਪੰਨਾ 69.

=0=

## ਅਧਿਆਇ 7
** * ****** **

## " ਸੋਢੀ ਮਿਹਰਵਾਨ ਦਾ ਪੁਰਾਤਨ ਪੰਜਾਬੀ ਗੱਦ ਵਿੱਚ ਸਥਾਨ "

## ਸੋਢੀ ਮਿਹਰਵਾਨ ਦਾ ਪੁਰਾਤਨ ਪੰਜਾਬੀ ਗੱਦ ਵਿਚ ਸਥਾਨ :

ਦੁਨੀਆਂ ਦੀਆਂ ਬਹੁਤੀਆਂ ਭਾਸ਼ਾਵਾਂ ਦੇ ਮੁੱਢਲੇ ਸਾਹਿੱਤ ਦਾ ਆਧਾਰ ਧਾਰਮਕ ਮਹਾਂ-ਪੁਰਖਾਂ ਦੀਆਂ ਜੀਵਨੀਆਂ ਅਤੇ ਉਪਦੇਸ਼ ਹੀ ਬਣੇ ਹਨ। ਇਸੇ ਤਰ੍ਹਾਂ ਪੰਜਾਬ ਦੀ ਧਰਤੀ ਉਤੇ ਅਵਤਾਰ ਧਾਰਨ ਵਾਲੇ, ਗੁਰੂ ਨਾਨਕ ਦੀ ਜੀਵਨੀ ਤੇ ਉਪਦੇਸ਼ਾਂ ਨੂੰ ਸਾਂਭਣ ਤੇ ਪ੍ਰਚਾਰਣ ਦੀ ਲੋੜ ਨੇ ਪੰਜਾਬੀ ਭਾਸ਼ਾ ਦੇ ਗੱਦ-ਸਾਹਿੱਤ ਨੂੰ ਉਪਜਾਉਣ ਤੇ ਪ੍ਰਫੁੱਲਤ ਕਰਨ ਵਿਚ ਵਿਸ਼ੇਸ਼ ਹਿੱਸਾ ਪਾਇਆ ਹੈ। ਪੁਰਾਤਨ ਜਨਮਸਾਖੀ, ਆਦਿ ਸਾਖੀਆਂ, ਜਨਮਸਾਖੀ, ਭਾਈ ਬਾਲਾ ਅਤੇ ਭਾਈ ਮਨੀ ਸਿੰਘ ਦੇ ਨਾਂ ਨਾਲ ਜੁੜੀ ਜਨਮਸਾਖੀ ਆਦਿ ਪ੍ਰਾਪਤ ਸਾਰੀਆਂ ਹੀ ਜਨਮਸਾਖੀਆਂ, ਕਥਾਵਾਂ ਅਤੇ ਗੋਸ਼ਟੀਆਂ ਜਿਥੇ ਗੁਰੂ ਨਾਨਕ ਦੀ ਜੀਵਨੀ ਅਤੇ ਫਲਸਫੇ ਨੂੰ ਪੇਸ਼ ਕਰਦੀਆਂ ਹਨ ਉਥੇ ਮੁੱਢਲੇ ਪੰਜਾਬੀ ਗੱਦ ਸਾਹਿੱਤ ਵਿਚ ਮਹੱਤਪੂਰਣ ਹਿੱਸਾ ਵੀ ਪਾਉਂਦੀਆਂ ਹਨ।

ਸੋਢੀ ਮਿਹਰਵਾਨ ਨੇ ਵੀ 'ਗੋਸ਼ਟਿ ਗੁਰੂ ਨਾਨਕ' ਰਾਹੀਂ ਗੁਰੂ ਸਾਹਿਬ ਦੀ ਜੀਵਨੀ ਚਿੱਤਰਣ ਦਾ ਯਤਨ ਕੀਤਾ ਹੈ ਜੋ ਪਹਿਲੀਆਂ ਪ੍ਰਾਪਤ ਜਨਮਸਾਖੀਆਂ ਦੇ ਮੁਕਾਬਲੇ ਵਧੇਰੇ ਵਿਸਤ੍ਰਿਤ ਅਤੇ ਪਰਮਾਰਥਕ ਹੈ। 'ਗੋਸ਼ਟਿ ਗੁਰੂ ਅਮਰਦਾਸ ਜੀ ਕੀਆਂ' ਉਸ ਦੀ ਇਕ ਹੋਰ ਵਿਸ਼ੇਸ਼ ਰਚਨਾ ਹੈ। ਇਸ ਤੋਂ ਇਲਾਵਾ ਲੇਖਕ ਵੱਲੋਂ ਹੋਰਾਂ ਸਿੱਖ ਗੁਰੂ ਸਾਹਿਬਾਂ ਦੀਆਂ ਜੀਵਨੀਆਂ ਲਿਖੇ ਜਾਣ ਦਾ ਵੀ ਇਸ਼ਾਰਾ ਮਿਲਦਾ ਹੈ।[1]

ਭਾਵੇਂ ਪੁਰਾਤਨ ਪੰਜਾਬੀ ਜਨਮਸਾਖੀ ਸਾਹਿੱਤ ਕੇਵਲ ਗੁਰੂ ਨਾਨਕ ਦੀ ਜੀਵਨੀ ਦੁਆਲੇ ਹੀ ਰਚਿਆ ਜਾਂਦਾ ਰਿਹਾ ਪਰ ਲੇਖਕ ਨੇ ਪਹਿਲੀ ਵਾਰ ਪੰਜਾਬੀ ਗੱਦ ਸਾਹਿੱਤ ਵਿਚ ਸਿੱਖ ਗੁਰੂਆਂ ਤੋਂ ਇਲਾਵਾ ਹਿੰਦੂ ਭਗਤਾਂ ਦੇ ਜੀਵਨ ਨੂੰ ਚਿੱਤਰਦਿਆਂ ਭਗਤ ਕਬੀਰ ਦੀ ਵਿਸਤ੍ਰਿਤ ਜਨਮਸਾਖੀ ਲਿਖੀ, ਜਿਸ ਵਿਚ ਕਬੀਰ ਬਾਣੀ ਦੇ ਪਰਮਾਰਥ ਪੇਸ਼ ਕਰਨ ਦਾ ਭਰਪੂਰ ਯਤਨ ਕੀਤਾ ਗਿਆ ਹੈ। ਭਗਤ ਰਵਿਦਾਸ ਅਤੇ ਹੋਰਾਂ ਭਗਤਾਂ ਦੀਆਂ ਗੋਸ਼ਟਾਂ ਵੀ ਇਸੇ ਲੜੀ ਵਿਚ ਇਕ ਹੋਰ ਵਿਸ਼ੇਸ਼ ਵਾਧਾ ਹੈ।

ਸਿੱਖ ਗੁਰੂਆਂ ਅਤੇ ਹਿੰਦੂ ਭਗਤਾਂ ਤੋਂ ਇਲਾਵਾ 'ਮਸਲੇ ਹਜ਼ਰਤ ਰਸੂਲ ਕੇ' ਨਾਮੀ ਰਚਨਾ ਵਿਚ ਹਜ਼ਰਤ ਮੁਹੰਮਦ ਸਾਹਿਬ ਦੀ ਜੀਵਨੀ ਪੇਸ਼ ਕਰਕੇ, ਲੇਖਕ ਨੇ ਜਿਥੇ ਪੁਰਾਤਨ

1. ਗੋ: ਗੁ: ਮਿ: ਜੀ: ਕੀ:, (ਸੰਪਾਦਕ ਡਾ: ਗੋਵਿੰਦ ਨਾਥ ਰਾਜਗੁਰੂ) ਪੰਨਾ: 336.

ਪੰਜਾਬੀ ਜਨਮਸਾਖੀ ਸਾਹਿੱਤ ਦੇ ਖੇਤਰ ਨੂੰ ਵਿਸ਼ਾਲ ਕੀਤਾ ਹੈ ਉਥੇ ਪਹਿਲੀ ਵਾਰ ਮੁਸਲਮਾਨ ਪੀਰਾਂ ਫ਼ਕੀਰਾਂ ਦੀ ਹਿੰਦੂ ਲੋਕਾਂ ਨਾਲ ਸਾਂਝ ਪੁਆਈ ਹੈ। ਇਉਂ ਸਮੁੱਚੇ ਜਨਮਸਾਖੀ ਸਾਹਿੱਤ ਵਿਚ ਕੇਵਲ ਮਿਹਰਵਾਨ ਹੀ ਇਕੋ ਇਕ ਅਜਿਹਾ ਲੇਖਕ ਹੈ ਜਿਸ ਨੇ ਚਾਰ ਸੰਪੂਰਨ ਜਨਮਸਾਖੀਆਂ ਲਿਖਕੇ ਗਿਣਾਤਮਕ ਅਤੇ ਗੁਣਾਤਮਕ ਪੱਖੋਂ ਪੁਰਾਤਨ ਪੰਜਾਬੀ ਗੱਦ ਵਿਚ ਵਿਸ਼ੇਸ਼ ਹਿੱਸਾ ਪਾਇਆ ਹੈ।

ਮਿਹਰਵਾਨ ਦੇ ਸਮਕਾਲੀ ਸਮੇਂ ਵਿਚ ਰਚੀਆਂ ਜਾ ਰਹੀਆਂ ਫੁੱਟਕਲ ਸਾਖੀਆਂ ਅਤੇ ਕਥਾਵਾਂ ਮੂਲ ਰੂਪ ਵਿਚ ਨਾਇਕ ਦੀ ਜੀਵਨੀ ਚਿੱਤਰਣ ਦਾ ਹੀ ਯਤਨ ਕੀਤਾ ਜਾਂਦਾ। ਕਿਤੇ ਕਿਤੇ ਲੇਖਕ, ਨਾਇਕ, ਗੁਰੂ ਨਾਨਕ ਦੀ ਬਾਣੀ ਦੀਆਂ ਤੁਕਾਂ ਵੀ ਦੇ ਦਿੰਦੇ।

ਪਰ ਇਸ ਲੇਖਕ ਨੇ ਤਾਂ ਗੁਰੂ ਸਾਹਿਬ ਦੀ ਪਰਮਾਰਥ ਸਪਸ਼ਟ ਕਰਨ ਲਈ 'ਪਰਮਾਰਥ' ਦੇ ਸਾਹਿੱਤਕ ਰੂਪ ਨੂੰ ਅਪਣਾਇਆ। ਇਸ ਖੇਤਰ ਵਿਚ ਉਸ ਨੇ ਸਭ ਤੋਂ ਪਹਿਲੀ ਵਾਰ ਗੁਰੂ ਨਾਨਕ, ਗੁਰੂ ਅਮਰਦਾਸ ਅਤੇ ਭਗਤ ਕਬੀਰ ਆਦਿ ਗੁਰੂਆਂ ਅਤੇ ਭਗਤਾਂ ਦੀ ਵਿਸ਼ਾਲ ਅਧਿਆਤਮਿਕ ਤੇ ਰਹੱਸਵਾਦੀ ਬਾਣੀ ਵਿਚਲੇ ਸੂਖਮ ਅੰਤਰੀਵ ਭਾਵਾਂ ਨੂੰ ਗੱਦ ਵਿਚ ਸਪਸ਼ਟ ਕਰਨ ਦਾ ਸਫਲ ਯਤਨ ਕੀਤਾ। ਇਸ ਤਰ੍ਹਾਂ, ਉਹ ਪੁਰਾਤਨ ਪੰਜਾਬੀ ਵਾਰਤਕ ਸਾਹਿੱਤ ਦਾ ਪਹਿਲਾ ਲੇਖਕ ਬਣ ਗਿਆ ਜਿਸ ਨੇ ਕੇਵਲ ਜੀਵਨੀ ਚਿੱਤਰਣ ਦੀ ਥਾਂ ਇਸ ਨਵੇਂ ਗੱਦ-ਰੂਪ ਨੂੰ ਅਪਣਾ ਕੇ, ਬਾਣੀ ਵਿਆਖਿਆ ਦੀ ਲਿਖਤੀ ਪਰਪਾਟੀ ਚਲਾਈ। ਲਗਭਗ ਪੰਜ ਸੌ ਤੋਂ ਵੱਧ ਪ੍ਰਾਪਤ ਗੋਸ਼ਟਾਂ ਵਿਚ ਸਿੱਖ ਗੁਰੂਆਂ ਅਤੇ ਹਿੰਦੂ ਭਗਤਾਂ ਦੀ ਗੰਭੀਰ ਅਧਿਆਤਮਿਕ ਬਾਣੀ ਦੀ ਵਾਰਤਕ ਵਿਚ ਸੁੰਦਰ ਅਤੇ ਸਪਸ਼ਟ ਵਿਆਖਿਆ ਕਰ ਸਕਣਾ ਸੱਚਮੁੱਚ ਹੀ ਵੱਡਾ ਔਖਾ ਕੰਮ ਹੈ। ਇਉਂ ਮਿਹਰਵਾਨ ਨੇ ਹੀ ਪਹਿਲੀ ਵਾਰ ਬਾਣੀ ਦੇ ਪਰਮਾਰਥ ਲਿਖਕੇ ਪੰਜਾਬੀ ਗੱਦ ਨੂੰ ਅਜਿਹੇ ਸੂਖਮ ਅਤੇ ਗੰਭੀਰ ਵਿਸ਼ੇ ਅਪਣਾਉਣ ਤੇ ਪ੍ਰਗਟਾਉਣ ਦੇ ਸਮਰੱਥ ਹੀ ਨਹੀਂ ਬਣਾਇਆ ਸਗੋਂ ਪੰਜਾਬੀ ਪਰਮਾਰਥ ਅਤੇ ਵਿਆਖਿਆ ਨੇ [illegible] ਆਪਣੇ ਸਿਖਰ ਦੇ ਖੇਤਰ ਵਿਚ ਅਜਿਹੀ ਉਲੇਖਨੀਯ ਪ੍ਰਾਪਤੀ ਨਹੀਂ ਕਰ ਸਕਿਆ।

ਪਰਮਾਰਥ ਅਤੇ ਵਿਆਖਿਆ ਦੇ ਨਾਲ ਨਾਲ ਮਿਹਰਵਾਨ ਨੇ ਪੰਜਾਬੀ ਗੱਦ-ਸਾਹਿੱਤ ਵਿਚ ਲਗਭਗ ਪਹਿਲੀ ਵਾਰ ਟੀਕੇ ਦੇ ਰੂਪ ਨੂੰ ਵੀ ਅਪਣਾਇਆ। ਉਸ ਨੇ ਗੁਰੂ ਨਾਨਕ ਸਾਹਿਬ ਦੀਆਂ ਮੁੱਖ ਬਾਣੀਆਂ, 'ਜਪੁ', 'ਆਸਾ ਦੀ ਵਾਰ', 'ਦੱਖਣੀ ਓਅੰਕਾਰ', 'ਪੱਟੀ', 'ਬਾਰਾਂ ਮਾਹ' ਤੇ 'ਸਿਧ ਗੋਸ਼ਟਿ' ਆਦਿ ਦੇ ਟੀਕੇ ਲਿਖ ਕੇ ਬਾਣੀ ਦੇ ਸਾਧਾਰਣ ਸ਼ਬਦੀ ਅਰਥਾਂ ਤੋਂ

ਵੀ ਪਾਠਕ ਨੂੰ ਜਾਣੂ ਕਰਵਾਉਣ ਦਾ ਯਤਨ ਕੀਤਾ। ਉਸ ਵਲੋਂ ਆਰੰਭ ਕੀਤੀ ਗਈ ਇਸ ਟੀਕਾ ਪਰੰਪਰਾ ਨੂੰ ਹੀ ਅੱਗੇ ਹੋਰਾਂ ਟੀਕਾਕਾਰਾਂ ਨੇ ਅਪਣਾਇਆ ਅਤੇ ਪ੍ਰਚੱਲਤ ਕੀਤਾ। ਇਸ ਲਈ ਸਮੁੱਚੇ ਤੌਰ ਤੇ ਇਸ ਕਾਲ ਨੂੰ ਪੰਜਾਬੀ ਪਰਮਾਰਥ ਅਤੇ ਵਿਆਖਿਆ ਦਾ ਸੁਨਹਿਰੀ ਸਮਾਂ ਕਿਹਾ ਜਾ ਸਕਦਾ ਹੈ ਅਤੇ ਸੋਢੀ ਮਿਹਰਵਾਨ ਨੂੰ ਇਸਦਾ ਸਰਬੋਤਮ ਵਿਆਖਿਆਕਾਰ।

ਬਹੁਤੀਆਂ ਭਾਸ਼ਾਵਾਂ ਦੇ ਮੁੱਢਲੇ ਸਾਹਿੱਤ ਵਾਂਗ ਸਮੁੱਢਲੇ ਪੰਜਾਬੀ ਕਾਵਿ-ਸਾਹਿੱਤ ਵਿਚ ਵੀ ਗੋਸ਼ਟ ਰੂਪ ਨੂੰ ਹੀ ਅਪਣਾਇਆ ਗਿਆ। ਪਰ ਪੰਜਾਬੀ ਗੱਦ ਸਾਹਿੱਤ ਵਿਚ ਇਸ ਰੂਪ ਨੂੰ ਸਹੀ ਅਰਥਾਂ ਵਿਚ ਸਭ ਤੋਂ ਪਹਿਲਾਂ ਮਿਹਰਵਾਨ ਨੇ ਹੀ ਸੁਤੰਤਰ ਸਾਹਿੱਤਕ ਰੂਪ ਵਜੋਂ ਅਪਣਾ ਕੇ ਗੁਰੂ ਨਾਨਕ, ਗੁਰੂ ਅਮਰਦਾਸ, ਭਗਤ ਕਬੀਰ ਤੇ ਰਵਿਦਾਸ ਵਰਗੇ ਹਿੰਦੂ ਭਗਤਾਂ, ਜੋਗੀਆਂ ਅਤੇ ਮੁਸਲਮਾਨ ਪੀਰਾਂ ਫ਼ਕੀਰਾਂ ਦੀਆਂ ਗੋਸ਼ਟਾਂ ਲਿਖੀਆਂ। ਇਨ੍ਹਾਂ ਗੋਸ਼ਟਾਂ ਵਿਚ ਨਾਇਕ ਕਿਸੇ ਨਾ ਕਿਸੇ ਪਾਤਰ ਨਾਲ ਵਿਚਾਰ ਵਟਾਂਦਰਾ ਕਰਦਿਆਂ ਪਾਰਤਾਲਾਪੀ ਢੰਗ ਨਾਲ, ਉਠਾਏ ਗਏ ਸ਼ੰਕਿਆਂ ਅਤੇ ਪ੍ਰਸ਼ਨਾਂ ਦਾ ਉੱਤਰ ਦੇ ਕੇ ਆਪਣੇ ਵਿਚਾਰਾਂ ਨੂੰ ਸਪਸ਼ਟ ਕਰਦਾ ਹੈ। ਇਉਂ, ਮਿਹਰਵਾਨ ਉਹ ਲੇਖਕ ਹੈ ਜਿਸ ਨੇ ਸੈਂਕੜੇ ਗੋਸ਼ਟਾਂ ਰਚਕੇ ਪੁਰਾਤਨ ਪੰਜਾਬੀ ਗੱਦ-ਸਾਹਿੱਤ ਵਿਚ ਇਸ ਰੂਪ ਨੂੰ ਵਿਸ਼ੇਸ਼ ਤੌਰ ਤੇ ਪ੍ਰਚੱਲਤ ਕੀਤਾ ਹੈ। ਇਹ ਕਹਿਣਾ ਯੋਗ ਹੀ ਹੈ ਕਿ 'ਗੋਸ਼ਟ' ਨੂੰ ਵਾਰਤਕ ਰੂਪ ਵਜੋਂ ਅਪਣਾਉਣ ਅਤੇ ਵਿਕਸਿਤ ਕਰਨ ਦਾ ਸਿਹਰਾ ਕੇਵਲ ਸੋਢੀ ਮਿਹਰਵਾਨ ਤੇ ਸਿਰ ਹੀ ਹੈ। ਕਿਉਂਕਿ ਇਹ ਗੱਦ ਰੂਪ ਅਸਲ ਵਿਚ ਮਿਹਰਵਾਨ ਨਾਲ ਆਰੰਭ ਹੋ ਕੇ ਲਗਭਗ ਉਸੇ ਤਕ ਹੀ ਸੀਮਤ ਹੋ ਗਿਆ। ਉਸ ਤੋਂ ਬਾਅਦ ਹਰਿਜੀ ਤੋਂ ਇਲਾਵਾ ਕਿਸੇ ਹੋਰ ਲੇਖਕ ਨੇ ਇਸ ਸਾਹਿੱਤਕ ਰੂਪ ਨੂੰ ਅਪਣਾ ਕੇ ਅਗੇ ਨਹੀਂ ਤੋਰਿਆ। ਲੇਖਕ ਤੋਂ ਬਾਅਦ ਜਿਹੜੀਆਂ ਇਕੜ ਦੁੱਕੜ ਗੋਸ਼ਟਾਂ ਰਚੀਆਂ ਗਈਆਂ ਉਨ੍ਹਾਂ ਦਾ ਮਿਹਰਵਾਨ ਦੇ ਵਿਸ਼ਾਲ ਗੋਸ਼ਟ ਸਾਹਿੱਤ ਨਾਲ ਕੋਈ ਮੁਕਾਬਲਾ ਨਹੀਂ।' ਇਉਂ, ਪੰਜਾਬੀ ਗੋਸ਼ਟ ਸਾਹਿੱਤ ਦਾ ਸੁਨਹਿਰੀ ਕਾਲ ਸੋਢੀ ਮਿਹਰਵਾਨ ਨਾਲ ਮੰਨਿਆ ਜਾ ਸਕਦਾ ਹੈ। ਕਿਉਂਕਿ ਉਸ ਤੋਂ ਬਾਅਦ 18ਵੀਂ ਸਦੀ ਵਿਚ ਰਚੇ ਗਏ ਗੱਦ-ਸਾਹਿੱਤ ਵਿਚ ਵੀ ਇਸ ਰੂਪ ਦਾ ਲਗਭਗ ਅਭਾਵ ਹੀ ਰਿਹਾ ਹੈ।

ਗੋਸ਼ਟ, ਪਰਮਾਰਥ ਅਤੇ ਟੀਕੇ ਵਰਗੇ ਬਹੁਪੱਖੀ ਸਾਹਿੱਤਕ ਰੂਪਾਂ ਨੂੰ ਅਪਣਾਉਣ ਵਾਲੇ ਇਸ ਲੇਖਕ ਦੀ ਨਿਵੇਕਲੀ ਗੱਦ ਸ਼ੈਲੀ ਵੀ, ਪੁਰਾਤਨ ਪੰਜਾਬੀ ਗੱਦ-ਸਾਹਿੱਤ ਵਿਚ ਵਿਸ਼ੇਸ਼ ਮਹੱਤਵ ਰੱਖਦੀ ਹੈ। ਉਸ ਨੇ ਆਪਣੀ ਗੋਸ਼ਟ ਸ਼ੈਲੀ ਰਾਹੀਂ, ਜਿਥੇ ਨਾਇਕਾਂ ਦੀ

ਜੀਵਨੀ ਚਿਤਰੀ ਹੈ, ਉਥੇ ਵਾਰਤਾਲਾਪੀ ਢੰਗ ਨਾਲ ਅਧਿਆਤਮਿਕ ਬਾਣੀ ਦੇ ਅੰਤਰੀਵ ਭਾਵਾਂ ਨੂੰ ਸਪਸ਼ਟ ਕਰਦਿਆਂ ਉਨ੍ਹਾਂ ਦੀ ਸੁੰਦਰ ਵਿਆਖਿਆ ਵੀ ਕੀਤੀ ਹੈ। ਇਉਂ, ਲੇਖਕ ਨੇ ਆਪਣੀ ਨਿਵੇਕਲੀ ਵਾਰਤਾਲਾਪੀ ਗੱਦ ਸ਼ੈਲੀ ਸਦਕਾ ਇਨ੍ਹਾਂ ਗੋਸ਼ਟਾਂ ਅਤੇ ਪਰਮਾਰਥਾਂ ਵਿਚ ਅਜਿਹੀ ਰੋਚਕਤਾ ਭਰੀ ਹੈ ਕਿ ਸਾਧਾਰਣ ਪਾਠਕ ਵੀ ਇਨ੍ਹਾਂ ਰਚਨਾਵਾਂ ਨੂੰ ਸਮਝ ਅਤੇ ਮਾਣ ਸਕਦਾ ਹੈ। ਇਹੋ ਕਾਰਨ ਹੈ ਕਿ ਲੇਖਕ ਦੀਆਂ ਅਨੇਕਾਂ ਗੋਸ਼ਟਾਂ ਸਾਧਾਰਣ ਲੋਕਾਂ ਵਲੋਂ ਹੱਥ ਲਿਖਤ ਨਕਲਾਂ ਦੇ ਰੂਪ ਵਿਚ ਲਿਖੀਆਂ ਅਤੇ ਸਾਂਭੀਆਂ ਜਾਂਦੀਆਂ ਰਹੀਆਂ ਹਨ।

ਪ੍ਰਤਿੱਭਾ ਹਮੇਸ਼ਾਂ ਆਪਣੇ ਪਗ ਚਿੰਨ੍ਹ ਛੱਡ ਜਾਇਆ ਕਰਦੀ ਹੈ। ਅਧਿਆਤਮਕ ਅਤੇ ਸਾਹਿੱਤਕ ਖੇਤਰ ਵਿਚ ਪੈਦਾ ਹੋਈਆਂ ਪ੍ਰਤਿੱਭਾਸ਼ਾਲੀ ਵਿਅਕਤੀਆਂ ਆਪਣੇ ਸਮਕਾਲੀ ਜੀਵਨ ਨੂੰ ਪ੍ਰਭਾਵਿਤਾ ਕਰਦਿਆਂ ਆਉਣ ਵਾਲੇ ਸਮੇਂ ਉਤੇ ਵੀ ਡੂੰਘੀ ਛਾਪ ਛੱਡ ਜਾਇਆ ਕਰਦੀਆਂ ਹਨ। ਮਿਹਰਵਾਨ ਵੀ ਆਪਣੇ ਸਮੇਂ ਦਾ ਅਜਿਹਾ ਹੀ ਪ੍ਰਤਿਭਾ ਗੱਦ ਲੇਖਕ ਹੈ ਜਿਸਨੂੰ ਬਾਅਦ ਵਿਚ ਨਮੂਨੇ ਵਜੋਂ ਅਪਣਾਇਆ ਗਿਆ। ਉਸ ਦੀਆਂ ਜਨਮਸਾਖੀਆਂ ਅਤੇ ਗੋਸ਼ਟਾਂ ਤੋਂ ਪ੍ਰੇਰਿਤ ਹੋ ਕੇ ਹੀ ਮਗਰੋਂ ਹਰਿਜੀ ਨੇ "ਗੋਸ਼ਟਾਂ ਗੁਰੂ ਮਿਹਰਵਾਨ' ਵਿਚ ਜਿਥੇ 'ਗੋਸ਼ਟਾਂ ਗੁਰੂ ਨਾਨਕ' ਦੇ ਲਿਖਣ ਢੰਗ ਨੂੰ ਹੂ ਬਹੂ ਰੂਪ ਵਿਚ ਅਪਣਾਇਆ ਉਥੇ ਉਸ ਨੇ 'ਸੁਖਮਨਾ ਸਹੰਸਰ ਨਾਮਾ' ਅਤੇ 'ਪੁਤਲੀਆਂ ਰਾਜੇ ਬ੍ਰਿਕ੍ਰਮਜੀਤ ਕੀਆਂ' ਆਦਿ ਵਿਚ ਮਿਹਰਵਾਨ ਦੀ ਗੱਦ ਸ਼ੈਲੀ ਦਾ ਹੀ ਅਨੁਸਰਨ ਕੀਤਾ। ਹਰਿਜੀ ਦੀ ਕਾਵਿ ਰਚਨਾ ਉਤੇ ਵੀ ਮਿਹਰਵਾਨ ਦਾ ਪ੍ਰਤੱਖ ਪ੍ਰਭਾਵ ਨਜ਼ਰ ਆਉਂਦਾ ਹੈ। ਇਨ੍ਹਾਂ ਤੋਂ ਇਲਾਵਾ, ਇਸ ਸੰਪ੍ਰਦਾਇ ਦੇ ਲੇਖਕਾਂ ਵਲੋਂ ਲਿਖੀਆਂ ਗਈਆਂ ਫੁਟਕਲ ਗੋਸ਼ਟਾਂ ਵੀ ਸੋਢੀ ਮਿਹਰਵਾਨ ਦੀ ਗੋਸ਼ਟ ਸ਼ੈਲੀ ਦਾ ਨਮੂਨਾ ਹੀ ਪੇਸ਼ ਕਰਦੀਆਂ ਹਨ।

ਸੋਢੀ ਮਿਹਰਵਾਨ ਸਫਲ ਗੱਦ ਲੇਖਕ ਦੇ ਨਾਲ ਨਾਲ ਇਕ ਸਫਲ ਅਤੇ ਸੁੰਦਰ ਕਵੀ ਵੀ ਹੈ, ਜਿਸ ਨੇ ਗੁਰੂ ਸਾਹਿਬਾਂ ਅਤੇ ਵਿਸ਼ੇਸ਼ ਕਰ ਗੁਰੂ ਅਰਜਨ ਦੀ ਬਾਣੀ ਤੋਂ ਪ੍ਰਭਾਵਿਤ ਹੋ ਕੇ ਸ਼ਬਦਾਂ, ਸ਼ਲੋਕਾਂ ਅਤੇ ਪਉੜੀਆਂ ਦੀ ਰਚਨਾ ਕੀਤੀ ਹੈ। ਇਹ ਕਾਵਿ-ਰਚਨਾਵਾਂ ਮੂਲ ਰੂਪ ਵਿਚ ਗੁਰੂ ਨਾਨਕ ਸਾਹਿਬ ਦੇ ਅਧਿਆਤਮਿਕ ਵਿਚਾਰਾਂ ਨੂੰ ਹੀ ਪ੍ਰਚਾਰਦੀਆਂ ਪਰ ਕਈ ਥਾਂਈਂ ਸਰਗੁਣ ਧਾਰਾ ਦੇ ਪ੍ਰਭਾਵ ਕਾਰਨ ਉਹ ਅਵਤਾਰਾਂ ਦੀ ਉਪਾਸ਼ਨਾ ਕਰਦਾ ਵੀ ਨਜ਼ਰ ਆਉਂਦਾ ਹੈ। ਲੇਖਕ ਨੇ 'ਵਾਰਾਂ ਪੀਰਾਂ ਕੀ' ਅਤੇ 'ਵਸਤ ਕੀ ਵਾਰ' ਆਦਿ ਵਾਰਾਂ ਦੀ ਵੀ ਰਚਨਾ ਕੀਤੀ ਜਿਨ੍ਹਾਂ ਵਿਚ ਉਸਨੇ ਪਰਮਾਤਮਾ ਦੀ ਵਡਿਆਈ ਦੇ ਨਾਲ ਨਾਲ ਮੁਸਲਮਾਨ ਪੀਰਾਂ ਫ਼ਕੀਰਾਂ ਦੀ ਵੀ ਉਸਤਤ ਕੀਤੀ ਹੈ।

ਸੋ, ਸਮੁੱਚੇ ਤੌਰ ਤੇ ਮਿਹਰਵਾਨ ਪੁਰਾਤਨ ਪੰਜਾਬੀ ਗੱਦ-ਸਾਹਿਤ ਦਾ ਉਹ ਬਹੁਪੱਖੀ ਸਾਹਿੱਤਕਾਰ ਹੈ ਜਿਸ ਨੇ ਜਨਮਸਾਖੀਆਂ, ਗੋਸ਼ਟਾਂ, ਕਥਾਵਾਂ, ਮਸਲੇ, ਪਰਮਾਰਥ ਅਤੇ ਟੀਕੇ ਲਿਖਕੇ ਗਿਣਾਤਮਕ ਅਤੇ ਗੁਣਾਤਮਕ ਪੱਖੋਂ ਜੋ ਬਹੁਮੁੱਲਾ ਵਾਧਾ ਕੀਤਾ ਹੈ, ਉਸ ਦਾ ਹੋਰ ਕੋਈ ਵੀ ਲੇਖਕ ਮੁਕਾਬਲਾ ਨਹੀਂ ਕਰ ਸਕਿਆ। ਪੁਰਾਤਨ ਪੰਜਾਬੀ ਗੱਦ-ਸਾਹਿੱਤ ਨੂੰ ਨਵੀਆਂ ਦਿਸ਼ਾਵਾਂ ਦੇਣ ਵਾਲਾ ਇਹ ਲੇਖਕ ਸਚਮੁੱਚ ਹੀ ਪੰਜਾਬੀ ਗੱਦ ਦਾ ਸੁੰਦਰ ਨਮੂਨਾ ਪੇਸ਼ ਕਰਦਾ ਹੈ ਜਿਸ ਦਾ ਸਮੁੱਚੇ ਪੁਰਾਤਨ ਪੰਜਾਬੀ ਗੱਦ ਸਾਹਿੱਤ ਵਿਚ ਵਿਸ਼ੇਸ਼ ਮਹੱਤਵਪੂਰਣ ਸਥਾਨ ਬਣ ਜਾਂਦਾ ਹੈ।

=0=

## ਨਿਸ਼ਕਰਸ਼
******

(ੳ) ਸ਼ੋਧ-ਪ੍ਰਬੰਧ ਦਾ ਸਾਰ (ਸੋਢੀ ਮਿਹਰਵਾਨ ਦੀ ਦੇਣ)

(ਅ) ਸੋਢੀ ਮਿਹਰਵਾਨ ਦੀ ਸੰਪ੍ਰਦਾਇ ਦਾ ਵਿਕਾਸ।

## ੳ) ਸੋਢੀ ਮਿਹਰਵਾਨ ਦੀ ਦੇਣ :

ਅੱਜ ਤੱਕ ਹੋਈ ਖੋਜ ਦੇ ਆਧਾਰ ਉਤੇ, ਪੁਰਾਤਨ ਪੰਜਾਬੀ ਵਾਰਤਕ ਦਾ ਆਰੰਭ ਭਾਵੇਂ 13ਵੀਂ 14ਵੀਂ ਸਦੀ ਤੋਂ ਪਹਿਲਾਂ ਦਾ ਨਿਸ਼ਚਿਤ ਕੀਤਾ ਜਾ ਸਕਦਾ ਹੈ ਪਰ ਅਸਲ ਵਿਚ ਗੁਰੂ ਨਾਨਕ ਸਾਹਿਬ ਦੀ ਨੂਰਾਨੀ ਸ਼ਖ਼ਸੀਅਤ ਹੀ ਪੰਜਾਬੀ ਵਾਰਤਕ ਦੇ ਨਵ-ਜਨਮ ਅਤੇ ਵਿਕਾਸ ਦੀ ਆਧਾਰ ਬਣੀ। ਗੁਰੂ ਸਾਹਿਬ ਦੀ ਮਹਾਨ ਸ਼ਖ਼ਸੀਅਤ ਨੂੰ ਚਿੱਤਰਣ ਅਤੇ ਉਨ੍ਹਾਂ ਦੇ ਅਧਿਆਤਮਿਕ ਉਪਦੇਸ਼ਾਂ ਨੂੰ ਸੰਭਾਲਣ ਤੇ ਪ੍ਰਚਾਰਣ ਦੀ ਲੋੜ ਨੇ ਪੰਜਾਬੀ ਵਾਰਤਕ ਨੂੰ ਉਪਜਾਇਆ ਅਤੇ ਇਉਂ ਗੋਸ਼ਟਾਂ, ਸਾਖੀਆਂ ਤੇ ਜਨਮਸਾਖੀਆਂ ਦੇ ਰੂਪ ਵਿਚ ਇਸ ਦਾ ਵਿਕਾਸ ਹੋਣਾ ਸ਼ੁਰੂ ਹੋਇਆ।

ਸੋਢੀ ਮਿਹਰਵਾਨ 17ਵੀਂ ਸਦੀ ਦਾ ਇਕ ਉਹ ਵਿਸ਼ੇਸ਼ ਸਾਹਿੱਤਕਾਰ ਹੈ ਜਿਸ ਨੇ ਸਮਕਾਲੀ ਕਾਵਿ ਧਾਰਾ ਵਿਚ ਵਹਿਣ ਦੀ ਥਾਂ ਆਪਣੀ ਕਲਮ ਪੰਜਾਬੀ ਗੱਦ ਵੱਲ ਮੋੜੀ। ਆਪਣੇ ਸਮੇਂ ਵਿਚ ਧਾਰਮਕ ਮਹਾਂਪੁਰਖਾਂ ਸੰਬੰਧੀ ਲਿਖੀਆਂ ਜਾਂਦੀਆਂ ਗੋਸ਼ਟਾਂ ਤੇ ਸਾਖੀਆਂ ਤੋਂ ਪ੍ਰੇਰਿਤ ਹੋ ਕੇ ਉਸ ਨੇ ਸਿੱਖ ਗੁਰੂਆਂ ਤੇ ਹਿੰਦੂ ਭਗਤਾਂ ਦੀਆਂ ਜੀਵਨੀਆਂ ਚਿੱਤਰਣ ਦਾ ਕੰਮ ਅਰੰਭਿਆ। ਇਸ ਉਦੇਸ਼ ਦੀ ਪ੍ਰਾਪਤੀ ਲਈ ਮਿਹਰਵਾਨ ਨੇ 'ਗੋਸ਼ਟਾਂ ਗੁਰੂ ਨਾਨਕ' ਦੇ ਨਾਂ ਅਧੀਨ ਗੁਰੂ ਨਾਨਕ ਸਾਹਿਬ ਦੀ ਜਨਮਸਾਖੀ ਲਿਖੀ ਜੋ ਪ੍ਰਾਪਤ ਸਾਰੀਆਂ ਜਨਮਸਾਖੀਆਂ ਨਾਲੋਂ ਵਧੇਰੇ ਵਿਸਤ੍ਰਿਤ ਅਤੇ ਇਤਿਹਾਸਕ ਪੱਖੋਂ ਜ਼ਿਆਦਾ ਯਥਾਰਥਕ ਹੈ। ਇਸ ਰਚਨਾ ਵਿਚ ਲੇਖਕ ਨੇ 575 ਗੋਸ਼ਟਾਂ ਰਾਹੀਂ ਗੁਰੂ ਸਾਹਿਬ ਦੀ ਜੀਵਨੀ ਨੂੰ ਪੇਸ਼ ਕਰਦਿਆਂ ਉਨ੍ਹਾਂ ਦੀਆਂ ਅਧਿਆਤਮਿਕ ਸਿੱਖਿਆਵਾਂ ਨੂੰ ਵੀ ਬੜੀ ਬਰੀਕੀ ਨਾਲ ਪ੍ਰਚਾਰਿਆ ਹੈ।

ਇਸ ਖੇਤਰ ਵਿਚ, ਲੇਖਕ ਨੇ ਗੁਰੂ ਨਾਨਕ ਸਾਹਿਬ ਤੋਂ ਇਲਾਵਾ ਹੋਰਾਂ ਗੁਰੂ ਸਾਹਿਬਾਂ ਦੀਆਂ ਜੀਵਨੀਆਂ ਨੂੰ ਵੀ ਕਲਮਬੰਧ ਕਰਨ ਦੀ ਪਹਿਲ ਕੀਤੀ। 'ਗੋਸ਼ਟਾਂ ਗੁਰੂ ਅਮਰਦਾਸ ਜੀ ਕੀਆਂ'[1] ਦੀ ਪ੍ਰਾਪਤ ਅਧੂਰੀ ਰਚਨ ਦੀਆਂ 39 ਗੋਸ਼ਟਾਂ ਇਸ ਪੱਖੋਂ ਵਿਸ਼ੇਸ਼ ਮਹੱਤਵ ਰੱਖਦੀਆਂ ਹਨ। ਲੇਖਕ ਵੱਲੋਂ ਰਚੀਆਂ ਗਈਆਂ ਹੋਰ ਵਿਸਤ੍ਰਿਤ ਜਨਮਸਾਖੀਆਂ ਨੂੰ ਦੇਖਦਿਆਂ ਸਹਿਜੇ ਹੀ ਇਹ ਅਨੁਮਾਨ ਲਗਦਾ ਹੈ ਕਿ ਇਸ ਰਚਨਾ ਵਿਚ ਵੀ ਗੁਰੂ ਸਾਹਿਬ ਦੇ ਜੀਵਨ ਤੇ ਉਪਦੇਸ਼ਾਂ ਨੂੰ ਪੇਸ਼ ਕਰਨ ਵਾਲੀਆਂ ਲਗਭਗ ਸੌ ਤੋਂ ਵੱਧ ਗੋਸ਼ਟਾਂ ਹੋਣਗੀਆਂ।

---

1. ਇਹ ਹੱਥ ਲਿਖਤ ਪ੍ਰੋ: ਪ੍ਰੀਤਮ ਸਿੰਘ, ਅੰਮ੍ਰਿਤਸਰ ਪਾਸ ਪ੍ਰਾਪਤ ਹੈ।

ਇਨ੍ਹਾਂ ਦੇ ਜਨਮਸਾਖੀਆਂ ਤੋਂ ਇਲਾਵਾ ਹੋਰਾਂ ਗੁਰੂ ਸਾਹਿਬਾਂ ਸੰਬੰਧੀ ਲਿਖੀਆਂ ਗਈਆਂ ਗੋਸ਼ਟਾਂ ਬਾਰੇ ਮਿਲਦੇ ਇਸ਼ਾਰਿਆਂ[2] ਤੋਂ ਇਹ ਅਨੁਮਾਨ ਲਗਦਾ ਹੈ ਕਿ ਮਿਹਰਵਾਨ ਨੇ ਆਪਣੇ ਸਮੇਂ ਤੱਕ ਹੋ ਚੁਕੇ ਪੰਜੇ ਸਿੱਖ ਗੁਰੂ ਸਾਹਿਬਾਂ ਦੀਆਂ ਜੀਵਨੀਆਂ ਨੂੰ ਗੋਸ਼ਟਾਂ ਦੇ ਰੂਪ ਵਿਚ ਕਲਮਬੰਧ ਕਰਨ ਦਾ ਯਤਨ ਕੀਤਾ ਹੋਵੇਗਾ।

ਸੋਢੀ ਮਿਹਰਵਾਨ ਨੇ ਸਿੱਖ ਗੁਰੂਆਂ ਤੋਂ ਇਲਾਵਾ, ਪਹਿਲੀ ਵਾਰ ਨਿਰਗੁਣ ਧਾਰਾ ਦੇ ਪ੍ਰਸਿੱਧ ਹਿੰਦੂ ਭਗਤ ਕਬੀਰ ਜੀ ਦੀ ਜਨਮਸਾਖੀ ਵੀ ਲਿਖੀ। ਇਸ ਜਨਮਸਾਖੀ ਦੀਆਂ 135 ਗੋਸ਼ਟਾਂ ਰਾਹੀਂ ਲੇਖਕ ਨੇ ਜਿਥੇ ਨਾਇਕ ਦਾ ਜੀਵਨ ਪੇਸ਼ ਕੀਤਾ ਹੈ ਉਥੇ ਪੰਜਾਬੀ ਵਿਚ ਪਹਿਲੀ ਵਾਰ ਕਬੀਰ ਬਾਣੀ ਦੇ ਪਰਮਾਰਥ ਵੀ ਪੇਸ਼ ਕੀਤੇ ਹਨ। ਭਗਤ ਕਬੀਰ ਤੋਂ ਇਲਾਵਾ ਭਗਤ ਰਵੀਦਾਸ, ਧੰਨੇ, ਸਧਨੇ, ਕਾਨ੍ਹੇ, ਨਾਮਦੇਵ, ਬੈਣੀ, ਸੂਰ, ਰਾਮਾਨੰਦ, ਤ੍ਰਿਲੋਚਨ, ਬੁਧੀਰ ਤੇ ਪੀਪੇ ਆਦਿ ਬਹੁਤ ਸਾਰੇ ਹਿੰਦੂ ਭਗਤਾਂ ਦੀਆਂ ਗੋਸ਼ਟਾਂ ਕਲਮਬੰਧ ਕਰਨ ਦੀ ਪਹਿਲ ਵੀ ਕੀਤੀ ਹੈ। ਇਨ੍ਹਾਂ ਸਾਰੀਆਂ ਗੋਸ਼ਟਾਂ ਵਿਚ ਭਗਤਾਂ ਦੀਆਂ ਪ੍ਰਮੁੱਖ ਜੀਵਨ ਘਟਨਾਵਾਂ ਨੂੰ ਪੇਸ਼ ਕਰਦਿਆਂ ਉਨ੍ਹਾਂ ਦੀ ਬਾਣੀ ਵਿਚਲੇ ਉਪਦੇਸ਼ਾਂ ਨੂੰ ਦ੍ਰਿੜਾਇਆ ਗਿਆ ਹੈ।

ਮਿਹਰਵਾਨ ਨੇ ਸਿੱਖ ਗੁਰੂਆਂ ਅਤੇ ਹਿੰਦੂ ਭਗਤਾਂ ਦੇ ਨਾਲ ਨਾਲ, ਧਾਰਮਕ ਜੀਵਨ ਉਤੇ ਪ੍ਰਭਾਵ ਪਾਉਣ ਵਾਲੇ ਜੋਗੀਆਂ ਵਿਚੋਂ ਗੋਰਖਨਾਥ, ਗੋਪੀ ਚੰਦ ਅਤੇ ਜੋਗੀ ਭਰਥਰੀ ਆਦਿ ਦੀਆਂ ਗੋਸ਼ਟਾਂ ਲਿਖ ਕੇ ਲੋਕਾਂ ਨੂੰ ਉਨ੍ਹਾਂ ਦੇ ਧਾਰਮਕ ਵਿਸ਼ਵਾਸਾਂ ਤੋਂ ਜਾਣੂ ਕਰਵਾਉਣ ਦਾ ਉਪਰਾਲਾ ਕੀਤਾ। ਇਸ ਖੇਤਰ ਵਿਚ ਵੀ ਮਿਹਰਵਾਨ ਦਾ ਯਤਨ, ਪਹਿਲਾ ਹੈ।

ਸਮਕਾਲੀ ਸਮਾਜ ਅਤੇ ਰਾਜ ਉਤੇ ਭਾਰੂ ਮੁਸਲਮਾਨ ਸ਼੍ਰੇਣੀ ਦੀ ਹਮਦਰਦੀ ਜਿੱਤਣ ਲਈ ਵੀ ਮਿਹਰਵਾਨ ਨੇ 'ਮਸਲੇ ਹਜ਼ਰਤ ਰਸੂਲ ਕੇ' ਨਾਮੀ ਜੀਵਨੀ ਲਿਖੀ ਜਿਸ ਦੇ 49 ਮਸਲਿਆਂ ਵਿਚ ਮੁਸਲਮਾਨਾਂ ਪੈਰੋਕਾਰ ਹਜ਼ਰਤ ਮੁਹੰਮਦ ਸਾਹਿਬ ਦੀ ਜੀਵਨੀ ਨੂੰ ਕਰਾਮਾਤੀ ਰੰਗ ਵਿਚ ਰੰਗ ਦੇ ਵਿਸਤਾਰ ਨਾਲ ਪੇਸ਼ ਕੀਤਾ। ਸਮੁੱਚੇ ਪੁਰਾਤਨ ਪੰਜਾਬੀ ਗੱਦ-ਸਾਹਿੱਤ ਵਿਚ ਪ੍ਰਾਪਤ ਇਹ ਇਕੋ ਇਕ ਜੀਵਨੀ, ਜਿਥੇ ਮੁਸਲਮਾਨ ਨਬੀ ਦੇ ਜੀਵਨ ਸੰਬੰਧੀ ਪੰਜਾਬੀ ਪਾਠਕਾਂ ਨੂੰ ਜਾਣਕਾਰੀ ਦੇਂਦੀ ਹੈ ਉਥੇ ਪੰਜਾਬੀ ਜੀਵਨੀ ਸਾਹਿੱਤ ਦੇ ਘੇਰੇ ਨੂੰ ਵਿਸ਼ਾਲ ਕਰਦਿਆਂ ਸਾਹਿੱਤ ਦੇ ਇਸ ਖੇਤਰ ਵਿਚ ਵਾਧਾ

2. 'ਗੋਸ਼ਟਾਂ ਗੁਰੂ ਮਿਹਰਵਾਨ' (ਸੰਪ. ਡਾ:, ਰਾਜਗੁਰੂ), ਪੰਨਾ 336.

ਵੀ ਕਰਦੀ ਹੈ। ਇਸ ਰਚਨਾ ਤੋਂ ਇਲਾਵਾ ਲੇਖਕ ਨੇ ਹਜ਼ਰਤ ਸੁਲੈਮਾਨ, ਬਾਬਾ ਆਦਮ ਸਫ਼ੀ, ਹਸਨ ਹੁਸੈਨ ਤੇ ਪੈਗੰਬਰ ਮੂਸਾ ਆਦਿ ਮੁਸਲਮਾਨ ਪੀਰਾਂ, ਫ਼ਕੀਰਾਂ ਦੀਆਂ ਗੋਸ਼ਟਾਂ ਤੇ ਮਸਲੇ ਲਿਖ ਕੇ ਉਨ੍ਹਾਂ ਦੀਆਂ ਜੀਵਨ ਘਟਨਾਵਾਂ ਅਤੇ ਧਾਰਮਕ ਸਿਖਿਆਵਾਂ ਨੂੰ ਪੇਸ਼ ਕੀਤਾ ਹੈ। ਸੋ ਇਉਂ, ਲੇਖਕ ਆਪਣੇ ਕਾਲ ਦਾ ਪਹਿਲਾ ਪੰਜਾਬੀ ਗੱਦ ਲੇਖਕ ਬਣ ਜਾਂਦਾ ਹੈ ਜਿਸ ਨੇ ਗੈਰ ਮੁਸਲਮ ਹੁੰਦਿਆਂ ਹੋਇਆਂ ਵੀ ਮੁਸਲਮਾਨ ਧਾਰਮਕ ਆਗੂਆਂ ਦੀਆਂ ਜੀਵਨੀਆਂ ਨੂੰ ਪੇਸ਼ ਕਰਨ ਦਾ ਉੱਦਮ ਕੀਤਾ।

ਸੋ ਇਉਂ, ਸੋਢੀ ਮਿਹਰਵਾਨ ਆਪਣੇ ਸਮੇਂ ਦਾ ਉਹ ਵਿਸ਼ੇਸ਼ ਲੇਖਕ ਹੈ ਜਿਸ ਨੇ ਚਾਰ ਪੂਰੀਆਂ ਜਨਮਸਾਖੀਆਂ ਅਤੇ ਅਨੇਕਾਂ ਫੁੱਟਕਲ ਗੋਸ਼ਟਾਂ ਲਿਖਕੇ ਪੁਰਾਤਨ ਪੰਜਾਬੀ ਗੱਦ ਸਾਹਿੱਤ ਵਿਚ ਅਦੁੱਤੀ ਵਾਧਾ ਕੀਤਾ ਹੈ। ਇਸ ਲੇਖਕ ਤੋਂ ਪਹਿਲਾਂ ਪੰਜਾਬੀ ਕਾਵਿ ਅਤੇ ਰੂਪ
ਗੱਦ ਸਾਹਿੱਤ ਵਿਚ ਭਾਂ ਇੱਕੜ ਦੁੱਕੜ ਗੋਸ਼ਟਾਂ ਮਿਲਦੀਆਂ ਸਨ ਪਰ ਪੰਜਾਬੀ ਗੱਦ ਸਾਹਿੱਤ ਵਿਚ ਇਸ ਰੂਪ
ਨੂੰ ਅਪਣਾ ਕੇ ਪ੍ਰਫੁੱਲਤ ਕਰਨ ਦਾ ਸਿਹਰਾ ਉਸ ਦੇ ਸਿਰ ਹੀ ਹੈ। ਮਿਹਰਵਾਨ ਤੋਂ ਬਾਅਦ, ਭਾਵੇਂ ਉਸ ਦੇ ਪੁੱਤਰ ਹਰਿਜੀ ਅਤੇ ਹੋਰ ਸੇਵਕਾਂ ਨੇ ਇਸ ਗੱਦ ਰੂਪ ਨੂੰ ਅਗੇ ਤੋਰਿਆ ਪਰ ਫਿਰ ਵੀ ਅੱਜ ਤੱਕ ਕੋਈ ਪੰਜਾਬੀ ਲੇਖਕ ਇਸ ਗੰਭੀਰ ਸਾਹਿੱਤਕ ਰੂਪ ਨੂੰ ਅਪਣਾ ਕੇ ਉਸ ਦੇ ਪੱਧਰ ਨੂੰ ਪ੍ਰਾਪਤ ਨਹੀਂ ਕਰ ਸਕਿਆ।

ਸੋਢੀ ਮਿਹਰਵਾਨ ਦੀਆਂ ਸਮਕਾਲੀ ਗੱਦ ਰਚਨਾਵਾਂ ਦਾ ਮੂਲ ਉਦੇਸ਼ ਕੇਵਲ ਧਾਰਮਕ ਮਹਾਂ-ਪੁਰਖਾਂ ਅਤੇ ਭਗਤਾਂ ਦੀਆਂ ਜੀਵਨੀਆਂ ਪੇਸ਼ ਕਰਨ ਤਕ ਹੀ ਸੀਮਿਤ ਹੈ। ਪਰ ਲੇਖਕ ਦੀਆਂ ਗੱਦ-ਰਚਨਾਵਾਂ ਇਨ੍ਹਾਂ ਅਧਿਆਤਮਿਕ ਆਗੂਆਂ ਦੀਆਂ ਜੀਵਨੀਆਂ ਪੇਸ਼ ਕਰਨ ਦੇ ਨਾਲ ਨਾਲ ਉਨ੍ਹਾਂ ਦੀ ਰਹੱਸਮਈ ਬਾਣੀ ਦੇ ਪਰਮਾਰਥ ਸਪਸ਼ਟ ਕਰਨ ਦੇ ਦੂਹਰੇ ਉਦੇਸ਼ ਨੂੰ ਵੀ ਨਿਭਾਉਂਦੀਆਂ ਹਨ। ਲੇਖਕ ਨੇ ਤਾਂ ਅਸਲ ਵਿਚ ਗੁਰੂ ਘਰ ਵਿਚ ਚਲ ਰਹੀ ਬਾਣੀ ਵਿਆਖਿਆ ਦੀ ਮੌਖਿਕ ਪਰਪਾਟੀ ਨੂੰ ਲਿਖਤੀ ਰੂਪ ਵਿਚ ਪੇਸ਼ ਕੀਤਾ ਹੈ। ਉਸ ਨੇ ਗੁਰੂ ਨਾਨਕ, ਗੁਰੂ ਅਮਰਦਾਸ, ਭਗਤ ਕਬੀਰ ਤੇ ਭਗਤ ਰਵੀਦਾਸ ਆਦਿ ਗੁਰੂਆਂ ਤੇ ਭਗਤਾਂ ਦੀਆਂ ਗੋਸ਼ਟਾਂ ਵਿਚ ਉਨ੍ਹਾਂ ਦੀ ਬਾਣੀ ਦੇ ਪਰਮਾਰਥ ਪੇਸ਼ ਕਰਦਿਆਂ ਉਸ ਵਿਚਲੇ ਸੂਖ਼ਮ ਅਧਿਆਤਮਿਕ ਭਾਵਾਂ ਨੂੰ ਵੀ ਸਪਸ਼ਟ ਕੀਤਾ ਹੈ। ਇਸ ਤਰ੍ਹਾਂ ਮਿਹਰਵਾਨ ਨਾਲ ਪੰਜਾਬੀ ਗੱਦ ਵਿਚ ਬਾਣੀ ਵਿਆਖਿਆ ਤੇ ਪਰਮਾਰਥ ਦੀ ਪ੍ਰਥਾ ਦਾ ਆਰੰਭ ਹੁੰਦਾ ਹੈ। ਪਰ ਪਰਮਾਰਥ ਦੀ ਇਹ ਪਰੰਪਰਾ ਲੇਖਕ ਨਾਲ ਆਰੰਭ ਹੋ ਕੇ ਲਗਭਗ ਉਸੇ ਤਕ ਹੀ ਸੀਮਤ ਹੋ ਜਾਂਦੀ ਹੈ ਕਿਉਂਕਿ ਉਸ ਤੋਂ ਬਾਅਦ ਕਿਸੇ ਵੀ ਹੋਰ ਗੱਦ-ਲੇਖਕ ਨੇ ਇਸ ਕਠਿਨ ਅਤੇ ਗੰਭੀਰ ਕੰਮ ਨੂੰ ਹੱਥ ਹੀ ਨਹੀਂ ਪਾਇਆ।

ਵਿਆਖਿਆ ਜਾਂ ਪਰਮਾਰਥ ਦੇ ਨਾਲ ਨਾਲ ਲੇਖਕ ਨੇ ਪਹਿਲੀ ਵਾਰ ਪੰਜਾਬੀ ਗੱਦ

ਵਿਚ ਗੁਰੂ ਨਾਨਕ ਸਾਹਿਬ ਦੀਆਂ ਕਈ ਲੰਮੀਆਂ ਬਾਣੀਆਂ ਅਤੇ ਸੁਤੰਤਰ ਸ਼ਬਦਾਂ ਦੇ ਟੀਕੇ ਵੀ ਲਿਖੇ ਹਨ। ਬਾਣੀ ਵਿਆਖਿਆ ਦੇ ਖੇਤਰ ਵਿਚ ਦਿੱਤੀਆਂ ਇਨ੍ਹਾਂ ਰਚਨਾਵਾਂ ਤੋਂ ਲੇਖਕ ਦੀ ਬਾਣੀ ਪ੍ਰਤੀ ਡੂੰਘੀ, ਜਾਣਕਾਰੀ , ਅਧਿਆਤਮਕ ਸੂਝ ਅਤੇ ਬੌਧਿਕ ਪ੍ਰਬਾਨਤਾ ਦਾ ਪਤਾ ਲਗਦਾ ਹੈ। ਪਰਮਾਰਥ ਦੇ ਖੇਤਰ ਵਿਚ ਤਾਂ ਮਿਹਰਵਾਨ ਨੇ ਮਗਰੋਂ ਆਉਣ ਵਾਲੇ ਸਾਹਿੱਤਕਾਰਾਂ ਦਾ ਮਾਰਗ ਦਰਸ਼ਨ ਵੀ ਕੀਤਾ ਹੈ। ਉਸ ਦੀ ਅਗਵਾਈ ਅਤੇ ਪ੍ਰਭਾਵ ਸਦਕਾ ਹੀ ਮਗਰੋਂ ਪੈਦਾ ਹੋਏ ਗੱਦ ਲੇਖਕਾਂ ਨੇ ਟੀਕਾ ਪਰੰਪਰਾ ਨੂੰ ਅਪਣਾ ਕੇ ਪ੍ਰਫੁੱਲਤ ਕੀਤਾ।

ਸੱਚ ਤਾਂ ਇਹ ਹੈ ਕਿ 17ਵੀਂ ਸਦੀ ਦੇ ਸਮੁੱਚੇ ਭਾਰਤੀ ਗੱਦ-ਸਾਹਿੱਤ ਨੂੰ ਦੇਖਦਿਆਂ ਹੋਇਆਂ ਸ਼ਾਇਦ ਕਿਸੇ ਵੀ ਭਾਸ਼ਾ ਵਿਚ ਅਜਿਹਾ ਕੋਈ ਗੱਦ ਲੇਖਕ ਨਜ਼ਰ ਨਹੀਂ ਆਉਂਦਾ ਜਿਸ ਨੇ ਗਿਣਾਤਮਕ ਅਤੇ ਗੁਣਾਤਮਕ ਪੱਖ ਏਨੀ ਵੱਡੀ ਗਿਣਤੀ ਵਿਚ ਸਾਹਿੱਤ ਦੇ ਖੇਤਰ ਵਿਚ ਇਕ ਮਹਾਨ ਗੱਦਕਾਰ ਦੇ ਰੂਪ ਵਿਚ ਉਘੱੜ ਕੇ ਸਾਹਮਣੇ ਆਉਂਦਾ ਹੈ। +('ਗੋਸ਼ਟਾਂ ਗੁਰੂ ਮਿਹਰਵਾਨ' ਦੇ ਕਰਤਾ ਹਰਿਜੀ ਅਨੁਸਾਰ ਤਾਂ ਮਿਹਰਵਾਨ ਨੇ ਗੁਰੂ ਅਰਜਨ ਤੋਂ ਪ੍ਰੇਰਿਤ ਹੋ ਕੇ ਸਭ ਤੋਂ ਪਹਿਲਾਂ 'ਸ਼ਬਦ' ਲਿਖ ਕੇ ਹੀ ਆਪਣੇ ਸਾਹਿੱਤਕ ਜੀਵਨ ਦਾ ਆਰੰਭ ਕੀਤਾ।'[3])

ਮੁੱਖ ਤੌਰ ਤੇ ਮਿਹਰਵਾਨ ਨੇ ਭਾਵੇਂ ਗੱਦ ਰਚਨਾ ਹੀ ਕੀਤੀ ਪਰ ਇਸ ਦੇ ਨਾਲ ਹੀ ਕਾਵਿ-ਖੇਤਰ ਵਿਚ ਵੀ ਉਸ ਨੇ ਬਹੁਪੱਖੀ ਦੇਣ ਦਿੱਤੀ ਹੈ। ਉਸ ਦੀਆਂ ਪ੍ਰਾਪਤ ਕਾਵਿ-ਰਚਨਾਵਾਂ ਸ਼ਬਦਾਂ, ਸ਼ਲੋਕਾਂ, ਵਾਰਾਂ ਅਤੇ ਵਿਚ ਰਚੀਆਂ ਬਾਣੀਆਂ ਦੇ ਰੂਪ ਵਿਚ ਮਿਲਦੀਆਂ ਹਨ ਜਿਵੇਂ:

<u>ਸ਼ਬਦ</u> :

ਡਾ: ਗੰਡਾ ਸਿੰਘ ਦੇ ਨਿੱਜੀ ਪੁਸਤਕਾਲੇ ਵਿਚ ਪਈ ਇਕ ਹੱਥ ਲਿਖਤ[4] ਤੋਂ ਇਲਾਵਾ ਹਰਿਜੀ ਰਚਿਤ 'ਗੋਸ਼ਟ ਗੁਰੂ ਮਿਹਰਵਾਨ'[5] ਵਿਚ ਵੀ ਮਿਹਰਵਾਨ ਰਚਿਤ ਸ਼ਬਦ ਮਿਲਦੇ ਹਨ। ਇਕ ਹੋਰ ਪੁਰਾਤਨ ਕਾਵਿ-ਸੰਗ੍ਰਿਹ[6] ਵਿਚ ਵੀ ਲੇਖਕ ਦਾ ਇਕ ਲੰਮਾ ਸ਼ਬਦ ਮਿਲਦਾ ਹੈ ਜਿਸ ਦੀਆਂ ਕੁਲ 9 ਪਉੜੀਆਂ ਵਿਚ ਪਰਮਾਤਮਾ ਅਤੇ ਹਿੰਦੂ ਭਗਤਾਂ ਦੀ <u>ਉਸਤੱਤ ਕੀਤੀ ਗਈ ਹੈ।</u>

---

3. 'ਗੋਸ਼ਟ ਗੁਰੂ ਮਿਹਰਵਾਨ', (ਸੰਪ. ਡਾ: ਰਾਜਗੁਰੂ) ਪੰਨਾ 180.
4. ਹੱਥ ਲਿਖਤ ਨੰ: 160-ਹੱਥ ਲਿਖਤਾਂ ਦੀ ਸੂਚੀ, ਭਾਗ ਦੂਜਾ ਦੇ ਪੰਨਾ 145 ਉਤੇ ਉਧ੍ਰਿਤ।
5. (ਸੰਪ: ਡਾ. ਰਾਜਗੁਰੂ) ਪੰਨਾ 352
6. ਹ. ਲਿ. ਨੰ: 27, ਨਿੱਜੀ ਪੁਸਤਕਾਲਾ, ਕ੍ਰਿਸ਼ਨਾ ਕੁਮਾਰੀ ਬਾਂਸਲ, ਸੰਗਰੂਰ।

ਸ੍ਲੋਕ :

ਮਿਹਰਵਾਨ ਦੀ ਕਾਵਿ-ਰਚਨਾ ਦਾ ਵੱਡਾ ਭਾਗ ਸ੍ਲੋਕ ਹੀ ਹਨ। ਉਸ ਨੇ ਗੁਰੂ ਨਾਨਕ, ਗੁਰੂ ਅਮਰਦਾਸ, ਅਤੇ ਭਗਤ ਰਵਿਦਾਸ ਆਦਿ ਭਗਤਾਂ ਤੇ ਜੋਗੀਆਂ ਦੀਆਂ ਲਿਖੀਆਂ ਗੋਸ਼ਟਾਂ ਦੇ ਅੰਤ ਉਤੇ ਸ੍ਲੋਕ ਲਿਖਕੇ ਹਰ ਗੋਸ਼ਟ ਦਾ ਕੇਂਦਰੀ ਭਾਵ ਪੇਸ਼ ਕਰਨ ਦਾ ਯਤਨ ਕੀਤਾ ਹੈ। ਇਕ ਹੋਰ ਪੁਰਾਤਨ ਕਾਵਿ ਸੰਗ੍ਰਹਿ[7] ਵਿਚ ਵੀ ਉਸ ਦੇ ਰਚੇ 30 ਸ੍ਲੋਕ ਮਿਲਦੇ ਹਨ। ਇਨ੍ਹਾਂ ਤੋਂ ਇਲਾਵਾ ਹੋਰ ਵੀ ਕਈ ਪੁਰਾਤਨ ਹੱਥ ਲਿਖਤਾਂ ਵਿਚ ਲੇਖਕ ਦੇ ਇਕੱਤ ਦੁਕੱਤ ਸ੍ਲੋਕ ਮਿਲ ਜਾਂਦੇ ਹਨ। ਇਉਂ, ਮਿਹਰਵਾਨ ਰਚਿਤ ਪ੍ਰਾਪਤ ਸ੍ਲੋਕਾਂ ਦੀ ਗਿਣਤੀ ਤਿੰਨ ਸੌ ਤੋਂ ਵੀ ਵੱਧ ਬਣ ਜਾਂਦੀ ਹੈ।

ਵਾਰਾਂ : ਸ਼ਬਦਾਂ ਅਤੇ ਸ੍ਲੋਕਾਂ ਤੋਂ ਇਲਾਵਾ ਲੇਖਕ ਨੇ ਵਾਰਾਂ ਵੀ ਰਚੀਆਂ ਹਨ। 'ਵਾਰ ਪੀਰਾਂ ਕੀ' ਲੇਖਕ ਦੀ ਉਹ ਰਚਨਾ ਹੈ ਜਿਸ ਦੀਆਂ ਕੁਲ 24 ਪਉੜੀਆਂ ਵਿਚ ਉਸ ਨੇ ਮੁਸਲਮਾਨ ਪੀਰਾਂ ਫ਼ਕੀਰਾਂ ਤੇ ਪੈਗੰਬਰਾਂ ਦੀ ਉਸਤਤ ਕੀਤੀ ਹੈ।

'ਬਸੰਤ ਕੀ ਵਾਰ'[9] ਉਸ ਦੀ ਦੂਸਰੀ ਰਚਨਾ ਹੈ ਜਿਸ ਵਿਚ ਲੇਖਕ ਨੇ ਗੁਰੂ ਅਰਜਨ ਦੀ ਲਿਖੀ 'ਬਸੰਤ ਕੀ ਵਾਰ' ਦੀਆਂ ਕੇਵਲ ਤਿੰਨ ਪਉੜੀਆਂ ਨੂੰ, ਸ੍ਲੋਕ ਅਤੇ ਪਉੜੀਆਂ ਲਿਖਕੇ ਸੰਪੂਰਨ ਕਰਨ ਦਾ ਯਤਨ ਕੀਤਾ ਹੈ। ਸੰਭਵ ਹੈ ਕਿ ਇਨ੍ਹਾਂ ਤੋਂ ਤੋਂ ਇਲਾਵਾ ਲੇਖਕ ਨੇ ਹੋਰ ਵੀ ਵਾਰਾਂ ਰਚੀਆਂ ਹੋਣ।

ਅਨੁਕਰਣਿਕ ਕਾਵਿ :

ਲੇਖਕ ਨੇ ਜਿਥੇ ਗੁਰੂ ਸਾਹਿਬਾਂ ਦੀ ਬਾਣੀ ਤੋਂ ਪ੍ਰੇਰਿਤ ਹੋਕੇ ਕਾਵਿ-ਰਚਨਾ ਕਰਨੀ ਸ਼ੁਰੂ ਕੀਤੀ ਉਥੇ ਉਸ ਨੇ ਪ੍ਰਿਥੀ ਚੰਦ ਵਲੋਂ ਚਲਾਈ ਸੰਪ੍ਰਦਾਇ ਦੇ ਆਗੂ ਵਜੋਂ, ਗੁਰੂ ਸਾਹਿਬਾਂ ਦਾ ਅਨੁਕਰਣ ਕਰਦਿਆਂ ਵੀ ਕਾਫ਼ੀ ਕਾਵਿ-ਰਚਨਾ ਕੀਤੀ ਹੈ।

ਗੁਰੂ ਨਾਨਕ ਰਚਿਤ 'ਓਅੰਕਾਰ' (ਰਾਗ ਰਾਮਕਲੀ) ਦੇ ਮੁਕਾਬਲੇ ਉਤੇ ਉਸ ਨੇ 67 ਬੰਦਾਂ ਦੀ ਰਚਨਾ ਕੀਤੀ। ਗੁਰੂ ਅਰਜਨ ਦੀ 'ਗਉੜੀ ਬਾਵਨ ਅਖਰੀ' ਮਹਲਾ 5' ਦੇ ਮੁਕਾਬਲੇ ਉਸ ਨੇ 'ਰਾਗ ਗਉੜੀ ਪੂਰਬੀ ਬਾਵਨ ਅਖਰੀ ਮਹਲਾ 5' ਦੀ ਰਚਨਾ ਕੀਤੀ ਜੋ 'ਪ੍ਰਾਣ ਸੰਗਲੀ' ਵਿਚ ਸ਼ਾਮਲ ਹੈ।[10] 'ਰਾਗ ਸੋਰਠਿ ਮਹਲਾ 9' ਧੰਨੇ ਭਗਤ ਦੀ ਆਰਤੀ ਦੇ ਮੁਕਾਬਲੇ ਤੇ ਰਚੀ ਗਈ ਮਿਹਰਵਾਨ ਦੀ ਇਕ ਹੋਰ ਰਚਨਾ ਹੈ।[11]

---

7. ਹ: ਲਿ: ਨੰ: 8759, ਸਿ. ਰੈ.ਲਾ. ਅੰਮ੍ਰਿ.
8. ਸਿੱਖੀ ਤੇ ਸਿੱਖ ਇਤਿਹਾਸ' ਪੰਨਾ 98.
9. ਪਿਆਰਾ ਸਿੰਘ ਪਦਮ, "ਮਿਹਰਬਾਨੀਆਂ ਦੀ ਸਾਹਿਤ ਸੇਵਾ", 'ਖੋਜ ਪਤ੍ਰਿਕਾ' 1967-68, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 91.
10. 'ਪ੍ਰਾਣ ਸੰਗਲੀ' (ਹਿੰਦੀ ਸੰਸਕਰਣ), ਭਾਗ ਦੂਜਾ ਪੰਨਾ 448.
11. 'ਸੋਢੀ ਮਿਹਰਵਾਨ ਜੀਵਨ ਤੇ ਰਚਨਾ', ਸੰਪਾਦਿਤ, ਪੰਨਾ

ਗੁਰੂ ਅਰਜਨ ਦੀ ਪ੍ਰਸਿੱਧ ਬਾਣੀ 'ਸੁਖਮਨੀ' ਦੇ ਮੁਕਾਬਲੇ ਤੇ ਵੀ ਮਿਹਰਵਾਨ ਨੇ 'ਸੁਖਮਨੀ' ਦੀ ਰਚਨਾ ਕੀਤੀ ਜਿਸ ਦੀਆਂ ਪਉੜੀਆਂ ਦੀ ਹੀ ਹਰਿਜੀ ਨੇ 'ਸੁਖਮਨੀ' ਸਹੰਸਰਨਾਮੇ ਵਿਚ ਵਿਸਥ੍ਰਿਤ ਵਿਆਖਿਆ ਕੀਤੀ ਹੈ।[12]

ਗੁਰੂ ਰਾਮਦਾਸ ਰਚਿਤ ਲਾਵਾਂ ਦੇ ਮੁਕਾਬਲੇ ਉਤੇ ਲੇਖਕ ਨੇ ਵੀ ਲਾਵਾਂ ਲਿਖੀਆਂ ਹਨ ਜੋ 'ਸੁਖਮਨੀ ਸਹੰਸਰਨਾਮੇ' ਵਿਚ ਦਿੱਤੀਆਂ ਗਈਆਂ ਹਨ।[13]

ਇਉਂ, ਮਿਹਰਵਾਨ ਵਿਸ਼ਾਲ ਗੱਦ-ਰਚਨਾਵਾਂ ਦੇ ਨਾਲ ਨਾਲ ਆਪਣੀਆਂ ਕਾਵਿ ਰਚਨਾਵਾਂ ਸਦਕਾ ਆਪਣੇ ਕਾਲ ਦਾ ਇਕ ਉੱਘਾ ਧਾਰਮਕ ਕਵੀ ਵੀ ਹੋ ਨਿਬੜਦਾ ਹੈ। ਇਸ ਲਈ ਇਸ ਕਾਲ ਦੇ ਅਧਿਆਤਮਿਕ ਕਾਵਿ-ਸਾਹਿੱਤ ਵਿਚ ਵੀ ਉਸ ਦੀ ਵਿਸ਼ੇਸ਼ ਸਥਾਨ ਨਿਸ਼ਚਿਤ ਕੀਤਾ ਜਾ ਸਕਦਾ ਹੈ।

ਇਸ ਲੇਖਕ ਨੇ ਪੰਜਾਬੀ ਗੱਦ ਦੇ ਵਿਸ਼ੇ ਖੇਤਰ ਨੂੰ ਵਿਸ਼ਾਲ ਕਰਦਿਆਂ ਨਵੇਂ ਸਾਹਿੱਤਕ ਰੂਪ ਹੀ ਨਹੀਂ ਅਪਣਾਏ ਸਗੋਂ ਨਵੀਂ ਗੱਦ ਸ਼ੈਲੀ ਵੀ ਪ੍ਰਦਾਨ ਕੀਤੀ ਹੈ। ਉਸ ਨੇ ਆਪਣੀਆਂ ਗੋਸ਼ਟ ਰਚਨਾਵਾਂ ਵਿਚ ਨਾਇਕਾਂ ਦੀ ਜੀਵਨੀ ਪੇਸ਼ ਕਰਦਿਆਂ ਉਨ੍ਹਾਂ ਦੀ ਬਾਣੀ ਦੀ ਵਿਆਖਿਆ ਵੀ ਕੀਤੀ ਹੈ। ਇਸੇ ਲਈ ਉਸ ਦੀਆਂ ਇਹ ਗੋਸ਼ਟਾਂ ਜੀਵਨੀ ਵਰਗੀ ਜਾਣਕਾਰੀ ਦੇਂਦਿਆਂ ਤੇ ਨਾਟਕ ਵਰਗਾ ਸੰਵਾਦ ਪੈਦਾ ਕਰਦਿਆਂ, ਵਿਆਖਿਆ ਵਰਗੇ ਗੰਭੀਰ ਕਾਰਜ ਨੂੰ ਵੀ ਸਫਲਤਾ ਨਾਲ ਨਿਭਾਉਂਦੀਆਂ ਹਨ। ਇਉਂ, ਲੇਖਕ ਦੀ ਸ਼ੈਲੀ ਨੂੰ ਸਮੁੱਚੇ ਤੌਰ ਤੇ 'ਵਾਰਤਾਲਾਪੀ ਸ਼ੈਲੀ' ਦਾ ਨਾਂ ਦਿੱਤਾ ਜਾ ਸਕਦਾ ਹੈ ਜਿਸ ਵਿਚ ਜੀਵਨੀ, ਕਥਾ, ਪਰਮਾਰਥ ਅਤੇ ਟੀਕਾ ਆਦਿ ਨੂੰ ਪ੍ਰਗਟਾਉਣ ਦੀ ਸਮਰੱਥਾ ਹੈ।

ਮਿਹਰਵਾਨ ਤੋਂ ਬਾਅਦ ਇਸ ਵਾਰਤਾਲਾਪੀ ਸ਼ੈਲੀ ਨੂੰ ਉਸ ਦੇ ਪੁੱਤਰ ਹਰਿਜੀ ਨੇ ਕਾਫ਼ੀ ਹੱਦ ਤੱਕ ਅਪਣਾਇਆ ਹੈ। ਉਸ ਤੋਂ ਇਲਾਵਾ ਬਾਅਦ ਵਿਚ ਰਚੀਆਂ ਗਈਆਂ ਪੰਜਾਬੀ ਗੱਦ-ਰਚਨਾਵਾਂ ਉਤੇ ਵੀ ਇਸ ਸ਼ੈਲੀ ਦਾ ਪ੍ਰਭਾਵ ਪ੍ਰਤੱਖ ਰੂਪ ਵਿਚ ਵੇਖਿਆ ਜਾ ਸਕਦਾ ਹੈ।

ਸਮੁੱਚੇ ਤੌਰ ਤੇ ਮਿਹਰਵਾਨ ਦੀਆਂ ਗੱਦ-ਰਚਨਾਵਾਂ ਦਾ ਆਲੋਚਨਾਤਮਕ ਦ੍ਰਿਸ਼ਟੀ ਤੋਂ ਅਧਿਐਨ ਕਰਦਿਆਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਉਹ ਸਤਾਰ੍ਹਵੀਂ ਸਦੀ ਦੇ ਪਹਿਲੇ ਅੱਧ ਦਾ ਵਿਸ਼ੇਸ਼ ਅਤੇ ਪ੍ਰਮੁੱਖ ਸਾਹਿੱਤਕਾਰ ਹੈ ਜਿਸ ਨੇ ਪੁਰਾਤਨ ਪੰਜਾਬੀ ਗੱਦ ਸਾਹਿੱਤ ਨੂੰ ਗਿਣਾਤਮਕ ਅਤੇ ਗੁਣਾਤਮਕ ਪੱਖੋਂ ਵਿਸ਼ੇਸ਼ ਮਹੱਤ੍ਵਪੂਰਣ ਦੇਣ ਦੇਂਦਿਆਂ ਪੁਰਾਤਨ ਪੰਜਾਬੀ ਕਾਵਿ-ਸਾਹਿੱਤ ਵਿਚ

12. ਹੱਥ ਲਿਖਤ ਨੰ: 7258, ਸਿ.ਰੈ.ਲਾ.ਅੰਮ੍ਰਿਤਸਰ।

13. ਹ: ਲਿ. ਨੰ: 1194, ਪੰ: ਯੂ.ਲਾ: ਚੰਡੀਗੜ੍ਹ, ਪੰਨਾ 193 (ਅ)

ਵੀ ਰੇਖਾ ਵਾਧਾ ਕੀਤਾ ਹੈ। ਲੇਖਕ ਦੀ ਇਸ ਵਿਸ਼ੇਸ਼ ਸ਼ਲਾਘਾਯੋਗ ਦੇਣ ਨੂੰ ਦੇਖਦਿਆਂ ਜੇਕਰ ਉਸ ਨੂੰ ਪੁਰਾਤਨ ਪੰਜਾਬੀ ਗੱਦ ਸਾਹਿੱਤ ਦਾ ਉੱਤਮ ਗੱਦਕਾਰ ਵੀ ਮੰਨ ਲਿਆ ਜਾਵੇ ਤਾਂ ਇਹ ਉਸ ਦੀ ਸਾਹਿੱਤ ਸੇਵਾ ਦਾ ਯੋਗ ਮੁੱਲ ਹੀ ਹੋਵੇਗਾ।

।।।

## (ਘ) ਮਿਹਰਵਾਨ ਸੰਪ੍ਰਦਾਇ ਦਾ ਵਿਕਾਸ

ਗੁਰਗੱਦੀ ਨੂੰ ਵਿਰਾਸਤ ਸਮਝਣ ਵਾਲੇ ਵਾਰਸਾਂ ਨੂੰ ਜਦੋਂ ਵੀ ਇਸ ਤੋਂ ਵਾਂਝਿਆ ਰਹਿਣਾ ਪਿਆ, ਉਨ੍ਹਾਂ ਨੇ ਮੁਕਾਬਲੇ ਉਤੇ ਗੱਦੀ ਸਥਾਪਤ ਕਰਕੇ ਆਪਣੇ ਆਪ ਨੂੰ ਗੁਰੂ ਅਖਵਾਉਣ ਦਾ ਯਤਨ ਕੀਤਾ। ਗੁਰੂ ਨਾਨਕ ਨੇ ਜਦੋਂ ਆਪਣੇ ਪੁੱਤਰਾਂ ਦੀ ਥਾਂ ਭਾਈ ਲਹਿਣੇ ਨੂੰ ਗੁਰਿਆਈ ਦਿੱਤੀ ਤਾਂ ਨਿਰਾਸ਼ ਸ੍ਰੀ ਚੰਦ ਨੇ ਆਪਣੀ ਗੱਦੀ ਸਥਾਪਤ ਕਰ ਲਈ, ਜਿਸ ਨੇ ਮਗਰੋਂ ਉਦਾਸੀ ਸੰਪ੍ਰਦਾਇ ਨੂੰ ਜਨਮ ਦਿੱਤਾ। ਗੁਰੂ ਅੰਗਦ ਨੇ ਵੀ ਜਦੋਂ ਆਪਣੇ ਪੁੱਤਰਾਂ ਨੂੰ ਗੁਰਗੱਦੀ ਦੇਣ ਦੀ ਥਾਂ ਅਮਰਦਾਸ ਜੀ ਨੂੰ ਇਹ ਬਖਸ਼ਿਸ਼ ਕੀਤੀ ਤਾਂ ਇਸ ਦੇ ਵਿਰੋਧ ਵਿਚ ਦਾਸੂ ਜੀ ਤੇ ਦਾਤੂ ਜੀ ਨੇ ਨਰਾਜ਼ਗੀ ਦਿਖਾਈ। ਇਸੇ ਤਰ੍ਹਾਂ ਗੁਰੂ ਅਮਰਦਾਸ ਵਲੋਂ ਰਾਮਦਾਸ ਜੀ ਨੂੰ ਗੱਦੀ ਸੌਂਪੇ ਜਾਣ ਉਤੇ ਉਨ੍ਹਾਂ ਦੇ ਪੁੱਤਰ ਬਾਬਾ ਮੋਹਨ ਅਤੇ ਮੋਹਰੀ ਨੇ ਸਖ਼ਤ ਰੋਸ ਪ੍ਰਗਟ ਕੀਤਾ। ਪਰ ਜਦੋਂ ਗੁਰੂ ਅਮਰਦਾਸ ਨੇ ਆਪਣੇ ਵੱਡੇ ਪੁੱਤਰ ਪ੍ਰਿਥੀ ਚੰਦ ਦੀ ਥਾਂ ਛੋਟੇ ਪੁੱਤਰ ਅਰਜਨ ਦੇਵ ਨੂੰ ਗੁਰਗੱਦੀ ਦੀ ਬਖਸ਼ਿਸ਼ ਕੀਤੀ ਤਾਂ ਪ੍ਰਿਥੀ ਚੰਦ ਦਾ ਨਿਰਾਸ਼ਾ ਗੁਰੂ ਅਰਜਨ ਦੇਵ ਨੂੰ ਪ੍ਰਤੀ ਤੀਖਣ ਵਿਰੋਧ ਦਾ ਰੂਪ ਧਾਰਨ ਕਰ ਗਈ।

ਗੁਰਗੱਦੀ ਦੀ ਪ੍ਰਾਪਤੀ ਤੋਂ ਨਿਰਾਸ਼ ਹੋ ਕੇ ਅਖੀਰ ਪ੍ਰਿਥੀ ਚੰਦ ਨੇ ਆਪਣੇ ਪ੍ਰਭਾਵ ਹੇਠਲੇ ਹਮਾਇਤੀ ਸਿੱਖਾਂ ਤੇ ਆਗਿਆਕਾਰ ਨਾ ਹੋਣ ਕਾਰਨ ਗੁਰੂ ਘਰ ਵਿਚੋਂ ਕੱਢੇ ਗਏ ਰਬਾਬੀਆਂ ਨੂੰ ਨਾਲ ਲੈ ਕੇ ਆਪਣੀ ਵੱਖਰੀ ਗੱਦੀ ਸਥਾਪਤ ਕਰ ਲਈ, ਜੋ ਮਗਰੋਂ ਮੀਣਾ ਸੰਪ੍ਰਦਾਇ ਦੇ ਰੂਪ ਵਿਚ ਪ੍ਰਚੱਲਤ ਹੋਈ। ਪਰ ਹਰਿਜੀ ਦੀ ਲਿਖਤ ਅਨੁਸਾਰ ਪ੍ਰਿਥੀ ਚੰਦ ਨੇ ਗੁਰੂ ਘਰ ਦੇ ਵਿਰੋਧੀ ਦੇ ਰੂਪ ਵਿਚ ਆਪਣੀ ਵੱਖਰੀ ਗੱਦੀ ਦੀ ਸਥਾਪਨਾ ਨਹੀਂ ਸੀ ਕੀਤੀ ਸਗੋਂ ਗੁਰੂ ਅਰਜਨ ਨੇ ਆਪ ਹੀ ਪ੍ਰਿਥੀ ਚੰਦ ਨੂੰ ਗੁਰਗੱਦੀ ਸੌਂਪੀ, ਜਿਵੇਂ ਕਿ ਉਹ ਲਿਖਦਾ ਹੈ ਕਿ:

> "...ਤਬਿ ਗੁਰੂ ਸਾਹਿਬ[1] ਜੀ ਆਗੈ ਹੀ ਪੂਰਾ ਥਾ। ਅਰੁ ਗੁਰ ਅਮਰਦਾਸਿ ਗੁਰੂ ਅਰਜਨਿ ਕੀ ਗੁਰੂ ਸਾਹਿਬ ਊਪਰ ਕਿਰਪਾ ਥੀ। ਅਰੁ ਸਬਦ ਕੀ ਬਖਸ਼ੀਸ਼ ਗੁਰੂ ਅਮਰਦਾਸ ਤੇ ਪਾਈ ਸੀ। ਤਬਿ ਗੁਰੂ ਸਾਹਿਬ ਜੀ ਕਉ ਗੁਰੂ ਅਰਜਨੁ ਅੰਗਿ ਸਾਥਿ ਲਗਾਇ ਕਰਿ ਮਸਤਕਿ ਹਾਥੁ ਧਰਿ ਕਰਿ ਕਿਰਪਾਲੁ ਹੋਇ ਕਰਿ ਵਿਦਾ ਕੀਆ। ਤਬਿ ਗੁਰੂ ਅਰਜਨ ਜੀ ਸਚਿ ਖੰਡਿ ਕਉ ਸਿਧਾਰੇ। ਸੰਮਤਿ॥ 1663। ਜੇਠਿ ਸੁਦੀ ॥4॥ ਚਉਥਿ ਕਉ ਗੁਰੂ ਅਰਜਨ ਕੇ ਪਾਛੈ ਗੁਰੂ ਸਾਹਿਬੁ ਭਗਤਿ ਕਮਾਵਣੈ ਲਾਗਾ।"[2]

---

1. ਮੀਣਾ ਸੰਪ੍ਰਦਾਇ ਦੇ ਲੇਖਕਾਂ ਨੇ ਪ੍ਰਿਥੀ ਚੰਦ ਲਈ 'ਗੁਰੂ ਸਾਹਿਬ' ਵਿਸ਼ੇਸ਼ਣ ਦੀ ਵਰਤੋਂ ਕੀਤੀ ਹੈ।
2. ਹ:ਲਿ:ਨੰ: 3510, ਸਿ.ਰੈ.ਲਾ. ਅੰਮ੍ਰਿ.ਪੰਨਾ 16.

ਇਸ ਸੰਪ੍ਰਦਾਇ ਦੀ ਇਕ ਹੋਰ ਪੁਰਾਤਨ ਹੱਥ ਲਿਖਤ ਅਨੁਸਾਰ ਗੁਰੂ ਅਰਜਨ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਗੁਰੂ ਹਰਿਗੋਬਿੰਦ ਅਤੇ ਪ੍ਰਿਥੀਚੰਦ ਦੋਹਾਂ ਨੂੰ ਹੀ ਗੁਰਗੱਦੀ ਦੀ ਬਖਸ਼ਿਸ਼ ਕੀਤੀ:

...ਗੁਰੂ ਸਾਹਿਬ ਅਪਨੈ ਸੰਗ ਲਗਾਇਆ,
ਗੁਰੂ ਅਮਰਦਾਸ ਕਾ ਬਚਨ ਮੁਕਾਇਆ,
ਪੋਥੀ ਮਾਲਾ ਕਰਹਾ ਹਵਾਲੈ ਸਿਰ ਆਪਨਾ ਪਾਸ ਬੈਧਾਈ ਜੀ॥6॥
ਸੰਬਤ ਸੋਲਾਂ ਸੈ ਤ੍ਰੇਹਠ ਕੀਆ ਪਿਆਨਾ, ਜੇਠ ਸੁਦੀ ਇਨ ਚੌਥ ਚਲਾਨਾ।
ਗੁਰੂ ਸਾਹਿਬ ਹਰਿ ਗੋਬਿੰਦ ਦੋਇ ਇਕ ਆਪ ਜੋਤੀ ਜੋਤ ਸਮਾਏ ਜੀ।7॥[3]

ਪਰ ਹਰਿਜੀ ਅਤੇ 'ਗੁਰਬੰਸਾਵਲੀ' ਦਾ ਇਹ ਬਿਆਨ ਇਤਿਹਾਸਕ ਕਸਵੱਟੀ ਤੇ ਪੂਰਾ ਨਹੀਂ ਉਤਰਦਾ ਕਿਉਂਕਿ ਇਸ ਗਲ ਦਾ ਇਤਿਹਾਸਕ ਸਬੂਤ ਹੈ ਕਿ ਗੁਰੂ ਅਰਜਨ ਨੇ ਸ਼ਹੀਦੀ ਪ੍ਰਾਪਤ ਕਰਨ ਤੋਂ ਪਹਿਲਾਂ ਸੰਮਤ 1663 ਵਿਚ ਗੁਰੂ ਹਰਿਗੋਬਿੰਦ ਨੂੰ ਗੁਰਿਆਈ ਬਖਸ਼ੀ। ਸੰਭਵ ਹੈ ਕਿ ਹਰਿਜੀ ਨੇ ਆਪਣੀ ਗੁਰਿਆਈ ਨੂੰ ਪ੍ਰਮਾਣਿਕ ਸਾਬਤ ਕਰਨ ਲਈ ਇਹ ਗੱਲ ਲਿਖ ਦਿੱਤੀ ਹੋਵੇ।

ਆਪਣੀ ਵੱਖਰੀ ਗੱਦੀ ਸਥਾਪਤ ਕਰਕੇ ਵੀ ਪ੍ਰਿਥੀ ਚੰਦ ਨੂੰ ਸ਼ਾਂਤੀ ਨਾ ਮਿਲੀ ਅਤੇ ਉਹ ਗੁਰੂ ਅਰਜਨ ਪਾਸੋਂ ਗੁਰਿਆਈ ਪ੍ਰਾਪਤ ਕਰਨ ਲਈ ਜੀਵਨ ਦੇ ਅੰਤ ਤਕ ਅਸਫਲ ਯਤਨ ਕਰਦਾ ਰਿਹਾ। ਪ੍ਰਿਥੀ ਚੰਦ ਦੇ ਦੇਹਾਂਤ ਤੋਂ ਬਾਅਦ ਉਸ ਦਾ ਸਭ ਤੋਂ ਵੱਡਾ ਲੜਕਾ ਮਨੋਹਰਦਾਸ ਮਿਹਰਵਾਨ ਅਗਲੇ ਵਾਰਿਸ ਦੇ ਰੂਪ ਵਿਚ ਇਸ ਸੰਪ੍ਰਦਾਇਕ ਗੱਦੀ ਤੇ ਬੈਠਾ। ਹਰਿਜੀ ਅਨੁਸਾਰ ਸੋਢੀ ਮਿਹਰਵਾਨ ਗੁਰੂ ਅਰਜਨ ਪਾਸੋਂ ਪ੍ਰਾਪਤ ਕੀਤੀ ਗੱਦੀ ਦਾ ਹੀ ਅਗਲਾ ਵਾਰਿਸ ਸੀ। ਕਿਉਂਕਿ ਉਸ ਅਨੁਸਾਰ ਤਾਂ:

ਗੁਰੂ ਅਰਜਨ ਤੇ ਪਾਛੈ ਬਾਰਹਿ। 12 ।ਬਰਸਿ ॥11॥ ਗਿਆਰਹ ਮਹੀਨੇ ਅਠਿ ਦਿਨਿ ਗੁਰੂ ਸਾਹਿਬ ਜੀ ਭਗਤਿ ਕਮਾਈ। ਸੰਮਤ 1676 ਵੈਸਾਖ ਸੁਦੀ 12 ਦੁਆਦਸੀ ਦੇ ਦਿਨਿ ਪਹਿਲੇ ਹੀ ਏਕ ਦਿਨੁ ਗੁਰੂ ਮਿਹਰਵਾਨ ਜੀ ਕੇਉ ਬੁਲਾਇ ਕਰਿ ਆਪਣੀ ਹਥੀ ਮਾਥੇ ਤਿਲਕ ਲਗਾਇਆ। ਅਰੁ ਆਪਣੀ ਪਗ ਗੁਰੂ ਮਿਹਰਵਾਨੁ ਜੀ ਕੇ ਸਿਰਿ ਬਾਧੀ। ਪੋਥੀ ਮਾਲਾ ਹਥਿ ਦੀਨੀ। ਸੰਗਤਿ ਅਰੁ ਸਭੁ ਡੇਰੇ ਅਰੁ ਸਮਸਤਿ ਪਰਵਾਰੁ ਗੁਰੂ ਮਿਹਰਵਾਨ ਜੀ ਕੇ ਪੈਰੀਂ ਪਾਇਆ।

---

3. 'ਗੁਰੂ ਪ੍ਰਿਥੀ ਚੰਦ ਗੁਰੂ ਬੰਸਾਵਲੀ' (ਨਿੱਜੀ ਪੁਸਤਕਾਲਿਆ: ਹੀਰਾ ਸਿੰਘ, ਪਟਿ.,) ਪੰਨਾ 7.

ਤਬਿ ਗੁਰੂ ਮਿਹਰਵਾਨੁ ਕਉ ਅਪਨੈ ਕੰਠਿ ਲਗਾਇ ਕਰਿ ਵਿਦਾ ਕੀਆ। ਤਬ ਆਪਿ ਹੇਰੀ ਆਇ ਕੈ ਸਚਿ ਖੰਡ ਕਉ ਸਿਧਾਰੇ।[4]

ਮਿਹਰਵਾਨ ਦਾ ਸਮਕਾਲੀ ਸਮਾਂ ਗੁਰੂ ਘਰ ਲਈ ਬੜੀ ਅਸਥਿਰਤਾ ਅਤੇ ਮੁਸ਼ਕਲ ਦਾ ਸਮਾਂ ਸੀ। ਮੁਗਲ ਬਾਦਸ਼ਾਹ ਔਰੰਗਜ਼ੇਬ ਦੀ ਕੱਟੜ ਧਾਰਮਕ ਨੀਤੀ ਅਤੇ ਗੁਰੂ ਹਰਿਗੋਬਿੰਦ ਦਾ ਰਾਜਸੀ ਸ਼ਕਤੀ ਬਣ ਜਾਣ ਦਾ ਡਰ, ਗੁਰੂ ਜੀ ਨੂੰ ਗਵਾਲੀਅਰ ਦੇ ਕਿਲੇ ਵਿਚ ਕੈਦ ਕਰਨ ਦਾ ਕਾਰਨ ਬਣਿਆ। ਗੁਰੂ ਹਰਿਗੋਬਿੰਦ ਦੀ ਨਜ਼ਰਬੰਦੀ ਦੇ ਇਸ ਸਮੇਂ ਵਿਚ ਗੁਰੂ ਘਰ ਦੀ ਅਗਵਾਈ ਲਈ ਕਿਸੇ ਹੋਰ ਵਿਸ਼ੇਸ਼ ਸ਼ਖ਼ਸੀਅਤ ਦੀ ਅਣਹੋਂਦ ਕਾਰਨ ਸੁਭਾਵਕ ਹੀ ਸੰਗਤਾਂ ਦਾ ਝੁਕਾ ਸੋਢੀ ਮਿਹਰਵਾਨ ਵਲ ਹੋ ਗਿਆ। ਸੰਗਤਾਂ ਦੇ ਇਸ ਝੁਕਾ ਅਤੇ ਸਤਿਕਾਰ ਕਾਰਨ ਹੀ ਸਮਕਾਲੀ ਇਤਿਹਾਸਕਾਰਾਂ ਨੇ ਭੁਲੇਖੇ ਨਾਲ ਹੀ ਇਹ ਵੀ ਲਿਖ ਦਿੱਤਾ ਕਿ ਗੁਰੂ ਅਰਜਨ ਤੋਂ ਬਾਅਦ ਮਿਹਰਵਾਨ ਹੀ ਸਿੱਖਾਂ ਦਾ ਅਗਲਾ ਗੁਰੂ ਬਣਿਆ।[5] ਭਾਵੇਂ ਗੁਰੂ ਹਰਿਗੋਬਿੰਦ ਦੀ ਰਿਹਾਈ ਤੋਂ ਬਾਅਦ ਇਹ ਭੁਲੇਖਾ ਜਲਦੀ ਹੀ ਦੂਰ ਹੋ ਗਿਆ ਪਰ ਮਿਹਰਵਾਨ ਅਤੇ ਉਸ ਦੀ ਸੰਪ੍ਰਦਾਇ ਦੀ ਕਾਫ਼ੀ ਪ੍ਰਸਿੱਧੀ ਬਣੀ ਰਹੀ।

ਇਉਂ, ਸੋਢੀ ਮਿਹਰਵਾਨ ਨੇ 1619 ਈ: ਤੋਂ 1640 ਈ: ਤਕ ਆਪਣੀ ਸੰਪ੍ਰਦਾਇ ਗੁਰਿਆਈ ਚਲਾਈ। 1640 ਈ: ਵਿਚ ਮਿਹਰਵਾਨ ਦੇ ਦੇਹਾਂਤ ਤੋਂ ਬਾਅਦ ਉਸ ਦੀ ਸੰਪ੍ਰਦਾਇ ਦੇ ਉੱਤਰ ਅਧਿਕਾਰੀ ਦੋ ਹਿੱਸਿਆਂ ਵਿਚ ਵੰਡੇ ਗਏ।

1. ਸੋਢੀਆਂ ਦੀ ਮੀਣਾ ਸੰਪ੍ਰਦਾਇ :
2. ਦੀਵਾਨੇ ਸਾਧਾਂ ਦੀ ਸੰਪ੍ਰਦਾਇ।

1. ਸੋਢੀਆਂ ਦੀ ਮੀਣਾ ਸੰਪ੍ਰਦਾਇ :

ਸੋਢੀ ਮਿਹਰਵਾਨ ਦੇ ਦੇਹਾਂਤ ਤੋਂ ਬਾਅਦ ਉਸ ਦਾ ਲੜਕਾ ਹਰਿਜੀ ਮੀਣਾ ਸੰਪਦਾਇ ਦਾ ਅਗਲਾ ਗੁਰੂ ਬਣਿਆ। ਗੁਰੂ ਹਰਿਗੋਬਿੰਦ ਸੰਮਤ 1676ਬਿ/1619 ਈ: ਵਿਚ ਗਵਾਲੀਅਰ ਦੇ ਕਿਲ੍ਹੇ ਵਿਚੋਂ ਰਿਹਾ ਹੋ ਕੇ ਅੰਮ੍ਰਿਤਸਰ ਦੀ ਥਾਂ ਰੋਪੜ ਦੀਆਂ ਪਹਾੜੀਆਂ ਵਿਚ ਕੀਰਤਪੁਰ ਆਬਾਦ ਕਰਕੇ ਉਥੇ ਜਾ ਟਿਕੇ। ਗੁਰੂ ਹਰਿਰਾਏ ਜੀ ਵੀ ਜ਼ਿਆਦਾ ਚਿਰ ਕੀਰਤਪੁਰ ਹੀ ਰਹੇ। ਗੁਰੂ ਹਰਿਕ੍ਰਿਸ਼ਨ ਵੀ ਅੰਮ੍ਰਿਤਸਰ ਰਹੇ ਅਤੇ ਗੁਰੂ ਤੇਗ ਬਹਾਦਰ ਬਾਬਾ ਬਕਾਲਾ ਵਿਚ ਰਹਿ ਕੇ ਤਪ ਕਰਦੇ ਰਹੇ। ਇਸ ਤਰ੍ਹਾਂ ਸਿੱਖਾਂ ਦੇ ਮੁੱਖ ਕੇਂਦਰ ਅੰਮ੍ਰਿਤਸਰ, ਵਿਚੋਂ ਲੰਮੇ ਸਮੇਂ ਤੱਕ ਗੁਰੂ ਸਾਹਿਬਾਂ ਦੀ ਅਣਹੋਂਦ ਕਾਰਨ ਹਰਿਜੀ ਦੀ ਪ੍ਰਸਿੱਧਤਾ ਬਣੀ ਰਹੀ।

---

4. 'ਗੋਸ਼ਟਿ ਗੁਰੂ ਮਿਹਰਵਾਨ' (ਸੰਪ: ਰਾਜਗੁਰੂ ਡਾ:) ਪੰਨਾ 178.
5. ਗਣੇਸ਼ ਦਾਸ ਵਡੇਹਰਾ, 'ਚਾਰ-ਬਾਗ-ਇ-ਪੰਜਾਬ,' ਮਨੋਹਰਦਾਸ ਮਿਹਰਵਾਨ ਪੰਨਾ 25 ਉਤੇ ਉਧ੍ਰਿਤ।

ਇਉਂ ਹਰਿਜੀ 56 ਸਾਲ ਤਕ ਹਰਿ-ਮੰਦਿਰ ਦੀ ਸੇਵਾ ਕਰਦਿਆਂ ਆਪਣੀ ਗੁਰਿਆਈ ਚਲਾਉਂਦਾ ਰਿਹਾ। ਸਿੱਟੇ ਵਜੋਂ ਕਾਫ਼ੀ ਗਿਣਤੀ ਵਿਚ ਲੋਕ ਉਸ ਦੇ ਸੇਵਕ ਅਤੇ ਪ੍ਰਸੰਸਕ ਬਣ ਗਏ। ਹਰਿ-ਮੰਦਿਰ ਸਾਹਿਬ ਉੱਤੇ ਹਰਿਜੀ ਦੇ ਪ੍ਰਭਾਵ ਅਤੇ ਕਬਜ਼ੇ ਕਾਰਨ ਹੀ ਜਦੋਂ 1664 ਈ: ਵਿਚ ਗੁਰੂ ਤੇਗ ਬਹਾਦੁਰ ਹਰਿ-ਮੰਦਿਰ ਦੇ ਦਰਸ਼ਨਾਂ ਲਈ ਆਏ ਤਾਂ ਹਰਿਜੀ ਦੇ ਨਿਯੁਕੱਤ ਸੇਵਕਾਂ ਨੇ ਗੁਰੂ ਸਾਹਿਬ ਨੂੰ ਦਰਸ਼ਨ ਨਾ ਕਰਨ ਦਿੱਤੇ।

ਲਗਭਗ 56 ਸਾਲ ਦੇ ਲੰਮੇ ਸਮੇਂ ਤਕ ਸੰਪ੍ਰਦਾਇਕ ਗੁਰਿਆਈ ਚਲਾ ਕੇ ਵਿਸਾਖ ਵਦੀ ਏਕਾਦਸੀ ਸੰਮਤ 1753/17 ਅਪਰੈਲ, 1696 ਈ: ਨੂੰ ਹਰਿਜੀ ਦਾ ਅੰਮ੍ਰਿਤਸਰ ਵਿਚ ਦੇਹਾਂਤ ਹੋ ਗਿਆ।[6] ਹਰਿਜੀ ਦੇ ਦੇਹਾਂਤ ਤੋਂ ਬਾਅਦ ਇਹ ਮੁੱਖ ਕੇਂਦਰ ਖਾਲੀ ਹੋ ਜਾਣ ਕਾਰਨ, ਅੰਮ੍ਰਿਤਸਰ ਦੀ ਸੰਗਤ ਨੇ ਗੁਰੂ ਗੋਬਿੰਦ ਸਿੰਘ ਨੂੰ ਅਨੰਦਪੁਰ ਸੁਨੇਹਾ ਭੇਜਿਆ ਕਿ ਦਰਬਾਰ ਸਾਹਿਬ ਦੀ ਯੋਗ ਸੰਭਾਲ ਲਈ ਕੋਈ ਸਿਆਣਾ ਸਿੱਖ ਭੇਜੋ। ਸੰਮਤ 1756 ਬਿ: ਵਿਚ ਗੁਰੂ ਗੋਬਿੰਦ ਸਿੰਘ ਨੇ ਭਾਈ ਮਨੀ ਸਿੰਘ ਨੂੰ ਪੰਜ ਸਿੰਘ ਦੇ ਕੇ ਹਰਿ-ਮੰਦਿਰ ਦੀ ਸੇਵਾ ਸੰਭਾਲ ਲਈ ਭੇਜਿਆ।

ਹਰਿਜੀ ਤੋਂ ਇਲਾਵਾ ਉਸ ਦਾ ਛੋਟਾ ਭਰਾ ਚਤੁਰਭੁਜ ਵੀ ਮੀਣਾ ਸੰਪ੍ਰਦਾਇ ਵਿਚ ਵਿਸ਼ੇਸ਼ ਸਥਾਨ ਰਖਦਾ ਹੈ। ਭਾਵੇਂ ਚਤੁਰਭੁਜ ਦੇ ਜੀਵਨ ਅਤੇ ਸਾਹਿੱਤਕ ਦੇਣ ਸੰਬੰਧੀ ਬਹੁਤੀ ਵਿਸਤ੍ਰਿਤ ਜਾਣਕਾਰੀ ਨਹੀਂ ਮਿਲਦੀ ਪਰ ਇਹ ਜ਼ਰੂਰ ਸਪਸ਼ਟ ਹੈ ਕਿ ਚਤੁਰਭੁਜ ਸੰਪ੍ਰਦਾਇਕ ਗੁਰਗੱਦੀ ਦੇ ਕਾਰ ਵਿਹਾਰ ਵਿਚ ਆਪਣਾ ਹਿੱਸਾ ਪਾਉਂਦਾ ਰਿਹਾ ਹੋਵੇਗਾ। ਚਤੁਰਭੁਜ ਦੀ ਔਲਾਦ ਹਰਨਪੁਰ ਜ਼ਿਲ੍ਹਾ ਜਿਹਲਮ (ਪਾਕਿਸਤਾਨ) ਵਿਚ ਰਹਿੰਦੀ ਸੀ।[7]

ਹਰਿਜੀ ਨੇ 1640 ਈ: ਤੋਂ 1696 ਈ: ਤਕ ਮੀਣਾ ਸੰਪ੍ਰਦਾਇ ਦੇ ਇਕ ਪ੍ਰਸਿੱਧ ਗੁਰੂ ਵਜੋਂ ਅਗਵਾਈ ਕੀਤੀ। 1696 ਈ: ਵਿਚ ਹਰਿਜੀ ਦੇ ਦੇਹਾਂਤ ਤੋਂ ਬਾਅਦ ਉਸ ਦਾ ਸਭ ਤੋਂ ਵੱਡਾ ਲੜਕਾ ਨਿਰੰਜਨ ਰਾਇ ਮੀਣਾ ਸੰਪ੍ਰਦਾਇ ਦਾ ਅਗਲਾ ਗੁਰੂ ਬਣਿਆ। ਗੁਰੂ ਬਣ ਕੇ ਨਿਰੰਜਨ ਰਾਇ ਕੁਝ ਚਿਰ ਅੰਮ੍ਰਿਤਸਰ ਰਹਿਣ ਤੋਂ ਮਗਰੋਂ ਰਾਜਨੀਤਕ ਕਾਰਨਾਂ ਕਰਕੇ ਮਾਲਵੇ ਵਿਚ ਘੜਾਮੇ (ਜ਼ਿਲ੍ਹਾ ਪਟਿਆਲਾ) ਵਿਚ ਆ ਕੇ ਆਬਾਦ ਹੋ ਗਿਆ।[9]

6. 'ਸੋਢੀ ਬਿਲਾਸ,' (ਸੰਪਾ. ਗਿਆਨੀ ਗਰਜਾ ਸਿੰਘ), ਪੰਨਾ 69.

7. 'ਚਾਰ-ਬਾਗ-ਇ-ਪੰਜਾਬ' ਗਣੇਸ਼ਦਾਸ ਵਡੇਹਰਾ (ਸੰਪ. ਕਿਰਪਾਲ ਸਿੰਘ), ਪੰਨਾ 166-67- 'ਮਨੋਹਰਦਾਸ ਮਿਹਰਬਾਨ' ਦੇ ਪੰਨਾ 59 ਉਤੇ ਉਧ੍ਰਿਤ।

8. ਹਰਿਜੀ ਦੇ ਤਿੰਨ ਲੜਕੇ ਸਨ। ਨਿਰੰਜਨ ਰਾਇ, ਹਰਿ ਗੋਪਾਲ ਅਤੇ ਲੋਨ।

9. 'ਹਰਿਜੀ ਪਾਛੇ ਗੱਦੀ ਤੇ ਬਹਾਯੋ ਨਿਰੰਜਨ ਰਾਇ।
ਬਲ ਘਟਿਯੋ ਹੈ ਏਸ ਕਾ ਸੰਗਤ ਸਾਬ ਨ ਕਾਇ...।
ਦੇਸ ਮਾਲਵੇ ਜਾ ਵਸਯੋ ਰਾਇ ਨਿਰੰਜਨ ਆਇ।
ਮਰਾ ਤੋ ਸੁਤ ਇਸ ਕਾ ਰਿਹਾ ਨਾਮ ਦਖਣੀ ਰਾਇ॥ 88॥
'ਸੋਢੀ ਬਿਲਾਸ' (ਸੰਪਾਦਿਤ ਗਿਆਨੀ ਗਰਜਾ ਸਿੰਘ) ਪੰਨਾ 69-70.

'ਸ਼ਹੀਦ ਬਿਲਾਸ' ਵਿਚੋਂ ਇਹ ਵੀ ਇਸ਼ਾਰਾ ਮਿਲਦਾ ਹੈ ਕਿ ਸੋਢੀ ਮਿਹਰਵਾਨ ਦੇ ਪੋਤਰੇ ਹਰਿ ਗੋਪਾਲ ਅਤੇ ਕਵਲਨੈਨ ਵੀ ਢਿਲਵਾਂ (ਜ਼ਿਲ੍ਹਾ ਫਰੀਦਕੋਟ) ਵਿਚ ਆਬਾਦ ਹੋ ਗਏ।[10]

ਨਿਰੰਜਨ ਰਾਇ ਤੋਂ ਬਾਅਦ ਉਸ ਦਾ ਪੁੱਤਰ ਦਖਣੀ ਰਾਇ ਵੀ ਕਹਨੀ ਵਾਲਾ ਪੁਰਸ਼ ਸੀ ਜੋ ਘਰਾਚੋਂ ਵਿਚ ਹੀ ਰਿਹਾ ਅਤੇ ਸੰਮਤ 1872 ਵਿਚ ਇਸ ਦਾ ਦੇਹਾਂਤ ਹੋ ਗਿਆ।[11] ਦੱਖਣੀ ਰਾਇ ਦੀ ਉਲਾਦ ਘਰਾਚੋਂ ਅਤੇ ਢਿਲਵਾਂ ਪਿੰਡ ਵਿਚ ਹੀ ਵੱਸ ਗਈ।[12] ਦੱਖਣੀ ਰਾਇ ਤੋਂ ਬਾਅਦ ਕੋਈ ਯੋਗ ਆਗੂ ਨਾ ਹੋਣ ਕਾਰਨ ਮਗਰੋਂ ਇਹ ਸ਼ਾਖਾ ਹੌਲੀ ਹੌਲੀ ਪੰਥ ਵਿਚ ਹੀ ਸ਼ਾਮਲ ਹੁੰਦੀ ਗਈ।

ਸੋਢੀਆਂ ਦੀ ਸੰਪ੍ਰਦਾਇ ਦੀ ਇਕ ਗੁਰ ਪ੍ਰਣਾਲੀ ਇਸ ਪ੍ਰਕਾਰ ਵੀ ਮਿਲਦੀ ਹੈ:

ਗੁਰੂ ਨਾਨਕ, ਗੁਰੂ ਅੰਗਦ, ਗੁਰੂ ਅਮਰਦਾਸ, ਗੁਰੂ ਰਾਮਦਾਸ, ਗੁਰੂ ਅਰਜਨ, ਪ੍ਰਿਥੀਚੰਦ (ਗੁਰੂ ਸਾਹਿਬ) ਮਿਹਰਵਾਨ, ਹਰਿਜੀ, ਹਰਿਗੋਪਾਲ, ਕਵਲ ਨੈਨ, ਗੁਰਦਿਤ ਜੀਵਨ ਮਲ ਹਰਿ ਸਹਾਇ, ਅਜੀਤ ਸਿੰਘ, ਹਮੀਰ ਸਿੰਘ, ਫਤਿਹ ਸਿੰਘ, ਬਿਸ਼ਨ ਸਿੰਘ, ਜਸਵੰਤ ਸਿੰਘ ਤੇ ਆਤਮਜੀਤ ਸਿੰਘ।[13]

**2. ਦੀਵਾਨੇ ਸਾਧਾਂ ਦੀ ਸੰਪ੍ਰਦਾਇ :**

ਸਿੱਖ ਗੁਰੂ ਸਾਹਿਬਾਂ ਨੇ ਪ੍ਰਚਾਰ ਹਿੱਤ ਵੱਖ ਵੱਖ ਸੰਸਥਾਵਾਂ ਕਾਇਮ ਕੀਤੀਆਂ। ਗੁਰੂ ਹਰਿ ਰਾਇ ਜੀ ਨੇ ਬਖਸ਼ਸ਼ਾਂ ਹੋਂਦ ਵਿਚ ਲਿਆਂਦੀਆਂ। ਇਨ੍ਹਾਂ ਬਖਸ਼ਸ਼ਾਂ ਵਿਚੋਂ ਨੌਵੀਂ ਬਖਸ਼ੀਸ਼ ਦੀਵਾਨਿਆਂ ਦੀ ਸੀ। ਗਿਆਨੀ ਗਿਆਨ ਸਿੰਘ ਅਨੁਸਾਰ:

ਨੌਮੀ ਬਖਸ਼ਸ਼ ਕੇ ਦਿਵਾਨੇ ਪਰਮਾਨ ਹੈਂ।
ਹਰੀਆ ਤੇ ਬਾਲਾ ਸੋਢੀ ਮਿਹਰਵਾਨ ਕੇ ਥੇ ਚੇਲੇ।
ਮੂੰਹ ਸਿਰ ਮੂੰਡ ਕਾਲਾ ਮੁਖ ਦਾਓ ਠਾਨ ਹੈਂ।
ਸੇਖ ਮਾਲਾ ਬਲਖੀ ਧਾਰੇ ਕੇ ਹਾਥ ਫੂਠਾ ਦੇ ਕੇ।

---

10. ਉਹੀ, ਪੰਨਾ 69.
11. 'ਮਹਾਨ ਕੋਸ਼', ਪੰਨਾ 618.
12. 'ਔਰ ਰਾਇ ਦਖਣੀ ਜੋ ਸੋਢੀ ਪਰ ਸਿੱਧ ਥਾਓ ਤਾਂ ਕਿ ਬਖਸ਼ਸ਼ ਕੇ ਜੋ ਸਾਧੂ ਹੈ ਮਹਾਨਾਏ। ਨਗਰ ਘਰਾਚੋਂ ਅਰ ਢਿਲਵਾਂ ਵਗੈਰੇ ਮਾਹਿ ਡੇਰੇ ਇਸ ਕੇਰੇ ਹੈ ਬਧੇਰੇ ਜਗ ਜਾਨੀਏ॥ 25॥ 'ਪੰਥ ਪ੍ਰਕਾਸ਼', ਗਿਆਨੀ ਗਿਆਨ ਸਿੰਘ (ਭਾਸ਼ਾ ਵਿਭਾਗ, 1970) ਪੰਨਾ 1281.
13. 'Chiefs and Families of Notes in the Panjab', Vol I 1940, p-234.

ਮੋਰ ਪੰਖ ਸੀਸ ਕਾਹੇ ਮੂਸਲ ਧਰਾਯੋ ਹੈ।
ਢੋਲ ਬਜਵਾਇ ਕੈ ਧਮਾਲ ਪਾਇ ਨਾਚਤੇ ਹੈ।
ਤਾਂ ਤੇ ਦਿਵਾਨੇ ਭੇਖ ਪਾਗਲ ਸਦਾਯੋ ਹੈ।
ਹਰਾਏ ਕੇ ਪੋਤੇ ਚੇਲੇ ਪੀਰ ਭਾਰੇ ਮਾਲਵੇ ਮੈ।
ਝੂਠਾ ਸਵਾਂਗ ਮਣ ਅਨੰਦ ਘਰ ਘਰ ਲਗਾਯੋ ਹੈ।
ਗਾਦੀ ਏਸ ਪੰਥ ਕੀ ਹੈ ਕੋਟ ਪੀਰ ਕੇ ਮੈ ਆਦੀ।
ਡੇਰੇ ਪਟਿਆਲੇ ਲੋ ਬਿਸਲੋ ਬਹੁਰਾਯੋ ਹੈ।[14]

ਗੁਰਸ਼ਬਦ ਰਤਨਾਕਰ ਅਨੁਸਾਰ ਦੀਵਾਨੇ ਮਿਹਰਵਾਨ ਦੇ ਚੇਲੇ ਹੋਏ ਹਨ ਜੋ ਆਪਣਾ ਕਾਲਾ ਮੂੰਹ ਕਰਕੇ ਸਿਰ ਉਪਰ ਮੋਰ ਪੰਖ ਪਹਿਨਦੇ ਸਨ। ਇਸੇ ਕਰਕੇ ਉਹ ਅਤੇ ਉਨ੍ਹਾਂ ਦੇ ਪੰਥ ਦੇ ਲੋਕ ਦਿਵਾਨੇ ਪ੍ਰਸਿੱਧ ਹੋਏ।[15]

ਇਕ ਵਿਸ਼ਵਾਸ਼ ਅਨੁਸਾਰ ਦੀਵਾਨੇ ਸਾਧਾਂ ਦੀ ਸੰਪ੍ਰਦਾਇ ਬਾਲਾ ਤੇ ਹਰੀਆ ਨਾਮੀ ਦੋ ਜੱਟ ਸਿੱਖਾਂ ਨੇ ਮਾਲਵੇ ਵਿਚ ਕਾਇਮ ਕੀਤੀ। ਉਨ੍ਹਾਂ ਦੀ ਗੁਰਪ੍ਰਣਾਲੀ ਇਉਂ ਹੈ:

'ਗੁਰੂ ਨਾਨਕ, ਗੁਰੂ ਅੰਗਦ, ਗੁਰੂ ਅਮਰਦਾਸ, ਗੁਰੂ ਅਰਜਨ, ਮਿਹਰਵਾਨ, ਭੂੰਦੜ ਬਾਲਾ, ਹਰੀਦਾਸ (ਹਰੀਆ) ਮਸਾਦਾਸ, ਦਰਬਾਰੀ ਚਤੁਰਦਾਸ, ਸੁੰਦਰ ਰਾਮ, ਨਿਕਟਾ ਕੈਥ, ਮਨਮੋਹਨ ਤੇ ਬਾਵਾ ਰਾਮਦਾਸ।'[16]

'ਉਦਾਸੀਨ ਮਤ ਦਰਪਨ' ਅਨੁਸਾਰ ਭਾਈ ਭੂੰਦੜ ਦਾਸ ਜਿਨ੍ਹਾਂ ਨੂੰ 'ਦੀਵਾਨਾ ਸਾਹਿਬ' ਵੀ ਕਿਹਾ ਜਾਂਦਾ ਸੀ, ਮਿਹਰਵਾਨ ਦੇ ਸਿੱਖ ਸਨ। ਉਦਾਸੀ ਬਿਰਤੀ ਕਾਰਨ ਉਹ ਅਤੀਤ ਸਾਧੂ ਬਣ ਗਏ। ਜਦੋਂ ਗੁਰੂ ਹਰਿ ਰਾਏ ਸਾਹਿਬ ਮਾਲਵੇ ਵਿਚ ਆਏ ਤਾਂ ਭੂੰਦੜ ਦਾਸ ਮਸਤਾਨੇ ਭੇਖ ਵਿਚ ਗੁਰੂ ਸਾਹਿਬ ਨੂੰ ਮਿਲੇ ਅਤੇ ਆਪਣੀ ਸੇਵਾ ਭਗਤੀ ਰਾਹੀ, 'ਦੀਵਾਨਾ ਸਾਹਿਬ' ਦਾ ਖਿਤਾਬ ਪ੍ਰਾਪਤ ਕੀਤਾ। ਇਸ ਸੰਪ੍ਰਦਾਇ ਦੇ ਸੰਤਾਂ ਮਹੰਤਾਂ ਦੀ ਗੁਰ ਪ੍ਰਣਾਲੀ ਇਸ ਪ੍ਰਕਾਰ ਹੈ:

---

14. 'ਪੰਥ ਪ੍ਰਕਾਸ਼', ਛਾਪ ਚੌਥੀ ਪੰਨਾ 1056.
15. 'ਮਹਾਨ ਕੋਸ਼, ਪੰਨਾ 636.
16. 'ਸੋਢੀ ਮਿਹਰਵਾਨ: ਜੀਵਨ ਤੇ ਸਾਹਿੱਤ' ਪੰਨਾ 73.

'ਭੂੰਦੜ ਦਾਸ (ਚਵਾਨਾ ਸਾਹਿਬ) ਦੇ ਚੇਲੇ ਬਲਾ ਦਾਸ(ਬਲਰ) ਉਨ੍ਹਾਂ ਦੇ ਹਰੀ ਦਾਸ (ਹਰੀਆ) ਤਿਨਾਂ ਦੇ ਮਸਾ ਦਾਸ, ਦਰਬਾਰੀ ਦਾਸ, ਚਤੁਰਦਾਸ, ਰਾਮ, ਸੁੰਦਰ, ਨਿਕਟੀ ਦਾਸ, ਸਿਦਕੀ ਦਾਸ, ਮੋਹਨ ਦਾਸ ਅਤੇ ਬਾਬਾ ਰਾਮ ਦਾਸ।'[17]

ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ ਅਨੁਸਾਰ ਭੂੰਦੜ ਜੀ ਅਤੇ ਕਈ ਹੋਰ ਦਿਵਾਨੇ ਮਾਲਵੇ ਦੀ ਯਾਤਰਾ ਸਮੇਂ ਗੁਰੂ ਗੋਬਿੰਦ ਸਿੰਘ ਨੂੰ ਮਿਲੇ।[18]

ਦੀਵਾਨੇ ਸਾਧੂ ਜੋ ਸੋਢੀ ਮਿਹਰਵਾਨ ਦੇ ਅਨੁਯਾਈ ਹੋਣ ਕਰਕੇ ਮਿਹਰਵਾਨੀਏ ਵੀ ਕਹਾਉਂਦੇ ਹਨ ਅਤੇ ਉਦਾਸੀ ਸੰਪ੍ਰਦਾਇ ਨਾਲ ਸੰਬੰਧਿਤ ਹਨ। ਪਿੰਡਾਂ ਵਿਚੋਂ ਠੂਠਾ ਫੇਰ ਕੇ ਭੀਖ ਮੰਗਣਾ ਇਨ੍ਹਾਂ ਦਾ ਕਰਤਬ ਹੈ।

ਦੀਵਾਨੇ ਸਾਧਾਂ ਜਾਂ ਮਿਹਰਵਾਨੀਆਂ ਦੀ ਇਹ ਸੰਪ੍ਰਦਾਇ ਭਾਵੇਂ ਕਾਫੀ ਦੇਰ ਚਲਦੀ ਰਹੀ ਪਰ ਹੌਲੀ ਹੌਲੀ ਗੁਰੂ ਘਰ ਦੇ ਵੱਧਦੇ ਪ੍ਰਭਾਵ ਕਾਰਨ ਇਹ ਆਪਣੀ ਵੱਖਰੀ ਹੋਂਦ ਕਾਇਮ ਨਾ ਰੱਖ ਸਕੀ ਅਤੇ ਸਿੱਖ ਪੰਥ ਦਾ ਹੀ ਇਕ ਅੰਗ ਬਣ ਗਈ।

---

17. "ਦਿਵਾਨੇ ਸਾਧੂ" ਇਤਿਹਾਸਕ ਪਤ੍ਰ, ਸੈਂਚੀ ਪੰਜਵੀਂ, ਸਿੱਖ ਹਿਸਟਰੀ ਸੁਸਾਇਟੀ ਅੰਮ੍ਰਿਤਸਰ, 1953, ਪੰਨਾ 494-502-ਮਨੋਹਰਦਾਸ ਮਿਹਰਬਾਨ-ਜੀਵਨ ਰਚਨਾ ਦੇ ਪੰਨਾ 56 ਉਤੇ ਉਧ੍ਰਿਤ।

18. ਮਾਲਵਾ ਦੇਸ਼ ਰਟਨ ਦੀ ਸਾਖੀ ਪੋਥੀ, ਖਾਲਸਾ ਸਮਾਚਾਰ, ਅੰਮ੍ਰਿਤਸਰ, 1950, ਪੰਨਾ 67-68.

=0=

## ਅੰਤਿਕਾ
****

1. <u>ਹਰਿਜੀ ਦੀ ਰਚਨਾ</u>

   (ੳ) ਗੱਦ - ਰਚਨਾ

   (ਅ) ਕਾਵਿ - ਰਚਨਾ

2. <u>ਮਿਹਰਵਾਨ ਸੰਪ੍ਰਦਾਇ ਦੇ ਅਨੁਯਾਈਆਂ ਦੀ ਰਚਨਾ</u>

ਸੋਢੀ ਮਿਹਰਵਾਨ ਤੋਂ ਬਾਅਦ ਮੀਣਾ ਸੰਪ੍ਰਦਾਇ ਦਾ ਅਗਲਾ ਪ੍ਰਸਿੱਧ ਗੁਰੂ ਅਤੇ ਲੇਖਕ ਸੋਢੀ ਹਰਿਜੀ ਸੀ।[1] ਹਰਿਜੀ ਮਿਹਰਵਾਨ ਦਾ ਵਿਚਕਾਰਲਾ ਲੜਕਾ ਸੀ ਜੋ ਸੰਮਤ 1696 ਵਿਚ ਗੱਦੀ ਤੇ ਬੈਠਾ ਅਤੇ ਸੰਮਤ 1753 ਤਕ ਮੀਣਾ ਸੰਪ੍ਰਦਾਇ ਦੇ ਅੱਠਵੇਂ ਗੁਰੂ ਦੇ ਰੂਪ ਵਿਚ ਗੁਰਿਆਈ ਚਲਾਉਂਦਾ ਰਿਹਾ।

ਹਰਿਜੀ ਨੇ ਆਪਣੇ ਪਿਤਾ ਗੁਰੂ ਮਿਹਰਵਾਨ ਵਲੋਂ ਇਹ ਪ੍ਰਾਪਤ ਸੀ ਕਿ

"...ਤੇਰੀ ਬਾਣੀ ਭੀ ਬਹੁਤ ਹੋਵੈਗੀ। ਪਰ ਭੋਗ ਗੁਰੂ ਨਾਨਕ ਜੀ ਕਾ ਪਾਵਣਾ।"[2]

ਇਸ ਵਰ ਅਨੁਸਾਰ ਹਰਿਜੀ ਨੇ ਵੀ ਆਪਣੇ ਪਿਤਾ ਸੋਢੀ ਮਿਹਰਵਾਨ ਵਾਂਗ ਕਾਫੀ ਕਾਵਿ ਅਤੇ ਗੱਦ ਰਚਨਾ ਕੀਤੀ ਜੋ ਉਸ ਅਨੁਸਾਰ 'ਸ੍ਰੀ ਠਾਕੁਰ ਜੀ ਸਿ ਅਛਰਾਂ ਕੀ ਸੰਜੁਗਤਿ ਕਰਿ ਕਰਿ ਰਚੀ।'

ਹਰਿਜੀ ਦੀਆਂ ਗੱਦ ਅਤੇ ਕਾਵਿ ਰਚਨਾਵਾਂ ਦੀ ਸਮੁੱਚੇ ਪੰਜਾਬੀ ਸਾਹਿੱਤ ਅਤੇ ਵਿਸ਼ੇਸ਼ ਕਰ ਪੁਰਾਤਨ ਪੰਜਾਬੀ ਗੱਦ ਸਾਹਿੱਤ ਵਿਚ ਵਿਸ਼ੇਸ਼ ਮਹੱਤਵ ਰਖਦੀਆਂ ਹਨ। ਉਸ ਦੀਆਂ ਪ੍ਰਾਪਤ ਕਾਵਿ-ਰਚਨਾਵਾਂ ਇਸ ਪ੍ਰਕਾਰ ਹਨ:-

1. ਗੱਦ ਰਚਨਾਵਾਂ :-

1) 'ਗੋਸ਼ਟਾਂ ਗੁਰੂ ਮਿਹਰਵਾਨ ਜੀ ਕੀਆਂ'

ਹਰਿਜੀ ਦੀਆਂ ਪਹਿਲੀ ਮਹੱਤਵਪੂਰਣ ਰਚਨਾ 'ਗੋਸ਼ਟਾਂ ਗੁਰੂ ਮਿਹਰਵਾਨ ਜੀ ਕੀਆਂ' ਹੈ। ਇਸ ਪੋਥੀ ਦੀਆਂ ਹੇਠ ਲਿਖੀਆਂ ਨਕਲਾਂ ਪ੍ਰਾਪਤ ਹਨ:-

| ਹੱਥ ਲਿਖਤ ਨੰ: | ਸੰਮਤ | ਪੁਸਤਕਾਲੇ |
|---|---|---|
| 3510 | 1836 ਅਤੇ 1807 | ਸਿ: ਰੈ: ਲਾ: ਅੰਮ੍ਰਿਤਸਰ। |
| 2527 | - | ਸੈ: ਪਾ: ਲਾ: ਪਟਿਆਲਾ। |

ਸੋਢੀ ਹਰਿਜੀ ਨੇ ਆਪਣੇ ਗੁਰੂ ਪਿਤਾ ਸੋਢੀ ਮਿਹਰਵਾਨ ਦੇ ਦੇਹਾਂਤ ਤੋਂ ਕੁਝ ਹੀ ਵਰ੍ਹੇ ਬਾਅਦ ਇਸ ਦੀ ਰਚਨਾ ਕੀਤੀ। ਇਸ ਲਈ ਇਹ ਰਚਨਾ ਪੁਰਾਤਨ ਪੰਜਾਬੀ ਸਾਹਿੱਤ ਵਿਚ ਪ੍ਰਾਪਤ ਜਨਮਸਾਖੀਆਂ ਅਤੇ ਜੀਵਨੀਆਂ ਵਿਚੋਂ ਸਭ ਤੋਂ ਵਧੇਰੇ ਭਰੋਸੇ ਯੋਗ ਹੋਣ ਕਰਕੇ

1. ਡਾ: ਰਤਨ ਸਿੰਘ ਜੱਗੀ ਅਨੁਸਾਰ ਹਰਿਜੀ ਦਾ ਜਨਮ ਸੰਮਤ 1665-70 ਦੇ ਵਿਚਕਾਰ ਮੰਨਿਆ ਜਾ ਸਕਦਾ ਹੈ। 'ਗੋਸ਼ਟਾਂ ਗੁਰੂ ਮਿਹਰਵਾਨ' (ਸੰਪ: ਕ੍ਰਿਸ਼ਨਾ ਕੁਮਾਰੀ ਬਾਂਸਲ ਸੰਗਰੂਰ) ਭੂਮਿਕਾ ਪੰਨਾ 8 (ਪ੍ਰੈਸ ਵਿਚ)
2. ਗੋ. ਗੁ. ਮਿ., ਗੋਸ਼ਟ ਨੰ: 44.

ਵਿਸ਼ੇਸ਼ ਮਹੱਤਵ ਰੱਖਦੀ ਹੈ। ਜਦਕਿ ਗੁਰੂ ਨਾਨਕ, ਗੁਰੂ ਅਮਰਦਾਸ, ਭਗਤ ਕਬੀਰ, ਸ਼ੇਖ ਫ਼ਰੀਦ ਅਤੇ ਭਗਤ ਰਵਿਦਾਸ ਆਦਿ ਅਨੇਕਾਂ ਗੁਰੂਆਂ ਅਤੇ ਭਗਤਾਂ ਦੀਆਂ ਜਨਮਸਾਖੀਆਂ ਉਨ੍ਹਾਂ ਦੇ ਜੀਵਨ ਕਾਲ ਤੋਂ ਬਹੁਤ ਸਮਾਂ ਬਾਅਦ ਲਿਖੀਆਂ ਗਈਆਂ।

ਇਸ ਰਚਨਾ ਦੀਆਂ ਪ੍ਰਾਪਤ ਨਕਲਾਂ ਵਿਚ 45 ਗੋਸ਼ਟੀਆਂ ਮਿਲਦੀਆਂ ਹਨ ਜਿਨ੍ਹਾਂ ਵਿਚ ਰਚਨਾ ਦੇ ਨਾਇਕ ਸੋਢੀ ਮਿਹਰਵਾਨ ਦੇ ਜੀਵਨ ਨੂੰ ਬੜੇ ਵਿਸਤ੍ਰਿਤ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਚਿੱਤਰਿਆ ਗਿਆ ਹੈ। ਮਿਹਰਵਾਨ ਦੇ ਪੂਰਵ ਜਨਮ ਦਾ ਜ਼ਿਕਰ ਕਰਦਿਆਂ ਉਸ ਨੂੰ ਸੁਖਦੇਉ ਭਗਤ ਦਾ ਅਵਤਾਰ ਦਸਕੇ ਇਸ ਜਨਮ ਵਿਚ ਆਉਣ ਦਾ ਪ੍ਰਯੋਜਨ ਇਉਂ ਪੇਸ਼ ਕੀਤਾ ਗਿਆ ਹੈ ਕਿ:

> ਤਬ ਗੁਰੂ ਬਾਬੇ ਨਾਨਕ ਜੀ ਬੇਨਤੀ ਕਰੀ ਜੋ ਸਤਿ ਜੀ ਸਤਿ ਐਸਾ ਹੀ ਕੋਈ ਭਗਤੁ ਭੇਜਿਆ ਚਾਹੀਐ ਜੋ ਸੰਸਾਰ ਕਾ ਭਲਾ ਹੋਵੈ। ਤੇਰੀ ਬਾਣੀ ਕਾ ਬੀਚਾਰ ਕਰੈ ਸੰਸਾਰ ਸਮਝੈ॥ ਤਬ ਏਹੁ ਜੀ ਜਾਣਿ ਕੈ ਅਪਨਿ ਜਿ ਭਗਤੁ ਹੈ ਸੁਖਦੇਉ ਤਿਸ ਕਉ ਆਪਣੀ ਬਾਪਨਾ ਕੈ ਕਰਿ ਅਰੁ ਨਾਮ ਦਾਨੁ ਇਸਨਾਨੁ ਸੀਲੁ ਸੰਜਮੁ ਦਇਆ ਭਾਉ ਭਗਤਿ ਗਰੀਬੀ ਨਿਰਮੋਹ ਅਰੁ ਉਦਮੁ ਜਾਗਣੁ ਸਚੁ ਕੈ ਕਰਿ ਸੰਸਾਰ ਕੈ ਵਿਖੈ ਭੇਜਿਆ॥ ਜੈਸੇ ਵੇਦਾਂ ਕੇ ਅਰਥਿ ਕਰਣੇ ਕੀ ਨਿਮਤਿ ਪਰਮੇਸੁਰ ਰਖੀਸਰ ਕੈ ਗ੍ਰਿਹਿ ਠਾਕੁਰ ਜੀ ਬਿਆਸ ਕਉ ਭੇਜਿਆ ਥਾ।। ਤੈਸੇ ਹੀ ਭਗਤਾਂ ਕੀ ਬਾਣੀ ਕੈ ਅਰਥਿ ਕਰਣੇ ਕੀ ਨਿਮਿਤ ਸ੍ਰੀ ਠਾਕੁਰ ਜੀ ਸੁਖਦੇਉ ਭਗਤ ਕਉ ਭੇਜਿਆ॥ ਤਬ ਸੰਮਤ॥ 1638॥ ਮਾਘ ਸੁਦੀ ਬਸੰਤ ਪੰਚਮੀ ਕੈ ਦਿਨਿ ਸਵਾ ਪਹਰਿ ਰਾਤਿ ਰਹਦੀ ਸ੍ਰੀ ਗੁਰੂ ਸਾਹਿਬ ਜੀ ਕੈ ਗ੍ਰਿਹਿ ਸੋਢੀ ਕੈ ਬੰਸ ਮਾਤਾ ਸਾਹਿਬਾਣੀ ਭਗਵਾਨ ਕੈ ਉਦਰਿ ਤੇ ਸ੍ਰੀ ਬਾਬੇ ਨਾਨਕ ਜੀ ਕੇ ਪੰਥਿ ਮਹਿ ਸ੍ਰੀ ਸੁਖਦੇਉ ਭਗਤੁ ਸੰਸਾਰ ਕੈ ਉਧਾਰੁ ਕਰਨੇ ਕੀ ਨਿਮਤਿ ਆਇ ਅਉਤਾਰੁ ਲੀਆ।[3]

ਜਨਮ ਤੋਂ ਬਾਅਦ ਬਚਪਨ, ਬਾਲ ਅਵਸਥਾ, ਜਵਾਨੀ ਅਤੇ ਅੰਤਲੀ ਉਮਰ ਦੇ ਹਰ ਪੜਾ ਨੂੰ ਲੇਖਕ ਨੇ ਬੜੇ ਸੁੰਦਰ ਅਤੇ ਵਿਸਤ੍ਰਿਤ ਢੰਗ ਨਾਲ ਇਉਂ ਪੇਸ਼ ਕੀਤਾ ਹੈ ਕਿ ਨਾਇਕ ਦਾ ਸਮੁੱਚਾ ਜੀਵਨ ਸਪਸ਼ਟ ਰੂਪ ਵਿਚ ਉਘੱੜ ਕੇ ਸਾਹਮਣੇ ਆ ਜਾਂਦਾ ਹੈ। ਮਿਹਰਵਾਨ ਨੇ 38 ਸਾਲ ਦੀ ਉਮਰ ਵਿਚ ਕਾਂਗੜਾ ਆਦਿ ਪਹਾੜੀ ਰਿਆਸਤਾਂ ਦਾ ਜਿਹੜਾ

3. ਗੋ. ਗੁ. ਮਿ: (ਸੰਪ: ਡਾ: ਰਾਜਗੁਰੂ) ਪੰਨਾ 172.

ਰਟਨ ਕੀਤਾ ਉਸ ਦਾ ਵੀ ਬੜਾ ਸੁੰਦਰ ਅਤੇ ਵਿਸਤ੍ਰਿਤ ਜ਼ਿਕਰ ਕੀਤਾ ਗਿਆ ਹੈ। ਪਰ ਮਿਹਰਵਾਨ ਵੱਲੋਂ ਘੁੰਮੇ ਗਏ ਸਥਾਨ ਧਾਰਮਕ ਜਾਂ ਇਤਿਹਾਸਕ ਦ੍ਰਿਸ਼ਟੀ ਤੋਂ ਕੋਈ ਵਿਸ਼ੇਸ਼ ਮਹੱਤਵ ਨਾ ਰੱਖਣ ਕਾਰਨ ਲੱਭਣੇ ਆਸਾਨ ਨਹੀਂ।

ਇਸ ਜਨਮਸਾਖੀ ਵਿਚੋਂ ਉੱਭਰਦੀ ਨਾਇਕ ਦੀ ਸ਼ਖ਼ਸੀਅਤ ਬੜੀ ਪ੍ਰਭਾਵਸ਼ਾਲੀ ਹੈ। ਲੇਖਕ ਨੇ ਨਾਇਕ ਨੂੰ ਗੁਰੂ ਮੰਨ ਕੇ, ਉਸ ਨੂੰ ਅਵਤਾਰ ਬਣਾਉਣ ਲਈ ਆਦਰਸ਼ਕ ਤੇ ਕਰਾਮਾਤੀ ਕਿਸਮ ਦਾ ਪਾਤਰ ਬਣਾ ਕੇ ਪੇਸ਼ ਕੀਤਾ ਹੈ। ਪਰ ਫਿਰ ਵੀ ਸਮੁੱਚੇ ਤੌਰ ਤੇ ਮਿਹਰਵਾਨ ਦਾ ਪਾਤਰ ਉਸਾਰੀ ਇਤਨੀ ਯਥਾਰਥਕ ਹੈ ਕਿ ਉਸ ਦੀ ਸ਼ਖ਼ਸੀਅਤ ਦੇ ਬੌਧਿਕ ਅਧਿਆਤਮਿਕ ਅਤੇ ਦਾਰਸ਼ਨਿਕ ਪੱਖ ਸਪਸ਼ਟ ਰੂਪ ਵਿਚ ਉਘੜ ਕੇ ਸਾਹਮਣੇ ਆ ਜਾਂਦੇ ਹਨ। ਮਿਹਰਵਾਨ ਵੀ ਗੁਰੂ ਨਾਨਕ ਵਾਂਗ ਜਿਥੇ ਵਿਸ਼ੇਸ਼ ਉਦੇਸ਼ ਨਾਲ ਇਸ ਦੁਨੀਆਂ ਵਿਚ ਅਵਤਾਰ ਧਾਰਦਾ ਹੈ, ਉਥੇ ਅਧਿਆਤਮਿਕ ਜੀਵਨ ਜੀਉਂਦਿਆਂ ਉਪਦੇਸ਼ਕ ਅਤੇ ਗੁਰੂ ਘਰ ਦਾ ਪ੍ਰਚਾਰਕ ਵੀ ਹੋ ਨਿਬੜਦਾ ਹੈ। ਇਉਂ, ਇਸ ਰਚਨਾ ਵਿਚ ਮਿਹਰਵਾਨ ਦਾ ਬਹੁਪੱਖੀ ਸ਼ਖ਼ਸੀਅਤ ਬੜੇ ਸੁੰਦਰ, ਯਥਾਰਥਕ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਚਿੱਤਰੀ ਗਈ ਹੈ।

'ਗੋਸ਼ਟਾਂ ਗੁਰੂ ਮਿਹਰਵਾਨ' ਵਿਚ ਹਰਿਜੀ ਨੇ ਮਿਹਰਵਾਨ ਰਚਿਤ 'ਗੋਸ਼ਟਾਂ ਗੁਰੂ ਨਾਨਕ' ਵਾਲੀ ਸ਼ੈਲੀ ਨੂੰ ਹੀ ਅਪਣਾਇਆ ਹੈ। ਗੁਰੂ ਨਾਨਕ ਵਾਂਗ, ਜਨਮ ਤੋਂ ਹੀ ਮਿਹਰਵਾਨ ਨੂੰ ਵੀ ਅਵਤਾਰ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਇਨ੍ਹਾਂ 45 ਗੋਸ਼ਟਾਂ ਵਿਚ ਨਾਇਕ ਦੀ ਸ਼ਖ਼ਸੀਅਤ ਨੂੰ ਗੁਰੂ ਨਾਨਕ ਵਾਂਗ ਲਗਭਗ ਉਸੇ ਰੂਪ ਵਿਚ ਚਿੱਤਰਿਆ ਹੈ। ਮਿਹਰਵਾਨ ਰਚਨਾ ਵਾਂਗ ਇਸ ਦੀ ਹਰ ਗੋਸ਼ਟ ਦੇ ਅੰਤ ਉਤੇ ਵੀ ਇਕ ਇਕ ਸ਼ਲੋਕ ਦੇਂਦਿਆਂ, ਉਸ ਗੋਸ਼ਟ ਦਾ ਕੇਂਦਰੀ ਭਾਵ ਪੇਸ਼ ਕੀਤਾ ਗਿਆ ਹੈ। ਇਨ੍ਹਾਂ ਗੋਸ਼ਟਾਂ ਦੀ ਭਾਸ਼ਾ ਭਾਵੇਂ ਮਿਹਰਵਾਨ ਦੀ ਭਾਸ਼ਾ ਨਾਲ ਕਾਫ਼ੀ ਮਿਲਦੀ ਹੈ ਪਰ ਫਿਰ ਵੀ ਇਸ ਉਤੇ ਖੜੀ ਬੋਲੀ ਦਾ ਪ੍ਰਭਾਵ ਵਧੇਰੇ ਹੈ।

ਸਮੁੱਚੇ ਤੌਰ ਤੇ 'ਗੋਸ਼ਟਾਂ ਗੁਰੂ ਮਿਹਰਵਾਨ' ਹਰਿਜੀ ਦੀ ਇਕ ਉਹ ਮਹੱਤਪੂਰਣ ਰਚਨਾ ਹੈ ਜੋ ਸਭ ਤੋਂ ਵੱਧ ਭਰੋਸੋਯੋਗ ਜੀਵਨੀ ਹੋਣ ਕਾਰਨ, ਪੰਜਾਬੀ ਜੀਵਨੀ ਸਾਹਿੱਤ ਵਿਚ ਵਿਸ਼ੇਸ਼ ਸਥਾਨ ਰੱਖਦੀ ਹੈ।

### (2) "ਸੁਖਮਨੀ ਸਹੰਸਰਨਾਮ"

'ਸੁਖਮਨੀ ਸਹੰਸਰਨਾਮ' ਹਰਿਜੀ ਦੀ ਇਕ ਹੋਰ ਪ੍ਰਸਿੱਧ ਵਾਰਤਕ ਰਚਨਾ ਹੈ ਜਿਸ ਵਿਚ ਉਸ ਨੇ ਹਿੰਦੂ ਅਵਤਾਰਾਂ ਦਾ ਜਸ ਗਾਉਂਦਿਆਂ ਪਾਰਬ੍ਰਹਮ ਦੇ ਸੈਂਕੜੇ ਨਾਂ ਗਿਣਨ ਦਾ ਯਤਨ ਕੀਤਾ ਹੈ। ਇਸ ਰਚਨਾ ਦੀਆਂ ਕੁਝ ਨਕਲਾਂ ਹੇਠ ਲਿਖੇ ਅਨੁਸਾਰ ਵੱਖ ਵੱਖ

ਪੁਸਤਕਾਲਿਆਂ ਵਿਚ ਪ੍ਰਾਪਤ ਹਨ:-

| ਹੱਥ ਲਿਖਤ ਨੰ: | ਪੁਸਤਕਾਲੈ : |
|---|---|
| 2914 ਅਤੇ 692 | ਸੈ:ਸ:ਲਾ: ਪਟਿਆਲਾ। |
| 7 - | ਗੁਰੂ ਨਾਨਕ ਯੂ: ਲਾ: ਅੰਮ੍ਰਿਤਸਰ। |
| 1194 - | ਪੰਜਾਬ ਯੂ: ਲਾਇਬਰੇਰੀ ਚੰਡੀਗੜ੍ਹ। |
| 5195 ਅਤੇ 6786 | ਸਿ:ਰੈ:ਲਾ: ਅੰਮ੍ਰਿਤਸਰ। |

ਇਨ੍ਹਾਂ ਤੋਂ ਇਲਾਵਾ ਗਿਆਨੀ ਗੁਰਦਿੱਤ ਸਿੰਘ, ਪ੍ਰਿੰ: ਪ੍ਰੀਤਮ ਸਿੰਘ, ਅੰਮ੍ਰਿਤਸਰ ਅਤੇ ਕ੍ਰਿਸ਼ਨਾ ਕੁਮਾਰੀ ਬਾਂਸਲ, ਸੰਗਰੂਰ ਦੇ ਨਿੱਜੀ ਪੁਸਤਕਾਲਿਆਂ ਵਿਚ ਵੀ ਇਸ ਦੀਆਂ ਨਕਲਾਂ ਪ੍ਰਾਪਤ ਹਨ। ਇਸ ਰਚਨਾ ਦੀਆਂ ਬਹੁਤ ਸਾਰੀਆਂ ਕਥਾਵਾਂ ਸੁਤੰਤਰ ਨਕਲਾਂ ਦੇ ਰੂਪ ਵਿਚ ਮਿਲਦੀਆਂ ਹਨ।

<u>ਕਰਤ੍ਰਿਤ</u> :-

ਪੋਥੀ ਦੇ ਆਰੰਭ ਵਿਚ ਇਸ ਦੇ ਲਿਖੇ ਜਾਣ ਦੀ ਮਿਤੀ ਅਤੇ ਲੇਖਕ ਸੰਬੰਧੀ ਇਉਂ ਸੂਚਨਾ ਦਿੱਤੀ ਗਈ ਹੈ:-

> ੧ਓ ਸ੍ਰੀ ਸਤਿ ਗੁਰੂ ਪ੍ਰਸਾਦਿ॥ ਸੰਮਤ ॥ 1722॥ ਇਕੀ ਮੰਘਰ ਸੁਦੀ॥ ਏਕਾਮ ਨੋਂ ਸੁਖਮਨੀ ਸਹੰਸ੍ਰਨਾਮ ਮਹਲ ਅਠਵੇਂ ਕਾ ਪਰਕਾਰਥ ਸਾਂਥ ਲਿਖਣੇ ਕਾ ਆਰੰਭ ਭੈਆ॥ ਸ੍ਰੀ ਸਤਿਗੁਰੂ ਮਿਹਰਵਾਨ ਜੀ ਕੀ ਆਗਿਆ ਸਾਂਥ ਹੋਇਆ॥ ਹਜੂਰਿ ਹੋਤੇ ਹੁਕਮ ਹੋਆ ਸੀ ਜਿ ਜਬ ਹਮ ਦਰਗਾਹ ਕਉ ਚਲਹਿਗੇ ਤਬ ਤੁਮਰੇ ਮੁਖ ਤੇ ਕਹਾਵਹਿਗੇ ਜਿਤੁ ਸੰਸਾਰ ਕਾ ਭਲਾ ਹੋਵੈ।
>
> ਇਸ ਰਚਨਾ ਦੇ ਅੰਤ ਤੇ ਇਹ ਸੂਚਨਾ ਹੈ ਕਿ:-
>
> ਸੁਖਮਨੀ ਸਹੰਸਰਨਾਮਾ ਅਰਥਿ ਨਾਲ ਸੰਪੂਰਨ ਲਿਖਿਆ ਸ੍ਰੀ ਸਤਿਗੁਰ ਜੀ ਕੇ ਪ੍ਰਸਾਦਿ॥ ਜੋ ਕੋਈ ਇਸ ਸੁਖਮਨੀ ਸਹਸ੍ਰਨਾਮੇ ਕਉ ਪੜੈ ਲਿਖੈ ਗਾਵੈ ਸੁਣੈ ਚਿਤ ਲਾਇਕੈ ਤਿਸ ਕੇ ਸਗਲੇ ਕਾਰਜ ਈਹਾਂ ਊਹਾਂ ਦੇ ਸਿੱਧ ਹੋਵਹਿਗੇ।[4]

---

4. ਹ: ਲਿ: ਨੰ: 7, ਗੁ: ਨਾ. ਯੂ: ਲਾ: ਅੰਮ੍ਰਿਤਸਰ, ਪੰ. 406.

'ਏਹਿ ਜੋ ਅਠਾਈਸ ਅਵਤਾਰਾਂ ਕੀ ਮਹਿਮਾ ਲਿਖੀ ਹੈ ਏਹੁ ਪੂਰੇਗੁਰੂ ਕੀਏ ਹੈਂ। ਗੁਰੂ ਮਿਹਰਵਾਨ ਆਪੇ ਹੀ ਲਿਖਿ ਕਰਿ ਦੀਏ ਹੈਂ॥ ਸਹੰਸ੍ਰਨਾਮ ਕੇ ਵਿਖੇ ਉਸਕਾ ਜਸੁ ਜਪਤਾ ਹੈ...।'[5]

ਇਸ ਰਚਨਾ ਵਿਚ ਮਿਹਰਵਾਨ ਰਚਿਤ ਕਾਵਿ ਸੁਖਮਨੀ ਦੀਆਂ ਪਉੜੀਆਂ ਸ਼ਾਮਲ ਹਨ ਜਿਨ੍ਹਾਂ ਦੀ ਵਿਆਖਿਆ ਕਰਦਿਆਂ ਹੀ ਹਰਿਜੀ ਨੇ ਇਨ੍ਹਾਂ ਕਥਾਵਾਂ ਦੀ ਉਸਾਰੀ ਕੀਤੀ ਹੈ। ਮਿਹਰਵਾਨ ਦੀਆਂ ਪਉੜੀਆਂ ਦੇ ਅੰਤ ਉਤੇ ਉਸ ਦੀ ਕਵੀ-ਛਾਪ 'ਦਾਸ ਨਾਨਕ' ਜਾਂ 'ਨਾਨਕ ਦਾਸ' ਸਪਸ਼ਟ ਰੂਪ ਵਿਚ ਅੰਕਿਤ ਹੈ ਜਿਵੇਂ:

ਜੈਸੇ ਗੁਰੂ ਮਿਹਰਵਾਨ ਜੀ ਕਹਿਆ ਹੈ॥
ਪਉੜੀ॥ ਰਾਮ ਦੂਜੜੀ ਲਾਵ ਜਗੁ ਤ੍ਰੇਤਾ ਭੀ ਥਾਪਿਆ ਬਲਿਰਾਮ ਜੀ॥
ਜਪਤ ਸੀਤਾ ਨਾਮ ਪ੍ਰਭ ਕਾ ਮਿਲੀ ਰਾਮ ਪਿਆਰਿਆ॥
..............................
ਦਾਸ ਕਹੈ ਨਾਨਕ ਲਾਵ ਦੂਜੀ ਸੀਤਾ ਰਾਮ ਵਿਆਹਿਆ॥[6]

ਹਰਿਜੀ ਦੇ ਇਸ ਹਵਾਲੇ ਕਿ 'ਸੁਖਮਨੀ ਸਹੰਸਰਨਾਮ ਅਰਥਿ ਸਾਥਿ ਸੰਪੂਰਨ ਲਿਖਿਆ' ਤੋਂ ਸਪਸ਼ਟ ਹੈ ਕਿ ਕਿਸੇ ਪਹਿਲਾਂ ਰਚੀ ਜਾ ਚੁੱਕੀ ਕਾਵਿ-ਰਚਨਾ ਦੇ ਹੀ ਅਰਥ ਪੇਸ਼ ਕੀਤੇ ਜਾ ਰਹੇ ਹਨ।

ਡਾ: ਜੱਗੀ ਅਨੁਸਾਰ ਵੀ "ਸੋਢੀ ਮਿਹਰਵਾਨ ਨੇ ਗੁਰੂ ਅਰਜਨ ਰਚਿਤ ਸੁਖਮਨੀ ਦੇ ਸਮਾਨਾਂਤਰ ਜੋ ਸੁਖਮਨੀ ਸਹੰਸਰਨਾਮ ਲਿਖਿਆ, ਪ੍ਰਸਤੁੱਤ ਰਚਨਾ ਵਿਚ ਹਰਿਜੀ ਨੇ ਉਸੇ ਦਾ ਵਿਸਥਾਰਕ ਵਾਰਤਕ ਪਰਮਾਰਥ ਲਿਖ ਕੇ ਇਸ ਨੂੰ ਆਪਣੀ ਸੰਸਥਾ ਦੇ ਸਿਧਾਂਤਕ ਗ੍ਰੰਥ ਦਾ ਰੂਪ ਦਿੱਤਾ।[7]

ਡਾ: ਗੋਵਿੰਦਨਾਥ ਰਾਜਗੁਰੂ ਦਾ ਵੀ ਇਹੋ ਵਿਚਾਰ ਹੈ ਕਿ ਸੁਖਮਨੀ ਸਹੰਸਰਨਾਮੇ ਦਾ ਅਸ਼ਟਪਦੀ ਭਾਗ ਸੋਢੀ ਮਿਹਰਵਾਨ ਦੀ ਰਰਚਨਾ ਹੈ।

'ਸੁਖਮਨੀ ਸਹੰਸਰਨਾਮਾ' ਦੀ ਇਕ ਪੁਰਾਤਨ ਹਥ ਲਿਖਤ ਦੇ ਆਰੰਭ ਵਿਚ ਇਹ ਸੂਚਨਾ ਮਿਲਦੀ ਹੈ "ਸੁਖਮਨਾ ਗੁਰੂ ਮਿਹਰਵਾਨੁ ਜੀ ਕਾ ਕਥਾ ਅਵਤਾਰਾਂ ਕੀ।"[8]

---

5. ਹ: ਲਿ: ਨੰ: 5195, ਸਿ: ਰੈ: ਲਾ: ਅੰਮ੍ਰਿਤਸਰ, ਪੰ. 446.
6. ਹੱਥ ਲਿ: ਨੰ: 1194, ਯੂ: ਲਾ: ਚੰਡੀਗੜ੍ਹ, ਪੰਨਾ 193.
7. ਪੰਜਾਬੀ ਦੁਨੀਆਂ, ਦਸੰਬਰ 1974, ਪੰਨਾ 10.
8. ਹੱਥ ਲਿਖਤ ਨੰ: 692, ਸੈ: ਪ: ਲਾ:, ਪਟਿਆਲਾ।

ਸੋ ਇਨ੍ਹਾਂ ਉਪਰੋਕਤ ਹਵਾਲਿਆਂ ਅਤੇ ਇਸ਼ਾਰਿਆਂ ਤੋਂ ਸਪਸ਼ਟ ਹੈ ਕਿ ਹਰਿਜੀ ਨੇ ਮਿਹਰਵਾਨ ਰਚਿਤ ਕਾਵਿ-ਸੁਖਮਨੇ ਦੀ ਹੀ ਵਿਸਤ੍ਰਿਤ ਵਿਆਖਿਆ ਕਰਦਿਆਂ ਨਿਰੰਜਨ ਨਿਰੰਕਾਰ ਦੇ ਅਨੇਕਾਂ ਗੁਣਾਂ ਦਾ ਯਤਨ ਕੀਤਾ ਹੈ।

<u>ਸ਼ੈਲੀ</u> :-

ਇਸ ਰਚਨਾ ਦੀਆਂ ਕਥਾਵਾਂ ਵਿਚ ਹਰਿਜੀ ਨੇ ਸੋਢੀ ਮਿਹਰਵਾਨ ਵਾਲੀ ਸ਼ੈਲੀ ਹੀ ਅਪਣਾਈ ਹੈ। ਥਾਂ ਥਾਂ ਤੇ ਨਿਰੰਜਨ ਨਿਰੰਕਾਰ ਦੀ ਉਸਤਤੀ ਵਿਚ ਲਿਖੇ ਸ਼ਲੋਕ ਪਉੜੀਆਂ ਅਤੇ ਅਸ਼ਟਪਦੀਆਂ ਦੇ ਕੇ ਉਨ੍ਹਾਂ ਦੇ ਪਰਮਾਰਥ ਕੀਤੇ ਹਨ। ਹਰ ਕਥਾ ਦੇ ਅੰਤ ਤੇ ਮਿਹਰਵਾਨ ਵਾਂਗ ਹਰਿਜੀ ਨੇ ਵੀ ਇਕ ਇਕ ਸ਼ਲੋਕ ਦੇ ਕੇ ਉਸ ਕਥਾ ਦਾ ਕੇਂਦਰੀ ਭਾਵ ਪੇਸ਼ ਕਰਨ ਦਾ ਯਤਨ ਕੀਤਾ ਹੈ। ਹਰਿਜੀ ਦੀ ਭਾਸ਼ਾ ਵੀ ਪੌਰਾਣਿਕ ਸਾਹਿੱਤ ਤੋਂ ਪ੍ਰਭਾਵਿਤ ਹੈ। ਸੰਸਕ੍ਰਿਤ ਦੇ ਤਦਭਵ ਤੇ ਤਤਸਮ ਸ਼ਬਦਾਂ ਦੀ ਭਰਮਾਰ ਤੇ ਖੜੀ ਬੋਲੀ ਤੇ ਸਾਧ ਭਾਖਾ ਦਾ ਵੀ ਕਾਫ਼ੀ ਪ੍ਰਭਾਵ ਹੈ।

ਸਮੁੱਚੇ ਤੌਰ ਤੇ ਵਿਸ਼ੇ, ਦ੍ਰਿਸ਼ਟੀ, ਸ਼ੈਲੀ ਅਤੇ ਭਾਸ਼ਾ ਦੇ ਪੱਖੋਂ ਇਸ ਰਚਨਾ ਨੂੰ ਦੇਖਦਿਆਂ ਇਹ ਹਰਿਜੀ ਦੀ ਇਕ ਮਹੱਤਪੂਰਣ ਰਚਨਾ ਮੰਨੀ ਜਾ ਸਕਦੀ ਹੈ ਜਿਸ ਵਿਚ ਉਸ ਨੇ ਆਪਣੀਆਂ ਪਰੰਪਰਾ ਦੀਆਂ ਧਾਰਨਾਵਾਂ ਅਤੇ ਵਿਸ਼ਵਾਸ਼ਾਂ ਦਾ ਪ੍ਰਚਾਰ ਕੀਤਾ ਹੈ।

(3) <u>ਸਿੰਘਾਸਨ ਬਤੀਸੀ</u> :-

'ਸਿੰਘਾਸਨ ਬਤੀਸੀ' ਨਾਂ ਦੀ ਇਕ ਹੋਰ ਅਜਿਹੀ ਰਚਨਾ ਮਿਲਦੀ ਹੈ ਜਿਸ ਵਿਚ ਰਾਜਾ ਭੋਜ ਦੇ ਪਿਤਾ ਰਾਜ ਬਿਕ੍ਰਮਾਦਿਤ ਦੇ ਸਿੰਘਾਸਨ ਤੇ ਬੈਠਣ ਦੀ ਕਾਲਪਨਿਕ ਕਥਾ, ਪੌਰਾਣਿਕ ਸ਼ੈਲੀ ਵਿਚ ਪੇਸ਼ ਕੀਤੀ ਗਈ ਹੈ। ਇਸ ਰਚਨਾ ਵਿਚ 32 ਕਥਾਵਾਂ ਹਨ ਜਿਨਾਂ ਵਿਚ ਇਕ ਇਕ ਪੁਤਲੀ ਭੋਜ ਨੂੰ ਰਾਜ ਬਿਕ੍ਰਮਾਦਿਤ ਸੰਬੰਧੀ ਇਕ ਇਕ ਕਥਾ ਸੁਣਾਉਂਦੀ ਹੈ।

'ਸਿੰਘਾਸਨ ਬਤੀਸੀ' ਸੰਸਕ੍ਰਿਤ ਕਥਾ ਸਾਹਿੱਤ ਦੀ ਇਕ ਲੋਕ-ਪ੍ਰਿਯ ਰਚਨਾ 'ਸਿਹਾਸਨ ਦਾਤ੍ਰਿਸ਼ਿਕਾ' ਦਾ ਪੰਜਾਬੀ ਰੂਪ ਹੈ। ਡਾ: ਬੀ. ਜੈ. ਹਸਰਤ ਅਨੁਸਾਰ ਇਸ ਦੇ ਫ਼ਾਰਸੀ ਵਿਚ ਕਈ ਅਨੁਵਾਦ ਹੋ ਚੁੱਕੇ ਹਨ। ਪੰਜਾਬੀ ਵਿਚ ਇਸ ਦੇ ਪੰਜ ਅਨੁਵਾਦ ਮਿਲਦੇ ਹਨ। ਇਨ੍ਹਾਂ ਵਿਚੋਂ ਕਵੀ, ਪ੍ਰਹਿਲਾਦ, ਲਾਲ ਜਮੀਅਤ ਰਾਇ ਸੁਨੀਮੀ, ਕੀਰਤ

ਸਿੰਘ ਅਤੇ ਰਾਮ ਨਾਥ ਯੋਇਸੀ ਦੇ ਕੀਤੇ ਰਾਹ ਕਾਵਿ ਅਨੁਵਾਦ ਹਨ। ਇਕ ਵਾਰਤਕ ਵਿਚ ਖੁੱਲਾ ਅਨੁਵਾਦ ਪ੍ਰਾਪਤ ਹੈ। ਇਸ ਲਿਖਤ ਦੀਆਂ ਨਕਲਾਂ ਹੇਠ ਲਿਖੇ ਅਨੁਸਾਰ ਪ੍ਰਾਪਤ ਹਨ

| ਹੱਥ ਲਿਖਤ ਨੰ: | | ਪੁਸਤਕਾਲੇ: |
|---|---|---|
| 977 | - | ਪੰਜਾਬੀ ਭਵਨ ਲੁਧਿਆਣਾ। |
| 338 | - | ਪੰ:ਰਾਜ ਪੁਰਾਤੱਤਵ ਵਿਭਾਗ, ਪਟਿਆਲਾ। |
| 66 | - | ਪ੍ਰੋ: ਪ੍ਰੀਤਮ ਸਿੰਘ। |

ਇਸ ਰਚਨਾ ਨੂੰ ਕਈ ਖੋਜੀ ਵਿਦਵਾਨ ਸੋਢੀ ਮਿਹਰਵਾਨ ਦੀ ਰਚਨਾ ਮੰਨਦੇ ਹਨ। ਸਮਸ਼ੇਰ ਸਿੰਘ ਅਸ਼ੋਕ ਅਨੁਸਾਰ ਇਹ ਮਿਹਰਵਾਨ ਦੀ ਰਚਨਾ ਹੈ।[9] ਡਾ: ਰਾਜਗੁਰੂ ਅਨੁਸਾਰ ਇਹ ਅਨਿਸ਼ਚਿਤ ਰਚਨਾ ਹੈ, ਜਿਸ ਦਾ ਲੇਖਕ ਨਿਸ਼ਚਿਤ ਨਹੀਂ ਕੀਤਾ ਜਾ ਸਕਦਾ।[10] ਡਾ: ਮੋਹਨ ਸਿੰਘ ਅਨੁਸਾਰ ਇਹ ਮੁਗਲ ਸਮੇਂ ਦੇ ਅੰਤ ਦੀ ਰਚਨਾ ਹੈ।[11] ਡਾ: ਪਿਆਰ ਸਿੰਘ ਅਨੁਸਾਰ ਇਹ ਹਰਿਜੀ ਦੇ ਕਿਸੇ ਚੇਲੇ ਦੀ ਰਚਨਾ ਹੈ ਜੋ ਉਸ ਨੇ ਹਰਿਜੀ ਦੀ ਨਿਗਰਾਨੀ ਵਿਚ ਲਿਖੀ।[12] ਪਰ ਸਾਡੇ ਮੱਤ ਅਨੁਸਾਰ ਇਹ ਰਚਨਾ ਸੋਢੀ ਮਿਹਰਵਾਨ ਦੀ ਨਹੀਂ, ਸਗੋਂ ਉਸਦੇ ਪੁੱਤਰ ਹਰਿਜੀ ਦੀ ਹੈ। ਮਿਹਰਵਾਨ ਵਾਂਗ ਹੀ ਇਸ ਦੇ ਲੇਖਕ ਨੇ ਹਰ ਕਥਾ ਦੇ ਅੰਤ ਉਤੇ ਸ਼ਲੋਕ ਦੇਂਦਿਆਂ ਉਸ ਕਥਾ ਦਾ ਕੇਂਦਰੀ ਭਾਵ ਪੇਸ਼ ਕਰਨ ਦਾ ਯਤਨ ਕੀਤਾ ਹੈ। ਇਨ੍ਹਾਂ ਸ਼ਲੋਕਾਂ ਵਿਚ ਸਪਸ਼ਟ ਰੂਪ ਵਿਚ 'ਜਨ ਨਾਨਕ' ਜਾਂ ਕੇਵਲ 'ਨਾਨਕ' ਦੀ ਕਾਵਿ-ਛਾਪ ਦਿੱਤੀ ਗਈ ਹੈ ਜੋ ਮਿਹਰਵਾਨ ਦੀ ਨਹੀਂ, ਸਗੋਂ ਹਰਿਜੀ ਦੀ ਛਾਪ ਹੈ, ਜਿਵੇਂ:-

ਸਲੋਕ॥ ਪਰਉਪਕਾਰੀ ਆਪ ਹੈ ਸਭਿ ਜੀਵਾਂ ਕਾ ਦਾਤਾਰੁ॥
ਨਿਰਾਧਾਰਾ ਪ੍ਰਭੁ ਆਪ ਹੈ ਸਭਿ ਜਗਿ ਕਾ ਆਧਾਰਿ॥

.................................

ਆਪੇ ਆਪ ਵਰਤਦਾ ਪ੍ਰਭੁ ਆਪਣੇ ਆਪ ਮਝਾਰਿ॥
ਤਿਸ ਬਿਨ ਦੂਜਾ ਨਾਹਿ ਕੋ 'ਜਨ ਨਾਨਕ' ਅਪਰ ਅਪਾਰਿ॥[13]

---

9. 'ਸੋਢੀ ਮਿਹਰਵਾਨ: ਜੀਵਨ ਤੇ ਸਾਹਿੱਤ', ਪੰਨਾ 79.
10. 'ਗੁਰਮੁਖੀ ਲਿਪੀ ਮੇਂ ਹਿੰਦੀ ਗੱਦ, ਪੰਨਾ 51.
11. 'A History of Panjabi Literature', p-65.
12. 'A Critical Survey of Pbi Prose in the 17th Century, (Thesis) p-161.
13. ਹੱਥ ਲਿ: ਨੰ: 977, ਪੰਜਾਬੀ ਭਵਨ, ਲੁਧਿਆਣਾ, ਪੰਨਾ 17.

ਕਿਸੇ ਇਕ ਵੀ ਸ਼ਲੋਕ ਵਿਚ ਮਿਹਰਵਾਨ ਦਾ ਕਾਵਿ-ਛਾਪ 'ਨਾਨਕ ਦਾਸ' ਜਾਂ 'ਦਾਸ ਨਾਨਕ' ਦੀ ਵਰਤੋਂ ਨਹੀਂ ਕੀਤੀ ਗਈ।

ਇਸ ਰਚਨਾ ਦੇ ਅੰਤ ਉਤੇ ਇਹ ਸੂਚਨਾ ਦਿੱਤੀ ਗਈ ਹੈ ਕਿ

"ਪੁਤਲੀਆਂ ਬਤੀਸਿ ਰਾਜੇ ਬਿਕ੍ਰਮਾ ਜੀਤ ਕੀਆ ਸਪੂਰਨੁ ਭਇਆ ਸ੍ਰੀ ਸਤਿਗੁਰੂ ਜੀ ਕੈ ਪ੍ਰਸਾਦਿ॥"

ਇਸ ਸਤਰ ਵਿਚ ਆਇਆ 'ਸ੍ਰੀ ਸਤਿਗੁਰੂ' ਵਿਸ਼ੇਸ਼ਣ ਸੋਢੀ ਮਿਹਰਵਾਨ ਲਈ ਵਰਤਿਆ ਗਿਆ ਹੈ। ਹਰਿਜੀ ਵਲੋਂ 'ਸੁਖਮਨੇ ਸਹੰਸਰਨਾਮੇ' ਅਤੇ 'ਗੋਸ਼ਟ' ਮਿਹਰਵਾਨ ਜੀ ਕੀਆ' ਵਿਚ ਵੀ ਮਿਹਰਵਾਨ ਲਈ ਥਾਂ ਥਾਂ ਇਸੇ ਵਿਸ਼ੇਸ਼ਣ ਦੀ ਵਰਤੋਂ ਕੀਤੀ ਗਈ ਹੈ। ਇਸ ਤੋਂ ਵੀ ਸਪਸ਼ਟ ਹੈ ਕਿ ਇਹ ਰਚਨਾ ਮਿਹਰਵਾਨ ਦੀ ਨਹੀਂ ਸਗੋਂ ਹਰਿਜੀ ਦੀ ਹੈ। ਇਸ ਰਚਨਾ ਦੀ ਸ਼ੈਲੀ ਅਤੇ ਵਿਸ਼ੇਸ਼ ਕਰ ਖੜੀ ਬੋਲੀ ਅਤੇ ਸਾਧ ਭਾਖਾ ਤੋਂ ਪ੍ਰਭਾਵਿਤ ਭਾਸ਼ਾ ਵੀ ਇਸ ਨੂੰ ਹਰਿਜੀ ਰਚਨਾ ਹੀ ਸਾਬਤ ਕਰਦੀ ਹੈ।

2. <u>ਕਾਵਿ-ਰਚਨਾ</u> :-

(1) <u>ਸ਼ਬਦ</u> :-

ਹਰਿਜੀ ਦੀ ਪ੍ਰਾਪਤ ਕਾਵਿ ਰਚਨਾ ਵਿਚ ਮਹਲਾ-9 ਅਧੀਨ ਲਿਖੇ ਉਸ ਦੇ ਸ਼ਬਦ ਵਿਸ਼ੇਸ਼ ਮਹੱਤਵ ਰਖਦੇ ਹਨ। 'ਸੁਖਮਨੀ ਸਹੰਸਰਨਾਮ' ਵਿਚ ਉਸ ਦੇ ਲਿਖੇ ਕਈ ਸ਼ਬਦ ਮਿਲਦੇ ਹਨ। ਇਨ੍ਹਾਂ ਤੋਂ ਇਲਾਵਾ ਮਾਰੂ ਸੋਹਿਲੇ ਦੇ ਆਧਾਰ ਤੇ ਲਿਖੇ ਸ਼ਬਦ ਵੀ ਪ੍ਰਾਪਤ ਹਨ। ਡਾ: ਗੰਡਾ ਸਿੰਘ ਦੇ ਨਿੱਜੀ ਪੁਸਤਕਾਲੇ ਵਿਚ ਪਈ ਇਕ ਹੱਥ ਲਿਖਤ ਵਿਚ ਵੀ ਲੇਖਕ ਦੇ ਕੁਝ ਸ਼ਬਦ ਸ਼ਾਮਲ ਹਨ।[14]

(2) <u>ਸ਼ਲੋਕ</u> :-

ਹਰਿਜੀ ਦੀ ਕਾਵਿ ਰਚਨਾ ਦਾ ਦੂਜਾ ਪ੍ਰਸਿੱਧ ਕਾਵਿ ਰੂਪ 'ਸ਼ਲੋਕ' ਹੈ ਸੋਢੀ ਮਿਹਰਵਾਨ ਵਾਂਗ ਹਰਿਜੀ ਨੇ ਵੀ ਬਹੁਤ ਸਾਰੇ ਸ਼ਲੋਕਾਂ ਦੀ ਰਚਨਾ ਕੀਤੀ ਹੈ। ਇਨ੍ਹਾਂ ਵਿਚੋਂ ਬਹੁਤੇ ਸ਼ਲੋਕ ਲੇਖਕ ਵਲੋਂ ਲਿਖੀਆਂ ਗਈਆਂ ਗੋਸ਼ਟੀ ਜਾਂ ਕਥਾਵਾਂ ਦੇ ਅੰਤ ਉਤੇ ਦਿੱਤੇ ਗਏ ਮਿਲਦੇ ਹਨ।

---

14. ਹੱਥ ਲਿਖਤ ਨੰ: 160- ਹੱਥ ਲਿਖਤਾਂ ਦੀ ਪੁਸਤਕ ਸੂਚੀ (ਭਾਗ ਦੂਜਾ) ਦੇ ਪੰਨਾ 143 ਉੱਤੇ ਉੱਧ੍ਰਿਤ।

'ਸੁਖਮਨੀ ਸਹੰਸਰਨਾਮ' ਦੀਆਂ ਤੀਹ ਗੋਸ਼ਟੀਆਂ ਵਿਚ ਅਤੇ ਉਨ੍ਹਾਂ ਦੇ ਅੰਤ ਉਤੇ ਹਰਿਜੀ ਲਿਖਤ ਸ਼ਲੋਕ ਹਨ ਜਿਨ੍ਹਾਂ ਵਿਚ ਲੇਖਕ ਨੇ ਆਪਣਾ ਕਾਵਿਛਾਪ 'ਜਨ ਨਾਨਕ' ਵਰਤੀ ਹੈ ਜਿਵੇਂ:

ਨਿਰਗੁਣ ਸਰਗੁਣੁ ਏਕ ਹੈ ਬੀਜ ਮੰਤ੍ਰ ਸੰਸਾਰ।

<u>ਜਨ ਨਾਨਕ</u> ਸਹਿਜੈ ਓਅੰਕਾਰ ਜੁਗ ਛਤ੍ਰੀਹ ਦਿਨੁ ਬਿਸਾਥਾਰ॥[15]

'ਸੁਖਮਨੀ ਸਹੰਸਰਨਾਮੇ' ਵਾਂਗ ਹੀ 'ਗੋਸ਼ਟਾਂ' ਗੁਰੂ ਮਿਹਰਵਾਨ ਜੀ ਕੀਆਂ' ਦੀਆਂ 45 ਗੋਸ਼ਟੀ ਦੇ ਅੰਤ ਉਤੇ ਇਕ ਇਕ ਜਾਂ ਦੋ ਦੋ ਸ਼ਲੋਕ ਦਿੱਤੇ ਗਏ ਹਨ ਜਿਨ੍ਹਾਂ ਵਿਚ ਉਸ ਗੋਸ਼ਟ ਦਾ ਕੇਂਦਰੀ ਭਾਵ ਪੇਸ਼ ਕਰਨ ਦਾ ਯਤਨ ਕਰਦਿਆਂ ਗੁਰੂ ਮਿਹਰਵਾਨ ਦੀ ਉਸਤਤੀ ਕੀਤੀ ਗਈ ਹੈ ਜਿਵੇਂ:

ਆਪਣਾ ਕਾਰਣੁ ਜਾਣਿ ਕਰਿ ਕ੍ਰਿਪਾਲ ਹੋਆ ਭਗਵੰਤ॥
ਜਗਤ ਉਧਾਰਣਿ ਕਾਰਨੇ ਭੇਜਿਆ ਅਪਨਾ ਸੰਤ॥
ਜਿਹ ਦਰਸਨਿ ਗਤਿ ਪਾਈਐ ਜਨੁ ਨਾਨਕ ਤਿਸੁ ਜੰਪਤ॥[16]

ਗੋਸ਼ਟੀ ਜਾਂ ਕਥਾਵਾਂ ਦੇ ਅੰਤ ਉਤੇ ਸ਼ਲੋਕ ਲਿਖਣ ਤੋਂ ਇਲਾਵਾ ਹਰਿਜੀ ਨੇ ਸੁਤੰਤਰ ਰੂਪ ਵਿਚ ਵੀ ਕਾਫ਼ੀ ਸ਼ਲੋਕਾਂ ਦੀ ਰਚਨਾ ਕੀਤੀ ਹੈ ਜੋ ਹੇਠ ਲਿਖੀਆਂ ਹੱਥ ਲਿਖਤਾਂ ਵਿਚ ਪ੍ਰਾਪਤ ਹਨ:-

ਹ:ਲਿ:ਨੰ: 7258 - ਸਿ:ਰੈਫ਼:ਲਾ:ਅੰਮ੍ਰਿਤਸਰ
ਹ:ਲਿ:ਨੰ: 160 - ਡਾ: ਗੰਡਾ ਸਿੰਘ, ਪਟਿਆਲਾ।

3. <u>ਪਉੜੀਆਂ</u> :

ਸ਼ਬਦਾਂ ਅਤੇ ਸ਼ਲੋਕਾਂ ਵਾਂਗ ਹਰਿਜੀ ਰਚਿਤ ਕੁਝ ਪਉੜੀਆਂ ਵੀ ਹੇਠ ਲਿਖੀਆਂ ਹੱਥ ਲਿਖਤਾਂ ਵਿਚ ਪ੍ਰਾਪਤ ਹਨ:

ਹ:ਲਿ: ਨੰ: 2914 - ਕੇ.ਪ.ਲਾ:ਪਟਿਆਲਾ।
ਹ:ਲਿ:ਨੰ: 7258 - ਸਿ:ਰੈ:ਲਾ:ਅੰਮ੍ਰਿਤਸਰ।

ਇਸ ਤੋਂ ਇਲਾਵਾ 'ਸ੍ਰੀ ਪਾਨ ਸੰਗਲੀ'(ਹਿੰਦੀ ਸੰਸਕਰਣ) ਸੰਪਾਦਿਤ ਸੰਤਸੰਪੂਰਨ ਸਿੰਘ, ਵਿਚ ਵੀ ਉਸ ਦੀਆਂ ਕੁਝ ਪਉੜੀਆਂ ਮਿਲਦੀਆਂ ਹਨ।

4. <u>ਵਾਰਾਂ</u> :

ਸੋਢੀ ਮਿਹਰਵਾਨ ਵਾਂਗ ਹਰਿਜੀ ਨੇ ਕੁਝ ਵਾਰਾਂ ਵੀ ਲਿਖੀਆਂ ਜੋ ਹੇਠ ਲਿਖੀਆਂ

---

15. ਹ:ਲਿ:ਨੰ: 1194, ਪੰ:ਯੂ:ਲਾ:ਚੰਡੀ., ਪੰਨਾ 8.
16. ਹ:ਲਿ:ਨੰ: 2527 ਕੇ.ਪ.ਲਾ:ਪਟਿ. ਪੰਨਾ 60 (ਅ)

ਪੁਸਤਕਾਂ ਜਾਂ ਹੱਥ ਲਿਖਤਾਂ ਵਿਚ ਇਸ ਪ੍ਰਕਾਰ ਮਿਲਦੀਆਂ ਹਨ:

| | |
|---|---|
| ੳ) ਰਾਗ ਜੈਤਸ੍ਰੀ ਕੀ ਵਾਰ | - ਹ:ਲਿ:ਨੰ: 671, ਸੈ.ਪਲ੍ਹ:ਫ਼ਪਟਿ. |
| ਅ) ਤਿਲੰਗ ਕੀ ਵਾਰ | - 'ਪ੍ਰਾਣ ਸੰਗਲੀ (ਹਿੰਦੀ ਸੰਸਕਰਣ) ਸੰਪ. ਸੰਤ ਸਪੂਰਨ ਸਿੰਘ, |
| ੲ) ਧਿਆਏ ਸੋਰਠਿ ਕੀ ਬਾਣੀ | - 'ਪ੍ਰਾਣ ਸੰਗਲੀ (ਹਿੰਦੀ ਸੰਕਰਣ) ਸੰਪ: ਸੰਤ ਸਪੂਰਨ ਸਿੰਘ |
| ਸ)ਵਾਰ ਸੋਰਠ | - ਹ:ਲਿ:ਨੰ: 160, ਡਾ: ਗੰਡਾ ਸਿੰਘ ਪਟਿ. ਪੁਸਤਕ ਸੂਚੀ ਭਾਗ ਦੂਜਾ, ਪੰਨਾ 143 ਉਤੇ ਉਧ੍ਰਿਤ। |

ਸੋ, ਹਰਿਜੀ ਆਪਣੇ ਸਮੇਂ ਦਾ ਉਹ ਸਾਹਿੱਤਕਾਰ ਹੈ ਜਿਸ ਨੇ ਮਹੱਤ੍ਵਪੂਰਣ ਵਾਰਤਕ ਰਚਨਾਵਾਂ ਦੇਣ ਦੇ ਨਾਲ ਨਾਲ ਉਪਰੋਕਤ ਕਾਵਿ ਰਚਨਾਵਾਂ ਵੀ ਦਿੱਤੀਆਂ ਹਨ।

ਚਤੁਰਭੁਜ :-

ਚਤੁਰਭੁਜ, ਸੋਢੀ ਮਿਹਰਵਾਨ ਦਾ ਦੂਜਾ ਲੜਕਾ ਅਤੇ ਹਰਿਜੀ ਦਾ ਛੋਟਾ ਭਰਾ ਹੈ। 'ਗੋਸ੍ਟਾਂ ਗੁਰੂ ਨਾਨਕ' ਦਾ ਤੀਜਾ ਭਾਗ 'ਚਤੁਰਭੁਜ ਪੋਥੀ' ਉਸ ਦੇ ਨਾਂ ਨਾਲ ਜੁੜਿਆ ਹੋਇਆ ਹੈ। ਡਾ: ਰਾਜਗੁਰੂ ਅਨੁਸਾਰ ਤਾਂ 'ਚਤੁਰਭੁਜ ਬਹੁਤ ਪ੍ਰਭਾਵਸ਼ਾਲੀ ਲੇਖਕ ਅਤੇ ਗੁਰਬਾਣੀ ਦੇ ਉਤਕ੍ਰਿਸ਼ਟ ਵਿਆਖਿਆਤਾ ਸਨ। ਭਾਸ਼ਾ ਉਤੇ ਉਨ੍ਹਾਂ ਦਾ ਅਤੁੱਟ ਅਧਿਕਾਰ ਸੀ। ਗੁਰੂ ਨਾਨਕ ਬਾਣੀ ਦੀ ਵਿਆਖਿਆ ਕਰਨ ਵਿਚ ਉਨ੍ਹਾਂ ਨੂੰ ਮਿਹਰਵਾਨ ਅਤੇ ਹਰਿਜੀ ਨਾਲੋਂ ਵੀ ਅਧਿਕ ਸਫ਼ਲਤਾ ਮਿਲੀ।[17]

ਪਰ ਅਸੀਂ ਡਾ: ਰਾਜਗੁਰੂ ਦੇ ਇਸ ਵਿਚਾਰ ਨਾਲ ਸਹਿਮਤ ਨਹੀਂ। ਜਿਵੇਂ ਕਿ ਪਿਛੇ ਵਿਚਾਰ ਕੀਤੀ ਜਾ ਚੁੱਕੀ ਹੈ, ਪੋਥੀ ਚਤੁਰਭੁਜ ਅਸਲ ਵਿਚ ਕਿਸੇ ਹੋਰ ਲੇਖਕ ਦੀ ਰਚਨਾ ਨਹੀਂ ਸਗੋਂ ਸੋਢੀ ਮਿਹਰਵਾਨ ਦੀ ਮੂਲ ਰਚਨਾ 'ਸਚਖੰਡ ਪੋਥੀ' ਦਾ ਹੀ ਇਕ ਅਟੁੱਟ ਅੰਗ ਹੈ। ਅਜ ਤੱਕ ਚਤੁਰਭੁਜ ਦੀ ਇਕ ਵੀ ਸੁਤੰਤਰ ਕਾਵਿ ਜਾਂ ਗੱਦ ਰਚਨਾ ਨਹੀਂ ਮਿਲੀ ਜਿਸ ਤੋਂ ਉਸ ਦੇ ਲੇਖਕ ਹੋਣ ਦਾ ਵਿਸ਼ਵਾਸ਼ ਪੱਕਾ ਹੋ ਸਕੇ। ਸੋ ਸਪਸ਼ਟ ਹੈ ਕਿ ਚਤੁਰਭੁਜ ਮਿਹਰਵਾਨ ਦਾ ਪੁੱਤਰ ਅਤੇ ਸੋਢੀ ਸੰਪ੍ਰਦਾਇ ਦਾ ਪ੍ਰਸਿੱਧ ਸਿੱਖ ਦਾਅਵੇਦਾਰ ਤਾਂ ਹੋ ਸਕਦਾ ਹੈ ਪਰ ਲੇਖਕ ਬਿਲਕੁਲ ਨਹੀਂ।

ਮਿਹਰਵਾਨ ਸੰਪ੍ਰਦਾਇ ਦੇ ਅਨੁਯਾਈਆਂ ਦੀਆਂ ਰਚਨਾਵਾਂ :-

ਦੀਵਾਲਿਆਂ ਦਾ ਗ੍ਰੰਥ :- ਮਿਹਰਵਾਨ ਸੰਪ੍ਰਦਾਇ ਦੇ ਇਕ ਪ੍ਰਸਿੱਧ ਚੇਲੇ (ਹਰੀਏ)

17. ਗੋ. ਗੁ. ਮਿ. (ਸੰਪ: ਡਾ: ਰਾਜਗੁਰੂ) ਭੂਮਿਕਾ ਪੰਨਾ 28.

ਹਰੀਆ ਜੀ ਦਾ ਇਕ ਗ੍ਰੰਥ ਗਿਆਨੀ ਗੁਰਦਿਤ ਸਿੰਘ, ਅੰਮ੍ਰਿਤਸਰ ਦੇ ਨਿੱਜੀ ਸੰਗ੍ਰਹਿ ਵਿਚ ਸੁਰੱਖਿਅਤ ਹੈ। ਇਸ ਗ੍ਰੰਥ ਵਿਚ ਸੁਖਮਨੀ ਹਰੀਏ ਜੀ ਕੀ, ਕ੍ਰਿਸ਼ਨ ਅਵਤਾਰ ਲੀਲਾ, ਬਾਰਾਮਾਹ ਹਰੀਆ ਜੀ ਕਾ ਰਾਗ ਆਸਾ ਵਾਰ ਅਤੇ ਤਿਲੰਗ ਠੂਡਾ ਆਦਿ ਬਾਣੀਆਂ ਸ਼ਾਮਲ ਹਨ। ਇਸ ਪੋਥੀ ਦਾ ਆਰੰਭ ਇਸ ਪ੍ਰਕਾਰ ਹੈ:-

"ਸ੍ਰੀ ਸਤਿਗੁਰੂ ਦੇਉ ਬਾਬਾ ਨਾਨਕ। ਸ੍ਰੀ ਸਤਿਗੁਰ ਦੇਉ ਪਾਰਬ੍ਰਹਮ ਪਰਮੇਸਰ। ਭੂਦਰ/ਬਾਲਾ/ਹਰੀਦਾਸ। ਰਾਗ ਗਉੜੀ ਪੂਰਬੀ ਸੁਖਮਨੀ ਹਰੀਏ ਜੀ ਕੀ।

ਸਲੋਕ॥ ਛਤੀਹ ਜੁਗ ਧੁੰਧੂਕਾਰ ਮਹਿ ਤਾੜੀ ਲਾਈ ਨਿਰੰਜਨ ਨਿਰਕਾਰ
ਹਰੀ ਦਾਸ ਪ੍ਰਭ ਚਿਤਵਨੁ ਭਇਆ ਸਿਰਜੀ ਮਨਸਾ ਦੇਵਣ ਲਾਗਿ। ...।[18]

ਪ੍ਰੋ: ਪ੍ਰੀਤਮ ਸਿੰਘ ਕੋਲ ਵੀ ਹਰੀਆ ਦਾ ਇਕ ਅਜਿਹਾ ਗ੍ਰੰਥ ਹੈ ਜੋ ਆਦਿ ਗ੍ਰੰਥ ਤੋਂ ਆਦਿ ਗ੍ਰੰਥ ਤੋਂ ਪ੍ਰੇਰਣਾ ਲੈ ਕੇ ਲਿਖਿਆ ਗਿਆ ਹੈ। ਪ੍ਰੋ: ਸਾਹਿਬ ਅਨੁਸਾਰ "ਬੋਲੀ ਉਤੇ ਇਸ ਕਵੀ ਦਾ ਅਧਿਕਾਰ ਹੈਰਾਨ ਕਰ ਦੇਣਾ ਵਾਲਾ ਹੈ। ਉਸ ਨੇ ਕੇਂਦਰੀ ਪੰਜਾਬੀ , ਮੁਲਤਾਨੀ ਪੰਜਾਬੀ, ਬ੍ਰਜ, ਹਿੰਦੀ ਤੇ ਸਾਧ ਭਾਸ਼ਾ ਨੂੰ ਇਕੋ ਪ੍ਰਬੀਨਤਾ ਨਾਲ ਵਰਤਿਆ ਹੈ।"[19]

<u>ਪੋਥੀ ਭਾਈ ਦਰਬਾਰੀ</u> :-

ਇਹ ਇਕ ਵੱਡਾ ਗ੍ਰੰਥ ਹੈ ਜੋ ਪਿੰਡ ਵੇਰੋਕੇ ਨਜ਼ਦੀਕ ਗੁਰ ਤੇਗ ਬਹਾਦਰਗੜ੍ਹ (ਪੰਜਾਬ) ਵਿਚ ਪ੍ਰਾਪਤ ਹੈ। ਇਸ ਕਾਵਿ-ਸੰਗ੍ਰਹਿ ਵਿਚ ਜਪੁਜੀ ਚਉਪਦੇ, ਅਸ਼ਟਪਦੀਆਂ, ਪੱਟੀ, ਵਾਰਾਂ ਦਸਾਂ ਅਵਤਾਰਾਂ ਕੀਆਂ, ਸੁਰਗਾਵਲੀ ਅਤੇ ਸਲੋਕ ਆਦਿ ਅਧਾਰਤ ਅਤੇ ਅਨੁਕਰਣ ਕੀਤੀਆਂ ਬਾਣੀਆਂ ਸ਼ਾਮਲ ਹਨ। ਇਸ ਦੇ ਕਰਤਾ ਅਤੇ ਰਾਮ ਨੇ 'ਜਪੁਜੀ' ਦੇ ਮੁਕਾਬਲੇ ਤੇ ਆਪਣੀ 'ਜਪੁਜੀ' ਦੀ ਰਚਨਾ ਕੀਤੀ ਹੈ ਜਿਸ ਵਿਚ 38 ਪਉੜੀਆਂ ਅਤੇ ਅੰਤ ਉਤੇ ਸਲੋਕ ਦਿੱਤਾ ਗਿਆ ਹੈ। ਲਗਭਗ ਹਰ ਪਉੜੀ ਹੀ ਮੂਲ ਬਾਣੀ ਤੇ ਆਧਾਰਤ ਹੈ ਜਿਵੇਂ:

ਮੰਨੇ ਕਾ ਫਲੁ ਕਉਨੁ ਬਖਾਨੈ॥
ਨਾ ਕਾਗਦੁ ਕਲਮ ਨਾ ਲਿਖਿ ਕੋ ਜਾਨੈ॥
ਮੰਨੇ ਕਾ ਫਲੁ ਸਭ ਤੇ ਊਚਾ।
ਮੰਨੈ ਤਕੁ ਜਪੁ ਤਪ ਨ ਪਹੂਚਾ।
ਨਾਮੁ ਨਿਰੰਜਨ ਮੰਨੇ ਕੋਈ॥
ਨਿਜ ਘਰਿ ਵਾਸਾ ਪਾਵੈ ਸੋਈ॥[20]

---

18. 'ਮਨੋਹਰਦਾਸ ਮਿਹਰਵਾਨ', ਕਿਰਪਾਲ ਸਿੰਘ, ਪੰਨਾ 69.

19. 'ਆਲੋਚਨਾ', 1970. 20. ਪੰਨਾ 3.

ਇਸ ਪੋਥੀ ਵਿਚ ਪ੍ਰਹਲਾਦਿ ਭਗਤ, ਸੀਤਾ, ਦਰੋਪਤੀ, ਅਰਜਨ ਊਧੋ, ਬਿਦਰ, ਸੁਦਾਮੇ, ਗੁਸਾਈਂ, ਰਾਮਾਨੰਦ, ਦੇਵ ਤ੍ਰਿਲੋਚਨ, ਕਬੀਰ ਰਵਿਦਾਸ, ਜੈ ਦੇਵ, ਧੰਨੇ, ਬੇਣੀ, ਸਧਨੇ। ਸੈਨਿ, ਪੀਪੇ ਅਤੇ ਸੂਰਦਾਸ ਆਦਿ ਭਗਤਾਂ ਬਾਰੇ ਅਤੇ ਉਨ੍ਹਾਂ ਦੇ ਨਾਂ ਨਾਲ ਜੋੜੀਆਂ ਅਸ਼ਟਪਦੀਆਂ ਵੀ ਸ਼ਾਮਲ ਹਨ।

ਮੂਲ ਰੂਪ ਵਿਚ ਇਹ ਮੀਣਾ ਸੰਪ੍ਰਦਾਇ ਦੇ ਭਗਤਾਂ ਦਾ ਹੀ ਇਕ ਗ੍ਰੰਥ ਹੈ। ਜੇ ਸਮੁੱਚੇ ਤੌਰ ਤੇ ਸੋਢੀ ਮਿਹਰਵਾਨ, ਹਰਿਜੀ ਅਤੇ ਮੀਣਾ ਸੰਪ੍ਰਦਾਇ ਦੇ ਗੱਦੀਦਾਰਾਂ ਅਤੇ ਚੇਲਿਆਂ ਦੀ ਕਾਵਿ ਅਤੇ ਗੱਦ ਰਚਨਾ ਨੂੰ ਵੇਖਦਿਆਂ ਸਪਸ਼ਟ ਹੋ ਜਾਂਦਾ ਹੈ ਕਿ ਉਨ੍ਹਾਂ ਨੇ ਆਪਣੇ ਸਮੇਂ ਵਿਚ ਅਨੇਕਾਂ ਕੀਮਤੀ ਰਚਨਾਵਾਂ ਰਚ ਕੇ ਨਾ ਕੇਵਲ ਪੁਰਾਤਨ ਪੰਜਾਬੀ ਸਾਹਿੱਤ ਨੂੰ ਹੀ ਅਮੀਰ ਬਣਾਇਆ ਸਗੋਂ ਪੰਜਾਬ ਦੇ ਅਧਿਆਤਮਿਕ ਸਾਹਿੱਤ ਵਿਚ ਵੀ ਨਿੱਗਰ ਵਾਧਾ ਕੀਤਾ। ਪਰ ਅਫ਼ਸੋਸ ਕਿ ਇਨ੍ਹਾਂ ਲੇਖਕਾਂ ਦੀਆਂ ਰਚਨਾਵਾਂ ਦਾ ਅੱਜ ਤੱਕ ਯੋਗ ਮੁੱਲ ਨਹੀਂ ਪਾਇਆ ਜਾ ਸਕਿਆ।

****** ***

# ਪੁਸਤਕ ਸੂਚੀ

## ਪੁਸਤਕ ਸੂਚੀ

( ਹੱਥ ਲਿਖਤਾਂ )


1. 'ਆਦਿ ਰਮਾਇਣ' — ਨੰ: 2, ਭਾ.ਵਿ.ਲਾ. ਪਟਿਆਲਾ ਅਤੇ 731, 6444, ਸਿ:ਰੈ:ਲਾ: ਅੰਮ੍ਰਿਤਸਰ।

2. 'ਸਚਖੰਡ ਪੋਥੀ' — ਨੰ: 7373 ਸਿ. ਰੈ. ਲਾ. ਅੰਮ੍ਰਿਤਸਰ।
83 ਗੁ. ਨਾ. ਯੂਲਾ. ਅੰਮ੍ਰਿਤਸਰ।
65-66 ਕ੍ਰਿਸ਼ਨਾ ਕੁਮਾਰੀ ਬਾਂਸਲ, ਸੰਗਰੂਰ ਅਤੇ ਸਿ.ਹਿ. ਰੀ. ਡੀ. ਖਾ. ਕਾਲਜ, ਅੰਮ੍ਰਿਤਸਰ।

3. 'ਸੁਖਮਨਾ ਸਹੰਸਰਨਾਮਾ' — ਨੰ: 692, 2914 ਸੈ.ਪਾ.ਲਾ. ਪਟਿਆਲਾ, 5195 ਸਿਰੈ. ਲਾ. ਅੰਮ੍ਰਿਤਸਰ।

4. 'ਸਿੱਧ ਗੋਸ਼ਟਿ ਪਰਮਾਰਥ' — ਨੰ: 693 ਸੈ.ਪਾ.ਲਾ. ਪਟਿ. ਅਤੇ 165, ਭਾ. ਵਿ. ਲਾ. ਪਟਿਆਲਾ।

5. 'ਸਿੰਘਾਸਨ ਬਤੀਸੀ' — 388 ਪੰ: ਪੁਰਾਤਤਵ ਵਿਭਾਗ, ਲਾ. ਪਟਿ. ਅਤੇ 163, ਗੁ. ਨਾ. ਯੂ. ਲਾ. ਅੰਮ੍ਰਿਤਸਰ।

6. 'ਕਥਾ ਸ੍ਰੀ ਕ੍ਰਿਸ਼ਨ ਰੈਦ ਜੀ ਕੀ' — ਨੰ: 499, ਸੈ.ਪਾ.ਲਾ. ਪਟਿਆਲਾ।

7. 'ਗੁਰਬਿਲਾਸ ਪਾਤਸ਼ਾਹੀ ਛੇ' — ਨੰ: 398, ਭਾ.ਵਿ.ਲਾ. ਪਟਿਆਲਾ।

8. 'ਗੁਰਪ੍ਰਣਾਲੀਆਂ' — ਨੰ: 18,19 ਅਤੇ 146, ਗੁ.ਨਾ. ਦੇ.ਯੂ. ਲਾ. ਅੰਮ੍ਰਿਤਸਰ।

9. 'ਗੋਸ਼ਟਾਂ ਕਬੀਰ ਜੀ ਕੀਆਂ' — ਨੰ: 805 ਅਤੇ 1386 ਪੰ: ਯੂ. ਲਾ. ਚੰਡੀਗੜ੍ਹ; 6858, 1808, 6405, 1152, 4472-73 ਸਿ.ਰੈ. ਲਾ. ਅੰਮ੍ਰਿ. 678 ਸੈ. ਪਾ.ਲਾ. ਪਟਿਆਲਾ।
289 ਗੁ. ਨਾ. ਯੂ. ਲਾ.ਅੰਮ੍ਰਿਤਸਰ ਅਤੇ 521 ਪੰ: ਸਾਹਿੱਤ ਅਕਾਡਮੀ, ਲੁਧਿਆਣਾ।

10. 'ਗੋਸ਼ਟਿ ਰਾਜੇ ਜਨਕ ਕੀ' — ਨੰ: 2184, 7398 ਸਿ. ਰੈ.ਲਾ. ਅੰਮ੍ਰਿਤਸਰ।

11. 'ਗੋਸ਼ਟਾਂ ਗੁਰੂ ਮਿਹਰਵਾਨ ਜੀ ਕੀਆਂ' — ਨੰ: 3510 ਸਿ.ਰੈ. ਲਾ. ਅੰਮ੍ਰਿਤਸਰ ਅਤੇ 2527 ਸੈ. ਪਾ. ਲਾ. ਪਟਿਆਲਾ।

12. 'ਗੋਸ਼ਟਿ ਸੰਗ੍ਰਿਹ' — ਨੰ: 499, 671, 678, ਸੈ. ਪਾ. ਲਾ. ਪਟਿਆਲਾ; 1155, 7241, 7398, ਸਿ.ਰੈ. ਲਾ. ਅੰਮ੍ਰਿਤਸਰ ਅਤੇ ਨੰ: 753, ਤੇ 755, ਗੁ.ਨਾ. ਦੇ. ਯੂ. ਲਾ. ਅੰਮ੍ਰਿਤਸਰ।

13. 'ਜਪ ਪਰਮਾਰਥ' — ਨੰ: 1193, 1270-71, ਪੰ. ਯੂ. ਲਾ. ਚੰਡੀਗੜ੍ਹ,


ਚਲਦੂ ਪੰਨਾ....... 2.

234 ਗੁ. ਨਾ. ਯੂ:ਲਾ:ਅੰਮ੍ਰਿਤਸਰ, 4907-08, 7241, 6710, ਸਿ. ਰੈ. ਲਾ. ਅੰਮ੍ਰਿਤਸਰ, 346 ਭਾ. ਵਿ. ਲਾ. ਪਟਿਆਲਾ, 671,693, ਸੈ. ਪਾ. ਲਾ. ਪਟਿਆਲਾ ਅਤੇ 974 ਪੰ: ਭਵਨ ਲਾ: ਲੁਧਿਆਣਾ।

14. ਨਾਨਕ ਰਮਾਇਣ' — ਨੰ: 6444 ਸਿ. ਰੈ. ਲਾ. ਅੰਮ੍ਰਿਤਸਰ।

15. 'ਪੁਰਾਤਨ ਗੋਸ਼ਟਿ ਸੰਗ੍ਰਿਹ' — ਨੰ: 359 ਭਾ. ਵਿ. ਲਾ. ਪਟਿਆਲਾ।

16. 'ਪੋਥੀ ਭਾਈ ਦਰਬਾਰੀ' — ਭਾਈ ਦਰਬਾਰੀ ਸਮਾਧ, ਪਿੰਡ ਫੇਰੋਕੇ, ਨਜ਼ਦੀਕ ਗੁਰੂ ਤੇਗ ਬਹਾਦੁਰ ਗੜ੍ਹ (ਮੋਗਾ)

17. 'ਪੋਥੀ ਸਾਹਿਬ' — ਗੁ. ਨਾ. ਦੇ. ਯੂ. ਲਾ., ਅੰਮ੍ਰਿਤਸਰ।

18. 'ਪ੍ਰਾਣ ਸੰਗਲੀ' — ਨੰ: 10, 5002, ਗੁ. ਨਾ. ਯੂ. ਲਾ. ਅੰਮ੍ਰਿਤਸਰ ਅਤੇ 686 ਸੈ. ਪਾ. ਲਾ. ਪਟਿਆਲਾ।

19. 'ਪੁਤਲੀਆਂ ਰਾਜੇ ਬਿਕ੍ਰਮਾਜੀਤ ਕੀਆਂ' — ਨੰ: 754, ਗੁ. ਨਾ. ਦੇ. ਯੂ. ਲਾ. ਅੰਮ੍ਰਿਤਸਰ।

20. 'ਫੁਟਕਲ ਗੋਸ਼ਟਾਂ' — ਨੰ: 96, 401,83,228,234,353, ਗੁ. ਨਾ. ਯੂ. ਲਾ. ਅੰਮ੍ਰਿਤਸਰ, 1155,7258 ਸਿ. ਰੈ. ਲਾ. ਅੰਮ੍ਰਿਤਸਰ ਅਤੇ 1193, 1195 ਪੰ. ਯੂ. ਲਾ. ਚੰਡੀਗੜ੍ਹ।

21. 'ਫੁਟਕਲ ਕਾਵਿ ਰਚਨਾਵਾਂ' — ਨੰ: 7258, 7289, 8759, 6786, ਸਿ. ਰੈ. ਅੰਮ੍ਰਿਤਸਰ ਅਤੇ ਨੰ: 27, ਕ੍ਰਿਸ਼ਨਾ ਕੁਮਾਰੀ ਬਾਂਸਲ, ਸੰਗਰੂਰ।

22. 'ਮਸਲੇ ਹਜ਼ਰਤ ਰਸੂਲ ਕੇ' — ਨੰ: 400 ਭਾ. ਵਿ. ਲਾ. ਪਟਿਆਲਾ ਅਤੇ ਡਾ: ਗੁਰਚਰਨ ਸਿੰਘ, ਗੁ. ਕਾਲਜ, ਲੁਧਿਆਣਾ।

23. 'ਮਸਲੇ ਮੁਹੰਮਦ ਸਾਹਿਬ' — ਨੰ: 124, ਗੁ. ਨਾ. ਯੂ.ਲਾ. ਅੰਮ੍ਰਿਤਸਰ।

## ਪੰਜਾਬੀ ਪੁਸਤਕਾਂ

1. ਉਜਾਗਰ ਸਿੰਘ, ਡਾ. 'ਗੁਰੂ ਨਾਨਕ ਦੇਵ ਜੀ ਦੀ ਭਾਸ਼ਾ' (ਖੋਜ-ਪ੍ਰਬੰਧ) ਪੰ: ਯੂ.ਲਾ. ਚੰਡੀਗੜ੍ਹ।
2. 'ਉਰਦੂ ਸਾਹਿੱਤ ਦਾ ਇਤਿਹਾਸ', ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1969.
3. 'ਆਦਿ ਗ੍ਰੰਥ'
4. ਅਰੁਣ, ਵਿਦਿਆ ਭਾਸਕਰ, 'ਪੰਜਾਬੀ ਭਾਸ਼ਾ ਦਾ ਇਤਿਹਾਸ', ਪੰਜਾਬੀ ਸਾਹਿੱਤ ਅਕਾਦਮੀ, ਲੁਧਿਆਣਾ, 1956.
5. ਈਸ਼ਰ ਸਿੰਘ, 'ਨਾਰਾ', 'ਵਸਾਖ ਨਗਾਂ ਕੌਤਕ', ਪ੍ਰਕਾਸ਼ਕ, ਆਪ, ਮ:ਨੰ: 11/3287 ਦੇਹਲੀ ਗੇਟ ਬਜ਼ਾਰ, ਦਿੱਲੀ, 1970.

6. ਸਾਹਿਬ ਸਿੰਘ, ਪ੍ਰੋ: 'ਗੁਰਬਾਣੀ ਵਿਆਕਰਣ', ਤੀਜੀ ਛਾਪ, ਸਿੰਘ ਬ੍ਰਦਰਜ਼ ਮਾਈ ਸੇਵਾ ਬਜ਼ਾਰ ਅੰਮ੍ਰਿਤਸਰ, 1966.

7. ਸੁਰਿੰਦਰ ਸਿੰਘ, ਕੋਹਲੀ, 'ਪੰਜਾਬੀ ਸਾਹਿੱਤ ਦਾ ਇਤਿਹਾਸ', ਲਾਹੌਰ ਬੁਕ ਸ਼ਾਪ, 1955.

8. ਸੁਰਿੰਦਰ ਸਿੰਘ, ਕੋਹਲੀ, 'ਪੰਜਾਬੀ ਵਾਰਤਕ', ਭਾਸ਼ਾ ਵਿਭਾਗ, ਪਟਿਆਲਾ, 1959.

9. 'ਹੁਕਮਨਾਮੇ' (ਸੰਪ. ਗੰਡਾ ਸਿੰਘ, ਡਾ.) ਪੰਜਾਬੀ ਯੂਨੀਵਰਸਿਟੀ, ਪਟਿਆਲਾ, 1967.

10. 'ਹਿੰਦੂ ਮਿਥਿਹਾਸ ਕੋਸ਼' (ਜੌਨ ਡੌਸਨ, ਪੰਜਾਬੀ ਅਨੁਵਾਦ) ਭਾਸ਼ਾ ਵਿਭਾਗ, ਪਟਿਆਲਾ।

11. ਕਰਮ ਸਿੰਘ ਹਿਸਟੋਰੀਅਨ, 'ਕੱਤਕ ਕਿ ਵਿਸਾਖ', ਫੁਲਵਾੜੀ ਲਾਹੌਰ, 1932,
ਕਰਤਾਰ ਸਿੰਘ ਸੂਰੀ, 'ਗੁਰੂ ਅਰਜਨ ਦੇਵ ਅਤੇ ਦਾਦੂ ਦਿਆਲ' ਪੰਜਾਬੀ ਲੇਖਕ ਸਦਨ ਚੰਡੀਗੜ੍ਹ 1969.

12. ਕਨ੍ਹਈਆ ਲਾਲ, ਤਾਰੀਖ-ਏ-ਪੰਜਾਬ (ਪੰਜਾਬੀ ਅਨੁਵਾਦ) ਪੰਜਾਬੀ ਯੂਨੀ: ਪਟਿਆਲਾ, 1968.

13. ਕਾਨ੍ਹ ਸਿੰਘ ਨਾਭਾ, 'ਗੁਰ ਸ਼ਬਦ ਰਤਨਾਕਰ ਮਹਾਨ ਕੋਸ਼-ਭਾਸ਼ਾ ਵਿਭਾਗ, ਪਟਿਆਲਾ, 1960.

14. ਕਾਲਾ ਸਿੰਘ ਬੇਦੀ, ਡਾ:, 'ਗੁਰੂ ਨਾਨਕ ਭਾਸ਼ਾ' ਪੰਜਾਬੀ ਬੁਕ ਸਟੋਰ ਪਾਰਗੰਜ ਨਵੀਂ ਦਿਲੀ।

15. ਕਿਰਪਾਲ ਸਿੰਘ, ਡਾ:, 'ਮਨੋਹਰ ਦਾਸ ਮਿਹਰਵਾਨ ਜੀਵਨ ਤੇ ਰਚਨਾ', ਪੰਜਾਬੀ ਯੂ: ਪਟਿਆਲਾ, 1974.

16. ਕਿਰਪਾਲ ਸਿੰਘ, ਡਾ:, 'ਜਨਮਸਾਖੀ ਪਰੰਪਰਾ' ਪੰਜਾਬੀ ਯੂ: ਪਟਿਆਲਾ, 1969.

17. ਕਿਰਪਾਲ ਸਿੰਘ ਨਾਰੰਗ, ਹਰੀ ਰਾਮ ਗੁਪਤਾ, 'ਪੰਜਾਬ ਦਾ ਇਤਿਹਾਸ', ਕਪੂਰ ਐਂਡ ਸੰਨਜ਼, ਦਿਲੀ, 1969.

18. ਗੰਡਾ ਸਿੰਘ, ਡਾ:, 'ਸਿੱਖ ਇਤਿਹਾਸ ਬਾਰੇ', ਲਾਹੌਰ ਬੁਕ ਸ਼ਾਪ, ਲਾਹੌਰ, 1947.

19. 'ਗੁਰੂ ਨਾਨਕ ਜੀਵਨ, ਦਰਸ਼ਨ ਤੇ ਕਾਵਿ ਕਲਾ' (ਸੰਪ: ਸੁਰਿੰਦਰ ਸਿੰਘ ਕੋਹਲੀ, ਡਾ:) ਪਬਲੀਕੇਸ਼ਨ ਬਿਊਰੋ, ਪੰ: ਯੂ: ਚੰਡੀਗੜ੍ਹ 1969.

20. 'ਗੁਰੂ ਅਰਜਨ', ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1970.

21. 'ਗੁਰ ਪ੍ਰਣਾਲੀਆਂ', ਸਿੱਖ ਹਿਸਟਰੀ ਸੋਸਾਇਟੀ, ਅੰਮ੍ਰਿਤਸਰ, 483 ਨਾ ਸਾਕਾ।

22. 'ਗੁਰਬਾਣੀ ਟੀਕੇ', 'ਆਨੰਦ ਘਨ, ਭਾਸ਼ਾ ਵਿਭਾਗ ਪਟਿਆਲਾ, 1970.

23. ਗੋਪਾਲ ਸਿੰਘ, ਡਾ: 'ਗੁਰੂ ਗ੍ਰੰਥ ਸਾਹਿਬ ਦੀ ਸਾਹਿੱਤਕ ਵਿਸ਼ੇਸ਼ਤਾ', ਪੰਜਾਬੀ ਅਕਾਦਮੀ ਦਿਲੀ 1958, 'ਗੋਸ਼ਟੀਆਂ', ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1970.

24. ਗਿਆਨ ਸਿੰਘ ਗਿਆਨੀ, 'ਪੰਥ ਪ੍ਰਕਾਸ਼', ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970.

25. 'ਗੁਰ ਬਿਲਾਸ ਪਾਤਸ਼ਾਹੀ-6' ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1970.

26. ਜਗਜੀਤ ਸਿੰਘ, ਡਾ:, 'ਜਨਮਸਾਖੀਆਂ ਗੁਰੂ ਨਾਨਕ ਦੇਵ ਜੀ ਦਾ ਤਾਰਕਿਕ ਅਧਿਐਨ; ਪੰਜਾਬੀ ਸਾਹਿੱਤ ਅਕਾਡਮੀ, ਲੁਧਿਆਣਾ 1970.

27. ਜਗਜੀਤ ਸਿੰਘ, ਡਾ:, 'ਆਦਿ ਸਾਖੀਆਂ ਦਾ ਆਲੋਚਨਾਤਮਕ ਅਧਿਐਨ', ਲਾਹੌਰ ਬੁਕ ਸ਼ਾਪ ਲੁਧਿਆਣਾ, 1973.

ਜਗਜੀਤ ਸਿੰਘ, ਡਾ:, 'ਆਦਿ ਸਾਖੀਆਂ ਦਾ ਆਲੋਚਨਾਤਮਕ ਅਧਿਐਨ', ਲਾਹੌਰ ਬੁਕ ਸ਼ਾਪ ਲੁਧਿਆਣਾ, 1976.

28. ਜਗਜੀਤ ਸਿੰਘ ਛਾਬੜਾ, ਪ੍ਰਮੁੱਖ ਸ਼ਿਲਪਕਾਰ, ਕੁਮਾਰ ਪਬਲਿਸ਼ਰਜ਼ ਮਾਈ ਹੀਰਾਂ ਗੇਟ ਜਲੰਧਰ 1971.

29. 'ਜਨਮਸਾਖੀ ਅਧਿਐਨ', (ਸੰਪ: ਕਿਰਪਾਲ ਸਿੰਘ ਕੋਮਲ), ਬ੍ਰਿਜਿੰਦਰਾ ਕਾਲਜ ਫਰੀਦਕੋਟ, 1970.

30. 'ਜਨਮਸਾਖੀ ਗੁਰੂ ਨਾਨਕ ਦੇਵ ਜੀ' (ਸੰਪ: ਕਿਰਪਾਲ ਸਿੰਘ) ਸਿਖ ਹਿਸਟਰੀ ਰੀਸਰਚ ਡਿਪਾਰਟਮੈਂਟ, ਖਾਲਸਾ ਕਾਲਜ ਅੰਮ੍ਰਿਤਸਰ, (ਲਿਖਤ ਸ੍ਰੀ ਮਿਹਰਵਾਨ ਜੀ ਸੋਢੀ) ਪ੍ਰੋ:ਪ੍ਰਕਾਸ਼ ਸਿੰਘ ਭਾਗ ਪਹਿਲਾ ਅਤੇ ਦੂਜਾ, 1962 ਅਤੇ 1969.

31. 'ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ' (ਸੰਪ:ਪਿਆਰ ਸਿੰਘ, ਡਾ:) ਪੰਜਾਬੀ ਭਾਸ਼ਾ ਸਾਹਿੱਤ ਤੇ ਸਭਿਆਚਾਰ ਵਿਭਾਗ, ਗੁਰੂ ਨਾਨਕ ਯੂ:ਅੰਮ੍ਰਿਤਸਰ।

32. 'ਜਨਮਸਾਖੀ ਭਾਈ ਬਾਲਾ (ਸੰਪ: ਸੁਰਿੰਦਰ ਸਿੰਘ ਕੋਹਲੀ, ਡਾ: ਅਤੇ ਜਗਜੀਤ ਸਿੰਘ ਡਾ:) ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, 1975.

33. 'ਜਨਮ ਪਤ੍ਰੀ ਬਾਬੇ ਨਾਨਕ ਜੀ ਕੀ' (ਆਦਿ ਸਾਖੀਆਂ (ਸੰਪ: ਪਿਆਰ ਸਿੰਘ ਡਾ:) ਲਾਹੌਰ ਬੁੱਕ ਸ਼ਾਪ ਲੁਧਿਆਣਾ, 1972.

34. ਜੀਤ ਸਿੰਘ, ਡਾ:, 'ਵਾਰਤਕ ਤੇ ਵਾਰਤਕ ਸ਼ੈਲੀ, ਪੰਜਾਬ ਸਟੇਟ ਯ: ਟੈਕਸਟ ਬੁਕ ਬੋਰਡ।

35. ਜੀ. ਬੀ. ਸਿੰਘ 'ਪ੍ਰਾਚੀਨ ਬੀੜਾਂ', ਮਾਡਰਨ ਪਬਲੀਕੇਸ਼ਨਜ਼, ਲਾਹੌਰ 1944.

36. ਜੋਧ ਸਿੰਘ, ਭਾਈ, 'ਕਰਤਾਰਪੁਰੀ ਬੀੜ ਦੇ ਦਰਸ਼ਨ', ਪੰਜਾਬੀ ਯੂ: ਪਟਿਆਲਾ, 1968.

37. ਜੋਧ ਸਿੰਘ, ਭਾਈ, 'ਗੁਰਮਤਿ ਨਿਰਣਯ' ਲਾਹੌਰ ਬੁਕ ਸ਼ਾਪ, ਲੁਧਿਆਣਾ, ਛਾਪ ਸਤਵੀਂ

38. ਤਾਰਨ ਸਿੰਘ, ਡਾ:, 'ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿੱਤਕ ਇਤਿਹਾਸ' ਸ਼੍ਰੋ: ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, 1968.

39. ਤਾਰਨ ਸਿੰਘ, ਡਾ:, 'ਗੁਰੂ ਨਾਨਕ ਚਿੰਤਨ ਤੇ ਕਲਾ', ਕਸਤੂਰੀ ਲਾਲ ਐਂਡ ਸੰਨਜ਼, ਅੰਮ੍ਰਿਤਸਰ, 1963.

40. ਤ੍ਰਿਲੋਚਨ ਸਿੰਘ ਬੇਦੀ, 'ਪੰਜਾਬੀ ਵਾਰਤਕ ਦਾ ਆਲੋਚਨਾਤਮਕ ਅਧਿਐਨ', ਮਿਸਜ਼ ਅਮਰਜੀਤ ਕੌਰ, 1116/16 ਲਾਜਪਤ ਨਗਰ, ਨਵੀਂ ਦਿੱਲੀ, 1972.

41. 'ਤਿੰਨ ਖੋਜ ਪੱਤਰ'; ਪੰਜਾਬੀ ਯੂਨੀਵਰਸਿਟੀ, ਪਟਿਆਲਾ, 1970.

42. ਦੁਨੀ ਚੰਦ, 'ਪੰਜਾਬੀ ਭਾਸ਼ਾ ਦਾ ਵਿਕਾਸ', ਪੰਜਾਬ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ, ਚੰਡੀਗੜ੍ਹ, 1959.

43. 'ਪੰਜਾਬ ਯੂਨੀਵਰਸਿਟੀ, 'ਪੰਜਾਬੀ ਸਾਹਿੱਤ ਦਾ ਇਤਿਹਾਸ' (ਸੰਪ: ਸੁਰਿੰਦਰ ਸਿੰਘ ਕੋਹਲੀ), ਭਾਗ ਦੂਜਾ ਪੰਜਾਬ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ, 1967.

44. 'ਪੰਜਾਬੀ ਸਾਹਿੱਤ ਦਾ ਇਤਿਹਾਸ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਭਾਗ ਪਹਿਲਾ ਅਤੇ ਦੂਜਾ 1963.

45. 'ਪੰਜਾਬੀ ਅਤੇ ਉੱਤਰੀ ਭਾਰਤੀ ਭਾਸ਼ਾਵਾਂ', ਭਾਸ਼ਾ ਵਿਭਾਗ, ਪੰਜਾਬ, 1970.

46. 'ਪੰਜਾਬੀ ਹੱਥ ਲਿਖਤਾਂ ਦੀ ਸੂਚੀ', ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਭਾਗ ਪਹਿਲਾ ਅਤੇ ਦੂਜਾ 1961,63.

47. 'ਪਾਰਸ ਭਾਗ' (ਸੰਪ: ਪ੍ਰੀਤਮ ਸਿੰਘ, ਪ੍ਰੋ:) ਲਾਹੌਰ ਬੁਕ ਸ਼ਾਪ ਲੁਧਿਆਣਾ, 1952.

48. 'ਪੁਰਾਤਨ ਜਨਮਸਾਖੀ' (ਸੰਪ: ਵੀਰ ਸਿੰਘ, ਭਾਈ), ਖਾਲਸਾ ਸਮਾਚਾਰ, ਅੰਮ੍ਰਿਤਸਰ 1959.

49. 'ਪੁਰਾਤਨ ਜਨਮਸਾਖੀ' ਦੀ ਭਾਸ਼ਾ' (ਸ਼ੋਧ-ਪ੍ਰਬੰਧ)। ਪੰਜਾਬ ਯੂਨੀਵਰਸਿਟੀ ਲਾਇਬ੍ਰੇਰੀ ਚੰਡੀਗੜ੍ਹ।

50. 'ਪੁਰਾਤਨ ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ' (ਸੰਪ: ਸ਼ਮਸ਼ੇਰ ਸਿੰਘ ਅਸ਼ੋਕ), ਸ਼੍ਰੋਮਣੀ ਗੁ: ਪ੍ਰਬੰਧਕ ਕਮੇਟੀ ਅੰਮ੍ਰਿਤਸਰ, 1969.

51. 'ਪੁਰਾਤਨ ਪੰਜਾਬੀ ਵਾਰਤਕ' (ਸੰਪ: ਸੁਰਿੰਦਰ ਸਿੰਘ ਕੋਹਲੀ) ਪੰਜਾਬ ਯੂ:ਪਬਲੀਕੇਸ਼ਨ ਬਿਊਰੋ ਚੰਡੀਗੜ੍ਹ, 1973.

52. ਪ੍ਰੇਮ ਪ੍ਰਕਾਸ਼ ਸਿੰਘ, ਪੰਜਾਬੀ ਬੋਲੀ-'ਨਿਕਾਸ ਤੇ ਵਿਕਾਸ', ਲਾਹੌਰ ਬੁਕ ਸ਼ਾਪ, ਲੁਧਿਆਣਾ-1955.

53. ਪ੍ਰਾਚੀਨ ਜਨਮਸਾਖੀ' (ਸੰਪ: ਸੇਵਾ ਸਿੰਘ ਸੇਵਕ) ਨਿਊ ਬੁੱਕ ਕੰਪਨੀ ਜਲੰਧਰ,1969.

54. 'ਭਾਸ਼ਾ ਵਿਗਿਆਨ' (ਅਨੁ:ਪ੍ਰੋ:ਦੁਨੀ ਚੰਦ) ਭਾਸ਼ਾ ਵਿਭਾਗ ਪੰਜਾਬ,ਪਟਿਆਲਾ,1970.

55. 'ਬਲਬੀਰ ਕੌਰ ਰੰਧਾਵਾ', 'ਗੁਰੂ ਨਾਨਕ ਅਲੰਕਾਰ', ਸਰਦਾਰ ਸਾਹਿੱਤ ਭਵਨ, ਪਟਿਆਲਾ, 1968.

56. ਮੋਹਨ ਸਿੰਘ ਦਿਵਾਨਾ, 'ਪੰਜਾਬ ਅਦਬ ਦੀ ਮੁਖਤਸਰ ਤਾਰੀਖ', ਲਿਖਾਰੀ ਬੁਕ ਡੀਪੋ, ਅੰਮ੍ਰਿਤਸਰ, 1952.

57. ਮੋਹਨ ਸਿੰਘ ਦਿਵਾਨਾ, 'ਪੰਜਾਬੀ ਭਾਖਾ ਵਿਗਿਆਨ ਤੇ ਗੁਰਮਤ ਗਿਆਨ' ਕਸਤੂਰੀ, ਲਾਲ ਐਂਡ ਸੰਨਜ਼, ਅੰਮ੍ਰਿਤਸਰ, 1952.

58. ਮੋਹਨ ਸਿੰਘ, ਡਾ:, 'ਪੰਜਾਬੀ ਭਾਖਾ ਤੇ ਛੰਦਾਬੰਦੀ, ਪ੍ਰਕਾਸ਼ਕ ਆਪ, ਲਾਹੌਰ,1937.

59. ਮਹਿੰਦਰ ਕੌਰ ਗਿੱਲ, ਡਾ:, 'ਗੁਰੂ ਅਰਜਨ ਦੇਵ ਜੀਵਨ ਤੇ ਬਾਣੀ',ਨੈਸ਼ਨਲ ਬੁਕ ਸ਼ਾਪ, ਚਾਂਦਨੀ ਚੌਂਕ ਦਿੱਲੀ।

60. 'ਮਸਲੇ ਸ਼ੇਖ ਫਰੀਦ ਕੇ', (ਸੰਪ: ਇੰਦਰ ਸਿੰਘ ਚਕਰਵਰਤੀ) ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1962.

61. ਮਨਮੋਹਨ ਸਿੰਘ, ਡਾ:, 'ਗੁਰੂ ਨਾਨਕ ਤੇ ਭਗਤੀ ਅੰਦੋਲਨ', ਮਨਦੀਪ ਪ੍ਰਕਾਸ਼ਨ, ਨਵੀਂ ਦਿੱਲੀ, 1970.

62. 'ਮਾਝੀ ਤੇ ਮੁਲਤਾਨੀ ਦਾ ਤੁਲਨਾਤਮਕ ਅਧਿਐਨ', (ਸ਼ੋਧ-ਪ੍ਰਬੰਧ) ਪੰਜਾਬ ਯੂਨੀਵਰਸਿਟੀ, ਲਾਇਬਰੇਰੀ, ਚੰਡੀਗੜ੍ਹ।

63. ਰਤਨ ਸਿੰਘ, ਜੱਗੀ, ਡਾ:, 'ਗੁਰੂ ਨਾਨਕ ਦੀ ਵਿਚਾਰਧਾਰਾ', ਨਵਯੁਗ ਪਬਲਿਸ਼ਰਜ਼ ਦਿੱਲੀ, 1969.

64. ਰਤਨ ਸਿੰਘ ਜੱਗੀ, ਡਾ:, 'ਪੁਰਾਤਨ ਜਨਮਸਾਖੀ ਦਾ ਵਿਸ਼ਲੇਸ਼ਣਾਤਮਕ ਅਧਿਐਨ' (ਪ੍ਰੈਸ ਵਿਚ)

65. ਰਤਨ ਸਿੰਘ ਜੱਗੀ, ਡਾ:, 'ਵਿਚਾਰਧਾਰਾ' ਮਦਾਨ ਪਬਲਿਸ਼ਰਜ਼, ਪਟਿਆਲਾ, 1966.

66. ਰਤਨ ਸਿੰਘ ਜੱਗੀ, ਡਾ., 'ਗੁਰੂ ਨਾਨਕ ਜੀਵਨ ਅਤੇ ਵਿਅਕਤਿੱਤਵ' ਪੰਜਾਬੀ ਸਾਹਿੱਤ ਸਭਾ, ਨਵੀਂ ਦਿੱਲੀ, 1974.

67. ਰਤਨ ਸਿੰਘ ਭੰਗੂ, 'ਪ੍ਰਾਚੀਨ ਪੰਥ ਪ੍ਰਕਾਸ਼' ਖਾਲਸਾ ਸਮਾਚਾਰ, ਅੰਮ੍ਰਿਤਸਰ, 1952.

68. 'ਵਾਰਾਂ ਭਾਈ ਗੁਰਦਾਸ ਜੀ' ਸ਼੍ਰੋ.ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1952.

69. ਨਰਿੰਦਰ ਕੌਰ ਭਾਟੀਆ, 'ਸ੍ਰੀ ਸਤਿਗੁਰੂ ਜੀ ਦੇ ਮੂੰਹੈ ਦੀਆਂ ਸਾਖੀਆਂ' ਪ੍ਰਕਾ: ਲੇਖਿਕਾ, ਮੈਂਟਲ ਹਸਪਤਾਲ, ਅੰਮ੍ਰਿਤਸਰ, 1978.

70. ਸ਼ੇਰ ਸਿੰਘ, ਡਾ:, 'ਗੁਰਮਤ ਦਰਸ਼ਨ' ਸ਼੍ਰੋ: ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1962.

71. ਸ਼ਮਸ਼ੇਰ ਸਿੰਘ ਅਸ਼ੋਕ, 'ਨਿਸ਼ਾਨ ਤੇ ਹੁਕਮਨਾਮੇ', 'ਸਿਖ ਇਤਿਹਾਸ ਬੋਰਡ' ਸ਼੍ਰੋ: ਗੁ: ਪ੍ਰ: ਕਮੇਟੀ ਅੰਮ੍ਰਿਤਸਰ, 1967.

72. ਸ਼ਮਸ਼ੇਰ ਸਿੰਘ ਅਸ਼ੋਕ, 'ਸੋਢੀ ਮਿਹਰਵਾਨ ਜੀਵਨ ਤੇ ਸਾਹਿੱਤ' ਫ਼ਕੀਰ ਸਿੰਘ ਐਂਡ ਸਨਜ਼, ਅੰਮ੍ਰਿਤਸਰ, 1968.

73. ਸ਼ਮਸ਼ੇਰ ਸਿੰਘ ਅਸ਼ੋਕ, 'ਸਿੱਖੀ [illegible] ਸਿੱਖ [illegible] ਇਤਿਹਾਸ' ਲਾਹੌਰ ਬੁਕ ਸ਼ਾਪ, ਲੁਧਿਆਣਾ, 1951.

74. 'ਸ਼ਹੀਦ ਬਿਲਾਸ' (ਸੰਪ: ਗਰਜਾ ਸਿੰਘ ਗਿਆਨੀ) ਪੰ: ਸਾਹਿੱਤ ਅਕਾਦਮੀ, ਲੁਧਿਆਣਾ, 1961.

## ਪੰਜਾਬੀ ਪੱਤ੍ਰਕਾਵਾਂ :-


| | |
|---|---|
| 'ਆਲੋਚਨਾ' | ਪੰਜਾਬੀ ਸਾਹਿੱਤ ਅਕਾਡਮੀ, ਪੰਜਾਬੀ ਭਵਨ, ਲੁਧਿਆਣਾ, ਜਨਵਰੀ 1956, ਜਨਵਰੀ 1963, ਜੁਲਾਈ-ਸਤੰਬਰ, 1974. |
| 'ਇਤਿਹਾਸਕ ਪੱਤਰ' | ਸਿੱਖ ਹਿਸਟਰੀ ਸੋਸਾਇਟੀ, ਅੰਮ੍ਰਿਤਸਰ, ਵੈਸਾਖ ਜੇਠ,ਹਾੜ 1949 ਈ: |
| 'ਖੋਜ ਪੱਤਰ' | 'ਪੁਰਾਤਨ ਜਨਮਸਾਖੀ' ਹਰਿਭਜਨ ਸਿੰਘ, ਗੁਰੂ ਨਾਨਕ ਯੂਨੀਵਰਸਿਟੀ ਅੰਮ੍ਰਿਤਸਰ, 1972. |
| 'ਖੋਜ ਪੱਤਰ' | ਜਨਮਸਾਖੀ ਭਾਈ ਬਾਲਾ' ਰਤਨ ਸਿੰਘ ਜੱਗੀ, ਗੁਰੂ ਨਾਨਕ ਯੂਨੀਵਰਸਿਟੀ ਅੰਮ੍ਰਿਤਸਰ 1974. |
| 'ਖੋਜ ਪੱਤ੍ਰਿਕਾ' | ਪੰਜਾਬੀ ਯੂਨੀਵਰਸਿਟੀ ਪਟਿਆਲਾ, ਅੰਕ ਪਹਿਲਾ 1967-68 'ਗੁਰੂ ਨਾਨਕ ਵਿਸ਼ੇਸ਼ ਅੰਕ', 1969. |
| 'ਖੋਜ ਦਰਸ਼ਨ' | ਪੰਜਾਬੀ, ਭਾਸ਼ਾ ਸਾਹਿੱਤ ਤੇ ਸਭਿਆਚਾਰ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਜਨਵਰੀ 1974, ਜਨਵਰੀ 1975, ਜੁਲਾਈ 1975, ਜਨਵਰੀ 1976. |
| 'ਗੁਰਮਤਿ ਪ੍ਰਕਾਸ਼' | ਧਰਮ ਪ੍ਰਚਾਰ ਕਮੇਟੀ, ਅੰਮ੍ਰਿਤਸਰ, ਸ਼ਹੀਦੀ ਅੰਕ 1964 ਅਤੇ 1965 ਗੁਰੂ ਨਾਨਕ ਫ਼ਿਲਾਸਫ਼ੀ ਅੰਕ 1969. |
| 'ਨਾਨਕ ਪ੍ਰਕਾਸ਼ ਪੱਤ੍ਰਿਕਾ' | ਪੰਜਾਬੀ ਯੂਨੀਵਰਸਿਟੀ, ਪਟਿਆਲਾ, ਅੰਕ ਦੂਜਾ, ਦਸੰਬਰ 1976. |
| 'ਪਰਖ' | ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਅੰਕ ਦੂਜਾ 1967 ਗੁਰੂ ਨਾਨ ਅੰਕ ਦੂਜਾ 1969, ਅੰਕ ਦੂਜਾ 1970, ਅੰਕ ਦੂਜਾ 1972. |
| 'ਪੰਜਾਬੀ ਦੁਨੀਆ' | ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਨਵੰਬਰ 1950 ਜਨਵਰੀ ਅਪਰੈਲ ਮਈ 1951, ਜੂਨ ਜੁਲਾਈ 1953, ਸਤੰਬਰ 1953, ਜਨਵਰੀ ਫਰਵਰੀ 1955 ਨਵੰਬਰ ਦਸੰਬਰ 1969, ਮਈ 1973, ਦਸੰਬਰ 1974, ਸਤੰਬਰ 1975. |


=0=

हिन्दी प्रकाशित पुस्तकें


1. उदयनारायण तिवारी, "हिन्दी भाषा का उद्गम और विकास", भारती भण्डार प्रयाग, 2012 वि ।

2. कपिलदेव सिंह, डा०, "ब्रजभाषा बनाम खड़ी बोली," विनोद पुस्तक मन्दिर, आगरा 1956।

3. गोविन्दनाथ राजगुरु डा०, "गुरुमुखी लिपी में हिन्दी गद्य" राज कमल प्रकाशन, दिल्ली 1969।

4. "गोसटि गुरु मिहरिवानु", (सं० गोविन्दनाथ राजगुरु) पब्लिकेशन ब्युरो, पंजाब युनिवर्सिटी, चण्डीगढ़ 1974।

5. चन्द्रकान्त बाली पण्डित, "पंजाब-प्रान्तीय हिन्दी साहित्य का इतिहास, नेशनल पब्लिशिंग हाउस, दिल्ली 6, प्रथम खण्ड।

6. चन्द्रकान्त बाली, "हिन्दी गद्य विकास और विमर्श", आत्माराम एण्ड संस, दिल्ली, 1955

7. जयराम मिश्र, डा० "श्री गुरु ग्रंथ दर्शन", साहित्य भवन इलाहाबाद, 1960 ।
8. धीरेन्द्र वर्मा, हिन्दी भाषा का इतिहास", हिन्दुस्तानी एकेडेमी, इलाहाबाद 1953

9. धीरेन्द्र वर्मा, "ब्रजभाषा", हिन्दुस्तानी एकेडेमी इलाहाबाद, 1954।

10. नगेन्द्रनाथ उपाध्याय, "नाथ और सन्त साहित्य", काशी हिन्दु विश्वविद्यालय, वाराणसी ।

11. "नाथ सिद्धों की बानियां," (सं० आचार्य हजारी प्रसाद द्विवेदी) नागरी प्रचारिणी सभा, काशी सं० 2014

12. "पंजाब का हिन्दी साहित्य को योगदान", भाषा विभाग, पंजाब, 1970।

13. प्रेम नाराण टन्डन, डा० "हिन्दी साहित्य के प्रश्न", हिन्दी साहित्य भण्डार लखनऊ 1957।

14. प्रेम नारायण गौतम, डा० "हिन्दी व गद्य का विकास "

15. बलदेव उपाध्याय, भारतीय दर्शन, शारदा मंदिर, वाराणसी 1960
16. भोला शंकर विआस, "भारतीय साहित्य की रूप रेखा, विद्या भवन, वाराणसी

17. मनोहर प्रभाकर, "राजस्थानी साहित्य और संस्कृती, आशा पब्लिशिंग हाउस, जैपूर 1965।

18. मनमोहन सहगल, डा०, संत कवि का दार्शनिक विवेचन", भारतेन्दु भवन, चण्डीगढ़ । 1965

19• मोतीलाल मेनारिया, "राजस्थानी भाषा और साहित्य", हिन्दी साहित्य सम्मेलन, प्रयाग सं 2017

20 रामजी लाल, डा• "कबीर दर्शन", "कबीर ग्रन्थावली", नागरी प्रचारिणी सभा 2016 वि:

21• राम चन्द्र शुक्ल, " हिन्दी साहित्य का इतिहास", नागरी प्र•स•काशी 12वां सं

22• राम कुमार वर्मा, "कबीर का रहस्यवाद", साहित्य भवन इलाहाबाद, 1966•

23• श्यामसुन्दर दास, "हिन्दी भाषा", इंडियन प्रेस, प्रयाग, 1957•

24• शितिकंठ मिश्र, "खड़ी बोली का आंदोलन, ना•प्रा•स•काशी 2013 वि•

25• सतीशचन्द्र चट्टोपाध्याय, डा• "भारतीय दर्शन" पुस्तक भण्डार, पटना 1961•

26• सुनीति कुमार चाटुर्ज्या, डा• "भारतीय आर्य भाषा हिन्दी" राजकमल प्रकाशन, दिल्ली, 1957•

27• हजारी प्रसाद द्विवेदी, डा• "नाथ सम्प्रदाय", इलाहाबाद लोक भारती प्रकाशन, 1966

28• हजारी प्रसाद द्विवेदी, डा•, "नाथ सिद्धों की वानियां, "नागरी प्रचारणी सभा काशी 2014 वि•

29• हरभजन सिंह डा " गुरुमुखी लिपि में हिन्दी काव्य", भारती साहित्य मंडल, दिल्ली 1963•

30• हरवंश लाल शर्मा, (भारतीय दर्शन परम्परा और आदि ग्रन्थ "नेशनल पब्लिशिंग हाउस, दिल्ली 1972

31• "हिन्दी साहित्य का बृहद इतिहास", (स•डा• धीरेन्द्र वर्मा) ना•प्रा•काशी, (6 भाग)

32• "श्री प्राण संगली" (संत संपूरण सिंह) तरनतारन, भाग दूसरा ।

## E N G L I S H


1. Benerji, Indu Bhushan, 'Evolution of the Khalsa', Mukherjee and Co. Calcutta-12, Vol.I and II, 1962, 1963

2. Canningham, J.D., 'History of the Sikhs', H.L.O. Chand, Delhi, 1955

3. Dass Gupta, S.N. Dr., 'History of Indian Philosophy'. Camb. Univ., 1932

4. Ganda Singh, Dr., 'Nanak Panthis', G.S. Press Madras 1930

5. 'Grierson on Panjabi', Language Department, Punjab, Patiala, 1961

6. H Read, 'English Prose Style', G. Bell and Sons Ltd., 1956

7. Hundson, 'An Introduction of the study of Literature', London Harrap, 1957

8. J. Middleton Murry, 'The Problem of Style', Oxford University Press, 1952

9. Jagjit Singh, Dr., 'A critical and comparative study of the Janamsakhies of Guru Nanak', (Thesis), Panjab Univ., Library, Chandigarh

10. Keith, A.B., 'History of Sanskrit Literature', Ox. University, 1953

11. Kirpal Singh, 'A catalogue of Panjabi and Urdu manuscripts'

12. Khazan Singh, 'History and Philosophy of the Sikh Religion', Nawan Kishore Press Lahore. Two Vol. 1914

13. Lepel, H. Griggin, Sir, 'Chiefs and Families of Notes in Punjab', C & M Gazette Lahore 1909-10, 1940

14. Lucas, F.L., 'Style', Cassel and Co. Ltd. London, 1956

15. M. Macauliffe, 'The Sikh Religion', Susil Gupta Private Ltd., Calcutta, 1958

16. Mcleod, W.H., 'Guru Nanak and the Sikh Religion', Oxford, 1968

17. Mohan Singh, Dr., 'A short History of Panjabi Literature'. III Edition

18. Mohan Singh, Dr., 'A History of Panjabi Literature', Bharat Parkashan, Jullundur, 1971

19. Narang, Gokul Chand, 'Transformation of Sikhism', New Book Society of India, New Delhi, 5th Edition, 1960

20. Nijjar, Bakhshish Singh, 'Panjab under the Great Mughals', Thacker & Co. Ltd., Bombay, 1968

21. Piar Singh, Dr., 'A Critical Survey of Panjabi Prose in the 17th Century (Thesis)', Panjab University, Chandigarh

22. Radhakrishanan, S., Dr. and Moor, 'Source Book of Indian Philosophy', C.A. 1957

23. Sarkar, J.N., 'Short History of Aurangzeb', M.C. Sarkar, Calcutta, Vol.III, 1962

24. Sharda, S.R., 'Sufi thought', M.M.Publishers, Delhi, 1974

25. Sher Singh, Dr., 'Philosophy of Sikhism', Lahore, 1934

26. Suniti Kumar Chatterji, 'Indo Aryan and Hind', Mukhopadhyay, K.L., Calcutta, 1960

27. Surinder Singh, Dr., 'A critical study of Adi Granth', The Pbi. Writers Cooperative Society, New Delhi, 1961

28. Taran Singh, Dr., 'Guru Nanak and the Indian Religious Thought', Panjabi University Patiala, 1970

29. Tara Chand, Dr., 'Influence of Islam on Indian Culture'. The Indian Press, Allahabad, 1954

30. Teja Singh, Ganda Singh, 'A Short History of Sikhs', Orient Longman, Madras, Vol. I, 1950

31. Trump Ernest, 'The Adi Granth', (Translation), London, 1877

32. Uppal, Swinder Singh, 'Panjabi Short Story, its origin and Development', Pepsu Parkashan, New Delhi, 1966